# ਨੰਗੇ ਹਰਫ਼

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਨੰਗੇ ਹਰਫ਼

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2011

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ–1
   ਭਾਗ–2
   ਭਾਗ–3
   ਭਾਗ–4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਸ਼ੀਸ਼ਾ ਬੋਲਦਾ ਹੈ
16. ਸ਼ਬਦ ਬੂੰਦ

# ਤਤਕਰਾ


1. ਖਾਪ ਪੰਚਾਇਤਾਂ ਦੇ ਫਤਵੇ ਬਨਾਮ ਪੂੰਜੀਵਾਦੀ ਲੋਕਤੰਤਰ 5
2. ਅਪਰਾਧੀ ਜੇਲ੍ਹਾਂ 'ਚ ਵੀ ਸੱਤਾ ਕਿਵੇਂ ਚਲਾਉਂਦੇ ਹਨ? 10
3. ਸਕਸੈਨਾ ਸੰਮਤੀ, ਆਦੀਵਾਸੀ ਤੇ ਸਿਆਸਤ 14
4. ਜਲ, ਜੰਗਲ, ਜ਼ਮੀਨ ਦੇ ਅਸਲੀ ਹੱਕਦਾਰ ਕੌਣ? 18
5. ਸਾਮਰਾਜੀ ਇਤਿਹਾਸ ਬਨਾਮ ਭਾਰਤ ਅਤੇ ਕਰਜਾਈ ਦੇ ਨਵੇਂ ਫੈਸਲੇ 22
6. ਭਗਵਾਂ ਅੱਤਵਾਦ ਬਨਾਮ ਬੰਬ ਵਿਸਫੋਟ 28
7. ਪ੍ਰੋਜੈਕਟ ਅਲਾਟਮੈਂਟ ਦੀ ਖੇਡ ਬਨਾਮ ਕਮਲ ਦਾ ਫੁੱਲ 31
8. ਧਰਮ ਅਤੇ ਸੱਤਾ ਦਾ ਆਪਸੀ ਰਿਸ਼ਤਾ ਹੈ ਕੀ? 38
9. ਕੀ ਲੱਠਮਾਰਾਂ ਦੀ ਪੁੱਛਗਿੱਛ ਵਧੀ ਹੈ? 42
10. ਕੀ ਹੈ ਪ੍ਰਮਾਣੂ ਜੁਆਬਦੇਹੀ ਬਿੱਲ? 45
11. ਕਸ਼ਮੀਰ ਦਾ ਮੁੱਦਾ ਹੈ ਕੀ? 47
12. ਕੀ ਭਾਰਤ-ਪਾਕਿਸਤਾਨ ਵਿਚਾਲੇ ਸ਼ਾਂਤੀ ਸੰਭਵ ਹੈ? 54
13. ਵਿਕਾਸ ਦੀ ਗਤੀ ਬਨਾਮ ਗੁਰਬਤ ਦੀ ਰਫ਼ਤਾਰ 57
14. ਖਾਪ ਪੰਚਾਇਤ-ਇਕ ਮੁਲਅੰਕਣ 59
15. ਖੇਤੀ ਸਬੰਧਾਂ 'ਚ ਇਨਕਲਾਬੀ ਬਦਲਾਅ ਹੀ ਹੈ ਇਕੋ ਇਕ ਰਾਹ 79
16. ਵਾਤਾਵਰਣ ਸੰਕਟ ਪਰਨਾਲਾ ਉਥੇ ਦਾ ਉਥੇ? 83
17. ਕੀ ਸੰਕਟ ਹੱਲ ਹੋਊ ਜੀ-20 ਦੀ ਬੈਠਕ ਪਿੱਛੋਂ? 86
18. ਕੀ ਸੀ ਪੇਸ਼ਾਵਰ ਦੀ ਬਗਾਵਤ? 92
19. ਖ਼ਬਰਦਾਰ! ਦੋਹਰਾ ਏਜੰਟ ਹੈ ਆਪ ਦਾ ਫੋਨ ਤੇ ਈ-ਮੇਲ 98
20. ਨੌਕਰਸ਼ਾਹਾਂ ਦੇ ਘਪਲੇ ਕਦੋਂ ਤੱਕ? 100
21. ਕਿੰਨਾ ਕੁ ਕਾਰਗਰ ਹੈ ਫੋਨ ਟੈਪਿੰਗ ਦਾ ਖੁਫੀਆ ਧੰਦਾ? 103
22. ਨੌਕਰਸ਼ਾਹਾਂ ਨੇ ਕਿੰਨਾ ਵੱਡਾ ਅਪਰਾਧ ਕੀਤਾ ਹੈ 110
23. ਕਿਵੇਂ ਹੁੰਦੀ ਹੈ ਗਰੀਬਾਂ ਦੇ ਅਨਾਜ ਦੀ ਬੇਰਹਿਮੀ ਲੁੱਟ? 114
24. ਸੈਕਸ ਬਨਾਮ ਨਿਤਿਆਨੰਦ ਸੁਆਮੀ ਦੇ ਕਾਰਨਾਮੇ 116
25. ਕੀ ਪੱਤ੍ਰਕਾਰ ਵੀ ਵਿੱਕ ਜਾਂਦੇ ਹਨ? 120
26. ਕੀ ਹੈ ਆਦਰਸ਼ ਹਾਊਸਿੰਗ ਸੁਸਾਇਟੀ ਘਪਲਾ? 123
27. ਬੋਲਣ ਦੀ ਨਿੱਜੀ ਆਜ਼ਾਦੀ ਦੇ ਜਮਹੂਰੀ ਹੱਕ ਦੀ ਕੀ ਹੈ ਅਹਿਮੀਅਤ? 128
28. ਦਹਿਸ਼ਤਗਰਦੀ 'ਚ ਹਿੰਦੂਵਾਦ ਦੀ ਸ਼ਮੂਲੀਅਤ ਕਿੰਨੀ ਕੁ? 130
29. ਇਸ਼ਤਿਹਾਰਬਾਜ਼ੀ 'ਚ ਕਿਉਂ ਕੱਟਦੀ ਹੈ ਸਿਤਾਰਿਆਂ ਦੀ ਜ਼ਿੰਦਗੀ? 133
30. ਉਹ ਸਚਾਈ ਸਾਹਮਣੇ ਆਉਂਦਿਆਂ ਹੀ ਡਰਦੇ ਕਿਉਂ ਹਨ? 136
31. ਲੋਕਰਾਜ ਦੇ ਸਾਰੇ ਖੰਭੇ ਬੇਨਕਾਬ ਭ੍ਰਿਸ਼ਟਾਚਾਰ ਦੇ ਟੁੱਟੇ ਸਾਰੇ ਰਿਕਾਰਡ 139
32. ਕਰਨਾਟਕ ਦੇ ਮੁੱਖ ਮੰਤਰੀ ਯੇਦਿਯੁਰੱਪਾ (ਭਾਜਪਾ) ਦਾ ਘਪਲਾ 143
33. ਕੀ ਹੈ ਇਰਾਕ ਤੋਂ ਅਮਰੀਕਾ ਦੀ ਵਾਪਸੀ ਦਾ ਨਾਟਕ? 146
34. ਘਪਲਿਆਂ ਦਾ ਰਾਜਾ? ਦੂਰ ਸੰਚਾਰ ਘਪਲਾ? 151
35. ਉਤਰ ਪ੍ਰਦੇਸ਼ ਦਾ ਗੰਨਾ ਕਿਸਾਨ ਸੰਘਰਸ਼ ਕੀ ਹੈ? 155
36. ਔਰਤ ਹਾਕੀ ਖਿਡਾਰੀਆਂ ਦੀਆਂ ਮੁਸ਼ਕਲਾਂ 159
37. ਪੁਰਾਣੀ ਜਾਤਪਾਤ ਪ੍ਰਥਾ ਨੂੰ ਦਫਨਾਇਆ ਕਿਵੇਂ ਜਾਵੇ? 163
38. ਕੀ ਹੈ ਸੁਪਰਬਗ (ਐਨ ਡੀ ਐਮ-1 ਜੀਨ) ਦਾ ਸੱਚ? 167
39. ਵਰਤਮਾਨ, ਰਾਜਨੀਤਿਕ, ਸਮਾਜਕ, ਆਰਥਕ ਅਤੇ ਸਭਿਆਚਾਰਕ ਸੱਮਸਿਆਵਾਂ ਦੇ ਮੂਲ ਕਾਰਣਾਂ 171
40. ਜੇ ਜ਼ਮੀਨ ਗੈਰ-ਖੇਤੀ ਕੰਮਾਂ ਲਈ ਵਰਤੀ ਜਾਣ ਲੱਗੀ? 173

# ਖਾਪ ਪੰਚਾਇਤਾਂ ਦੇ ਫਤਵੇ ਬਨਾਮ ਪੂੰਜੀਵਾਦੀ ਲੋਕਤੰਤਰ

ਪਿੱਛੇ ਜਿਹੇ ਹਰਿਆਣਾ ਰਾਜ ਦੇ ਕਰਨਾਲ ਸ਼ਹਿਰ ਦੀ ਇਕ ਅਦਾਲਤ ਨੇ ਇਕ ਖਾਪ ਪੰਚਾਇਤ ਦੇ ਮੁਖੀਆ ਸਮੇਤ ਪੰਜ ਲੋਕਾਂ ਨੂੰ ਫਾਂਸੀ ਅਤੇ ਇਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਸ ਫੈਸਲੇ ਦੇ ਨਾਲ ਹੀ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਰਾਜਸਥਾਨ ਤੇ ਪੰਜਾਬ ਦੀ ਖਾਪ ਪੰਚਾਇਤਾਂ ਇਕ ਜੁੱਟ ਹੋ ਕੇ ਇਸ ਫੈਸਲੇ ਦਾ ਵਿਰੋਧ ਕਰਨ ਲੱਗੀਆਂ। ਇਹ ਫੈਸਲਾ ਪ੍ਰਸਿੱਧ ਮਨੋਜ ਅਤੇ ਬਬਲੀ ਦੇ ਕੇਸ ਸਬੀਧੀ ਸੁਣਾਇਆ ਗਿਆ ਸੀ। ਦੋ ਸਾਲ ਪਹਿਲਾਂ ਹਰਿਆਣੇ ਵਿੱਚ ਮਨੋਜ ਤੇ ਬਬਲੀ ਨਾਂ ਦੇ ਦੋ ਯੁਵਕਾਂ ਨੇ ਪ੍ਰੇਮ ਵਿਆਹ ਕੀਤਾ ਜਿਸ ਨੂੰ ਉਥੋਂ ਦੀ ਖਾਪ ਪੰਚਾਇਤ ਨੇ ਇਕ ਹੀ ਗੋਤ 'ਚ ਹੋਈ ਸ਼ਾਦੀ ਕਾਰਨ ਨਜਾਇਜ਼ ਕਰਾਰ ਦਿੱਤਾ ਅਤੇ ਇਹ ਫਤਵਾ ਦਿੱਤਾ ਕਿ ਮਨੋਜ ਤੇ ਬਬਲੀ ਵੱਖ-ਵੱਖ ਹੋ ਜਾਣ। ਇਸ ਫੈਸਲੇ ਪਿੱਛੋਂ ਮਨੋਜ ਤੇ ਬਬਲੀ ਨੇ ਪਿੰਡ ਛੱਡ ਦਿੱਤਾ ਅਤੇ ਪੁਲਸ ਪਾਸੋਂ ਸੁਰੱਖਿਆ ਦੀ ਮੰਗ ਕੀਤੀ। ਪਰ ਇਕ ਹੀ ਹਫਤੇ ਪਿਛੋਂ ਖਾਪ ਪੰਚਾਇਤ ਵਲੋਂ ਛੱਡੇ ਹਤਿਆਰਿਆਂ ਨੇ ਮਨੋਜ ਤੇ ਬਬਲੀ ਦੀ ਦਰਦਨਾਕ ਹੱਤਿਆ ਕਰ ਦਿੱਤੀ। ਇਹ ਹਤਿਆਰੇ ਹੋਰ ਕੋਈ ਨਹੀਂ ਬਲਕਿ ਬਬਲੀ ਦੇ ਰਿਸ਼ਤੇਦਾਰ ਸਨ। ਕਰਨਾਲ ਦੀ ਅਦਾਲਤ ਨੇ ਜਦ ਇਸ ਹੱਤਿਆ ਸਬੰਧੀ ਦੋਸ਼ੀਆਂ ਨੂੰ ਸਜ਼ਾ ਸੁਣਾਈ ਤਾਂ ਪੂਰੇ ਹਰਿਆਣੇ ਦੀਆਂ ਖਾਪ ਪੰਚਾਇਤਾਂ ਇਸ ਖਿਲਾਫ਼ ਲਾਮਬੰਦ ਹੋ ਗਈਆਂ ਅਤੇ ਉਹ ਹਿੰਦੂ ਵਿਆਹ ਕਾਨੂੰਨ 'ਚ ਬਦਲਾਅ ਦੀ ਮੰਗ ਕਰਨ ਲੱਗੀਆਂ। ਇਹ ਪੰਚਾਇਤਾਂ ਮੰਗ ਕਰ ਰਹੀਆਂ ਹਨ ਕਿ ਹਿੰਦੂ ਵਿਆਹ ਕਾਨੂੰਨ 'ਚ ਸੋਧ ਕਰਕੇ ਸੰਗੋਤਰੀ ਵਿਆਹ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਵੇ। ਯਾਦ ਹੋਵੇ ਤਾਂ ਵਿਆਹ ਵਰਗੇ ਨਿੱਜੀ ਮਾਮਲਿਆਂ ਸੰਬੰਧੀ ਕੋਈ ਇਕੋ ਜਿਹੀ ਨਾਗਰਿਕ ਸੰਹਿਤਾ (uniform Civil Code) ਨਹੀਂ ਬਲਕਿ ਵੱਖ-ਵੱਖ ਪਰਸਨਲ ਲਾਅ ਪ੍ਰਭਾਵੀ ਹਨ। ਇਹ ਆਪਣੇ ਆਪ 'ਚ ਇਕ ਵਿਡੰਬਨਾ ਤੇ ਅੰਤਰ ਵਿਰੋਧ ਹੈ ਕਿ ਜਿਸ ਸੰਵਿਧਾਨ ਦੀ "ਲੋਕਰਾਜੀ ਆਤਮਾ" ਦੀ ਵਾਰ-ਵਾਰ ਦੁਹਾਈ ਦਿੱਤੀ ਜਾਂਦੀ ਹੈ, ਉਹ ਸੰਵਿਧਾਨ "ਧਾਰਮਿਕ ਭਾਵਨਾਵਾਂ ਨੂੰ ਠੇਸ" ਨਾ ਪਹੁੰਚੇ ਇਸ ਲਈ ਵੱਖ-ਵੱਖ ਫਿਰਕਿਆਂ ਦੀ ਜਾਗੀਰੂ, ਗੈਰ ਲੋਕਰਾਜੀ ਤੇ ਬੇਰਹਿਮ ਰਵਾਇਤਾਂ ਨੂੰ ਵੀ ਥਾਂ ਦਿੰਦਾ ਹੈ ਖਾਪ ਪੰਚਾਇਤਾਂ ਦੇ ਇਸ ਮਾਮਲੇ 'ਤੇ ਲਾਮਬੰਦ ਹੁੰਦਿਆਂ ਹੀ ਆਪਣੇ-ਆਪਣੇ ਚੁਣਾਵੀ ਹਿੱਤਾਂ ਲਈ ਵੱਖ-ਵੱਖ ਪਾਰਟੀਆਂ ਤੇ ਉਸ ਦੇ ਨੇਤਾ ਖਾਪ ਪੰਚਾਇਤਾਂ ਦੀ ਹਮਾਇਤ 'ਚ ਆ ਗਏ। ਮਹਿੰਦਰ ਸਿੰਘ ਡਕੈਤ ਤੇ ਓਮ ਪ੍ਰਕਾਸ਼ ਚੋਟਾਲਾ ਨੇ ਖੁੱਲ੍ਹੇਆਮ ਖਾਪ ਪੰਚਾਇਤਾਂ ਦੀ ਹਮਾਇਤ ਕੀਤੀ ਹਾਲਾਂ ਕਿ ਕਾਂਗਰਸ ਦੇ 'ਜੇਨਰੇਸ਼ਨ ਨੇਕਸਟ' ਦੇ ਉਭਰਦੇ ਨੇਤਾਵਾਂ ਵਿਚੋਂ ਇਕ ਨਵੀਨ ਜਿੰਦਲ ਨੇ ਵੀ ਖਾਪ ਪੰਚਾਇਤਾਂ ਦੀ ਹਮਾਇਤ ਕੀਤੀ ਪਰ ਕਾਂਗਰਸ ਹਾਈਕਮਾਨ ਤੋਂ ਝਿੜਕ ਪੈਣ ਪਿੱਛੋਂ ਉਹ ਚੁੱਪ ਹੋ ਗਏ। ਤਮਾਮ ਚੁਣਾਵੀ ਪੂੰਜੀਵਾਦੀ ਪਾਰਟੀਆਂ ਇਸ ਗੱਲ ਨੂੰ ਭਲੀਭਾਂਤ ਸਮਝ ਰਹੀਆਂ ਹਨ ਕਿ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼

ਦੇ ਰਾਜਸਥਾਨ ਦੇ ਪੂਰੇ ਸਮਾਜਿਕ-ਆਰਥਿਕ ਢਾਂਚੇ 'ਤੇ ਖਾਪਾਂ ਦੀ ਜਕੜ ਕਾਰਨ ਉਹਨਾਂ ਨੂੰ ਨਜ਼ਰਅੰਦਾਜ ਕਰਨਾ ਸੰਭਵ ਨਹੀਂ ਹੈ ਅਤੇ ਵੋਟ ਬੈਂਕ ਦੀ ਰਾਜਨੀਤੀ ਕਰਨ ਵਾਲੀ ਕੋਈ ਵੀ ਪਾਰਟੀ ਖਾਪਾਂ ਦੇ ਖ਼ੁੱਲ੍ਹੇਆਮ ਵਿਰੋਧ 'ਚ ਨਹੀਂ ਜਾ ਸਕਦੀ। ਇਹੀ ਕਾਰਨ ਹੀ ਸੀ ਕਿ ਯੂ. ਪੀ. ਏ. ਸਰਕਾਰ ਦੇ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਲਈ ਨਵੀਂ ਦਿੱਲੀ 'ਚ ਖਾਪ ਵਿਰੋਧੀ ਪੁਜੀਸ਼ਨ ਲੈਣੀ ਆਸਾਨ ਸੀ ਅਤੇ ਹਿੰਦੂ ਵਿਆਹ ਕਾਨੂੰਨ 'ਚ ਸੋਧ ਦੀ ਗੁਜਾਇਸ਼ ਤੋਂ ਇਨਕਾਰ ਕਰਨਾ ਵੀ ਸਰਲ ਸੀ ਪਰ ਹਰਿਆਣਾ ਦੇ ਕਰਨਾਲ 'ਚ ਬੈਠੇ ਨਵੀਨ ਜਿੰਦਲ ਲਈ ਪ੍ਰਤੱਖ ਤੌਰ 'ਤੇ ਅਜਿਹੀ ਪੁਜੀਸ਼ਨ ਲੈਣੀ ਮੁਸ਼ਕਲ ਸੀ। ਸਾਰੀਆਂ ਪਾਰਟੀਆਂ ਦੀ ਸਥਿਤੀ ਸਪੱਸ਼ਟ ਤੌਰ 'ਤੇ ਪੂੰਜੀਵਾਦੀ ਚੁਣਾਵੀ ਰਾਜਨੀਤੀ ਦੇ ਸਮੀਕਰਣਾਂ ਨਾਲ ਤਹਿ ਹੋ ਰਹੀ ਹੈ। ਜੋ ਹਰਿਆਣਾ ਅਧਾਰਤ ਖੇਤਰੀ ਰਾਜਸੀ ਪਾਰਟੀ ਹੈ, ਉਹ ਖ਼ੁੱਲ੍ਹੇਆਮ ਪੰਚਾਇਤਾਂ ਦੀ ਹਮਾਇਤ ਕਰ ਰਹੇ ਹਨ ਅਤੇ ਜਾਗੀਰੂ ਮੱਧਯੁਗੀ ਦਰਿੰਦਗੀ ਦੇ ਸਾਹਮਣੇ ਸਿਰ ਝੁਕਾ ਰਹੇ ਹਨ।

ਉਥੇ ਦੂਜੇ ਪਾਸੇ ਕੌਮੀ ਪੂੰਜੀਵਾਦੀ ਰਾਜਸੀ ਪਾਰਟੀ ਵੀ ਇਸ 'ਤੇ ਕੋਈ ਠੋਸ ਰੁਖ ਨਹੀਂ ਅਪਣਾ ਰਹੀ ਹੈ। ਆਰ. ਐਸ. ਐਸ. ਦੇ ਦਵੇਂਦਰ ਸਵਰੂਪ ਵਰਗੇ "ਦਾਰਸ਼ਨਿਕ ਚਿੰਤਕ" ਦਸ ਰਹੇ ਹਨ ਕਿ ਵਿਗਿਆਨ ਵੀ ਸੰਗੋਤਰੀ ਵਿਆਹ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਇਹ 'ਇਸਟੇਸ ਕਿਲੇਸ਼ਸ਼ਿਪ' ਵਰਗ ਮੰਨਿਆ ਜਾਂਦਾ ਹੈ। ਅਜਿਹੇ ਰਚਨਾਤਮਕ ਵਿਚਾਰ ਕਿਸ ਵਿਗਿਆਨਿਕ ਨੇ ਪੇਸ਼ ਕੀਤੇ ਹਨ ਇਹ ਤਾਂ ਦਵੇਂਦਰ ਸਵਰੂਪ ਵਰਗੇ ਲੋਕ ਹੀ ਦਸ ਸਕਦੇ ਹਨ। ਪਰ ਇਕ ਗੱਲ ਸਾਫ ਹੈ ਕਿ ਸਾਰੇ ਧਾਰਮਿਕ, ਜਾਤੀਵਾਦੀ, ਜਾਗੀਰੂ ਮੁੱਲਾਂ ਦਾ ਪੂੰਜੀਵਾਦੀ ਵਿਵਸਥਾ ਨਾਲ 'ਇੰਸੇਸਟ ਰੀਲੇਸ਼ਸ਼ਿਪ' ਕਰਾਉਣ ਵਾਲੀਆਂ ਪਾਰਟੀਆਂ ਅਤੇ ਚਿੰਤਕ ਆਪਣੀਆਂ-ਆਪਣੀਆਂ ਖ਼ੁੱਡਾਂ 'ਚੋਂ ਬਾਹਰ ਨਿਕਲ ਆਏ ਹਨ ਅਤੇ ਬਰਸਾਤੀ ਡੱਡੂਆਂ ਵਾਂਗ ਖਾਪ ਪੰਚਾਇਤਾਂ ਦੇ ਹੱਕ ਵਿਚ ਟਰੈਂ-ਟਰੈਂ ਕਰਨ ਲੱਗੇ ਹਨ। ਅਜਿਹੇ 'ਚ ਕੁਝ ਮਹੱਤਵਪੂਰਨ ਮੁੱਦੇ ਉਭਰ ਕੇ ਆ ਰਹੇ ਹਨ।

ਖਾਪ ਪੰਚਾਇਤਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਹ ਪੰਚਾਇਤਾਂ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਸਾਰੇ ਇਲਾਕਿਆਂ 'ਚ ਅੱਠਵੀਂ-ਸੱਤਵੀਂ ਸੱਤਾਬਦੀ ਈਸਵੀਂ ਤੋਂ ਪ੍ਰਭਾਵਸ਼ੀਲ ਦੇਖੀਆਂ ਜਾ ਸਕਦੀਆਂ ਹਨ। ਇਹ ਸਮਾਜ ਦੇ ਆਰਥਕ-ਸਮਾਜ ਸੰਗਠਨ ਦਾ ਰੂਪ ਸਨ। ਰਵਾਇਤੀ ਤੌਰ 'ਤੇ ਇਕ ਖਾਪ ਦੇ ਤਹਿਤ ਇਕ ਹੀ ਗੋਤ ਦੇ 84 ਪਿੰਡ ਆਉਂਦੇ ਸਨ। ਇਸ ਦੇ ਹੇਠਾਂ ਸੱਤ-ਸੱਤ ਪਿੰਡਾਂ ਦੇ ਸਮੂਹ ਹੁੰਦੇ ਸਨ ਜਿਹਨਾਂ ਨੂੰ ਥਾਮਬਾ ਕਿਹਾ ਜਾਂਦਾ ਸੀ। ਇਕ ਥਾਮਬਾ 'ਚ 12 ਪਿੰਡ ਆਉਂਦੇ ਸਨ। ਪਿਛੋਂ ਕਈ ਅਜਿਹੀਆਂ ਖਾਪਾਂ ਹੋਂਦ 'ਚ ਆਈਆਂ ਜਿਨ੍ਹਾਂ ਹੇਠ 12 ਜਾਂ 24 ਪਿੰਡ ਹੀ ਹੁੰਦੇ ਸਨ। ਫਿਲਹਾਲ ਜਾਟਾਂ ਦੀਆਂ ਕਈ ਪ੍ਰਭਾਵੀ ਪੰਚਾਇਤਾਂ ਹਨ। ਜਿਸ ਨੂੰ ਕਿ ਬਲਿਆਨ ਖਾਪ, ਧਨਕਡ ਖਾਪ, ਰਸਾਲਾ ਚੌਹਾਨ ਖਾਪ, ਬਤੀਸਾ ਖਾਪ ਆਦਿ ਕਿਹਾ ਜਾਂਦਾ ਸੀ। ਮਹਿੰਦਰ ਸਿੰਘ ਡਕੈਤ ਖੁਦ ਬਾਲਿਆਨ ਖਾਪ ਦੇ ਮੁਖੀਆ ਹਨ। ਬਾਅਦ 'ਚ 1986 'ਚ ਉਹਨਾਂ ਨੇ ਖਾਪ ਨੂੰ ਹੀ ਆਧਾਰ ਬਣਾ ਕੇ ਧਨੀ ਕਿਸਾਨਾਂ ਦਾ ਸੰਘਰਸ਼ ਸ਼ੁਰੂ ਕੀਤਾ ਅਤੇ ਭਾਰਤੀ ਕਿਸਾਨ ਯੂਨੀਅਨ ਹੋਂਦ 'ਚ ਆਈ। ਅਸਲ 'ਚ ਇਸ ਸਮੇਂ ਵੀ ਖਾਪਾਂ ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਪਿੰਡਾਂ 'ਚ ਧਨੀ ਕਿਸਾਨਾਂ

ਦੇ ਆਰਥਿਕ ਤੇ ਨਾਲ ਹੀ ਸਮਾਜਿਕ ਤੇ ਸੱਭਿਆਚਾਰਕ ਦਾਅਬੇ ਨੂੰ ਕਾਇਮ ਰੱਖਣ ਦੀ ਇਕ ਪ੍ਰਣਾਲੀ ਦਾ ਕੰਮ ਕਰਦੀ ਹੈ ਇਹ ਖਾਪ ਪੰਚਾਇਤਾਂ ਅੱਤਿਆਚਾਰੀ ਜਾਗੀਰੂ ਅਤੇ ਇੱਥੋਂ ਤੱਕ ਕਿ ਅਦਿਮ ਸਮਾਜਿਕ-ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਪੂੰਜੀਵਾਦੀ ਅਰਥਚਾਰੇ ਦੇ ਨਾਲ 'ਸੰਗੋਤਰੀ ਵਿਆਹ' ਦਾ ਮੰਡਪ ਬਣੀਆਂ ਹੋਈਆਂ ਹਨ। ਨਿਸਚੈ ਹੀ ਖਾਪ ਪੰਚਾਇਤਾਂ ਜਾਗੀਰੂ ਬੇਰਹਿਮੀ ਦੇ ਮੁੱਲਾਂ ਦੀ ਨੁਮਾਇੰਦਗੀ ਕਰਦੀਆਂ ਹਨ। ਪਰ ਉਹਨਾਂ ਨੂੰ ਸਿਰਫ ਜਾਗੀਰੂ ਸੰਸਥਾ ਕਹਿ ਦੇਣਾ ਇਕ ਜਟਿਲ ਮਾਮਲੇ ਦਾ ਅਤੀ ਸਕਲੀਕਰਨ ਹੋਵੇਗਾ। ਇਹ ਖਾਪ ਪੰਚਾਇਤਾਂ ਜਾਗੀਰੂ ਤੇ ਆਦਿਮ ਅਤਿਆਚਾਰੀ ਮੁੱਲਾਂ ਨੂੰ ਉਹਨਾਂ 'ਤੇ ਠੋਸਦੀਆਂ ਹਨ ਜਿਹਨਾਂ ਕੋਲ ਆਰਥਕ ਸ਼ਕਤੀ ਨਹੀਂ ਹੈ। 'ਤਹਿਲਕ' ਪਤ੍ਰਿਕਾ ਨੇ ਪਿੱਛੇ ਜਿਹੇ ਦੀ ਇਕ ਰਿਪੋਰਟ ਛਾਪੀ ਹੈ ਜਿਸ ਵਿੱਚ ਵਿਖਾਇਆ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਜਿਹਨਾਂ ਪ੍ਰੇਮੀਆਂ ਨੂੰ ਖਾਪ ਪੰਚਾਇਤਾਂ ਦੇ ਫੁਰਮਾਨਾ (ਫਤਵਿਆਂ) ਦਾ ਸ਼ਿਕਾਰ ਹੋਣਾ ਪਿਆ ਉਹ ਆਰਥਕ ਤੌਰ 'ਤੇ ਖੁਸ਼ਹਾਲ ਪਿਛੋਕੜ ਦੇ ਨਹੀਂ ਸਨ। ਇਸ ਰਿਪੋਰਟ ਨੇ ਵਿਖਾਇਆ ਕਿ ਹਰਿਆਣੇ ਵਿੱਚ ਹੀ, ਅੱਜ ਨਹੀਂ ਬਲਕਿ ਕਾਫੀ ਪਹਿਲਾਂ ਤੋਂ ਕਈ ਸੰਗੋਤਰੀ ਵਿਆਹ ਹੋਏ ਹਨ। ਜਿਹੜੇ ਜਿਹੜੇ ਕੇਸ਼ਾਂ ਵਿਚ ਸੰਗੋਤਰੀ ਵਿਆਹ ਕਰਨ ਵਾਲੇ ਨੌਜਵਾਨ ਧਨੀ ਕਿਸਾਨਾਂ ਦੇ ਪ੍ਰੀਵਾਰਾਂ ਤੋਂ ਸਨ ਉਥੇ ਖਾਪ ਪੰਚਾਇਤਾਂ ਦੇ ਫੁਰਮਾਨ ਦਾ ਕੋਈ ਅਸਰ ਨਹੀਂ ਹੋਇਆ। ਖਾਪ ਪੰਚਾਇਤਾਂ ਦੀ ਏਨੀ ਜੁਰਅਤ ਨਹੀਂ ਸੀ ਕਿ ਉਹ ਧਨੀ ਤੇ ਪ੍ਰਭਾਵਸ਼ਾਲੀ ਪ੍ਰੀਵਾਰਾਂ ਦੇ ਨੌਜਵਾਨਾਂ ਦੀ ਹੱਤਿਆ ਲਈ ਭਾੜੇ ਦੇ ਹਤਿਆਰੇ ਭੇਜ ਦੇਣ ਤਾਂ ਉਹਨਾਂ ਦੇ ਪ੍ਰੀਵਾਰਾਂ ਨੂੰ ਮਜ਼ਬੂਰ ਕਰ ਦੇਣ। 'ਤਹਿਲਕਾ' ਨੇ ਅਜਿਹੇ ਸਾਰੇ ਜੋੜਿਆਂ ਦੀ ਇੰਟਰਵਿਊ ਵੀ ਛਾਪੀ ਹੈ ਜਿਹਨਾਂ ਨੇ ਸੰਗੋਤਰੀ ਵਿਆਹ ਕੀਤਾ ਸੀ ਤੇ ਉਹਨਾਂ ਦੀ ਉੱਚ ਆਰਥਕ ਸਥਿਤੀ ਕਾਰਨ ਖਾਪ ਪੰਚਾਇਤਾਂ ਉਹਨਾਂ ਦਾ ਕੁਝ ਨਹੀਂ ਵਿਗਾੜ ਸਕੀਆਂ। ਸਾਫ਼ ਹੈ ਕਿ ਅੱਜ ਦੇ ਸਮੇਂ 'ਚ ਖਾਪ ਪੰਚਾਇਤਾਂ ਆਪਣੇ ਆਰਥਕ ਜਬਰ ਨੂੰ ਉਸ ਤਰ੍ਹਾਂ ਸਮਾਜ ਤੇ ਨਹੀਂ ਠੋਸ ਸਕਦੀਆਂ ਜਿਸ ਰੂਪ ਵਿਚ ਜਾਗੀਰੂ ਪੈਦਾਵਾਰ ਪ੍ਰਣਾਲੀ ਅਤੇ ਜਾਗੀਰੂ ਸਭਿਆਚਾਰ ਦੇ ਪੂਰਨ ਦਾਬੇ ਦੇ ਰੂਪ ਵਿਚ ਠੋਸ ਸਕਦੀਆਂ ਸਨ। ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਅਤੇ ਪੈਦਾਵਾਰੀ ਸਬੰਧਾਂ ਦੇ ਪਿੰਡਾਂ ਵਿਚ 1970 ਦੇ ਦਹਾਕੇ ਤੋਂ ਦਾਬੇ ਵਾਲੀ ਬਨਣ ਤੋਂ ਬਾਅਦ ਹੀ ਜਾਗੀਰੂ ਮੁੱਲਾਂ ਤੇ ਸਭਿਆਚਾਰ ਦਾ ਪ੍ਰਭਾਵ ਘੱਟ ਹੋਣ ਦੇ ਬਾਵਜੂਦ ਬਣਿਆ ਹੋਇਆ ਹੈ। ਜਾਗੀਰੂ ਜਬਰ ਦੇ ਕਈ ਰੂਪਾਂ ਨੂੰ ਭਾਰਤ 'ਚ ਪੈਦਾ ਹੋਏ ਬੌਂਣੇ ਪੂੰਜੀਵਾਦ ਨੇ ਅਪਣਾ ਲਿਆ ਹੈ। ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਅਤੇ ਸਮਾਜਕ ਢਾਂਚਾ ਹਮੇਸ਼ਾ ਜਮਹੂਰੀ ਹੀ ਹੋਵੇਗਾ, ਇਹ ਬਹੁਤ ਵੱਡਾ ਭਰਮ ਹੈ। ਠੀਕ ਉਸੇ ਤਰ੍ਹਾਂ ਜਿਵੇਂ ਕਿ ਇਹ ਸਮਝੌਤਾ ਪੂੰਜੀਵਾਦ ਹਮੇਸ਼ਾ ਰੈਡੀਕਲ ਭੂਮੀ ਸੁਧਾਰਾਂ ਦੇ ਨਾਲ ਹੀ ਆਵੇਗਾ। ਵੱਖ-ਵੱਖ ਦੇਸ਼ਾਂ 'ਚ ਪੂੰਜੀਵਾਦ ਦਾ ਵਿਕਾਸ ਵੱਖ-ਵੱਖ ਰੂਪਾਂ 'ਚ ਹੋਇਆ ਹੈ। ਫਰਾਂਸੀਸੀ ਜਾਂ ਅਮਰੀਕੀ ਮਾਡਲ ਜਾਂ ਫਿਰ ਬ੍ਰਿਟਿਸ ਮਾਡਲ ਪੂੰਜੀਵਾਦੀ ਵਿਕਾਸ ਦਾ ਇਕੋ ਇਕ ਮਾਡਲ ਨਹੀਂ ਹੈ। ਜਰਮਨੀ ਤੇ ਏਸ਼ੀਆ ਵਿਚ ਪੂੰਜੀਵਾਦ ਦਾ ਜਿਸ ਤਰ੍ਹਾਂ ਵਿਕਾਸ ਹੋਇਆ ਉਸ ਨੇ ਪੂੰਜੀਵਾਦ ਤੋਂ ਪਹਿਲਾਂ ਦੀ ਜਾਗੀਰੂ ਬੇਰਹਿਮੀ ਤੇ ਗੈਰ ਜਮਹੂਰੀ ਮੁੱਲਾਂ ਨੂੰ ਆਪਣੇ ਫਾਇਦੇ ਅਨੁਸਾਰ ਢਾਲ ਕੇ ਅਪਣਾ ਲਿਆ। ਕਈ ਜਾਗੀਰੂ ਰਵਾਇਤਾਂ ਨੂੰ ਛੱਡਿਆ ਨਹੀਂ ਗਿਆ। ਭਾਰਤ 'ਚ ਸਾਰੀਆਂ ਭਿੰਨਤਾਵਾਂ

ਦੇ ਨਾਲ ਕੁਝ ਅਜਿਹਾ ਹੀ ਹੋਇਆ। ਜਿਨ੍ਹਾਂ ਸਮਾਜਾਂ ’ਚ ਪੂੰਜੀਵਾਦ ਦਾ ਵਿਕਾਸ ਅਜਾਦ ਰੂਪ ’ਚ ਹੇਠਾਂ ਤੋਂ ਨਹੀਂ ਬਲਕਿ ਰੁੰਡ ਮਰੁੰਡ ਹੋਇਆ ਉਥੇ ਸਮਾਜ ਦੇ ਅੰਗ-ਅੰਗ ’ਚ ਬੇਰਹਿਮੀ, ਗੈਰ ਜਮਹੂਰੀ ਰਵਾਇਤਾਂ ਪ੍ਰਭਾਵੀ ਰਹੀਆਂ ਹਨ।

ਯੂਰਪ ’ਚ 20ਵੀਂ ਸ਼ਤਾਬਦੀ ਦੇ ਪਹਿਲੇ ਅੱਧ ਤਕ ਇਹ ਗੱਲ ਇਟਲੀ, ਪੁਰਤਗਾਲ, ਜਰਮਨੀ ਆਦਿ ’ਤੇ ਲਾਗੂ ਹੁੰਦੀ ਸੀ। ਅਫਰੀਕਾ ਅਤੇ ਖਾਸ ਕਰਕੇ ਏਸ਼ੀਆ ਦੇ ਬਸਤੀਵਾਦੀ ਸਮਾਜਾਂ ’ਚ ਜਿਸ ਤਰ੍ਹਾਂ ਸਰਮਾਏਕਾਰੀ ਆਈ ਉਸ ਵਿਚ ਤਾਂ ਜਾਗੀਰੂ ਬੇਰਹਿਮੀ ਅਤੇ ਗੈਰ ਜਮਹੂਰੀ ਰਵਾਇਤਾਂ ਅਤੇ ਮੁੱਲਾਂ ਦੀ ਨਿਰੰਤਰਤਾ ਹੋਰ ਵੀ ਵੱਧ ਰਹੀ। ਇਹਨਾਂ ਸਮਾਜਾਂ ਦੀ ਸਰਮਾਏਦਾਰੀ ਜਮਾਤ ਜਾਗੀਰਦਾਰੀ ਨਾ ਸਿੱਧੀ ਲੜਾਈ ਲੜਨ ਦੀ ਜੁਰਅਤ ਨਹੀਂ ਰੱਖਦੀ ਸੀ ਆਰਥਕ ਤੌਰ ’ਤੇ ਭਾਵੇਂ ਇਹ ਵੱਧ ਸ਼ਕਤੀ ਗ੍ਰਹਿਣ ਕਰ ਚੁੱਕਿਆ ਸੀ ਅਤੇ ਰਾਜਸੀ ਤੌਰ ’ਤੇ ਜਥੇਬੰਦ ਹੋ ਗਿਆ ਸੀ ਪਰ ਜਾਗੀਰੂ ਵਰਗਾਂ ਦੇ ਨਾਲ ਸਮਝੌਤਾ ਕਰਕੇ ਹੀ ਇਹ ਆਪਣੇ ਦੇਸ਼ ਦੇ ਲੋਕਾਂ ਦੀ ਲੁੱਟ ਘਸੁੱਟ ਨੂੰ ਜਾਰੀ ਰੱਖ ਸਕਦਾ ਸੀ। ਭਾਰਤ ’ਚ ਵੀ ਇਥੋਂ ਦੀ ਦਲਾਲ ਸਰਮਾਏਦਾਰੀ ਜਿੰਨੀ ਨੇੜਤਾ ਉਹ ਬਸਤੀਵਾਦੀ ਤਾਕਤਾਂ ਨਾਲ ਰੱਖਦਾ ਸੀ, ਉਨ੍ਹਾਂ ਹੀ ਦੇਸ਼ ਦੀ ਮੇਹਨਤਕਸ਼ ਜਨਤਾ ਤੋਂ ਡਰਦਾ ਵੀ ਸੀ। ਇਹੀ ਕਾਰਨ ਸੀ ਕਿ ਆਜ਼ਾਦੀ ਲਈ ਸੰਘਰਸ਼ ਦੌਰਾਨ ਉਨ੍ਹਾਂ ਲੋਕਾਂ ਨੂੰ ਲੈ ਕੇ ਕੋਈ ਫੈਸਲਾਕੁੰਨ ਲੜਾਈ ਨਹੀਂ ਲੜ ਸਕਿਆ। ‘ਆਜ਼ਾਦੀ’ ਤੋਂ ਬਾਅਦ ਵੀ ਲੋਕਾਂ ਦੀ ਲੁੱਟ-ਘਸੁੱਟ ਜਾਰੀ ਰੱਖਣ ਲਈ ਉਸ ਨੇ ਜਾਗੀਰੂ ਤੱਤਾਂ ਦੇ ਨਾਲ ਸਮਝੌਤੇ ਤੇ ਸਮਝਾਉਣ ਕਰਨ ਦੀ ਨੀਤੀ ਨੂੰ ਹੀ ਅਪਣਾਇਆ। ਆਰਥਕ ਖੇਤਰ ਵਿਚ ਜਾਗੀਰੂ ਭੋਇੰ ਮਾਲਕਾਂ ਨੂੰ ਸਰਮਾਏਦਾਰ ਭੋਇੰ ਮਾਲਕਾਂ ’ਚ ਬਦਲਣ ਦਾ ਪੂਰਾ ਮੌਕਾ ਦਿੱਤਾ। ਸਮਾਜਕ ਸਭਿਆਚਾਰ ਖੇਤਰ ਵਿਚ ਵੀ ਉੱਚ ਜਾਤੀਆਂ ਦੇ ਭੋਇੰ ਮਾਲਕ ਜਮਾਤ ਦੇ ਦਾਬੇ ਨੂੰ ਖੁੱਲ੍ਹਾ ਚੁਣੌਤੀ ਦੇਣ ਵਾਲਾ ਕੋਈ ਕਦਮ ਇਥੋਂ ਦੀ ਦਲਾਲ ਸਰਮਾਏਦਾਰੀ ਨੇ ਨਹੀਂ ਉਠਾਇਆ। ਉਲਟਾ ਜਾਗੀਰੂ ਲੁੱਟ-ਘਸੁੱਟ ਦੇ ਸਾਰੇ ਰੂਪਾਂ ਨੂੰ ਛੂਹਿਆ ਤਕ ਵੀ ਨਹੀਂ ਗਿਆ ਅਤੇ ਸਾਰੇ ਰੂਪਾਂ ਨੂੰ ਅਨਕੂਲਿਤ ਕਰਕੇ ਭਾਰਤ ਦੇ ਸਰਮਾਏਦਾਰੀ ਰਾਜ ਨੂੰ ਸਮਾਜਕ ਪ੍ਰਬੰਧ’ਚ ਸਮੋ ਲਿਆ ਗਿਆ। ਕਾਨੂੰਨ ਅਤੇ ਨਿਯਮ ਦੇ ਧਰਾਤਲ ’ਤੇ ਕੁਝ ਜਮਹੂਰੀ ਦਿਸਣ ਵਾਲੇ ਨਿਯਮ ਕਾਨੂੰਨ ਬਣਾ ਦਿੱਤੇ ਗਏ। ਪਰ ਉਹਨਾਂ ਨੂੰ ਲਾਗੂ ਕਰਨ ਦੀ ਕੋਈ ਇੱਛਾ ਸ਼ਕਤੀ ਨਹੀਂ ਸੀ। ਇੱਕ ਹੋਰ ਅਹਿਮ ਕਾਰਕ ਇਹ ਹੈ ਕਿ ਭਾਰਤੀ ਸਮਾਜ ’ਚ ਪੁਨਗ ਜਾਗਰਨ ਤੇ ਧਾਰਮਕ ਸੁਧਾਰ ਵਰਗੇ ਰੈਡੀਕਲ ਅਤੇ ਸਮਾਜ ’ਚ ਪੈਰ ਜਮਾ ਕੇ ਸੰਘਰਸ਼ ਨਹੀਂ ਹੋਏ ਜਿਵੇਂ ਕਿ ਪੱਛਮੀ ਯੂਰਪਾਂ ’ਚ ਹੋਏ ਸਨ। ਇਥੇ ਕੋਈ ਕਬੀਰ, ਕੋਈ ਨਾਨਕ, ਕੋਈ ਰੈਦਾਸ, ਕੋਈ ਪਲਟੂ ਕਦੇ-ਕਦੇ ਆਏ। ਰਾਹੁਲ ਸੰਕਰਤਾਇਨ ਰਾਧਾ ਮੋਹਨ ਗੋਕਲਜੀ ਵਰਗੀਆਂ ਕੁਝ ਸਖਸ਼ੀਅਤਾਂ ਕਦੇ-ਕਦੇ ਪ੍ਰਗਟ ਹੋਈਆਂ। ਪਰ ਕੁਝ ਜਾਤ-ਵਿਰੋਧੀ ਅੰਦੋਲਨਾਂ ਸਮੇਤ ਕੁਝ ਮਹੱਤਵਪੂਰਨ ਦੋਸ਼ਾਂ ਨੂੰ ਛੱਡ ਕੇ ਜਮਹੂਰੀ ਮੁੱਲਾਂ, ਜਾਗੀਰੂ ਬੇਰਹਿਮੀ ਤੇ ਜਬਰ ਵਿਰੋਧੀ ਕੋਈ ਸਮਾਜ ਵਿਆਪੀ ਅੰਦਲੋਨ ਨਹੀਂ ਹੋ ਸਕਿਆ। ਇਸ ਦਾ ਕਾਰਨ 17ਵੀਂ 18ਵੀਂ ਸਦੀ ’ਚ ਭਾਰਤੀ ਸਮਾਜ ਦਾ ਬਸਤੀਵਾਦੀਕਰਣ ਵੀ ਸੀ। ਅੰਗਰੇਜ਼ਾਂ ਆਉਣ ਤੋਂ ਠੀਕ ਪਹਿਲਾਂ ਅਜੇ ਕੁਝ ਲੋਕ ਸੰਘਰਸ਼ ਭਰੂਣ ਰੂਪ ’ਚ ਨਜ਼ਰ ਆਉਣ ਲੱਗੇ ਸਨ ਪਰ ਪੂਰੀ ਭਾਰਤੀ ਸਮਾਜਕ ਰਚਨਾ ਦਾ ਆਜ਼ਾਦ ਵਿਕਾਸ ਬਸਤੀਵਾਦ ਦੇ ਆਉਣ ਕਾਰਣ ਰੁਕ ਗਿਆ।

ਅੰਗ੍ਰੇਜ਼ਾਂ ਨੇ ਆਪਣੇ ਦਾਬੇ ਨੂੰ ਪੂਰੀ ਤਰ੍ਹਾਂ ਸਥਾਪਤ ਕਰਨ ਪਿਛੋਂ ਸਮਾਜ ਜਾਂ ਅਰਥਚਾਰੇ ਦੇ ਧਰਾਤਲ ’ਤੇ ਜਾਗੀਰੂ ਮੁੱਲਾਂ ਤੇ ਸਬੰਧਾਂ ਨੂੰ ਬਹੁਤਾ ਛੱਡਿਆ ਨਹੀਂ ਬਲਕਿ ਉਹਨਾਂ ਨੂੰ ਇਹ ਸਮਝ ’ਚ ਆਇਆ ਕਿ ਜਬਰ ਦੇ ਇਹਨਾਂ ਰੂਪਾਂ ਨੂੰ ਸਮਾਜ ’ਚ ਸਮੋ ਲੈਣਾ ਵੱਧ ਬੇਹਤਰ ਹੈ। ਇਸ ਲਈ 1793 ’ਚ ਸਥਾਈ ਬੰਦੋਬਸਤ ਆਇਆ ਜਿਸ ਨੇ ਪੂਰੇ ਉੱਤਰ ਪੂਰਬੀ ਭਾਰਤੀ ਸਮਾਜ ਵਿਚ ਜਿੰਮੀਦਾਰਾਂ ਦੀ ਸੱਤਾ ਨੂੰ ਹੋਰ ਮਜ਼ਬੂਤ ਬਣਾ ਕੇ ਉਸ ਨੂੰ ਅੰਗ੍ਰੇਜ਼ੀ ਸਾਮਰਾਜ ਤੇ ਭਾਰਤੀ ਬਸਤੀਵਾਦ ਦਾ ਹਿੱਸਾ ਬਣਾ ਦਿੱਤਾ। ਉੱਤਰ ਤੇ ਉੱਤਰ ਪੱਛਮੀ ਭਾਰਤ ਵਿਚ ਰੈਅਤਵਾੜੀ ਬੰਦੋਬਸਤ ਲਾਗੂ ਕੀਤਾ ਗਿਆ ਪਰ ਖਾਪ ਪਚੰਾਇਤਾਂ ਦੀ ਸਮਾਜ-ਸਭਿਆਚਾਰਕ ਦਾਬੇ ਨੂੰ ਕਿਤੇ ਵੀ ਛੱਡਿਆ ਨਹੀਂ ਗਿਆ। ਕੁਝ ਮਿਲਾ ਕੇ ਸਿੱਟਾ ਇਹ ਰਿਹਾ ਕਿ ਭਾਰਤ ਸਮਾਜ ਉਸ ਤਰ੍ਹਾਂ ਦੇ ਪੁਨਰਜਾਗਰਣ ਤੇ ਧਾਰਮਕ ਸੁਧਾਰਾਂ ਦਾ ਸਾਕਸ਼ੀ ਨਹੀਂ ਬਣ ਸਕਿਆ ਜਿਸ ਨੇ ਯੂਰਪ ਵਿਚ ਨਿੱਜੀ ਸਬੰਧਾਂ ਦੇ ਪੂਰੇ ਤਾਣੇ-ਬਾਣੇ ਤੋਂ ਲੈ ਕੇ ਰਾਜ ਤੇ ਵਿਅਕਤੀ ਦੇ ਸਬੰਧ ਤਕ ਵਿਚ ਇਕ ਜਮਹੂਰੀ ਇਨਕਲਾਬ ਨੂੰ ਅੰਜਾਮ ਦਿੱਤਾ। ਇਹੀ ਕਾਰਨ ਹੈ ਕਿ ਭਾਰਤੀ ਜਨਮਾਨਸ ਦੇ ਇਕ ਵੱਡੇ ਹਿੱਸੇ ’ਚ ਖੁਦ ਇਕ ਗੈਰ ਜਮਹੂਰੀ ਰੁਝਾਨ ਮੌਜੂਦ ਹੈ ਜੋ ਸਮੇਂ-ਸਮੇਂ ’ਤੇ ਗੈਰ ਜਮਹੂਰੀ ਜਾਗੀਰੂ ਤੇ ਬੇਰਹਿਮ ਫਾਂਸੀਵਾਦੀ ਤਾਕਤਾਂ ਦੇ ਹੀ ਪੱਖ ’ਚ ਖੜ੍ਹਾ ਹੁੰਦਾ ਰਹਿੰਦਾ ਹੈ। ਜਦ ਐਨ. ਡੀ. ਟੀ. ਵੀ ਨੇ ਖਾਪ ਪੰਚਾਇਤਾਂ ਸਬੰਧੀ ਇਕ ਚਰਚਾ ਆਯੋਜਿਤ ਕੀਤੀ ਅਤੇ ਖਾਪ ਪੰਚਾਇਤਾਂ ਸਬੰਧੀ ਐਸ. ਐਮ. ਐਸ ਰਾਹੀਂ ਦਰਸ਼ਕਾਂ ਦੀ ਰਾਇ ਮੰਗੀ ਤਾਂ 84 ਫੀਸਦੀ ਦਰਸ਼ਕਾਂ ਨੇ ਖਾਪ ਪੰਚਾਇਤਾਂ ਦੀ ਹਮਾਇਤ ਕੀਤੀ। ਹਰਿਆਣੇ ’ਚ ਵੀ ਨਿੱਜੀ ਵਿਰੋਧਾਂ ਨੂੰ ਛੱਡ ਦਿੱਤਾ ਜਾਵੇ ਤਾਂ ਖਾਪ ਪੰਚਾਇਤਾਂ ਵਿਰੁੱਧ ਕੋਈ ਸੰਘਰਸ਼ ਖੜ੍ਹਾ ਨਹੀਂ ਹੋਇਆ ਹੈ। ਹੌਲੀ-ਹੌਲੀ ਸ਼ਹਿਰੀ ਪੂੰਜੀਵਾਦੀ ਵਿਕਾਸ ਦੇ ਨਾਲ ਕੁਝ ਖੇਤਰਾਂ ’ਚ ਉਹਨਾਂ ਦੀ ਪਕੜ ਥੋੜ੍ਹੀ ਢਿੱਲੀ ਹੋਈ ਹੈ ਪਰ ਇਹ ਅਮਲ ਬਹੁਤ ਮੱਠਾ ਹੈ। ਕਾਰਨ ਇਹ ਕਿ ਪੂੰਜੀਵਾਦੀ ਰਾਜਨੀਤੀ ’ਚ ਖਾਪ ਪੰਚਾਇਤਾਂ ਦਾ ਦਾਬਾ ਪੂੰਜੀਵਾਦੀ ਦਾਬੇ ’ਚ ਸਮੋ ਗਿਆ ਹੈ। ਇਹਨਾਂ ਆਰਥਕ ਤੇ ਸਮਾਜਕ ਰੂਪਾਂ ਨਾਲ ਪਿਛੜੇ ਵਰਗਾਂ ’ਤੇ ਪ੍ਰਭੂਤਵ ਨੂੰ ਬਣਾਈ ਰੱਖਣ ਦਾ ਸੰਦ ਬਣ ਗਿਆ ਹੈ। ਇਸ ਦਾਬੇ ਨੂੰ ਤੋੜਨ ਦਾ ਕੰਮ ਵੱਖਰਾ ਕਾਨੂੰਨ ਬਣਾ ਕੇ ਨਹੀਂ ਹੋ ਸਕਿਆ। ਨਾ ਹੀ ਇਸ ਦਾ ਹੱਲ ਸਿਰਫ ਸਭਿਆਚਾਰਕ ਪ੍ਰਚਾਰ ਤੇ ਸਮਝਾਉਣ ਬੁਝਾਉਣ ਨਾਲ ਹੁੰਦਾ ਹੈ। ਪੂੰਜੀਵਾਦੀ ਸਮਾਜ ਅਤੇ ਰਾਜ ਪ੍ਰਬੰਧ ਦੇ ਦਾਇਰੇ ਅੰਦਰ ਇਸ ਦਾ ਹੱਲ ਸੰਭਵ ਨਹੀਂ ਹੈ। ਇਸ ਨੂੰ ਤੋੜਨ ਲਈ ਵਿਗਿਆਨ ਦ੍ਰਿਸ਼ਟੀਕੋਨ ਦੇ ਪਸਾਰਾ ਜਾਤ ਵਿਰੋਧੀ ਪ੍ਰਚਾਰ-ਪਸਾਰ ਦੇ ਕੰਮਾਂ ਨੂੰ ਹੱਥ ’ਚ ਲੈਣ ਪਵੇਗਾ। ਨੌਜਵਾਨਾਂ ’ਚ ਵਿਸ਼ੇਸ਼ ਤੌਰ ’ਤੇ ਇਹਨਾਂ ਮੁਹਿੰਮਾਂ ਨੂੰ ਸਭਿਆਚਾਰਕ ਰੂਪਾਂ ਦੇ ਸਹਾਰੇ ਚਲਾਉਣਾ ਪਵੇਗਾ। ਪਰ ਇਹਨਾਂ ਸਾਰੇ ਕਾਰਜਾਂ ਨੂੰ ਪੂਰੇ ਸਮਾਜਕ-ਆਰਥਕ ਢਾਂਚੇ ਨੂੰ ਮੁਢੋਂ ਬਦਲਣ ਵਾਲੇ ਇਨਕਲਾਬੀ ਸੰਘਰਸ਼ ਦਾ ਹਿੱਸਾ ਬਣਾਉਣਾ ਹੋਵੇਗਾ। ਨੌਜਵਾਨਾਂ ਨੂੰ ਇਸ ਕੰਮ ਨੂੰ ਖਾਸ ਕਰਕੇ ਅੱਗੇ ਆਉਣਾ ਚਾਹੀਦਾ ਹੈ। ਇਸ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ।

# ਅਪਰਾਧੀ ਜੇਲ੍ਹਾਂ 'ਚ ਵੀ ਸੱਤਾ ਕਿਵੇਂ ਚਲਾਉਂਦੇ ਹਨ?

ਇਸ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਨਤੀਸ਼ ਕੁਮਾਰ ਦੇ ਅੰਕੜਿਆਂ ਦੇ ਬਾਜ਼ੀਗਰ ਉਭਰਦੇ ਤੇ ਉਤਸ਼ਾਹਿਤ ਬਿਹਾਰ ਦੇ ਵੱਡੇ-ਵੱਡੇ ਇਸ਼ਤਿਹਾਰ ਲੋਕਾਂ ਸਾਹਮਣੇ ਪੇਸ਼ ਕਰ ਰਹੇ ਹਨ। ਪਰ ਪਟਨਾ ਦੇ ਦਾਨਾਪੁਰ ਇਲਾਕੇ 'ਚ ਇਲੈਕਟ੍ਰਾਨਿਕ ਦੇ ਸਮਾਨ ਦੀ ਦੁਕਾਨ ਚਲਾਉਣ ਵਾਲੇ ਜਾਇਸਵਾਲ ਪ੍ਰੀਵਾਰ ਲਈ ਇਹ ਇਸ਼ਤਿਹਾਰ ਕੋਈ ਅਰਥ ਨਹੀਂ ਰੱਖਦਾ। ਮਾਰਚ ਦੀ ਇਕ ਉਸਮ ਭਰੀ ਰਾਤ ਨੂੰ ਕੁਝ ਸ਼ੱਕੀ ਲੋਕਾਂ ਦਾ ਇਕ ਸਮੂਹ ਉਹਨਾਂ ਦੀ ਦੁਕਾਨ ਵਿਚ ਵੜ ਗਿਆ ਅਤੇ ਉਹਨਾਂ ਨੇ ਕਾਗਜ਼ ਦਾ ਇਕ ਟੁਕੜਾ ਰਣਬੀਰ ਜਾਇਸਵਾਲ ਦੇ ਹੱਥ 'ਚ ਫੜਾ ਦਿੱਤਾ ਜਿਸ 'ਤੇ ਗੱਬਰ ਅਤੇ ਟੈਲੀਫੋਨ ਨੰਬਰ ਲਿਖਿਆ ਹੋਇਆ ਸੀ। ਉਹਨਾਂ ਨੇ ਚੇਤਾਵਨੀ ਦਿੱਤੀ "ਜੇ ਤੁਸੀਂ ਜਿਊਂਦੇ ਰਹਿਣਾ ਚਾਹੁੰਦੇ ਹੋ ਤਾਂ ਇਸ ਨਾਲ ਗੱਲ ਕਰੋ, ਪੁਲਸ ਨੂੰ ਭੁੱਲ ਕੇ ਵੀ ਨਹੀਂ ਦੱਸਣ, ਤੁਸੀਂ ਜਾਣਦੇ ਹੋ ਅਸੀਂ ਤੁਹਾਡੇ ਪੂਰੇ ਪ੍ਰੀਵਾਰ ਨੂੰ ਖਤਮ ਕਰ ਸਕਦੇ ਹਾਂ" ਪੁਰਜਾ ਫੜਾ ਕੇ ਉਹ ਲੋਕ ਚੱਲੇ ਗਏ।

ਜਾਇਸਵਾਲ ਨੇ ਸੋਚਿਆ ਕਿ ਇਕ ਗੱਬਰ ਖੂੰਖਾਰ ਅਪਰਾਧੀ ਜੋ ਬੇਓਰ ਜੇਲ੍ਹ 'ਚ ਬੰਦ ਹੈ, ਉਥੋਂ ਕੁਝ ਨਹੀਂ ਕਰ ਸਕਦਾ ਪਰ ਕੁਝ ਹੋਰ ਗੱਲਾਂ ਨੂੰ ਟੋਹ ਲੈਣ ਪਿਛੋਂ ਉਹ ਥੋੜ੍ਹੇ ਵੱਧ ਪ੍ਰੇਸ਼ਾਨ ਹੋ ਗਏ। ਉਹਨਾਂ ਦੇ ਪਟਨਾ ਦਫ਼ਤਰ ਦੇ ਇਕ ਦੋਸਤ ਨੇ ਉਹਨਾਂ ਨੂੰ ਮੁੱਖ ਮੰਤਰੀ ਨੂੰ ਮਿਲਣ ਦਾ ਸੁਝਾਅ ਦਿੱਤਾ। 10 ਮਾਰਚ ਨੂੰ ਜਾਇਸਵਾਲ ਭਰਾਵਾਂ ਨੇ ਮੁੱਖ ਮੰਤਰੀ ਭਰਾਵਾਂ ਦੇ ਇਕ ਸੰਗਤ ਦਰਸ਼ਨ ਜਾ ਕੇ ਇਕ ਚਿੱਠੀ ਦਿੱਤੀ। ਇਹ ਇਕ ਐਸ. ਓ. ਐਸ. ਸੀ ਜਿਸ 'ਚ ਧਮਕੀ ਦੀ ਜਾਣਕਾਰੀ ਦਿੱਤੀ ਗਈ ਸੀ ਨਾਲ ਹੀ ਸੁਧੀਰ ਜੈਸਵਾਲ ਨੇ "ਤੁਰੰਤ ਕਾਰਵਾਈ ਅਤੇ ਉਹਨਾਂ ਦੇ ਪ੍ਰੀਵਾਰ ਲਈ ਸੁਰੱਖਿਆ" ਦੀ ਬੇਨਤੀ ਕੀਤੀ ਸੀ। ਇਸ ਮਾਮਲੇ 'ਚ ਪਰਦੇ ਪਿੱਛੇ ਕੋਈ ਵੀ ਸਖਸ਼ ਨਹੀਂ ਸੀ ਪਰਿਵਾਰ ਨੂੰ ਧਮਕਾਇਆ ਗਿਆ ਸੀ ਅਤੇ ਪ੍ਰਸ਼ਾਸਨ ਜਾਣਦਾ ਸੀ ਕਿ ਇਹ ਕਿਸ ਨੇ ਕੀਤਾ ਹੈ ਅਤੇ ਕਿਸ ਦੇ ਕਹਿਣ 'ਤੇ ਇਥੋਂ ਤੱਕ ਕਿ ਉਹ ਅਪਰਾਧੀ ਦਾ ਟਿਕਾਣਾ ਅਤੇ ਮੋਬਾਇਲ ਨੰਬਰ ਤੱਕ ਜਾਣਦੇ ਸਨ, ਪਰ ਕੁਝ ਦਿਨ ਬਾਅਦ ਅਪਰਾਧੀ ਫਿਰ ਆ ਗਏ ਅਤੇ ਪੈਸਾ ਨਾ ਦੇਣ ਕਰਕੇ ਉਹਨਾਂ ਨੇ ਰਣਬੀਰ ਨੂੰ ਕਾਫੀ ਨੇੜਿਓਂ ਗੋਲੀ ਮਾਰ ਦਿੱਤੀ। ਰਣਬੀਰ ਦੇ ਛੋਟੇ ਭਾਈ ਰਾਕੇਸ਼ ਜੈਸਵਾਲ ਕਹਿੰਦੇ ਹਨ "ਮੁੱਖ ਮੰਤਰੀ ਦਫਤਰ ਨੇ ਸਾਡੀ ਪਟੀਸ਼ਨ 'ਤੇ ਕੋਈ ਕਾਰਵਾਈ ਨਹੀਂ ਕੀਤੀ" ਜੇ ਨਿਤੀਸ਼ ਸਰਕਾਰ ਦੀ ਤਾਜ਼ਾ ਰਿਪੋਰਟ ਕਾਰਡ ਨੂੰ ਦੇਖੋ ਜੋ ਦਾਅਵਾ ਕਰਦੀ ਹੈ ਕਿ ਮੁੱਖ ਮੰਤਰੀ ਦਫ਼ਤਰ (CMO) ਨੂੰ ਮਿਲੀਆ 46000 ਸ਼ਿਕਾਇਤਾਂ ਵਿਚੋਂ 86 ਫੀਸਦੀ ਦਾ ਹੱਲ ਕੀਤਾ ਗਿਆ ਹੈ, ਤਾਂ ਇਸ ਦਾਅਵੇ ਮੂਹਰੇ ਰਾਕੇਸ਼ ਦਾ ਬਿਆਨ ਇੱਕ ਸਵਾਲ ਪੈਦਾ ਕਰਦਾ ਹੈ, ਤਾਂ ਫਿਰ ਜੈਸਵਾਲ ਦੇ SOS (ਐਸ. ਓ. ਐਸ.) ਦਾ ਕੀ ਹੋਇਆ? ਹੁਣ ਪਤਾ ਲੱਗਿਆ ਹੈ ਕਿ ਇਸ 'ਚ ਆਮ ਕਰਾਰ ਦੇ ਕੇ ਸੁਧੀਰ ਦੇ SOS ਨੂੰ 23

ਮਾਰਚ ਨੂੰ ਬਿਹਾਰ ਦੇ ਡੀ. ਜੀ. ਪੀ. ਕੋਲ ਭੇਜ ਦਿੱਤਾ ਗਿਆ ਸੀ ਯਾਨੀ ਯਾਨੀ ਭਾਈ ਦੇ ਮੁੱਖ ਮੰਤਰੀ ਦਫ਼ਤਰ ਦਾ ਦਰਵਾਜ਼ਾ ਖੜਕਾਉਣ ਤੋਂ 13 ਬਾਅਦ 32 ਤਕ ਰਣਬੀਰ ਦਾ ਕਤਲ ਹੋ ਚੁੱਕਿਆ ਸੀ। ਇਹ ਪੱਤਰ ਡੀ. ਜੀ. ਪੀ. ਦਫਤਰ ਨੂੰ 4 ਅਪ੍ਰੈਲ 2010 ਨੂੰ ਮਿਲਿਆ। ਜਨ ਸ਼ਿਕਾਇਤ ਦਫ਼ਤਰ ਤੋਂ ਪੁਲਸ ਮਹਾਂਨਿਰਦੇਸ਼ਕ ਦੇ ਦਫ਼ਤਰ ਦੀ ਦੂਰੀ ਅੱਧਾ ਕਿਲੋਮੀਟਰ ਦੀ ਹੈ ਅਤੇ ਇਹ ਦੂਰੀ ਤਹਿ ਕਰਨ ਵਿਚ ਇਸ ਐਸ. ਓ. ਐਸ. ਨੂੰ ਤਹਿ ਕਰਨ ਵਿਚ 11 ਦਿਨ ਲੱਗ ਗਏ। ਲਗਦਾ ਹੈ ਕਿ ਪੁਲਸ ਨੇ ਇਸ ਨੂੰ ਠੰਡੇ ਬਸਤੇ 'ਚ ਪਾ ਦਿੱਤਾ, ਇਸ ਤੇ ਕੋਈ ਚਰਚਾ ਨਹੀਂ ਹੋਈ। ਮੁੱਖ ਮੰਤਰੀ ਦਫ਼ਤਰ ਅਜੇ ਵੀ ਇਸ ਤੱਥ ਤੋਂ ਅਣਜਾਣ ਹੈ ਕਿ ਅਪਰਾਧੀ ਆਪਣੀ ਧਮਕੀ 'ਤੇ ਅਮਲ ਕਰ ਚੁੱਕੇ ਹਨ ਅਤੇ ਰਣਧੀਰ ਹੁਣ ਇਸ ਦੁਨੀਆਂ 'ਚ ਨਹੀਂ ਹੈ। ਹੈਰਾਨੀ ਤੀ ਗੱਲ ਇਹ ਹੈ ਕਿ ਧਮਕੀ ਉਸ ਸਖਸ ਦੇ ਨਾਂ 'ਤੇ ਦਿੱਤੀ ਗਈ ਸੀ ਜੋ ਉੱਚ ਸੁਰੱਖਿਆ ਵਾਲੀ ਬੇਉਰ ਜੇਲ੍ਹ 'ਚ ਬੰਦ ਸੀ। ਇਹ ਬਿਹਾਰ ਦੇ ਜੇਲ੍ਹ ਅਪਰਾਧ ਮੁੱਖ ਤੌਰ 'ਤੇ ਉਭਰ ਰਹੇ ਹਨ। ਜਿਥੇ ਅਪਰਾਧੀ ਆਪਣੇ ਅਗਲੇ ਅਪਰਾਧ ਦੀ ਰੂਪ ਰੇਖਾ ਤਿਆਰ ਕਰਦੇ ਹਨ ਤੇ ਬਾਹਰ ਆਪਣੇ ਲਠਮਾਰਾਂ ਨਾਲ ਮੋਬਾਇਲਾਂ ਰਾਹੀਂ ਸੰਪਰਕ ਰਖਦੇ ਹਨ। ਉਹ ਸੁਰਖਿਅਤ ਨਿਆਂਇਕ ਹਿਰਾਸਤ ਤੋਂ ਆਪਣੀਆਂ ਧਮਕੀਆਂ 'ਤੇ ਬਾਖੂਬੀ ਅਮਲ ਕਰਦੇ ਹਨ। ਇਹੀ ਨਹੀਂ ਰਣਬੀਰ ਦੇ ਕਤਲ ਤੋਂ ਹਫਤੇ ਪਿੱਛੋਂ ਹੀ ਪਟਨਾ ਦੇ ਇਕ ਹੋਰ ਵਪਾਰੀ ਰਾਮ ਨਾਰਾਇਣ ਸਾਹ (60) ਦੀ 26 ਮਾਰਚ ਨੂੰ ਉਹਨਾਂ ਦੇ ਕਰਿਆਨੇ ਦੀ ਦੁਕਾਨ 'ਤੇ ਜਾਨ ਲੈ ਲਈ, ਇਕ ਵਾਰੀ ਫਿਰ ਪੁਲਸ ਨੂੰ ਉਸ ਦੀ ਜਾਂਚ ਦੀ ਤਾਰ ਜੇਹਲ 'ਚ ਬੰਦ ਸਰਗਨਾਂ ਸ਼ਿਆਮ ਬਾਬੂ ਗੋਮ ਵੱਲ ਲੈ ਗਏ, ਸ਼ਾਹ ਦੀ ਹੱਤਿਆ ਵੀ ਜਬਰਨ ਵਸੂਲੀ ਦੇ ਪੈਸੇ ਨਾ ਦੇਣ ਕਾਰਨ ਹੋਈ ਸੀ। ਪੂਰੀ ਘਟਨਾ ਨੂੰ ਅੰਜਾਮ ਦੇਣ ਦਾ ਤਰੀਕਾ ਪਹਿਲਾਂ ਵਰਗਾ ਹੀ ਸੀ, ਹਾਲਾਂ ਕਿ ਇਸ ਵਿੱਚ ਸ਼ਾਮਲ ਲੋਕ ਵੱਖਰੇ ਗੁੱਟ ਦੇ ਸਨ।

ਸਾਲ-ਦਰ-ਸਾਲ, ਜੇਹਲਾਂ 'ਚ ਬੰਦ ਅਪਰਾਧੀ ਏਨੇ ਨਿਡਰ ਹੋ ਜਾਂਦੇ ਹਨ ਕਿ ਉਹਨਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸਾਹਮਣੇ ਵਾਲਾ ਬੰਦਾ ਵਪਾਰੀ ਹੈ ਜਾਂ ਉਹ ਪੁਲਸ ਅਧਿਕਾਰੀ, ਤਾਂ ਹੀ ਤਾਂ ਮਾਰਚ 2010 'ਚ ਨਾਲੰਦਾ ਜੇਹਲ 'ਚ ਬੰਦ ਇਕ ਕੈਦੀ ਨੇ ਬਿਹਾਰ ਦੇ ਡੀ ਜੀ ਪੀ ਨੀਲਮਣੀ ਦਾ ਨੰਬਰ ਮਿਲਾ ਕੇ ਉਹਨਾਂ ਨੇ ਸ਼ਹਿਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਸੀ। ਫੋਨ ਕਰਨ ਵਾਲੇ ਨੂੰ ਘੇਰ ਲਿਆ ਗਿਆ, ਉਸ ਪਿਛੋਂ ਮਾਰੇ ਗਏ ਛਾਪਿਆਂ ਦੌਰਾਨ ਜੇਹਲ ਤੋਂ ਪੁਲਸ ਨੇ ਦਰਜਨਾ ਭਰ ਮੋਬਾਇਲ ਫੋਨ ਬਰਾਮਦ ਕੀਤੇ, ਵਿਡੰਬਨਾ ਇਹ ਕਿ ਜਦ ਕਿਸੇ ਆਮ ਆਦਮੀ ਨੂੰ ਜੇਹਲ ਦੇ ਅੰਦਰੋਂ ਧਮਕਾਇਆ ਜਾਂਦਾ ਹੈ ਤਾਂ ਪੁਲਸ ਕਦੇ ਕਦਾਈਂ ਹੀ ਇਸ ਤਰਾਂ ਦੀ ਫੁਰਤੀ ਦਿਖਾ ਸਕਦੀ ਹੈ। ਹਾਲ ਦੀ ਘੜੀ ਰਾਜ ਕਾਰਾ ਵਿਭਾਗ ਕੋਈ-ਨਾ-ਕੋਈ ਬਹਾਨਾ ਬਣਾ ਕੇ ਜੇਹਲਾਂ 'ਚ ਜੈਮਰ ਲਾਉਣ ਸਬੰਧੀ ਅਸਫਲ ਰਿਹਾ, ਹੋਰ ਤਾਂ ਹੋਰ ਪੁਲਸ ਨੇ ਵੀ ਮੋਬਾਇਲ ਫੋਨ ਰਾਹੀਂ ਜੇਹਲ 'ਚ ਬੰਦ ਅਪਰਾਧੀਆਂ ਦੀਆਂ ਕਰਤੂਤਾਂ 'ਤੇ ਨਜ਼ਰ ਰਖਣ 'ਚ ਕੋਈ ਖਾਸ ਦਿਲਚਸਪੀ ਦਾ ਇਜ਼ਹਾਰ ਨਹੀਂ ਕੀਤਾ ਹੈ। ਕੈਦੀਆਂ ਵਲੋਂ ਜੇਹਲ 'ਚ ਮੋਬਾਇਲ ਫੋਨ ਦੀ ਵਰਤੋਂ ਪੁਲਸ ਨੂੰ ਮੌਕਾ ਦਿੰਦੀ ਹੈ ਕਿ ਉਹ

ਅਪਰਾਧ ਨੂੰ ਹੋਣ ਤੋਂ ਪਹਿਲਾਂ ਹੀ ਰੋਕ ਸਕੇ, ਗ੍ਰਿਫਤਾਰੀ ਕਰ ਸਕੇ ਅਤੇ ਅਪਰਾਧੀਆਂ ਨੂੰ ਕਰਾਰੀ ਮਾਤ ਦੇ ਸਕੇ। ਹਾਲਾਂਕਿ ਘਟਨਾ ਘਟ ਜਾਣ ਬਾਅਦ ਹੀ ਉਹ ਹਰਕਤ ਵਿੱਚ ਆਉਂਦੇ ਹਨ।

ਉਸ ਤੋਂ ਪਹਿਲਾਂ ਨਹੀਂ, ਅਜਿਹਾ ਲੱਗਦਾ ਹੈ ਕਿ ਉਸ ਦੇ ਪਾਸ ਕੋਈ ਵੀ ਵਿਹਾਰਕ ਰਣਨੀਤੀ ਨਹੀਂ ਹੈ। ਬੇਹਤਰ ਇਹ ਹੈ ਕਿ ਬਿਹਾਰ ਦੀਆਂ ਸਭ ਜੇਲਾਂ ਵਿੱਚ ਬੇਉਸੈਂਟਰਲ ਜੇਹਲ–ਜਿਥੇ ਕੁਝ ਬਹੁਤ ਹੀ ਖਤਰਨਾਕ ਅੱਤਵਾਦੀ ਬਹੁਬਲੀ ਨੇਤਾ ਤੇ ਅਪਰਾਧੀ ਕਈ–ਕਈ ਹਤਿਆਵਾਂ, ਡਕੈਤੀਆਂ ਤੇ ਬਲਾਤਕਾਰ ਦੇ ਅਪਰਾਧ ਦੇ ਕਾਰਨ ਸਜਾ ਕੱਟ ਰਹੇ ਹਨ ਜਦ ਕਿ ਜਿਹੜੇ ਖੂੰਖਾਰ ਅਪਰਾਧੀਆਂ ਖਿਲਾਫ ਮੁਕਦਮਾ ਚਲ ਰਿਹਾ ਹੁੰਦਾ ਹੈ, ਉਨਾਂ ਨੂੰ ਵੀ ਇਥੇ ਹੀ ਰਖਿਆ ਗਿਆ ਹੈ–ਸਭ ਤੋਂ ਖੂੰਖਾਰ ਜੇਹਲਾਂ ਵਿੱਚੋਂ ਇਕ ਵਜੋਂ ਉਭਰੀ ਹੈ, ਇਹੀ ਨਹੀਂ ਲਗਭਗ ਸਭ ਵੱਡੇ ਅਪਰਾਧਾਂ ਦਾ ਜਿਨਾਂ ਨੂੰ ਦੇਸ਼ ਦੀ ਰਾਜਧਾਨੀ ’ਚ ਅੰਜਾਮ ਦਿੱਤਾ ਜਾਂਦਾ ਹੈ, ਸਬੰਧ ਜੇਲ ’ਚ ਬੰਦ ਸਰਗਰਨਿਆਂ ਨਾਲ ਹੁੰਦਾ ਹੈ। ਰਣਬੀਰ ਦੀ ਹੱਤਿਆ ਪਿਛੋਂ ਮਾਰੇ ਗਏ ਛਾਪੇ ਵਿੱਚ ਉਹ ਸਿਮ ਕਾਰਡ ਬਰਾਮਦ ਕੀਤਾ ਗਿਆ ਜਿਸ ਦੀ ਵਰਤੋਂ ਜਬਰਨ ਵਸੂਲੀ ਲਈ ਕੀਤੀ ਗਈ ਸੀ। ਇਸ ਛਾਪੇ ’ਚ ਪੁਲਸ ਮੁਲਾਜਮਾਂ ਨੂੰ ਇਕ ਵਾਰਡ ਤੋਂ 28 ਮੋਬਾਇਲ ਫੋਨ, 30 ਚਾਰਜਰ ਅਤੇ 1900 ਰੁਪਏ ਨਕਦ ਮਿਲੇ, ਇਸ ਵਾਰਡ ’ਚ ਅਪਰਾਧੀ ਸਤਿਆਜੀਤ–ਜਿਸ ਨੂੰ ਪਟਨਾ ਦੇ ਦਵਾ ਵਪਾਰੀ ਰਾਧੇਸ਼ਾਮ ਅਗਰਵਾਲ ਦੀ ਮੌਤ ਦੀ ਸਾਜਿਸ਼ ਰਚੀ ਸੀ–ਨੂੰ ਰੱਖਿਆ ਗਿਆ ਸੀ, ਪੁਲਸ ਦਾ ਮੰਨਣਾ ਹੈ ਕਿ ਬੇਉਰ ਜੇਲ ਦੇ 500 ਕੈਦੀਆਂ ਕੋਲ ਮੋਬਾਇਲ ਫੋਨ ਹਨ। ਜਦ ਕੈਦੀਆਂ ਦੀਆਂ ਜੇਹਲ ਤੋਂ ਬਾਹਰ ਸਰਗਰਮੀਆਂ ਦੀ ਗੱਲ ਆਉਂਦੀ ਹੈ ਤਾਂ ਬਿਹਾਰ ਇਸ ਵਿੱਚ ਸਭ ਤੋਂ ਉਪਰ ਆਉਂਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰੀਪੋਟ ਮੁਤਾਬਕ 2007 ’ਚ ਕੈਦੀ ਇਕ ਸਾਲ ’ਚ ਅਦਾਲਤ ਦੀ ਤਾਰੀਖ ’ਤੇ ਪੇਸ਼ ਹੋਣ ਲਈ 4,97,239 ਵਾਰੀ ਜੇਹਲ ਤੋਂ ਬਾਹਰ ਗਏ। ਅਨਕੂਲ ਪੁਲਸ ਕਰਮਚਾਰੀਆਂ ਦੇ ਨਾਲ ਇਸ ਤਰਾਂ ਬਾਹਰ ਜਾਣਾ ਉਹਨਾਂ ਨੂੰ ਆਪਣੇ ਲੋਕਾਂ ਦੇ ਨਾਲ ਸੰਪਰਕ ਕਰਨ ’ਚ ਮਦਦ ਗਾਰ ਸਿੱਧ ਹੁੰਦਾ ਹੈ। ਬਿਹਾਰ ਦੀਆਂ ਜੇਹਲਾਂ ’ਚ ਜੇਹਲ ਤੋੜਨ ਅਤੇ ਗੁਟਾਂ ’ਚ ਆਪਣੀ ਲੜਾਈ ਦੀਆਂ ਘਟਨਾਵਾਂ ਬਹੁਤ ਹੁੰਦੀਆਂ ਹਨ। ਪਰ 2007 ’ਚ ਭਾਰਤੀ ਕਾਰੀਗਰਾਂ ’ਚ ਹੋਈਆਂ ਕੁਝ ਝੜੱਪਾਂ ਦੀ ਗੱਲ ਕਰੀਏ ਤਾਂ ਇਹਨਾਂ ’ਚ ਬਿਹਾਰ ਦੇ ਕਾਰੀਗਰਾਂ ’ਚ ਅੱਧੇ ਤੋਂ ਵੱਧ (47 ਵਿਚੋਂ 28) ਸੰਘਰਸ਼ ਹੋਏ। ਪੁਲਸ ਜਾਣਦੀ ਹੈ ਕਿ ਕੈਦੀ ਅਤੇ ਜੇਲ ਕਰਮਚਾਰੀਆਂ ਦੇ ਤਾਰ ਇਕ–ਦੂਜੇ ਨਾਲ ਬਾਖੂਬੀ ਜੁੜੇ ਹੁੰਦੇ ਹਨ। ਰਾਜ ਗ੍ਰਹਿ ਵਿਭਾਗ ਵੀ ਇਸ ਗੱਲ ਨੂੰ ਭਲੀਭਾਂਤ ਜਾਂਣਦਾ ਹੈ ਪਰ ਇਸ ’ਤੇ ਲਗਾਮ ਕਸਣ ਲਈ ਉਸ ਨੇ ਵੀ ਕੁਝ ਨਹੀਂ ਕੀਤਾ ਹੈ। ਬਿਹਾਰ ਤੇ ਝਾਰਖੰਡ ਵਿੱਚ ਹੱਤਿਆਵਾਂ ਤੇ ਹੋਰ ਗੰਭੀਰ ਅਪਰਾਧਿਕ ਸਰਗਰਮੀਆਂ ਦੇ ਕੇਸਾਂ ਦੀ ਪੁਲਸ ਜਾਂਚ ਬੇਉਰ ਜੇਹਲ ਨਾਲ ਸਬੰਧ ਹੋਣ ਦੀ ਗੱਲ ਦਾ ਅੱਛਾ ਖੁਲਾਸਾ ਕਰ ਦਿੰਦੀ ਹੈ। ਜੂਨ 2009 ਵਿੱਚ ਝਾਰਖੰਡ ਦੇ ਧੰਨਵਾਦ ’ਚ ਇਕ ਵੱਡੇ ਕਪੜਾ ਵਪਾਰੀ ਬਿਹਾਰੀ ਲਾਲ ਚੌਧਰੀ ਦੀ ਹੱਤਿਆ ਵਿੱਚ ਬਿੰਦੂ ਸਿੰਘ, ਇਕ ਖੂੰਖਾਰ ਅਪਰਾਧੀ ਜੋ ਬੇਉਰ ਜੇਹਲ ’ਚ ਬੰਦ ਹੈ, ਦਾ ਹੱਥ ਹੋਣ ਦੀ ਗੱਲ ਸਾਹਮਣੇ ਆਈ

ਸੀ। ਪੁਲਸ ਚਾਹੁੰਦੀ ਹੈ ਕਿ ਪਾਬੰਦੀ ਸ਼ੁਧਾ ਸਾਮਗਰੀ ਦੇ ਮਿਲਣ ’ਤੇ ਜੇਹਲ ਦੇ ਸਟਾਫ ਨੂੰ ਵੀ ਜੁਆਬਦੇਹ ਬਣਾਇਆ ਜਾਣਾ ਚਾਹੀਦਾ ਹੈ। ਇਹ ਵੀ ਸੱਚ ਹੈ ਕਿ ਜੇਹਲ ਸਟਾਫ ਦੇ ਕਈ ਕਰਮਚਾਰੀ ਕੁਝ ਪੈਸਿਆਂ ਦੀ ਖਾਤਰ ਕੈਦੀਆਂ ਨੂੰ ਕੋਈ ਵੀ ਮਾਲ ਮੁਹਈਆ ਕਰਾਉਣ ’ਚ ਕਦੇ ਵੀ ਹਿਚਕਚਾਉਂਦੇ ਨਹੀਂ। ਬੀਤੇ ਸਮੇਂ ’ਚ ਇਕ ਜੇਲ ਸੁਪਰਡੈਂਟ ਤੇ ਦੋ ਜੇਹਲਰਾਂ ਦੀ ਹੱਤਿਆ ਨੇ ਜੇਲ ਕਰਮਚਾਰੀਆਂ ਦੇ ਹੌਸਲਿਆਂ ਨੂੰ ਕਾਫੀ ਹੱਦ ਤਕ ਪਸਤ ਕਰਕੇ ਰੱਖ ਦਿੱਤਾ ਹੈ। ਇਸ ’ਚ ਕੋਈ ਤਾਜੁਬ ਨਹੀਂ ਹੈ ਕਿ ਉਹ ਹੁਣ ਕੈਦੀਆਂ ਨੂੰ ਮੋਬਾਇਲ ਫੋਨ, ਅਸ਼ਲੀਲ ਡੀ. ਵੀ. ਡੀ., ਨਸ਼ੀਲੇ ਪਦਾਰਥ ਤੇ ਹੋਰ ਪਾਬੰਦੀ ਸ਼ੁਧਾ ਪਦਾਰਥਾਂ ਤੋਂ ਇਲਾਵਾ ਕਿਸੇ ਨਾਲ ਵੀ ਬੇਰੋਕਟੋਕ ਮੁਲਾਕਾਤਾਂ ਦੀ ਵਿਵਸਥਾ ਕਰ ਰਹੇ ਹਨ। ਪਤੇ ਦੀ ਗੱਲ ਤਾਂ ਇਹ ਹੈ ਕਿ ਤੁਸੀਂ ਜਿੰਨੇ ਪ੍ਰਭਾਵਸ਼ਾਲੀ ਹੋ, ਉਨੀਆਂ ਹੀ ਵੱਧ ਸਹੂਲਤਾਂ ਆਪ ਜੇਹਲ ’ਚ ਹਾਸਲ ਕਰ ਸਕਦੇ ਹੋ। ਸਰਕਾਰ ਵੀ ਜੇਹਲ ਦੇ ਕਰਮਚਾਰੀਆਂ ’ਤੇ ਆਪਣੀ ਸਖਤੀ ਕਰਨ ’ਚ ਕਤਰਾਉਂਦੀ ਨਜ਼ਰ ਆਉਂਦੀ ਹੈ। ਕਿਉਂਕਿ ਉਹਨਾਂ ਕੋਲ ਉਹਨਾਂ ਨੂੰ ਹਟਾਉਣ ਲਈ ਕੋਈ ਵਿਕਲਪ ਦੀ ਵਿਵਸਥਾ ਨਹੀਂ ਹੈ। ਬਿਹਾਰ ਸਰਕਾਰ ਦਾ ਆਰਥਕ ਸਰਵੇਖਣ 2008-09 ਕਹਿੰਦਾ ਹੈ ਕਿ ਰਾਜ ਕਾਰੀਗਰਾਂ (ਜੇਲ) ’ਚ ਕਰਮਚਾਰੀਆਂ ਦੀ ਮੌਜੂਦਾ ਸਮਰਥਾ ਮੰਜੂਰ ਸਮਰਥਾ ਦਾ 67 ਫੀਸਦੀ ਹੀ ਹੈ। ਇਹੀ ਨਹੀਂ ਸੇਵਾ ਨਵਿਰਤੀਆਂ ਅਤੇ ਨਵੀਂ ਭਰਤੀ ਨਾ ਹੋਣ ਕਰਕੇ ਇਹ ਲਗਾਤਾਰ ਹੋਰ ਵੱਧ ਡਿਗਦੀ ਜਾ ਰਹੀ ਹੈ। ਇਹ ਦਸਤਾਵੇਜ ਕਹਿੰਦਾ ਹੈ ਕਿ ਜੇਲ ਪ੍ਰਸਾਸ਼ਨ ’ਚ ਸੁਰਖਿਆ ਸਬੰਧੀ 75.67 ਫੀਸਦੀ ਅਹੁਦੇ ਖਾਲੀ ਪਏ ਹਨ। ਸਭ ਤੋਂ ਵੱਧ ਨੌਕਰੀਆਂ-ਵਾਰਡਨ-ਜੋ ਕੈਦੀਆਂ ’ਤੇ ਨਜ਼ਰ ਰਖਦੇ ਹਨ ਦੀਆਂ ਖਾਲੀ ਹਨ। ਇਸ ਗੱਲ ਦੇ ਕਈ ਪ੍ਰਭਾਵ ਹਨ। ਜੋ ਇਹ ਸਥਾਪਤ ਕਰਦੇ ਹਨ ਕਿ ਕਿਉਂ ਬਿਹਾਰ ’ਚ ਅਪਰਾਧੀ ਜੇਹਲ ਦੀਆਂ ਸਲਾਖਾਂ ਪਿਛਿਓਂ ਆਪਣੀ ਸੱਤਾ ਚਲਾ ਰਹੇ ਹਨ। ਜਦ ਕਿ ਪ੍ਰਸਾਸ਼ਨ ਉਹਨਾਂ ਵਲੋਂ ਇਕ ਦਮ ਅੱਖਾਂ ਬੰਦ ਕਰੀ ਬੈਠਾ ਹੈ। ਕਹਿੰਦੇ ਹਨ ਕਿ ਸੁਧਾਰਾਂ ਦੀ ਸ਼ੁਰੂਆਤ ਘਰ ਤੋਂ ਹੋਣੀ ਚਾਹੀਦੀ ਹੈ। ਪਰ ਬਿਹਾਰ ਸਬੰਧੀ ਅਜਿਹਾ ਲੱਗਦਾ ਹੈ ਕਿ ਉਹਨਾਂ ਨੂੰ ਸਫਾਈ ਆਪਣੀਆਂ ਜੇਹਲਾਂ ਤੋਂ ਸ਼ੁਰੂ ਕਰਨੀ ਚਾਹੀਦੀ ਹੈ।

# ਸਕਸੈਨਾ ਸੰਮਤੀ, ਆਦੀਵਾਸੀ ਤੇ ਸਿਆਸਤ

ਸਰਕਾਰ ਵਲੋਂ ਉੜੀਸਾ 'ਚ ਵੇਦਾਂਤ ਕੰਪਨੀ ਦੀਆਂ ਨਿਯਮ ਗਿਰੀ ਪਹਾੜੀਆਂ 'ਚ ਸਥਿਤ ਬਕਸਾਈਟ ਖੁਦਾਈ ਪ੍ਰੋਜੈਕਟ ਨੂੰ ਰੱਦ ਕਰ ਦੇਣ ਨਾਲ ਰਾਜਸੀ ਹਲਚਲ ਤੇਜ਼ ਹੋ ਗਈ ਹੈ। ਜਿਥੇ ਇਕ ਪਾਸੇ ਆਦੀਵਾਸੀ ਤੇ ਵਾਤਾਵਰਣ ਦੀ ਰਾਖੀ ਲਈ ਚੁੱਕੇ ਇਸ ਕਦਮ ਸਬੰਧੀ ਕੇਂਦਰੀ ਵਾਤਾਵਰਣ ਤੇ ਵਣ ਰਾਜ ਮੰਤਰੀ ਜੈ ਰਾਮ ਰਮੇਸ਼ ਦੀ ਵਾਹ-ਵਾਹ ਹੋ ਰਹੀ ਹੈ। ਉਥੇ ਦਬਵੀਂ ਸੁਰ 'ਚ ਦੋਸ਼ ਵੀ ਲਾਏ ਜਾਣ ਲੱਗੇ ਹਨ ਕਿ ਇਸ ਪਿੱਛੇ ਮੂਲ ਉਦੇਸ਼ ਰਾਜਸੀ ਹੈ। ਇਹ ਸਵਾਲ ਵੀ ਉਠ ਰਹੇ ਹਨ ਕਿ ਕੀ ਇਸ ਆਧਾਰ 'ਤੇ ਪੋਸਕੋ, ਪੋਲਵਰਮ ਆਦਿ ਪ੍ਰੋਜੈਕਟ ਨੂੰ ਵੀ ਰੱਦ ਕੀਤਾ ਜਾਵੇਗਾ। ਕੀ ਇਸ ਕਦਮ ਦਾ ਮਕਸਦ ਕਾਂਗਰਸ ਦੀ ਰਾਜਸੀ ਪੈਂਠ ਬਿਠਾਉਣਾ ਤੇ ਆਪਣੇ ਹੀ ਕੁਝ ਮੰਤਰੀਆਂ ਨੂੰ ਨੀਵਾਂ ਵਿਖਾਉਣਾ ਹੈ? ਇਹ ਸੁਵਾਲਾਂ ਦੇ ਉੱਤਰ ਜਾਨਣ ਲਈ ਥੋੜ੍ਹਾ ਪਿੱਛੇ ਮੁੜਨਾ ਹੋਵੇਗਾ। ਅਨਿਲ ਅਗਰਵਾਲ ਦੀ ਕੰਪਨੀ ਵੇਦਾਂਤ ਨੇ 1997 'ਚ ਉੜੀਸਾ ਸਰਕਾਰ ਦੇ ਨਾਲ ਇਕ ਖੁਦਾਈ ਪ੍ਰੋਜੈਕਟ ਸ਼ੁਰੂ ਕਰਨ ਦਾ ਸਮਝੌਤਾ ਕੀਤਾ ਸੀ। ਪ੍ਰਸਤਾਵਿਤ ਲਾਂਜੀਗੜ੍ਹ ਅਲੂਮੀਨੀਅਮ ਰਿਫਾਇਨਰੀ ਪ੍ਰੋਜੈਕਟ ਲਈ ਜਨਵਰੀ 2002 'ਚ ਸਰਕਾਰ ਨੇ 12 ਪਿੰਡਾਂ ਦੀ ਜ਼ਮੀਨ ਨੂੰ ਹੜੱਪਿਆ ਜਿਸ ਨਾਲ 60 ਪ੍ਰੀਵਾਰਾਂ ਨੂੰ ਉਜੜਨਾ ਪਿਆ ਅਤੇ 302 ਪ੍ਰੀਵਾਰਾਂ ਦੀ ਖੇਤੀ ਦੀ ਜ਼ਮੀਨ ਚਲੀ ਗਈ। ਮਾਰਚ 2002 'ਚ ਵੇਦਾਂਤ ਕੰਪਨੀ ਨੇ ਵਾਤਾਵਰਣ ਤੇ ਵਣ ਮੰਤਰਾਲੇ ਕੋਲ ਆਪਣੀ ਪ੍ਰਸਤਾਵਿਤ ਰਿਫਾਇਨਰੀ ਦੀ ਮੰਜੂਰੀ ਦਿੱਤੇ ਜਾਣ ਲਈ ਅਰਜੀ ਭੇਜੀ। ਪਰ ਇਹ ਤੱਥ ਨਹੀਂ ਦੱਸਿਆ ਕਿ ਬਾਕਸਾਈਟ ਦੀ ਖੁਦਾਈ ਲਈ ਉਸ ਨੂੰ 58.9 ਏਕੜ ਵਣ-ਜ਼ਮੀਨ ਦੀ ਲੋੜ ਪਵੇਗੀ। ਮੰਤਰਾਲੇ ਨੇ ਮਾਰਚ 2004 'ਚ ਵੇਦਾਂਤ ਨੂੰ ਸੂਚਿਤ ਕੀਤਾ ਕਿ ਉਹ ਖੁਦਾਈ ਤੇ ਰਿਫਾਇਨਰੀ ਦੇ ਪ੍ਰੋਜੈਕਟ 'ਤੇ ਇਕੋ ਵੇਲੇ ਵਿਚਾਰ ਕਰੇਗਾ। ਸਤੰਬਰ ਮਹੀਨੇ 'ਚ ਮੰਤਰਾਲੇ ਨੇ ਇਸ ਸ਼ਰਤ ਦੇ ਨਾਲ ਵੇਦਾਂਤ ਨੂੰ ਰਿਫਾਇਨਰੀ ਲਾਉਣ ਦੀ ਇਜਾਜ਼ਤ ਦੇ ਦਿੱਤੀ ਕਿ ਇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੂੰ ਖੁਦਾਈ ਦੀ ਮੰਜੂਰੀ ਲੈਣੀ ਪਵੇਗੀ। ਉਸੇ ਸਾਲ ਨਵੰਬਰ ਮਹੀਨੇ 'ਚ ਵੇਦਾਂਤ ਨੂੰ ਨੋਟਿਸ ਜਾਰੀ ਕਰਦਿਆਂ ਸਰਕਾਰ ਨੇ ਉਸ 'ਤੇ ਆਪਣੀ ਰਿਫਾਇਨਰੀ ਲਈ 10.41 ਏਕੜ ਜੰਗਲ ਦੀ ਜ਼ਮੀਨ ਹੜੱਪਣ ਦਾ ਦੋਸ਼ ਲਾਇਆ। ਵਾਤਾਵਰਣ ਮੰਤਰਾਲੇ ਨੇ ਮਾਰਚ 2005 'ਚ ਵੇਦਾਂਤ ਨੂੰ ਹੁਕਮ ਦਿੱਤਾ ਕਿ ਜਦ ਤਕ ਉਸ ਨੂੰ ਖੁਦਾਈ ਲਈ 58.9 ਹੈਕਟੇਅਰ ਵਣਭੂਮੀ ਦੀ ਵਰਤੋਂ ਦੀ ਇਜਾਜ਼ਤ ਨਾ ਮਿਲੇ, ਉਹ ਰਿਫਾਇਨਰੀ ਦਾ ਕੰਮ ਨਾ ਸ਼ੁਰੂ ਕਰੇ। ਵੇਦਾਂਤ ਇਸ ਖਿਲਾਫ਼ ਸੁਪਰੀਮ ਕੋਰਟ ਵਿੱਚ ਗਿਆ। ਸਰਕਾਰ ਦੀ ਇਕ ਅਧਿਕਾਰ ਪ੍ਰਾਪਤ ਸੰਮਤੀ ਨੇ ਆਪਣੇ ਜਵਾਬ 'ਚ ਕਿਹਾ ਕਿ ਨਿਯਮ ਗਿਰੀ 'ਚ ਖੁਦਾਈ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸੁਪਰੀਮ ਕੋਰਟ ਨੇ ਖੁਦਾਈ ਲਈ 661 ਹੈਕਟੇਅਰ ਭੂਮੀ ਦਿੱਤੇ ਜਾਣ ਦਾ ਹੁਕਮ ਦੇਣ ਪਿੱਛੋਂ ਦਸੰਬਰ 'ਚ ਵੇਦਾਂਤ ਨੂੰ ਉਥੇ ਸਿਧਾਂਤਕ ਤੌਰ 'ਤੇ ਖੁਦਾਈ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ। ਇਸ 'ਤੇ ਵਣ ਮੰਤਰਾਲੇ ਨੇ ਇਸ ਪ੍ਰੋਜੈਕਟ ਨੂੰ ਆਖਰੀ ਮੰਜੂਰੀ ਦਿੱਤੇ ਜਾਣ

ਤੋਂ ਪਹਿਲਾਂ ਵਣ ਅਧਿਕਾਰ ਕਾਨੂੰਨ ਤਹਿਤ ਸਭ ਦਾਅਵਿਆਂ ਦਾ ਨਿਪਟਾਰਾ ਕਰਨ ਦੇ ਵੇਦਾਂਤ ਨੂੰ ਨਿਰਦੇਸ਼ ਦਿੱਤੇ। ਵਣ ਸਲਾਹਕਾਰ ਸੰਮਤੀ ਨੇ ਇਸ ਸਾਲ ਜਨਵਰੀ ਮਹੀਨੇ 'ਚ ਤਿੰਨ ਮੈਂਬਰੀ ਟੀਮ ਨਿਯੁਕਤ ਕਰਕੇ ਉਸ ਵਲੋਂ ਇਸ ਪ੍ਰੋਜੈਕਟ ਵਲੋਂ ਕੀਤੇ ਜਾ ਰਹੇ ਵਣ ਸੁਰੱਖਿਆ ਕਾਨੂੰਨ ਦੀ ਉਲੰਘਣਾ ਤੇ ਉਸ ਨੂੰ ਸਥਾਨਕ ਲੋਕਾਂ ਅਤੇ ਵਾਤਾਵਰਣ 'ਤੇ ਪੈਣ ਵਾਲੇ ਅਸਰ ਬਾਰੇ ਆਪਣੀ ਰਿਪੋਰਟ ਦੇਣ ਨੂੰ ਕਿਹਾ। ਵਾਤਾਵਰਣ ਮੰਤਰਾਲੇ ਨੇ ਉਸ ਪਿੱਛੋਂ 29 ਜੂਨ ਨੂੰ ਸੋਨੀਆ ਗਾਂਧੀ ਦੀ ਪ੍ਰਧਾਨਗੀ ਵਾਲੀ ਕੌਮੀ ਸਲਾਹਕਾਰ ਪ੍ਰੀਸ਼ਦ ਦੇ ਮੈਂਬਰ ਐਨ ਸੀ ਸਕਸੈਨਾ ਦੀ ਪ੍ਰਧਾਨਗੀ 'ਚ ਇਕ ਸੰਮਤੀ ਬਣਾ ਕੇ ਉਸ ਨੂੰ ਇਸ ਪ੍ਰੋਜੈਕਟ ਕਾਰਨ ਵਾਤਾਵਰਣ ਤੇ ਆਦੀਵਾਸੀਆਂ ਤੇ ਪੈਣ ਵਾਲੇ ਪ੍ਰਭਾਵ ਸਬੰਧੀ ਰਿਪੋਰਟ ਦੇਣ ਨੂੰ ਕਿਹਾ ਗਿਆ। ਇਸ ਸੰਮਤੀ ਨੂੰ ਇਹ ਵੀ ਦੱਸਿਆ ਸੀ ਕਿ ਕੀ ਵਣ ਅਧਿਕਾਰ ਕਾਨੂੰਨ ਦੀ ਉਲੰਘਣਾ ਕੀਤੀ ਜਾ ਰਹੀ ਹੈ? 15 ਅਗਸਤ ਤੋਂ ਅਗਲੇ ਦਿਨ ਜਦ ਸੈਕਸੇਨਾ ਸੰਮਤੀ ਨੇ ਆਪਣੀ ਰਿਪੋਰਟ ਮੰਤਰਾਲੇ ਨੂੰ ਸੌਂਪੀ ਤਾਂ ਉਸ 'ਚ ਹੈਰਾਨਕੁੰਨ ਖੁਲਾਸੇ ਹੋਏ। ਇਸ 'ਚ ਸਪੱਸ਼ਟ ਸ਼ਬਦਾਂ 'ਚ ਕੇਂਦਰ ਸਰਕਾਰ ਨੂੰ ਇਹ ਕਿਹਾ ਗਿਆ ਸੀ ਕਿ ਉਹ ਇਸ ਪ੍ਰੋਜੈਕਟ ਨੂੰ ਮੰਜੂਰੀ ਨਾ ਦੇਣ ਕਿਉਂਕਿ ਇਹ ਵਾਤਾਵਰਣ ਤੇ ਵਣ ਕਾਨੂੰਨਾਂ ਦੀਆਂ ਧੱਜੀਆਂ ਉੜਾ ਰਹੀ ਹੈ। ਰਿਪੋਰਟ 'ਚ ਕਿਹਾ ਗਿਆ ਸੀ ਕਿ 'ਵੇਦਾਂਤ ਕੰਪਨੀ ਲਗਾਤਾਰ ਸੁਰੱਖਿਆ ਕਾਨੂੰਨ ਵਣ ਅਧਿਕਾਰ ਕਾਨੂੰਨ ਤੇ ਵਾਤਾਵਰਣ ਰਾਖੀ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ ਇਹ ਉੜੀਸਾ ਸਰਕਾਰ ਦੇ ਅਧਿਕਾਰੀਆਂ ਨਾਲ ਗੰਢਤੁਪ ਕਰਕੇ ਉੜੀਸਾ ਵਣ ਕਾਨੂੰਨ ਦੀ ਵੀ ਅਣਦੇਖੀ ਕਰ ਰਹੀ ਹੈ। ਇਸ ਕਾਰਨ ਇਥੇ ਵੀ ਜੈਵ ਵਿਭੰਨਤਾ ਅਤੇ ਡੋਂਗਰੀਆਂ ਤੇ ਕੁਟੀਆ ਕੋਂਧ ਦੇ ਜੀਵਨ 'ਤੇ ਵੀ ਬਹੁਤ ਬੁਰਾ ਅਸਰ ਪੈ ਰਿਹਾ ਹੈ। ਇਹਨਾਂ ਲੋਕਾਂ ਦੇ ਇਸ ਜ਼ਮੀਨ ਨਾਲ ਆਰਥਿਕ ਅਤੇ ਸਭਿਆਚਾਰਕ ਸਬੰਧ ਰਹੇ ਹਨ। ਰਿਪੋਰਟ ਅਨੁਸਾਰ ਜੇ ਇਸ ਨਿੱਜੀ ਕੰਪਨੀ ਨੂੰ ਖੁਦਾਈ ਲਈ ਇਹ ਜ਼ਮੀਨ ਦਿੱਤੀ ਗਈ ਤਾਂ ਇਸ ਕਾਰਨ ਪ੍ਰਭਾਵਿਤ ਹੋਣ ਵਾਲੇ ਆਦੀਵਾਸੀਆਂ ਦਾ ਦੇਸ਼ ਦੇ ਕਾਨੂੰਨ ਪ੍ਰਬੰਧ 'ਚ ਵਿਸ਼ਵਾਸ ਹੀ ਉਡ ਜਾਵੇਗਾ। ਇਸ 'ਚ ਇਸ ਗੱਲ ਦਾ ਵੀ ਖੁਲਾਸਾ ਕੀਤਾ ਗਿਆ ਕਿ ਕਿਸ ਤਰ੍ਹਾਂ ਰਾਜ ਸਰਕਾਰ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਆਦੀਵਾਸੀਆਂ ਦੇ ਅਧਿਕਾਰਾਂ 'ਤੇ ਸੱਟ ਮਾਰੀ ਜਾ ਰਹੀ ਹੈ। ਆਪਣੀ ਰਿਪੋਰਟ 'ਚ ਵੱਖ-ਵੱਖ ਕਾਨੂੰਨਾਂ ਦਾ ਹਵਾਲਾ ਦਿੰਦਿਆਂ ਐਨ. ਸੀ. ਸਕਸੈਨਾ ਨੇ ਕਿਹਾ ਕਿ ਇਹਨਾਂ ਦੇ ਤਹਿਤ ਵਣ ਭੂਮੀ ਨੂੰ ਕਿਸੇ ਪ੍ਰੋਜੈਕਟ ਲਈ ਅਲਾਟ ਕਰਨ ਤੋਂ ਪਹਿਲਾਂ ਸਬੰਧਤ ਗ੍ਰਾਮ ਸਭਾ ਦੀ ਇਜਾਜ਼ਤ ਲੈਣੀ ਲਾਜ਼ਮੀ ਹੈ। ਸੂਬਾ ਸਰਕਾਰ ਦੇ ਅਧਿਕਾਰੀਆਂ ਨੇ ਅਜਿਹਾ ਨਹੀਂ ਕੀਤਾ। ਸੰਮਤੀ ਮੂਹਰੇ ਪੇਸ਼ ਹੋਏ ਕਾਲਾਹਾਂਡੀ ਤੇ ਰਾਏਗੜ੍ਹ ਦੇ ਜ਼ਿਲ੍ਹਾ ਕਲੈਕਟਰਾਂ ਨੇ ਪਹਿਲਾਂ ਇਹ ਕਿਹਾ ਕਿ ਇਹਨਾਂ ਇਲਾਕਿਆਂ 'ਚ ਵਣ ਅਧਿਕਾਰ ਕਾਨੂੰਨ ਤਹਿਤ ਕਿਸੇ ਨੇ ਕੋਈ ਦਾਅਵਾ ਨਹੀਂ ਕੀਤਾ ਸੀ। ਉਹ ਇਸ ਸਬੰਧੀ ਗ੍ਰਾਮ ਸਭਾ ਦੀ ਮੰਜੂਰੀ ਦੇ ਸਕਣ 'ਚ ਅਸਫਲ ਰਹੇ। ਇਸ 'ਤੇ ਜਦ ਸਕਸੈਨਾ ਸੰਮਤੀ ਨੇ ਆਦੀਵਾਸੀਆਂ ਤੇ ਪਿੰਡ ਸਭਾ ਵਲੋਂ ਤਿਆਰ ਇਤਰਾਜਾਂ ਦਾ ਪੁਲੰਦਾ ਕਲੈਕਟਰਾਂ ਮੂਹਰੇ ਰੱਖਿਆ ਗਿਆ ਤਾਂ ਉਹ ਆਪਣੀ ਗੱਲ ਤੋਂ ਭੱਜ ਗਏ। ਉਹਨਾਂ ਦਾ ਕਹਿਣਾ ਸੀ ਕਿ

ਜਦ ਉਹ ਕਾਰਵਾਈ ਕੀਤੀ ਗਈ ਤਦ ਵਣ ਰੱਖਿਆ ਕਾਨੂੰਨ ਬਣਿਆ ਹੀ ਨਹੀਂ ਸੀ। ਉਹ ਇਸ ਸੰਬੰਧੀ ਸਹਿਯੋਗ ਕਰਨ ਤੋਂ ਕਤਰਾਉਂਦੇ ਰਹੇ। ਉੜੀਸਾ ਦੇ ਅਫਸਰ ਕਿਸ ਹੱਦ ਤੱਕ ਗਏ, ਉਸ ਦਾ ਜ਼ਿਕਰ ਕਰਦਿਆਂ ਸਕਸੈਨਾ ਸੰਮਤੀ ਨੇ ਕਿਹਾ ਕਿ ਆਪਣਾ ਬਿਆਨ ਦੇਣ ਪਿੱਛੋਂ ਰਾਇਗੜ੍ਹ ਦੇ ਜ਼ਿਲ੍ਹਾ ਕਲੈਕਟਰ ਨੂੰ ਮਹਿਸੂਸ ਹੋਇਆ ਕਿ ਉਹਨਾਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਉਹਨਾਂ ਨੇ ਸੰਮਤੀ ਨੂੰ ਕਿਹਾ ਕਿ ਉਹ ਆਪਣਾ ਬਿਆਨ ਵਾਪਸ ਲੈਣਾ ਚਾਹੁੰਦੇ ਹਨ। ਉਹਨਾਂ ਦੇ ਇਸ ਵਰਤਾਅ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੂਬਾ ਸਰਕਾਰ ਕਿਸ ਹੱਦ ਤੱਕ ਜਾ ਕੇ ਇਸ ਨਿੱਜੀ ਕੰਪਨੀ ਨੂੰ ਖੁਦਾਈ ਦੇ ਅਧਿਕਾਰ ਦੇਣ ਦੀ ਕੋਸ਼ਿਸ਼ ਕਰ ਰਹੀ ਸੀ। ਰਿਪੋਰਟ 'ਚ ਕਿਹਾ ਗਿਆ ਕਿ ਉੜੀਸਾ ਸਰਕਾਰ ਦਾ ਇਹ ਦਾਅਵਾ ਗਲਤ ਹੈ ਕਿ ਕਿਉਂਕਿ ਵਣ ਅਧਿਕਾਰ ਕਾਨੂੰਨ 2006 'ਚ ਬਣਿਆ ਸੀ ਇਸ ਲਈ ਉਹ ਇੱਥੇ ਰਹਿਣ ਵਾਲੇ ਆਦੀਵਾਸੀਆਂ 'ਤੇ ਲਾਗੂ ਹੀ ਨਹੀਂ ਹੁੰਦਾ। ਇਥੇ ਰਹਿਣ ਵਾਲੇ ਡੌਂਗਰੀਆ, ਕੌਂਧ ਅਤੇ ਕੁਟੀਆ ਕੌਂਧ ਅਨਸੂਚਿਤ ਜਨਜਾਤੀ ਦੇ ਹਨ। ਸੰਵਿਧਾਨ 'ਚ ਇਸ ਜਮਾਤ ਲਈ ਇਹ ਯਕੀਨਨ ਬਣਾਇਆ ਗਿਆ ਹੈ ਕਿ ਸਰਕਾਰ ਉਹਨਾਂ ਦੇ ਜ਼ਮੀਨ ਸਬੰਧੀ ਮਰਜ਼ੀ ਦਾ ਜ਼ਿਕਰ ਕਰਦਿਆਂ ਰਿਪੋਰਟ ਕਹਿੰਦੀ ਹੈ ਕਿ ਰਿਫਾਇਨਰੀ ਲਈ 26 ਹੈਕਟੇਅਰ ਵਣ ਭੂਮੀ 'ਤੇ ਕਬਜ਼ਾ ਕੀਤਾ ਗਿਆ ਜਦ ਕਿ ਵਾਤਾਵਰਣ ਸਬੰਧੀ ਮੰਜ਼ੂਰੀ ਇਸ ਆਧਾਰ 'ਤੇ ਦਿੱਤੀ ਗਈ ਸੀ ਕਿ ਇਸ ਰਿਫਾਇਨਰੀ ਲਈ ਵਣਭੂਮੀ ਦੀ ਵਰਤੋਂ ਨਹੀਂ ਹੋਵੇਗੀ। ਏਨਾ ਹੀ ਨਹੀਂ ਬਿਨ੍ਹਾਂ ਕਿਸੇ ਇਜਾਜ਼ਤ ਦੇ ਇਸ ਦੀ ਸਮਰੱਥਾ 10 ਲੱਖ ਟਨ ਤੋਂ ਵਧਾ ਕੇ 60 ਲੱਖ ਟਨ ਕਰ ਦਿੱਤੀ ਗਈ। ਕੰਪਨੀ ਦੀ ਜੁਅਰਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਸਮੇਂ ਇਹ ਰੀਫਾਇਨਰੀ ਜਿਹਨਾਂ 14 ਖਾਣਾਂ ਤੋਂ ਬਕਸਾਈਟ ਹਾਸਲ ਕਰ ਰਹੀ ਹੈ, ਉਹਨਾਂ 'ਚੋਂ 11 ਗੈਰ ਕਾਨੂੰਨੀ ਹਨ। ਉਹਨਾਂ ਨੂੰ ਵਾਤਾਵਰਣ ਨਿਯਮਾਂ ਤਹਿਤ ਇਜਾਜ਼ਤ ਨਹੀਂ ਦਿੱਤੀ ਗਈ ਹੈ।

ਇਹਨਾਂ ਤੱਥਾਂ ਤੋਂ ਲਗਦਾ ਹੈ ਕਿ ਵਾਤਾਵਰਣ ਤੇ ਵਣ ਮੰਤਰੀ ਜੈ ਰਾਮ ਰਮੇਸ਼ ਨੇ ਬੇਹੱਦ ਸਾਹਸੀ ਕਦਮ ਚੁੱਕਿਆ ਹੈ, ਉਥੇ ਇਹ ਵੀ ਸੱਚ ਹੈ ਕਿ ਇਸ ਦੇ ਦੂਰਗਾਮੀ ਰਾਜਸੀ ਅਸਰ ਪੈਣਗੇ। ਰਮੇਸ਼ ਕਾਂਗਰਸੀ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਰਾਹੁਲ ਗਾਂਧੀ ਦੇ ਕਰੀਬੀਆਂ 'ਚ ਗਿਣੇ ਜਾਂਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਆਦੀ ਵਾਸੀਆਂ ਤੋਂ ਲੈ ਕੇ ਇਹਨਾਂ-ਦੋਹਾਂ 'ਚ ਕਿੰਨੀ ਕੁ ਸਰਧਾ ਹੈ? ਇਹ ਆਦੀਵਾਸੀਆਂ ਦੀ ਵੋਟਾਂ ਪੱਕੀਆਂ ਕਰਨਾ ਚਾਹੁੰਦੇ ਹਨ ਨਾਂ ਕਿ ਭਲਾਈ। ਕਾਂਗਰਸ ਦੀ ਅੱਖ ਦੇਸ਼ ਦੀ 8 ਫੀਸਦੀ ਆਦੀਵਾਸੀ ਆਬਾਦੀ 'ਤੇ ਹੈ ਜਿਹੜਾ ਉਹਨਾਂ ਦਾ ਪੁਰਾਣਾ ਵੋਟ ਬੈਂਕ ਰਿਹਾ ਹੈ। ਇਹ ਵੀ ਸੱਚ ਹੈ ਕਿ ਪਿਛਲੇ 30 ਸਾਲਾਂ 'ਚ ਵਣਾਂ ਦੀ ਧਰਤੀ ਨੂੰ ਜਿੰਨਾ ਹੜੱਪਿਆ ਗਿਆ ਹੈ ਉਸ ਨਾਲ ਕੁਝ ਆਬਾਦੀ ਦਾ 56 ਫੀਸਦੀ ਆਦੀਵਾਸੀ ਤਾਂ ਉਜੜ ਹੀ ਗਏ ਹਨ। ਦੂਜਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਸਾਰੇ ਮਾਮਲੇ 'ਚ ਇਹੋ ਜਿਹਾ ਵਰਤਾਅ ਹੋਵੇਗਾ? ਉੜੀਸਾ 'ਚ ਦੱਖਣੀ ਕੋਰੀਆ ਦੇ ਪੋਸਕੋ ਪ੍ਰੋਜੈਕਟ ਨੇ ਵੀ ਅਣਦੇਖੀ ਤੇ ਉਲੰਘਣਾ ਕੀਤੀ ਹੈ। ਕੀ ਇਸ ਸਭ ਤੋਂ ਵੱਡੀ 54000 ਕਰੋੜ ਰੁਪਏ ਦੀ ਸਿੱਧੇ ਵਿਦੇਸ਼ੀ

ਨਿਵੇਸ਼ ਵਾਲੀ ਇਸ ਯੋਜਨਾ ਨੂੰ ਉਹ ਰੱਦ ਕਰ ਦੇਣਗੇ? ਉਹਨਾਂ ਨੇ ਕੁਝ ਸ਼ਰਤਾਂ ਸਮੇਤ ਆਂਧਰਾ 'ਚ ਗੋਦਾਵਰੀ ਨਦੀ 'ਤੇ ਬਣਾਏ ਜਾ ਰਹੇ ਪੋਲਾਰਾਮ ਬੰਨ ਤੇ ਸਿੰਚਾਈ ਪ੍ਰੋਜੈਕਟ ਨੂੰ ਮੰਜੂਰੀ ਦੇ ਦਿੱਤੀ ਹੈ। ਇਸ ਬੰਨ ਦੀ ਉਸਾਰੀ ਕਾਰਨ 3000 ਵਰਗ ਹੈਕਟੇਅਰ ਧਰਤੀ ਡੁੱਬੇਗੀ ਤੇ ਉਥੇ ਰਹਿਣ ਵਾਲੇ ਕੋਡਾ ਰੇਡੀ ਤੇ ਕੋਆਰੇਡੀ ਆਦੀਵਾਸੀ ਉਜੜ ਜਾਣਗੇ। ਉਥੇ ਇਹ ਉਨ੍ਹੀ ਤੇਜ਼ੀ ਕਿਉਂ ਨਹੀਂ ਵਿਖਾ ਰਹੇ ਹਨ? ਚਿਤੰਬਰਮ ਨਕਸਲੀਆਂ ਨੂੰ ਤਾਕਤ ਵਰਤ ਕੇ ਖਤਰਾ ਕਰਨਾ ਚਾਹੁੰਦੇ ਹਨ ਪਰ ਉਹਨਾਂ ਕਾਰਕਾਂ ਨੂੰ ਦੂਰ ਕਰਨ ਦੀ ਹੈ ਜਿਹਨਾਂ ਕਰਕੇ ਆਦੀਵਾਸੀ ਉਜੜਦੇ ਹਨ ਤੇ ਨਕਸਲੀਆਂ ਦੀ ਅਗਵਾਈ ਕਬੂਲਦੇ ਹਨ। ਆਦੀਵਾਸੀਆਂ ਨੂੰ ਖੁਦਾਈ 'ਚ 26 ਫੀਸਦੀ ਹਿੱਸਾ ਦੇਣ ਲਈ ਬਿੱਲ ਲਿਆਂਦਾ ਜਾਵੇ। ਖੁਦਾਈ ਦੇ ਧੰਦੇ 'ਚ ਅੰਨ੍ਹੀ ਕਮਾਈ ਕਾਰਨ ਸਾਰੇ ਕਾਨੂੰਨਾਂ ਦੀ ਧੱਜੀਆਂ ਉਡਾਉਣ ਨੂੰ ਨੱਥ ਮਾਰਨੀ ਤੇ ਫਿਰ ਲਗਾਮ ਕਸਣੀ ਚਾਹੀਦੀ ਹੈ। ਇਸ ਸੰਬੰਧੀ ਕਮਿਸ਼ਨ ਬਣਾਇਆ ਜਾਵੇ। ਫਿਲਹਾਲ ਇਹ ਕਮਿਸ਼ਨ ਕੱਚੇ ਲੋਹੇ, ਕੋਲੇ ਤੇ ਮੈਗਨੀਜ਼ ਦੀ ਗੈਰ ਕਾਨੂੰਨੀ ਖੁਦਾਈ ਦਾ ਅਧਿਐਨ ਕਰਕੇ 18 ਮਹੀਨਿਆਂ ਅੰਦਰ ਸਰਕਾਰ ਨੂੰ ਰਿਪੋਰਟ ਸੌਂਪੇਗਾ।

# ਜਲ, ਜੰਗਲ, ਜ਼ਮੀਨ ਦੇ ਅਸਲੀ ਹੱਕਦਾਰ ਕੌਣ?

ਉੜੀਸਾ ਦੇ ਸਭ ਤੋਂ ਗਰੀਬ ਇਲਾਕੇ ਦੇ ਸੰਘਣੇ ਜੰਗਲ ਵਿੱਚ ਰਹਿਣ ਵਾਲੇ ਨਿਯਮ ਰਾਜਾਂ ਦੀ ਜਿੱਤ ਹੋਈ ਅਤੇ ਲੰਦਨ ਦੀ ਅਰਬਪਤੀ ਕੰਪਨੀ ਵੇਦਾਂਤ ਹਾਰ ਗਈ। ਬਹੁਕੌਮੀ ਵੇਦਾਂਤ ਨਿਯਮ ਗਿਰੀ ਦੀਆਂ ਪਹਾੜੀਆਂ ਵਿੱਚ ਦੱਬੇ ਹੋਏ ਸਾਢੇ ਸੱਤ ਲੱਖ ਟਨ ਬਾਕਸਾਈਟ ਨੂੰ ਖੋਦਣ ਲਈ ਬਜਿਦ ਸੀ ਜਿਸ ਨੂੰ ਉਹ ਬਾਕਸਾਈਟ ਦੀ ਪੈਕਿੰਗ ਲਈ ਅਲੂਮੀਨੀਅਮ ਦੇ ਪਤਰ ਬਣਾਉਣ ਦੇ ਕੰਮ ’ਚ ਵਰਤਦੀ ਇਸ ਅਮਲ ’ਚ ਕਈ ਵਰਗ ਕਿਲੋਮੀਟਰ ’ਚ ਫੈਲੇ ਜੰਗਲ ਨੂੰ ਵੀ ਬਰਬਾਦ ਕੀਤਾ ਜਾਣ ਵਾਲਾ ਸੀ ਜਿਸ ਦੇ ਸਿੱਟੇ ਵਜੋਂ ਇੱਥੇ ਆਦਿਕਾਲ ਤੋਂ ਰਹਿ ਰਹੀਆਂ ਡੋਂਗਰੀ, ਕੁਟਿਆ, ਤੇ ਝਰਨਿਆ ਕੋਂਦ ਜਨਜਾਤੀਆਂ ਨੂੰ ਆਪਣਾ ਜੰਗਲ ਤੇ ਘਰ ਛੱਡਕੇ ਉਜੜਣਾ ਪੈਂਦਾ। ਪਰ ਲਾਂਜੀਗੜ੍ਹ ਵਿੱਚ ਵਾਤਾਵਰਣ ਦੇ ਕਾਨੂੰਨਾਂ ਦੇ ਉਲੰਘਣਾ ਦੀ ਜਾਂਚ ਲਈ ਗਠਿਤ ਐਨ. ਸੀ. ਸਕਸੈਨਾ ਸੰਮਤੀ ਦੀਆਂ ਸਿਫਾਰਸ਼ਾਂ ਨੇ ਪਿੰਡਾਂ ਦਾ ਮੁੱਖੀ ਅਨਿਲ ਅਗਰਵਾਲ ਦੇ ਮੰਸੂਬਿਆਂ ’ਤੇ ਪਾਣੀ ਫੇਰ ਦਿੱਤਾ। ਦਰਅਸਲ ਨਿਯਮ ਗਿਰੀ ਵਿੱਚ ਬਾਕਸਾਈਟ ਖੁਦਾਈ ਦੀ ਇਜਾਜ਼ਤ ਨਾ ਮਿਲਣੀ, ਆਦਿਵਾਸੀ ਸੰਘਰਸ਼ ਦੇ ਇਤਿਹਾਸ ਵਿੱਚ ਇਕ ਨਿਰਣਾਇਕ ਕਦਮ ਹੈ। ਨਿਯਮਗਿਰੀ ਸਿਰਫ ਇੱਕ ਪਹਾੜ ਦਾ ਨਾਂ ਹੀ ਨਹੀਂ ਹੈ ਇਹ ਕੋਂਧ ਆਦੀਵਾਸੀਆਂ ਦਾ ਘਰ ਵੀ ਹੈ। ਅਕਾਲ ਤੇ ਭੁੱਖ ਵਿਚਾਲੇ, ਇਹ ਆਦੀਵਾਸੀਆਂ ਦੀ ਪਨਾਹ ਹੈ। ਪਹਾੜ ਦੀ ਸਭ ਤੋਂ ਉੱਚੀ ਥਾਂ ’ਤੇ ਡੋਂਗਰੀਆਂ ਕੋਧਾਂ ਦੀ ਬਸਾਹਟ ਹੈ, ਝਰਨਿਆਂ ਤੇ ਪਹਾੜੀ ਨਦੀਆਂ ਦੇ ਕੰਢੇ ਝਰਨਿਆਂ ਕੋਂਧੋਂ ਰਹਿੰਦੇ ਹਨ ਅਤੇ ਪਹਾੜ ਹੇਠਾਂ ਮੈਦਾਨ ’ਚ ਕੁਟਿਆ ਕੋਂਧੋਂ ਦੇ ਪਿੰਡ ਹਨ। ਕੋਂਧੋਂ ਦੇ ਇਹ ਤਿੰਨੋ ਫਿਰਕੇ ਨਿਯਮ ਗਿਰੀ ਦੀ ਗੋਦ ’ਚ ਸਦੀਆਂ ਤੋਂ ਰਹਿੰਦੇ ਆਏ ਹਨ। ਉਹ ਨੂੰ ‘ਨਿਯਮ ਰਾਜ’ ਦੇ ਨਾਂ ਨਾਲ ਬੁਲਾਉਂਦੇ ਹਨ ਅਤੇ ਆਪਣਾ ਭਗਵਾਨ ਤੇ ਰੱਖਿਅਕ ਮੰਨਦੇ ਹਨ। ਉਹਨਾਂ ਦੀ ਮਾਨਤਾ ਹੈ ਕਿ ਜਦ ਤੱਕ ਨਿਯਮ ਗਿਰੀ ਰਹੇਗਾ, ਉਸ ਦਾ ਕੁਝ ਨਹੀਂ ਵਿਗੜਣਾ। ਕੋਂਧ ਆਦਿਮ ਜਨਜਾਤੀ ਸਮੂਹ ’ਚ ਆਉਂਦੇ ਹਨ। ਸੰਵਿਧਾਨ ’ਚ ਉਹਨਾਂ ਨੂੰ ਵਿਸ਼ੇਸ਼ ਅਧਿਕਾਰ ਮਿਲੇ ਹੋਏ ਹਨ। ਉਹਨਾਂ ਦਾ ਸਭਿਆਚਾਰ, ਉਹਨਾਂ ਦੇ ਰੀਤੀ-ਰਿਵਾਜਾਂ ਨੂੰ ਬਚਾਉਣ ਅਤੇ ਉਹਨਾਂ ਨੂੰ ਆਪਣੇ ਜੰਗਲਾਂ ਪਹਾੜਾਂ ਦੇ ਨਾਲ ਰਹਿਣ ਦੀ ਨੈਸਰਗਿਕ ਆਜ਼ਾਦੀ ਤਾਂ ਹੈ ਹੀ, ਸੰਵਿਧਾਨ ’ਚ ਇਸ ਆਜ਼ਾਦੀ ਨੂੰ ਨਾ ਸਿਰਫ ਮਾਨਤਾ ਦਿੱਤੀ ਗਈ ਹੈ ਬਲਕਿ ਇਸ ਦੀ ਰਾਖੀ ਦੀ ਗਰੰਟੀ ਵੀ ਕੀਤੀ ਗਈ ਹੈ। ਸਿਰਫ ਉੜੀਸਾ ’ਚ ਅਜਿਹੇ 40 ਛੋਟੇ-ਛੋਟੇ ਪਹਾੜ ਹਨ ਜੋ ਖੁਦਾਈ ਲਈ ਪ੍ਰਸਤਾਵਿਤ ਹਨ। ਪੂਰੇ ਦੇਸ਼ ਵਿੱਚ ਉਨ੍ਹਾਂ ਦੀ ਗਿਣਤੀ 300 ਤੋਂ ਵੱਧ ਹੈ। ਲਾਜੀਗੜ੍ਹ ’ਚ ਵੇਦਾਂਤ ਨੇ ਪਹਿਲਾਂ ਤੋਂ ਇਕ ਅਲੂਮੀਨੀਅਮ ਰਿਫਾਇਨਰੀ ਖੋਲ੍ਹ ਰੱਖੀ ਹੈ। ਜਿਸ ਨੇ ਦਰਜਨਾਂ ਪਿੰਡਾਂ ਨੂੰ ਉਜਾੜ ਦਿੱਤਾ ਹੈ ਅਤੇ ਪਾਣੀ, ਹਵਾ, ਮਿੱਟੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਨਿਯਮ ਗਿਰੀ ਦੇ ਕੰਜੂਰੀ ਪਿੰਡ ਦੀ ਡੋਂਗਰੀਆ ਕੋਂਧ ਕੁਮਾਥਾਦੀ ਵੇਦਕਾ ਤੋਂ ਪੁਛੀਏ ਤਾਂ ਉਹ ਕਹਿੰਦੀ ਹੈ ‘ਨਿਯਮ ਰਾਜ ਸਦੀਆਂ ਤੋਂ ਸਾਡੀ ਰਾਖੀ ਕਰ ਰਹੇ ਹਨ, ਅਸੀਂ ਉਸ ਨੂੰ ਕਿਵੇਂ

ਵਿਕਣ ਦੇ ਦਿਆਂਗੇ?' ਕੁਮਥਾਦੀ ਪਹਾੜ ਦੇ ਨਜ਼ਦੀਕੀ ਪਿੰਡ 'ਚ ਰਹਿੰਦੀ ਹੈ ਅਤੇ ਪਹਾੜ 'ਤੇ ਉਸੇ ਕੰਦ-ਮੂਲਾਂ ਨੂੰ ਵੇਚਣ ਲਈ ਹਫਤੇ 'ਚ ਇਕ ਦਿਨ ਲੱਗਣ ਵਾਲੀ ਹਾਟ (ਮੰਡੀ) 'ਚ ਲੈ ਜਾਂਦੀ ਹੈ। ਨਿਯਮ ਗਿਰੀ 'ਤੇ ਵਧਣ ਫੁਲਣ ਵਾਲੇ ਫਲਾਂ ਤੇ ਪੱਤਿਆਂ ਉੱਪਰ ਸਭ ਦਾ ਹੱਕ ਹੈ, ਇੱਥੇ ਨਿੱਜੀ ਮਾਲਕੀ ਦੀ ਗੱਲ ਕੋਈ ਨਹੀਂ ਜਾਣਦਾ ਅਤੇ ਉਹਨਾਂ ਨੂੰ ਪਹਾੜ ਤੋਂ ਨਿਕਲਣ ਵਾਲੀ ਵੰਸੁਧਰਾ ਤੇ ਨਾਰਾਵੇਲੀ ਨਦੀਆਂ ਦੀਆਂ ਧਾਰਾਵਾਂ ਤੋਂ ਇਲਾਵਾ ਕਿਸੇ ਹੋਰ ਮੁੱਖ ਧਾਰਾ ਦਾ ਪਤਾ ਨਹੀਂ ਹੈ। ਸੰਨ 2004 'ਚ ਸਮਾਜਵਾਦੀ ਵਿਚਾਰਕ ਕਿਸ਼ਨ ਪਟਨਾਇਕ ਨੇ ਲਿਖਿਆ ਸੀ, 'ਖੁਦਾਈ ਸਭਿਅਤਾ ਦੀ ਸਭ ਤੋਂ ਭਿਆਨਕ ਤਕਨੀਕ ਹੈ, ਇਹ ਧਰਤੀ ਦਾ ਚਿਹਰਾ ਵਿਗਾੜ ਦਿੰਦੀ ਹੈ। ਇਸਦੇ ਮਾਲ ਖਜ਼ਾਨਿਆਂ ਦਾ ਨਾਸ਼ ਕਰ ਦਿੰਦੀ ਹੈ ਜੋ ਇਸ ਦੇ ਅਸਲੀ ਮਾਲਕ ਹਨ। ਇਕ ਅਜਿਹੀ ਤਕਨੀਕ ਦੀ ਕਾਢ ਕੱਢੀ ਜਾਣੀ ਚਾਹੀਦੀ ਹੈ ਅਤੇ ਅਜਿਹੇ ਤਰੀਕੇ ਅਪਣਾਏ ਜਾਣੇ ਚਾਹੀਦੇ ਹਨ ਜਿਹਨਾਂ ਰਾਹੀਂ ਸਿਰਫ ਸਥਾਨਕ ਫਿਰਕਾ ਹੀ ਆਪਣੇ ਵਿਸ਼ਾਲ ਖਜ਼ਾਨੇ ਦੀ ਵਰਤੋਂ ਕਰ ਸਕੇ ਅਤੇ ਇਕ ਟਿਕਾਊ ਵਿਕਾਸ ਦੀ ਗਰੰਟੀ ਹੋ ਸਕੇ। ਜਦ ਤਕ ਅਜਿਹੀ ਤਕਨੀਕ ਨਹੀਂ ਬਣ ਜਾਂਦੀ ਤਦ ਤੱਕ ਕਿਸੇ ਵੀ ਨਵੀਂ ਖੁਦਾਈ-ਯੋਜਨਾ ਨੂੰ ਮੰਜੂਰੀ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦ ਵੇਦਾਂਤ ਨੇ ਲਾਂਜੀਗੜ੍ਹ ਦੇ ਕੋਲ ਬੇਲਾਂਬਾ ਪਿੰਡ ਵਿੱਚ ਆਪਣੀ ਰਿਫਾਨਿਰੀ ਚਾਲੂ ਕੀਤੀ ਸੀ ਅਤੇ ਪਿੰਡਾਂ ਦੇ ਪਿੰਡ ਜਬਰੀ ਕਬਜ਼ੇ ਹੇਠ ਲਏ ਜਾ ਰਹੇ ਸਨ। ਨਿਯਮਗਿਰੀ ਸੰਘਰਸ਼ ਨਾਲ ਲਗਾਤਾਰ ਜੁੜੇ ਰਹੇ ਨੈਸ਼ਨਲ ਅਲਾਇੰਸ ਆਫ਼ ਪੀਪਲਜ਼ ਮੂਵਮੈਂਟ ਦੇ ਕੌਮੀ ਸੰਯੋਜਕ ਪ੍ਰਫੁੱਲ ਸਾਮੰਤ ਰਾਏ ਦਾ ਕਹਿਣਾ ਹੈ ਕਿ "ਜੇ ਸੁਪਰੀਮ ਕੋਰਟ ਨੇ ਪੰਜ ਸਾਲ ਪਹਿਲਾਂ ਹੀ ਸਬੰਧਤ ਸੰਮਤੀਆਂ ਦੀਆਂ ਸਿਫਾਰਸ਼ਾਂ ਨੂੰ ਮੰਨ ਲਿਆ ਹੁੰਦਾ ਤਾਂ ਜੋ ਨੁਕਸਾਨ ਹੋ ਚੁੱਕਿਆ ਹੈ ਉਸ ਤੋਂ ਅਸੀਂ ਬਚ ਜਾਂਦੇ। ਜੇ ਨਿਯਮਗਿਰੀ ਨੂੰ ਸੱਚੀ ਬਚਾਉਣਾ ਹੈ ਤਾਂ ਰਿਫਾਇਨਰੀ ਨੂੰ ਫੌਰਨ ਬੰਦ ਕਰਨਾ ਪਵੇਗਾ" ਸੁਪਰੀਮ ਕੋਰਟ ਦੇ ਵਕੀਲ ਰਿਸ਼ਤਿਵਕ ਦੱਤਾ ਨੇ ਆਦੀ ਵਾਸੀਆਂ ਤਰਫੋਂ ਵੇਦਾਂਤਾ ਖਿਲਾਫ ਕੋਰਟ 'ਚ ਮੁਕੱਦਮਾ ਲੜਨਾ ਸੀ। ਉਹ ਕਹਿੰਦੇ ਮੈਂ ਇਸ ਨੂੰ ਕੇਂਦਰ ਜਾਂ ਸੂਬੇ ਦੇ ਮੁੱਦੇ ਵਜੋਂ ਨਹੀਂ ਵੇਖਦਾ। ਦੋਨੋਂ ਬਰਾਬਰ ਦੇ ਦੋਸ਼ੀ ਹਨ। ਕੇਂਦਰ ਸਰਕਾਰ ਵੇਦਾਂਤ ਦੀ ਪੇਸ਼ਕਸ ਨੂੰ ਪੰਜ ਸਾਲ ਪਹਿਲਾਂ ਵੀ ਠੁਕਰਾ ਸਕਦੀ ਸੀ ਪਰ ਉਸ ਨੇ ਅਜਿਹਾ ਨਹੀਂ ਕੀਤਾ। ਸੁਪਰੀਮ ਕੋਰਟ ਨੇ ਤਾਂ 8 ਅਗਸਤ 2008 ਨੂੰ ਵੇਦਾਂਤ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ" ਇਹ ਕੋਂਧ ਆਦੀਵਾਸੀਆਂ ਦਾ ਸੰਘਰਸ਼ ਅਤੇ ਉਸ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਮਿਲੀ ਜਬਰਦਸ਼ਤ ਹਮਾਇਤ ਹੀ ਸੀ ਕਿ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਆਖਰੀ ਪਲਾਂ ਤੱਕ ਕੋਸ਼ਿਸ਼ ਦੇ ਬਾਵਜੂਦ ਕੇਂਦਰ ਸਰਕਾਰ ਨੂੰ ਲੋਕ ਰਾਇ ਮੂਹਰੇ ਝੁਕਣਾ ਪਿਆ ਅਤੇ ਵੇਦਾਂਤ ਨੂੰ ਮੂੰਹ ਦੀ ਖਾਣੀ ਪਈ। ਵਰਨਾ 300 ਕਿਸਮ ਦੀਆਂ ਦਵਾਈ ਜੜੀ ਬੂਟੀਆਂ ਤੇ ਸਵਾ ਸੌ ਪ੍ਰਜਾਤੀਆਂ ਦੇ ਜੀਵ ਜੰਤੂ ਨਾਲ ਡੌਂਗਰਿਆ ਕੋਂਧ ਵੀ ਬਹੁਤ ਜਲਦੀ ਅਲੋਪ ਜਾਤੀਆਂ ਦੀ ਸ਼੍ਰੇਣੀ 'ਚ ਆ ਜਾਂਦੇ। ਨਿਯਮ ਗਿਰੀ ਦੀਆਂ ਇਹਨਾਂ ਪਹਾੜੀਆਂ 'ਚ ਕੋਂਧ ਫਿਰਕੇ ਦੇ ਸਿਰਫ 8000 ਆਦੀਵਾਸੀ ਬਚੇ ਹਨ। ਏਲਿਸ ਵਾਅਨੇ ਵਿਲਸਨ ਇੰਗਲੈਂਡ ਦੀ ਪਤਰਕਾਰ ਤੇ ਸਮਾਜਕ ਵਰਕਰ ਹੈ ਦੋ ਸਾਲ ਉਹਨਾਂ ਨੇ ਭਾਰਤ

’ਚ ਨਿਯਮ ਗਿਰੀ ਸੁਰੱਖਿਆ ਸੰਮਤੀ ਦੇ ਨਾਲ ਕੰਮ ਕੀਤਾ ਹੈ। ਅਜੇ ਬ੍ਰਸੇਲਸ ਨੇਟ ਮੁਹਿੰਮ ‘ਸ਼ਾਇਦ ਆਵਾਜ਼ ਮਆਰਗ’ ਦੇ ਨਾਲ ਜੁੜੀ ਪੁਲਸ ਕਹਿੰਦੀ ਹੈ, “ਵੇਦਾਂਤਾ ਨੂੰ ਭਾਰਤ ’ਚ ਕਰਾਰਾ ਧੱਕਾ ਲੱਗਿਆ ਹੈ। ਇਸ ਨਾਲ ਦੂਜੀਆਂ ਬਹੁਕੌਮੀ ਕੰਪਨੀਆਂ ਨੂੰ ਵੀ ਸਿੱਖਿਆ ਮਿਲੇਗੀ ਕਿ ਆਦੀਵਾਸੀਆਂ ਦੀ ਦੁਨੀਆਂ ’ਚ ਉਹਨਾਂ ਲਈ ਕੋਈ ਥਾਂ ਨਹੀਂ ਹੈ” ਪਰ ਨਿਯਮਗਿਰੀ ਦਾ ਸੱਚ ਵੀ ਪੂਰਾ ਸੱਚ ਨਹੀਂ ਹੈ। ਇਥੇ ਆਦੀਵਾਸੀਆਂ ਦੀ ਲੜਾਈ ਅਤੇ ਵਿਸਵਾਸ਼ ਦੋਨਾਂ ਦੀ ਜਿੱਤ ਹੋਈ ਹੈ। ਪਰ ਦੇਸ਼ ਦੇ ਖਨਨ ਮਾਨ ਚਿੱਤਰ ’ਤੇ ਇਕ ਨਜ਼ਰ ਮਾਰੀਏ ਤਾਂ ਅਜਿਹੇ ਸੈਂਕੜੇ ਪ੍ਰੋਜੈਕਟ ਜਾਂ ਤਾਂ ਸਥਾਨਕ ਬਸ਼ਿੰਦਿਆਂ ਦਾ ਜੀਵਨ ਉਜਾੜ ਚੁੱਕੇ ਹਨ ਜਾਂ ਉਜਾੜਨ ਜਾ ਰਹੇ ਹਨ। ਵਣ ਅਤੇ ਆਦੀਵਾਸੀ ਸੁਰੱਖਿਆ ਕਾਨੂੰਨਾਂ ਦੀ ਧੜੱਲੇ ਨਾਲ ਉਲੰਘਣਾ ਹੋ ਰਹੀ ਹੈ ਅਤੇ ਕੌਡੀਆਂ ਦੇ ਭਾਅ ਧਰਤੀ ਦੀ ਦੌਲਤ ਦਾ ਸੌਦਾ ਕੀਤਾ ਜਾ ਰਿਹਾ ਹੈ। ਸੱਤਾ, ਪੂੰਜੀ ਅਤੇ ਅਫਰਸ਼ਾਹੀ ਦੇ ਅਪਰਾਧਿਕ ਗੱਠਜੋੜ ਨੇ ਕਰੀਬ 4 ਕਰੋੜ ਆਦੀਵਾਸੀਆਂ ਨੂੰ ਉਜਾੜਿਆਂ ਤੇ ਭੁੱਖਮਰੀ ਕੰਢੇ ਲਿਆ ਖੜ੍ਹਾ ਕੀਤਾ ਹੈ। ਜੋ ਉਜੜ ਗਏ ਉਹ ਅੱਜ ਤੱਕ ਨਹੀਂ ਵਸੇ ਤੇ ਜੋ ਉਜਾੜੇ ਜਾਣਗੇ, ਉਹਨਾਂ ਨੂੰ ਨਹੀਂ ਪਤਾ ਕਿ ਉਹਨਾਂ ਦਾ ਕਸੂਰ ਕੀ ਹੈ। ਉੜੀਸਾ ’ਚ ਵੀ ਦੱਖਣੀ ਕੋਰੀਆ ਦੀ ਪੋਹਾਂਗ ਸਟੀਲ ਕੰਪਨੀ (ਪੋਸਕੋ) ਨੂੰ ਸਟੀਲ ਪਲਾਂਟ ਦੀ ਮੰਜੂਰੀ ਮਿਲ ਚੁੱਕੀ ਹੈ। ਇਸ ਵਿਰੁੱਧ ਸਰਗਰਮ ਪੋਸਕੋ ਪ੍ਰਤੀਰੋਧ ਸੰਘਰਸ਼ ਸੰਮਤੀ ਦੇ ਅਭਿਐ ਸਾਹੂ ਸੰਘਰਸ਼ ਕਰਦਿਆਂ ਕਈ ਵਾਰੀ ਜੇਲ੍ਹ ਜਾ ਚੁੱਕੇ ਹਨ। ਸਥਾਨਕ ਆਦੀਵਾਸੀ ਤੇ ਦਲਿਤ ਫਿਰਕੇ ’ਤੇ ਅਕਸਰ ਪੁਲਸ ਦੀਆਂ ਲਾਠੀਆਂ ਤੇ ਕੰਪਨੀ ਦੇ ਗੁੰਡਿਆਂ ਦਾ ਕਹਿਰ ਬਰਸਿਆ ਹੈ। ਉੜੀਸਾ ’ਚ ਹੀ ਕਾਸ਼ੀਪੁਰ ਤੇ ਕਲਿੰਗਾ ਨਗਰ ਦੀਆਂ ਖਾਣਾ ਤੇ ਸਟੀਲ ਪਲਾਂਟ ਦਾ ਵਿਰੋਧ ਕਰ ਰਹੇ ਦਰਜ਼ਨਾਂ ਲੋਕਾਂ ਨੂੰ ਪੁਲਸ ਦੀ ਗੋਲੀਆਂ ਨੇ ਛਲਣੀ ਕਰ ਦਿੱਤਾ ਸੀ। ਝਾਰਖੰਡ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ, ਕਰਨਾਟਕ, ਛਤੀਸ਼ਗੜ੍ਹ, ਗੁਜਰਾਤ, ਰਾਜਸਥਾਨ ਦੇ ਲੋਕਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਵੱਖ-ਵੱਖ ਪਲਾਂਟ ਲਾਉਣ ਜਾਂ ਖੁਦਾਈ ਕਰਨ ਦੀ ਮੰਜੂਰੀ ਸਰਕਾਰ ਨੇ ਦਿੱਤੀ ਹੈ ਅਤੇ ਜਬਰਦਸਤੀ ਜ਼ਮੀਨ ਹੜੱਪ ਰਹੀ ਹੈ। ਖੁਦ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਆਂਧਰਾ ਪ੍ਰਦੇਸ਼ ਤੋਂ ਰਾਜ ਸਭਾ ’ਚ ਆਏ ਹਨ ਅਤੇ ਉਥੇ ਗੋਦਾਵਰੀ ’ਤੇ ਬਣਨ ਵਾਲੇ ਪੋਲਾਵਰਮ ਬੰਨ ਤੋਂ ਅਦਿਮ ਜਨਜਾਤੀ ਫਿਰਕੇ ਕੋਂਡਾ ਰੇਡੀ ਅਤੇ ਕੋਰਮਾ ਉਜੜ ਜਾਣਗੇ। ਇੰਦਰਾ ਸਾਗਰ ਪੋਲਾਵਰਮ ਪ੍ਰੋਜੈਕਟ ਦੇ ਨਾਂ ਨਾਲ ਜਾਣੀ ਜਾਣ ਵਾਲੀ ਇਸ ਬੰਨ ਯੋਜਨਾ/ਪ੍ਰੋਜੈਕਟ ਦੀ ਸ਼ੁਰੂਆਤ ਆਂਧਰਾ ’ਚ ਸਾਬਕਾ ਮੁੱਖ ਮੰਤਰੀ ਵਾਈ ਐਸ ਰਾਜੇਸ਼ਵਰ ਰੈਡੀ ਨੇ ਕੀਤੀ ਸੀ। ਇਸ ਨਾਲ 300 ਪਿੰਡਾਂ ਦੇ ਉਜੜਣ ਤੇ ਇਕ ਲੱਖ ਸਤਰ ਹਜ਼ਾਰ ਲੋਕਾਂ ਦੇ ਉਜੜ ਜਾਣ ਦਾ ਖਤਰਾ ਹੈ। ਆਂਧਰਾ ਪ੍ਰਦੇਸ਼ ਵਿੱਚ ਹੀ ਵਿਸਾਖਾਪਟਨਮ ’ਚ ਅਰੁਕੋਵੈਲੀ ਖੁਦਾਈ ਪ੍ਰੋਜੈਕਟ ਸੈਕੜੇ ਪਿੰਡਾਂ ਨੂੰ ਤਬਾਹ ਕਰ ਦੇਵੇਗਾ। ਇਕ ਅੰਦਾਜ਼ੇ ਅਨੁਸਾਰ ਇਕ ਲੱਖ 64 ਹਜ਼ਾਰ ਹੈਕਟੇਅਰ ਜੰਗਲ ਦੇ ਭੂਮੀ ਖੁਦਾਈ ਪ੍ਰੋਜੈਕਟਾਂ ਲਈ ਵਰਤੀ ਜਾ ਚੁੱਕੀ ਹੈ ਜਾਂ ਵਰਤੀ ਜਾ ਰਹੀ ਹੈ। ਸਿਰਫ ਇਕ ਸਾਲ ’ਚ ਕੱਚੇ ਲੋਹੇ ਦੀ ਖੁਦਾਈ ’ਚ ਲਗਭਗ 800 ਕਰੋੜ ਪਾਣੀ ਦੀ ਲੋੜ ਪੈਂਦੀ ਹੈ। ਏਨਾ ਪਾਣੀ 30 ਲੱਖ ਲੋਕਾਂ ਦੀ ਪਿਆਸ ਬੁਝਾ ਸਕਦਾ ਹੈ। ਇਸ ਇਕ ਤੱਥ ਤੋਂ ਪਤਾ ਲੱਗਦਾ ਹੈ ਕਿ

ਅੰਨ੍ਹੇਵਾਹ ਖੁਦਾਈ ਪ੍ਰੋਜੈਕਟ ਕਿਸ ਹੱਦ ਤੱਕ ਨੁਕਸਾਨ ਕਰ ਰਹੇ ਹਨ। ਇਸ ਸਾਲ ਜੂਨ 'ਚ ਸਰਕਾਰ ਨੇ ਇਕ ਮੰਤਰੀ ਮੰਡਲੀ ਸੰਮਤੀ ਬਣਾ ਕੇ ਉਹਨਾਂ ਨੂੰ ਪ੍ਰਸਤਾਵਿਤ ਖਾਣ ਤੇ ਖਣਿਜ (ਵਿਕਾਸ ਤੇ ਨਿਆਮਕ) ਬਿੱਲ, 2010 ਦੀ ਸਮੱਖਿਆ ਦਾ ਕੰਮ ਦਿੱਤਾ। ਵਿਧਾਇਕ ਦੇ ਖਰੜੇ 'ਚ ਕਈ ਨੁਕਸ ਹਨ ਅਤੇ ਕਾਨੂੰਨ ਤੇ ਇਸਪਾਤ ਮੰਤਰਾਲਿਆਂ ਦੇ ਇਸ ਪ੍ਰਤੀ ਵੱਖ-ਵੱਖ ਨਜ਼ਰੀਏ ਹਨ। ਅਜੇ ਤੱਕ ਇਕ ਸਪੱਸ਼ਟ ਠੋਸ ਕਾਨੂੰਨ ਦੀ ਅਣਹੋਂਦ ਕਾਰਨ ਵਪਾਰਕ ਘਰਾਣਿਆਂ ਤੇ ਬਹੁਕੌਮੀ ਕੰਪਨੀਆਂ ਨੂੰ ਖੁਦਾਈ ਖੇਤਰ ਦੀ ਲੁੱਟ ਕਰਨ ਦਾ ਮੌਕਾ ਮਿਲਦਾ ਹੈ ਬਹੁਤੇ ਖੁਦਾਈ ਪ੍ਰੋਜੈਕਟਾਂ ਦੀ ਮੰਜੂਰੀ ਨੂੰ ਜੇ ਕਾਨੂੰਨ ਨੁਕਤੇ ਤੋਂ ਵੇਖਿਆ ਜਾਵੇ ਤਾਂ ਉਹਨਾਂ 'ਚ ਕਈ ਖਾਮੀਆਂ ਮਿਲਣਗੀਆਂ। ਕਿਧਰੇ ਵਣ ਅਧਿਕਾਰ ਕਾਨੂੰਨ ਦੀ ਅਣਦੇਖੀ ਕੀਤੀ ਗਈ ਹੈ ਤੇ ਕਿਤੇ ਆਦੀਵਾਸੀ ਕਾਨੂੰਨ ਦੀ ਉਲੰਘਣਾ ਖੁਦਾਈ ਤੋਂ ਨਿਕਲਣ ਵਾਲੇ ਕਚਰੇ ਅਤੇ ਪ੍ਰਦੂਸ਼ਣ ਦੇ ਮੁੱਦੇ ਤੇ ਸਪੱਸ਼ਟ ਵਿਵਸਥਾ ਨਾ ਹੋਣ ਕਰਕੇ ਸੈਂਕੜੇ ਥਾਵਾਂ 'ਤੇ ਪੀਣ ਦਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ। ਪਰ ਇਸ ਦੀਆਂ ਜ਼ਿੰਮੇਵਾਰ ਕੰਪਨੀਆਂ ਖੁੱਲ੍ਹੇਆਮ ਘੁੰਮ ਰਹੀਆਂ ਹਨ, ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਦੇ 4300 ਕਰੋੜ ਦੇ ਘਪਲੇ ਤੋਂ ਜਾਹਰ ਹੋ ਚੁੱਕਿਆ ਹੈ ਕਿ ਇਹ ਨਜਾਇਜ਼ ਕਮਾਈ ਕਨੂੰਨੀ ਤੇ ਗੈਰ ਕਾਨੂੰਨੀ ਖੁਦਾਈ ਪ੍ਰੋਜੈਕਟਾਂ ਨੂੰ ਮੰਜੂਰੀ ਦੇ ਕੇ ਹੋਈ ਹੈ। ਕਰਨਾਟਕ 'ਚ ਰੈਡੀ ਭਰਾਵਾਂ ਦਾ ਖੁਦਾਈ-ਘਪਲਾ ਜਗ ਜਾਹਿਰ ਹੈ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦੇਸ਼ ਭਰ 'ਚ 2500 ਨਜਾਇਜ਼ ਖਾਣਾ ਹਨ। ਜੋ ਮਹਿੰਗੇ ਖਣਿਜਾਂ ਦੀ ਲੁੱਟ ਕਰ ਰਹੀਆਂ ਹਨ। ਛੋਟੇ-ਮੋਟੇ ਖਣਿਜਾਂ ਦੀਆਂ ਅਜਿਹੀਆਂ ਖਾਣਾ ਦੀ ਗਿਣਤੀ 28000 ਹੈ। ਇਸ ਨਾਲ ਦੇਸ਼ ਵਿੱਚ ਖੁਦਾਈ-ਖੇਤਰ ਦੀ ਦਸ਼ਾ ਤੇ ਸਥਾਨਕ ਨਿਵਾਸੀਆਂ (ਆਦੀਵਾਸੀ ਦਲਿਤ) ਦੀ ਦੁਰਦਸ਼ਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਵਿਡੰਬਨਾ ਇਹ ਹੈ ਕਿ ਸਾਰੇ ਐਲਾਨਾਂ ਦੇ ਬਾਵਜੂਦ ਕੰਪਨੀਆਂ ਅਤੇ ਸਰਕਾਰਾਂ ਮੁਆਵਜ਼ੇ ਤੇ ਮੁੜ ਵਸੇਬਾ ਦੇ ਕੇਸਾਂ 'ਚ ਇਨਸਾਫ਼ ਨਹੀਂ ਕਰਦੀਆਂ। ਸਿੱਟੇ ਵਜੋਂ ਕਰੋੜਾਂ ਲੋਕ ਬੇਰੁਜ਼ਗਾਰੀ, ਉਜਾੜੇ ਤੇ ਭੁੱਖਮਰੀ ਦੀ ਦਲਦਲ 'ਚ ਫਸਦੇ ਜਾ ਰਹੇ ਹਨ। ਹੁਣ ਇਹ ਮੁਹਾਵਰਾ ਕਹਿੰਦੇ-ਕਹਿੰਦੇ ਘਿਸ ਗਿਆ ਹੈ ਪਰ ਫਿਰ ਵੀ ਇਸਦੀ ਪ੍ਰਸੰਗਿਕਤਾ ਹੈ। ਅਖੌਤੀ ਆਜ਼ਾਦੀ ਦੇ 63 ਸਾਲਾਂ ਪਿੱਛੋਂ ਦੇਸ਼ 'ਚ ਕਾਮਨ ਵੈਲਥ ਖੇਡਾਂ 'ਤੇ 28000 ਕਰੋੜ (ਅੰਦਾਜ਼ਾ ਰਾਸ਼ੀ 50,000 ਕਰੋੜ) ਖਰਚ ਕਰ ਸਕਦਾ ਹੈ ਤਾਂ ਕਿ ਸੰਵਿਧਾਨ 'ਚ 'ਜੀਵਨ ਤੇ ਆਬਰੂ' ਨਾਲ ਜਿਉਣ ਦਾ ਹੱਕ ਜਲ, ਜੰਗਲ ਤੇ ਜ਼ਮੀਨ ਦੇ ਅਸਲੀ ਹੱਕਦਾਰਾਂ ਨੂੰ ਨਹੀਂ ਦਿਵਾ ਸਕਦਾ? ਨਿਯਮ ਗਿਰੀ ਦੇ ਆਦੀਵਾਸੀਆਂ ਨੇ ਲੜ ਕੇ ਹੱਕ ਲਿਆ ਹੈ। ਕੀ ਸਰਕਾਰ ਇਸ ਗੱਲ ਦਾ ਮਤਲਬ ਸਮਝਣ ਲਈ ਤਿਆਰ ਹੈ?

# ਸਾਮਰਾਜੀ ਇਤਿਹਾਸ ਬਨਾਮ
# ਭਾਰਤ ਅਤੇ ਕਰਜਾਈ ਦੇ ਨਵੇਂ ਫੈਸਲੇ

ਪਹਿਲੇ ਏਂਗਲੋ-ਅਫਗਾਨ ਬੁੱਧ 'ਚ ਹਜ਼ਾਰਾਂ ਲੋਕ ਮਾਰੇ ਗਏ। ਬਚਣ ਵਾਲਿਆਂ 'ਚ ਇਕ ਸਨ ਰੇਵਰੇਂਡ ਜੀ ਐਚ ਗਲੇਗ ਜੋ ਬ੍ਰਿਟਿਸ਼ ਫੌਜ 'ਚ ਪ੍ਰੋਹਤ ਅਤੇ ਪਾਦਰੀ ਸਨ। ਅਫ਼ਗਾਨਿਸਤਾਨ ਤੋਂ ਮੁੜਣ ਪਿਛੋਂ ਉਹਨਾਂ ਨੇ ਆਪਣੀਆਂ ਯਾਦਾਂ 'ਚ ਇਉਂ ਲਿਖਿਆ। ਯੁੱਧ ਸ਼ੁਰੂ ਹੋਣ ਤਾਂ ਪਤਾ ਨਹੀਂ ਲੱਗਿਆ। ਅਜੀਬ ਕਿਸ ਦਾ ਭੈਅ ਸੀ, ਜਦ ਯੁੱਧ ਖਤਮ ਹੋਇਆ ਤਾਂ ਚਾਰੇ ਪਾਸੇ ਵਿਆਪਕ ਤਬਾਹੀ ਸੀ, ਇਹ ਕਹਿਣਾ ਮੁਸ਼ਕਲ ਸੀ ਕਿ ਇਸ ਯੁੱਧ ਨੇ ਕਿਸ ਦਾ ਮਾਣ ਵਧਾਇਆ ਬ੍ਰਿਟਿਸ ਹਕੂਮਤ ਨੂੰ, ਜਿਸ ਦੇ ਇਸ਼ਾਰੇ 'ਤੇ ਯੁੱਧ ਲੜਿਆ ਗਿਆ ਉਸ ਫੌਜ ਨੂੰ ਜਿਸ ਨੇ ਯੁੱਧ ਲੜਿਆ। ਯੁੱਧ ਪਿੱਛੋਂ ਕਿਸੇ ਦੇ ਹੱਥ' ਕੁਝ ਨਹੀਂ ਲੱਗਿਆ। ਇਕ ਹਾਰੀ ਹੋਈ ਫੌਜ ਵਾਂਗੂ ਅਸੀਂ ਅਫ਼ਗਾਨਿਸਤਾਨ ਤੋਂ ਖਾਲੀ ਹੱਥ ਨਿਕਲੇ। ਉਹ ਗ੍ਰੇਟ ਗੇਮ ਦਾ ਦੌਰ ਸੀ। ਈਸਟ ਇੰਡੀਆ ਕੰਪਨੀ ਦੇ ਵਿਸਥਾਰ ਦਾ ਦੌਰ ਸੀ। ਪਰ ਅਫ਼ਗਾਨਿਸਤਾਨ 'ਚ ਦਾਅ ਉਲਟ ਪੈ ਗਿਆ। ਸਾਰੇ ਅਧੁਨਿਕ ਹਥਿਆਰਾਂ ਨਾਲ ਲੈਸ ਇਕ ਫੌਜ ਨੂੰ ਲੜਾਕੂ ਕਬਾਇਲੀਆਂ ਦੇ ਜ਼ਜਬੇ ਮੂਹਰੇ ਗੋਡੇ ਟੇਕਣੇ ਪਏ। ਅੱਸੀ ਅਰਬ ਰੁਪਏ ਪਾਣੀ 'ਚ ਡੁੱਬੇ ਸੋ ਡੁੱਬੇ, ਚਾਲੀ ਹਜ਼ਾਰ ਲੋਕ ਮਾਰੇ ਗਏ ਅਤੇ ਹਾਰਿਆ ਹੋਇਆ ਮੂੰਹ ਲੈ ਕੇ ਬ੍ਰਿਟਿਸ਼ ਫੌਜ ਨੂੰ ਵਾਪਸ ਘਰ ਮੁੜਣਾ ਪਿਆ। ਅੱਜ ਏਨੀ ਮਾੜੀ ਨੌਬਤ ਤਾਂ ਨਹੀਂ ਪਰ ਅਫ਼ਗਾਨਿਸਤਾਨ 'ਚ ਉਤਰੀ ਅਟਲਾਂਟਿਕ ਸੰਧੀ (ਨਾਟੋ) ਫੌਜ ਦੇ ਹਮਲੇ ਦੇ ਪਿੱਛੋਂ ਹੁਣ ਸਾਫ ਦਿਸ ਰਿਹਾ ਹੈ ਕਿ ਉਹ ਲੋਕ ਸੱਤਾ 'ਤੇ ਦੁਬਾਰਾ ਕਾਬਜ ਹੋਣਗੇ ਜਿਹਨਾਂ ਨੂੰ ਖਦੇੜਨ ਲਈ ਨਾਟੋ ਫੌਜ ਅਫ਼ਗਾਨਿਸਤਾਨ ਪੁੱਜੀ ਸੀ। ਤਾਲਿਬਾਨ ਹਾਰੇ ਨਹੀਂ ਉਹ ਡਟੇ ਰਹੇ ਅਤੇ ਅੱਜ ਆਲਮ ਇਹ ਹੈ ਕਿ ਜਿਹੜੇ ਤਾਲਿਬਾਨ ਨੂੰ ਕਲ ਤੱਕ ਨਫਰਤ ਨਾਲ ਵੇਖਿਆ ਜਾਂਦਾ ਸੀ ਅੱਜ ਉਹੀ ਦੁਬਾਰਾ ਕਾਬਲ 'ਤੇ ਕਬਜ਼ਾ ਕਰਨ ਲਈ ਵਿਉਂਤ ਬਣਾ ਰਹੇ ਹਨ। ਕਰਜਾਈ ਦੇ ਕਾਬਲ 'ਤੇ ਤਾਲਿਬਾਨੀ ਫਿਰ ਦਸਤਕ ਦੇ ਰਿਹਾ ਹੈ। ਉਹ ਕਰਜਾਈ ਜੋ ਸਾਲਾਂ ਤੋਂ ਪੱਛਮੀ ਦੇਸ਼ ਦੀ ਤਰਫੋਂ ਅਫ਼ਗਾਨਿਸਤਾਨ 'ਚ ਕਠਪੁਤਲੀ ਸਰਕਾਰ ਚਲਾ ਰਹੇ ਹਨ। ਉਹ ਹੁਣ ਕਾਬਲ 'ਚ ਬੁਰੀ ਤਰ੍ਹਾਂ ਘਿਰੇ ਨਜ਼ਰ ਆ ਰਹੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਅੱਸੀ ਦੇ ਦਹਾਕੇ ਵਿੱਚ ਅਮਰੀਕੀ ਹਮਾਇਤ ਦੇ ਸਿਰ 'ਤੇ ਮੁਜਾਹਦੀਨਾਂ ਨੇ ਰੂਸ ਦੀ ਕਠਪੁਤਲੀ ਸਰਕਾਰ ਨੂੰ ਘੇਰ ਲਿਆ ਸੀ। ਅੱਜ ਤਾਲਿਬਾਨ ਅਫ਼ਗਾਨਿਸਤਾਨ ਦੇ 70 ਫੀਸਦੀ ਇਲਾਕੇ 'ਤੇ ਕਾਬਲ ਹੈ, ਜਿੱਥੇ ਉਹਨਾਂ ਦੀ ਹਕੂਮਤ ਚਲਦੀ ਹੈ, ਉਹੀ ਟੈਕਸ ਵਸੂਲਦੇ ਹਨ ਅਤੇ ਮਨ ਮਰਜ਼ੀ ਬੇਸਿਰਪੈਰ ਦਾ ਇਂਸਾਫ ਕਰਦੇ ਹਨ। ਪੇਂਟਾਗਨ ਦੀ ਰਿਪੋਰਟ ਮੰਨੀਏ ਤਾਂ ਅਫ਼ਗਾਨਿਸਤਾਨ ਦੇ 121 ਵਿੱਚੋਂ ਸਿਰਫ਼ 29 ਜ਼ਿਲ੍ਹਿਆਂ ਵਿਚ ਹੀ ਕਰਜਾਈ ਸਰਕਾਰ ਦੀ ਚਲਦੀ ਹੈ। ਤਾਲਿਬਾਨ ਦਹਿਸ਼ਤ ਪਿਛਲੇ ਮਹੀਨੇ ਫਿਰ ਵੇਖਣ ਨੂੰ ਮਿਲੀ ਜਦ ਉਹਨਾਂ ਨੇ ਫੌਜੀਆਂ ਸਮੇਤ ਸੈਂਕੜੇ ਨਾਗਰਿਕਾਂ ਨੂੰ ਵੀ ਮੌਤ ਦੇ ਘਾਟ ਉਤਾਰ ਕੇ ਹੇਲਮੰਦ ਦੇ ਮਜ਼ਾਰ 'ਤੇ ਕਬਜ਼ਾ ਕਰ ਲਿਆ।

ਇਹ ਇਲਾਕਾ ਅਫੀਮ ਦੀ ਖੇਤੀ ਲਈ ਮਸ਼ਹੂਰ ਹੈ। ਦਿਲਚਸਪ ਗੱਲ ਇਹ ਹੈ ਕਿ ਤਿੰਨ ਮਹੀਨੇ ਪਹਿਲਾਂ ਹੀ ਤਾਲੀਬਾਨੀਆਂ ਨੂੰ ਇਥੋਂ ਖਦੇੜ ਕੇ ਭਜਾਇਆ ਗਿਆ ਸੀ। ਉਦੋਂ ਅਮਰੀਕੀ ਫੌਜਾਂ ਨੇ ਇਸ ਕੰਮ ਲਈ ਮੀਡੀਆ ਤੋਂ ਖੂਬ ਵਾਹਵਾ ਖੱਟੀ ਸੀ। ਇਹਨੀਂ ਦਿਨੀਂ ਅਫਵਾਹਾਂ ਲਗਾਤਾਰ ਜੋਰਾਂ ’ਤੇ ਹਨ ਕਿ ਕਰਜਾਈ ਪਾਕਿਸਤਾਨ ਦੇ ਉਸ ਤਬਕੇ ਦੇ ਨਾਲ ਹੱਥ ਮਿਲਾਉਣ ਦੀ ਤਾਕ ਵਿੱਚ ਹੈ ਜੋ ਕਟੜ ਤਾਲਿਬਾਨੀ ਸਮਰੱਥਕ ਰਿਹਾ ਹੈ ਅਤੇ ਤਾਲਿਬਾਨਾ ਨੂੰ ਹਰ ਤਰ੍ਹਾਂ ਦੀ ਮਦਦ ਪਹੁੰਚਾਉਂਦਾ ਰਿਹਾ ਹੈ। ਇਹ ਸਿਰਫ਼ ਅਫਵਾਹਾਂ ਹਨ ਤਾਂ ਗੱਲ ਚਿੰਤਾ ਦੀ ਹੈ। ਪਾਕਿ ਖੁਫੀਆ ਏਜੰਸੀਆਂ ਈ. ਐਸ. ਆਈ. ਦੇ ਮੁੱਖੀ ਅਹਿਮਦ ਸਜਾ ਪਾਸ਼ਾ ਇਹਨੀਂ ਦਿਨੀਂ ਕਰਜਾਈ ਨਾਲ ਗੁਪਤ ਗਲਬਾਤ ਕਰ ਰਹੇ ਹਨ। ਇਸੇ ਦੌਰਾਨ ਪਾਕਿ ਸੈਨਾ ਮੁੱਖੀ ਕਿਆਨੀ ਵੀ ਕਾਬਲ ’ਚ ਖੂਬ ਦਿਸ ਰਹੇ ਹਨ।

ਅਜਿਹੀ ਖਬਰਾਂ ਵੀ ਬੇਚੈਨ ਕਰਦੀਆਂ ਹਨ। ਪਾਕਿਸਤਾਨ ਨਾਲ ਦੋਸਤੀ ਦਾ ਰਾਹ ਖੋਲ੍ਹਣ ਦੀ ਸ਼ਰਤ ਮੰਨਦਿਆਂ ਕਰਜਾਈ ਨੇ ਆਪਣੇ ਸੁਰੱਖਿਆ ਮੁਖੀ ਅਮਰਉਲਾ ਸਲੇਹ ਨੂੰ ਬਰਖਾਸਤ ਕਰ ਦਿੱਤਾ ਹੈ। ਇਹੀ ਸਲੇਹ ਜੋ ਭਾਰਤ ਦੀ ਹਮਾਇਤ ਵਾਲੇ ਸ਼ੇਰ-ਏ-ਪੰਜਸ਼ੀਰ ਅਹਿਮਦ ਸ਼ਾਹ ਮਸੂਦ ਦੇ ਚੇਲੇ ਸਨ, ਉਥੇ ਸਲੇਹ, ਜਿਹਨਾਂ ਨੇ ਕਰਜਾਈ ਸਰਕਾਰ ਕਾਬਜ ਹੋਣ ਪਿੱਛੋਂ ਤਾਲਿਬਾਨੀਆਂ ਨੂੰ ਉਹਨਾਂ ਦੀਆਂ ਖੁੱਡਾਂ ’ਚੋਂ ਕੱਢ ਕੇ ਚੁਣ-ਚੁਣ ਕੇ ਮਾਰਿਆ ਸੀ। ਸਲੇਹ ਨੂੰ ਤਾਲਿਬਾਨੀ ਆਪਣਾ ਕੱਟੜ ਦੁਸ਼ਮਣ ਮੰਨਦੇ ਸਨ। ਸਲੇਹ ਨੂੰ ਇਸ ਗੱਲ ਦਾ ਫਖਰ ਵੀ ਸੀ। ਮਈ ’ਚ ਸਲੇਹ ਦੇ ਨਾਲ ਭੋਜਨ ਸਮੇਂ ਲੰਬੀ ਗੱਲਬਾਤ ਹੋਈ। ਉਹਨਾਂ ਨੇ ਦੱਸਿਆ ਕਿ ਕਰਜਾਈ ਸਰਕਾਰ ਤਾਲਬਾਨੀਆਂ ਖਿਲਾਫ਼ ਲੜਣ ਦੀ ਇੱਛਾ ਤੇ ਤਾਕਤ ਦੋਨੋ ਗੁਆ ਚੁੱਕੀ ਹੈ। ਉਹ ਇਸ ਗੱਲ ਤੋਂ ਬੇਹੱਦ ਪ੍ਰੇਸ਼ਾਨ ਸਨ ਕਿ ਵਜੀ-ਰਿਸਤਾਨ, ਸਿੰਧ ਤੇ ਬਲੋਚਿਸਤਾਨ ’ਚ ਤਾਲਿਬਾਨ ਹਮਾਇਤੀ ਬਾਗੀਆਂ ਨੂੰ ਆਈ. ਐਸ. ਆਈ. ਹਰ ਮੁਮਕਿਨ ਮਦਦ ਪਹੁੰਚਾ ਰਹੀ ਹੈ ਤੇ ਕਰਜਾਈ ਸਰਕਾਰ ਹੱਥ ’ਤੇ ਹੱਥ ਧਰੀ ਬੈਠੀ ਹੈ। ਸਲੇਹ ਦੀ ਬਰਖਾਸਤਗੀ ਮਮੂਲੀ ਗੱਲ ਨਹੀਂ ਹੈ। ਕਰਜਾਈ ਦਾ ਇਹ ਨਵਾਂ ਪੈਂਤੜਾ ਉਹਨਾਂ ਲਈ ਖਾਸਾ ਭਾਰੀ ਪੈ ਸਕਦਾ ਹੈ। ਇਸ ਖ਼ਬਰ ’ਤੇ ਹੈਰਾਨੀ ਜ਼ਾਹਿਰ ਕਰਦਿਆਂ ਓਬਾਮਾ ਪ੍ਰਸਾਸ਼ਨ ’ਚ ਏਫ-ਪਾਕਿ (ਅਫ਼ਗਾਨਿਸਤਾਨ-ਪਾਕਿਸਤਾਨ) ਮਾਮਲਿਆਂ ਦੇ ਸਲਾਹਕਾਰ ਬਰੂਸ ਰਿਡੇਲ ਨੇ ਕਿਹਾ-‘ਸਲੇਹ ਅਤੇ ਅੰਦਰੂਨੀ ਸੁਰੱਖਿਆ ਮੰਤਰੀ ਹਨੀਫ਼ ਅਟਮਾਰ ਨੂੰ ਸਰਕਾਰ ਤੋਂ ਬਰਖਾਸਿਤ ਕਰਨ ਦੇ ਕਰਜਾਈ ਦੇ ਫੈਸਲੇ ਤੋਂ ਮੈਂ ਬੜਾ ਫਿਕਰਮੰਦ ਹਾਂ। ....ਕਿਉਂਕਿ ਇਸ ਦਾ ਮਤਲਬ ਇਹ ਹੈ ਕਿ ਕਰਜਾਈ ਉਸ ਵਕਤ ਲਈ ਆਪਣੀ ਜ਼ਮੀਨ ਤਿਆਰ ਕਰ ਰਹੇ ਹਨ ਜਦ ਅਫ਼ਗਾਨਿਸਤਾਨ ’ਚ ਅਮਰੀਕੀ ਦਖਲ ਖਤਮ ਹੋ ਜਾਵੇਗਾ ਅਤੇ ਨਾਟੋ ਫੌਜਾਂ ਵਾਪਸ ਚਲੀਆਂ ਜਾਣਗੀਆਂ। ਇਸ ਦਾ ਮਤਲਬ ਇਹ ਹੋਇਆ ਕਿ ਪਾਕਿਸਤਾਨ ਕਰਜਾਈ ਤੇ ਆਈ. ਐਸ. ਆਈ. ਹਮਾਇਤੀ ਮਿਰਾਜੁਦੀਨ ਹਕਾਨੀ ਦੇ ਜਹਾਦੀ ਸੰਗਠਨ ਵਿਚਕਾਰ ਸਮਝੌਤਾ ਕਰਾਉਣਾ ਚਾਹੁੰਦੀ ਹੈ। ਜਿਸ ’ਚ ਦੱਖਣੀ ਅਫ਼ਗਾਨਿਸਤਾਨ ਦੇ ਪਖਤੂਨ ਇਲਾਕੇ ਹਕਾਨੀ ਨੂੰ ਦੇ ਦਿੱਤੇ ਜਾਣ ਤੇ ਉੱਤਰ ’ਚ ਕਰਜਾਈ ਦਾ ਦਬਦਬਾ ਬਣਿਆ ਰਹੇ। ਇਸ ਪੂਰੀ ਸੌਦੇਬਾਜ਼ੀ ਵਿੱਚ ਅਮਰੀਕਾ ਕਿਤੇ ਵੀ ਸ਼ਾਮਲ ਨਹੀਂ ਹੈ। ਬਲਕਿ ਅਮਰੀਕੀ ਪ੍ਰਸਾਸ਼ਨ

ਨੇ ਅਜਿਹੇ ਕਿਸੇ ਗੁਪਤ ਸਮਝੌਤੇ ’ਤੇ ਹੈਰਾਨੀ ਵੀ ਦਰਸਾਈ ਹੈ। ਸ਼ਾਇਦ ਉਹ ਉਸੇ ਇਕਰਾਰ ਦਾ ਹਿੱਸਾ ਹੈ ਕਿ ਭਾਰਤ ਨੂੰ ਵੀ ਅਫ਼ਗਾਨਿਸਤਾਨ ’ਚ ਆਪਣੀ ਮੌਜ਼ੂਦਗੀ ਘਟ ਕਰਨੀ ਪੈ ਰਹੀ ਹੈ। ਇਹ ਕਰਜਾਈ ਦੇ ਸਾਹਮਣੇ ਪਾਕਿਸਤਾਨ ਦੀ ਸ਼ਰਤ ਰਹੀ ਹੋਵੇਗੀ ਕਿਉਂਕਿ ਕਰਜਾਈ ਦੇ ਰਹਿੰਦਿਆਂ ਭਾਰਤ ਨੇ ਤੇਜ਼ੀ ਨਾਲ ਅਫ਼ਗਾਨਿਸਤਾਨ ’ਚ ਆਪਣਾ ਰਾਜਸੀ ਤਾਣਾ-ਬਾਣਾ ਪਸਾਰਨਾ ਸ਼ੁਰੂ ਕਰ ਦਿੱਤਾ ਸੀ। ਭਾਰਤ ਨੇ ਉਥੇ ਚਾਰ ਵਪਾਰਕ ਦੂਤਾਵਾਸ ਖੋਲ੍ਹੇ ਅਤੇ ਅਫ਼ਗਾਨਿਸਤਾਨ ਦੇ ਡੋਲੇ ਖਾਂਦੇ ਅਰਥਚਾਰੇ ਨੂੰ ਖੜ੍ਹਾ ਕਰਨ ਲਈ 66 ਕਰੋੜ ਡਾਲਰ ਦੀ ਆਰਥਕ ਸਹਾਇਤਾ ਵੀ ਮੁਹਈਆ ਕਰਵਾਈ। ਅਫ਼ਗਾਨਿਸਤਾਨ ’ਚ ਭਾਰਤ ਦੀ ਵਧਦੀ ਮੌਜ਼ੂਦਗੀ ਪਾਕਿਸਤਾਨ ਨੂੰ ਹਮੇਸ਼ਾ ਖੜਕਦੀ ਰਹੀ। ਇਸ ਸੰਬੰਧੀ ਇਹ ਪਾਗਲਪਣ ਦੀ ਹੱਦ ਤਕ ਪ੍ਰੇਸ਼ਾਨ ਰਹਿੰਦਾ ਹੈ। ਵੈਸੇ ਵੀ ਜਿਵੇਂ ਗ੍ਰੇਟ ਗੇਮ ਦੇ ਦੌਰ ’ਚ ਅਫ਼ਗਾਨਿਸਤਾਨ ’ਚ ਰੂਸੀ ਹਾਜ਼ਰੀ ਸਬੰਧੀ ਬ੍ਰਿਟਿਸ਼ ਪ੍ਰੇਸ਼ਾਨ ਹੁੰਦੇ ਸਨ।

ਬ੍ਰਿਟਿਸ਼ ਮੰਤਰਾਲੇ ਦੀ ਮੰਨੀਏ ਤਾਂ ਅਫ਼ਗਾਨਿਸਤਾਨ ’ਚ 3600 ਤੋਂ ਘੱਟ ਭਾਰਤੀ ਨਾਗਰਿਕ ਹਨ। ਬਹੁਤੇ ਵਪਾਰੀ ਹਨ ਜਾਂ ਫੇਰ ਠੇਕਾ ਮਜ਼ਦੂਰ। ਅਫ਼ਗਾਨਿਸਤਾਨ ’ਚ ਭਾਰਤ ਦੇ ਸਿਰਫ਼ 10 ਰਾਜਸੀ ਅਧਿਕਾਰੀ ਹਨ ਜਦ ਕਿ ਲੰਦਨ ’ਚ ਇਹਨਾਂ ਦੀ ਗਿਣਤੀ 150 ਹੈ। ਬਾਵਜੂਦ ਅਫ਼ਗਾਨਿਸਤਾਨ ’ਚ ਭਾਰਤ ਦੀ ਮੌਜ਼ੂਦਗੀ ਪਾਕਿਸਤਾਨ ਨੂੰ ਹਮੇਸ਼ਾ ਸਾੜਦੀ ਰਹੀ ਹੈ। ਇਹੀ ਵਜ੍ਹਾ ਹੈ ਕਿ ਆਪਣੀ ਅੰਦਰੂਨੀ ਸੁਰੱਖਿਆ ਨੂੰ ਦਾਅ ’ਤੇ ਲਾ ਕੇ ਅਮਰੀਕਾ ਦੇ ਨਾਲ ਆਪਣੇ ਰਾਜਸੀ ਸਬੰਧਾਂ ਨੂੰ ਵੀ ਨਿਕਾਰਦਿਆਂ ਪਾਕਿਸਤਾਨ ਨੇ ਤਾਲਿਬਾਨਾਂ ਨੂੰ ਜਿਉਂਦੇ ਰੱਖਿਆ ਅਤੇ ਆਈ. ਐਸ. ਆਈ ਦੇ ਬੈਨਰ ਹੇਠ ਤਾਲਿਬਾਨੀ ਮੁਜਾਹਿਦਾਂ ਤੇ ਉਹਨਾਂ ਦੀ ਅਗਵਾਈ ਨੂੰ ਕਵੇਟਾ ’ਚ ਖੁਸ਼ੀ-ਖੁਸ਼ੀ ਆਪਣਾ ਆਸ਼ੀਰਵਾਦ ਦਿੰਦਾ ਰਿਹਾ। ਵਿਕੀਲੀਕਸ ਦੇ ਦਸਤਾਵੇਜ਼ਾਂ ਨੇ ਵੀ ਹੁਣ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ। ਜੇ ਇਹ ਸੱਚ ਹੈ ਕਿ ਕਰਜਾਈ ਨਾਟੋ ਤੇ ਭਾਰਤ ਵਲੋਂ ਮੂੰਹ ਮੋੜ ਚੁੱਕੇ ਹਨ ਤਾਂ ਇਹ ਪਾਕਿਸਤਾਨ ਦੀ ਰਾਜਸੀ ਜਿੱਤ ਮੰਨੀ ਜਾਵੇਗੀ ਅਤੇ ਭਾਰਤੀ ਕੂਟ ਨੀਤੀ ਦੀ ਹਾਰ ਹਾਲਾਂਕਿ ਇਹ ਸਹੀ ਹੈ ਕਿ ਆਈ. ਐਸ. ਆਈ. ਨੇ ਅਜੇ ਤਾਲਿਬਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਹਨ ਕਿਉਂਕਿ ਤਾਲਿਬਾਨੀ ਕਰਜਾਈ ਨਾਲ ਬਾਤ ਚੀਤ ਦੇ ਮੂਡ ’ਚ ਅਜੇ ਵੀ ਨਹੀਂ ਹੈ। ਇਹ ਵੀ ਵੇਖਣਾ ਦਿਲਚਸਪ ਹੋਵੇਗਾ ਕਿ ਜਿਸ ਤਰੀਕੇ ਜੇਹਾਦੀ ਦੈਤ ਪਾਕਿਸਤਾਨ ਨੇ ਖੜ੍ਹਾ ਕੀਤਾ ਹੈ, ਕੀ ਪਾਕਿਸਤਾਨ ਉਸ ਤੋਂ ਖੁਦ ਸੁਰੱਖਿਅਤ ਬਚ ਜਾਵੇਗਾ। ਦਾਤਾ ਸਾਹਬ ਦਰਗਾਹ ’ਤੇ ਹੋਏ ਹਮਲੇ ਤੋਂ ਅਜਿਹਾ ਨਹੀਂ ਲੱਗਦਾ ਤਾਂ ਕੀ ਭਾਰਤ ਤਾਲਿਬਾਨਾਂ ਖ਼ਿਲਾਫ਼ ਮੋਰਚਾ ਖੋਲ੍ਹਣ ਲਈ ਰੂਸ, ਇਰਾਨ ਤੇ ਹੋਰ ਮੱਧ ਏਸ਼ੀਆਈ ਦੋਸਤਾਂ ਦੀ ਮਦਦ ਨਾਲ ਨਾਰਦ ਹਨ ਇਲਾਇੰਸ (ਉੱਤਰੀ ਗਠਜੋੜ) ਨੂੰ ਫਿਰ ਤੋਂ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰੇਗਾ। ਜੋ ਵੀ ਹੋਵੇ ਅਫ਼ਗਾਨਿਸਤਾਨ ਦੇ ਹਾਲਾਤ ਅੱਜ ਵੀ ਖੌਫ਼ਨਾਕ ਹਨ। ਕਾਬਲ ਦੀਆਂ ਸੜਕਾਂ ਕਿਸੇ ਵੀ ਵਿਦੇਸ਼ੀ ਸੈਲਾਨੀ ਲਈ ਮਹਿਫੂਜ ਨਹੀਂ। ਕਾਬਲ ਤੋਂ ਨਿਕਲੀਏ ਤਾਂ ਉੱਤਰ ਦਿਸ਼ਾ ਨੂੰ ਛੱਡ ਕੇ ਫਿਲਹਾਲ ਕਿਸੇ ਹੋਰ ਦਿਸ਼ਾ ਵਿੱਚ ਜਾਣਾ ਖਤਰੇ ਨੂੰ ਸੱਦਾ ਦੇਣ ਵਰਗਾ ਹੈ। ਸਾਰੇ ਪਾਸੇ ਫੌਜੀਆਂ ਦੀ ਭਾਰੀ ਹਾਜ਼ਰੀ ਦੇ ਬਾਵਜੂਦ ਪੰਜਸ਼ੀਰ ਘਾਟੀ, ਮਜ਼ਾਰ-ਏ-ਸ਼ਰੀਫ ਅਤੇ ਹੈਰਾਤ

ਵਰਗੀਆਂ ਇੱਕਾ-ਦੁੱਕਾ ਥਾਵਾਂ ਹੀ ਵਿਦੇਸ਼ੀ ਸੈਲਾਨੀਆਂ ਲਈ ਮਹਿਫੂਜ ਬਚੀਆਂ ਹਨ। ਬਾਕੀ ਥਾਂ ਤਾਂ ਤੁਸੀਂ ਬਗੈਰ ਸਰਕਾਰੀ ਪਨਾਹ ਦੇ ਜਾ ਹੀ ਨਹੀਂ ਸਕਦੇ। ਖਾਸ ਕਰਕੇ ਕਾਬਲ ਦੇ ਦੱਖਣੀ ਕਿਨਾਰੇ ਖੁਰਦ ਕਾਬਲ ਅਤੇ ਤੇਜੇਨ ਦਰੇ ਦੇ ਨੇੜੇ ਥਾਵਾਂ 'ਤੇ ਜਿੱਥੇ ਮੁਜਾਹਦੀਨ ਅੱਜ ਵੀ ਵੈਸੇ ਹੀ ਵਿਦੇਸ਼ੀ ਹਮਲਾਵਰਾਂ ਨਾਲ ਲੋਹਾ ਲੈ ਰਹੇ ਹਨ। ਜਿਵੇਂ 1842 'ਚ ਉਹਨਾਂ ਨੇ ਇਸ ਮੋਰਚੇ 'ਤੇ ਈਸਟ ਇੰਡੀਆ ਕੰਪਨੀ ਦੇ 18000 ਜਵਾਨ ਮਾਰ ਸੁੱਟੇ ਸਨ। ਅਫ਼ਗਾਨਿਸਤਾਨ ਦੇ ਮੌਜੂਦਾ ਹਾਲਾਤ ਬਹੁਤ ਕੁਝ ਗ੍ਰੇਟ ਗੇਮ ਦੇ ਰੂਪ ਨਾਲ ਮਿਲਦੇ-ਜੁਲਦੇ ਹਨ। ਉਦੋਂ ਭਾਵ 1939 ਵਿੱਚ ਬ੍ਰਿਟਿਸ ਫੌਜਾਂ ਨੇ ਅਫ਼ਗਾਨਿਸਤਾਨ 'ਚ ਇਕ ਅਫਵਾਹ 'ਤੇ ਆਧਾਰਤ ਹੱਲਾ ਬੋਲ ਦਿੱਤਾ ਗਿਆ ਸੀ ਅਤੇ ਉਹ ਅਫਵਾਹ ਇਹ ਸੀ ਕਿ ਅਫ਼ਗਾਨਿਸਤਾਨ 'ਚ ਇਕ ਰੂਸੀ ਰਾਜਦੂਤ ਪਹੁੰਚ ਗਿਆ ਹੈ। ਦਰਅਸਲ ਇਹ ਬ੍ਰਿਟਿਸ ਹਕੂਮਤ 'ਚ ਬੈਠੇ ਕੁਝ ਕੱਟੜ ਪੰਥੀਆਂ ਦੀ ਚਾਲ ਸੀ ਜੋ ਕਿ ਰੂਸੀ ਹਮਲੇ ਦੀ ਤਿਆਰੀ ਦਾ ਸ੍ਰਿਗੁਫਾ ਉਛਾਲ ਕੇ ਹਕੂਮਤ ਨੂੰ ਯੁੱਧ ਲਈ ਉਕਸਾਉਣਾ ਚਾਹੁੰਦੇ ਸਨ। ਯਾਨੀ ਅਫ਼ਗਾਨਿਸਤਾਨ 'ਚ ਇਕ ਅਜਿਹਾ ਯੁੱਧ ਛਿੜਿਆ ਜਿਸ ਤੋਂ ਬਚਿਆ ਜਾ ਸਕਦਾ ਸੀ। ਤਦ ਬਿਨਾਂ ਜ਼ਿਆਦਾ ਖ਼ੂਨ ਖ਼ਰਾਬੇ ਦੇ ਬ੍ਰਿਟਿਸ਼ ਹਕੂਮਤ ਪਾਕਿਸਤਾਨ 'ਤੇ ਕਾਬਜ਼ ਹੋ ਗਈ। ਕੱਟੜਪੰਥੀਆਂ ਦੀ ਚਾਂਦੀ ਸੀ। ਅਫ਼ਗਾਨੀ ਮੁਜਾਹਿਦਾਂ ਨੇ ਪਹਾੜਾਂ 'ਚ ਪਨਾਹ ਲੈ ਲਈ। ਸ਼ਾਹ ਸ਼ੁਜਾ ਦੀ ਕਠਪੁਤਲੀ ਸਰਕਾਰ ਕਾਬਲ ਦੇ ਤਖਤ 'ਤੇ ਬੈਠ ਗਈ। ਇਸ ਖੁਸਗਵਾਰ ਫਿਜਾਂ 'ਚ ਬਰਤਾਨੀਆਂ ਸਰਕਾਰ ਦੇ ਅਫ਼ਸਰਾਂ ਨੇ ਦੱਬ ਕੇ ਕ੍ਰਿਕਟ ਖੇਡੀ, ਅਫ਼ਗਾਨਿਸਤਾਨ, ਦੇ ਬਰਫੀਲੇ ਪਹਾੜਾਂ 'ਤੇ ਸਕੇਟਿੰਗ ਦਾ ਲੁਤਫ ਉਠਾਇਆ ਅਤੇ ਇਉਂ ਮੌਜ-ਮਸਤੀ ਕੀਤੀ ਜਿਵੇਂ ਸ਼ਿਮਲਾ ਦੀਆਂ ਪਹਾੜੀਆਂ 'ਚ ਛੁੱਟੀਆਂ ਮਨਾ ਰਹੇ ਹੋਣ। ਇਹ ਵੀ ਚਰਚਾ ਦਾ ਵਿਸ਼ਾ ਬਣਿਆ ਕਿ ਬ੍ਰਿਟਿਸ਼ ਸਾਮਰਾਜ ਦੀ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਹੋਵੇ ਜਾਂ ਫਿਰ ਕਾਬਲ ਪਰ ਫਿਰ ਦੱਖਣ ਤੋਂ ਅਜਿਹੀ ਬਗਾਵਤ ਸ਼ੁਰੂ ਹੋਈ ਜਿਸ ਨੇ ਕੰਧਾਰ ਅਤੇ ਹੇਲਮੰਦ ਦੇ ਪਖਤੂਨਾ ਨੂੰ ਉਹਨਾਂ ਦੀ ਪਹਿਲੀ ਕਾਮਯਾਬੀ ਦਵਾਈ ਹੌਲੀ-ਹੌਲੀ ਇਹ ਵਿਦਰੋਹ ਉਤਰ ਵੱਲ ਵਧਿਆ। ਤਦ ਹਕੂਮਤ ਨੂੰ ਲੱਗਿਆ ਕਿ ਕਾਬਲ 'ਤੇ ਕਬਜ਼ਾ ਬਣਾਈ ਰੱਖਣਾ ਸੌਖਾ ਨਹੀਂ ਦੇਖਦੇ ਹੀ ਦੇਖਦੇ ਕਾਬਲ 'ਚ ਵਿਦਰੋਹ ਭੜਕ ਉਠਿਆ ਦੋ ਅੰਗ੍ਰੇਜ਼ ਅਫ਼ਸਰ ਮਾਰ ਦਿੱਤੇ ਗਏ। ਹਕੂਮਤ ਦੇ ਪੈਰ ਉਖੜ ਚੁੱਕੇ ਸਨ। ਉਥੋਂ ਭੱਜ ਨਿਕਲਣ 'ਚ ਹੀ ਉਹਨਾਂ ਨੂੰ ਆਪਣੀ ਭਲਾਈ ਦਿਸੀ। ਪਰ ਬਾਗੀਆਂ ਨੇ ਘਾਤ ਲਾ ਕੇ ਕਾਬੁਲ ਦੇ ਬਾਹਰ ਦਰੇ ਦੇ ਆਸਪਾਸ ਉਹਨਾਂ 'ਤੇ ਹੱਲਾ ਬੋਲ ਦਿੱਤਾ। ਅੱਠ ਦਿਨਾਂ ਤੱਕ ਲੜਾਈ ਚੱਲੀ। ਅਠਾਰਾਂ ਹਜ਼ਾਰ ਤੋਂ ਵੀ ਵੱਧ ਫੌਜੀ ਅਤੇ ਕਰੀਬ ਇਸ ਤੋਂ ਅੱਧੀ ਗਿਣਤੀ ਵਿੱਚ ਭਾਰਤੀ ਫੌਜੀ ਇਸ ਲੜਾਈ 'ਚ ਮਾਰੇ ਗਏ। ਪੰਜਾਹ ਬੰਦੇ ਹੀ ਬਚ ਸਕੇ। ਪਰ ਉਹਨਾਂ 'ਚੋਂ ਇਹ ਕਹਾਣੀ ਸੁਨਾਉਣ ਲਈ ਇਕ ਹੀ ਆਦਮੀ ਬੱਚਿਆ। ਟਾਮਸ ਸਾਉਟਰ ਨਾਂ ਦਾ ਇਕ ਆਮ ਫੌਜੀ ਉਸ ਨੂੰ ਬੰਦੀ ਬਣਾ ਲਿਆ ਗਿਆ ਕਿਉਂਕਿ ਉਸ ਨੇ ਆਪਣੇ ਸਰੀਰ ਤੇ ਆਪਣੇ ਫੌਜੀ ਤਗਮਿਆਂ ਤੇ ਵਰਦੀ ਨੂੰ ਪਹਿਨ ਰੱਖਿਆ ਸੀ ਤਾਂ ਕਿ ਅਫਗਾਨਾਂ ਨੂੰ ਲੱਗੇ ਉਸ ਸਖਸ਼ ਬਦਲੇ ਉਹਨਾਂ ਫਿਰੌਤੀ ਦੀ ਵੱਡੀ ਰਾਸ਼ੀ ਮਿਲ ਸਕਦੀ ਹੈ। ਇਹ ਸਿਰਫ਼ ਇਤਫਾਕ ਨਹੀਂ ਕਿ ਨਾਟੋ ਫੌਜਾਂ ਨੇ ਆਪਣੇ ਇਕ ਬੇਸ ਕੈਂਪ ਦਾ

ਨਾਂ ਕੈਂਪ ਸਾਊਟਰ ਰੱਖਿਆ ਆਉਣ ਵਾਲੇ ਸਮੇਂ 'ਚ ਬਰਤਾਨੀਆਂ ਸਰਕਾਰ ਦੀ ਇਹ ਹਾਰ ਪ੍ਰਤੀਕ ਬਣ ਗਈ। ਉਸ ਸਾਮਰਾਜ ਦੀ ਇਹ ਸਭ ਤੋਂ ਵੱਡੀ ਹਾਰ ਸੀ ਜਿਸ ਨੇ ਉਸ ਦੇ ਆਤਮ ਵਿਸਵਾਸ਼ ਨੂੰ ਤੋੜ ਦਿੱਤਾ ਅਤੇ ਅਫ਼ਗਾਨੀਆਂ ਲਈ ਇਹ ਜਿੱਤ ਉਹਨਾਂ ਦੀ ਅਜ਼ਾਦੀ ਦੀ ਸਭ ਤੋਂ ਵੱਡੀ ਪ੍ਰਤੀਕ ਬਣ ਉਭਰੀ। ਅਫ਼ਗਾਨੀ ਤਹਿ ਕਰ ਲੈਣ ਤਾਂ ਕੋਈ ਵਿਦੇਸ਼ੀ ਤਾਕਤ ਉਹਨਾਂ 'ਤੇ ਹਕੂਮਤ ਨਹੀਂ ਚਲਾ ਸਕਦੀ, ਇਹ ਅਹਿਸਾਸ ਵੀ ਹੁਣ ਉਹਨਾਂ ਨੂੰ ਹੋ ਗਿਆ ਸੀ। ਸ਼ਾਇਦ ਇਹੀ ਵਜ੍ਹਾ ਹੈ ਕਿ ਕਾਬਲ ਦੇ ਰਾਜਸੀ ਗਲਿਆਰੇ ਯਾਨੀ ਉਥੋਂ ਦੇ ਚਾਣਕਿਆਪੁਰੀ, ਦਾ ਨਾਂ ਵਜੀਰ ਅਕਬਰ ਖਾਨ ਦੇ ਨਾਂ 'ਤੇ ਰੱਖਿਆ ਗਿਆ ਹੈ। ਜਿਸ ਦੀ ਕਮਾਨ ਦੇ ਤਹਿਤ ਬਰਤਾਨੀਆਂ ਹਕੂਮਤ ਦੀ ਹਾਰ ਤਹਿ ਹੋਈ। ਅਫ਼ਗਾਨੀਆਂ ਦੀ ਇਸ ਜਿੱਤ ਨੇ ਕੁਝ ਹੱਦ ਤੱਕ ਭਾਰਤੀਆਂ ਨੂੰ ਵੀ ਪ੍ਰੇਰਿਤ ਕੀਤਾ। ਭਾਰਤੀਆਂ ਨੂੰ ਲੱਗਿਆ ਕਿ ਜੇ ਉਹ ਧਾਰ ਲੈਣ ਤਾਂ ਅੰਗ੍ਰੇਜ਼ਾਂ ਨੂੰ ਬਾਹਰ ਦਾ ਰਾਹ ਵਿਖਾ ਸਕਦੇ ਹਨ ਅਤੇ 1857 ਆਉਂਦੇ-ਆਉਂਦੇ ਇਹ ਸੰਭਾਵਨਾ ਹਕੀਕਤ 'ਚ ਬਦਲ ਗਈ। ਫੈਜਲ ਸ਼ਾਹਜਾਦ ਤੋਂ ਜਦ ਪੁੱਛਿਆ ਗਿਆ ਕਿ ਉਸ ਨੇ ਨਿਊਯਾਰਕ ਨੂੰ ਬੰਬਾਂ ਨਾਲ ਤਹਿਸ-ਨਹਿਸ ਕਰਨ ਦੀ ਸਾਜਿਸ਼ ਕਿਉਂ ਰਚੀ ਤਾਂ ਉਸ ਨੇ ਕਿਹਾ ਉਹ ਅਫ਼ਗਾਨਿਸਤਾਨ ਤੇ ਪਾਕਿਸਤਾਨ 'ਚ ਅਮਰੀਕੀ ਡ੍ਰੋਨ ਹਮਲਿਆ ਨਾਲ ਮਾਰੇ ਗਏ ਨਿਰਦੋਸ਼ ਲੋਕਾਂ ਦੀ ਮੌਤ ਦਾ ਬਦਲਾ ਲੈਣਾ ਚਾਹਿਆ ਸੀ। ਆਪਣੀ ਕਿਤਾਬ 'ਤੇ ਖੋਜ ਕਰਦੇ ਸਮੇਂ ਮੈਂ ਉਸ ਅੰਜਾਮ ਨਾਲ ਵਾਹ ਵਾਸਤਾ ਹੁੰਦੇ-ਹੁੰਦੇ ਰਹਿ ਗਿਆ ਜਿਸ ਨੂੰ ਉਸ ਦੇ ਵਿਕਟੋਰੀਆਈ ਪੂਰਵਜ ਝੱਲ ਚੁੱਕੇ ਸਨ।

ਸੰਨ 1842 ਦੇ ਯੁੱਧ ਪਿੱਛੋਂ ਉਹ ਪਾਕਿਸਤਾਨੀ ਸਰਹੱਦ 'ਤੇ ਤੋਰਾ-ਬੋਰਾ ਦੀਆਂ ਉਹਨਾਂ ਪਹਾੜੀ ਲੜੀਆਂ ਦੇ ਰਸਤਿਓਂ ਬੱਚ ਨਿਕਲਣਾ ਚਾਹੁੰਦੇ ਸਨ ਪਰ ਉਸ ਨੂੰ ਚੇਤਾਵਨੀ ਦਿੱਤੀ ਗਈ ਕਿ ਬਿਨ੍ਹਾਂ ਪੁਖਤਾ ਸੁਰੱਖਿਆ ਦੇ ਇਹਨੀਂ ਦਿਨੀਂ ਉਹਨਾਂ ਇਲਾਕਿਆਂ 'ਚ ਜਾਣਾ ਖਤਰੇ ਤੋਂ ਖਾਲੀ ਨਹੀਂ ਕਿਉਂਕਿ ਉਹਨਾਂ ਇਲਾਕਿਆਂ 'ਚ ਹੁਣ ਤਾਲਿਬਾਨਾਂ ਦਾ ਕਬਜ਼ਾ ਹੈ।

ਜਿਗ ਦਾਲਿਕ ਦੇ ਪੁਰਖਿਆਂ ਨੇ 1842 ਦੇ ਯੁੱਧ ਸਮੇਂ ਬ੍ਰਿਟਿਸ਼ ਫੌਜਾਂ 'ਤੇ ਕਹਿਰ ਢਾਹਿਆ ਸੀ। ਇਸ ਗੱਲ ਨੂੰ ਜਿਗਦਾਲਿਕ ਦੁਹਰਾਉਂਦੇ ਰਹੇ ਪਰ ਮੌਜੂਦਾ ਹਾਲਾਤ ਤੋਂ ਉਹ ਵੀ ਹਿੱਲੇ ਹੋਏ ਸਨ, ਇਸ ਲਈ ਉਹਨਾਂ ਨੇ ਆਪਣਾ ਪ੍ਰੀਵਾਰ ਸ਼ਹਿਰ ਤੋਂ ਦੂਰ ਨਾਰਥੋਲਟ 'ਚ ਮਹਿਫੂਜ ਰੱਖਣਾ ਹੀ ਠੀਕ ਸਮਝਿਆ ਸੀ। ਉਹ ਖੁਦ ਹੀ ਐਸਯੂ ਵੀ ਚਲਾ ਰਹੇ ਸਨ। ਪਿੱਛੇ ਗੱਡੀ 'ਚ ਹਥਿਆਰਾਂ ਨਾਲ ਲੈਸ ਉਸ ਦੇ ਅੰਗ ਰੱਖਿਅਕ। ਨਾਟੋ ਬੈਰਕਾਂ ਦੇ ਸਾਹਮਣੇ 170 ਸਾਲਾਂ ਪਹਿਲਾਂ ਬ੍ਰਿਟਿਸ਼ ਛਾਉਣੀ ਹੁੰਦੀ ਸੀ। ਸੋਰੋਬੀ ਵਿੱਚ ਪਹਾੜੀ ਰਸਤੇ ਉੱਚੇ ਰੇਤਲੇ ਟਿੱਬਿਆਂ 'ਚ ਮਿਲਦੇ ਹਨ ਜਿੱਥੇ ਖਾਨਾ ਬੇਦੋਸ਼ਾਂ ਦਾ ਕੈਂਪ ਲੱਗਿਆ ਹੋਇਆ ਸੀ। ਜਿਗਦਾਲਿਕ ਦੀਆਂ ਪਹਾੜੀਆਂ 'ਚ ਕਦੀ ਅਨਵਰ ਖਾਨ ਦੇ ਬੰਕਰ ਹੁੰਦੇ ਸਨ। ਜਿਸ 'ਚ ਰੂਸੀ ਫੌਜ ਦੇ ਬਚਣ ਲਈ ਲੜਾਈ ਵਿੱਚ ਮੁਜਾਹਦੀਨ ਆਪਣੀ ਰਾਖੀ ਲਈ ਵਰਤਦੇ ਸਨ। ਇਸ ਪਿੱਛੋਂ ਉਹ ਜਗ੍ਹਾ ਜਿੱਥੇ 1842 ਦੀ ਲੜਾਈ 'ਚ ਬ੍ਰਿਟਿਸ਼ ਫੌਜਾਂ ਨੂੰ ਮਾਰਿਆ ਗਿਆ ਸੀ। ਮੈਂ ਜਦੋਂ ਉਹਨਾਂ ਨੂੰ ਪੁੱਛਿਆ ਕਿ ਉਸ ਲੜਾਈ ਤੇ ਅੱਜ ਦੇ ਹਾਲਾਤ 'ਚ ਕੀ ਉਹ ਕੋਈ ਬਰਾਬਰੀ ਵੇਖਦੇ ਹਨ 'ਕੁਝ ਨਹੀਂ ਬਦਲਿਆ ਹੈ' ਜਿਗਦਾਲਿਕਾਂ

ਦਾ ਕਹਿਣਾ ਹੈ ਦੋਨੋ ਵਾਰੀ ਵਿਦੇਸ਼ੀ ਆਪਣੇ ਮਕਸਦ ਲਈ ਇਥੇ ਆਏ ਸਾਡਾ ਭਲਾ ਕਰਨ ਲਈ ਨਹੀਂ। ਉਹਨਾਂ ਅਜਿਹਾ ਜਾਹਰ ਕੀਤਾ ਉਹ ਸਾਡੇ ਦੋਸਤ ਹਨ। ਸਾਨੂੰ ਕਿਹਾ ਗਿਆ ਉਹ ਸਾਡੇ ਦੋਸਤ ਹਨ ਅਤੇ ਇਥੇ ਲੋਕ ਤੰਤਰ ਬਹਾਲ ਕਰਨ ਆਏ ਹਨ ਪਰ ਉਹ ਝੂਠ ਬੋਲਦੇ ਹਨ। ਜਦ ਅੰਗਰੇਜ਼ ਗਏ ਤਾਂ ਰੂਸੀ ਆਏ। ਇਸ ਵਾਰੀ ਮੁਹੰਮਦ ਖਾਨ ਬੋਲੇ, ਅਸੀਂ ਉਹਨਾਂ ਨੂੰ ਖਦੇੜ ਦਿੱਤਾ ਪਰ ਜਾਣ ਤੋਂ ਪਹਿਲਾਂ ਉਹ ਸਾਡੇ ਘਰ ਬਾਰ ਬੰਬਾਂ ਨਾਲ ਤਹਿਸ-ਨਹਿਸ ਕਰ ਗਏ ਅਜਿਹਾ ਕਹਿੰਦਿਆਂ ਖਾਨ ਨੇ ਸਾਡੇ ਪਿੱਛੋਂ ਪਹਾੜੀ 'ਤੇ ਦਿਸ ਰਹੇ ਟੁੱਟੇ-ਭੱਜੇ ਖੰਡਰ ਨੁਮਾ ਘਰਾਂ ਵੱਲ ਇਸ਼ਾਰਾ ਕੀਤਾ। ਦਰਅਸਲ ਇਲਾਕੇ ਦਾ ਜੋ ਵੀ ਦੇਸ਼ ਤਾਕਤਵਰ ਹੋਇਆ ਅਫ਼ਗਾਨਿਸਤਾਨ ਰੁਕ ਕੇ ਉਸ ਨੇ ਇਕ ਵਾਰੀ ਜ਼ੋਰ ਅਜਮਾਈ ਜ਼ਰੂਰ ਕੀਤੀ। ਅਸੀਂ ਏਨੇ ਤਾਕਤਵਾਰ ਨਹੀਂ ਸੀ ਕਿ ਆਪਣੀ ਕਿਸਮਤ ਖੁਦ ਤਹਿ ਕਰ ਸਕਦੇ। ਸਾਡੀ ਕਿਸਮਤ ਸਾਡੇ ਗੁਆਂਢੀ ਹੀ ਤਹਿ ਕਰਦੇ ਰਹੇ। ਅਮਰੀਕੀਆਂ ਕੋਲ ਮੁਠੀਭਰ ਚੀਜ਼ਾਂ ਹੀ ਬਚੀਆਂ ਹਨ। ਹੁਣ ਸ਼ਾਇਦ ਚੀਨ ਇਥੇ ਆ ਧਮਕੇ। ਅਮਰੀਕਾ ਦਾ ਹਰ ਸੂਬਾ ਅਫ਼ਗਾਨਿਸਤਾਨ ਜਿੰਨਾ ਵੱਡਾ ਹੋਵੇਗਾ। ਪਿੰਡ ਵਾਲਿਆਂ ਨਾਲ ਸਹਿਮਤੀ ਜਾਹਰ ਕਰਦਿਆਂ ਜਿਗਦਾਲਿਕ ਦਾ ਕਹਿਣਾ ਹੈ ਜੇ ਉਹ ਚਾਹੁੰਦੇ ਸਹਾਇਤਾ ਕਰ ਸਕਦੇ ਸੀ ਪਰ ਅਸੀਂ ਹੁਣ ਵੀ ਉਸ ਬਦਹਾਲੀ 'ਚ ਜਿਉਣ ਲਈ ਮਜ਼ਬੂਰ ਹਾਂ ਜੋ ਵੀ ਪੈਸਾ ਅਫ਼ਗਾਨਿਸਤਾਨ ਲਈ ਆਇਆ ਉਹ ਅਫ਼ਗਾਨੀਆਂ ਨੂੰ ਨਹੀਂ ਮਿਲਿਆ। ਉਹ ਉਹਨਾਂ ਦੇ ਆਪਣੇ ਠੇਕੇਦਾਰਾਂ ਨੂੰ ਮਿਲਿਆ ਜਾਂ ਪੈਸਾ ਭਰਿਸ਼ਟਾਚਾਰ ਦੀ ਬਲੀ ਚੜ ਗਿਆ। ਆਖਰ ਉਹਨਾਂ ਲੱਖਾਂ ਕਰੋੜਾਂ ਰੁਪਿਆ ਨਾਲ ਹੋਇਆ ਕੀ? ਕੀ ਤੁਹਾਨੂੰ ਕੋਈ ਬੇਹਤਰੀ ਨਜ਼ਰ ਆਈ? ਹੁਣ ਵਕਤ ਵੀ ਨਿਕਲ ਚੁੱਕਿਆ ਹੈ। ਹੁਣ ਸੱਤਾ ਉਹਨਾਂ ਦੇ ਹੱਥੋਂ ਫਿਸਲ ਰਹੀ ਹੈ। ਤਾਲਿਬਾਨ ਉਥੇ ਪਹੁੰਚ ਚੁੱਕੇ ਹਨ, ਤਾਲਿਬਾਨੀ ਸਭ ਤੋਂ ਮਜ਼ਬੂਤ ਹਨ। ਉਹ ਉਥੇ ਘਾਤ ਲਾ ਰਹੇ ਹਨ। ਸਰਕਾਰੀ ਫੌਜਾਂ ਤੇ ਤਾਲਿਬਾਨ ਹਮਾਇਤੀ ਪਿੰਡ ਵਾਲਿਆਂ ਦਰਮਿਆਨ ਭਿਅੰਕਰ ਲੜਾਈ ਹੋਈ ਠੀਕ ਉਵੇਂ ਜਿਵੇਂ ਉਸੇ ਥਾਂ ਜਿਥੇ ਗੰਦਾਮਕ 'ਚ ਬ੍ਰਿਟਿਸ਼ ਫੌਜਾਂ ਨੇ ਆਖਰੀ ਮੋਰਚਾ ਲਾਇਆ ਸੀ। ਅਫ਼ਗਾਨਿਸਤਾਨ 'ਚ ਸਾਮਰਾਜੀ ਇਤਿਹਾਸ ਇਕ ਭੇਦਭਰੇ ਤਰੀਕੇ ਨਾਲ ਆਪਣੇ-ਆਪ ਨੂੰ ਦੁਹਰਾ ਰਿਹਾ ਹੈ।

# ਭਗਵਾਂ ਅੱਤਵਾਦ ਬਨਾਮ ਬੰਬ ਫਿਸਫੋਟ

ਜਿਸ ਗੱਲ ਨੂੰ ਲੰਮੇ ਸਮੇਂ ਤੋਂ ਕਈ ਲੋਕ ਕਹਿ ਰਹੇ ਸਨ ਉਸ ਗੱਲ ਨੂੰ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿੰਤਬਰਮ ਨੂੰ ਰਾਜ ਪੁਲਸ ਫੋਰਸਾਂ ਤੇ ਕੇਂਦਰੀ ਅਰਧ ਸੈਨਿਕ ਫੋਰਸਾਂ ਦੇ ਮੁਖੀਆਂ ਦੇ 45ਵੇਂ ਸੰਮੇਲਨ 'ਚ ਮੰਨਣਾ ਪਿਆ ਕਿ ਦੇਸ਼ 'ਚ 'ਭਗਵੀਂ ਦਹਿਸ਼ਤਗਰਦੀ' ਨੇ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ। ਇਹ ਵੀ ਦੇਸ਼ ਲਈ ਇਕ ਖਤਰਾ ਹੈ। 'ਭਗਵਾਂ ਅੱਤਵਾਦ', 'ਹਿੰਦੂ ਅੱਤਵਾਦ', 'ਸੰਘੀ ਅੱਤਵਾਦ' ਵਰਗੇ ਸ਼ਬਦਾਂ ਪਿੱਛੇ ਭਾਰਤ ਦੇ ਸਭ ਤੋਂ ਵੱਡੇ ਫਾਸਿਸ਼ਟ ਸੰਗਠਨ ਦੇ ਇਹ ਸਾਰੇ ਕਾਲੇ ਕਾਰਨਾਮੇ ਛੁਪੇ ਹਨ, ਜਿਹਨਾਂ ਨੂੰ ਉਹ ਕਈ ਸਾਲਾਂ ਤੋਂ ਅੰਜਾਮ ਦੇ ਰਹੇ ਸਨ ਤੇ ਆਪਣੀਆਂ ਕੀਤੀਆਂ ਗਈਆਂ ਸਾਰੀਆਂ ਕਾਰਵਾਈਆਂ ਨੂੰ ਇਸਲਾਮਿਕ ਅੱਤਵਾਦ ਦੇ ਮੱਥੇ ਮੜ੍ਹ ਰਹੇ ਸਨ। ਬੜੇ ਹੀ ਸ਼ਾਤਰ ਢੰਗ ਨਾਲ ਹਿੰਦੂ ਦਹਿਸ਼ਤਗਰਦ ਸਰਕਾਰ ਤੇ ਮੀਡੀਆ ਦੀ ਹਿੰਦੂਪ੍ਰਸਤ ਮਾਨਸਿਕਤਾ ਦਾ ਫਾਇਦਾ ਉਠਾ ਕੇ ਇਕ ਪਿੱਛੋਂ ਇਕ ਘਟਨਾਵਾਂ ਅੰਜਾਮ ਦਿੰਦੇ ਰਹੇ ਤੇ ਹਰ ਵਾਰੀ ਸਿਮੀ, ਹੂਜੀ ਆਦਿ ਦੇ ਨਾਂ ਹੇਠ ਨਿਰਦੋਸ਼ ਮੁਸਲਿਮ ਨੌਜਵਾਨ ਝੂਠੇ ਮੁਕਾਬਲਿਆਂ 'ਚ ਮਾਰੇ ਜਾਂਦੇ ਰਹੇ ਅਤੇ ਕਈ ਅਜੇ ਹੀ ਜੇਲ੍ਹਾਂ 'ਚ ਬੰਦ ਹਨ। ਪੀ-ਚਿੰਤਬਰਮ ਦੀ ਇਸ ਸਚਾਈ ਨੂੰ ਵੀ ਸਾਹਮਣੇ ਲਿਆਉਣ ਦੀ ਹਿੰਮਤ ਕਰ ਸਕਦੇ ਹਨ ਕਿ ਕਿੰਨੇ ਮੁਸਲਿਮ ਨੌਜਵਾਨ ਇਸ ਦੌਰਾਨ ਫਰਜੀ ਮੁਕਾਬਲਿਆਂ 'ਚ ਮਾਰੇ ਗਏ ਅਤੇ ਕਿੰਨੇ ਝੂਠੇ ਮੁਕੱਦਮਿਆਂ ਅਧੀਨ ਜੇਲ੍ਹਾਂ 'ਚ ਬੰਦ ਹਨ? ਪੀ. ਚਿੰਤਬਰਮ ਵਲੋਂ ਬੜੀ ਦੇਰ ਨਾਲ ਇਹ ਤੱਥ ਮੰਨਿਆ ਗਿਆ ਹੈ। ਇਸ ਨਾਲ ਭਾਜਪਾ ਤੇ ਆਰ. ਐਸ. ਐਸ. ਦਾ ਗੁੱਸੇ 'ਚ ਆ ਕੇ ਸ਼ੋਰ ਪਾਉਣਾ ਸੁਭਾਵਿਕ ਹੈ ਕਿਉਂਕਿ ਉਹਨਾਂ ਦਾ ਕਰੂਪ ਚਿਹਰਾ ਇਕ ਵਾਰੀ ਫਿਰ ਸਮਾਜ ਦੇ ਸਾਹਮਣੇ ਉਜਾਗਰ ਹੋ ਗਿਆ ਹੈ। ਪੀ. ਚਿੰਤਬਰਮ ਦਾ ਇਸ ਸੱਚ ਨੂੰ ਪੁਲਸ ਅਫਸਰਾਂ ਸਾਹਮਣੇ ਰੱਖਣਾ ਦੱਸਦਾ ਹੈ ਕਿ ਹਿੰਦੂ ਅੱਤਵਾਦੀ ਭਾਰਤ ਦੇ ਦਲਾਲ ਪੂੰਜੀਵਾਦੀ ਰਾਜ ਲਈ ਅੱਛਾ-ਖਾਸਾ ਸਿਰਦਰਦ ਬਣ ਚੁੱਕੇ ਹਨ ਅਤੇ ਇਹ ਖਤਰਾ ਅਜੇ ਵੀ ਪੂਰੀ ਤਰ੍ਹਾਂ ਮੌਜੂਦ ਹੈ। ਇਸ ਲਈ ਪੀ. ਚਿੰਤਬਰਮ ਭਾਰਤੀ ਰਾਜਸੱਤਾ ਦੇ ਮੁੱਖ ਪੁਲਸ ਅਫਸਰਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਲਈ ਕਹਿ ਰਹੇ ਹਨ। ਇਕ ਸਮੇਂ ਤਾਂ ਅਟਲ ਬਿਹਾਰੀ ਵਾਜਪਾਈ ਨੇ ਆਪਣੀ ਹਕੂਮਤ ਸਮੇਂ ਭਾਰਤੀ ਰਾਜ ਦਾ ਪੂਰੀ ਤਰ੍ਹਾਂ ਨਾਲ ਕੇਸਰੀਕਰਨ ਕਰਨ ਦਾ ਕਾਰਜ ਸੰਭਾਲਿਆ ਹੋਇਆ ਸੀ ਅਤੇ ਕਈ ਭੱਦੀਆਂ ਟਿੱਪਣੀਆਂ ਦੇਸ਼ ਦੇ ਮੁਸਲਮਾਨਾਂ ਬਾਰੇ ਕੀਤੀਆਂ ਸਨ। ਉਸ ਸਮੇਂ ਅਟਲ ਬਿਹਾਰੀ ਵਾਜਪਾਈ ਵਲੋਂ ਕਹੀਆਂ ਗੱਲਾਂ ਹੀ ਭਾਰਤੀ ਹਕੂਮਤ ਦੀ ਨੀਤੀ ਬਣ ਗਈਆਂ ਸਨ। ਜਿਵੇਂ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ 'ਹਰ ਮੁਸਲਮਾਨ ਅੱਤਵਾਦੀ ਨਹੀਂ ਹੈ ਪਰ ਹਰ ਅੱਤਵਾਦੀ ਮੁਸਲਮਾਨ ਹੈ।' ਹੁਣ ਪੀ. ਚਿੰਤਬਰਮ ਦੇ ਖੁਲਾਸੇ ਪਿੱਛੋਂ ਸਾਬਕਾ ਪ੍ਰਧਾਨ ਮੰਤਰੀ ਵਾਜਪਾਈ ਕੀ ਕਹਿਣਗੇ? ਸ਼ਾਇਦ ਕੁਝ ਵੀ ਨਹੀਂ। ਅਜਿਹਾ ਹੀ ਵਾਜਪਾਈ ਨੇ ਮੁਸਲਮਾਨਾਂ ਬਾਰੇ ਕਿਹਾ ਸੀ 'ਇਹ ਜਿਥੇ ਵੀ ਹੋਣ ਇਹਨਾਂ ਨੂੰ ਚੈਨ ਨਾਲ ਰਹਿਣਾ ਨਹੀਂ ਆਉਂਦਾ, ਇਹ ਸਭ ਗੱਲਾਂ ਵਾਜਪਾਈ ਨੇ ਆਖੀਆਂ ਸਨ ਜਿਹਨਾਂ ਨੂੰ

'ਨਰਮਦਿਲ ਆਦਮੀ' 'ਮਹਾਨ ਸ਼ਹਿਰੀ' 'ਗਲਤ ਪਾਰਟੀ' 'ਚ ਸਹੀ ਆਦਮੀ' ਆਦਿ-ਆਦਿ ਮੀਡੀਆ ਵਲੋਂ ਕਿਹਾ ਜਾਂਦਾ ਰਿਹਾ ਸੀ। ਅਡਵਾਨੀ, ਰਾਜਨਾਥ ਸਿੰਘ, ਵਿਨੈ ਕਟਿਹਾਰ, ਨਰੇਂਦਰ ਮੋਦੀ ਵਰਗਿਆਂ ਦੀ ਜਬਾਨ (ਬੋਲੀ) ਬਾਰੇ ਕਹਿਣੇ ਦੀ ਲੋੜ ਹੀ ਨਹੀਂ ਹੈ ਕਿ ਉਹ ਕਿਹੋ ਜਿਹੀ ਭਾਸ਼ਾ ਦੀ ਵਰਤੋਂ ਕਰਦੇ ਰਹੇ ਹਨ ਅਤੇ ਕਿਹੋ ਜਿਹੇ ਕਾਰਨਾਮੇ ਕਰਦੇ ਰਹੇ। ਇਹ ਸਹੀ ਹੈ ਕਿ ਜਦ ਦੇਸ਼ ਵਿੱਚ ਅੱਤਵਾਦ ਦਾ ਰਾਖਸ਼ੀ ਚਿਹਰਾ ਉਜਾਗਰ ਹੋਇਆ ਹੈ ਤਾਂ ਦੇਸ਼ 'ਚ ਵਾਪਰ ਰਹੀ ਦਹਿਸ਼ਤਗਰਦ ਘਟਨਾਵਾਂ ਇਕ ਦਮ ਭਾਰੀ ਗਿਰਾਵਟ ਆ ਗਈ ਹੈ ਕਿਉਂਕਿ ਇਸ ਦੇ ਕਈ ਕਰਤਾ ਧਰਤਾ ਗ੍ਰਿਫ਼ਤਾਰ ਹੋਏ ਸਨ। ਪੀ. ਚਿਤੰਬਰਮ ਦਾ ਇਹ ਕਹਿਣਾ ਕਿ 'ਪਿਛਲੇ 21 ਮਹੀਨਿਆਂ 'ਚ ਪੁਣੇ ਦੀ ਜਰਮਨ ਬੇਕਰੀ ਦੀ ਘਟਨਾ ਨੂੰ ਛੱਡ ਦਿੱਤਾ ਤਾਂ ਕੋਈ ਦਹਿਸ਼ਤਗਰਦ ਘਟਨਾ ਨਹੀਂ ਵਾਪਰੀ ਹੈ' ਠੀਕ ਹੈ। ਇਹ ਗੱਲ ਆਪਣੇ ਆਪ 'ਚ ਇਹ ਦੱਸਦੀ ਹੈ ਕਿ ਦੇਸ਼ 'ਚ ਹਿੰਦੂ ਦਹਿਸ਼ਤਗਰਦ, ਭਾਜਪਾ, ਆਰ. ਐਸ. ਐਸ. ਤੇ ਉਹਨਾਂ ਵਲੋਂ ਚਲਾਈਆਂ ਜਾ ਰਹੀਆਂ ਸਰਕਾਰਾਂ ਦੀ ਹਮਾਇਤ ਲੈ ਕੇ ਕਿਹੋ ਜਿਹੇ ਕਾਰਨਾਮੇ ਅੰਜਾਮ ਦੇ ਰਹੇ ਸਨ। ਅਨੇਕਾਂ ਤੱਥ ਇਸ ਦੌਰਾਨ ਆ ਚੁੱਕੇ ਹਨ ਜੋ ਦਸ ਰਹੇ ਹਨ ਕਿ ਕਿਸ ਤਰ੍ਹਾਂ ਆਰ. ਐਸ. ਐਸ. ਤੇ ਉਸ ਨਾਲ ਜੁੜੀਆਂ ਜਥੇਬੰਦੀਆਂ ਦੇ ਵਰਕਰ ਬੰਬ ਬਣਾਉਂਦੇ ਮਾਰੇ ਗਏ ਹਨ। ਕਿਵੇਂ ਉਹ ਗੰਭੀਰ ਤੇ ਵੱਡੀਆਂ ਸਾਜਿਸ਼ ਨੂੰ ਵਿਉਂਤ ਰਹੇ ਸਨ। ਕਿਵੇਂ ਘੱਟ ਲੋਕਾਂ ਦੇ ਬੰਬ ਫਿਸਫੋਟਾਂ 'ਚ ਮਾਰੇ ਜਾਣ 'ਤੇ ਅਫਸੋਸ਼ ਜ਼ਾਹਰ ਕਰਦੇ ਰਹੇ ਹਨ, ਕਿਵੇਂ ਭਾਜਪਾ ਦੇ ਚੋਟੀ ਦੇ ਆਗੂ ਅਤੇ 'ਹਿੰਦੂ ਦਹਿਸ਼ਤਗਰਦ' ਕਿਵੇਂ ਮਾਲਕੀ ਦੇ ਸੋਖ ਦਾ ਲਾਭ ਉਠਾਉਂਦੇ ਰਹੇ ਹਨ ਆਦਿ। ਆਰ. ਐਸ. ਐਸ. ਨੇ ਇਹਨਾਂ ਤੱਥਾਂ ਦੇ ਉਜਾਗਰ ਹੋਣ ਪਿੱਛੋਂ ਇਹਨਾਂ ਬੰਦਿਆਂ ਨਾਲ ਆਪਣੇ ਕਿਸੇ ਵੀ ਤਰ੍ਹਾਂ ਦੇ ਸੰਬੰਧ ਹੋਣ ਤੋਂ ਇਨਕਾਰ ਕਰ ਦਿੱਤਾ। ਇਕ ਅਰਧ ਗੁਪਤ ਫਾਸਿਸ਼ਟ ਜਥੇਬੰਦੀ ਦੀ ਕਾਰਜ ਸ਼ੈਲੀ ਦਾ ਇਹ ਉਚਤਮ ਰੂਪ ਹੈ ਜਿਸ 'ਚ ਉਹ ਹਮੇਸ਼ਾ ਹੀ ਅਜਿਹਾ ਕਰਦਾ ਹੈ ਅਤੇ ਅਜਿਹਾ ਕਰੇਗਾ। ਸੰਘ ਦੀਆਂ ਸ਼ਾਖਾਵਾਂ 'ਚ ਅਜਿਹੇ ਬੰਦਿਆਂ ਦਾ ਗੁਣਗਾਣ ਕੀਤਾ ਜਾਵੇਗਾ ਅਤੇ ਮਰਨ ਪਿੱਛੋਂ ਪੂਜਿਆ ਵੀ ਜਾਵੇਗਾ, ਪਰ ਸਮਾਜ 'ਚ ਇਹ ਝੂਠ ਬੋਲੇਗਾ, ਭਰਮ ਫੈਲਾਏਗਾ ਕਿ ਅਜਿਹੇ ਬੰਦੇ ਉਸ ਦੇ ਵਰਕਰ ਤੇ ਮੈਂਬਰ ਨਹੀਂ ਹਨ। ਮਹਾਤਮਾ ਗਾਂਧੀ ਦੇ ਕਾਤਲਾਂ ਦੇ ਵਾਰਿਸ ਦੁਬਾਰਾ ਦੇਸ਼ 'ਚ ਅਜਿਹੀਆਂ ਘਟਨਾਵਾਂ ਨੂੰ ਜਨਮ ਦੇ ਰਹੇ ਹਨ। ਪਰ ਹਰ ਵਾਰੀ ਭਾਰਤੀ ਰਾਜ ਸੱਤਾ ਦੀ ਨਰਮ-ਦਿਲੀ ਤੇ ਗੈਰ ਧਰਮ ਨਿਰਪੱਖ ਵਰਤਾਅ ਕਾਰਣ ਇਹ ਜ਼ਹਿਰੀਲੀ ਵੇਲ ਹਮੇਸ਼ਾ ਸੁਰੱਖਿਅਤ ਰਹਿ ਜਾਂਦੀ ਹੈ ਅਤੇ ਇਸ ਨੂੰ ਵਧਣ ਫੁਲਣ ਦਿੱਤਾ ਜਾਂਦਾ ਹੈ। ਖਾਦ-ਪਾਣੀ ਦੇਣ ਦਾ ਕੰਮ ਖੁਦ ਉਹੀ ਪਾਰਟੀ ਕਰਦੀ ਰਹੀ ਹੈ ਜਿਸ ਨਾਲ ਪੀ. ਚਿੰਤਬਰਮ ਸਬੰਧਤ ਹਨ। ਨਹਿਰੂ ਤੋਂ ਲੈ ਕੇ ਮਨਮੋਹਨ ਸਿੰਘ ਤੱਕ ਸਭ ਇਸ ਗੱਲ ਲਈ ਜ਼ਿੰਮੇਵਾਰ ਹਨ ਕਿ ਉਹਨਾਂ ਨੇ ਹੀ ਇਸ ਜ਼ਹਿਰੀਲੀ ਬੂਟੀ ਨੂੰ ਵਧਣ ਫੁਲਣ 'ਚ ਸਭ ਤੋਂ ਵੱਧ ਮਦਦ ਕੀਤੀ ਹੈ। ਅੱਜ ਇਸ ਜ਼ਹਿਰੀਲੀ ਬੂਟੀ ਦੇ ਸਭ ਤੋਂ ਜ਼ਹਿਰੀਲੇ ਫਲਾਂ ਨੂੰ ਨਸ਼ਟ ਕਰਨ ਜਾਂ ਉਹਨਾਂ ਤੇ ਨਿਗਾਹ ਰੱਖਣ ਦੀ ਗੱਲ ਹੋ ਰਹੀ ਹੈ ਜਦ ਕਿ ਜ਼ਹਿਰੀਲੀ ਵੇਲ ਬੂਟੀ ਜਿਉਂ ਦੀ ਤਿਉਂ ਹੈ। ਉਸ ਦੀਆਂ ਜੜ੍ਹਾਂ ਸਾਡੇ ਸਮਾਜ 'ਚ ਡੂੰਘੀਆਂ ਫੈਲੀਆਂ ਹੋਈਆਂ ਹਨ ਇਹ ਅਨੇਕਾਂ ਫਿਰਕੂ ਦੰਗਿਆਂ ਨੂੰ ਹਰ ਸਾਲ

ਅੰਜਾਮ ਦਿੰਦੀ ਹੈ। ਵੈਸੇ ਇਸ ਜ਼ਹਿਰੀਲੀ ਵੇਲ-ਬੂਟੀ ਨੂੰ ਭਾਰਤ ਦੀ ਹਾਕਮ ਜਮਾਤ-ਦਲਾਲ ਨੌਕਰਸ਼ਾਹ ਸਰਮਾਏਦਾਰੀ ਪੂਰੀ ਤਰ੍ਹਾਂ ਕਦੀ ਨਹੀਂ ਕੁਚਲੇਗੀ। ਉਹ ਇਉਂ ਹੀ ਇਸ ਨੂੰ ਪਾਲੇ-ਪੋਸੇਗਾ ਜਿਵੇਂ ਉਹ ਪਹਿਲਾਂ ਕਰਦਾ ਆਇਆ ਹੈ। ਉਹ ਇਹਨਾਂ ਫਾਸਿਸ਼ਟ ਤੱਤਾਂ ਨੂੰ ਉਸ ਸਮੇਂ ਖਾਸ ਤੌਰ 'ਤੇ ਵਰਤੇਗਾ ਜਦ ਉਸ ਦਾ ਆਰਥਕ-ਸਮਾਜਕ ਸੰਕਟ ਵੱਧ ਡੂੰਘਾ ਹੈ। ਇਸ ਦੀ ਇਕ ਝਲਕ ਉਦੋਂ ਮਿਲੀ ਜਦ ਟਾਟਾ, ਅੰਬਾਨੀ, ਮਿੱਤਲ ਗੁਜਰਾਤ ਦੇ ਫਾਸਿਸ਼ਟ ਮੁੱਖ ਮੰਤਰੀ ਦੀ ਪ੍ਰਸ਼ੰਸਾ ਕਰਦੇ ਰਹੇ ਸਨ।

# ਪ੍ਰੋਜੈਕਟ ਅਲਾਟਮੈਂਟ ਦੀ ਖੇਡ ਬਨਾਮ ਕਮਲ ਦਾ ਫੁੱਲ

ਉਤਰਾਖੰਡ 'ਚ ਵੱਡੀ ਪੱਧਰ 'ਤੇ ਭਰਿਸ਼ਟਾਚਾਰ ਬਾਰੇ ਕਿਹਾ ਜਾਣ ਲੱਗਿਆ ਹੈ ਕਿ ਇਥੇ ਇਕ ਨਹੀਂ ਕਈ ਮਧੂ ਕੌੜਾ ਨਿਕਲਣਗੇ ਸਰਕਾਰ 'ਚ ਮੌਜੂਦ ਇਕ ਅਸੰਤੁਸ਼ਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਇਹਨਾਂ ਸਾਰੇ ਛੋਟੇ 'ਕੌੜਿਆਂ' ਨੂੰ ਰਮੇਸ਼ ਕੌੜਾ ਚਲਾ ਰਿਹਾ ਹੈ। ਹਾਲਾਂਕਿ ਲੋਕਾਂ ਲਈ ਨੌਕਰਸ਼ਾਹਾਂ ਤੇ ਨੇਤਾਵਾਂ ਦਾ ਭਰਿਸ਼ਟਾਚਾਰ 'ਚ ਲਿਬੜੇ ਹੋਣਾ ਕੋਈ ਨਵੀਂ ਖਬਰ ਨਹੀਂ ਰਹੀ ਪਰ ਰਾਜ 'ਚ ਲਘੂ ਜਲ, ਬਿਜਲੀ ਪ੍ਰੋਜੈਕਟਾਂ ਦੀ ਵੰਡ 'ਚ ਜਿਸ ਤਰ੍ਹਾਂ ਨਾਲ ਖੁੱਲ੍ਹੇਆਮ ਪੈਸੇ ਤੇ ਤਾਕਤ ਦੀ ਖੇਡ ਖੇਡੀ ਗਈ ਉਸ ਨੇ ਪੂਰੇ ਸਰਕਾਰ ਤਾਣੇ-ਬਾਣੇ ਨੂੰ ਹੀ ਨੰਗਾ ਕਰ ਦਿੱਤਾ। ਪ੍ਰੋਜੈਕਟ ਵੰਡ 'ਚ ਪੈਸਿਆਂ ਦੇ ਲੈਣ ਦੇਣ 'ਚ ਸਰਕਾਰ ਦਾ ਵਿਭਾਗੀ ਸਕੱਤਰਾਂ ਤੋਂ ਲੈ ਕੇ ਵਿਭਾਗ ਮੁੱਖੀ, ਨੌਕਰਸ਼ਾਹਾਂ ਤੇ ਸਿੱਧੇ ਮੁੱਖ ਮੰਤਰੀ ਤੱਕ ਸਪੱਸ਼ਟ ਮਿਲੀ ਭੁਗਤ ਦੇ ਸੰਕੇਤ ਮਿਲ ਰਹੇ ਹਨ। ਇਹਨਾਂ ਅਲਾਟਮੈਂਟਾਂ ਲਈ ਰਿਸ਼ਵਤ ਲੈਣ ਦੀ ਖੇਡ ਕਿੰਨੇ ਖੁੱਲ੍ਹੇ ਰੂਪ ਵਿੱਚ ਖੁਦ ਸਰਕਾਰ ਦੇ ਸਕੱਤਰਾਂ ਵਲੋਂ ਆਪਣੇ ਪ੍ਰਭੂਆਂ ਲਈ ਖੋਲ੍ਹੀ ਗਈ। ਇਸਦਾ ਪਤਾ ਲੱਗਦਾ ਹੈ ਉਸ ਸੀਡੀ ਤੋਂ ਜਿਸ 'ਚ ਇਕ ਸਰਕਾਰੀ ਨੁਮਾਇੰਦਾ ਕੰਪਨੀ ਤੋਂ ਰਿਸ਼ਵਤ ਲਈ ਸੌਦੇਬਾਜ਼ੀ ਕਰ ਰਿਹਾ ਹੈ। ਇਸ ਗੱਲਬਾਤ ਨੇ ਇਕ ਵਾਰੀ ਫਿਰ ਤੋਂ ਸਰਕਾਰ, ਨੌਕਰਸ਼ਾਹ ਤੇ ਸਰਮਾਏ-ਦਾਰਾਂ ਦੇ ਘਿਨੌਣੇ ਗੱਠਜੋੜ ਤੋਂ ਵੀ ਇਕ ਵਾਰੀ ਫਿਰ ਪਰਦਾ ਚੁੱਕ ਦਿੱਤਾ ਹੈ। ਮੈਂ ਇੱਥੇ ਇਸ ਸੀਡੀ 'ਚ ਰਿਕਾਰਡ ਗੱਲ-ਬਾਤ ਦੇ ਸੰਪਾਦਿਤ ਅੰਸ਼ਾਂ ਨੂੰ ਹੂ-ਬ-ਹੂ ਪਾਠਕਾਂ ਦੇ ਸਾਹਮਣੇ ਰੱਖ ਰਿਹਾ ਹਾਂ। ਇਸ ਗੱਲਬਾਤ ਦੇ ਅੰਸ਼ਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਕਾਰ, ਮੁੱਖ ਮੰਤਰੀ, ਉਹਨਾਂ ਦੀ ਪਾਰਟੀ, ਦੂਜੀਆਂ ਪਾਰਟੀਆਂ, ਨੌਕਰਸ਼ਾਹ ਸਿਰਫ਼ ਪੂੰਜੀਪਤੀਆਂ ਲਈ ਕੰਮ ਕਰਦੇ ਹਨ। ਕੁਝ ਕਰੋੜ ਦੀ ਰਿਸ਼ਵਤ ਦੇਣਾ ਉਹਨਾਂ ਲਈ ਕੋਈ ਪ੍ਰੇਸ਼ਾਨੀ ਦੀ ਗੱਲ ਨਹੀਂ। ਲੋਕਾਂ ਨਾਲ ਕੀਤੀ ਜਾ ਰਹੀ ਇਸ ਗਦਾਰੀ 'ਚ ਸਿੱਧੇ ਤੌਰ 'ਤੇ ਰਾਜ ਦੇ ਮੁੱਖ ਮੰਤਰੀ ਤੋਂ ਲੈ ਕੇ ਉਹਨਾਂ ਦੀ ਪਾਰਟੀ ਤੇ ਆਰ. ਐਸ. ਐਸ. ਦੇ ਨੇਤਾਵਾਂ ਦਾ ਜ਼ਿਕਰ ਹੈ। ਰਾਜਨਾਥ ਸਿੰਘ, ਖੰਡੂਰੀ, ਕੋਸ਼ਿਆਰੀ ਤੋਂ ਲੈ ਕੇ ਨਿਸ਼ਾਨ ਸਿੰਘ ਚੁਫਾਲ ਤੱਕ ਦਾ ਇਸ 'ਚ ਨਾਂ ਆਇਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕੜੀਆਂ ਕਿਥੋਂ ਤੱਕ ਮਿਲਦੀਆਂ ਹਨ। ਇਕ ਭਾਜਪਾ ਦੇ ਨੇਤਾ ਨੇ ਕਿਹਾ ਕਿ "ਆਲਾ ਕਮਾਨ ਨੂੰ ਸੂਟਕੇਸ ਤਾਂ ਸਾਰੇ ਹੀ ਪਹੁੰਚਾਉਂਦੇ ਹਨ" ਇਸ ਲਈ ਸੁਵਾਲ ਸਿਰਫ ਮੌਜੂਦਾ ਪਾਰਟੀ ਜਾਂ ਮੁੱਖ ਮੰਤਰੀ ਦਾ ਨਹੀਂ ਹੈ। ਦੂਜੇ ਮੁੱਖ ਮੰਤਰੀ ਤੇ ਦੂਜੀਆਂ ਪਾਰਟੀਆਂ ਵੀ ਇਸ ਤਰ੍ਹਾਂ ਹੀ ਕਰਦੀਆਂ ਹਨ। ਅਮੀਰ ਲੋਕ ਜੋ ਇਹਨਾਂ ਪ੍ਰੋਜੈਕਟਾਂ ਨੂੰ ਲਾ ਰਹੇ ਹਨ, ਉਹ ਵੀ ਇਥੇ 4-5 ਕਰੋੜ ਦੇ ਕੇ 5-6 ਅਰਬ ਕਮਾਉਣ ਆਏ ਹਨ, ਨਾ ਕਿ ਇਸ ਸੂਬੇ ਨੂੰ ਊਰਜਾ ਸੂਬਾ ਬਣਾਉਣ। ਇਸ ਲਈ ਹਾਸਲ ਕੀਤੇ ਪ੍ਰੋਜੈਕਟਾਂ ਨੂੰ ਬਚਾਉਣ ਦੀ ਬਜਾਏ ਉਹਨਾਂ ਦੀ ਰੁਚੀ ਵੇਚਣ ਵਿੱਚ ਵੱਧ ਹੈ। ਖੁਦ ਬੀਸੀ ਕੇ ਮਿਸ਼ਰਾ ਆਪਣੀ ਗੱਲਬਾਤ ਵਿੱਚ ਸੁਕਮਲ ਚੰਦ ਜੈਨ ਨੂੰ ਅਜਿਹੀ ਸਲਾਹ

ਦੇ ਰਹੇ ਹਨ। ਮਿੱਠੀਆਂ ਤੇ ਗੋਲ ਗੱਲਾਂ ਕਰਨ ਵਾਲੇ ਨੇਤਾ ਤੇ ਬਗਲੇ ਵਰਗੀ ਸਾਫ਼ ਸਫ਼ਾਈ ਤੇ ਸੁਥਰੇ ਰਹਿਣ-ਸਹਿਣ ਵਾਲੇ ਇਹ ਨੌਕਰਸ਼ਾਹ ਜਿਵੇਂ ਕਿਤੇ ਲੋਕਾਂ ਦੀ ਪਿੱਠ 'ਚ ਛੁਰਾ ਮਾਰ ਕੇ ਮਾਲ ਕਮਾਉਣ ਲਈ ਤਨਖਾਹ ਲੈਂਦੇ ਹੋਣ। ਪ੍ਰੋਜੈਕਟ ਅਲਾਟਮੈਂਟ ਦੇ ਇਸ ਪੂਰੇ ਮਾਮਲੇ 'ਚ ਇਹਨਾਂ ਦੀ ਪ੍ਰੇਸ਼ਾਨੀ ਏਨੀ ਹੀ ਹੈ ਕਿ ਸਾਰੀ ਖੇਡ ਏਨੀ ਜਲਦਬਾਜ਼ੀ ਨਾਲ ਖੇਡੀ ਗਈ ਕਿ ਇਹ ਸਾਰਿਆਂ ਸਾਹਮਣੇ ਨੰਗੇ ਹੋ ਗਏ ਹਨ। 4 ਫਰਵਰੀ 2010 ਨੂੰ ਨਵੇਂ ਮੁੱਖ ਮੰਤਰੀ ਨਿਸ਼ੰਕ ਦੀ ਅਗਵਾਈ ਵਾਲੇ ਅਰਸੇ 'ਚ ਜਦ 56 ਪ੍ਰੋਜੈਕਟ ਅਲਾਟ ਕੀਤੇ, ਉਦੋਂ ਤੋਂ ਹੀ ਮੀਡੀਆ 'ਚ ਇਸ ਦਾ ਧਾਂਦਲੀ ਮੋਟੀ ਰਿਸ਼ਵਤਖੋਰੀ ਤੇ ਨਿਯਮਾਂ ਦੀ ਘੋਰ ਉਲੰਘਣਾ ਕਰਨ ਦੀ ਗੱਲ ਉਠਣ ਲੱਗੀ ਸੀ। ਸਰਕਾਰ ਆਖਰ ਤੱਕ ਇਸ ਮਾਮਲੇ ਸਬੰਧੀ ਕਿਸੇ ਵੀ ਕਿਸਮ ਦੇ ਭਰਿਸ਼ਟਾਚਾਰ ਤੋਂ ਸਾਫ਼ ਇਨਕਾਰ ਕਰਦੀ ਰਹੀ। 15 ਜੁਲਾਈ ਨੂੰ ਅਚਾਨਕ ਸਰਕਾਰ ਨੇ 56 ਪਣ ਬਿਜਲੀ ਪ੍ਰੋਜੈਕਟਾਂ ਨੂੰ ਰੱਦ ਕਰ ਦਿੱਤਾ। 16 ਜੁਲਾਈ ਨੂੰ ਨੈਨੀਤਾਲ ਹਾਈਕੋਰਟ ਵਿੱਚ ਇਸ ਕੜੀ 'ਚ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਤੋਂ ਐਨ ਪਹਿਲੀ ਸ਼ਾਮ ਆਏ ਇਸ ਟੇਡੇ ਹੁਕਮ ਨੇ ਮਹੌਲ ਨੂੰ ਗੁੰਮ ਜਿਹਾ ਕਰ ਦਿੱਤਾ। ਇਸ 'ਤੇ ਨਿਗਾਹ ਰੱਖ ਰਹੀ ਜਨਤਾ ਨੂੰ ਇਹ 180 ਅੰਸ਼ ਦੀ ਗੁੱਥੀ ਸਮਝ ਨਹੀਂ ਆ ਰਹੀ ਸੀ ਤਾਂ ਨਿਸ਼ੰਦ ਸਰਕਾਰ ਨੇ ਵਾਲ-ਵਾਲ ਬਚਣ ਵਰਗੀ ਰਾਹਤ ਮਹਿਸੂਸ ਕੀਤੀ। ਫਰਵਰੀ 2010 'ਚ ਇਹਨਾਂ ਪ੍ਰੋਜੈਕਟਾਂ ਦੀ ਅਲਾਟਮੈਂਟ ਹੋਣ ਪਿੱਛੋਂ ਤੋਂ ਹੀ ਇਹ ਕੇਸ ਮੀਡੀਆ 'ਚ ਛਾ ਗਿਆ ਸੀ। ਵਿਰੋਧੀ ਪਾਰਟੀ ਨੇ ਇਸ ਪੂਰੇ ਅਲਾਟਮੈਂਟ ਅਮਲ ਦੇ ਦੂਸ਼ਿਤ ਹੋਣ ਸੰਬੰਧੀ ਦੋਸ਼ ਲਾਏ। ਕਾਂਗਰਸ ਨੇ ਇਸ ਮਾਮਲੇ 'ਚ ਚਹੇਤਿਆਂ ਨੂੰ ਹੀ ਪ੍ਰੋਜੈਕਟ ਦੇਣ ਤੇ ਇਸ ਦੇ ਬਦਲੇ 'ਚ ਮੋਟੀ ਰਕਮ ਲੈਣ ਦੇ ਦੋਸ਼ ਸਰਕਾਰ ਅਤੇ ਸਿੱਧੇ ਹੀ ਸਰਕਾਰ ਦੇ ਮੁੱਖੀ 'ਤੇ ਲਾਏ ਗਏ। ਇਹ ਮਾਮਲਾ ਏਨਾ ਤੂਲ ਫੜ ਚੁੱਕਿਆ ਸੀ ਕਿ ਇਹਨਾਂ ਅਲਾਟਮੈਂਟਾਂ ਦੇ ਫੌਂਗੀ ਪਿਛੋਂ ਬੈਠੇ ਵਿਧਾਨ ਸਭਾ ਦੇ ਬਜਟ ਸੈਸ਼ਨ ਸ਼ੁਰੂ ਦੇ ਚਾਰ ਦਿਨ ਬਿਲਕੁਲ ਮੁਲਤਵੀ ਰਿਹਾ। ਸਰਕਾਰ ਨੇ ਤੱਦ ਇਸ ਦਾ ਜਬਰਦਸਤ ਬਚਾਅ ਕੀਤਾ। ਸਦਨ ਨੂੰ ਸੰਬੋਧਿਤ ਹੁੰਦਿਆਂ ਕਈ ਵਾਰੀ ਖੁਦ ਮੁੱਖ ਮੰਤਰੀ ਨੇ ਇਸ ਕੇਸ 'ਚ ਕਿਸੇ ਵੀ ਕਿਸਮ ਦੀ ਗੜਬੜ ਜਾਂ ਭਰਿਸ਼ਟਾਚਾਰ ਤੋਂ ਇਨਕਾਰ ਕੀਤਾ। ਪਿਛਲੇ ਵਿਧਾਨ ਸੈਸ਼ਨ ਤੋਂ ਹੁਣ ਤੱਕ ਭਾਜਪਾ ਸਰਕਾਰ ਅਤੇ ਮੁੱਖ ਮੰਤਰੀ ਇਹ ਕਹਿੰਦੇ ਰਹੇ ਕਿ ਪਾਵਰ ਪ੍ਰੋਜੈਕਟ ਅਲਾਟਮੈਂਟ 'ਚ ਕੁਝ ਫ਼ਰਕ ਰਿਹਾ ਹੈ। ਇਸ ਮਾਮਲੇ 'ਚ ਕਿਸੇ ਵੀ ਕਿਸਮ ਦਾ ਕੋਈ ਭਰਿਸ਼ਟਾਚਾਰ ਨਹੀਂ ਕੀਤਾ ਗਿਆ ਹੈ। ਵਿਰੋਧੀ ਪਾਰਟੀਆਂ ਤੇ ਸਥਾਨਕ ਮੀਡੀਆ ਵਲੋਂ ਪੁੱਛੇ ਜਾਣ 'ਤੇ ਵੀ ਸਰਕਾਰ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ ਅਲਾਟਮੈਂਟ ਅਮਲ ਨੂੰ ਬਕਾਇਦਾ ਅੰਕੜਿਆਂ ਦੇ ਨਾਲ ਜਾਇਜ਼ ਤੇ ਸਹੀ ਠਹਿਰਾਉਂਦੀ ਰਹੀ। ਸਥਾਨਕ ਪੱਧਰ ਤੋਂ ਉੱਠ ਕੇ ਇਹ ਕੇਸ ਕੌਮੀ ਮੀਡੀਆ ਵਿੱਚ ਵੀ ਉਛਲਿਆ ਤਦ ਵੀ ਸਰਕਾਰ ਤੇ ਖੁਦ ਮੁੱਖ ਮੰਤਰੀ ਇਸ ਦਾ ਬਚਾਅ ਹੀ ਕਰਦੇ ਰਹੇ ਸਨ। ਭਾਰਤੀ ਜਨਤਾ ਪਾਰਟੀ ਉਤਰਾਖੰਡ ਵਲੋਂ ਬਕਾਇਦਾ ਅਖਬਾਰਾਂ 'ਚ ਇਸ਼ਤਿਹਾਰ ਦੇ ਕੇ ਇਸ ਅਮਲ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਇਥੋਂ ਤੱਕ ਕਿ ਅੱਜ ਦੇ ਕੌਮੀ ਪ੍ਰਸਾਰਣ ਵਿੱਚ ਵੀ ਖੁਦ ਸੀ. ਐਮ ਨੇ ਸਿੱਧੀ ਇੰਟਰਵਿਊ ਦੌਰਾਨ ਬਿਜਲੀ ਪ੍ਰੋਜੈਕਟ ਅਲਾਟਮੈਂਟ ਨੂੰ ਸਹੀ ਠਹਿਰਾਇਆ ਸੀ। ਹਲਾਂਕਿ ਇਸ

ਪੂਰੇ ਘਟਨਾਕਰਮ ’ਚ ਭਾਜਪਾ ਦੀ ਖਾਸੀ ਫਜੀਹਤ ਹੋਈ ਪਰ ਇਸ ਦੇ ਬਾਵਜੂਦ ਇਹ ਪ੍ਰੋਜੈਕਟ ਅਲਾਟਮੈਂਟ ਦੇ ਪੂਰੇ ਅਮਲ ਨੂੰ ਸਹੀ ਤੇ ਪਾਰਦਰਸ਼ੀ ਦੱਸਦੇ ਰਹੇ। ਸੂਬਾਈ ਪੱਧਰ ਦੀ ਲੀਡਰਸ਼ਿਪ ਨੂੰ ਹੁੰਦਾ ਇਹ ਸਵਾਲ ਭਾਜਪਾ ਦੀ ਕੌਮੀ ਲੀਡਰਸ਼ਿਪ ਦੇ ਮੂਹਰੇ ਵੀ ਪੇਸ਼ ਕੀਤਾ ਗਿਆ। ਪਹਿਲੀ ਵਾਰੀ ਸੂਬੇ ਦੀ ਸਰਕਾਰੀ ਫੇਰੀ ਕਰ ਰਹੇ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਪ੍ਰੈੱਸ ਬਿਆਨ ’ਚ ਕਿਹਾ ਕਿ “ਮੈਂ ਸਾਰੇ ਕਾਗਜਾਤ ਖੁਦ ਦੇਖ ਤੇ ਜਾਂਚ ਲਏ ਹਨ। ਇਸ ਮਾਮਲੇ ’ਚ ਕਿਤੇ ਕੋਈ ਹੇਰਾਫੇਰੀ ਨਹੀਂ ਹੈ। ਜੋ ਹੇਰਾਫੇਰੀ ਹੈ ਉਹ ਮੀਡੀਆ ਦੇ ਮਨ ਵਿੱਚ ਹੈ। ਰਹੀ ਗੱਲ ਇਸ ਨੂੰ ਰੱਦ ਕਰਨ ਦੀ ਤਾਂ ਜਦ ਅਜੇ ਅਲਾਟ ਕੀਤੇ ਹੀ ਨਹੀਂ ਗਏ ਤਾਂ ਰੱਦ ਕੀ ਹੋਵੇਗਾ।” ਪਰ ਗਡਕਰੀ ਦੇ ਜਾਣ ਤੋਂ ਛੇ ਘੰਟੇ ਪਿੱਛੋਂ ਹੀ ਸਰਕਾਰ ਨੇ ਅਜੇ ਤੱਕ ਦੀ ਆਪਣੀ ਮੌਜੂਦਗੀ ਤੋਂ 180 ਡਿਗਰੀ ਦਾ ਮੋੜ ਕਟਦਿਆਂ 56 ਅਲਾਟਮੈਂਟਾਂ ਨੂੰ ਰੱਦ ਕਰ ਦਿੱਤਾ। ਇਸ ਦੀ ਬਜਾਏ ਖੰਡੂਰੀ ਦੀ ਹਕੂਮਤ ਦੌਰਾਨ ਜਾਰੀ ਕੀਤੇ ਗਏ ਇਸ਼ਤਿਹਾਰ ਤੇ ਊਰਜਾ ਨੀਤੀ ’ਚ ਖਾਮੀ ਹੋਣਾ ਦੱਸਿਆ ਗਿਆ। 25 ਜੁਲਾਈ 2010 ਨੂੰ 5 ਤੋਂ 25 ਮੈਗਾਵਾਟ ਦੀਆਂ ਲਘੂ ਪਣ ਬਿਜਲੀ ਯੋਜਨਾਵਾਂ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ। ਖੰਡੂਰੀਕਾਲ ’ਚ ਉਤਰਾਖੰਡ ਪਣ ਬਿਜਲੀ ਨਿਗਮ ਯਾਨੀ ਉਜਵਲ ਨੂੰ ਇਸ ਲਈ ਨੋਡਲ ਏਜੰਸੀ ਬਣਾਇਆ ਗਿਆ ਸੀ। ਉਜੱਵਲ ਦੇ ਮੌਜੂਦਾ ਪ੍ਰਬੰਧ ਨਿਰਦੇਸ਼ਕ ਆਰ. ਪੀ. ਥਦਾਲਿਆਲ ਦੱਸਦੇ ਹਨ ਕਿ ਇਸ ਇਸ਼ਤਿਹਾਰ ਬਦਲੇ ਸਾਨੂੰ ਕੁਲ 741 ਅਰਜ਼ੀਆਂ ਹਾਲਸ ਹੋਈਆਂ। ਇਸ ਵਿੱਚੋਂ ਸਮੁੱਚੇ ਪੱਧਰ ਦੀ ਜਾਂਚ ਤੇ ਸਿੱਟਿਆਂ ਪਿੱਛੋਂ ਅਸੀਂ 56 ਕੇਸਾਂ ਨੂੰ ਆਪਣੇ ਵਲੋਂ ਓ. ਕੇ. ਕਰਕੇ ‘ਇਵੈਲੂਏਸ਼ਨ ਐਂਡ ਰੀਕਮੰਡੇਸ਼ਨ ਕਮੇਟੀ’ ਲਈ ਅੱਗੇ ਭੇਜ ਦਿੱਤਾ। ਇਸ ਕਮੇਟੀ ਨੇ ਉਹਨਾਂ ਨੂੰ ‘ਹਾਈ ਪਾਵਰ’ ਕਮੇਟੀ ਲਈ ਪੇਸ਼ ਕਰ ਦਿੱਤਾ। ਆਖਰੀ ਫੈਸਲਾ ਇਸ ਹਾਈਪਾਵਰ ਕਮੇਟੀ ਦਾ ਸੀ। ਸੂਤਰ ਦੱਸਦੇ ਹਨ ਕਿ ਗਡਕਰੀ ਦੇ ਜਾਣ ਤੋਂ ਤੁਰੰਤ ਬਾਅਦ ਹੀ ਪ੍ਰੋਜੈਕਟ ਅਲਾਟਮੈਂਟ ਦੀ ਫਾਇਲ ਨੂੰ ਪਾਰਟੀ ਦੇ ਉੱਚ ਨੇਤਾ ਤੇ ਵਕੀਲ ਅਰੁਣ ਜੇਤਲੀ ਨੇ ਵੀ ਖੰਘਾਲਿਆ ਤੇ ਭਾਰੀ ਬੇਨਿਯਮੀਆਂ ਵੇਖੀਆਂ। ਦਰਅਸਲ ਇਹ ਉਨ੍ਹਾਂ ਦੀ ਰਾਇ ਸੀ ਕਿ ਜੇ ਸਰਕਾਰ ਦੀ ਗਰਦਨ ਨੂੰ ਅਦਾਲਤ ’ਚ ਫਸਾਉਣ ਤੋਂ ਬਚਾਉਣਾ ਹੈ ਤਾਂ ਸੁਣਵਾਈ ਤੋਂ ਪਹਿਲਾਂ ਹੋਈਆਂ ਅਲਾਟਮੈਂਟਾਂ ਨੂੰ ਰੱਦ ਕਰ ਦਿੱਤਾ ਜਾਵੇ। ਆਪਣਾ ਦਾਮਨ ਬਚਾਉਣ ਲਈ ਸਰਕਾਰ ਅਤੇ ਮੁੱਖੀ ਨੂੰ ਇਹੀ ਸਭ ਤੋਂ ਸਹੀ ਰਾਹ ਲੱਗਿਆ। ਸਰਕਾਰ ਨੇ ਨੈਨੀਤਾਲ ਹਾਈਕੋਰਟ ਵਿੱਚ ਦਰਜ ਜਨਹਿਤ ਪਟੀਸ਼ਨ ’ਤੇ ਸੁਣਵਾਈ ਦੇ ਐਨ ਪਹਿਲੇ ਦਿਨ ਇਸ ਰਾਇ ’ਤੇ ਅਮਲ ਕਰਦਿਆਂ ਹੀ ਅਲਾਟਮੈਂਟ ਰੱਦ ਕਰਨ ਦਾ ਇਸ਼ਤਿਹਾਰ ਜਾਰੀ ਕਰ ਦਿੱਤਾ। ਇਸ ਪਿੱਛੋਂ ਅਲਾਟੀਆਂ ਤੋਂ ਲਏ ਗਏ ਪੈਸੇ ਨੂੰ ਸਰਕਾਰ ਨੇ ਵਾਪਸ ਕਰ ਦਿੱਤਾ। ਟੇਂਡਰ ਅਨੁਸਾਰ ਇਹ ਪੈਸੇ ਅਲਾਟੀਆਂ ਤੋਂ ਪ੍ਰੋਸੈਸਿੰਗ ਟੈਕਸ, ਥ੍ਰੈਸ਼ਹੋਲਡ, ਧਨ ਰਾਸ਼ੀ ਸਕਿਊਰਟੀ ਰਾਸ਼ੀ ਆਦਿ ਦੇ ਨਾਂ ’ਤੇ ਲਈ ਗਈ ਸੀ। ਹਰੇਕ ਮਦ ’ਚ ਕਿੰਨਾ-ਕਿੰਨਾ ਪੈਸਾ ਕੰਪਨੀਆਂ ਤੋਂ ਲਿਆ ਗਿਆ ਇਹ ਅਜੇ ਪਤਾ ਹੀ ਨਹੀਂ ਹੈ। ਇਸ ਤੋਂ ਇਲਾਵਾ ਕਿਸ ਨੇ ਕਿੰਨੀ ਅਤੇ ਕਿਸ-ਕਿਸ ਨੂੰ ਰਿਸ਼ਵਤ ਦਿੱਤੀ, ਇਹ ਵੀ ਸਾਫ ਨਹੀਂ ਹੈ। ਨੰਬਰ ਇਕ ਦੇ 32 ਕਰੋੜ ਤੋਂ ਇਲਾਵਾ ਦਿੱਤੀ ਗਈ ਰਿਸ਼ਵਤ ਦੀ ਰਕਮ ਜੋ ਕਿ ਇਸ ਤੋਂ ਕਿਤੇ ਵੱਧ ਹੈ, ਦੇ ਮਾਰੇ ਜਾਣ ਦਾ ਅਲਾਟੀਆਂ

ਨੂੰ ਵੱਧ ਅਫ਼ਸੋਸ ਹੈ। ਉਹ ਇਸ ਖਾਤਰ ਅਦਾਲਤ 'ਚ ਵੀ ਜਾ ਰਹੇ ਹਨ ਕਿਉਂਕਿ ਉਹ ਇਸ ਵਿੱਚ ਏਨਾ ਪੈਸਾ ਖਰਚ ਚੁੱਕੇ ਹਨ। ਸਰਕਾਰ ਦੇ ਖਾਤੇ 'ਚ ਇਸ ਤਰ੍ਹਾਂ ਕੁਲ 32 ਕਰੋੜ ਦੀ ਰਕਮ ਇਕੱਠੀ ਸੀ ਜਿਸ ਨੂੰ ਇਕ ਹੀ ਰਾਤ 'ਚ ਵਾਪਸ ਦੇ ਦਿੱਤਾ ਗਿਆ। ਪਰ ਕੁਝ ਅਲਾਟੀਆਂ ਦੇ ਅਦਾਲਤ 'ਚ ਸਰਕਾਰ ਦੇ ਇਸ ਫੈਸਲੇ ਨੂੰ ਚੁਣੌਤੀ ਦੇ ਦੇਣ ਦੇ ਫੈਸਲੇ ਨੇ ਫਿਰ ਇਕ ਨਵਾਂ ਮੋੜ ਲੈ ਲਿਆ। ਹਾਲ ਦੀ ਘੜੀ ਅਗਲਾ ਦ੍ਰਿਸ਼ ਜੋ ਵੀ ਹੋਵੇ, ਇਸ ਨੇ ਮੌਜੂਦਾ ਮੁੱਖ ਮੰਤਰੀ ਖੇਮੇ ਅਤੇ ਸਾਬਕਾ ਮੁੱਖ ਮੰਤਰੀ ਖੰਡੂਰੀ ਖੇਮੇ ਨਾਲ ਹੋਰ ਵਿਰੋਧੀਆਂ ਵਜੋਂ ਹਾਕਮ ਭਾਰਤੀ ਜਨਤਾ ਪਾਰਟੀ ਨੂੰ ਵੰਡ ਕੇ ਰੱਖ ਦਿੱਤਾ ਹੈ, ਦੇਖਣਾ ਇਹ ਹੈ ਕਿ ਇਹ ਨਾਟਕ ਕਿਸ ਤਰ੍ਹਾਂ ਅੱਗੇ ਵਧਦਾ ਹੈ।

ਉਤਰਾਖੰਡ ਪਣ ਬਿਜਲੀ ਦੇ ਸਾਬਕਾ ਚੇਅਰਮੈਨ ਯੋਗੇਂਦਰ ਪ੍ਰਸ਼ਾਦ ਨੇ ਇਹ ਸੀ. ਡੀ. ਸਰਕਾਰ ਨੂੰ ਜਾਂਚ ਲਈ ਸੌਂਪੀ ਸੀ, ਜਿਸ 'ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਹਾਲਾਂਕਿ ਇਹ ਗੱਲ ਇਕ ਸਾਲ ਪੁਰਾਣੀ ਹੈ। ਇਹ ਗੱਲਬਾਤ ਪਣ ਬਿਜਲੀ ਨਿਗਮ ਦੇ ਇਕ ਆਲਾ ਅਧਿਕਾਰੀ ਬੀ ਸੀ ਕੇ ਮਿਸ਼ਰਾ ਅਤੇ ਸ਼ੀਂਗ ਕੰਪਨੀ ਦੇ ਮਾਲਕ ਸੁਕਮਲ ਚੰਦਰ ਜੈਨ ਵਿਚਕਾਰ ਹੋਈ ਸੀ। ਜੈਨ ਆਪਣੀ ਕੰਪਨੀ ਨੂੰ ਦੋ ਪ੍ਰੋਜੈਕਟ ਦਿਵਾਉਣ ਅਤੇ ਮਿਸ਼ਰਾ ਖੁਦ ਦੇ ਲਈ ਅਤੇ ਸੀ. ਐਮ. ਲਈ ਰਿਸ਼ਵਤ ਤਹਿ ਕਰ ਰਿਹਾ ਹੈ। ਇਸ ਵਿੱਚ ਰਾਜ ਦੇ ਮੁੱਖ ਮੰਤਰੀ ਤੋਂ ਲੈ ਕੇ ਆਰ. ਐਸ. ਐਸ. ਦੇ ਵੱਡੇ ਨੇਤਾਵਾਂ ਤੱਕ ਦੇ ਨਾਂ ਸ਼ਾਮਲ ਹਨ। ਖੁਦ ਨੂੰ ਸਾਫ਼ ਸੁਥਰੀ ਦਿੱਖ ਵਾਲਾ, ਸਭਿਆਚਾਰਕ ਸੰਗਠਨ ਬਣਾਉਣ ਵਾਲੀ ਆਰ. ਐਸ. ਐਸ. ਸਰਮਾਏਦਾਰਾਂ ਦੀ ਰਾਜਨੀਤੀ ਤੇ ਭਰਿਸ਼ਟਾਚਾਰ ਦੀ ਦਲਦਲ 'ਚ ਕਿਸ ਤਰ੍ਹਾਂ ਫਸੀ ਹੋਈ ਹੈ, ਉਹ ਵੀ ਇਸ ਗੱਲਬਾਤ ਤੋਂ ਸਪੱਸ਼ਟ ਹੋ ਰਿਹਾ ਹੈ।

ਮਿਸ਼ਰਾ – ਦੱਸੋ

ਜੈਨ – ਸਾਡਾ ਪ੍ਰੋਜੈਕਟ ਤੁਹਾਨੂੰ ਪਤਾ ਹੈ, ਨੌ ਮੈਗਾਵਾਟ ਦੀ ਅਲਾਟਮੈਂਟ ਹੈ। ਤੁਹਾਨੂੰ ਪਤਾ ਹੈ ਉਸ ਨੂੰ 18 ਮੈਗਾਵਾਟ ਦੀ ਕਰਨਾ ਹੈ। ਉਸ ਨੂੰ ਮੰਜ਼ੂਰੀ ਲਈ ਪ੍ਰਿੰਸੀਪਲ ਸੈਕਟਰੀ ਦੀ ਮੇਜ਼ ਤੱਕ ਪਹੁੰਚਾਉਣ ਦੀ ਗੱਲ ਦੱਸੋ।

ਮਿਸ਼ਰਾ – ਦੇਖੋ, ਅਸੀਂ ਤਾਂ ਇਸ ਨੂੰ ਅੱਗੇ ਐਡੀਸ਼ਨਲ ਸੈਕਟਰੀ ਦੀ ਮੇਜ਼ ਤੋਂ ਅੱਗੇ ਤਾਂ ਪਹੁੰਚਾ ਦਿਆਂਗੇ। ਬਾਕੀ ਉਪਰ ਤੁਸੀਂ ਮੁੱਖ ਮੰਤਰੀ ਨੂੰ ਫੜਨਾ ਹੈ।

ਜੈਨ – ਸੀ. ਐਮ. ਨੂੰ ਤਾਂ ਕਰਨਾ ਹੈ, ਪਰ ਸਰ!

ਮਿਸ਼ਰਾ – ਉਥੇ ਅਜਿਹਾ ਹੀ ਹੁੰਦਾ ਹੈ, ਉਹ ਅਜਿਹਾ ਹੀ ਕਰਦਾ ਹੈ।

ਜੈਨ – ਕੌਣ! ਸੌਰਭ ਜੈਨ?

ਮਿਸ਼ਰਾ – ਸੈਕਟਰੀ ਸੀ. ਐਮ. ਦੇ ਦਫ਼ਤਰੋਂ ਫੋਨ ਆ ਜਾਂਦਾ ਹੈ ਕਿ 'ਇਹ ਕੇਸ ਭੇਜ ਦਿਉ।'

ਜੈਨ – ਅੱਛਾ, ਸੀ. ਐਮ. ਦੇ ਦਫ਼ਤਰੋਂ ਤਾਂ ਆ ਜਾਵੇਗਾ ਸਰ ਸੈਕਟਰੀ ਤੋਂ ਕਰਵਾਓ।

ਮਿਸ਼ਰਾ – ਸੀ. ਐਮ. ਸੈਕਟਰੀ ਜਾਂ ਐਡੀਸ਼ਨਲ ਸੈਕਟਰੀ ਨੂੰ ਫੋਨ ਕਰ ਦਿੰਦਾ ਕਿ ਬਈ ਇਹ ਕੇਸ ਕੀ? ਬਣਾ ਕੇ ਭੇਜੋ ਇਸ ਨੂੰ.....ਇਹ ਕਰਨਾ ਹੈ ਉਹ!

ਜੈਨ - ਸਿ. ਐਮ ਨਾਲ ਤਾਂ ਉੱਥੇ ਮੇਰੀ ਗੱਲ ਹੋਈ ਹੈ।

ਮਿਸ਼ਰਾ - ਤਾਂ ਬਸ ਠੀਕ ਹੈ, ਇਥੋਂ ਇਕ ਵਾਰੀ ਕੇਸ ਠੀਕ ਬਣਕੇ ਚਲਦਾ ਹੈ ਤਾਂ ਉਥੋਂ ਜੇ ਹੋ ਜਾਂਦਾ ਹੈ ਤਾਂ ਅੱਗੇ ਵਧ ਜਾਵੇਗਾ।

ਜੈਨ - ਕਿਸੇ ਚਿੱਠੀ ਬਾਰੇ ਬੋਲਦਿਆਂ ਉਹ ਮੈਂ ਭਗਤ ਸਿੰਘ ਕੋਸ਼ਿਆਰੀ ਨੂੰ ਦੇ ਦਿੱਤੀ, ਚੌਫਾਲ ਨੂੰ ਵੀ ਦਿੱਤੀ।

ਮਿਸ਼ਰਾ - ਚਲੋ ਜਿਸ ਨੂੰ ਵੀ ਦਿੱਤੀ ਮੇਰੀ ਸੁਣੋ! ਮਤਲਬ ਆਦਮੀ ਦੀ ਸਿਆਣਪ ਇਸ ਵਿੱਚ ਹੈ ਕਿ ਅਰਜਨ ਦੀ ਅੱਖ ਕਿੱਥੇ ਹੈ ਉਹ ਵੇਖੋ। ਤੁਸੀਂ ਚੌਫਾਲ ਨੂੰ ਦਿਉ, ਇਸ ਨਾਲ ਇਹ ਚੀਜ਼ਾਂ ਨਹੀਂ ਹੋਣ ਵਾਲੀਆਂ ਹਨ। ਹਰ ਥਾਂ, ਹਰ ਚੀਜ਼ ਦੀ ਹਰ ਕੀਮਤ ਹੈ। ਜਿੱਥੇ ਜਾਊ, ਜਿਸ ਥਾਂ ਜਾਊ ਉਸ ਦੀ ਕੀਮਤ ਹੋਵੇਗੀ।

ਜੈਨ - ਉਹ ਮੇਰੇ ਕੋਲ ਆਏ ਸੀ, ਮੈਂ ਨਹੀਂ ਗਿਆ ਸੀ ਉਹਨਾਂ ਕੋਲ

ਮਿਸ਼ਰਾ - ਸਹੀ ਆਦਮੀ, ਸਟੀਕ ਆਦਮੀ ਨੂੰ ਫੜੋ, ਤੁਹਾਡਾ ਕੰਮ ਚੁਪਚਾਪ ਕਰਵਾਈ ਏ ਬਾਕੀ ਕਿਸੇ ਨੂੰ ਪਤਾ ਨਹੀਂ ਲਗਣ ਦਿੰਦੇ, ਹੇਠਾਂ ਹਰ ਥਾਂ ਸੈਟਿੰਗ ਕਰਕੇ ਰੱਖਦੇ ਹਨ। ਉਸ ਪੱਧਰ ਤੇ ਪੈਰਵੀ ਕਰਦੇ ਹਨ ਚੁਪਚਾਪ!

ਜੈਨ - ਚੌਫਾਲ ਦੇ ਕੁਝ ਆਦਮੀ ਧਰਨੇ 'ਤੇ ਬੈਠੇ ਸਨ। ਉਹਨਾਂ ਦਾ ਫੋਨ ਆਇਆ ਸੀ ਮੇਰੇ ਕੋਲ।

ਮਿਸ਼ਰਾ– ਮੇਰਾ ਕਹਿਣਾ ਇਹ ਹੈ ਕਿ ਡੌਂਟ ਇਨਵੌਲਵ ਐਨੀ ਪੀਪੁਲ ਸੋ ਮੈਨੀ ਪੀਪੁਲ। ਤੁਸੀਂ ਸਹੀ ਥਾਂ ਸਹੀ ਕੰਮ ਕਰਨਾ ਹੈ ਅਤੇ ਕੋਈ ਕੰਮ ਅਜਿਹਾ ਤਾਂ ਹੋਣਾ ਨਹੀਂ ਹੈ। ਯੂ ਹੇਵ ਟੂ ਸਪੈਂਡ! ਤਾਂ ਹੁਣ ਬੇਸਿਕਲੀ ਕੀ ਹੈ ਕਿ ਡੀ ਪੀ ਆਰ ਵਗੈਰਾ ਸਾਰੀ ਚੀਜ਼ਾਂ ਤਾਂ ਵੱਖਰੀਆਂ ਤਹਿ ਹੋਣਗੀਆਂ। ਮੈਂ ਤਾਂ ਪ੍ਰਿੰਸੀਪਲ ਐਗਰੀ ਕਰਨਾ ਹੈ ਕਿ ਜੋ ਪ੍ਰੋਜੈਕਟ ਹਨ ਉਹ ਪ੍ਰੋਜੈਕਟ ਕੀ ਹੈ। ਹੁਣ ਉਸ 'ਚ ਜੋ ਭਰਤਰੀ (ਰਜੀਵ ਭਰਤਰੀ–ਤਤਕਲੀਨ ਅਪਰ ਸਚਿਵ ਊਰਜਾ) ਦੀ ਨੋਟਿੰਗ ਹੈ। ਉਸ 'ਚ ਸਟੇਟ ਨੂੰ, ਬਿਕਾਜ ਆਫ਼ ਦਾ ਚੇਂਜ ਇਕ ਕੰਸਟੀ ਚੂਸ਼ਣ ਆਫ 'ਦ ਪ੍ਰੋਜੈਕਟ।

ਜੈਨ - ਤਾਂ ਕੀ ਕਰਨਗੇ?

ਮਿਸ਼ਰਾ - ਦੋ ਪ੍ਰੋਜੈਕਟ ਮੰਨਦੇ ਹਨ ਤਾਂ 12 ਪ੍ਰਤੀਸ਼ਤ ਦੀ ਫ੍ਰੀ ਪਾਵਰ ਜੋ ਹੈ ਉਹ ਸਟੇਟ ਨੂੰ ਨਹੀਂ ਮਿਲਦੀ ਹੈ। ਇਕ ਪ੍ਰੋਜੈਕਟ ਮੰਨਦੇ ਹਨ 39 ਮੈਗਾਵਾਟ ਹੁੰਦਾ ਹੈ, ਤਾਂ 12 ਫੀਸਦੀ ਫ੍ਰੀ ਪਾਵਰ ਮਿਲਦੀ ਹੈ।

ਜੈਨ - ਉਹ ਤਾਂ ਪਿੱਛੋਂ 18 ਫੀਸਦੀ ਮਿਲੂਗੀ 15 ਸਾਲ ਪਿੱਛੋਂ।

ਮਿਸ਼ਰਾ - ਉਹ ਤਾਂ 15 ਸਾਲ ਬਾਅਦ ਦੀ ਗੱਲ ਕਰ ਰਹੇ ਹਨ। ਇਹ ਤਾਂ ਭਰਤਰੀ ਦੀ ਨੋਟਿੰਗ ਹੈ ਤਾਂ 100.8 ਕਰੋੜ ਦਾ ਲਾਗ ਹੈ ਸਟੇਅ ਨੂੰ ਤਾਂ ਉਸ ਨੂੰ ਕੌਣ ਸਹਿਣ ਕਰੇਗਾ?

ਮਿਸ਼ਰਾ - ਬਾਕੀ ਜੋ ਚੀਜ਼ਾਂ ਹਨ ਮੈਂ ਇਹਨਾਂ ਨੂੰ ਕਹਿ ਦਿੱਤਾ ਹੈ। ਬੇਸ਼ੱਕ 9 ਮੈਗਾਵਾਟ ਦਾ ਪ੍ਰੋਜੈਕਟ ਹੈ, 39 ਮੈਗਾਵਾਟ ਦਾ ਹੋਣਾ ਹੈ 21 ਅਤੇ 18 ਦਾ ਤਾਂ ਚਾਰਜ ਹੋਣਗੇ 30 ਮੈਗਾਵਾਟ ਦੇ ਹੋਣਗੇ ਤੇ ਉਸ 'ਚ ਕੁਝ ਅਡਵਾਸ ਵੀ ਕਰਨਾ ਹੈ।

ਜੈਨ - ਸਰ, ਸਾਨੂੰ ਥੋੜ੍ਹਾ ਸਾਫ਼–ਸਾਫ਼ ਦਸ ਦਿਉ।

ਮਿਸ਼ਰਾ – ਸੀ ਐਮ ਲੈਵਲ ’ਤੇ ਵੀ ਘੱਟੋ–ਘੱਟ 10 ਤੋਂ 15 ਮੰਨ ਕੇ ਚਲੀਏ ਆਪ, ਕੋਈ ਦਬਾਅ ਕੰਮ ਨਹੀਂ ਆਉਂਦਾ ਹੈ, ਇਹ ਮੈਂ ਤੁਹਾਨੂੰ ਦੱਸ ਦਿਆਂ। ਤੁਸੀਂ ਮੇਰੀ ਗੱਲ ਸੁਣੋ, ਜੇ ਤੁਸੀਂ ਸੋਚੋਂ ਕਿ ਸੀ ਐਮ ’ਤੇ ਉਪਰੋਂ ਕੋਸ਼ਿਆਰੀ ਦਬਾਅ ਪਵਾ ਦੇਣਗੇ, ਚੌਫਾਲ ਵੀ ਪਵਾ ਦੇਣਗੇ।

ਜੈਨ – ਅਜਿਹਾ ਨਹੀਂ ਹੈ ਸਰ, ਕੋਸ਼ਿਆਰੀ ਤਾਂ ਮੇਰੇ ਕੋਲ ਮੇਰੀ ਵਾਈਫ਼ ਸਬੰਧੀ ਆਇਆ ਸੀ, ਮੌਤ ਹੋ ਗਈ ਸੀ ਮੇਰੀ ਪਤਨੀ ਦੀ ਤਾਂ ਉਹ ਕਹਿਣ ਲੱਗੇ ਕਿ ਸਾਡਾ ਉਹਨਾਂ ਦੇ ਇਲਾਕੇ ’ਚ ਪ੍ਰੋਜੈਕਟ ਹੈ, ਤੁਸੀਂ ਕੰਮ ਕਿਉਂ ਨਹੀਂ ਕਰ ਰਹੇ ਹੋ। ਮੈਂ ਕਿਹਾ ਸਰਕਾਰ ਤੋਂ ਇਜਾਜ਼ਤ ਨਹੀਂ ਮਿਲ ਰਹੀ ਹੈ। ਇਸ ਲਈ ਬੈਂਕ ਕਰਜ਼ਾ ਨਹੀਂ ਦਿੰਦਾ। ਇਜ਼ਾਜਤ ਮਿਲੇ ਤਾਂ ਬੈਂਕ ਕਰਜ਼ਾ ਦੇ ਦੇਵੇਗਾ ਤਾਂ ਕੰਮ ਵੀ ਸ਼ੁਰੂ ਹੋ ਜਾਵੇਗਾ ਤਾਂ ਉਸ ਨੇ ਕਿਹਾ ਮੈਨੂੰ ਕਾਫੀ ਦਿਉ। ਮੈਂ ਤਾਂ ਇਹ ਗੱਲ ਹੀ ਕੀਤੀ ਸੀ ਇਉਂ ਹੀ ਚੌਫਾਲ ਨਾਲ ਗੱਲ ਹੋਈ ਸੀ। ਚੌਫਾਲ ਦੇ ਤਿੰਨ–ਚਾਰ ਵਾਰੀ ਮੇਰੇ ਕੋਲ ਫ਼ੋਨ ਆਏ ਸਨ ਉਸ ਨੇ ਕਿਹਾ ਲੋਕ ਧਰਨੇ ’ਤੇ ਬੈਠੇ ਹਨ। ਕੰਮ ਕਿਉਂ ਨਹੀਂ ਸ਼ੁਰੂ ਕਰਦੇ। ਇਹ ਗੱਲ ਇਕ ਤਰਫੀ ਹੋਈ ਸੀ।

ਜੈਨ – ਬਿਨਾਂ ਲੈਣ ਦੇਣ ਦੇ ਤਾਂ ਕੰਮ ਨਹੀਂ ਹੁੰਦਾ ਸਰ, ਇਹ ਤਾਂ ਪਾਪ ਹੀ ਹੈ।

ਮਿਸ਼ਰਾ ਨੇ ਆਰ ਐਸ ਐਸ ਦਾ ਜੋ ਟੌਪ ਬਾਸ ਹੈ – ਰਾਜਨਾਥ ਸਿੰਘ, ਹੀ ਇਜ਼ ਕਲੋਜ਼, ਬਟ ਇਟ ਡਜ਼ ਨਾਟ ਮੈਕ ਏਨੀ ਡਿਫਰੈਂਸ।

ਜੈਨ – (ਪੈਸੇ ਘੱਟ ਕਰਾਉਣ ਲਈ) ਤੁਹਾਨੂੰ ਦਸ ਦੇਈਏ ਕਿ ਤੱਥ ਇਹ ਹਨ ਅਤੇ 21 ਵਾਲਿਆਂ ’ਚ ਪਾਰਟੀ ਥੋਡੀ, 18 ’ਚ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਤੁਸੀਂ ਜਦ ਸੌਰਭ ਜੈਨ ਨਾਲ ਗੱਲ ਕਰੋਗੇ ਤਾਂ ਦਸ ਦਿਉਂ ਉਸ ਨੂੰ, ਜੇ ਹੁੰਦਾ ਹੈ ਤਾਂ ਠੀਕ ਹੈ। ਮੈਂ ਇਹ ਤੁਹਾਡੇ ’ਤੇ ਛੱਡਦਾ ਹਾਂ।

ਮਿਸ਼ਰਾ – ਬਾਕੀ ਜਲਦੀ ਹੀ ਕੁਝ ਅਡਵਾਂਸ, ਦੂਜਾ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ, ਰੱਬ ਦੇ ਵਾਸਤੇ।

ਜੈਨ – ਮੇਰੇ ਪਾਰਟਨਰ ਨੂੰ ਤਾਂ ਦੱਸਣਾ ਪਵੇਗਾ, ਮੈਂ ਉਹਨੂੰ ਨਾਂ ਨਹੀਂ ਦੱਸਦਾ।

ਮਿਸ਼ਰਾ – ਸਾਡਾ ਨਾਂ ਨਹੀਂ ਆਉਣਾ ਚਾਹੀਦਾ, ਕਿਧਰੇ ਵੀ।

ਜੈਨ – ਇਸ ਦੀ ਗਰੰਟੀ ਹੈ।

ਮਿਸ਼ਰਾ – ਤੁਹਾਡਾ ਪ੍ਰੋਜੈਕਟ ਬਣ ਜਾਵੇਗਾ ਕੋਈ ਵੱਡੀ ਗੱਲ ਨਹੀਂ ਹੈ। ਮਤਲਬ ਕਾਗਜ਼ ਨੂੰ ਪਾਰ ਲਾਉਣ ਲਈ, ਉਸ ਤੇ ਵਜਨ ਤਾਂ ਪਾਉਣਾ ਹੀ ਪਊ। ਉਹ ਵਜਨ ਏਨਾ ਹੋਵੇ ਕਿ ਕੋਈ ਸਾਲਾ ਨਾਂਹ ਨਾ ਕਰ ਸਕੇ। ਤੁਹਾਡੇ ਕੋਲੋਂ ਮੰਨ ਲਓ 15 ਲੱਖ ਪ੍ਰਤੀ ਮੈਗਾਵਾਟ ਲੈ ਲੈਂਦਾ ਹੈ, ਉਹ ਸੀ ਐਮ 15 ਤੀਆ 45 ਸਾਡੇ ਚਾਰ ਕਰੋੜ ਮੰਨ ਲੈਂਦੇ ਹਾਂ ਮੋਟਾ ਹਿਸਾਬ। 11.5 ਕਰੋੜ ਦੇ ਕਰੀਬ ਸਾਡਾ ਹੋ ਗਿਆ, 5–6 ਕਰੋੜ ਜੇ ਖਰਚਾ ਵੀ ਹੋ ਜਾਂਦਾ ਹੈ ਤਾਂ 40 ਮੈਗਾਵਾਟ ਤੁਹਾਨੂੰ ਮਹਿੰਗਾ ਨਹੀਂ ਪੈਣਾ ਜਿੰਨਾ ਲੇਟ ਹੋ ਗਿਆ ਨਾ ਏਨੇ ਟਾਈਮ ’ਚ ਉਸ ਤੋਂ ਜ਼ਿਆਦਾ ਤੁਹਾਨੂੰ ਕੀਮਤ ਵਧ ਗਈ ਹੈ। ਉਸ ਤੋਂ ਵੱਧ ਪੈਸਾ ਲਗੂ, ਥੋਡਾ।
ਜੈਨ – ਅੱਛਾ ਸਰ, ਇਸ ਸਮੇਂ ਟੈਰਿਫ, ਯੂ. ਵੀ. ਆਰ. ਸੀ. ’ਚ ਕੁਝ ਵਧਣਾ

ਹੈ ਕਿ!

ਮਿਸ਼ਰਾ - 2.80 ਪੈਸੇ ਤਾਂ ਹੁਣ ਹਨ ਅਤੇ ਏਨਾ ਜਨਰੇਸ਼ਨ ਦਾ ਰੇਟ ਨਹੀਂ ਆਉਂਦਾ। ਉਸ ਪਿੱਛੋਂ ਵੀ ਯੂ ਵੀ ਆਰ ਸੀ ਜੇ ਏਲੋ ਕਰਦੀ ਹੈ ਖਰਚੇ ਏਲੋ ਕਰਦੀ ਹੈ ਤਾਂ ਆਪਣਾ ਹੀ ਬਹੁਤ ਹੈ ਤੇ ਇਥੇ ਰੇਟ ਵਧਣਾ ਹੀ ਹੈ। ਇਹ ਤਾਂ ਕੋਈ ਘੱਟ ਨਹੀਂ ਰਹਿਣੀ ਮੈਂ ਦਸ ਰਿਹਾ ਹਾਂ ਕਿ ਇਕ ਵਾਰੀ ਪ੍ਰੋਜੈਕਟ ਬਣ ਜਾਵੇਗਾ ਤਾਂ ਸਾਰੀ ਜਨਰੇਸ਼ਨ ਖਾਂਦੀ ਹੈ। ਉਸ 'ਚ ਕੋਈ ਬਹੁਤੀ ਸੋਚਣ ਵਾਲੀ ਗੱਲ ਨਹੀਂ ਹੈ। ਇਸ ਨੂੰ ਕਰ ਲਵੋ। ਇਕ ਵਾਰੀ ਬਣ ਜਾਵੇ ਤਾਂ ਸਾਲੇ ਨੂੰ ਵੇਚ ਦਿਉ। ਇਸ ਨੂੰ ਪਿੱਛੇ ਕਰ ਕਰਿਉ।

# ਧਰਮ ਅਤੇ ਸੱਤਾ ਦਾ ਆਪਸੀ ਰਿਸ਼ਤਾ ਹੈ ਕੀ?

ਭਾਰਤ ਦਾ ਸੰਵਿਧਾਨ ਭਾਰਤ ਨੂੰ ਧਰਮ ਨਿਰਪੱਖ ਰਾਜ ਵਜੋਂ ਪੇਸ਼ ਕਰਦਾ ਹੈ ਪਰ ਧਰਮ ਨਿਰਪੱਖਤਾ ਦਾ ਅਰਥ ਮਨਮਾਨੀ ਹੈ। ਇਸ ਦੀ ਵਿਆਖਿਆ ਕੁਝ ਵੀ ਕੀਤੀ ਜਾ ਸਕਦੀ ਹੈ। ਜੋ ਵਿਵਸਥਾ ਸਭ ਤੋਂ ਵੱਧ ਪ੍ਰਚਲਿਤ ਹੈ, ਉਸ ਨੂੰ ਭਾਰਤੀ ਰਾਜ ਸਭ ਧਰਮਾ ਪ੍ਰਤੀ ਬਰਾਬਰਤਾ ਦਾ ਸਤਿਕਾਰ ਰੱਖੇਗਾ। ਯਾਨੀ ਭਾਰਤੀ ਸੱਤਾ (ਰਾਜ ਭਾਵ ਸਟੇਟ) ਧਰਮ ਤੇ ਰਾਜ ਦੇ ਸਬੰਧਾਂ ਦੇ ਪੂਰੇ ਨਖੇੜੇ ਜਾਂ ਵਖਰੇਵੇਂ ਦੀ ਥਾਂ ਸਭ ਧਰਮਾਂ ਪ੍ਰਤੀ ਸਮਾਨ ਆਦਰ ਤੇ ਬਰਾਬਰ ਦਾ ਭਾਵ ਰੱਖੇਗਾ। ਰਾਜ ਤੇ ਧਰਮ ਦਾ ਰਿਸ਼ਤਾ 'ਚ ਵੱਖਰਾ ਨਾ ਹੋ ਕੇ ਅਜਿਹਾ ਹੈ। ਜਿਸ ਵਿੱਚ ਉਸ ਨੂੰ ਰਾਜ ਨੂੰ ਦਿਸ਼ਾ ਦੇਣ ਵਾਲੇ ਨੈਤਿਕ ਰਾਹ ਦਰਸਾਵੇ ਤੇ ਉੱਚ ਆਦਰਸ਼ਾਂ ਦਾ ਸ੍ਰੋਤ ਸਮਝਿਆ ਜਾਂਦਾ ਹੈ। ਸੰਵਿਧਾਨ ਦੀ ਉਦੇਸ਼ਿਕਾਂ 'ਚ ਜੋ ਕੁਝ ਵੀ ਲਿਖਿਆ ਗਿਆ ਹੋਵੇ ਅਸਲ ਵਿੱਚ ਵਰਤਾਅ 'ਚ ਭਾਰਤੀ ਰਾਜ ਤੇ ਧਰਮ ਇਸ ਹੱਦ ਤੱਕ ਆਪਸ ਵਿੱਚ ਜੁੜੇ ਹੋਏ ਹਨ ਕਿ ਇਸ ਨੂੰ ਕਿਸੇ ਪਾਸਿਉਂ ਵੀ ਧਰਮਕ ਨਿਰਪੱਖ ਰਾਜ ਨਹੀਂ ਕਿਹਾ ਜਾ ਸਕਦਾ ਹੈ। ਸੰਵਿਧਾਨ ਦੇ ਮੁੱਖ ਸੰਵਿਧਾਨਿਕ ਅਹੁਦਿਆਂ 'ਤੇ ਬੈਠੇ ਲੋਕ, ਰਾਜ ਦੀਆਂ ਸੰਸਥਾਵਾਂ ਅਤੇ ਅਧਿਕਾਰੀ ਕਰਮਚਾਰੀ ਸਰਕਾਰ ਦੇ ਮੁੱਖੀ ਤੇ ਮੈਂਬਰ ਯਾਨੀ ਰਾਜ ਦਾ ਹਰੇਕ ਅੰਗ ਧਰਮ ਵਲੋਂ ਜਾਰੀ ਨਿਰਦੇਸ਼ਾਂ ਤਹਿਤ ਵਰਤਾਅ ਕਰਦਾ ਹੈ। ਜਾਂ ਇਉਂ ਕਹਿ ਲਵੋ ਕਿ ਰਾਜ ਦੇ ਵੱਖ-ਵੱਖ ਅਹੁਦਿਆਂ 'ਤੇ ਬੈਠੇ ਲੋਕ 'ਧਾਰਮਕ ਵਰਤਾਰਾ' ਕਰਦੇ ਹਨ। 'ਸਰਭ ਧਰਮ ਸਦ ਭਾਵਨਾ' ਦਾ ਅਰਥ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਰਾਸ਼ਟਰਪਤੀ ਹਰ ਧਰਮ ਦੇ ਉੱਚ ਉਤਸਵਾਂ 'ਤੇ ਉਹਨਾਂ ਨੂੰ ਵਧਾਈ ਦੇਣਗੇ ਅਤੇ ਸਮੇਂ-ਸਮੇਂ ਸਿਰ ਵੱਖ-ਵੱਖ ਧਾਰਮਿਕ ਸਥਾਨਾਂ 'ਤੇ ਜਾਣਗੇ ਯਾਨੀ ਵੱਡੀ ਧਰਮ ਨਿਰਪੱਖਤਾ ਹੈ ਕਿ ਇਹ ਇਕ ਧਰਮ ਨਹੀਂ ਸਭ ਧਰਮਾਂ ਦੇ ਪਵਿੱਤਰ ਸਥਾਨਾਂ ਦੀ ਯਾਤਰਾ ਕਰਨਗੇ, ਉਹਨਾਂ ਦਾ ਧਾਰਮਿਕ ਸਮਾਗਮ 'ਤੇ ਰਾਜ ਸਰਪ੍ਰਸਤੀ ਮੁਹੱਈਆ ਕਰਵਾਉਣਗੇ ਕਿਉਂ ਭਾਰਤ ਵਿੱਚ ਇਕ ਧਰਮ ਹੀ ਨਹੀਂ ਹੈ। ਇਸ ਲਈ ਸਮਾਜ 'ਚ ਕਈ ਵਾਰੀ ਰਾਜ ਰਵਾਇਤੀ ਤੌਰ 'ਤੇ ਕਿਸੇ ਇਕ ਧਰਮ ਦੇ ਕਰੀਬ ਦਿੱਸਣ ਦੀ ਬਜਾਏ ਇਹ ਵਰਤਾਅ ਕਰਦਾ ਹੈ ਕਿ ਉਹ ਸਭ ਧਰਮਾਂ ਨਾਲ ਬਰਾਬਰ ਦੀ ਨੇੜਤਾ ਅਤੇ ਬਰਾਬਰ ਦੀ ਦੂਰੀ ਬਣਾਕੇ ਰੱਖ ਰਿਹਾ ਹੈ। (ਅਜਿਹੀ ਹਾਲਤ ਨੂੰ ਆਦਰਸ਼ ਹਾਲਤ ਮੰਨਿਆ ਜਾਂਦਾ ਹੈ।) ਇਸਾਈ ਧਰਮ ਦੇ ਨਾਲ ਖ਼ਾਸ ਕਰਕੇ ਇਹ ਵਿਹਾਰ ਕੀਤਾ ਜਾਂਦਾ ਹੈ। ਰਾਜ ਇਸ ਤਰ੍ਹਾਂ ਇਕ ਧਰਮ ਦਾ ਨਹੀਂ ਸਭ ਧਰਮਾਂ ਦਾ ਰਖਵਾਲਾ ਬਣਨ ਦਾ ਰੋਲ ਨਿਭਾਉਂਦਾ ਹੈ। ਧਰਮ-ਨਿਰਪੱਖਤਾ ਦਾ ਸਪੱਸ਼ਟ ਅਰਥ ਇਹ ਹੈ ਕਿ ਧਰਮ ਤੇ ਰਾਜ ਵੱਖ-ਵੱਖ ਹੋਣ। ਧਰਮ ਬੰਦੇ ਦਾ ਨਿੱਜੀ ਮਾਮਲਾ ਐਲਾਨ ਦਿੱਤਾ ਜਾਵੇ। ਯਾਨੀ ਇਹ ਕਿਸੇ ਵਿਅਕਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸੇ ਧਰਮ ਨੂੰ ਮੰਨੇ ਜਾਂ ਨਾ ਮੰਨੇ। ਹਕੂਮਤ ਦੇ ਸਾਰੇ ਮਾਮਲਿਆਂ 'ਚ ਧਰਮ ਦਾ ਦਖਲ ਬੰਦ ਹੋਵੇ। ਇਸ ਤਰ੍ਹਾਂ ਰਾਜ ਧਰਮ ਨੂੰ ਕਿਸੇ ਤਰ੍ਹਾਂ ਨਾਲ ਸੁਰੱਖਿਅਤ ਨਾ ਕਰੇ, ਹਮਾਇਤ ਜਾਂ ਸਹਿਯੋਗ ਨਾ ਦੇਵੇ। ਰਾਜਸੀ ਤੇ ਸਮਾਜਕ ਜੀਵਨ 'ਚ ਧਰਮ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਰਾਜ

ਦੇ ਸਰੋਤਾਂ ਤੇ ਸਾਧਨਾਂ ਦੀ ਵਰਤੋਂ ਧਾਰਮਕ ਕੰਮਾਂ ਲਈ ਜਾ ਕੀਤੀ ਜਾਵੇ। ਸਿੱਖਿਆ ਖੇਤਰ ਵਿੱਚ ਵੀ ਧਰਮ ਦਾ ਕੋਈ ਦਖਲ ਨਾ ਹੋਵੇ। ਰਾਜ ਜਾਂ ਉਸ ਦੀਆਂ ਸੰਸਥਾਵਾਂ ਵਲੋਂ ਧਾਰਮਿਕ ਸਿੱਖਿਆ ਨਾ ਦਿੱਤੀ ਜਾਵੇ, ਜਿਸ ਦਾ ਅਰਥ ਸਮਾਜ ਨੂੰ ਜਾਗੀਰੂ, ਮਧਯੁੱਗੀ, ਧਾਰਮਕ ਕੱਟੜਤਾ ਤੇ ਅੰਧਵਿਸਵਾਸ਼ਾਂ ਖਿਲਾਫ਼ ਤਿੱਖਾ ਸੰਘਰਸ਼ ਅਤੇ ਉਸ ਦੀ ਥਾਂ 'ਤੇ ਜਮਹੂਰੀ ਤੇ ਵਿਗਿਆਨਕ ਮੁੱਲਾਂ ਤੇ ਚਿੰਤਨ ਨੂੰ ਸਥਾਪਤ ਕਰਨਾ ਹੋਵੇ। ਹਾਂ ਅਜਿਹਾ ਧਰਮ ਨਿਰਪੱਖ ਰਾਜ ਧਾਰਮਿਕ ਆਜ਼ਾਦੀ ਦੀ ਗਰੰਟੀ ਦੇਵੇਗਾ।

ਜੇ ਭਾਰਤ ਸਟੇਟ (ਰਾਜ ਜਾਂ ਹਕੂਮਤ) ਆਪਣੇ ਜਨਮ ਤੋਂ ਹੀ ਉਕਤ ਢੰਗ ਨਾਲ ਵਰਤਾਅ ਕਰਦੀ ਹੈ ਤਾਂ ਅੱਜ ਭਾਰਤ ਦੀ ਬਿਲਕੁਲ ਵੱਖਰੀ ਤਸਵੀਰ ਹੋਵੇਗੀ। ਧਾਰਮਕ ਜਨੂੰਨ ਤੇ ਸਮੇਂ ਸਿਰ ਹੋਣ ਵਾਲੇ ਫਿਰਕੂ ਦੰਗਿਆਂ ਦਾ ਅੰਤ ਹੋ ਚੁੱਕਿਆ ਹੁੰਦਾ। ਧਾਰਮਕ ਕਟੜਤਾ, ਅੰਧ ਵਿਸ਼ਵਾਸ ਖ਼ਤਮ ਹੋ ਚੁੱਕੇ ਹੁੰਦੇ ਅਤੇ ਉਹਨਾਂ ਨਾਲ ਜੁੜੀਆਂ ਹਜ਼ਾਰਾਂ ਭੈੜੀਆਂ ਰਹੁ-ਰੀਤਾਂ ਦਾ ਖਾਤਮਾ ਹੋ ਚੁੱਕਿਆ ਹੁੰਦਾ। ਔਰਤਾਂ ਖੁੱਲ੍ਹੀ ਹਵਾ 'ਚ ਸਾਹ ਲੈ ਰਹੀਆਂ ਹੁੰਦੀਆਂ, ਕੰਨਿਆ ਭਰੂਣ ਹੱਤਿਆ, ਦਹੇਜ ਹੱਤਿਆ, ਬਾਲ ਵਿਆਹ, ਬਹੁ ਵਿਆਹ, ਇੱਜ਼ਤ ਦੇ ਨਾਂ ਤੇ ਕਤਲ, ਧਾਰਮਿਕ ਅੰਧਵਿਸ਼ਵਾਸਾਂ ਕਾਰਨ ਹੁੰਦੇ ਕਤਲ ਆਦਿ ਜਮਹੂਰੀ ਤੇ ਵਿਗਿਆਨਕ ਮੁੱਲਾਂ ਤੇ ਚੇਤਨਾ ਦੇ ਪਸਾਰ ਦੇ ਨਾਲ ਹੁਣ ਤੱਕ ਖਤਮ ਹੋ ਚੁੱਕੇ ਹਨ। ਕਟੜਤਾਵਾਂ, ਅੰਧਵਿਸ਼ਵਾਸਾਂ ਦੇ ਸਮੁੰਦਰ 'ਚ ਡੁੱਬੀ ਭਾਰਤ ਦੀ ਅੱਜ ਦੀ ਨੌਜਵਾਨ ਪੀੜੀ ਜਮਹੂਰੀ ਤੇ ਵਿਗਿਆਨਕ ਮੁੱਲਾਂ-ਵਿਚਾਰਾਂ ਦੇ ਪਸਾਰ-ਪ੍ਰਚਾਰ ਕਾਰਣ ਆਜ਼ਾਦ ਫਿਜ਼ਾ 'ਚ ਵਿਚਰ ਰਹੀ ਹੁੰਦੀ। ਮਜ਼ਦੂਰਾਂ-ਕਿਸਾਨਾਂ ਦੇ ਉਪਰ ਲੱਦੇ ਧਰਮ ਦੇ ਜੂਲੇ ਦੇ ਹਟਣ ਨਾਲ ਵੀ ਭਾਰਤੀ ਸਮਾਜ ਵਿੱਚ ਉਹ ਵੀ ਆਸਾਨੀ ਨਾਲ ਸਾਹ ਲੈ ਰਹੇ ਹੁੰਦੇ। ਹੁਣ ਇਹ ਸਵਾਲ ਉਠਣਾ ਲਾਜ਼ਮੀ ਹੈ ਕਿ ਭਾਰਤੀ ਰਾਜ ਨੇ ਸਹੀ ਤੇ ਸੱਚੀ ਧਰਮ ਨਿਰਪੱਖਤਾ ਨੂੰ ਅਪਣਾਉਣ ਦੀ ਬਜਾਏ 'ਸਰਭ ਧਰਮ ਸਦ-ਭਾਵਨਾ' ਨੂੰ ਕਿਉਂ ਗ੍ਰਹਿਣ ਕੀਤਾ ਕਿਉਂਕਿ ਇਹ ਧਾਰਮਿਕ ਜਲਸੇ ਜਲੂਸਾਂ ਦਾ ਸਿੱਧਾ ਜਾਂ ਅਸਿੱਧਾ ਆਯੋਜਕ ਬਣਦਾ ਹੈ ਕਿਉਂਕਿ ਉਹ ਰਾਜ ਦੀ ਮਸ਼ੀਨਰੀ ਨੂੰ ਧਾਰਮਕ ਤਿਉਹਾਰਾਂ ਆਯੋਜਨਾ ਦੀ ਸੇਵਾ, ਸੁਰੱਖਿਆ ਤੇ ਪ੍ਰਬੰਦ 'ਚ ਉਤਰਦਾ ਹੈ। ਇਹ ਦੋ ਗੱਲਾਂ ਮਹੱਤਵਪੂਰਨ ਬਣ ਜਾਂਦੀਆਂ ਹਨ ਇਕ ਭਾਰਤ ਹਕੂਮਤ (ਰਾਜ) ਜੋ ਦਲਾਲ ਨੌਕਰਸ਼ਾਹ ਸਰਮਾਏਦਾਰੀ, ਜਾਗੀਰਦਾਰੀ ਤੇ ਸਾਮਰਾਜ ਦੇ ਹਿੱਤਾਂ ਦੀ ਰਾਖੀ ਕਰਦੀ ਹੈ। ਉਸ ਦੀ ਉਤਪਤੀ ਤੇ ਵਿਕਾਸ ਦੀ ਯਾਤਰਾ ਦੇ ਨਾਲ ਉਸ ਦੇ ਅਨੁਭਵ ਤੇ ਉਸ ਦੇ ਨੇਤਾਵਾਂ ਦਾ ਸਦਾ ਧਾਰਮਕ ਮਾਲਾ ਜਪਣਾ ਤੇ ਦੂਜਾ ਪੂਰੀ ਦੁਨੀਆਂ ਖਾਸ ਕਰਕੇ ਸਰਮਾਏਦਾਰੀ ਸਮਾਜ ਦੇ ਜਨਮਦਾਤਾ ਯੂਰਪ, ਇੰਗਲੈਂਡ ਤੇ ਫਰਾਂਸ ਦੇ ਅਨੁਭਵਾਂ ਨੂੰ ਬਹੁਤ ਜਲਦੀ ਹੀ ਸਿਖ ਲਿਆ ਕਿ ਧਰਮ ਉਸਦੀ ਹਕੂਮਤ ਨੂੰ ਬਣਾਈ ਰੱਖਣ 'ਚ ਬੇਹੱਦ ਕਾਰਗਰ ਹਥਿਆਰ ਸਾਬਤ ਹੋ ਸਕਦਾ ਹੈ। ਤਰਕਸ਼ੀਲ, ਜਮਹੂਰੀ, ਵਿਗਿਆਨਕ ਚਿੰਤਨ ਦਾ ਵਿਕਾਸ ਖਾਸ ਕਰਕੇ ਭੌਤਿਕਵਾਦੀ ਦਰਸ਼ਨ ਨਾ ਸਿਰਫ ਜਾਗੀਰਦਾਰਾਂ ਬਲਕਿ ਖੁਦ ਸਰਮਾਏਦਾਰੀ ਜਮਾਤ ਦੀ ਹਕੂਮਤ ਨੂੰ ਖਤਰੇ 'ਚ ਪਾ ਸਕਦਾ ਹੈ। ਫਰਾਂਸ ਤੇ ਇੰਗਲੈਂਡ ਦੀ ਸਰਮਾਏਦਾਰੀ ਜਮਾਤ ਨੇ ਭੌਤਿਕ-ਵਾਦੀ ਫਿਲਾਸਫੀ ਦੇ ਵਿਕਾਸ ਨੇ ਅਤੇ ਉਸ ਦੇ ਵਧਦੇ ਪ੍ਰਭਾਵ ਅਤੇ ਇਸ ਦੇ ਮਜ਼ਦੂਰ ਜਮਾਤ ਦੇ ਬਿਲਕੁਲ ਅਨੁਸਾਰੀ ਹੋਣ ਨੇ ਉਸ ਨੂੰ ਡੂੰਘੇ ਸੰਕਟ

ਦਾ ਅਗਾਊਂ ਅਹਿਸਾਸ ਉਸ ਸਮੇਂ ਦੀਆਂ ਕਈ ਘਟਨਾਵਾਂ ਨੇ ਇਕੱਠਾ ਹੀ ਕਰਵਾ ਦਿੱਤਾ ਸੀ। ਅੰਗ੍ਰੇਜ਼ ਪੂੰਜੀਪਤੀ ਨੇ ਧਰਮ ਦੀ ਸੱਤਾ ਨੂੰ ਚੁਣੌਤੀ ਦੇਣ ਦੀ ਬਜਾਏ ਉਸ ਦੀ ਮਿਹਨਤਕਸ਼ ਜਨਤਾ ਦੀ ਚੇਤਨਾ ਨੂੰ ਖੁੰਢਾ ਕਰਨ 'ਚ ਨਿਭਾ ਸਕਣ ਵੀ ਕਾਰਗਰ ਭੂਮਿਕਾ ਦਾ ਅਹਿਸਾਸ ਹੋ ਗਿਆ ਸੀ। ਦਲਾਲ ਨੌਕਰਸ਼ਾਹ ਸਰਮਾਏਦਾਰੀ ਜਮਾਤ (ਭਾਰਤ) ਨੇ ਆਪਣੀ ਹਕੂਮਤ ਦੌਰਾਨ ਹੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। ਤਿਲਕ, ਗਾਂਧੀ ਵਰਗੇ ਧਰਮ ਦੀ ਵਰਤੋਂ ਕਰਦੇ ਰਹੇ ਗਾਂਧੀ ਵਾਲੀ ਧਰਮ ਨਿਰਪੱਖਤਾ ਨੂੰ ਹੀ ਭਾਰਤੀ ਸੰਵਿਧਾਨ ਨੇ ਗ੍ਰਹਿ ਕੀਤਾ। ਇਸ 'ਧਰਮ ਨਿਰਪੱਖਤਾ' 'ਚ ਬਹੁਤ ਚਲਾਕੀ ਨਾਲ ਕੁਸ਼ਲਤਾਪੂਰਵਕ ਅਧੁਨਿਕ ਧਾਰਣਾ ਦੇ ਆਵਰਣ ਵਿੱਚ ਧਰਮ ਦੀ ਪਿਛਾਖੜੀ ਭੂਮਿਕਾ ਨੂੰ ਰਾਖਵਾਂ ਕਰ ਦਿੱਤਾ ਗਿਆ ਸੀ। ਹੁਣ ਰਾਜ ਨੂੰ ਭਾਰਤੀ ਮਿਹਨਤਕਸ਼ ਜਨਤਾ ਨੂੰ ਤਰਕਸ਼ੀਲ, ਵਿਗਿਆਨਕ ਚਿੰਤਨ ਨਾਲ ਲੈਸ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ ਬਲਕਿ ਉਹ ਇਸ ਤੋਂ ਜਿੰਨਾ ਵੱਧ ਦੂਰ ਰਹੇ ਉਨ੍ਹਾਂ ਹੀ ਭਾਰਤ ਦੀ ਦੇਸੀ ਹਕੂਮਤ ਲਈ ਚੰਗਾ ਸੀ। ਭਾਰਤੀ ਹਕੂਮਤ ਦੇ ਨੁਮਾਇੰਦੇ ਵੀ ਜਦ ਇਸ ਨੂੰ ਸਥਾਪਿਤ ਕਰਨ ਲਈ ਕੱਟੜਤਾ ਭਰਿਆ ਧਾਰਮਿਕ ਵਿਹਾਰ ਤੇ ਆਚਰਣ ਕਰਦੇ ਹਨ ਤਾਂ ਉਸ ਨਾਲ ਆਮ ਲੋਕਾਂ 'ਚ ਘ੍ਰਿਣਾ ਦੀ ਬਜਾਏ ਆਦਰ ਦੇ ਪਾਤਰ ਬਣ ਜਾਂਦੇ ਹਨ। ਭਾਰਤ ਦੇ ਹਿੰਦ ਫਾਸਿਸ਼ਟ ਸੰਗਠਨ ਜਦ ਇਸ ਸਰਭਧਰਮ ਸਦਭਾਵਨਾ ਵਾਲੀ ਧਰਮ ਨਿਰਪੱਖਤਾ ਨੂੰ ਖੱਸੀ ਧਰਮ ਨਿਰਪੱਖਤਾ ਕਹਿੰਦੇ ਹਨ ਤਾਂ ਇਕ ਅਰਥ 'ਚ ਉਹ ਠੀਕ ਹੀ ਕਹਿੰਦੇ ਹਨ ਪਰ ਅਜਿਹਾ ਕਹਿੰਦਿਆਂ ਉਸ ਦਾ ਮਕਸਦ ਕੁਝ ਹੋਰ ਹੀ ਹੁੰਦਾ ਹੈ। ਉਹਨਾਂ ਦੇ ਹਿਸਾਬ ਨਾਲ ਭਾਰਤੀ ਰਾਜ, ਭਾਰਤੀ ਰਾਜਸੀ ਪਾਰਟੀਆਂ ਤੇ ਸੰਸਥਾਵਾਂ ਨੂੰ 'ਸਰਭ ਧਰਮ ਸਹਿਹੋਂਦ' ਨਹੀਂ ਬਲਕਿ ਹਿੰਦ ਧਰਮ ਦੇ ਹਿਸਾਬ ਨਾਲ ਹੀ ਆਚਰਣ ਤੇ ਵਿਸ਼ੇਸ਼ ਵਰਤਾਅ ਕਰਨਾ ਚਾਹੀਦਾ ਹੈ। ਹਿੰਦੂ ਧਰਮ ਨੂੰ ਹੋਰ ਧਰਮਾਂ ਦੇ ਬਰਾਬਰ ਰੱਖਣਾ ਗਲਤ ਹੈ, ਉਹ ਨੂੰ ਸਭ ਤੋਂ ਵੱਧ ਹਰਮਨ ਪਿਆਰੀ ਥਾਂ ਮਿਲਣੀ ਚਾਹੀਦੀ ਹੈ ਇਥੋਂ ਤੱਕ ਕਿ ਉਸ ਦੇ ਹਿਸਾਬ ਨਾਲ ਰਾਜ (ਸਟੇਟ) ਰਾਜ ਤੇ ਸਮਾਜ ਦੀ ਮੁੜ ਵਿਉਂਤ-ਬੰਦੀ ਕੀਤੀ ਜਾਣੀ ਚਾਹੀਦੀ ਹੈ। ਭਾਰਤ ਨੂੰ ਹਿੰਦੂ ਦੇਸ਼ ਬਣਾਇਆ ਜਾਣਾ ਚਾਹੀਦਾ ਹੈ ਅਤੇ ਉਸ 'ਚ ਹੋਰ ਧਰਮਾਂ ਮੱਤਾ ਨੂੰ ਮੰਨਣ ਵਾਲਿਆਂ ਨੂੰ ਇਸ ਦੇ ਦਾਬੇ ਤੇ ਅਜ਼ਾਰੇਦਾਰੀ ਨੂੰ ਮੰਨ ਲੈਣਾ ਚਾਹੀਦਾ ਹੈ। ਰਾਜ (ਹਕੂਮਤ) ਦੀ ਸਰਭ ਧਰਮ ਸੁਭਾਅ ਵਾਲੀ ਨੀਤੀ ਪ੍ਰਤੀ ਉਹਨਾਂ ਨੂੰ ਸਖਤ ਇਤਰਾਜ਼ ਹੈ। ਜੇ ਸਚਾਈ ਇਹੀ ਹੈ ਤਾਂ ਭਾਰਤੀ ਰਾਜ ਦੀ ਸਰਭਧਰਮ ਸੁਭਾਅ ਵਾਲੀ ਨੀਤੀ ਵੀ ਆਪਣੇ ਜਨਮ ਤੋਂ 'ਹਿੰਦੂ ਕੱਟੜਵਾਦ' ਨਾਲ ਬੁਰੀ ਤਰ੍ਹਾਂ ਗ੍ਰਸਿਤ ਹੈ ਅਤੇ ਜੇ ਹਕੂਮਤ ਹੋਰ ਧਰਮਾਂ ਨਾਲ ਥੋੜ੍ਹਾ ਜਿਹਾ ਵੀ ਨਰਮ ਵਰਤਾਅ ਕਰਦੀ ਹੈ ਤਾਂ ਉਸ ਨੂੰ 'ਮੁਸਲਿਮ ਜਨੂੰਨ', 'ਘਣਗਿਣਤੀ ਜਨੂੰਨ' ਕਹਿ ਦਿੱਤਾ ਜਾਂਦਾ ਹੈ। ਅਜਿਹਾ ਕਹਿ ਕੇ ਹਿੰਦੂ ਫਾਸਿਸ਼ਟ ਆਪਣੇ ਟੀਚੇ ਨੂੰ ਹਾਸਲ ਕਰਨ ਲਈ ਰਾਜਸੀ ਮਸਾਲਾ ਪਾ ਜਾਂਦੇ ਹਨ। ਇਹਨਾਂ ਦੇ ਹਿਸਾਬ ਨਾਲ ਰਾਜ ਕੁੰਭ ਮੇਲੇ ਵਰਗੀਆਂ ਮੁਹਿੰਮਾਂ 'ਤੇ ਤਾਂ ਖੁੱਲ੍ਹ ਕੇ ਪੈਸਾ ਖਰਚ ਕਰੇ ਪਰ ਹੁਜ ਯਾਤਰਾ ਤੇ ਪੈਸਾ ਖਰਚ ਹੋਵੇ ਤਾਂ ਉਹ ਮੁਸਲਿਮ ਜਨੂੰਨ ਜਾਂ ਖੱਸੀ ਧਰਮ ਨਿਰਪੱਖਤਾ ਹੈ। ਮਨੁੱਖ ਜਾਤੀ ਦੇ ਬਹੁਤ ਲੰਮੇ ਇਤਿਹਾਸ ਨੂੰ ਨਹੀਂ ਸਿਰਫ ਪਿਛਲੀ ਸਦੀ ਦੇ ਹੀ

ਇਤਿਹਾਸ ਤੋਂ ਹੀ ਜੇ ਸਬਕ ਲਿਆ ਜਾਵੇ ਤਾਂ ਇਹ ਲਾਜ਼ਮੀ ਹੈ ਕਿ ਧਰਮ ਨਿੱਜੀ ਮਾਮਲਾ ਐਲਾਨ ਕੇ ਰਾਜ, ਸਮਾਜ, ਰਾਜ ਨੀਤੀ, ਸਿੱਖਿਆ ਆਦਿ 'ਚ ਉਸ ਦੀ ਭੂਮਿਕਾ ਨੂੰ ਤੁਰੰਤ ਖਤਮ ਕਰ ਦਿੱਤਾ ਜਾਵੇ। ਸਿੱਧੀ ਜਿਹੀ ਸਪੱਸ਼ਟ ਗੱਲ ਹੈ ਕਿ ਧਰਮ ਦੀ ਭੂਮਿਕਾ ਨਿੱਜੀ ਮਾਮਲੇ ਤੱਕ ਸੀਮਤ ਕਰਨੀ ਉਸ ਸਮਾਜ ਦੇ ਵਸ ਦੀ ਗੱਲ ਨਹੀਂ ਹੈ ਜੋ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਹਿੱਤਾਂ ਤਹਿਤ ਚਲਦਾ ਹੋਵੇ।

# ਕੀ ਲੱਠਮਾਰਾਂ ਦੀ ਪੁੱਛਗਿੱਛ ਵਧੀ ਹੈ?

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇ ਨਜ਼ਰ ਸਾਲ 2009 ਦੀਆਂ ਲੋਕ ਸਭਾ ਚੋਣਾਂ ਪਿਛੋਂ, ਜਿਹਨਾਂ 'ਚ ਅਪਰਾਧੀ ਨੇਤਾਵਾਂ ਤੇ ਉਹਨਾਂ ਦੇ ਉਮੀਦਵਾਰਾਂ ਨੂੰ ਹਾਰ ਦਾ ਮੁੱਖ ਦੇਖਣਾ ਪਿਆ ਸੀ ਦੇਸ਼ ਭਰ 'ਚ ਸੁਰਖੀਆਂ 'ਚ ਨਵੇਂ ਵੋਟਰਾਂ ਦੇ ਉਭਰਨ ਅਤੇ ਬਿਹਾਰ ਦੇ ਬਹੁਬਲੀ (ਲੱਠਮਾਰ) ਨੇਤਾਵਾਂ ਦੇ ਯੁੱਗ ਦੇ ਆਉਣ ਦੀ ਗੱਲ ਕਹੀ ਗਈ ਸੀ। ਇਕ ਸਾਲ ਪਿੱਛੋਂ ਅਜਿਹਾ ਲੱਗਦਾ ਹੈ ਕਿ ਵਕਤ ਦੀ ਸੂਈ ਪਿੱਛੇ ਘੁੰਮ ਰਹੀ ਹੈ। ਅਕਤੂਬਰ ਵਿੱਚ ਵਿਧਾਨ ਸਭਾ ਚੋਣਾਂ ਤਹਿ ਹਨ ਅਤੇ ਬਿਹਾਰ ਦੇ ਚੋਟੀ ਦੇ ਨੇਤਾ ਇਹਨਾਂ ਲੱਠਮਾਰਾਂ ਨੂੰ ਭਰਮਾਉਣ ਦੀ ਹਰ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਕਾਂਗਰਸ ਸਮੇਤ ਲਗਭਗ ਸਭ ਰਾਜਸੀ ਪਾਰਟੀਆਂ ਇਹਨਾਂ ਅਪਰਾਧੀ ਨੇਤਾਵਾਂ ਨੂੰ ਆਪਣੇ ਪਾਲੇ 'ਚ ਲਿਆਉਣ ਦੀ ਕੋਸ਼ਿਸ਼ 'ਚ ਜੁਟੀਆਂ ਹਨ। ਨੇਤਾਵਾਂ ਨੂੰ ਸੱਤਾ ਦੇ ਦੋ ਮੁੱਖ ਦਾਅਵੇਦਾਰ-ਲਾਲੂ ਪ੍ਰਸ਼ਾਦ ਦਾ ਜਨਤਾ ਦਲ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਜਨਤਾ ਦਲ (ਯੂ), ਇਸ ਖੇਡ (ਰਾਜਦ) 'ਚ ਸਭ ਤੋਂ ਅੱਗੇ ਨਜ਼ਰ ਆ ਰਹੇ ਹਨ। ਜੇ ਨਿਤੀਸ਼ ਹੱਤਿਆ ਦੇ ਦੋਸ਼ੀ ਅਤੇ ਸਾਬਕਾ ਐਮ. ਪੀ ਅਨੰਦ ਮੋਹਨ ਦੀ ਪਿਤਰੀ ਰਿਹਾਇਸ਼ 'ਤੇ 'ਸਮਾਜਦ ਮੁਲਾਕਾਤ' ਲਈ ਗਏ, ਜਿਥੇ ਆਨੰਦ ਮੋਹਨ ਦੀ ਮਾਂ ਨੇ ਉਹਨਾਂ ਨੂੰ ਅਸ਼ੀਰਵਾਦ ਦਿੱਤਾ ਤਾਂ ਲਾਲੂ ਪ੍ਰਸ਼ਾਦ ਮੁਹੰਮਦ ਸਾਹਬੁਦੀਨ ਨਾਲ ਮਿਲਣ ਲਈ ਸੀਵਾਨ ਦੀ ਜੇਲ੍ਹ ਵਿੱਚ ਹੀ ਪਹੁੰਚ ਗਏ। ਲਾਲੂ ਤੇ ਨਿਤੀਸ਼ ਦੋਨੋ ਹੀ ਜਥੇਬੰਦਕ ਖਾਮੀਆਂ ਤੇ ਰਵਾਇਤੀ ਜਨ ਆਧਾਰ 'ਚ ਆਈ ਰੁਕਾਵਟ ਨਾਲ ਨਿਪਟਣ ਲਈ ਆਖਰੀ ਸਮੇਂ 'ਚ ਸਮੀਕਰਣ ਦਰੁਸਤ ਕਰਨ ਦੀ ਕਵਾਇਤ 'ਚ ਜੁਟੇ ਹਨ। ਉਹਨਾਂ ਨੇ ਦੁਸ਼ਮਣ ਕੈਂਪ ਤੋਂ ਦਾਂਗੀ ਲੱਠਮਾਰ ਗੁੰਡੇ ਨੇਤਾਵਾਂ ਪ੍ਰਭੂਨਾਥ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਤਸਲੀਮੁਦੀਨ ਨੂੰ ਆਪਣੇ ਖੇਮੇ 'ਚ ਲਿਆਉਣ 'ਚ ਲੋੜੀਂਦੀ ਲਚਕ ਵਿਖਾਈ ਹੈ। ਹਾਲਾਂਕਿ ਲਾਲੂ ਪ੍ਰਸ਼ਾਦ ਨੇ ਤਾਂ ਰਾਜਨੀਤੀ ਦੇ ਅਪਰਾਧੀਕਰਨ ਖਿਲਾਫ਼ ਕਦੀ ਕੋਈ ਰੁਖ ਨਹੀਂ ਅਪਣਾਇਆ ਪਰ ਨਿਤੀਸ਼ ਦੇ ਵਰਤਾਅ 'ਚ ਇਹ ਬਦਲਾਅ ਵਾਕਿਆ ਹੀ ਹੈਰਾਨ ਕੁੰਨ ਹੈ ਕਿਉਂਕਿ ਉਹ ਹਮੇਸ਼ਾ ਤੋਂ ਸਾਫ਼ ਰਾਜਨੀਤੀ ਦੀ ਸਹੁੰਆਂ ਖਾ ਕੇ ਆਏ ਹਨ। ਅਜਿਹਾ ਲੱਗਦਾ ਹੈ ਕਿ ਉਹਨਾਂ ਨੇ ਇਸ ਗੱਲ ਤੋਂ ਆਪਣੀਆਂ ਅੱਖਾਂ ਫੇਰ ਲਈਆਂ ਹਨ ਕਿ ਰਾਜਸੀ ਤੌਰ 'ਤੇ ਗਲਤ-ਠੀਕ ਕੀ ਹੈ। ਮਿਸਾਲ ਦੇ ਦੌਰ 'ਤੇ ਪੁਲਸ ਨੇ ਵਾਰਸਲੀਗੰਜ ਦੇ ਆਜ਼ਾਦ ਵਿਧਾਇਕ ਪ੍ਰਦੀਪ ਮਹਤੋ ਨੂੰ ਖੁਲ੍ਹਾ ਛੱਡ ਰੱਖਿਆ ਹੈ। ਜਦ ਕਿ ਉਹਨਾਂ ਖਿਲਾਫ ਇਕ ਕੇਸ 'ਚ ਕਈ ਦੋਸ਼ ਜਿਹਨਾਂ 'ਚ ਕਤਲ ਦੇ ਦੋਸ਼ ਵੀ ਸ਼ਾਮਲ ਹਨ। ਕਾਰਣ ਵਰੰਟ ਜਾਰੀ ਹਨ। ਵਰੰਟਾਂ ਦੇ ਬਾਵਜੂਦ ਮਹਤੋ ਨੂੰ ਸਤੀਸ਼ ਦੇ ਨਾਲ ਮੰਚ ਸਾਂਝਾ ਕਰਦੇ ਵੇਖਿਆ ਗਿਆ ਹੈ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਲਾਲੂ, ਪ੍ਰਸ਼ਾਦ ਵੀ ਕਾਫੀ ਜਲਦਬਾਜ਼ੀ ਵਿੱਚ ਹੈ ਕਿਉਂਕਿ ਕਿਤੇ ਅਜਿਹਾ ਨਾ ਹੋਵੇ ਕਿ ਉਹਨਾਂ ਤੋਂ ਪਹਿਲਾਂ ਨਤੀਸ਼ ਕਿਸੇ ਲੱਠਮਾਰ (ਬਹੁਬਲੀ) 'ਤੇ ਹੱਥ ਸਾਫ਼ ਕਰ ਲਵੇ। ਆਨੰਦ ਮੋਹਨ ਦੇ ਘਰ ਤਕ ਨਤੀਸ਼ ਦੇ ਦੌਰੇ ਦੇ ਤੁਰੰਤ ਪਿੱਛੋਂ ਰਾਜਦ ਦੇ ਪ੍ਰਧਾਨ ਜਨਰਲ ਸਕੱਤਰ ਤੇ ਰਾਜ ਸਭਾ

ਐਮ. ਪੀ. ਰਾਮ ਕ੍ਰਿਪਾਲ ਯਾਦਵ ਜੇਲ੍ਹ 'ਚ ਬੰਦ ਸਾਬਕਾ ਐਮ ਪੀ ਨਾਲ 'ਰਾਜਨੀਤੀ 'ਤੇ ਚਰਚਾ' ਕਰਨ ਲਈ ਦੋ ਵਾਰੀ ਸਹਿਰਸਾ ਜੇਲ੍ਹ ਗਏ। ਆਨੰਦ ਮੋਹਨ 1994 'ਚ ਗੋਪਾਲਗੰਜ ਦੇ ਜ਼ਿਲ੍ਹਾ ਮੈਜਿਸਟ੍ਰੇਟ ਜੀ ਕ੍ਰਿਸ਼ਣੈਆ ਦੀ ਸੜਕ 'ਤੇ ਕੀਤੀ ਹੱਤਿਆ ਸਬੰਧੀ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਬਿਹਾਰ 'ਚ ਰਾਜਨੀਤੀ ਦੇ ਚੋਟੀ ਦੇ ਖਿਡਾਰੀਆਂ ਦੀ ਕੁਲ ਮਿਲਾ ਕੇ ਰਾਜਨੀਤੀ ਦੇ ਇਸ ਨਵੇਂ ਬ੍ਰਾਂਡ 'ਤੇ ਅਮਲ ਕਰਨ ਦੇ ਨਾਲ ਹੀ ਇਸ ਨੇ ਵੱਡਿਆਂ-ਵੱਡਿਆਂ ਨੂੰ ਹੈਰਾਨ ਕਰ ਦਿੱਤਾ ਹੈ। ਆਉਣ ਵਾਲੀਆਂ ਚੋਣਾਂ 'ਚ ਲਾਲੂ ਤੇ ਨਿਤੀਸ਼ ਦੀ ਕਿਸਮਤ ਕਾਫ਼ੀ ਹੱਦ ਤੱਕ ਦਾਅ 'ਤੇ ਲੱਗਿਆ ਹੋਣ ਕਾਰਨ ਦੋਹਾਂ ਨੇ ਹੀ ਆਪਣੀ ਘਬਰਾਹਟ ਜ਼ਾਹਿਰ ਕਰ ਦਿੱਤੀ ਹੈ। ਜਿੱਥੇ ਲਾਲੂ ਇਸ ਚੁਣਾਵੀ ਮਹਾਂ-ਪਰਲੋ 'ਚ ਡੁੱਬਣ ਤੋਂ ਖੁਦ ਨੂੰ ਬਚਾਉਣ ਦੀ ਹਰ ਸੰਭਵੀ ਕੋਸ਼ਿਸ਼ 'ਚ ਜੁਟੇ ਹੋਏ ਹਨ ਉਥੇ ਨਿਤੀਸ਼ ਦੀ ਕੋਸ਼ਿਸ਼ ਕਿਸੇ ਵੀ ਤਰ੍ਹਾਂ ਉਹਨਾਂ ਨੂੰ ਇਸ 'ਚ ਡੁਬੋ ਦੇਣ ਦੀ ਹੈ। ਇਸ ਲਈ ਇਹ ਦੋਨੇ ਨੇਤਾ ਲੱਠਮਾਰਾਂ ਨੂੰ ਸੰਤੁਸ਼ਟ ਕਰਨ ਦਾ ਕੋਈ ਮੌਕਾ ਛੱਡਣ ਦੇ ਮੂਡ ਵਿੱਚ ਨਜ਼ਰ ਨਹੀਂ ਆ ਰਹੇ ਹਨ। ਇਸ ਤੋਂ ਜ਼ਾਹਿਰ ਹੈ ਕਿ ਲਾਲੂ ਤੇ ਨਿਤੀਸ਼ ਅਨੰਦ ਮੋਹਨ ਨੂੰ ਭਰਮਾਉਣ 'ਚ ਕਿਉਂ ਲੱਗੇ ਹੋਏ ਹਨ ਜਦਕਿ ਉਹ ਇਹ ਤੱਥ ਭੁੱਲ ਜਾਂਦੇ ਹਨ ਕਿ ਉਹਨਾਂ ਦੀ ਪਤਨੀ ਲਵਲੀ ਅਨੰਦ ਨੂੰ 2009 ਦੀਆਂ ਲੋਕ ਸਭਾ ਚੋਣਾਂ 'ਚ ਸਿਰਫ 81479 ਵੋਟ ਮਿਲੇ ਸਨ ਤੇ ਉਹ ਸ਼ਿਵਹਰ ਤੋਂ ਕਾਂਗਰਸ ਦੀ ਟਿਕਟ 'ਤੇ ਚੌਥੀ ਥਾਂ 'ਤੇ ਰਹੀ ਸੀ। ਜੇ ਇਸ ਵਾਰੀ ਵੀ ਅਜਿਹਾ ਹੀ ਕੁਝ ਹੁੰਦਾ ਹੈ ਤਾਂ ਇਹ ਵਿਧਾਨ ਸਭਾ ਚੋਣ ਲਈ ਕਾਫੀ ਕਾਰਗਰ ਰਹੇਗਾ, ਲੋਕ ਸਭਾ ਚੋਣ ਦੇ ਉਲਟ ਵਿਧਾਨ ਸਭਾ ਚੋਣ 'ਚ ਜਿੱਤ ਦਾ ਫਰਕ ਅਨੁਪਾਤਿਕ ਅਰਥਾ 'ਚ ਕਾਫੀ ਘੱਟ ਰਹਿੰਦਾ ਹੈ। 1998 ਦੀਆਂ ਲੋਕ ਸਭਾ ਚੋਣਾਂ ਦੌਰਾਨ ਬਿਹਾਰ 'ਚ 64.6 ਫੀਸਦੀ ਵੋਟਾਂ ਪਈਆਂ ਸਨ, ਇਕ ਸਾਲ ਪਿੱਛੋਂ ਵੋਟਾਂ ਦਾ ਅੰਕੜਾ 61.48 ਫੀਸਦੀ 'ਤੇ ਪਹੁੰਚ ਗਿਆ। 2009 ਦੀ ਲੋਕ ਸਭਾ ਚੋਣ 'ਚ ਰਾਜ ਦੇ 5.44 ਕਰੋੜ ਵੋਟਰਾਂ 'ਚੋਂ ਸਿਰਫ਼ 44 ਫੀਸਦੀ ਨੇ ਹੀ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਵੋਟਾਂ ਦੇ ਘਟਦੇ ਰੁਝਾਣ ਕਾਰਨ ਵੀ ਸ਼ਾਇਦ ਲੱਠਮਾਰ ਬਹੁਬਲੀਆਂ ਦੀ ਪੁੱਛ ਗਿੱਛ ਹੋ ਗਈ ਹੈ ਕਿਉਂਕਿ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੁਝ ਵੋਟ ਤਾਂ ਦਵਾ ਹੀ ਦੇਣਗੇ। ਹਾਲ ਦੀ ਘੜੀ ਇਹ ਦਲੀਲ ਲੱਠਮਾਰਾਂ ਲਈ ਬਿਹਾਰ ਵੱਲ ਨੇਤਾਵਾਂ ਦੇ ਝੁਕਾਅ ਨੂੰ ਭਾਵੇਂ ਜ਼ਾਹਿਰ ਕਰਨ ਪਰ ਉਹਨਾਂ ਦੇ ਲੱਠਮਾਰਾਂ ਨਾਲ ਪਿਆਰ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। ਅਸਲ 'ਚ ਸ਼ਹਾਬੁਦੀਨ, ਅਨੰਦ ਮੋਹਨ, ਪੱਪੂ ਯਾਦਵ ਸੂਰਜ ਭਾਨ ਤੇ ਮੁੰਨਾ ਸ਼ੁਕਲਾ ਬਿਹਾਰ 'ਚ ਬਹੁਬਲੀਆਂ ਦੀ ਰਾਜਨੀਤੀ ਹੋਰ ਲੱਠਮਾਰਾਂ ਤੋਂ ਥੋੜ੍ਹੀ ਵੱਖਰੀ ਹੈ। ਉਹ ਇਸ ਲਈ ਕਿਉਂਕਿ ਉਹ ਚੋਣ ਲੜ ਸਕਦੇ ਹਨ ਪਰ ਇਹ ਲੋਕ ਨਹੀਂ ਕਿਉਂਕਿ ਇਹਨਾਂ ਸਬੰਧੀ ਦੋਸ਼ ਸਿੱਧ ਹੋ ਚੁੱਕੇ ਹਨ, ਉਹ ਗੈਂਗਸਟਰ ਵੀ ਸਨ ਤਾਂ ਆਪਣੀ ਜਾਤੀ ਦੇ ਆਗੂ ਹੋਣ ਦੇ ਨਾਲ-ਨਾਲ ਠੇਕੇਦਾਰ ਤੇ ਲੋਕ ਨੁਮਾਇੰਦੇ ਸਨ, ਉਹ ਇਕ ਅਜਿਹੇ ਲੈਂਡਸਕੈਪ 'ਚ ਆਪਣੀ ਹਰ ਭੂਮਿਕਾ ਅਦਾ ਕਰਦੇ ਸਨ ਜਿੱਥੇ ਨੇਤਾਵਾਂ ਤੇ ਅਪਰਾਧੀਆਂ ਨੂੰ ਵੰਡਣ ਵਾਲੀ ਰੇਖਾ ਕਾਫ਼ੀ ਹੱਦ ਤੱਕ ਮਿਟ ਚੁੱਕੀ ਸੀ। ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਲੱਠਮਾਰ ਉਸ ਸਹਿਜਤਾ ਦੇ ਪ੍ਰਤੀਕ ਸਨ। ਜਿਸ ਦੇ ਜ਼ਰੀਏ ਉਹ ਆਸਾਨੀ

ਨਾਲ ਬਿਹਾਰ ਦੀ ਰਾਜਨੀਤੀ ’ਚ ਆਪਣਾ ਦਬਦਬਾ ਕਾਇਮ ਕਰ ਲੈਂਦੇ ਸਨ, ਇਹ ਆਪਣੇ ਵੱਖ-ਵੱਖ ਮਖੌਟੇ ਪਹਿਨਣ ਦੇ ਨਾਲ ਹੀ ਅਪਰਾਧ ਤੇ ਰਾਜਨੀਤੀ ਦਾ ਵੀ ਖੂਬ ਮਿਸ਼ਰਣ ਕਰ ਲੈਂਦੇ ਸਨ। ਬਿਹਾਰ ਦੇ ਵੱਖ-ਵੱਖ ਗੁੱਟਾਂ ’ਚ ਵੰਡੇ ਸਮਾਜ ’ਚ ਅਨੰਦ ਮੋਹਨ ਤੇ ਸਹਾਬੁਦੀਨ ਵਰਗੇ ਅਪਰਾਧੀਆਂ ਨੂੰ ਜਾਤੀ ਜਾਂ ਫਿਰਕੇ ਦੇ ਨਾਇਕ ਵਜੋਂ ਮਾਣ ਦਿੱਤਾ ਜਾਂਦਾ ਹੈ। ਸਮਾਜ ਸਾਸ਼ਤਰੀ ਹੇਤੂਕਰਞਾ ਕਹਿੰਦੇ ਹਨ, “ਬਿਹਾਰ ’ਚ ਸੱਤਾ ਸਾਂਝੀ ਕਰਨ ਤੋਂ ਇਲਾਵਾ ਹਮਾਇਤ ਦੇਣ ਲਈ ਜਾਤੀ ਹਮੇਸ਼ਾ ਤੋਂ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਆਈ ਹੈ। ਇੱਥੇ ਜਾਤੀ ਰਾਜਨੀਤਕ ਤੇ ਵਿਚਾਰਧਾਰਕ ਪ੍ਰਤੀ ਬੱਧਤਾਵਾਂ ਨੂੰ ਭੜਕਾਉਣ ’ਚ ਅਹਿਮ ਭੂਮਿਕਾ ਅਦਾ ਕਰਦੀ ਹੈ” ਚੀਜ਼ਾਂ ਜਿੰਨੀਆਂ ਬਦਲਦੀਆਂ ਹਨ, ਉਨ੍ਹੀਆ ਹੀ ਉਹ ਯਥਾਵਤ ਵੀ ਰਹਿੰਦੀਆਂ ਹਨ। ਬਿਹਾਰ ’ਚ ਇਹ ਗੱਲ ਪਹਿਲਾਂ ਨਾਲੋਂ ਕਿਤੇ ਵੱਧ ਸੱਚ ਲੱਗਣ ਲੱਗੀ ਹੈ।

# ਕੀ ਹੈ ਪ੍ਰਮਾਣੂ ਜੁਆਬਦੇਹੀ ਬਿੱਲ?

ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ, ਪ੍ਰਮਾਣੂ ਜੁਆਬਦੇਹੀ ਬਿੱਲ ਕਾਨੂੰਨ ਬਣ ਜਾਣ ਨਾਲ ਕਾਂਗਰਸ ਦੀ ਚਿਰਾਂ ਦੀ ਰੀਝ ਪੂਰੀ ਹੋਈ ਹੈ। ਇਸ ਕਾਨੂੰਨ ਨੂੰ ਜਿਉਂ ਦਾ ਤਿਉਂ ਲਾਗੂ ਕਰਨ ਲਈ ਕਾਂਗਰਸ ਬਹੁਤ ਬੇਚੈਨ ਸੀ। ਹੁਣ ਤਾਂ ਬਸ ਕੁਝ ਫਾਰਮੇਲਟੀ ਹੀ ਬਚੀ ਹੈ। ਇਹ ਇਸ ਬਿੱਲ ਨੂੰ ਓਬਾਮਾ ਦੀ ਭਾਰਤ ਯਾਤਰਾ ਦੇ ਤੋਹਫੇ ਵਜੋਂ ਦੇਣਾ ਚਾਹੁੰਦੀ ਸੀ। ਅਮਰੀਕੀ ਸਰਕਾਰ ਵੀ ਇਸ ਬਿੱਲ ਸਬੰਧੀ ਕਾਫੀ ਦਬਾਅ ਬਣਾ ਰਹੀ ਸੀ। ਮਨਮੋਹਨ ਸਿੰਘ ਨੇ ਹੁਣ ਕੁਝ ਮਾਮੂਲੀ ਫੇਰ ਬਦਲ ਕਰਕੇ ਓਬਾਮਾ ਨੂੰ ਤੋਹਫੇ ਵਜੋਂ ਭੇਟ ਦੇਣ ਦੀ ਪੂਰੀ ਤਿਆਰੀ ਕਰ ਦਿੱਤੀ ਹੈ। ਵਿਰੋਧੀ ਧਿਰ (ਮੁੱਖ ਤੌਰ ’ਤੇ ਭਾਜਪਾ, ਖੱਬੇ) ਇਸ ਦਾ ਵਿਰੋਧ ਕਰ ਰਹੇ ਸਨ। ਭਾਜਪਾ ਵਲੋਂ ਦਿੱਤੀਆਂ ਗਈਆਂ 7-8 ਸੋਧਾਂ ’ਤੇ ਸਮਝੌਤਾ ਕਰਕੇ ਹੁਣ ਕਾਂਗਰਸ ਤੇ ਭਾਜਪਾ ਬਿੱਲ ਦੇ ਪੱਖ ਵਿੱਚ ਹਨ ਅਤੇ ਇਸ ’ਤੇ ਬਿੱਲ 25 ਅਗਸਤ ਨੂੰ ਲੋਕ ਸਭਾ ਵਿੱਚ ਪਾਸ ਹੋ ਗਿਆ। ਪ੍ਰਮਾਣੂ ਜੁਆਬ ਦੇ ਹੀ ਬਿੱਲ ਕਿੰਨਾ ਲੋਕ ਵਿਰੋਧੀ ਤੇ ਚਾਰ ਸੌ ਵੀਹ ਹੈ, ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਭਾਰਤ ਸਰਕਾਰ ਵਲੋਂ ਬਿੱਲ ਦੀ ਆਮ ਜਾਣਕਾਰੀ ਨਹੀਂ ਦਿੱਤੀ ਗਈ। ਬਿੱਲ ਦੀਆਂ ਵਿਵਸਥਾਵਾਂ ਨੂੰ ਲੋਕਾਂ ਤੋਂ ਛੁਪਾਇਆ ਗਿਆ। ਜਨਤਾ ਨੂੰ ਬਿੱਲ ਦੀ ਜਾਣਕਾਰੀ ਸਤੰਬਰ 2009 ’ਚ ਮਿਲੀ। ਇਹ ਵੀ ਫੈਡਰੇਸ਼ਨ ਆਫ਼ ਇੰਡੀਅਨ ਚੈਂਬਰਸ ਆਫ਼ ਕਾਮਰਸ ਐਂਡ ਇੰਡਸਟ੍ਰੀਸ (ਫਿਕੀ) ਵਲੋਂ ਸਰਕਾਰ ਨੇ ਫਿਕੀ ਨੂੰ ਇਹ ਬਿੱਲ ਸਮੀਖਿਆ ਲਈ ਦਿੱਤਾ ਗਿਆ ਸੀ। ਸਰਕਾਰ ਦੀ ਇਹ ਕਾਰਵਾਈ ਲੋਕਾਂ ਦੇ ਨਾਲ ਕੀਤੇ ਜਾ ਰਹੇ ਛਲਾਵੇ ਨੂੰ ਉਜਾਗਰ ਕਰ ਦਿੰਦੀ ਹੈ। ਭਾਰਤ ਸਰਕਾਰ ਦਾ ਪੂਰਾ ਪ੍ਰਮਾਣੂ ਪ੍ਰੋਗ੍ਰਾਮ ਛਲਾਵਿਆਂ-ਧੋਖਿਆਂ ਨਾਲ ਭਰਿਆ ਪਿਆ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਨਾਲ ਨਿਊਕਲੀਅਰ ਡੀਲ ਦੇ ਮਸੌਦੇ ਨੂੰ ਵੀ ਭਾਰਤ ਸਰਕਾਰ ਛੁਪਾਉਂਦੀ ਰਹੀ। ਭਾਰਤੀ ਲੋਕਾਂ ਨੂੰ ਇਸ ਮਸੌਦੇ ਦਾ ਪਤਾ ਉਦੋਂ ਲੱਗਿਆ ਜਦ ਅਮਰੀਕੀ ਅਧਿਕਾਰੀ ਨੇ ਇਸ ਮਸੌਦੇ ਨੂੰ ਬਕਵਾਸ ਕਰਨਾ ਤੇ ਲੋਕਾਂ ਨੂੰ ਹਨੇਰੇ ’ਚ ਰੱਖਣ ਇਸ ਪੂਰੇ ਪ੍ਰਮਾਣੂ ਪ੍ਰੋਗ੍ਰਾਮ ’ਚ ਖੁੱਲ੍ਹ ਕੇ ਸਾਹਮਣੇ ਆਇਆ। ਪ੍ਰਮਾਣੂ ਜੁਆਬਦੇਹੀ ਬਿੱਲ ਦੀ ਮੂਲ ਆਤਮਾ ਦੇਸੀ-ਵਿਦੇਸ਼ੀ ਪੂੰਜੀਪਤੀਆਂ ਨੂੰ ਦੁਰਘਟਨਾ ਪਿੱਛੋਂ ਦੀਆਂ ਜ਼ਿੰਮੇਵਾਰੀਆਂ ’ਚ ਛੋਟ ਦੇਣਾ ਹੈ। ਯਾਨੀ ਭਾਵੇਂ ਭੂਪਾਲ ਗੈਸ ਕਾਂਡ ਤੋਂ ਵੀ ਭਿਅੰਕਰ ਕਾਂਡਾਂ ਨੂੰ ਰਚਨ ਦੀ ਛੋਟ ਦੇਣਾ ਹੈ ਯਾਨੀ ਉਹਨਾਂ ਨੂੰ ਭੂਪਾਲ ਗੈਸ ਕਾਂਡ ਤੋਂ ਵੀ ਭਿਅੰਕਰ ਕਾਡਾਂ ਨੂੰ ਰਚਨ ਦੀ ਛੋਟ ਦੇਣਾ ਹੈ। ਇਹ ਬਿੱਲ ਸਿਰਫ਼ ਮੁਆਵਜ਼ੇ ਤੱਕ ਸੀਮਤ ਹੈ। ਮੁਆਵਜ਼ਾ ਕਿਵੇਂ ਮਿਲੇ ਕੌਣ ਦੇਵੇ, ਮੁਆਵਜ਼ਾ ਨਾ ਦੇਣ ’ਤੇ ਪੂੰਜੀਪਤੀ ਆਪਣੀਆਂ ਫੈਕਟਰੀਆਂ ’ਚ ਸੁਰੱਖਿਆ ਇੰਤਜ਼ਾਮਾ ਤੇ ਕਈ ਉਪਕਰਣਾਂ ਦੇ ਖਰਾਬ ਹੋ ਜਾਣ ਦੇ ਬਾਵਜੂਦ ਉਹਨਾਂ ਤੋਂ ਕੰਮ ਲੈਂਦਾ ਹੈ। ਉਸ ਦੇ ਮੁਨਾਫੇ ’ਚ ਕਮੀ ਨਾ ਹੋਵੇ, ਆਪਣੇ ਮੁਨਾਫੇ ਨੂੰ ਵਧਾਉਣ ਲਈ ਉਹ ਘੱਟ ਮਜ਼ਦੂਰਾਂ ਨੂੰ ਰੱਖਦਾ ਹੈ ਜਾਂ ਗੈਰ ਹੁਨਰਮੰਦ ਮਜ਼ਦੂਰਾਂ ਨੂੰ ਵੀ ਸਸਤੀ ਮਜ਼ਦੂਰੀ ਵਜੋਂ ਮਸ਼ੀਨਾਂ ’ਤੇ ਕੰਮ ਕਰਵਾਉਂਦਾ ਹੈ ਤਾਂ ਕਿ ਉਸ ਦਾ ਮੁਨਾਫਾ ਵਧਦਾ ਰਹੇ। ਇਸ ਮੁਨਾਫੇ ਦੀ ਹਵਸ਼ ਦਾ ਸਿੱਟਾ ਅਸੀਂ ਭੂਪਾਲ ਗੈਸ ਕਾਂਡ, ਫਰੀਦਾਬਾਦ ਅਗਨੀ ਕਾਂਡ ਤੇ ਕਈ ਫੈਕਟਰੀਆਂ ’ਚ ਰੋਜ਼ਾਨਾ ਦੀਆਂ

ਛੋਟੀਆਂ ਵੱਡੀਆਂ ਘਟਨਾਵਾਂ ਵਜੋਂ ਵੇਖਦੇ ਹਾਂ। ਇਸ ਮੁਨਾਫ਼ੇ ਦੀ ਹਵਸ਼ ਬਾਰੇ ਬਿੱਲ ਮੂੰਹ ਤੱਕ ਨਹੀਂ ਖੋਹਲਦਾ। ਵਿਰੋਧੀ ਧਿਰ ਨੇ ਬਿੱਲ ਦਾ ਵਿਰੋਧ ਕਰਕੇ ਰਸਮ ਹੀ ਨਿਭਾਈ ਹੈ ਉਸ ਦੀ ਰਸਮ ਅਦਾਇਗੀ ਉਸ ਦੇ ਵਿਰੋਧ ਦੇ ਨੁਕਤਿਆਂ ਤੋਂ ਸਪੱਸ਼ਟ ਹੈ। ਭਾਜਪਾ ਦੇ ਬਿੱਲ 'ਚ ਕੁਝ ਕਾਸਮੇਟਿਕ ਸੁਝਾਅ ਦਰਜ ਕਰ ਦਿੱਤੇ। ਵਿਰੋਧੀ ਧਿਰ ਵਲੋਂ ਮੁਆਵਜ਼ੇ ਦੀ ਰਾਸ਼ੀ 500 ਕਰੋੜ ਰੁਪਏ ਤੋਂ ਵਧ ਕੇ 1500 ਕਰੋੜ ਰੁਪਏ ਕਰਵਾ ਦਿੱਤੀ। ਬਿੱਲ ਦੇ ਅਨੁਛੇਦ 17 (ਬੀ) ਤੇ 17 (ਸੀ) ਦੇ ਤਹਿਤ ਜੇ ਸਪਲਾਈ ਕਰਤਾ (ਸਪਲਾਇਰ) ਦੇ ਇਰਾਦੇ ਕਾਰਣ ਕੋਈ ਨੁਕਸਾਨ ਹੁੰਦਾ ਹੈ ਤਾਂ ਅਪਰੇਟਰ ਉਸ ਤੋਂ ਪੂਰਤੀ ਮੰਗ ਸਕਦਾ ਹੈ। ਇਸ ਅਨੁਛੇਦ 'ਚੋਂ ਇਰਾਦਾ ਸ਼ਬਦ ਹਟਾ ਦਿੱਤਾ ਗਿਆ ਹੈ। ਅਨੁਛੇਦ 17-ਬੀ ਜਿਸ ਦੀ ਸੋਧ 'ਤੇ ਕਾਫੀ ਝਮੇਲਾ ਰਿਹਾ। ਇਸ ਦੇ ਤਹਿਤ ਸਪਲਾਈ ਕਰਤਾ ਨੂੰ ਜੁਆਬਦੇਹੀ ਬਿੱਲ ਦੇ ਤਹਿਤ ਲਿਆਂਦਾ ਗਿਆ। ਅਦਾਰੇ ਦੇ ਬਣਨ ਤੋਂ ਲੈ ਕੇ 20 ਸਾਲ ਤੱਕ ਦੁਰਘਟਨਾ ਹੋਣ 'ਤੇ ਸਪਲਾਈ ਕਰਤਾ ਨੂੰ ਮੁਆਵਜ਼ਾ ਦੇਣਾ ਪਵੇਗਾ। ਦੇਸ਼ ਦਾ ਇੱਕੋ ਇਕ ਪ੍ਰਮਾਣੂ ਊਰਜਾ ਉਤਪਾਦਕ। ਸਰਕਾਰ ਵਲੋਂ ਕੰਟਰੋਲ ਨਿਊਕਲੀਅਰ ਪਾਵਰ ਕਾਰਪੋਰੇਸ਼ਨ (ਐਨ ਪੀ ਸੀ ਆਈ ਐਲ) ਫਿੱਕੀ ਤੇ ਕਈ ਪੂੰਜੀਪਤੀ ਇਸ ਸੋਧ ਦੇ ਵਿਰੋਧ ਵਿੱਚ ਹਨ। ਉਹਨਾਂ ਦਾ ਤਰਕ ਹੈ ਕਿ ਇਸ ਨਾਲ ਸਪਲਾਈ ਕਰਤਾ ਨਿਰਾਸ਼ ਹੋਣਗੇ। 17 ਪ੍ਰਮਾਣੂ ਕਾਰਖਾਨਿਆਂ 'ਚ ਦੇਸੀ ਸਨਅਤਾਂ ਦੀ ਭਾਗੀਦਾਰੀ ਸੀਮਤ ਹੋਵੇਗੀ। ਲਾਰਸਨ ਐਂਡ ਟਰਬੋ ਦੇ ਮੁੱਖੀ ਵੀ ਇਸ ਸੋਧ ਦੇ ਵਿਰੋਧੀ ਹਨ। ਉਹਨਾਂ ਦਾ ਕਹਿਣਾ ਹੈ ਕਿ ਹਰ ਪ੍ਰਮਾਣੂ ਕਾਰਖਾਨੇ ਨਾਲ 300 ਤੋਂ 400 ਸਪਲਾਈ ਕਰਤਾ ਜੁੜੇ ਹੋਏ ਹਨ। ਇਹਨਾਂ ਨੂੰ ਬਿੱਲ ਦੇ ਦਾਇਰੇ 'ਚ ਲਿਆਉਣਾ ਸਪਲਾਈ ਕਰਤਾ ਨਾਲ ਨਿਆਂ ਨਹੀਂ ਹੋਵੇਗਾ। ਸਪਲਾਈ ਕਰਤਾ (ਜਿਹਨਾਂ 'ਚ ਦੇਸੀ ਵਿਦੇਸ਼ੀ ਪੂੰਜੀਪਤੀ ਹਨ) ਪ੍ਰਮਾਣੂ ਭੱਠੀਆਂ, ਬ੍ਰੀਡਰ ਰਿਐਕਟਰ ਤੋਂ ਲੈ ਕੇ ਹਰ ਤਕਨੀਕ ਦੀ ਸਪਲਾਈ ਉਹ ਆਪਣੇ ਨੂੰ ਇਸ ਨਾ ਮਾਤਰ ਦੇ ਮੁਆਵਜ਼ੇ ਤੋਂ ਵੀ ਬਚਾਉਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਚਾਹੇ ਉਹ ਪੁਰਾਣੀ ਖਰਾਬ ਤਕਨੀਕ ਦੇਵੇ। ਇਸ ਕਾਰਨ ਜੇ ਕੋਈ ਦੁਰਘਟਨਾ ਹੁੰਦੀ ਹੈ ਤਾਂ ਉਸ ਨੂੰ ਇਸ ਦਾ ਜ਼ਿੰਮੇਵਾਰ ਨਾ ਮੰਨਿਆ ਜਾਵੇ। ਉਸ ਨੂੰ ਕਿਸੇ ਨੂੰ ਵੀ ਮੁਆਵਜ਼ਾ ਨਾ ਦੇਣਾ ਪਵੇ। ਮੁਨਾਫਾ ਤਾਂ ਪੂਰਾ ਬਟੋਰਿਆ ਜਾਵੇ ਪਰ ਜ਼ਿੰਮੇਵਾਰੀ ਕੋਈ ਨਾ ਹੋਵੇ। ਪ੍ਰਮਾਣੂ ਜੁਆਬਦੇਹੀ ਬਿੱਲ 'ਚ ਕੀਤੀ ਇਹ ਸੋਧ ਸਿਰਫ ਕਾਸਮੇਟਿਕ ਸੁਧਾਰ ਹੀ ਹੈ, ਜੋ ਝਗੜਾ ਬਹਿਸ ਨੇ ਉਹ ਦੁਰਘਟਨਾ ਪਿੱਛੋਂ ਕਮਾਏ ਗਏ ਮੁਨਾਫੇ ਵਿਚੋਂ ਕੌਣ ਤੇ ਕਿੰਨਾ ਮੁਆਵਜ਼ਾ ਦੇਵੇਗਾ, ਇਸ ਗੱਲ ਨੂੰ ਲੈ ਕੇ ਹੈ। ਇਹ ਸਾਰਾ ਝਗੜਾ ਪੂੰਜੀਪਤੀਆਂ ਦੇ ਮੁਨਾਫੇ ਦ ਹਵਸ ਨੂੰ ਪੂਰੀ ਤਰ੍ਹਾਂ ਨੰਗੇ ਚਿੱਟੇ ਰੂਪ 'ਚ ਦਿਖਾਉਂਦਾ ਹੈ। ਇਹ ਪੂੰਜੀਪਤੀ ਆਮ ਲੋਕਾਂ ਦੇ ਜੀਵਨ ਨੂੰ ਕੀੜੇ-ਮਕੌੜਿਆਂ ਤੋਂ ਵੱਧ ਕੁਝ ਨਹੀਂ ਸਮਝਦੇ ਹਨ। ਪੂੰਜੀਪਤੀਆਂ ਦੀ ਪੈਰੋਕਾਰ ਸਰਕਾਰ ਦਾ ਵੀ ਜਨਤਾ ਪ੍ਰਤੀ ਇਹ ਰੁਖ ਹੈ। ਇਸ ਤਰ੍ਹਾਂ ਦੀਆਂ ਗੰਭੀਰ ਲਾਪ੍ਰਵਾਹੀਆਂ ਕਾਰਨ ਹਾਦਸੇ ਹੁੰਦੇ ਹਨ ਉਹ ਅਸਲ 'ਚ ਹਾਦਸੇ ਨਹੀਂ ਬਲਕਿ ਹੱਤਿਆਵਾਂ ਹਨ, ਕਤਲੇਆਮ ਹੈ ਅਤੇ ਜੇ ਇਹ ਬਿੱਲ ਕਤਲੇ ਆਮ ਮਚਾਉਣ ਵਾਲਿਆਂ ਨੂੰ ਸਿਰਫ ਮੁਆਵਜ਼ੇ ਤੱਕ ਸੀਮਤ ਰੱਖਦਾ ਹੈ ਤਾਂ ਇਹ ਬਿੱਲ ਲੋਕਾਂ ਦੇ ਨਾਲ ਧੋਖਾ ਤੇ ਪੂੰਜੀਪਤੀਆਂ ਨੂੰ ਕਤਲੇਆਮ ਕਰਨ ਦੀ ਆਜ਼ਾਦੀ ਦੇਣਾ ਹੈ।

# ਕਸ਼ਮੀਰ ਦਾ ਮੁੱਦਾ ਹੈ ਕੀ?

ਬਲਰਾਜਪੁਰੀ ਦੀ ਕਿਤਾਬ ਕਸ਼ਮੀਰ ਬਗਾਵਤ ਵੱਲ (Kashmir towards insurgeny) 'ਚ ਨਾ ਸਿਰਫ਼ ਕਸ਼ਮੀਰ ਆਵਾਮ ਦੇ ਨਾਲ ਭਾਰਤ ਤੇ ਪਾਕਿਸਤਾਨੀ ਹੁਕਮਰਾਨਾ ਵਲੋਂ ਕੀਤੇ ਗਏ ਵਿਸ਼ਵਾਸਘਾਤ ਨੂੰ ਉਜ਼ਾਗਰ ਕੀਤਾ ਹੈ ਬਲਕਿ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਦੀਆਂ ਉਮੀਦਾਂ ਅਤੇ ਭਾਰਤ ਸਰਕਾਰ ਤੇ ਭਾਰਤੀ ਫ਼ੌਜ ਵਲੋਂ ਜਾਰੀ ਜਬਰ ਨੂੰ ਵੀ ਨੰਗਾ ਕੀਤਾ ਹੈ। 1980 ਦੇ ਦਹਾਕੇ ਦੇ ਅੰਤ ਤੇ 1990 ਦੇ ਦਹਾਕੇ ਦੇ ਪਹਿਲੇ ਅੱਧ ਦੀ ਹਾਲਤ 'ਤੇ ਉਨ੍ਹਾਂ ਨੇ ਆਪਣੀ ਕਿਤਾਬ 'ਚ ਇਕ ਸਵਾਲ ਕੀਤਾ ਸੀ ਕਿ ਕਬਾਇਲੀ ਹਮਲੇ ਸਮੇਂ ਜਿਸ ਕਸ਼ਮੀਰੀ ਜਨਤਾ ਨੇ ਭਾਰਤੀ ਫ਼ੌਜ ਦਾ ਅੱਖਾਂ ਵਿਛਾ ਕੇ ਸਵਾਗਤ ਕੀਤਾ ਸੀ ਤੇ ਉਸ ਨੂੰ ਆਪਣਾ ਮੁਕਤੀ ਦਾਤਾ ਸਮਝਿਆ ਸੀ ਅੱਜ ਉਹੀ ਕਸ਼ਮੀਰੀ ਜਨਤਾ ਭਾਰਤੀ ਫ਼ੌਜ ਵਿਰੁੱਧ ਜੰਗ ਕਿਉਂ ਲੜ ਰਹੀ ਹੈ? ਬਹੁਤ ਸਾਰੇ ਲੋਕ ਇਸ ਕਿਤਾਬ ਦੇ ਹੱਲ ਨਾਲ ਅਸਹਿਮਤ ਹੋ ਸਕਦੇ ਹਨ ਪਰ 1947 ਤੋਂ ਲੈ ਕੇ 1987 ਤੱਕ ਦੀਆਂ ਚੋਣਾਂ ਤੱਕ ਭਾਰਤ ਸਰਕਾਰ ਨੇ ਭਾਰਤੀ ਕਬਜ਼ੇ ਵਾਲੇ ਕਸ਼ਮੀਰ ਵਿਚ ਜੋ ਖੇਡ ਖੇਡੀ, ਉਹ ਭਾਰਤ ਦੇ ਅਖੌਤੀ ਲੋਕਰਾਜ ਨੂੰ ਇਜ਼ਰਾਇਲੀ ਜਹਿਨਵਾਦੀਆਂ ਬਰਾਬਰ ਲਿਆ ਕੇ ਖੜ੍ਹਾ ਕਰ ਦਿੰਦੀ ਹੈ। ਇਨ੍ਹਾਂ 40 ਸਾਲਾਂ ਵਿਚ ਭਾਰਤੀ ਹਕੂਮਤ ਨੇ ਕਸ਼ਮੀਰੀਆਂ ਨੂੰ ਵਾਰ-ਵਾਰ ਅਹਿਸਾਸ ਕਰਵਾਇਆ ਕਿ ਸ੍ਰੀਨਗਰ 'ਚ ਗੱਦੀ 'ਤੇ ਉਹ ਬੈਠੇਗਾ ਜੋ ਦਿੱਲੀ ਦੀ ਪਸੰਦ ਦਾ ਹੋਵੇਗਾ। ਕਸ਼ਮੀਰ 'ਚ ਇਨ੍ਹਾਂ 40 ਸਾਲਾਂ ਦਾ ਇਤਿਹਾਸ ਭਾਰਤ-ਪਾਕਿ ਸਰਕਾਰਾਂ ਵਲੋਂ ਕਸ਼ਮੀਰੀਆਂ ਨਾਲ ਕੀਤੇ ਗਏ ਵਿਸ਼ਵਾਸਘਾਤ ਦਾ, ਕਸ਼ਮੀਰ ਤੇ ਜਬਰੀ ਕਬਜ਼ੇ ਦਾ ਰਿਹਾ ਹੈ। ਭਾਰਤੀ ਕਬਜ਼ੇ ਵਾਲੇ ਕਸ਼ਮੀਰ ਤੇ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਦੋਨਾਂ 'ਚ ਕਸ਼ਮੀਰ ਲੋਕਾਂ ਨੂੰ ਦੋਮ ਦਰਜੇ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤਾ ਗਿਆ। 1953 'ਚ ਸ਼ੇਖ ਅਬਦੁੱਲਾ ਦੀ ਗ੍ਰਿਫ਼ਤਾਰੀ ਤੋਂ ਇਹ ਸਪੱਸ਼ਟ ਹੋ ਗਿਆ ਸੀ ਕਿ ਕਸ਼ਮੀਰੀਆਂ ਦੀ ਆਜ਼ਾਦੀ ਦੀ ਉਮੀਦ ਨਾਲ ਭਾਰਤੀ ਹਾਕਮ ਜਮਾਤ ਕਿਵੇਂ ਨਿਪਟਣ ਵਾਲੀ ਸੀ। ਉਹ ਉਮੀਦ ਜੋ ਕਸ਼ਮੀਰ ਦੀ ਆਜ਼ਾਦੀ ਦੇ ਇਸ ਨਾਇਕ ਨੇ ਦਿਮਾਗ ਤੋਂ ਕਦੀ ਉਹਲੇ ਨਾ ਹੋਈ ਸੀ। ਦਿੱਲੀ ਨੇ ਸ਼ੇਖ ਅਬਦੁੱਲਾ ਨੂੰ ਗਿਫ਼ਤਾਰ ਕਰਕੇ ਜੇਲ੍ਹ 'ਚ ਸੁੱਟਣ ਪਿੱਛੋਂ ਉਦੋਂ ਹੀ ਰਿਹਾਅ ਕੀਤਾ ਜਦ ਸ਼ੇਖ ਅਬਦੁੱਲਾ ਲਗਭਗ ਆਤਮ ਸਮਰਪਣ (ਗੋਡੇ ਟੇਕਣ) ਲਈ ਤਿਆਰ ਹੋ ਗਏ ਅਤੇ ਇਨ੍ਹਾਂ ਸਾਲਾਂ 'ਚ ਕਸ਼ਮੀਰੀਆਂ ਨੂੰ ਮਜ਼ਬੂਰ ਕੀਤਾ ਗਿਆ ਕਿ ਉਹ ਜਾਂ ਤਾਂ ਰਾਸ਼ਟਰਪਤੀ ਰਾਜ ਦੇ ਰੂਪ 'ਚ ਦਿੱਲੀ ਦੀ ਸਿੱਧੀ ਹਕੂਮਤ ਨੂੰ ਝੱਲਣ ਜਾਂ ਕਾਂਗਰਸੀ ਸਰਕਾਰਾਂ ਵਜੋਂ ਦਿੱਲੀ ਦੀ ਅਸਿੱਧੀ ਹਕੂਮਤ ਨੂੰ। ਸਿਰਫ਼ ਏਨਾ ਹੀ ਨਹੀਂ ਕਿ ਭਾਰਤ ਦੇ ਹਾਕਮਾਂ ਨੇ ਕਸ਼ਮੀਰੀਆਂ ਦੇ ਸਵੈਮਾਣ ਨੂੰ ਠੇਸ ਪਹੁੰਚਾਈ ਸੀ ਬਲਕਿ ਇਸ ਦੌਰਾਨ ਭਰਿਸ਼ਟਚਾਰ, ਬੇਰੁਜ਼ਗਾਰੀ ਆਦਿ ਸਮੱਸਿਆਵਾਂ ਨੇ ਵੀ ਕਸ਼ਮੀਰੀਆਂ ਨੂੰ ਬੇਹਾਲ ਕਰ ਰੱਖਿਆ ਸੀ। ਅਜਿਹੇ 'ਚ ਕਸ਼ਮੀਰੀਆਂ ਦਾ ਅਸ਼ਤੋਸ਼ ਫੁੱਟਣਾ ਲਾਜ਼ਮੀ ਸੀ। ਜਦ ਵਿਰੋਧ ਦੀ ਹਰ ਆਵਾਜ਼ ਨੂੰ ਸੰਗੀਨਾ ਦੇ

ਜ਼ੋਰ 'ਤੇ ਕੁਚਲ ਦਿੱਤਾ ਜਾਂਦਾ ਹੋਵੇ ਤਦ ਕਿਸੇ ਵੀ ਲੋਕਾਂ ਕੋਲ ਬਗਾਵਤ ਤੋਂ ਬਿਨ੍ਹਾਂ ਹੋਰ ਕੋਈ ਰਾਹ ਨਹੀਂ ਰਹਿ ਜਾਂਦਾ। ਘਾਟੀ 'ਚ 1980 ਦੇ ਦਹਾਕੇ ਦੇ ਉਤਰਾਅ ਦਾ ਮੁਜਾਹਰਾ ਬਿਜਲੀ ਦੀਆਂ ਵਧੀਆ ਦਰਾਂ ਆਦਿ ਵਿਰੁੱਧ ਸ਼ੁਰੂ ਹੋਇਆ ਸੀ ਜਿਸ 'ਚ ਫਾਇਰਿੰਗ ਦੌਰਾਨ ਲੋਕ ਮਾਰੇ ਗਏ ਅਤੇ ਜਿਸ 'ਚ ਮਾਰੇ ਗਏ ਲੋਕਾਂ ਦੀਆਂ ਅਰਥੀਆਂ ਨੂੰ ਲੈ ਕੇ ਜਾਂਦੇ ਜਲੂਸ 'ਤੇ ਫਿਰ ਗੋਲੀ ਚਲਾਈ ਗਈ। ਇਸ ਸਾਰੇ ਕੁਝ ਦੇ ਕੁਲ ਜਮਾ ਨਤੀਜੇ ਨੇ ਉਨ੍ਹਾਂ ਵੱਡੇ ਭਾਰਤ ਵਿਰੋਧੀ ਮੁਜਾਹਰਿਆਂ ਤੇ ਭਾਵਨਾਵਾਂ ਨੂੰ ਜਨਮ ਦਿੱਤਾ, ਜਿਸ ਨੇ ਪੂਰੀ ਘਾਟੀ ਨੂੰ ਆਪਣੇ ਕਲਾਵੇ 'ਚ ਲੈ ਲਿਆ ਸੀ। ਇਥੋਂ ਹੀ ਘਾਟੀ 'ਚ ਹਥਿਆਰਬੰਦ ਸੰਘਰਸ਼ ਦੀ ਸ਼ੁਰੂਆਤ ਹੁੰਦੀ ਹੈ ਕਿਉਂਕਿ ਦਿੱਲੀ ਨੇ ਆਪਣੀਆਂ ਸੰਗੀਨਾ ਦੇ ਜ਼ੋਰ ਹੇਠਾਂ ਸ਼ਾਂਤੀਪੂਰਨ ਤਰੀਕੇ ਨਾਲ ਆਪਣੀ ਗੱਲ ਕਹਿਣ ਦੇ, ਵਿਰੋਧ ਮੁਜਾਹਰੇ ਕਰਨ ਦੇ ਸਾਰੇ ਰਾਹ ਬੰਦ ਕਰ ਦਿੱਤੇ ਸਨ। ਜ਼ਾਹਿਰਾ ਤੌਰ 'ਤੇ ਕਸ਼ਮੀਰੀਆਂ ਨੂੰ ਇਕ ਮੁਕਾਮ ਤੱਕ ਪਹੁੰਚਾਉਣ ਦਾ ਕੰਮ ਸਾਡੇ ਹਾਕਮਾਂ ਨੇ ਹੀ ਕੀਤਾ ਸੀ। ਦਿੱਲੀ ਦਾ ਢਿੱਡ ਇਸ ਨਾਲ ਵੀ ਨਹੀਂ ਭਰਿਆ ਉਸ ਨੇ ਕਸ਼ਮੀਰ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ, ਕਸ਼ਮੀਰੀ ਘੋਲ ਨੂੰ ਅਗਵਾਈ ਮੁਹੱਈਆ ਕਰਨ ਵਾਲਿਆਂ ਨਾਲ ਉਸੇ ਢੰਗ ਨਾਲ ਨਿਪਟਿਆ। ਜਿਵੇਂ ਹਰ ਬਸਤੀਵਾਦੀ ਨਿਬੜਦਾ ਹੈ। ਇਕ ਪਾਸੇ ਭਾਰਤ ਸਰਕਾਰ ਲੋਕਰਾਜੀ ਹੋਣ ਦਾ ਦਾਅਵਾ ਕਰਦੀ ਰਹੀ ਉਥੇ ਦੂਜੇ ਪਾਸੇ ਜਮਹੂਰੀਅਤ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਗੈਰ ਲੋਕਰਾਜੀ ਢੰਗ ਨਾਲ (ਲਾਠੀਆਂ, ਗੋਲੀਆਂ) ਕੁਚਲਿਆ ਜਾਂਦਾ ਰਿਹਾ। ਇਹ ਸੁਭਾਵਿਕ ਹੀ ਸੀ। ਬ੍ਰਿਟਿਸ਼ ਬਸਤੀਵਾਦ ਨਾਲ ਸੱਤਾ ਬਦਲੀ ਪਿੱਛੋਂ ਭਾਰਤੀ ਹਾਕਮਾਂ ਦਾ ਜਾਬਰ ਤੇ ਪਿਛਾਖੜੀ ਕਿਰਦਾਰ ਖੁੱਲ੍ਹ ਕੇ ਸਾਹਮਣੇ ਆਉਣ ਲੱਗਿਆ ਸੀ। ਭਾਰਤੀ ਰਾਜਸੱਤਾ ਨੇ ਇਕ ਰਾਜਸੀ ਸਮੱਸਿਆ ਦਾ ਫੌਜੀ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਅਤੇ ਉਸ ਸਾਰੇ ਕੁਝ ਦਾ ਸਿੱਟਾ ਏਨੇ ਮਾੜੇ ਰੂਪ 'ਚ ਸਾਡੇ ਸਾਹਮਣੇ ਹੈ। ਭਾਰਤ ਸਰਕਾਰ ਦੀ ਕਸ਼ਮੀਰ ਨੂੰ ਜਬਰਦਸਤੀ ਆਪਣੇ 'ਚ ਮਿਲਾਅ ਲੈਣ ਦੀ ਸੋਚ ਨੇ ਪੂਰੇ ਭਾਰਤੀ ਕਬਜੇ ਵਾਲੇ ਕਸ਼ਮੀਰ ਨੂੰ ਆਪਣਾ ਦੁਸ਼ਮਣ ਬਣਾ ਲਿਆ ਅਤੇ ਭਾਰਤੀ ਰਾਜਸੱਤਾ ਉਨ੍ਹਾਂ ਨਾਲ ਦੁਸ਼ਮਣਾਂ ਵਾਂਗੂੰ ਜੰਗ ਲੜ ਰਹੀ ਹੈ। ਕਸ਼ਮੀਰੀਆਂ ਤੇ ਭਾਰਤੀ ਰਾਜਸੱਤਾ ਦੀਆਂ ਇਹ ਦੂਰੀਆਂ ਏਨੀਆਂ ਜ਼ਿਆਦਾ ਵੱਧ ਚੁੱਕੀਆਂ ਹਨ ਕਿ ਅਸਲੀ ਰਾਜਸੀ ਹੱਲ (ਆਤਮ ਨਿਰਣੇ ਦਾ ਹੱਕ) ਕਰਨ ਦੀਆਂ ਕੋਸ਼ਿਸ਼ਾਂ ਨਾਲ ਹੀ ਇਨ੍ਹਾਂ ਦੂਰੀਆਂ ਨੂੰ ਮਿਟਾਇਆ ਜਾ ਸਕਦਾ ਹੈ। ਇਨ੍ਹਾਂ ਦੂਰੀਆਂ ਦਾ ਅੰਦਾਜ਼ਾ ਇਸੇ ਤੋਂ ਲਾਇਆ ਜਾ ਸਕਦਾ ਹੈ ਕਿ 1948 'ਚ ਪਾਕਿਸਤਾਨੀ ਲੋਕ ਮਰਦਮਸ਼ੁਮਾਰੀ ਦੀ ਮੰਗ ਤੋਂ ਪਿੱਛੇ ਹੱਟ ਰਹੇ ਸਨ ਅਤੇ ਅੱਜ ਭਾਰਤ। ਕਸ਼ਮੀਰ 'ਚ ਭਾਰਤ ਸਰਕਾਰ ਦੀ ਨੀਤੀ, ਉਪਰੋਕਿਤ ਨਜ਼ਰੀਏ ਤੋਂ ਗਲਤ ਨਹੀਂ ਸੀ ਬਲਕਿ ਕਸ਼ਮੀਰ ਮੁੱਦੇ 'ਤੇ ਇਕ ਦੂਜੇ ਨੂੰ ਗਾਲਾਂ ਕੱਢਣ ਵਾਲੇ ਭਾਰਤ-ਪਾਕਿਸਤਾਨ 'ਚ ਉਨ੍ਹਾਂ ਕਸ਼ਮੀਰੀਆਂ ਦਾ ਕਤਲੇਆਮ ਕਰਨ 'ਤੇ ਆਮ ਸਹਿਮਤੀ ਰਹੀ ਜੋ ਅਜ਼ਾਦ ਕਸ਼ਮੀਰ ਦੇ ਹਮਾਇਤੀ ਸਨ। 90 ਦੇ ਦਹਾਕੇ ਦੇ ਪਹਿਲੇ ਅੱਧ 'ਚ ਜੇ. ਕੇ. ਐਨ. ਐਲ. ਐਫ. ਦੇ ਨੇਤਾਵਾਂ ਦਾ ਕਤਲ ਭਾਰਤੀ ਸੁਰੱਖਿਆ ਏਜੰਸੀਆਂ ਨੇ ਪਾਕਿਸਤਾਨੀ ਖੁਫੀਆ ਏਜੰਸੀਆਂ ਦੇ ਸਹਿਯੋਗ ਨਾਲ ਕੀਤੀ ਸੀ।

ਨਾ ਸਿਰਫ ਭਾਰਤ ਬਲਕਿ ਪਾਕਿਸਤਾਨ ਇਹ ਭਲੀਭਾਂਤ ਜਾਣਦਾ ਸੀ ਕਿ ਕਸ਼ਮੀਰ ਘੋਲ ਦੀ ਇਹ ਧਾਰਾ ਉਨ੍ਹਾਂ ਦੇ ਹਿੱਤਾਂ ਦੇ ਸਭ ਤੋਂ ਵੱਧ ਵਿਰੁੱਧ ਸੀ ਕਿਉਂਕਿ ਜੇ. ਕੇ. ਐਨ. ਐਲ. ਐਫ. ਕਸ਼ਮੀਰ ਦੇ ਏਕੀਕਰਨ ਅਤੇ ਭਾਰਤ ਤੇ ਪਾਕਿਸਤਾਨ ਤੋਂ ਅਜ਼ਾਦ ਇਕ ਦੇਸ਼ ਵਜੋਂ ਕਸ਼ਮੀਰ ਨੂੰ ਬਣਾਉਣ ਦਾ ਉਦੇਸ਼ ਰੱਖਦਾ ਸੀ। ਪਰ ਜੇ. ਕੇ. ਐਨ. ਐਲ. ਐਫ. ਦੇ ਆਗੂਆਂ ਅਤੇ ਵਰਕਰਾਂ ਦੀ ਹੱਤਿਆ ਨੇ ਕਸ਼ਮੀਰ 'ਚ ਉਸ ਰਾਜਸੀ ਖਲਾਅ ਨੂੰ ਪੈਦਾ ਕੀਤਾ ਜਿਸ ਨੂੰ ਧਾਰਮਿਕ ਕੱਟੜਪੰਥੀਆਂ, ਪਿਛਾਖੜੀਆਂ, ਪਾਕਿਸਤਾਨ ਪ੍ਰਸਤਾਂ ਅਤੇ ਭਾੜੇ ਦੇ ਲੜਾਕਿਆਂ ਨੇ ਭਰਿਆ। ਭਾਰਤ ਸਰਕਾਰ ਨੇ ਕਸ਼ਮੀਰੀ ਘੋਲ ਨੂੰ ਬਦਨਾਮ ਕਰਨ ਲਈ ਦੂਜੀ ਕਿਸਮ ਦੇ ਲੋਕਾਂ ਦੀ ਵਰਤੋਂ ਕੀਤੀ। ਕਸ਼ਮੀਰ 'ਚ ਫ਼ੌਜ ਦੀ ਨਫਰੀ ਵਧਾ ਕੇ ਪੂਰੀ ਕਸ਼ਮੀਰ ਅਬਾਦੀ ਦੀ ਘੇਰਾਬੰਦੀ ਕਰ ਲਈ। ਲਗਭਗ ਉਵੇਂ ਹੀ ਜਿਵੇਂ ਇਜ਼ਰਾਇਲ ਫ਼ੌਜ ਨੇ ਫਿਲਸਤੀਨ ਦੀ ਕਰ ਰੱਖੀ ਹੈ। ਦੂਜੀ ਕਿਸਮ ਦੇ ਲੋਕਾਂ ਦੀ ਪਾਕਿਸਤਾਨਪ੍ਰਸਤੀ ਨੇ ਕਸ਼ਮੀਰ 'ਚ ਪਾਕਿਸਤਾਨ ਨੂੰ ਦਖਲਅੰਦਾਜ਼ੀ ਕਰਨ ਦਾ ਮੌਕਾ ਮੁਹੱਈਆ ਕੀਤਾ ਤਾਂ ਭਾਰਤ ਨੂੰ ਇਸ ਗੱਲ ਦਾ ਮੌਕਾ ਮਿਲਿਆ ਕਿ ਉਹ ਕਸ਼ਮੀਰੀ ਸੰਘਰਸ਼ ਨੂੰ ਬਾਹਰੀ ਸ਼ਕਤੀਆਂ ਦੀ ਦਖਲਅੰਦਾਜ਼ੀ ਦਸ ਸਕਣ। ਪਿਛਲੇ ਦੋ ਦਹਾਕਿਆਂ ਤੋਂ ਭਾਰਤ-ਪਾਕਿ ਕਸ਼ਮੀਰ 'ਚ ਇਹੀ ਖੇਡ-ਖੇਡ ਰਹੇ ਹਨ। ਪਾਕਿਸਤਾਨੀ ਸਰਕਾਰ ਦਾ ਕਸ਼ਮੀਰ ਪ੍ਰਤੀ ਰੁਖ ਉਹੀ ਹੈ ਜੋ ਭਾਰਤ ਸਰਕਾਰ ਦਾ ਹੈ। ਆਪਣੇ ਅਧੀਨ ਕਸ਼ਮੀਰ ਦੇ 37 ਫੀਸਦੀ ਹਿੱਸੇ 'ਚ ਕਸ਼ਮੀਰੀਆਂ ਦਾ ਆਮ ਜਮਹੂਰੀ ਅਧਿਕਾਰ ਤੱਕ ਵੀ ਹਾਸਲ ਨਹੀਂ ਹੈ। ਕਸ਼ਮੀਰ ਨੂੰ ਆਪਣੀ ਪੂਰੀ ਭੋਇੰ ਮੰਨਣ ਦੀ ਸੋਚ ਕਾਰਣ ਹੀ ਪਾਕਿਸਤਾਨ ਨੇ ਚੀਨ ਨੂੰ ਕਸ਼ਮੀਰ ਦਾ ਇਕ ਹਿੱਸਾ ਸੰਧੀ ਦੇ ਸਿੱਟੇ ਵਜੋਂ ਦੇ ਦਿੱਤਾ। ਜੇ ਪਾਕਿਸਤਾਨੀ ਹਾਕਮਾਂ ਨੂੰ ਕਸ਼ਮੀਰੀ ਸੰਘਰਸ਼ ਨਾਲ ਭੋਰਾ ਵੀ ਹਮਦਰਦੀ ਹੁੰਦੀ ਤਾਂ ਸਭ ਤੋਂ ਪਹਿਲਾਂ ਉਸ ਨੂੰ ਆਪਣੇ ਅਧੀਨ ਖੇਤਰ 'ਚ ਕਸ਼ਮੀਰ ਨੂੰ ਆਤਮ ਨਿਰਣੇ (ਵੱਖ ਹੋਣ) ਦਾ ਅਧਿਕਾਰ ਦੇਣਾ ਚਾਹੀਦਾ ਸੀ। ਪਰ ਪਾਕਿਸਤਾਨੀ ਹਾਕਮ ਅਜਿਹਾ ਨਹੀਂ ਕਰ ਸਕਦੇ ਸਨ। ਉਹ ਕਸ਼ਮੀਰ ਨੂੰ ਜਾਂ ਤਾਂ ਆਪਣੇ 'ਚ ਰਲਾ ਲੈਣਾ ਚਾਹੁੰਦੇ ਹਨ ਜਾਂ ਫਿਰ ਭਾਰਤੀ ਹਾਕਮਾਂ ਵਿਰੁੱਧ ਕਸ਼ਮੀਰੀ ਘੋਲ ਦੀ ਵਰਤੋਂ ਆਪਣੇ ਰਾਜਸੀ ਸੁਆਰਥਾਂ ਦੀ ਪੂਰਤੀ ਲਈ ਕਰਨਾ ਚਾਹੁੰਦੇ ਹਨ। ਇਨ੍ਹਾਂ ਦੋ ਦਹਾਕਿਆਂ 'ਚ ਇਕ ਪਾਸੇ ਕਸ਼ਮੀਰ ਨੂੰ ਲੈ ਕੇ ਭਾਰਤ-ਪਾਕਿ ਵਿਚਾਲੇ ਬੈਠਕਾਂ ਹੁੰਦੀਆਂ ਰਹੀਆਂ ਤਾਂ ਦੂਜੇ ਪਾਸੇ ਸਮੇਂ-ਸਮੇਂ 'ਤੇ ਕਸ਼ਮੀਰੀ ਸੰਘਰਸ਼ ਦੀਆਂ ਵੱਖ-ਵੱਖ ਧਾਰਾਵਾਂ ਦੇ ਨਾਲ ਗੱਲਬਾਤ ਹੁੰਦੀ ਰਹੀ। ਇਨ੍ਹਾਂ ਦੋਨਾਂ ਕਿਸਮਾਂ ਦੀਆਂ ਬੈਠਕਾਂ ਦਾ ਪਿਛਲੇ ਦੋ ਦਹਾਕਿਆਂ 'ਚ ਸਿੱਟਾ ਸਿਫ਼ਰ ਨਿਕਲਿਆ ਹੈ ਕਿਉਂਕਿ ਇਨ੍ਹਾਂ ਬੈਠਕਾਂ ਪਿੱਛੇ ਅਸਲੀ ਮਕਸਦ ਕਸ਼ਮੀਰ ਸਮੱਸਿਆ ਦਾ ਹੱਲ ਕੱਢਣਾ ਨਹੀਂ ਰਿਹਾ ਹੈ। ਪਹਿਲੇ ਕਿਸਮ ਦੀਆਂ ਬੈਠਕਾਂ ਦਾ ਅਸਲੀ ਮਕਸਦ ਕਸ਼ਮੀਰ ਦੀ ਵੰਡ ਜਾਂ ਮੁੜ-ਵੰਡ ਹੁੰਦਾ ਹੈ ਤਾਂ ਦੂਜੀ ਕਿਸਮ ਦੀਆਂ ਬੈਠਕਾਂ ਦਾ ਮਕਸਦ ਸੰਘਰਸ਼ ਦੇ ਨੇਤਾਵਾਂ ਨੂੰ ਆਪਣੇ 'ਚ ਰਲਾ ਲੈਣਾ ਹੁੰਦਾ ਹੈ। ਹਾਂ, ਦੂਜੀ ਕਿਸਮ ਦੀਆਂ ਬੈਠਕਾਂ ਵਿਚ ਰਾਜਸੀ ਜਾਂ ਆਰਥਿਕ ਪੈਕੇਜ ਦਾ ਲਾਲੀਪਾਪ (ਲਾਲਚ) ਵੀ ਹੁੰਦਾ ਹੈ। ਰਾਜਸੀ ਸਾਜ਼ਿਸ਼ਾਂ ਤੇ ਤਿਕੜਮਬਾਜ਼ੀਆਂ ਨਾਲ ਕਸ਼ਮੀਰ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ ਹੈ। ਧਾਰਮਿਕ ਕੱਟੜਪੰਥੀ,

ਪਾਕਿਸਤਾਨ ਪ੍ਰਸਤ ਸਮੂਹ, ਭਾੜੇ ਦੇ ਦਹਿਸ਼ਤਗਰਦ ਗ੍ਰੋਹ ਕਸ਼ਮੀਰ ਸਮੱਸਿਆ ਦਾ ਹੱਲ ਨਹੀਂ ਕਰ ਸਕਦੇ ਸਨ ਤੇ ਨਾ ਹੀ ਉਹ ਕਸ਼ਮੀਰੀਆਂ ਦਾ ਪੂਰੀ ਤਰ੍ਹਾਂ ਵਿਸ਼ਵਾਸ ਜਿੱਤ ਸਕਦੇ ਹਨ ਪਰ ਇਨ੍ਹਾਂ ਸਮੂਹਾਂ ਦੀਆਂ ਕਾਰਗੁਜ਼ਾਰੀਆਂ ਨੇ ਘਾਟੀ 'ਚ ਭਾਰਤੀ ਫ਼ੌਜ ਨੂੰ ਜਬਰ ਪੂਰਾ ਕਰਨ ਦਾ ਮੌਕਾ ਮੁਹੱਈਆ ਕਰਵਾਇਆ। ਪਿਛਲੇ ਡੇਢ-ਦੋ ਦਹਾਕਿਆਂ 'ਚ 7 ਲੱਖ ਭਾਰਤੀ ਫ਼ੌਜ ਤੇ 70 ਹਜ਼ਾਰ ਪੁਲਸ 80 ਲੱਖ ਕਸ਼ਮੀਰੀਆਂ 'ਤੇ ਕਹਿਰ ਢਾਹ ਰਹੇ ਹਨ। ਹਰ 9 ਜਾਂ 10 ਕਸ਼ਮੀਰੀਆਂ 'ਤੇ ਫ਼ੌਜ ਦਾ ਇਕ ਸਿਪਾਹੀ ਤਾਇਨਾਤ ਹੈ। ਏਨੇ ਲੰਮੇ ਸਮੇਂ ਤੱਕ ਕਸ਼ਮੀਰ ਵਿਚ ਤੈਨਾਤ ਫ਼ੌਜ ਨੇ ਕਸ਼ਮੀਰੀਆਂ ਨੂੰ ਏਨੇ ਜ਼ਖ਼ਮ ਦਿੱਤੇ ਹਨ ਜਿਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ। 1989-2010 ਦੌਰਾਨ 93, 274 ਲੋਕ ਮਾਰੇ ਜਾ ਚੁੱਕੇ ਹਨ। ਇਸ ਦਾ ਇਕ ਸਿੱਟਾ ਇਹ ਨਿਕਲਦਾ ਹੈ ਕਿ ਅੱਜ ਕਸ਼ਮੀਰ ਵਿਚ ਅੱਧੀਆਂ ਔਰਤਾਂ ਵਿਧਵਾ ਹਨ। 6969 ਮੌਤਾਂ ਪੁਲਸ ਹਿਰਾਸਤ 'ਚ ਹੋਈਆਂ। ਲਾਪਤਾ ਲੋਕ ਇਸ ਵਿਚ ਸ਼ਾਮਲ ਨਹੀਂ ਹਨ ਜਿਨ੍ਹਾਂ ਨੂੰ ਫ਼ੌਜ ਨੇ ਮਾਰ ਖਪਾਇਆ ਹੈ। ਕਿੰਨੀਆਂ ਹੀ ਔਰਤਾਂ ਤੇ ਮੁਟਿਆਰਾਂ ਨਾਲ ਫ਼ੌਜੀ ਬਲਾਤਕਾਰ ਕਰ ਚੁੱਕੇ ਹਨ। 'ਆਰਮਡ ਫੋਰਸਿਜ਼ ਸਪੈਸ਼ਲ ਪਾਵਲ ਐਕਟ' ਨਾਲ ਲੈਸ ਫ਼ੌਜ ਜਦੋਂ ਮਰਜ਼ੀ ਚਾਹੇ ਕਿਸੇ ਘਰ 'ਚ ਘੁਸ ਕੇ ਤੋੜ-ਭੰਨ ਕਰ ਸਕਦੀ ਹੈ, ਜਿਸ ਬੰਦੇ ਨੂੰ ਚਾਹੇ ਪੁਛ-ਪੜਤਾਲ ਦੇ ਨਾਂ 'ਤੇ ਚੁੱਕ ਕੇ ਲੈ ਜਾ ਸਕਦੀ ਹੈ। ਜਦ ਚਾਹੇ ਮਾਰਕੁੱਟ ਤੇ ਬਦਸਲੂਕੀ ਕਰ ਸਕਦੀ ਹੈ। ਕਹਿਣ ਦਾ ਭਾਵ ਹੈ ਕਿ ਕਸ਼ਮੀਰ 'ਚ ਫ਼ੌਜ ਉਹੀ ਵਰਤਾਅ ਕਰ ਰਹੀ ਹੈ ਜੋ ਆਮ ਤੌਰ 'ਤੇ ਭਾੜੇ ਦੇ ਫ਼ੌਜੀ ਦੂਜੇ ਦੇਸ਼ਾਂ ਤੇ ਹਮਲੇ ਦੌਰਾਨ ਸਥਾਨਿਕ ਬਸ਼ਿੰਦਿਆਂ ਜਾਂ ਫ਼ੌਜ ਨਾਲ ਕਰਦੇ ਹਨ। ਭਾਵ ਇਥੇ ਤਾਂ ਫ਼ੌਜ ਆਪਣੇ ਹੀ ਸ਼ਹਿਰੀਆਂ ਨਾਲ ਜੰਗ ਲੜ ਰਹੀ ਹੈ। ਜਦ ਫ਼ੌਜ ਤੇ ਪੁਲਸ ਦਾ ਕਹਿਰ ਏਨਾ ਭਿਆਨਕ ਤੇ ਬੇਕਿਰਕ ਤਰੀਕੇ ਨਾਲ ਏਨੇ ਲੰਮੇ ਸਮੇਂ ਤੱਕ ਜਾਰੀ ਹੋਵੇ ਤਦ ਫ਼ੌਜੀ ਤਾਕਤਾਂ ਵਿਰੁੱਧ ਗੁੱਸਾ ਤੇ ਰੋਹ ਉਠ ਖੜ੍ਹਾ ਹੋਣਾ ਸੁਭਾਵਿਕ ਹੈ। ਉਪਰ 'ਕੋਹੜ 'ਚ ਖਾਰਿਸ਼ ਇਹ ਹੈ ਕਿ ਜਦ ਕਸ਼ਮੀਰੀ ਜਨਤਾ ਫ਼ੌਜ ਵਲੋਂ ਜਾਰੀ ਲੁੱਟ ਘਸੁੱਟ ਤੇ ਕਤਲੇਆਮ ਦਾ ਵਿਰੋਧ ਕਰਦੀ ਹੈ ਤਾਂ ਉਸ ਨੂੰ ਗੋਲੀਆਂ ਨਾਲ ਵਿੰਨਿਆ ਜਾਂਦਾ ਹੈ। ਏਨੇ ਲੰਮੇ ਸਮੇਂ ਦੇ ਘੋਲ ਵਿਚ ਕਸ਼ਮੀਰੀਆਂ ਦੇ ਅਰਥਚਾਰੇ 'ਤੇ ਗੰਭੀਰ ਅਸਰ ਪਿਆ ਹੈ। ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਸਿਖਰਾਂ 'ਤੇ ਹਨ। ਇਨ੍ਹਾਂ ਸਾਰੀਆਂ ਹਾਲਤਾਂ ਨੇ ਕਸ਼ਮੀਰ ਘਾਟੀ ਨੂੰ ਉਥੇ ਲਿਆ ਕੇ ਖੜ੍ਹਾ ਕਰ ਦਿੱਤਾ ਜਿਥੇ ਕਦੇ ਨਾ ਕਦੇ ਲੋਕਾਂ ਦਾ ਉਠ ਖੜ੍ਹੇ ਹੋਣਾ ਤਹਿ ਸੀ। ਇਸ ਨਾਲ ਪਹਿਲਾਂ ਹੀ ਘਾਟੀ 'ਚ ਤਿੰਨ ਵੱਡੇ ਸੰਘਰਸ਼ ਹੋ ਚੁੱਕੇ ਹਨ। ਪਹਿਲਾ 2008 'ਚ ਅਮਰਨਾਥ ਸ਼ਹਿਰੀਨ ਬੋਰਡ ਨੂੰ ਜ਼ਮੀਨ ਦਿੱਤੇ ਜਾਣ ਦੇ ਮੁੱਦੇ 'ਤੇ ਦੂਜਾ ਸੋਪਿਆ ਬਲਾਤਕਾਰ ਦੇ ਮੁੱਦੇ 'ਤੇ ਅਤੇ ਤੀਜਾ, ਗਾਇਬ ਕੀਤੇ ਲੋਕਾਂ ਸਬੰਧੀ। ਏਨਾ ਹੀ ਨਹੀਂ ਫਰਜ਼ੀ ਮੁਕਾਬਲਿਆਂ 'ਚ ਨੌਜਵਾਨਾਂ ਤੇ ਬੱਚਿਆਂ ਨੂੰ ਦਹਿਸ਼ਤਗਰਦ ਦੱਸ ਕੇ ਮਾਰ ਦੇਣਾ ਵਿਰੁੱਧ ਵੀ ਘਾਟੀ 'ਚ ਛੋਟੇ-ਵੱਡੇ ਮੁਜ਼ਾਹਰੇ ਹੁੰਦੇ ਰਹੇ ਹਨ। ਜਿਵੇਂ 2000 'ਚ ਪੱਥਰੀ ਵਾਲ 'ਚ 5 ਕਸ਼ਮੀਰੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਪਿੱਛੋਂ ਕਤਲ ਸਬੰਧੀ ਸੰਘਰਸ਼। ਅੱਜ ਘਾਟੀ 'ਚ ਨੌਜਵਾਨ ਤੇ ਬੱਚੇ ਫ਼ੌਜ ਨਾਲ ਪੱਥਰਾਂ ਨਾਲ ਲੜ ਰਹੇ ਹਨ। 'ਭਾਰਤ ਵਾਪਸ ਜਾਓ', 'ਅਸੀਂ ਅਜ਼ਾਦੀ

ਚਾਹੁੰਦੇ ਹਾਂ' ਨਾਹਰੇ ਲਾ ਰਹੇ ਹਨ। ਸੰਘਰਸ਼ ਦਾ ਇਹ ਤਰੀਕਾ 2008 ਤੋਂ ਹੀ ਸ੍ਰੀਨਗਰ 'ਚ ਆਮ ਹੋ ਚੁੱਕਿਆ ਸੀ। ਸੜਕ ਮੁਜਾਹਰਿਆਂ 'ਚ ਫ਼ੌਜ ਤੇ ਪੁਲਸ ਉਪਰ ਪਥਰਾਅ ਤੇ ਕਰਫਿਊ ਤੋੜ ਕੇ ਨਾਗਰਿਕ ਉਲੰਘਣਾ ਦਾ ਤਰੀਕਾ ਜੂਨ ਤੇ ਜੁਲਾਈ 2010 ਵਿਚ ਘਾਟੀ 'ਚ ਆਮ ਹੋ ਗਿਆ। ਨੌਜਵਾਨ ਨਾਹਰੇ ਲਾ ਰਹੇ ਹਨ 'ਨਾ ਭਾਰਤ, ਨਾ ਪਾਕਿਸਤਾਨ', 'ਅਸੀਂ ਅਜ਼ਾਦ ਕਸ਼ਮੀਰ ਚਾਹੁੰਦੇ ਹਾਂ। ਇਹ ਮੁਜਾਹਰੇ, ਇਹ ਨਾਹਰੇ, ਸੰਘਰਸ਼ ਦੇ ਤੌਰ ਤਰੀਕੇ, ਸੰਘਰਸ਼ ਦੀ ਇਹ ਵਿਆਪਕਤਾ ਜੋ ਲੱਗਭਗ 80 ਦੇ ਦਹਾਕੇ ਦੇ ਅੰਤ ਤੇ 90 ਦੇ ਦਹਾਕੇ ਦੇ ਸ਼ੁਰੂ ਦੇ ਮੁਜਾਹਰਿਆਂ ਦੇ ਬਰਾਬਰ ਹੈ। ਇਕ ਦਿਨ 'ਚ ਨਹੀਂ ਆਈ ਗਈ। ਇਸ ਦੇ ਆਉਣ 'ਚ ਲਗਭਗ 15-16 ਸਾਲ ਲੱਗੇ। ਇਹ ਕਸ਼ਮੀਰੀ ਸੰਘਰਸ਼ ਦੇ ਉਨ੍ਹਾਂ ਆਗੂਆਂ ਤੇ ਸੰਗਠਨਾਂ (ਲਕਸ਼ਰ-ਏ-ਤੋਇਬਾ ਵਰਗੇ) ਨੂੰ ਵੀ ਜਵਾਬ ਹੈ ਜੋ ਕਸ਼ਮੀਰ ਨੂੰ ਅਜ਼ਾਦ ਕਰਾਉਣ ਦੇ ਨਾਂ ਹੇਠ ਕਸ਼ਮੀਰ ਸੰਘਰਸ਼ ਨੂੰ ਗਲਤ ਦਿਸ਼ਾ 'ਚ ਲਿਜਾ ਰਹੇ ਸਨ। ਨਿਸ਼ਚੈ ਹੀ ਮੌਜੂਦਾ ਲੋਕ ਉਭਾਰ ਕਸ਼ਮੀਰੀ ਸੰਘਰਸ਼ ਨੂੰ ਨਾ ਸਿਰਫ਼ ਰਫ਼ਤਾਰ ਦੇਵੇਗਾ। ਬਲਕਿ ਜੇ. ਕੇ. ਐਨ. ਐਲ. ਐਫ. ਵਰਗੇ ਸੰਗਠਨਾਂ ਨੂੰ ਵੀ ਮਜ਼ਬੂਤ ਕਰੇਗਾ। ਭਾਰਤ ਸਰਕਾਰ ਤੇ ਉਸ ਦੀ ਫ਼ੌਜ ਨੇ ਇਨ੍ਹਾਂ ਮੁਜਾਹਰਿਆਂ 'ਤੇ ਵੀ ਉਹ ਜਾਬਰ ਰੁਖ ਅਪਣਾਇਆ ਜੋ ਉਹ ਪਿੱਛਲੇ 60 ਸਾਲਾਂ ਤੋਂ ਅਪਣਾਉਂਦੀ ਆ ਰਹੀ ਹੈ। ਸਰਕਾਰ ਨੇ ਮੈਕਹਿੱਲ 'ਚ ਮਾਰੇ ਗਏ ਤਿੰਨ ਨੌਜਵਾਨਾਂ ਪ੍ਰਤੀ ਵੀ ਉਹ ਤਰੀਕਾ ਅਪਣਾਇਆ ਜੋ ਕਸ਼ਮੀਰ 'ਚ ਫ਼ੌਜ ਵਲੋਂ ਕੀਤੇ ਹਰ ਕਤਲ ਪਿੱਛੋਂ ਅਪਣਾਇਆ ਜਾਂਦਾ ਹੈ। ਕੋਈ ਇਹ ਕਹਿ ਸਕਦਾ ਹੈ ਕਿ 4 ਜੂਨ ਦੇ ਤੌਫੇਲ ਮੱਟੂ ਦੀ ਮੌਤ ਨੇ ਮਾਮਲੇ ਨੂੰ ਵਿਗਾੜਿਆ। ਪਰ ਕਸ਼ਮੀਰ ਦੀ ਅਸਲੀਅਤ ਨੂੰ ਸਮਝਣ ਵਾਲਾ ਹਰ ਕੋਈ ਜਾਣਦਾ ਹੈ ਕਿ ਦੇਰ ਸਵੇਰ ਗੁੱਸੇ ਦਾ ਜਵਾਲਾਮੁਖੀ ਫੁਟਣ ਹੀ ਵਾਲਾ ਸੀ। ਨੌਜਵਾਨਾਂ ਦੀਆਂ ਨਿਰੰਤਰ ਹੱਤਿਆਵਾਂ ਨੇ ਕਸ਼ਮੀਰੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਜੂਨ ਤੋਂ ਸ਼ੁਰੂ ਹੋਏ ਮੁਜਾਹਰਿਆਂ 'ਚ ਹੁਣ ਤੱਕ ਲਗਭਗ 50 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਫ਼ੌਜ ਬੁਲਾਉਣ ਤੇ ਕਰਫਿਊ ਲਾਉਣ ਤੋਂ ਪਿਛੋਂ ਹੀ ਸੜਕਾਂ ਤੇ ਮੁਜਾਹਰੇ ਘੱਟ ਨਹੀਂ ਰਹੇ ਹਨ। ਕੋਈ ਜਾਣਕਾਰ ਕਸ਼ਮੀਰ ਘਾਟੀ ਦੇ ਮੌਜੂਦ ਸੰਘਰਸ਼ ਨੂੰ 'ਕਸ਼ਮੀਰੀ ਬਗਾਵਤ' ਦਾ ਨਾਂ ਦੇ ਰਹੇ ਹਨ ਕਿਉਂਕਿ ਇਸ 'ਚ ਅਪਣਾਏ ਜਾਣ ਵਾਲੇ ਤੌਰ ਤਰੀਕੇ ਫਿਲਸਤੀਨੀ ਬਗਾਵਤ (ਇੰਤਫਾਦਾ) ਵਰਗੇ ਹਨ। ਘਾਟੀ 'ਚ ਹੋਏ ਇਨ੍ਹਾਂ ਮੁਜਾਹਰਿਆਂ 'ਤੇ ਭਾਰਤ ਸਰਕਾਰ ਦੀ ਪ੍ਰਤੀਕ੍ਰਿਆ ਕਾਬਲੇ ਗੌਰ ਸੀ। ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੁਜ਼ਾਹਰਾ ਕਾਫੀਆਂ ਨੂੰ 200 ਰੁਪਏ ਰੋਜ਼ਾਨਾ ਦੇ ਕੇ ਸੜਕਾਂ 'ਤੇ ਲਿਆਂਦਾ ਜਾ ਰਿਹਾ ਹੈ। ਮੀਡੀਆ 'ਚ ਇਹ ਵੀ ਉਛਾਲਿਆ ਗਿਆ ਕਿ ਕਸ਼ਮੀਰ ਦੇ ਦੋ ਵੱਡੇ ਨੇਤਾ ਫੋਨ ਤੇ ਗੱਲਬਾਤ ਕਰ ਰਹੇ ਸਨ ਕਿ ਇਨ੍ਹਾਂ ਮੁਜ਼ਾਹਰਿਆਂ 'ਚ ਲੋਕ ਮਰਦੇ ਰਹਿਣੇ ਚਾਹੀਦੇ ਹਨ। ਜ਼ਾਹਿਰ ਹੈ ਕਿ ਇਹ ਸਾਰੀਆਂ ਗੱਲਾਂ ਜਾਣ ਬੁੱਝ ਕੇ ਇਨ੍ਹਾਂ ਮੁਜਾਹਰਿਆਂ 'ਤੇ ਚਿੱਕੜ ਸੁਟਣ ਲਈ ਕੀਤੀਆਂ ਗਈਆਂ ਸਨ। ਇਨ੍ਹਾਂ ਗੱਲਾਂ ਨੂੰ ਉਦੋਂ ਨੱਥ ਪਈ ਜਦ ਉਮਰ ਅਬਦੁੱਲਾ ਨੇ ਐਲਾਨ ਕੀਤਾ ਕਿ ਇਨ੍ਹਾਂ ਮੁਜਾਹਰਿਆਂ ਪਿੱਛੇ ਕਿਸੇ ਗੁੱਟ, ਵਿਅਕਤੀ ਜਾਂ ਸਮੂਹ ਦਾ ਹੱਥ ਨਹੀਂ ਹੈ। ਇਹ ਮੁਜਾਹਰਾਕਾਰੀ ਆਗੂ ਰਹਿਤ ਹਨ। ਹਾਲਾਂਕਿ ਇਸ

ਐਲਾਨ ਨੇ ਉਨ੍ਹਾਂ ਲੋਕਾਂ ਨੂੰ ਜ਼ਰੂਰ 'ਧੱਕਾ' ਪਹੁੰਚਾਇਆ ਜੋ ਕਸ਼ਮੀਰ 'ਚ ਹੋਣ ਵਾਲੀ ਹਰ ਛੋਟੀ ਵੱਡੀ ਘਟਨਾ 'ਚ ਪਾਕਿਸਤਾਨ ਦਾ ਹੱਥ ਲੱਭਦੇ ਸਨ। ਇਹ ਮੁਜਾਹਰੇ ਭਾਵੇਂ ਹੀ 90 ਦੇ ਦਹਾਕੇ ਦੇ ਮੁਜਾਹਰਿਆਂ ਬਰਾਬਰ ਭਾਰਤ ਵਿਰੋਧੀ ਨਾ ਲੱਗੇ ਜਿਵੇਂ ਕਿ ਕੁਝ ਲੋਕ ਸੋਚਦੇ ਹਨ। ਪਰ ਫ਼ੌਜ ਨਾਲ ਜਿਸ ਤਰ੍ਹਾਂ ਆਹਮਣੇ-ਸਾਹਮਣੇ ਦੀ ਟੱਕਰ ਹੋ ਰਹੀ ਹੈ ਉਹ ਇਕ ਅਰਥ 'ਚ 90 ਦੇ ਦਹਾਕੇ ਦੇ ਮੁਜਾਹਰਿਆਂ ਤੋਂ ਵੱਧ ਖਤਰਨਾਕ ਹੈ। ਮੌਜੂਦਾ ਕਸ਼ਮੀਰੀ ਇੰਤਫਾਦਾ ਸ਼ਾਇਦ ਇਸ ਵਜ੍ਹਾ ਕਰਕੇ ਦੂਰਗਾਮੀ ਤੌਰ 'ਤੇ ਸੱਤਾ ਲਈ ਵੱਧ ਪ੍ਰੇਸ਼ਾਨੀ ਦਾ ਸਬੱਬ ਹੈ ਕਿਉਂਕਿ ਲੋਕ ਸਮੂਲੀਅਤ ਦੀ ਵਿਆਪਕਤਾ ਕਾਰਣ ਭਾਰਤੀ ਸੱਤਾ ਵਲੋਂ ਜਬਰ ਕੀਤਾ ਜਾਣਾ ਸੌਖਾ ਨਹੀਂ ਹੈ। ਕਸ਼ਮੀਰੀ ਨੌਜਵਾਨਾਂ ਨੇ ਬਗਾਵਤ ਦਾ ਜੋ ਝੰਡਾ ਬੁਲੰਦ ਕੀਤਾ ਹੈ ਉਸ ਨੇ ਭਾਰਤੀ ਸਰਕਾਰੀ ਅਦਾਰਿਆਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਹੈ। ਹੁਣ ਤੱਕ ਉਹ ਹਰ ਹੱਥਕੰਡੇ ਅਪਣਾ ਚੁੱਕੇ ਹਨ। ਇਸਦੇ ਬਾਵਜੂਦ ਵਿਰੋਧ ਮੁਜਾਹਰੇ ਰੁਕਣ ਦਾ ਨਾਂ ਨਹੀਂ ਲੈ ਰਹੇ ਹਨ। ਮੁਜਾਹਰਿਆਂ ਕਾਰਨ ਸਰਕਾਰ ਨੂੰ ਮੁਸ਼ਕਲ ਹੋ ਰਹੀ ਹੈ ਕਿ ਉਹ ਇਨ੍ਹਾਂ ਮੁਜਾਹਰਿਆਂ 'ਤੇ ਕੰਟਰੋਲ ਲਈ ਕਿਸ ਨਾਲ ਗੱਲਬਾਤ ਕਰਨ। ਕਸ਼ਮੀਰ ਦੀ ਬਗਾਵਤ 'ਤੇ ਉਤਾਰੂ ਇਹ ਉਹ ਪੀੜ੍ਹੀ ਹੈ ਜਿਸ ਦੇ ਬਚਪਨ 'ਚ ਆਕਸੀਜਨ ਤੋਂ ਵੱਧ ਬਰੂਦ ਦਾ ਧੂੰਆਂ ਪਹੁੰਚਿਆ ਹੈ। ਜਿਸ ਨੇ ਕੰਮ ਕਰਨ ਵਾਲੇ ਲੋਕਾਂ ਤੋਂ ਵੱਧ ਵਰਦੀ 'ਚ ਰਹਿਣ ਵਾਲਿਆਂ ਨੂੰ ਵੇਖਿਆ ਹੈ। ਜਿਸ ਨੇ ਕੋਇਲ ਦੀ ਕੂਕਾਂ ਤੋਂ ਵੱਧ ਰਾਇਫਲ ਦੀ ਖੜਖੜ ਦੀ ਆਵਾਜ਼ ਸੁਣੀ ਹੈ। ਜਿਸ ਨੇ ਮਾਂ-ਬਾਪ ਤੋਂ ਕਲਪਨਿਕ ਡਰਾਉਣੀਆਂ ਕਹਾਣੀਆਂ ਨਹੀਂ ਬਲਕਿ ਅਥਾਰਥ ਦੇ ਡਰਾਉਣੇ ਕਿੱਸੇ ਸੁਣੇ ਹਨ। ਜਿਸਨੇ ਘਰ ਦੇ ਮੈਂਬਰਾਂ ਨੂੰ ਹਸਦਿਆਂ ਨਹੀਂ ਬਲਕਿ ਡਰ ਨਾਲ ਭੈਤੀਤ ਹੁੰਦੇ ਦੇਖਿਆ ਹੈ। ਜਿਸ ਨੇ ਜਨਮ ਤੋਂ ਵੱਧ ਮੌਤਾਂ ਵੇਖੀਆਂ ਹਨ। ਅਜਿਹੀ ਪੀੜ੍ਹੀ ਨੂੰ ਫ਼ੌਜ ਦੀ ਵਰਦੀ, ਮੌਤ, ਗੋਲੀਆਂ ਦੀ ਗੂੰਜ, ਬੂਟਾਂ ਦੀ ਖੜਕੜ ਡਰਾ ਨਹੀਂ ਸਕੀ ਹੈ। ਕਸ਼ਮੀਰ ਦੀਆਂ ਇਹ ਅਜਿਹੀਆਂ ਬਗਾਵਤੀ ਪੀੜ੍ਹੀਆਂ ਹਨ ਜਿਸ ਪਾਸ ਕਸ਼ਮੀਰ ਸੰਘਰਸ਼ ਦੇ ਅਨੁਭਵਾਂ ਦਾ ਵਿਸ਼ਾਲ ਭੰਡਾਰ ਹੈ। ਇਹ ਕਹਿਣ ਸ਼ਾਇਦ ਅਜੇ ਜਲਦਬਾਜ਼ੀ ਹੋਵੇਗੀ ਕਿ ਇਹ ਅੰਦੋਲਨ ਆਪਣੇ ਅੰਦਰੋਂ ਅਜਿਹੀ ਲੀਡਰਸ਼ਿਪ ਨੂੰ ਪੈਦਾ ਕਰੇਗਾ ਜੋ ਕਸ਼ਮੀਰੀ ਕੌਮੀਅਤ ਦੇ ਸੰਘਰਸ਼ ਦੇ ਉਨ੍ਹਾਂ ਨੇਤਾਵਾਂ ਨੂੰ ਖੁੱਡੇ ਲਾ ਦੇਵੇਗਾ ਜੋ ਕੱਟੜਪੰਥੀ ਹਨ, ਪਾਕਿਸਤਾਨ ਪ੍ਰਸਤ ਹਨ ਅਤੇ ਦਹਿਸ਼ਤਗਰਦ ਹਨ। ਪਰ ਜੇ ਅਜਿਹਾ ਹੋਇਆ ਤਾਂ ਕਸ਼ਮੀਰੀ ਸੰਘਰਸ਼ ਨੂੰ ਨਾ ਸਿਰਫ਼ ਕਸ਼ਮੀਰ ਦੇ ਅੰਦਰੋਂ ਵਿਆਪਕ ਹਮਾਇਤ ਹਾਸਲ ਹੋਵੇਗੀ ਜੋ ਕਸ਼ਮੀਰੀ ਸੰਘਰਸ਼ ਦੀ ਅਗਵਾਈ 'ਚ ਪਿਛਾਖੜੀ ਸ਼ਕਤੀਆਂ ਦੇ ਹਾਵੀ ਹੋ ਜਾਣ ਨਾਲ ਕੰਮਜ਼ੋਰ ਹੋ ਗਿਆ ਸੀ। ਇਸ ਸੰਘਰਸ਼ ਨੇ ਵਿਖਾ ਦਿੱਤਾ ਹੈ ਕਿ ਕਸ਼ਮੀਰੀ ਸੰਘਰਸ਼ ਨੂੰ ਨਾ ਤਾਂ ਫ਼ੌਜੀ ਅਤਿਆਚਾਰ ਨਾਲ ਦਬਾਇਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਕਿਸਮ ਦੇ ਰਾਜਸੀ ਤੇ ਆਰਥਿਕ ਪੈਕੇਜ ਨਾਲ। ਇਸ ਸੰਘਰਸ਼ ਨੂੰ ਰਾਜਸੀ ਤਿਕੜਮਾ ਨਾਲ ਵੀ ਖਤਮ ਨਹੀਂ ਕੀਤਾ ਜਾ ਸਕਦਾ ਹੈ। ਕਸ਼ਮੀਰ ਦੀ ਕੋਈ ਵੀ ਰਾਜਸੀ ਪਾਰਟੀ ਭਾਰਤੀ ਸੰਵਿਧਾਨ ਦੀ ਸਹੁੰ ਚੁੱਕ ਕੇ ਕਸ਼ਮੀਰ ਲੋਕਾਂ 'ਚ ਵਾਜਬੀਅਤ ਹਾਸਿਲ ਨਹੀਂ ਕਰ ਸਕਦੀ। ਪਿਛਲੇ 60 ਸਾਲਾਂ ਦੇ ਸੰਘਰਸ਼ ਨੇ ਅਤੇ ਖਾਸ ਕਰਕੇ ਪਿਛਲੇ ਦੋ ਦਹਾਕਿਆਂ ਦੇ ਸੰਘਰਸ਼

ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੰਘਰਸ਼ ਦੇ ਤੌਰ ਤਰੀਕੇ ਬਦਲ ਸਕਦੇ ਹਨ। ਇਸ ਦੀ ਵਿਆਪਕਤਾ ਘੱਟ-ਵੱਧ ਹੋ ਸਕਦੀ ਹੈ ਪਰ ਕਸ਼ਮੀਰੀ ਸੰਘਰਸ਼ ਅਜੇ ਕਾਫ਼ੀ ਅੱਗੇ ਜਾਵੇਗਾ। ਬਗਾਵਤੀ ਇਸ ਪੀੜੀ ਨੇ ਇਹ ਦਰਸਾ ਦਿੱਤਾ ਹੈ। ਵਕਤੀ ਇਹ ਲੱਗ ਸਕਦਾ ਹੈ ਕਿ ਇਹ ਸੰਘਰਸ਼ ਸੀ ਆਰ. ਪੀ. ਐਫ. ਦੀਆਂ ਵਧੀਕੀਆਂ ਵਿਰੁੱਧ ਹੈ, ਅਜਿਹਾ ਹੈ ਵੀ ਪਰ ਇਸ ਤੋਂ ਵੀ ਵੱਧ ਇਹ ਮੁਜਾਹਰੇ ਭਾਰਤ ਵਿਰੁੱਧ ਹਨ। ਜੋ ਫੌਜੀ ਵਧੀਕੀਆਂ ਵਿਰੁੱਧ ਮੁਜਾਹਰਿਆਂ ਵਜੋਂ ਆਪਣੀ ਮੌਜੂਦਗੀ ਦਰਸਾ ਰਹੇ ਹਨ। ਜੇ ਕਸ਼ਮੀਰ 'ਚ ਗੱਲਬਾਤ ਦਾ ਕੋਈ ਮਹੌਲ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਫ਼ੌਜ ਦੇ ਵਿਸ਼ੇਸ਼ ਅਧਿਕਾਰ ਖਤਮ ਕਰਨੇ ਪੈਣੇ ਹਨ, ਨਾਗਰਿਕ ਅਬਾਦੀ ਤੋਂ ਫ਼ੌਜ ਵਾਪਸ ਬੁਲਾਉਣੀ ਪੈਣੀ ਹੈ, ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੂੰ ਰਿਹਾਅ ਕਰਨਾ ਪਵੇਗਾ, ਲਾਪਤਾ ਲੋਕਾਂ ਬਾਰੇ ਦੱਸਣਾ ਪਵੇਗਾ, ਕਤਲਾਂ ਦੇ ਦੋਸ਼ੀ ਫ਼ੌਜੀ ਪੁਲਸ ਅਧਿਕਾਰੀਆਂ 'ਤੇ ਮੁਕੱਦਮੇ ਚਲਾਉਣੇ ਹੋਣਗੇ। ਕਸ਼ਮੀਰ ਦੇ ਆਗੂ ਰਿਹਾਅ ਕਰਨੇ ਹੋਣਗੇ।

# ਕੀ ਭਾਰਤ-ਪਾਕਿਸਤਾਨ ਵਿਚਾਲੇ ਸ਼ਾਂਤੀ ਸੰਭਵ ਹੈ?

ਭਾਰਤ ਪਾਕਿਸਤਾਨ ਵਿਚਾਲੇ ਹਾਲੀਆ ਵਿਦੇਸ਼ ਮੰਤਰੀ ਪੱਧਰ ਦੀ ਗੱਲਬਾਤ ਪਿੱਛੋਂ ਇਨ੍ਹਾਂ ਦੇ ਸਬੰਧਾਂ ਵਿਚ ਕੋਈ ਗੁਣਆਤਮਕ ਸੁਧਾਰ ਆਇਆ ਹੋਵੇਗਾ, ਅਜਿਹਾ ਦਾਅਵਾ ਕੋਈ ਸੁਪਨਿਆਂ ਦੀ ਦੁਨੀਆਂ 'ਚ ਰਹਿਣ ਵਾਲਾ ਕਰ ਸਕਦਾ ਹੈ। ਭਾਰਤ ਤੇ ਪਾਕਿਸਤਾਨ ਦੇ ਸਬੰਧਾਂ ਦਾ 6 ਦਹਾਕੇ ਦਾ ਇਤਿਹਾਸ ਦੱਸਦਾ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਮਿੱਤਰਤਾਪੂਰਨ ਤਾਂ ਕੀ ਆਮ ਸਬੰਧਾਂ 'ਚ ਬੱਸ ਏਨਾ ਹੀ ਹੁੰਦਾ ਹੈ ਕਿ ਤਣਾਅ ਦੀ ਲਹਿਰ ਕਦੀ ਉੱਚੀ ਤੇ ਕਦੇ ਨੀਵੀਂ ਛਾਲ ਮਾਰਦੀ ਹੈ। ਅਜਿਹਾ ਕੀ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਮਿੱਤਰਤਾਪੂਰਨ ਤਾਂ ਕੀ ਆਮ ਸਬੰਧਾਂ ਦੀ ਵੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਜਦਕਿ ਦੋਨਾਂ ਦੇਸ਼ਾਂ ਵਿਚ ਅਜਿਹੀਆਂ ਕੌਮੀਅਤਾਂ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦੀ ਭਾਸ਼ਾ, ਪਹਿਰਾਵਾ, ਰੀਤੀ-ਰਿਵਾਜ, ਇਤਿਹਾਸ ਇਕੋ ਜਿਹਾ ਹੈ। ਦੇਸ਼ ਦੀ ਵੰਡ ਸਮੇਂ ਹਰ ਸਾਂਝੀ ਵਸਤੂ ਦੀ ਤਰ੍ਹਾਂ ਇਨ੍ਹਾਂ ਕੌਮੀਅਤਾਂ ਦੀ ਵੀ ਬਣਾਉਟੀ ਵੰਡ ਕਰ ਦਿੱਤੀ ਗਈ ਸੀ। ਪੰਜਾਬੀ, ਸਿੰਧੀ, ਕਸ਼ਮੀਰੀ ਤੇ ਬੰਗਾਲੀ ਅਜਿਹੀਆਂ ਹੀ ਕੌਮੀਅਤਾਂ ਹਨ। ਧਰਮ ਦੇ ਅਧਾਰ ਤੇ ਹੋਈ ਇਸ ਬਣਾਉਟੀ ਵੰਡ ਨੇ ਉਸ ਸਮੇਂ ਜੋ ਡੂੰਘੇ ਜ਼ਖ਼ਮ ਦਿੱਤੇ ਸਨ ਜੋ ਅਜੇ ਵੀ ਨਹੀਂ ਭਰੇ ਹਨ। ਵਾਰ-ਵਾਰ ਉਨ੍ਹਾਂ ਜ਼ਖ਼ਮਾਂ ਨੂੰ ਖੂਬ ਖੁਰਚਿਆ ਜਾਂਦਾ ਹੈ ਤਾਂ ਉਹ ਰਾਜਸੀ ਆਗੂਆਂ ਲਈ ਭਾਵੇਂ ਫਾਇਦੇ ਦਾ ਸੌਦਾ ਬਣਦੇ ਹੋਣ ਪਰ ਆਮ ਮਿਹਨਤਕਸ਼ਾਂ ਦੇ ਨਜ਼ਰੀਏ ਤੋਂ ਉਸ ਵਕਤ ਪੀੜਾ ਹੀ ਹੋ ਸਕਦੀ ਹੈ। ਅਸਲ 'ਚ ਭਾਰਤ ਤੇ ਪਾਕਿਸਤਾਨ ਦੇ ਆਮ ਮਿਹਨਤਕਸ਼ਾਂ, ਮਜ਼ਦੂਰਾਂ, ਕਿਸਾਨਾਂ ਵਲੋਂ ਸੋਚਿਆ ਜਾਵੇ ਤਾਂ ਅਜਿਹੇ ਕੋਈ ਮਸਲੇ ਨਹੀਂ ਬਣਦੇ ਹਨ ਜਿਨ੍ਹਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਹੈ ਅਤੇ ਅੱਗੇ ਵੱਧ ਕੇ ਉਨ੍ਹਾਂ ਦੀ ਸੋਚ ਦੇ ਹਿਸਾਬ ਨਾਲ ਇਕ ਅਜਿਹੇ ਸਮੇਂ ਦੀ ਕਲਪਨਾ ਕੀਤੀ ਜਾ ਸਕਦੀ ਹੈ ਜਦ ਦੋਨਾਂ ਦੀ ਕੀ ਤਿੰਨਾਂ ਦੇਸ਼ਾਂ (ਸਮੇਤ ਬੰਗਲਾਦੇਸ਼) 'ਚ ਫੈਲੀਆਂ ਕੌਮੀਅਤਾਂ ਇਕ ਹੋ ਜਾਣ ਅਤੇ ਇਕ ਅਜਿਹੇ ਮਹਾਨ ਸਮਾਜਵਾਦੀ ਸੰਘ ਦੀ ਉਸਾਰੀ ਕੀਤੀ ਜਾਵੇ ਜਿਸ ਵਿਚ ਹਰ ਕੌਮ ਆਤਮ ਨਿਰਣੇ ਦੇ ਅਧਿਕਾਰ ਨਾਲ ਰਹਿੰਦੀ ਹੋਵੇ। ਇਕ ਅਜਿਹਾ ਸਮਾਜਵਾਦੀ ਸੰਘ ਜੋ ਭਾਰਤ, ਪਾਕਿਸਤਾਨ, ਬੰਗਲਾ ਦੇਸ਼ ਨੂੰ ਏਕਤਾ ਦੇ ਸੂਤਰ 'ਚ ਬੰਨਦਾ ਹੋਵੇ ਜਿਸ 'ਚ ਹਰ ਮਿਹਨਤਕਸ਼ਾਂ ਵਧੀਆ ਮਾਨਵੀ ਜੀਵਨ ਜਿਉਂਦਾ ਹੋਵੇ। ਯੁੱਧ, ਤਣਾਅ, ਸਾਜ਼ਿਸ਼ ਦਰ ਸਾਜ਼ਿਸ਼ ਜਿਸ 'ਚ ਹਮੇਸ਼ਾ ਲਈ ਅਤੀਤ ਦੀ ਵਸਤੂ ਬਣਾ ਦਿੱਤਾ ਗਿਆ ਹੋਵੇ। ਕੀ ਭਵਿੱਖ 'ਚ ਅਜਿਹਾ ਸੰਭਵ ਨਹੀਂ ਹੋ ਸਕਦਾ ਹੈ। ਹਕੀਕਤ 'ਚ ਅੱਜ ਅਸੀਂ ਭਾਰਤ ਤੇ ਪਾਕਿਸਤਾਨ 'ਚ ਕੀ ਵੇਖਦੇ ਹਾਂ? ਭਾਰਤ ਦੇ ਹਾਕਮ ਭਾਰਤ ਦੀ ਅਨੇਕਾਂ ਸਮੱਸਿਆਵਾਂ ਦਾ ਕਾਰਨ ਪਾਕਿਸਤਾਨ ਨੂੰ ਅਤੇ ਪਾਕਿਸਤਾਨ ਦੇ ਹਾਕਮ ਭਾਰਤ ਨੂੰ ਦੱਸਦੇ ਹਨ। ਇਹ ਸੱਚ ਹੈ ਕਿ ਦੋਹਾਂ ਦੇਸ਼ਾਂ ਦੀਆਂ ਸੂਹੀਆ ਏਜੰਸੀਆਂ ਤੋਂ ਲੈ ਕੇ ਫ਼ੌਜ ਅਜਿਹੇ ਕੰਮਾਂ ਨੂੰ ਅੰਜਾਮ ਦਿੰਦੀ ਰਹਿੰਦੀ ਹੈ ਜੋ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੂੰ ਇਸ ਗੱਲ ਦੇ ਪ੍ਰਚਾਰ ਨੂੰ ਪੁਖਤਾ ਕਰਦੀ ਰਹਿੰਦੀ ਹੈ ਕਿ ਇਨ੍ਹਾਂ ਘਟਨਾਵਾਂ

ਜਾਂ ਸਮੱਸਿਆਵਾਂ ਪਿੱਛੇ ਗੁਆਂਢੀ ਮੁਲਕ ਦਾ ਹੱਥ ਹੈ।

ਭਾਰਤ ਦੇ ਹਾਕਮ ਭਾਰਤ ਅੰਦਰ ਜਿੰਨੇ ਭੋਲੇ ਬਣ ਕੇ ਦਾਅਵਾ ਕਰਦੇ ਹਨ ਕਿ ਉਹ ਪਾਕਿਸਤਾਨ ਨਾਲ ਬੇਹਤਰ ਤੇ ਸ਼ਾਂਤੀਪੂਰਨ ਰਿਸ਼ਤੇ ਚਾਹੁੰਦੇ ਹਨ। ਅਸਲ 'ਚ ਇਹ ਝੂਠ ਹੈ। ਪਾਕਿਸਤਾਨ ਦੇ ਹਾਕਮਾਂ ਬਾਰੇ ਸੱਚ ਹੈ। ਪਾਕਿਸਤਾਨ 'ਚ ਵਾਪਰਨ ਵਾਲੀਆਂ ਕਈ ਘਟਨਾਵਾਂ, ਕੌਮੀਅਤਾਂ ਦੇ ਸੰਘਰਸ਼ 'ਚ ਭਾਰਤ ਦੀ ਦਖਲ ਅੰਦਾਜ਼ੀ ਤੇ ਹੱਲਾਸ਼ੇਰੀ ਵੈਸੇ ਹੀ ਸ਼ਾਮਲ ਹੁੰਦੀ ਹੈ। ਜਿਵੇਂ ਪਾਕਿਸਤਾਨ ਭਾਰਤ ਦੇ ਅੰਦਰ ਕਰਦਾ ਹੈ। ਭਾਰਤ ਦੇ ਹਿੰਦੂ ਫਾਸਿਸਟ ਜਿਵੇਂ ਪਾਕਿਸਤਾਨ ਤੇ ਮੁਸਲਮਾਨਾਂ ਨੂੰ ਗਾਲਾਂ ਦੇ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ ਅਤੇ ਆਪਣੇ ਘ੍ਰਿਣਿਤ ਫਾਸਿਸਟ ਏਜੰਡੇ ਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਹੀ ਕੰਮ ਉਸੇ ਅੰਦਾਜ਼ 'ਚ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਇਸਲਾਮਿਕ ਫਾਸਿਸਟ ਤੇ ਕੱਟੜਪੰਥੀ ਕਰਦੇ ਹਨ। ਇਨ੍ਹਾਂ ਦੋਨਾਂ ਕਿਸਮਾਂ ਦੇ ਫਾਸਿਸਟਾਂ ਨੂੰ ਆਪਣੇ ਵਜੂਦ ਲਈ ਇਕ ਦੂਜੇ ਦੀ ਬਹੁਤ ਲੋੜ ਹੈ। ਉਹ ਇਕ ਦੂਜੇ ਬਿਨ੍ਹਾਂ ਜਿੰਦਾ ਹੀ ਨਹੀਂ ਰਹਿ ਸਕਦੇ। ਇਨ੍ਹਾਂ ਦੋਨਾਂ ਹੀ ਕਿਸਮ ਦੇ ਫਾਸਿਸਟਾਂ ਕੱਟੜਪੰਥੀਆਂ ਨੂੰ ਆਪਣੇ-ਆਪਣੇ ਦੇਸ਼ ਦੀ ਰਾਜਸੱਤਾ ਦਾ ਥਾਪੜਾ ਹਾਸਲ ਹੈ। ਉਹ ਆਪਣੇ-ਆਪਣੇ ਦੇਸ਼ਾਂ ਵਿਚ ਰਾਜ ਦੀਆਂ ਸੁਭ ਸੰਸਥਾਵਾਂ 'ਚ ਇਸ ਹੱਦ ਤੱਕ ਘੁਲੇ-ਮਿਲੇ ਹਨ ਕਿ ਇਨ੍ਹਾਂ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ। ਰਾਜਸੱਤਾ ਇਨ੍ਹਾਂ ਦੀ ਵਰਤੋਂ ਕਰਦੀ ਹੈ ਤੇ ਉਹ ਰਾਜਸੱਤਾ ਦੀ ਵਰਤੋਂ ਕਰਦੇ ਹਨ।

ਭਾਰਤ ਤੇ ਪਾਕਿਸਤਾਨ ਦੇ ਹਾਕਮ ਆਪਣੇ-ਆਪਣੇ ਦੇਸ਼ ਵਿਚ ਫਾਸਿਸਟ ਤੱਤਾਂ ਨੂੰ ਹੱਲਾਸ਼ੇਰੀ ਦੇਣ ਤੋਂ ਇਲਾਵਾ ਅੰਨ੍ਹੀ ਕੌਮਪ੍ਰਸਤੀ ਦਾ ਡਰ ਕੇ ਪ੍ਰਚਾਰ ਕਰਦੇ ਹਨ। ਸਰਕਾਰੀ ਟੈਲੀਵਿਜ਼ਨ, ਰੇਡਿਓ ਤੋਂ ਲੈ ਕੇ ਫਿਲਮਾਂ ਇਹੀ ਕੰਮ ਕਰਦੀਆਂ ਹਨ। ਭਾਰਤ 'ਚ ਦੇਸ਼ ਭਗਤੀ ਦਾ ਅਰਥ ਪਾਕਿਸਤਾਨ ਨੂੰ ਗਾਲ ਦੇਣਾ ਹੀ ਹੈ। ਇਹ ਗੱਲ ਪਾਕਿਸਤਾਨ ਬਾਰੇ ਸੱਚ ਹੈ। ਦੋਨੋਂ ਹੀ ਦੇਸ਼ਾਂ ਦੀਆਂ ਸਰਕਾਰਾਂ ਅੱਜ ਅਮਰੀਕੀ ਸਾਮਰਾਜ ਨਾਲ ਘਿਉ ਖਿਚੜੀ ਹਨ ਉਸ ਦੀ ਦਲਾਲ ਹਨ। ਪਰ ਦੋਨੋਂ ਹੀ ਅਮਰੀਕਾ ਦੀਆਂ ਕੱਛਾਂ ਹੇਠ ਇਕ-ਦੂਜੇ ਨੂੰ ਮੁੱਕਾ ਤਾਣ ਦੇ ਰਹਿੰਦੇ ਹਨ।

ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਆਮ ਸਬੰਧ ਤਦ ਤੱਕ ਨਹੀਂ ਬਣ ਸਕਦੇ ਜਦ ਤੱਕ ਦੱਖਣੀ ਏਸ਼ੀਆ ਤੋਂ ਅਮਰੀਕੀ ਸਮੇਤ ਸਾਰੇ ਸਾਮਰਾਜੀਆਂ ਨੂੰ ਖਦੇੜਿਆਂ ਨਹੀਂ ਜਾਂਦਾ। ਇਹ ਗੱਲ ਵੈਸੇ ਵੀ ਸੱਚ ਹੈ ਜਿਵੇਂ ਕੋਰੀਆਈ ਪ੍ਰਾਦੀਪ ਦੇ ਦੇਸ਼ ਉਤਰੀ ਕੋਰੀਆ ਤੇ ਦੱਖਣੀ ਕੋਰੀਆ ਦੇ ਏਕੀਕਰਣ ਤੇ ਸ਼ਾਂਤੀ ਲਈ ਉਥੋਂ ਅਮਰੀਕੀ ਸਾਮਰਾਜੀਆਂ ਨੂੰ ਬਾਹਰ ਸੁੱਟਿਆ ਜਾਣਾ ਜ਼ਰੂਰੀ ਹੈ। ਨਹੀਂ ਤਾਂ ਯੁੱਧ ਤਣਾਅ, ਸ਼ਾਂਤੀਵਾਰਤਾ ਦਾ ਅਮੁੱਕ ਸਿਲਸਿਲਾ ਚੱਲਦਾ ਰਹੇਗਾ। ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਵਿਚਾਲੇ ਦੱਖਣੀ ਏਸ਼ੀਆ ਪ੍ਰਾਦੀਪ ਵਿਚ ਆਪਣੇ ਪ੍ਰਭਾਵ ਦਾ ਵਿਸਥਾਰ ਕਰਨ ਲਈ ਲਗਾਤਾਰ ਦੌੜ ਲੱਗੀ ਰਹਿੰਦੀ ਹੈ। ਅਫ਼ਗਾਨਿਸਤਾਨ 'ਚ ਵੀ ਇਹ ਦੋਨੋਂ ਦੇਸ਼ ਇਕ-ਦੂਜੇ ਨਾਲ ਉਲਝੇ ਹੋਏ ਹਨ। ਇਕ ਦੇ ਹਿੱਤ ਦੂਜੇ ਦੇ ਹਿੱਤਾਂ ਖਿਲਾਫ਼ ਹੋਣ ਕਾਰਨ ਉਥੇ ਆਏ ਦਿਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਜੋ ਅਫ਼ਗਾਨਿਸਤਾਨ ਦੇ ਲੋਕਾਂ ਦੇ

ਦੁੱਖਾਂ 'ਚ ਹੋਰ ਵਾਧਾ ਕਰਦੀਆਂ ਹਨ। ਇਹੀ ਤਿੱਖੀ ਦੌੜ ਸਾਨੂੰ ਭਾਰਤ ਤੇ ਪਾਕਿਸਤਾਨ ਵਿਚਾਲੇ ਆਧੁਨਿਕ ਹਥਿਆਰਾਂ ਨੂੰ ਹਾਸਲ ਕਰਨ ਸਬੰਧੀ ਨਜ਼ਰ ਆਉਂਦੀ ਹੈ। ਦੋਨੋਂ ਹੀ ਦੇਸ਼ ਰੱਖਿਆ ਅਤੇ ਹਥਿਆਰਾਂ ਉਪਰ ਸਿੱਖਿਆ ਸਿਹਤ ਤੇ ਜਨ ਕਲਿਆਣ ਤੋਂ ਕਈ ਗੁਣਾ ਵੱਧ ਪੈਸੇ ਖਰਚ ਕਰਦੇ ਹਨ। ਦੋਨੋਂ ਹੀ ਦੇਸ਼ ਪ੍ਰਮਾਣੂ ਹਥਿਆਰਾਂ ਨਾਲ ਲੈਸ ਹਨ। ਭਵਿੱਖ 'ਚ ਇਨ੍ਹਾਂ ਹਥਿਆਰਾਂ ਦੀ ਵਰਤੋਂ ਵਿਨਾਸ਼ਕਾਰੀ ਪ੍ਰਭਾਵ ਵੀ ਪੈਦਾ ਕਰ ਸਕਦੀ ਹੈ। ਭਾਰਤ ਤੇ ਪਾਕਿਸਤਾਨ ਵਿਚਾਲੇ ਸਥਾਈ ਸ਼ਾਂਤੀ ਤੇ ਏਕਤਾ ਤਦ ਤੱਕ ਸੰਭਵ ਨਹੀਂ ਜਦ ਤੱਕ ਭਾਰਤ ਤੇ ਪਾਕਿਸਤਾਨ 'ਚ ਅਜਿਹੇ ਪ੍ਰਬੰਦ ਬਣੇ ਰਹਿੰਦੇ ਹਨ ਜੋ ਲੁੱਟ-ਘਸੁੱਟ, ਜਬਰ ਤੇ ਸੋਸ਼ਣ ਉਪਰ ਟਿਕੇ ਹੋਏ ਹਨ। ਅਜਿਹੇ ਪ੍ਰਬੰਦ ਆਪਣੇ ਆਪ ਨੂੰ ਟਿਕਾਈ ਰੱਖਣ ਲਈ ਇਕ ਪਾਸੇ ਅੰਨਾ ਕੌਮਪ੍ਰਸਤ (ਅੰਨੀ ਦੇਸ਼ਭਗਤੀ) ਦਾ ਪ੍ਰਚਾਰ ਕਰਦੇ ਹੋਣ ਅਤੇ ਦੂਜੇ ਪਾਸੇ ਦੇਸ਼ ਦੀ ਪ੍ਰਭੂਸੱਤਾ ਤੇ ਆਜ਼ਾਦੀ ਨੂੰ ਆਏ ਦਿਨ ਸਾਮਰਾਜ ਦੀ ਦਹਿਲੀਜ਼ 'ਤੇ ਗਹਿਣੇ ਰੱਖਦੇ ਹੋਣ। ਅਜਿਹੇ ਪ੍ਰਬੰਦਾਂ ਨੂੰ ਲੋਕਾਂ ਦੀ ਲੁੱਟ ਤੇ ਜਬਰ ਲਈ ਨੀਚਤਾ ਤੇ ਬੇਕਿਰਕੀ ਦੀ ਕਿਸੇ ਵੀ ਹੱਦ ਨੂੰ ਲੰਘ ਜਾਂਦੇ ਹੋਣ। ਇੱਕ ਦੂਜੇ ਤੋਂ ਕੁਦਰਤੀ ਭੰਡਾਰਾਂ ਤੋਂ ਲੈ ਕੇ ਖੇਤਰੀ ਵਿਸਥਾਰ ਤੇ ਪ੍ਰਭਾਵ ਲਈ ਤੇਜ਼ ਦੌੜ 'ਚ ਲੱਗੇ ਦੋ ਦੇਸ਼ਾਂ ਦੇ ਹਾਕਮਾਂ ਤੋਂ ਕੋਈ ਕੀ ਉਮੀਦ ਕਰ ਸਕਦਾ ਹੈ ਕਿ ਉਹ ਸ਼ਾਂਤੀ ਤੇ ਏਕਤਾ ਦੀਆਂ ਕੋਸ਼ਿਸ਼ਾਂ ਕਰ ਸਕਦੇ ਹਨ। ਜੇ ਉਹ ਕੋਸ਼ਿਸ਼ਾਂ ਕਰ ਵੀ ਰਹੇ ਹੋਣ ਤਾਂ ਅਸਲ 'ਚ ਉਹ ਇੱਕ ਨਵੀਂ ਦੌੜ, ਇੱਕ ਨਵੇਂ ਸੰਘਰਸ਼ ਤੇ ਇੱਕ ਨਵੇਂ ਦਾਅ ਨੂੰ ਚੱਲ ਰਹੇ ਹੋਣਗੇ।

# ਵਿਕਾਸ ਦੀ ਗਤੀ ਬਨਾਮ ਗੁਰਬਤ ਦੀ ਰਫ਼ਤਾਰ

ਅੰਕੜਿਆਂ ਦੀ ਜਾਹਲਸਾਜੀ ਕਰਕੇ ਪੈਸੇ ਦੀ ਬਾਂਦਰ ਵੰਡ ਕਿਵੇਂ ਕੀਤੀ ਜਾ ਸਕਦੀ ਹੈ, ਇਸ ਲਈ ਆਦਰਸ਼ ਥਾਂ ਹੈ ਸਤੀਸ਼ਗੜ੍ਹ। ਜਿਥੇ ਸਰਕਾਰੀ ਕਾਗਜ਼ 'ਚ ਗਰੀਬਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ ਅਤੇ ਬਦਲੇ 'ਚ ਕੇਂਦਰ ਸਰਕਾਰ ਤੋਂ ਗਰੀਬਾਂ ਨੂੰ ਤਾਰਨ ਲਈ ਬਣੀਆਂ ਸਾਰੀਆਂ ਯੋਜਨਾਵਾਂ 'ਚ ਮਿਲਣ ਵਾਲੇ ਪੈਸੇ ਸਰਕਾਰੀ ਮਸ਼ੀਨਰੀ ਡਕਾਰ ਰਹੀ ਹੈ। ਅੰਕੜਿਆਂ 'ਚ ਮਾਹਿਰ ਸਤੀਸ਼ਗੜ੍ਹ ਦੀ ਸਰਕਾਰੀ ਮਸ਼ੀਨਰੀ ਕਿਹੜੇ-ਕਿਹੜੇ ਗੁਲ ਖਿਲਾ ਰਹੀ ਹੈ, ਗੌਰ ਕਰੋ। ਕੁਲ ਜਮਾਂ 34 ਫੀਸਦੀ ਜਨਜਾਤੀ ਤੇ 11 ਫੀਸਦੀ ਅਨੁਸੂਚਿਤ ਜਾਤੀ ਦੀ ਅਬਾਦੀ ਵਾਲੇ ਸਤੀਸ਼ਗੜ੍ਹ 'ਚ ਸਰਕਾਰੀ ਤੌਰ 'ਤੇ ਐਲਾਨੀ ਗਰੀਬੀ ਰੇਖਾ ਤੋਂ ਹੇਠਾਂ ਗੁਜ਼ਰ ਬਸਰ ਕਰਨ ਵਾਲੇ ਲੋਕਾਂ ਨੂੰ ਇਕ ਤੇ ਦੋ ਰੁਪਏ ਕਿਲੋ ਦੀ ਦਰ ਨਾਲ ਚੌਲ ਤੇ ਦੂਜੀਆਂ ਬੁਨਿਆਦੀ ਸਹੂਲਤਾਂ 'ਚ ਸਰਕਾਰੀ ਸਹਾਇਤਾ ਦਿੱਤੀ ਜਾ ਰਹੀ ਹੈ ਸਿੱਟੇ ਵਜੋਂ ਸੰਨ 2002 'ਚ ਜਿੱਥੇ ਰਾਜ 'ਚ ਕੇਂਦਰ ਸਰਕਾਰ ਦੇ ਪੈਮਾਨੇ 'ਚ ਫਿਟ ਗਰੀਬਾਂ ਦੀ ਗਿਣਤੀ ਸਿਰਫ਼ 18 ਲੱਖ 73 ਹਜ਼ਾਰ ਸੀ, ਉਥੇ 7 ਸਾਲਾਂ ਵਿਚ ਸੰਨ 2009-10 ਵਿਚ ਕਾਰਡ ਹੋਲਡਰ ਗਰੀਬਾਂ ਦੇ ਅੰਕੜੇ ਵਧ ਕੇ 37 ਲੱਖ 35 ਹਜ਼ਾਰ ਹੋ ਗਿਆ ਹੈ। ਅਸਲ 'ਚ ਖੁਰਾਕ ਸੁਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਵੇਕ ਦਾਂੜ ਅਨੁਸਾਰ ਇਹ ਅੰਕੜੇ ਪੂਰੀ ਤਰ੍ਹਾਂ ਦਰੁਸਤ ਨਹੀਂ ਹਨ ਕਿਉਂਕਿ ਬਹੁਤ ਸਾਰਾ ਕੰਮ ਲਗਾਤਾਰ ਚੱਲਦਾ ਰਹਿੰਦਾ ਹੈ। ਪਿਛਲੇ ਇਕ ਸਾਲ ਵਿਚ 1 ਲੱਖ 32 ਹਜ਼ਾਰ ਕਾਰਡਾਂ ਨੂੰ ਰੱਦ ਕੀਤਾ ਗਿਆ ਇਨ੍ਹਾਂ 'ਚ ਗਰੀਬੀ ਰੇਖਾ ਤੋਂ ਉਪਰ ਆਉਣ ਵਾਲੇ ਲੋਕਾਂ ਤੋਂ ਇਲਾਵਾ ਸਾਰੇ ਫਰਜ਼ੀ ਕਾਰਡ ਵੀ ਸ਼ਾਮਲ ਸਨ। ਇਸ ਵਕਤ ਸਤੀਸ਼ਗੜ੍ਹ ਵਿਚ ਕੁਲ 36 ਲੱਖ ਤਿੰਨ ਹਜ਼ਾਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ। ਇਨ੍ਹਾਂ 'ਚ ਵੀ 29 ਲੱਖ ਲੋਕ ਗਰੀਬ ਤੇ 7 ਲੱਖ ਅਤੀ ਗਰੀਬਾਂ ਦੀ ਸ਼੍ਰੇਣੀ 'ਚ ਆਉਂਦੇ ਹਨ। ਰਾਜ 'ਚ ਦੋ ਤਿਹਾਈ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਿਉਂ ਰਹੇ ਹਨ ਅਤੇ ਸਿਰਫ 15 ਫੀਸਦੀ ਲੋਕਾਂ ਕੋਲ ਪੈਸਾ ਇਕੱਠਾ ਹੋਈ ਜਾ ਰਿਹਾ ਹੈ। ਪਿਛਲੇ ਸਾਲਾਂ ਵਿੱਚ ਰਾਜ ਦੇ 15 ਫੀਸਦੀ ਅਮੀਰ ਤਬਕੇ ਨੇ ਅਮੀਰੀ ਤੇ ਗਰੀਬੀ ਦੀ ਖਾਈ ਇਨੀ ਚੌੜੀ ਕਰ ਦਿੱਤੀ ਹੈ ਕਿ 85% ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ ਅਤੇ ਅਮੀਰਾਂ ਦੀ ਅਮੀਰੀ 'ਤੇ ਕੋਈ ਲਗਾਮ ਨਹੀਂ ਹੈ। ਰਾਜ ਦੇ ਝੋਨੇ ਦੇ ਖੇਤਾਂ 'ਚ ਗਰੀਬੀ ਦੀ ਫਸਲ ਉਗਾਈ ਜਾਂਦੀ ਹੈ। ਸਤੀਸ਼ਗੜ੍ਹ 'ਚ ਇਸ ਵਕਤ 29 ਲੱਖ ਪਰਿਵਾਰਾਂ ਨੂੰ ਦੋ ਰੁਪਏ ਕਿਲੋ ਅਤੇ 7 ਲੱਖ ਅਤੀ ਗਰੀਬਾਂ ਨੂੰ ਇਕ ਰੁਪਏ ਕਿਲੋ ਦੀ ਦਰ ਨਾਲ ਹਰ ਮਹੀਨੇ 35 ਕਿਲੋ ਚੌਲ ਅਤੇ ਨਾਲ ਹੀ ਅੰਮ੍ਰਿਤ ਨਮਕ ਮੁਫ਼ਤ ਦਿੱਤਾ ਜਾਂਦਾ ਹੈ। ਪਿਛਲੇ ਦੋ-ਤਿੰਨ ਸਾਲਾਂ 'ਚ ਸਰਕਾਰ ਨੇ ਇਕ ਲੱਖ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਨ੍ਹਾਂ 'ਚ ਕੁਝ ਸਿੱਖਿਆ ਕਰਮੀ ਨਿਯੁਕਤ ਹੋਏ ਤਾਂ ਕਈਆਂ ਦੀ ਭਰਤੀ ਪੁਲਸ 'ਚ ਕੀਤੀ ਗਈ। ਕਾਂਡ ਜਾਣਕਾਰੀ ਦਿੰਦੇ ਹਨ, ਬੀਤੀ 16 ਜੂਨ ਤੋਂ ਸ਼ਹਿਰ 'ਚ ਮੁਹਿੰਮ ਚਲਾ ਕੇ ਗਰੀਬੀ ਰੇਖਾ ਦੇ ਕਾਰਡਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਆਖਰ ਕੀ ਵਜ੍ਹਾ

ਹੈ ਕਿ ਸਤੀਸ਼ਗੜ੍ਹ 'ਚ ਗਰੀਬਾਂ ਦੀ ਗਿਣਤੀ ਬਜਾਏ ਘੱਟ ਹੋਣ ਦੇ ਵਧਦੀ ਹੀ ਜਾ ਰਹੀ ਹੈ। ਕੁਲ ਮਿਲਾ ਕੇ ਇਹ ਹਕੀਕਤ ਹੈ ਕਿ ਰਾਜ ਦੀ ਕਰੀਬ ਸਵਾ ਦੋ ਕਰੋੜ ਦੀ ਅਬਾਦੀ 'ਚ ਲਗਭਗ ਡੇਢ ਕਰੋੜ ਲੋਕ ਯਾਨੀ ਦੋ ਤਿਹਾਈ ਬੇਹੱਦ ਗਰੀਬੀ ਦੀ ਹਾਲਤ ਵਿੱਚ ਹਨ। ਕਾਗਜਾਂ 'ਚ ਤੇਜ਼ੀ ਨਾਲ ਵਿਕਾਸ ਹੁੰਦੇ ਇਸ ਰਾਜ ਦੀ ਫੀ ਵਿਅਕਤੀ ਸਲਾਨਾ ਆਮਦਨ ਸਾਲ 2009-10 'ਚ ਯੋਜਨਾ ਕਮਿਸ਼ਨ ਵਲੋਂ ਜਾਰੀ ਅੰਕੜਿਆਂ ਦੇ ਹਿਸਾਬ ਨਾਲ 38,500 ਰੁਪਏ ਹੈ। ਉਥੇ ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰ ਦੀ ਸਲਾਨਾ ਆਮਦਨ 9600 ਰੁਪੈ ਹੈ। ਨਵੰਬਰ 2000 'ਚ ਰਾਜ ਬਣਿਆ ਤਾਂ ਮੱਧ ਪ੍ਰਦੇਸ਼ ਤੋਂ ਗਰੀਬੀ ਦਾ ਅੰਕੜਾ ਛੱਡ ਕੇ ਸਤੀਸ਼ਗੜ੍ਹ ਨੂੰ ਉਹ ਮਿਲਿਆ ਜੋ ਨਵਜਾਤ ਰਾਜ ਨੂੰ ਬੇਹਤਰ ਤਰੀਕੇ ਨਾਲ ਚਲਾਉਣ ਲਈ ਮਿਲਣਾ ਚਾਹੀਦਾ ਹੈ। ਗਰੀਬੀ ਦੇ ਇਹ ਅੰਕੜੇ ਨਵੇਂ ਰਾਜ ਦੀ ਪਿਛਲੀ ਤੇ ਮੌਜੂਦਾ ਸਰਕਾਰ ਦੀ ਪੈਦਾ ਕੀਤੀ ਫਸਲ ਹੈ। ਹਾਲ ਦੀ ਘੜੀ ਗਰੀਬੀ ਦਾ ਇਹ ਅੰਕੜਾ ਰਾਜ ਦੀ ਰਾਜਨੀਤੀ ਦੇ ਕੇਂਦਰ 'ਚ ਆ ਚੁੱਕਿਆ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਤੋਂ ਵੱਧ ਤੋਂ ਵੱਧ ਮਦਦ ਹਾਸਲ ਕਰਨ ਲਈ ਸਤੀਸ਼ਗੜ੍ਹ ਦੀ ਡਾ. ਰਮਨ ਸਿੰਘ ਸਰਕਾਰ ਗਰੀਬੀ ਦੇ ਅੰਕੜਿਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਗਰੀਬੀ ਦੇ ਫਰਜ਼ੀ ਅੰਕੜੇ ਤਿਆਰ ਕਰਨ ਦੀ ਬਜਾਏ ਆਰਥਕ ਤਰੱਕੀ 'ਤੇ ਵੱਧ ਧਿਆਨ ਦੇਵੇ। ਜ਼ਿਕਰਕਰਨ ਲਾਇਕ ਹੈ ਕਿ ਸੰਨ 2000 'ਚ ਰਾਜ ਦਾ ਬਜਟ 5700 ਕਰੋੜ ਦਾ ਸੀ। ਜੋ 2009-10 'ਚ 25 ਹਜ਼ਾਰ ਕਰੋੜ ਤੱਕ ਪਹੁੰਚ ਗਿਆ ਅਤੇ ਬਜਟ ਘਾਟਾ 14000 ਕਰੋੜ ਹੋ ਚੁੱਕਿਆ ਹੈ। ਚੌਬੇ ਕਹਿੰਦੇ ਹਨ, ਗਰੀਬ ਨਹੀਂ ਹੋਣਗੇ ਤਾਂ ਏਨੀ ਵੱਡੀ ਰਕਮ 'ਚ ਘਪਲਾ ਕਰਨ ਵਾਲੀ ਸਰਕਾਰ ਤੇ ਅਫਸਰਸ਼ਾਹੀ ਦਾ ਪੇਟ ਕਿਵੇਂ ਭਰੇਗਾ? ਰਾਜ 'ਚ ਜਿਸ ਤਰ੍ਹਾਂ ਨਾਲ ਸੜਕ, ਸਿੱਖਿਆ, ਸਿਹਤ, ਸਨਅਤ ਤੇ ਦੂਜੇ ਉਸਾਰੀ ਖੇਤਰ 'ਚ ਤਰੱਕੀ ਹੋਈ। ਉਸ ਤੋਂ ਕਿਤੇ ਵੱਧ ਤੇਜ਼ੀ ਨਾਲ ਗਰੀਬਾਂ ਦੀ ਗਿਣਤੀ ਵਧੀ ਹੈ। ਉਸਾਰੀ ਦੇ ਖੇਤਰ ਵਿਚ ਜੋ ਵਿਕਾਸ ਹੋਇਆ ਉਸ ਦੀ ਦੁਗਣੀ ਰਫ਼ਤਾਰ ਨਾਲ ਗਰੀਬੀ ਰੇਖਾ ਦਾ ਅੰਕੜਾ ਵਧਿਆ ਹੈ। ਗਰੀਬੀ ਦੇ ਅੰਕੜਿਆਂ ਦਾ ਦੂਜਾ ਸੱਚ ਇਹ ਵੀ ਹੈ ਕਿ ਬਹੁਤ ਖਾਂਦੇ ਪੀਂਦੇ ਪਰਿਵਾਰਾਂ ਨੇ ਗਰੀਬੀ ਰੇਖਾ ਦੇ ਰਾਸ਼ਣ ਕਾਰਡ ਬਣਾ ਕੇ ਚੌਲਾਂ ਦਾ ਵਪਾਰ ਸ਼ੁਰੂ ਕਰ ਦਿੱਤਾ ਹੈ। ਗਰੀਬੀ ਦੀ ਇਸ ਗੋਰਖ ਧੰਦੇ ਵਿੱਚ ਵੋਟ ਬੈਂਕ ਪੱਕਾ ਕਰਨ ਦੀ ਨੀਅਤ ਨਾਲ ਟੁੱਟੇ ਭੱਜੇ ਨੇਤਾਵਾਂ ਤੇ ਰਾਸ਼ਣ ਮਾਫੀਆ ਦੀ ਫ਼ੌਜ ਸਰਗਰਮ ਹੋ ਚੁੱਕੀ ਹੈ। ਜਿਸ ਦੀਆਂ ਜੜ੍ਹਾਂ ਜ਼ਮੀਨ ਪੱਧਰ 'ਤੇ ਪਹੁੰਚ ਚੁੱਕੀਆਂ ਹਨ। ਇਹੀ ਵਜ੍ਹਾ ਹੈ ਕਿ ਹਰ ਸਾਲ ਪਿੰਡ ਸੁਰਾਜ ਮੁਹਿੰਮ ਤਹਿਤ ਮੁੱਖ ਮੰਤਰੀ ਤੋਂ ਲੈ ਕੇ ਅਧਿਕਾਰੀਆਂ ਤੱਕ ਮਿਲਣ ਵਾਲੀਆਂ ਬਹੁਤੀਆਂ ਅਰਜ਼ੀਆਂ ਇਸ ਗੱਲ ਦੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਗਰੀਬੀ ਤੋਂ ਹੇਠਾਂ ਦਾ ਕਾਰਡ ਦਿੱਤਾ ਜਾਵੇ। ਕੁਝ ਅਰਜ਼ੀਆਂ 'ਚ ਅਜਿਹੀਆਂ ਬੇਨਤੀਆਂ ਦੀ ਹਿੱਸੇਦਾਰੀ 70 ਫੀਸਦੀ ਤੋਂ ਵੱਧ ਹੈ। ਗਰੀਬੀ ਰੇਖਾ ਤੋਂ ਹੇਠਾਂ ਲਗਭਗ 7000 ਰਾਸ਼ਨ ਕਾਰਡ ਫਰਜ਼ੀ ਹਨ। ਕੇਂਦਰ ਤੋਂ ਮਿਲਣ ਵਾਲੀ ਰਾਸ਼ੀ ਦਾ 30 ਫੀਸਦੀ ਤੋਂ ਵੱਧ ਭ੍ਰਿਸ਼ਟਾਚਾਰ ਦੇ ਹਵਾਲੇ ਹੋ ਜਾਂਦਾ ਹੈ ਅਤੇ 25 ਤੋਂ 30 ਫੀਸਦੀ ਰਾਸ਼ੀ ਇਹ ਸਰਕਾਰ ਨਹੀਂ ਕਰਦੀ।

# ਖਾਪ ਪੰਚਾਇਤ-ਇਕ ਮੁਲਅੰਕਣ

ਖਾਪ ਇੱਕ ਖੌਫ਼ਨਾਕ ਤਸਵੀਰ 'ਚ ਬਦਲ ਗਈ ਹੈ। ਖਾਪ ਦਾ ਨਾਂ ਸੁਣਦਿਆਂ ਹੀ ਜੇਹਨ 'ਚ ਕਤਲ ਕਰ ਦਿੱਤੇ ਗਏ ਪ੍ਰੇਮੀ ਜੋੜਿਆਂ ਦੇ ਚੇਹਰੇ ਅਤੇ ਦਲਿਤਾਂ ਦੇ ਸੜੇ ਹੋਏ ਮਕਾਨਾਂ ਦੀਆਂ ਤਸਵੀਰਾਂ ਅੱਖਾਂ ਮੂਹਰੇ ਘੁੰਮਣ ਲੱਗਦੀਆਂ ਹਨ। ਮੀਡੀਆ ਦੇ ਵਿਆਪਕ ਫਲਕ 'ਤੇ ਛਾਉਂਦਿਆਂ ਹੀ ਖਾਪ ਪੰਚਾਇਤਾਂ ਦੇ ਨਾਦਰਸ਼ਾਹੀ ਫੈਸਲਿਆਂ ਤੋਂ ਤਰਿਸਤ ਲੋਕਾਂ ਦੀਆਂ ਪੀੜਾਂ ਨਾਲ ਸਾਰਾ ਸਮਾਜ ਵੀ ਰੁਬਰੂ ਹੋਣ ਲੱਗਿਆ ਸਮਾਜ ਦਾ ਚੇਤੰਨ ਵਰਗ ਇਹਨਾਂ ਪੰਚਾਇਤ ਦੇ ਨੱਥ ਪਾਉਣ ਦੀ ਮੰਗ ਕਰਨ ਲੱਗਿਆ ਹੈ। ਇਸ ਮੰਗ ਦੇ ਜਵਾਬ 'ਚ ਕੇਂਦਰ ਸਰਕਾਰ ਨੇ ਭਾਰਤੀ ਦੰਡ ਸੰਹਿਤਾ 'ਚ ਬਦਲਾਅ ਦਾ ਐਲਾਨ ਕੀਤਾ ਹੈ। ਇਸ ਅਨੁਸਾਰ ਖਾਪ ਪੰਚਾਇਤਾਂ ਵਲੋਂ ਕੀਤੇ ਜਾਣ ਵਾਲੇ ਕਤਲਾਂ 'ਚ ਸਜ਼ਾ ਦੀ ਵਿਵਸਥਾ ਕਰਨ ਲਈ ਵੱਖਰੀ ਧਾਰਾ ਜੋੜੀ ਜਾਵੇਗੀ। ਖਾਪ ਪੰਚਾਇਤਾਂ ਦੀ ਹੋਂਦ ਤੇ ਉਹਨਾਂ ਵਲੋਂ ਲੈ ਜਾ ਰਹੇ ਫੈਸਲਿਆਂ ਦੇ ਭੌਤਿਕ ਅਧਾਰ ਨੂੰ ਸਮਝ ਕੇ ਠੀਕ ਕਰਨ ਦੀ ਬਜਾਏ ਸਰਕਾਰ ਨੇ ਲੰਮੇ ਸਮੇਂ ਤੋਂ ਚਰਚਿਤ ਅੰਦਾਜ਼ 'ਚ ਸਾਰੇ ਮਾਮਲੇ ਨੂੰ ਕਾਨੂੰਨੀ ਪ੍ਰਬੰਦ ਸੰਗੋੜ ਦਿੱਤਾ ਹੈ, ਸਿਰਫ਼ ਸਖ਼ਤ ਸਜ਼ਾ ਨਿਰਧਾਰਿਤ ਕਰਕੇ ਕੋਈ ਵੀ ਸਰਕਾਰ ਅਪਰਾਧਾਂ ਨੂੰ ਕੰਟਰੋਲ ਨਹੀਂ ਕਰ ਸਕੀ ਹੈ। ਇਹ ਜ਼ਰੂਰੀ ਹੈ ਕਿ ਖਾਪ ਪੰਚਾਇਤਾਂ ਦੇ ਸਮਾਜਕ ਆਰਥਕ ਪਿਛੋਕੜ ਨੂੰ ਸਮਝ ਕੇ ਅਤੇ ਉਹਨਾਂ ਨੂੰ ਬਦਲ ਕੇ ਹੀ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ। ਖੌਫਨਾਕ ਫੈਸਲਿਆਂ ਦੇ ਕਾਰਨਾਂ ਨੂੰ ਸਮਾਜਕ ਆਰਥਕ ਪ੍ਰਸੰਗਾਂ 'ਚ ਸਮਝਿਆ ਜਾਵੇ ਤਾਂ ਕਿ ਉਸ ਦਾ ਪੱਕਾ ਹੱਲ ਕੱਢਿਆ ਜਾ ਸਕੇ।

ਹਰਿਆਣੇ ਦੀ ਜਾਟ ਜਾਤੀ 'ਚ ਖਾਪ ਪੰਚਾਇਤਾਂ ਵਲੋਂ ਸ਼ਾਦੀ ਸਬੰਧਾਂ 'ਚ ਦਖਲ ਅੰਦਾਜ਼ੀ ਸਬੰਧੀ ਪੂਰੇ ਦੇਸ਼ 'ਚ ਬਹਿਸ ਹੋ ਰਹੀ ਹੈ। ਖਾਪ ਪੰਚਾਇਤਾਂ ਮਾਤਾ, ਪਿਤਾ, ਦਾਦੀ, ਨਾਨੀ, ਭੂਆ ਵਰਗੇ ਖ਼ੂਨ ਦੇ ਰਿਸ਼ਤਿਆਂ 'ਚ ਕੀਤੇ ਜਾਣ ਵਾਲੇ ਵਿਆਹਾਂ 'ਤੇ ਇਤਰਾਜ਼ ਕਰਦੀ ਹੈ। ਕੈਥਲ ਦੇ ਕਰੋੜਾਂ ਪਿੰਡ 'ਚ ਹਾਈਕੋਰਟ ਵੱਲੋਂ ਸੁਰੱਖਿਆ ਮੁਹੱਈਆ ਕਰਵਾਏ ਜਾਣ ਦੇ ਹੁਕਮ ਦੇ ਬਾਵਜੂਦ ਨਵ-ਵਿਆਹੇ ਜੋੜੇ ਮਨੋਜ ਤੇ ਬਬਲੀ ਦਾ ਕਤਲ ਪੰਚਾਇਤ ਵਲੋਂ ਇਸ ਲਈ ਕਰਵਾ ਦਿੱਤਾ ਗਿਆ ਕਿਉਂਕਿ ਦੋਨੋਂ ਇੱਕ ਹੀ ਗੋਤ ਦੇ ਸਨ ਫਰਵਰੀ 2010 'ਚ ਮਹਿਮ ਦੇ ਪਿੰਡ ਫਰਮਾਣਾ 'ਚ ਸੇਹਰਾਵਣ ਗੋਤ ਤੇ ਬੁਰਾ ਗੋਤ ਨੂੰ ਭਾਈਚਾਰੇ ਦਾ ਗੋਤ ਦਸ ਕੇ ਖਾਪ ਪੰਚਾਇਤ ਨੇ ਨੀਲਮ ਤੇ ਨਵੀਨ ਦੀ ਸ਼ਾਦੀ 'ਚ ਅੜਿੱਕਾ ਡਾਹਿਆ। ਖਾਪ ਪੰਚਾਇਤਾ ਨੇੜੇ ਦੇ ਪਿੰਡ ਗੁਆਂਢ ਵਿੱਚ ਵੀ ਸ਼ਾਦੀ ਕਰਨ ਨੂੰ ਸਮਾਜਿਕ ਮਰਿਆਦਾਵਾਂ ਦੀ ਉਲੰਘਣਾ ਸਮਝਦੀ ਹੈ। ਪਿੰਡ 'ਚ ਜਰਵਾਨਾ ਬਹੁਗਿਣਤੀ ਗੋਤ ਦੇ ਜਾਟ ਹੋਰ ਨਿਵਾਸੀਆਂ 'ਤੇ ਉਹਨਾਂ ਦੇ ਪ੍ਰੀਵਾਰਾਂ 'ਚ ਵਿਆਹ ਕਰਨ 'ਤੇ ਪਾਬੰਦੀ ਲਾਉਂਦੇ ਹਨ, ਜਿਹਨਾਂ ਦਾ ਗੋਤ ਜਰਵਾਨੇ ਜੱਟਾਂ ਵਾਲਾ ਹੀ ਹੋਵੇ। ਜਰਵਾਨੇ ਗੋਤ ਦੇ ਜੱਟ ਉਹਨਾਂ ਵਿਆਹਾਂ 'ਤੇ ਵੀ ਇਤਰਾਜ਼ ਕਰਦੇ ਹਨ ਜੋ ਉਹਨਾਂ ਪਿੰਡਾਂ ਦੇ ਪ੍ਰੀਵਾਰਾਂ 'ਚ ਕੀਤੀਆਂ ਗਈਆਂ ਹੋਣ ਜਿੱਥੇ

ਉਹਨਾਂ ਦੇ ਗੋਤ ਦੇ ਲੋਕ ਰਹਿੰਦੇ ਹੋਣ। ਖਾਪ ਪੰਚਾਇਤਾਂ ਸਿਰਫ਼ ਇਤਰਾਜ਼ ਹੀ ਨਹੀਂ ਕਰਦੀਆਂ ਬਲਕਿ ਅਜਿਹੇ ਵਿਆਹਾਂ 'ਚ ਅੜਿੱਕੇ ਵੀ ਡਾਹੁੰਦੀਆਂ ਹਨ। ਉਹਨਾਂ ਨੂੰ ਤੜਵਾ ਦਿੰਦੀਆਂ ਹਨ। ਜੋੜੇ ਨੂੰ ਆਪਸ 'ਚ ਭਾਈ ਭੈਣ ਬਣਾ ਕੇ ਰੱਖੜੀ ਬੰਨਣ ਤੱਕ ਮਜ਼ਬੂਰ ਕਰਦੀਆਂ ਹਨ। ਜੇ ਕੋਈ ਜੋੜਾ ਉਹਨਾਂ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ ਤਾਂ ਇਹ ਖਾਪ ਪੰਚਾਇਤਾਂ ਨਾ ਸਿਰਫ਼ ਜੋੜੇ ਜਾ ਪ੍ਰੇਮੀ ਜੋੜਿਆਂ ਦੇ ਪ੍ਰੀਵਾਰਾਂ ਦਾ ਹੁੱਕਾ ਪਾਣੀ ਬੰਦ ਕਰਕੇ ਉਹਨਾਂ ਦਾ ਸਮਾਜਕ ਬਾਈਕਾਟ ਕਰ ਦਿੰਦੀਆਂ ਹਨ। ਉਹ ਜੋੜੇ ਦਾ ਕਤਲ ਕਰ ਦਿੰਦੀਆਂ ਹਨ। ਭਿਵਾਨੀ ਦੇ ਸਓਰਾਣ ਪਚੀ ਖਾਪ ਖੇਤਰ ਦੇ ਤਹਿਤ ਪਿੰਡ ਲਾਡਾਵਾਸ 'ਚ ਗਿੱਲ ਗੋਤ ਦੇ ਲੋਕ ਬਹੁਗਿਣਤੀ ਵਿੱਚ ਹਨ ਅਤੇ ਸੌਰਾਣ ਖਿੱਤੇ ਦੇ ਲੋਕ ਘੱਟ ਗਿਣਤੀ ਹਨ ਉਥੇ ਗਿੱਲ ਗੋਤ ਦੇ ਇੱਕ ਪ੍ਰੀਵਾਰ ਵਲੋਂ ਸੌਰਾਣ ਗੋਤ 'ਚ ਵਿਆਹ ਤਹਿ ਕਰਨ ਦੀ ਮੁਖਾਲਫਤ ਕੀਤੀ ਗਈ। ਇਸ ਤੋਂ ਪਹਿਲਾਂ ਰੋਹਤਕ ਦੇ ਸੁਡਾਨਾ ਪਿੰਡ ਦੀ ਪੰਚਾਇਤ 'ਚ ਪਿੰਡ ਦੇ ਕਰਮਵੀਰ ਵਲੋਂ ਗੜ੍ਹੀ ਬੀਰਬਲ ਨਿਵਾਸੀ ਪੂਜਾ ਨਾਲ ਸ਼ਾਦੀ ਕਰਨ 'ਤੇ ਉਸ ਨੂੰ ਪਿੰਡੋਂ ਕੱਢ ਦਿੱਤਾ ਗਿਆ ਤੇ ਉਨ੍ਹਾਂ ਦੇ ਪਿੰਡ ਆਉਣ ਤੇ ਪਾਬੰਦੀ ਲਾ ਦਿੱਤੀ ਗਈ। ਬੇਨੀਵਾਲ ਖਾਪ ਪੰਚਾਇਤ ਨੇ ਜੋੜੀ ਕਵਿਤਾ ਤੇ ਸਤੀਸ਼ ਦੇ ਵਿਆਹ ਨੂੰ ਨਾ ਮੰਜੂਰ ਕਰਦਿਆਂ ਉਹਨਾਂ ਨੂੰ ਭਾਈ-ਭੈਣ ਬਣਾਉਣ ਦਾ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਸੀ। ਮਟੌਰ 'ਚ ਤਾਂ ਹਾਈਕੋਰਟ ਵਲੋਂ ਨਿਯੁਕਤ ਵਰੰਟ ਅਫਸਰ ਦੀ ਮੌਜੂਦਗੀ 'ਚ ਵੇਦ ਪਾਲ ਨਾਂ ਦੇ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਪੰਚਾਇਤਾਂ ਪਿੰਡ 'ਚ ਘਣਗਿਣਤੀ ਤੇ ਜ਼ਮੀਨੀ ਮਾਲਕੀ 'ਚ ਦੋਮ ਦਰਜੇ ਦੀ ਹਾਲਤ ਵਾਲੇ ਹੋਰ ਗੋਤਾਂ ਦੇ ਜੱਟਾਂ ਹੋਰ ਕਾਰੀਗਰਾਂ, ਕਾਸ਼ਤਕਾਰਾਂ/ਬਟਾਈਦਾਰਾਂ ਤੇ ਖੇਤ ਮਜ਼ਦੂਰਾਂ ਦੇ ਵਿਆਹ ਸਬੰਧਾਂ 'ਚ ਵੀ ਜਬਰੀ ਦਖ਼ਲ ਦਿੰਦੀਆਂ ਹਨ। ਇਹਨਾਂ ਪੰਚਾਇਤਾਂ ਦੇ ਫੈਸਲੇ ਨਾ ਮੰਨਣ ਦਾ ਮਤਲਬ ਹੈ ਕਤਲ ਤੱਕ ਕਰ ਦਿੱਤਾ ਜਾਣਾ। 1998 'ਚ ਕੈਥਲ ਦੇ ਪਿੰਡ ਸ਼ਿਮਲਾ ਦੇ ਪਿੰਡ ਦੇ ਦਲਿਤ ਪ੍ਰੀਵਾਰ ਦੀ ਲੜਕੀ ਵਲੋਂ ਪ੍ਰੇਮ ਕਰਨ 'ਤੇ ਸਮਾਜਕ ਮਰਿਆਦਾ ਤੋੜਨ ਦੀ ਹਿੰਮਤ ਕਰਨ ਦੇ ਅਪਰਾਧ 'ਚ ਪੱਥਰ ਮਾਰ-ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਹਨਾਂ ਸਾਰੀਆਂ ਘਟਨਾਵਾਂ ਤੋਂ ਕਈ ਸਵਾਲ ਪੈਦਾ ਹੁੰਦੇ ਹਨ। ਆਖਰ ਖਾਪ ਪੰਚਾਇਤਾਂ ਹੁੰਦੀਆਂ ਕੀ ਹਨ ਅਤੇ ਇਹਨਾਂ ਦੇ ਕਾਇਮ ਰਹਿਣ ਤੇ ਸਸ਼ਕਤ ਹੋਣ ਦਾ ਆਧਾਰ ਕੀ ਹੈ। ਖਾਪ ਪੰਚਾਇਤਾਂ ਵਿਆਹ ਸਬੰਧਾਂ 'ਚ ਦਖ਼ਲ ਅੰਦਾਜ਼ੀ ਕਿਉਂ ਕਰਦੀਆਂ ਹਨ ਜੋ ਕਿ ਮਾਰਨ ਦੀ ਹੱਦ ਤੱਕ ਵਧ ਜਾਂਦੀ ਹੈ। ਮੌਜੂਦਾ ਲੋਕਤੰਤਰ ਦੇ ਵੱਖ-ਵੱਖ ਥੰਮ ਇਹਨਾਂ ਨੂੰ ਨਕੇਲ ਕਿਉਂ ਨਹੀਂ ਪਾ ਸਕੇ ਹਨ। ਖਾਪਾਂ ਦੀ ਇਸ ਬੇਰਹਿਮੀ 'ਤੇ ਲਗਾਮ ਕਿਵੇਂ ਪਾਇਆ ਜਾ ਸਕਦਾ ਹੈ ਅਤੇ ਇਹਨਾਂ ਦੇ ਪ੍ਰਭਾਵ ਨੂੰ ਖ਼ਤਮ ਕਿਵੇਂ ਕੀਤਾ ਜਾ ਸਕਦਾ ਹੈ। ਇਸ ਲੇਖ 'ਚ ਇਹਨਾਂ ਸਵਾਲਾਂ ਦੀ ਜਾਂਚ ਪੜਤਾਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਕੀ ਹੁੰਦੀ ਹੈ ਖਾਪ ਵਿਵਸਥਾ?** - ਖਾਪ ਉਤਰ ਭਾਰਤ 'ਚ ਜਾਟ ਜਾਤੀ ਦੇ ਹਰੇਕ ਗੋਤ ਦਾ ਗੈਰ ਰਵਾਇਤੀ ਜਥੇਬੰਦੀ ਹੈ। ਇਹ ਜਥੇਬੰਦੀ ਇਸ ਗੋਤਰ ਵਿਸ਼ੇਸ਼ ਦੇ ਸਮਾਜਕ ਰੀਤੀ-ਰਿਵਾਜਾਂ ਤੇ ਧਾਰਮਿਕ ਨਿਯਮ-ਕਾਨੂੰਨਾਂ ਨੂੰ ਤਹਿ

ਕਰਦੀ ਹੈ। ਹਰੇਕ ਗੋਤ ਦੇ ਮੈਂਬਰ ਆਪਣੇ ਮੁੱਖੀ ਦੀ ਚੋਣ ਕਰਦੇ ਹਨ ਉਹ ਮੁਖੀਆ ਗੋਤ ਦੀ ਪੰਚਾਇਤ ਬੁਲਾਉਂਦੇ ਹਨ। ਇਹਨਾਂ ਫੈਸਲਿਆਂ ਦਾ ਪਾਲਣ ਕਰਨਾ ਸਭ ਗੋਤ ਮੈਂਬਰਾਂ ਲਈ ਜ਼ਰੂਰੀ ਹੁੰਦਾ ਹੈ। ਜਾਟ ਜਾਤੀ ਦੇ ਸਭ ਗੋਤਾਂ ਦੀ ਇਕ ਚੋਟੀ ਦੀ ਸੰਸਥਾ ਹੈ ਜੋ ਸਰਵਖਾਪ ਅਖਵਾਉਂਦੀ ਹੈ।

**ਗੋਤ ਅਧਾਰਤ ਬਣੇ ਸੰਗਠਨ** - ਕਬੀਲਦਾਰੀ ਯੁੱਗ ਦੀ ਸੰਸਥਾ ਹੈ ਜੋ ਮਨੁੱਖੀ ਸਮਾਜ ਆਪਣੀ ਮੁੱਢਕਦੀਮੀ ਅਵਸਥਾ ’ਚ ਸਨ। ਉਸ ਸਮੇਂ ਸਮਾਜ ਕੁਲ (ਗੋਤ) ਸਮੂਹਾਂ ’ਚ ਵੰਡਿਆ ਹੋਇਆ ਸੀ। ਕੁਲ ਅਧਾਰਤ ਸੰਸਥਾਵਾਂ ਆਪਣੇ ਆਜ਼ਾਦ ਨਿਯਮ-ਕਾਇਦੇ ਤਹਿ ਕਰਦੀਆਂ ਹਨ। ਰਿਗਵੇਦ ’ਚ ਅਨੇਕਾਂ ਕੁਲਾਂ ਦਾ ਜ਼ਿਕਰ ਮਿਲਦਾ ਹੈ। ਉਸ ਸਮੇਂ ਸਮਾਜ ਪਸ਼ੂ ਚਾਰਕ ਸੀ, ਨਾਲ ਹੀ ਕੁਝ ਥੋੜੀ ਬਹੁਤੀ ਖੇਤੀ ਵੀ ਕਰਦਾ ਸੀ। ਉਸ ਸਮੇਂ ਕੁਲ ਬੰਧੂਆਂ ਦੀਆਂ ਅਨੇਕਾਂ ਸੰਸਥਾਵਾਂ ਸਨ ਜਿਹਨਾਂ ਨੂੰ ਸਭਾ, ਸੰਮਤੀ ਆਦਿ ਕਿਹਾ ਜਾਂਦਾ ਸੀ। ਇਹ ਸੰਸਥਾਵਾਂ ਸਤਾ ਦੇ ਕੇਂਦਰੀਕਰਨ ’ਤੇ ਸਵਾਲ ਖੜ੍ਹਾ ਕਰਦੀਆਂ ਸਨ। ਗਣਸੰਘ ਵਿਵਸਥਾ ਤੱਕ ਇਹੀ ਕੁਲ ਅਧਾਰਿਤ ਸੰਗਠਨ ਹੀ ਸਮਾਜਕ ਪ੍ਰਬੰਦ ’ਤੇ ਕੰਟਰੋਲ ਰੱਖਦੇ ਸਨ। ਹਕੂਮਤ ਕੁਲਾਂ ਦੇ ਪ੍ਰਧਾਨਾਂ ਦੀ ਸਭਾ ਚਲਾਉਂਦੀ ਸੀ। ਸਤਵੀਂ ਸਦੀ ਵਿੱਚ ਵੀ ਬਾਣਭੱਟ ਨੇ ਹਰਸ਼ਚਰਿਤ ’ਚ ਕੁੱਲ ਸਮੂਹਾਂ ਦਾ ਵਰਨਣ ਕੀਤਾ ਹੈ ਜੋ ਉਸ ਸਮੇਂ ਜਾਤੀ ਵਿਵਸਥਾ ’ਚ ਸ਼ਾਮਲ ਨਹੀਂ ਹੋਏ ਸਨ ਅਤੇ ਵਣਾਂ ’ਚ ਰਹਿੰਦੇ ਸਨ, ਉਹਨਾਂ ਦਾ ਜ਼ਿਕਰ ਕਰਦਿਆਂ ਰੋਮਿਲਾ ਥਾਪਰ ਲਿਖਦੀ ਹੈ ਕਿ ਉਸ ਸਮੇਂ ਜੰਗਲ ਨਿਵਾਸੀ ਲੋਕਾਂ ਦੇ ਕ੍ਰਿਆਕਲਪ ਆਖੇਟ ਤੇ ਅੰਨ ਸੰਗ੍ਰਹਿ ਤੱਕ ਸੀਮਤ ਨਹੀਂ ਸਨ। ਕੁਝ ਲੋਕ ਝੂਮ ਖੇਤੀ ਕਰਦੇ ਭਾਵ ਖੇਤੀ ਜਾਂ ਬਾਗਬਾਨੀ ਕਰਦੇ ਸਨ। ਕੁਝ ਲੋਕ ਸਥਿਰ ਖੇਤੀ ਵੀ ਕਰਦੇ ਸਨ। ਉਹਨਾਂ ਦੇ ਸਮਾਜ ਕੁਲਾਂ ’ਚ ਸੰਗਠਿਤ ਸਨ ਅਤੇ ਵੱਧ ਵੱਡੀ ਇਕਾਈ ਕਬੀਲਾ ਸੀ। ਇਹ ਸੰਗਠਨ ਉਹਨਾਂ ਨੂੰ ਕਿਸਾਨਾਂ ਤੇ ਜਮਾਤੀ ਸਮਾਜ ਤੋਂ ਅੱਡ ਕਰਦਾ ਸੀ। ਸਮਾਜਕ ਸੋਪਾਨ ਵਰਗੀ ਕੋਈ ਗੱਲ ਨਹੀਂ ਸੀ ਅਤੇ ਆਮ ਤੌਰ ’ਤੇ ਭੇਦ ਸਰਦਾਰ ਤੇ ਕੁਲ ਬੰਧੂਆਂ ਵਿਚਾਲੇ ਹੁੰਦਾ ਸੀ। ਸਰਦਾਰ ਦੀ ਥਾਂ ਸਭ ਤੋਂ ਉੱਚੀ ਕੌਂਟ ਮਿਥਕ ਸਬੰਧਾਂ ’ਤੇ ਅਧਾਰਿਤ ਦਰਜੇ ਤੇ ਰਿਸ਼ਤੇ ਆਮ ਸਨ ਭਾਰਤ ’ਚ ਜਾਤੀ ਵਿਵਸਥਾ ਦਾ ਅੰਗ ਨਾ ਬਣਨ ਵਾਲੇ ਕੁਲ ਸਮੂਹਾਂ ’ਚ ਸੰਗਠਿਤ ਆਦੀਵਾਸੀਆਂ ’ਚ ਅੱਜ ਵੀ ਹਨ। ਇਹਨਾਂ ’ਚ ਗੋਤ ਤੇ ਕਬੀਲਾ ਅਧਾਰਤ ਸੰਗਠਨ ਅੱਜ ਵੀ ਕਾਇਮ ਹਨ। ਮੁੰਡਾ ਆਦੀਵਾਸੀ ਕਬੀਲੇ ਦੇ ਸਾਰੇ ਗੋਤਾਂ ਦੇ ਆਪਣੇ-ਆਪਣੇ ਮੁੱਖੀਆਂ ਹਨ। ਇਹਨਾਂ ਨੂੰ ਰਾਜਾ ਕਹਿੰਦੇ ਹਨ। ਇਹ ਮੁਖੀਏ ਆਪਣੇ ਗੋਤਾਂ ਦੀ ਨੁਮਾਇੰਦਗੀ ਕਰਦੇ ਹਨ। ਇਹ ਗੋਤ ਦੇ ਸਾਰੇ ਮੈਂਬਰਾਂ ਨੂੰ ਮਾਨਤਾ ਦਿੰਦੇ ਹਨ। ਇਹ ਗੋਤਾਂ ਮੁਤਾਬਕ ਮੀਟਿੰਗ ਕਰਕੇ ਸਮਾਜਕ ਨਿਯਮ ਤਹਿ ਕਰਦੇ ਹਨ। ਸਮੁੱਚੇ ਕਬੀਲੇ ਦੇ ਨਿਯਮ ਕਾਨੂੰਨ ਤਹਿ ਕਰਨ ਲਈ ਸਾਰੇ ਗੋਤ ਦੇ ਰਾਜਿਆਂ ਦੀ ਇਕ ਪ੍ਰੀਸ਼ਦ ਹੈ ਜਿਸ ’ਚ ਹਰੇਕ ਗੋਤ ਦਾ ਰਾਜਾ ਆਪਣੇ ਗੋਤ ਦੇ ਨੁਮਾਇੰਦੇ ਵਜੋਂ ਸ਼ਾਮਲ ਹੁੰਦਾ ਹੈ। ਪਰ ਭਾਰਤੀ ਜਾਤੀ ਪ੍ਰਬੰਦ ਦਾ ਅੰਗ ਬਣ ਚੁੱਕੀਆਂ ਹੋਰ ਜਾਤੀਆਂ ’ਚ ਅਜਿਹੇ ਗੋਤ ਅਧਾਰਤ ਸੰਗਠਨਾਂ ਦੀ ਹੋਂਦ ਨਾਹ ਦੇ ਬਰਾਬਰ ਹੈ। ਮੌਜੂਦਾ ਸਮਾਜ ’ਚ ਕੁਝ ਜਾਤਾਂ ਦੀਆਂ ਬਿਰਾਦਰੀ ਪੰਚਾਇਤਾਂ ਹਨ ਪਰ ਬਿਰਾਦਰੀ ਪੰਚਾਇਤਾਂ ਦੀ ਰਚਨਾ ਐਸੀ ਨਹੀਂ

ਹੈ ਅਤੇ ਨਾ ਹੀ ਇਹ ਏਨੀ ਦ੍ਰਿੜਤ ਤੇ ਕਠੋਰ ਹੈ। ਇਹਨਾਂ ਜਾਤਾਂ ਵਿੱਚ ਵੀ ਕਦੀ ਗੋਤ ਅਧਾਰਤ ਸੰਸਥਾਵਾਂ ਰਹੀਆਂ ਹੋਣਗੀਆਂ। ਫੇਡਰਿਕ ਏਗਲਸ ਅਨੁਸਾਰ, ਸਮਾਜ ਵਿਕਾਸ ਦੇ ਮੁੱਢਲੇ ਪੜਾਅ 'ਚ ਗੋਤ ਤੇ ਕਬੀਲਾ ਦੇ ਮੁੱਖੀਆ ਚੁਣੇ ਜਾਂਦੇ ਸਨ, ਨਾਲ ਹੀ ਨਾਲ ਕੁਲ ਪ੍ਰੋਹਿਤ ਹੁੰਦੇ ਸਨ ਅਤੇ ਜੰਗ ਦੀ ਅਗਵਾਈ ਕਰਨ ਲਈ ਸਰਦਾਰ ਵੀ ਚੁਣਿਆ ਜਾਂਦਾ ਸੀ ਪਰ ਸਮਾਜ ਵਿਕਾਸ ਦੇ ਨਾਲ-ਨਾਲ ਹੋਏ ਰਾਜਸੱਤਾ ਨਿਰਮਾਣ ਦੌਰਾਨ ਇਹਨਾਂ ਕੁੱਲ ਅਧਾਰਿਤ ਸੰਗਠਨਾ ਦੀ ਹੋਂਦ ਖ਼ਤਮ ਹੁੰਦੀ ਗਈ ਜਾਂ ਇਹ ਪ੍ਰਤੀਕਾਰਤਮਕ ਹੀ ਰਹਿ ਗਿਆ। ਭਾਰਤ 'ਚ ਜੰਗ ਦੇ ਅਰਸੇ 'ਚ ਸ਼ੁਰੂਆਤੀ ਰਾਜਸੱਤਾ ਦੇ ਖੇਤਰ ਵਿਸਥਾਰ ਤੇ ਮਜ਼ਬੂਤੀਕਰਨ ਦੇ ਅਮਲ 'ਚ ਕੁਲ ਅਧਾਰਿਤ ਕਬੀਲਾਈ ਵਿਵਸਥਾ ਦੀ ਰਾਜਸੀ ਸੰਸਤਾ ਗਣ ਸੰਘਾਂ ਦਾ ਪਤਨ 600-500 ਈਸਵੀਂ ਪਹਿਲਾਂ ਦੌਰਾਨ ਤੇਜ਼ੀ ਨਾਲ ਹੋ ਰਹੇ ਬਦਲਾਵਾਂ 'ਚ ਨਾ ਬਦਲਣਯੋਗ ਹੋ ਗਿਆ। ਗਣਸੰਘਾਂ 'ਚ ਹਕੂਮਤ ਕੁਲਾਂ ਦੇ ਪ੍ਰਧਾਨ ਦੀ ਸਭਾ ਚਲਾਉਂਦੀ ਸੀ। ਹੁਣ ਹਕੂਮਤ ਰਾਜੇ ਵਲੋਂ ਚਲਾਈ ਜਾਣ ਲੱਗੀ। ਹਾਕਮ ਪ੍ਰੀਵਾਰ ਰਾਜ ਵੰਸ਼ ਬਣ ਗਿਆ ਅਤੇ ਰਾਜਪਦ ਦਾ ਉਤਰਾਧਿਕਾ, ਪਿਤਾਪੁਰਖੀ ਜਿਸ 'ਚ ਵੱਡੇ ਦੇ ਅਧਿਕਾਰ ਨੂੰ ਤਰਜੀਹ ਦਿੱਤੀ ਜਾਂਦੀ ਸੀ। ਰਾਜਸੀ ਸੱਤਾ ਰਾਜੇ 'ਚ ਕੇਂਦਰਿਤ ਹੋ ਗਈ। ਉਸ ਨੂੰ ਮੰਤਰੀ ਪ੍ਰੀਸ਼ਦ ਤੇ ਸਭਾ ਵਰਗੀਆਂ ਸਲਾਹਮਸ਼ਵਰਾ ਸੰਮਤੀਆਂ ਸਲਾਹ ਦਿੰਦੀਆਂ ਸਨ। ਪਰ ਇਸ ਮੰਤਰੀ ਪ੍ਰੀਸ਼ਦ ਤੇ ਸਭਾ ਦੇ ਰੂਪ ਕੁਲ ਅਧਾਰਿਤ ਵਿਵਸਥਾ ਦੇ ਰੂਪ ਤੋਂ ਇਕਦਮ ਵੱਖਰਾ ਸੀ। ਰਾਜ ਦੇ ਉਭਰਨ ਦਾ ਮਤਲਬ ਸੀ ਸਮਾਜ ਤੇ ਹਕੂਮਤ ਦੇ ਕੁਲ-ਅਧਾਰਿਤ ਸੰਗਠਨਾਂ ਦਾ ਤਿਆਗ ਹਰਿਆਣੇ ਵਿੱਚ ਵੀ 5 ਵੀਂ ਸ਼ਤਾਬਦੀ ਤੱਕ ਯੌਦੇਆ, ਅਰਜੁਨਾਅਨ, ਆਰਗ ਤੇ ਕੁਨਿਦ ਵਰਗੇ ਕੁਲ ਅਧਾਰਿਤ ਗਣ ਸੰਘਾਂ ਦਾ ਪਤਨ ਹੋ ਗਿਆ ਅਤੇ ਪੁਸ਼ਭੂਤੀ ਰਾਜਵੰਸ਼ ਦਾ ਉਦੇ ਹੋਇਆ। ਇਸੇ ਰਾਜ ਵੰਸ਼ ਦੇ ਰਾਜਾ ਹਰਸ਼ਵਰਧਨ ਨੇ ਵਿਸ਼ਾਲ ਸਾਮਰਾਜ ਸਥਾਪਤ ਕੀਤਾ ਜਿਸ ਦੀ ਸ਼ੁਰੂ ਦੀ ਰਾਜਧਾਨੀ ਥਾਨੇਸਨ ਸੀ। ਇਸ ਦੌਰ 'ਚ ਹਰਿਆਣੇ 'ਚ ਵੀ ਕੁਲ ਅਧਾਰਤ ਗਣਸੰਘ ਵਿਵਸਥਾ ਖ਼ਤਮ ਹੋਣ ਦੇ ਨਾਲ ਕੁਲ ਅਧਾਰਿਤ ਸੰਗਠਨ ਵੀ ਆਪਣੀ ਬਣਤਰ ਖੋਹ ਬੈਠੇ।

ਭਾਰਤ ਵਿੱਚ ਰਾਜਸੱਤਾ ਦੇ ਉਦੈ ਤੇ ਫੈਲਾਅ ਦੌਰਾਨ ਜਾਤੀ ਪ੍ਰਬੰਦ ਮਜ਼ਬੂਤ ਹੋਇਆ ਅਤੇ ਜਾਤੀ ਪ੍ਰਬੰਦ 'ਚ ਕਬੀਲਿਆਂ ਦੀਆਂ ਪੁਰਾਣੀਆਂ ਸੰਸਥਾਵਾਂ ਦਾ ਵਜੂਦ ਨਾ ਮਾਤਰ ਹੀ ਰਹਿ ਗਿਆ। ਜਾਤੀਆਂ ਕੁਲ ਤੋਂ ਵੱਖਰੀਆ ਹੁੰਦੀਆਂ ਸਨ ਕਿਉਂਕਿ ਆਮ ਤੌਰ 'ਤੇ ਕੋੜਮੇਪਣ ਨਾਲ ਸਬੰਧਤ ਨਹੀਂ ਹੁੰਦੀਆਂ ਸਨ ਅਤੇ ਨਾ ਹੀ ਆਮ ਤੌਰ 'ਤੇ ਅਦਾਰਿਆਂ 'ਤੇ ਉਹਨਾਂ ਦੀ ਸਮੂਹਕ ਮਾਲਕੀ ਹੁੰਦੀ ਸੀ। ਕਿਸਾਨਾਂ ਦੀ ਪਹਿਚਾਣ ਅਕਸਰ ਜਾਤਾਂ ਨਾਲ ਹੁੰਦੀ ਸੀ। ਕੇਵਲ ਜਾਤੀ ਪ੍ਰਬੰਦ ਦਾ ਹਿੱਸਾ ਨਾ ਬਣਨ ਵਾਲੇ ਆਦੀਵਾਸੀਆਂ 'ਚ ਵੀ ਕੁਲ ਅਧਾਰਤ ਜਥੇਬੰਦੀਆਂ ਅੱਜ ਵੀ ਹਨ। ਜਿਵੇਂ ਮੁੰਡਾ, ਹੋ, ਗੌਂਡ, ਉਰਾਂਵ ਆਦਿ 'ਚ ਅੱਜ ਵੀ ਗੋਤ ਤੇ ਕਬੀਲਿਆਂ ਦੇ ਅਧਾਰਤ 'ਤੇ ਬਣੀਆਂ ਸੰਸਥਾਵਾਂ ਬੇਹੱਦ ਮਜ਼ਬੂਤ ਹਨ। ਪਰ ਹਰਿਆਣੇ 'ਚ ਜਾਟ ਫਿਰਕੇ ਦੇ ਜਾਤੀ ਪ੍ਰਣਾਲੀ 'ਚ ਸਮੋ ਜਾਣ ਦੇ ਬਾਵਜੂਦ ਇਸ 'ਚ ਗੋਤ। ਕੁਲ ਅਧਾਰਤ ਸੰਗਠਨ ਅੱਜ ਵੀ ਨਾ ਸਿਰਫ਼ ਹੋਂਦ ਵਿੱਚ ਹਨ ਬਲਕਿ ਬੇਹੱਦ ਤਾਕਤਵਰ ਤੇ ਕਾਇਮ ਹਨ ਇਹ ਆਪਣੇ ਫੈਸਲਿਆਂ

ਨੂੰ ਲਾਗੂ ਕਰਾਉਣ ਦੀ ਸਮਰੱਥਾ ਵੀ ਰੱਖਦੇ ਹਨ। ਇੱਥੋਂ ਤੱਕ ਕਿ ਆਧੁਨਿਕ ਰਾਜ ਨਾਲ ਅੰਤਰਵਿਰੋਧ ਉਭਰਨ 'ਤੇ ਉਸ ਦਾ ਮੁਕਾਬਲਾ ਵੀ ਕਰਨ ਲੱਗਦੀ ਹੈ।

**ਕਾਰਣ ਕੀ ਹਨ?**

**ਮੱਧ ਕਾਲ - ਜਾਟ ਸਮਾਜ ਦਾ ਤਬਾਦਲਾ ਤੇ ਖਾਪ ਦੇ ਰੂਪ 'ਚ ਤਬਦੀਲੀ**

ਹਰਿਆਣੇ 'ਚ ਵਸੇ ਜਾਣ ਸਿੰਧ ਤੋਂ ਤਬਦੀਲ ਹੁੰਦੇ ਹੋਏ ਯਮੁਨਾ-ਸਤਲੁਜ ਵਿਚਕਾਰ ਵਸੇ ਖੇਤਰ 'ਚ ਪਹੁੰਚੇ। ਮਸ਼ਹੂਰ ਇਤਿਹਾਸਕਾਰ ਹਬੀਬ ਅਨੁਸਾਰ ਗਿਆਰਵੀਂ ਸਦੀ ਦੇ ਆਸਪਾਸ ਜਾਟ ਫਿਰਕਾ ਸਿੰਧ 'ਚ ਸੀ ਅਤੇ ਪਸ਼ੂ ਚਾਰਦਾ ਹੁੰਦਾ ਸੀ ਅਤੇ ਉਸ ਦਾ ਸਮਾਜਕ ਢਾਂਚਾ ਸਮਤਾਮੂਲਕ ਅਰਧ ਸਮਤਾ ਮੂਲਕ ਸੀ। ਪਸ਼ੂਚਾਰਕ ਅਵਸਥਾ ਬਾਰੇ ਰੋਮਿਲਾ ਥਾਪਰ ਲਿਖਦੀ ਹੈ ਕਿ ਪਸ਼ੂ ਚਾਰਕ ਸਮਾਜ ਦੀ ਮੁਲ ਇਕਾਈ ਪ੍ਰੀਵਾਰ ਹੁੰਦੀ ਸੀ ਅਤੇ ਪਿਤਾਪੁਰਖੀ ਪ੍ਰਣਾਲੀ ਦੀ ਨਕਲ ਕਰਦਿਆਂ ਲੋਕ ਅਕਸਰ ਆਪਣੇ ਆਪ ਨੂੰ ਕਿਸੇ ਆਮ ਪੂਰਵਜ ਦੀ ਸੰਤਾਨ ਦੱਸਦੇ ਸਨ। ਪਹਿਚਾਣ ਤੇ ਵਫਾਦਾਰੀ ਲਈ ਅਸਲ ਜਾਂ ਪਰਪੱਕ ਕੌੜਮਤਾ ਲਾਜ਼ਮੀ ਸੀ। ਪਹਿਚਾਣ ਤੋਂ ਵੀ ਵੱਧ ਮਹੱਤਵ ਵਫ਼ਾਦਾਰੀ ਦਾ ਸੀ ਕਿਉਂਕਿ ਉਸ ਤੋਂ ਬੇਹਤਰ ਇਕਾਈ, ਜਿਸ ਨੂੰ ਕੁੱਲ ਦੇ ਅੰਦਰ ਏਕਤਾ ਯਕੀਨੀ ਹੁੰਦੀ ਸੀ। ਇਸ ਦੀ ਅਣਹੋਂਦ ਕਾਰਨ ਕੁਲ ਦੇ ਬਿਖਰ ਜਾਣ ਦਾ ਖ਼ਤਰਾ ਹੁੰਦਾ ਸੀ ਕਿਉਂਕਿ ਉਹ ਲੋਕ ਅਕਸਰ ਆਪਣੀ ਥਾਂ ਬਦਲਦੇ ਰਹਿੰਦੇ ਸਨ। ਹਮਲਾ ਹੋਣ 'ਤੇ ਕੁਲ ਦਾ ਬਚਾਅ ਕਰਨ ਨਾਲ ਕਰਿਸ਼ਮਈ ਆਗੂ ਉਭਰਦੇ ਸਨ। ਕੁਲ ਜੋੜ ਸਮਤਾਵਾਦੀ ਹੁੰਦਾ ਸੀ ਅਤੇ ਉਸ ਦੇ ਮੈਂਬਰ ਪੈਦਾਵਾਰ ਨੂੰ ਆਪਸ 'ਚ ਵੰਡ ਲੈਂਦੇ ਹਨ। ਕੁਝ ਕੁਲਾਂ ਨੂੰ ਮਿਲਾ ਕੇ ਉਹ ਇਕਾਈ ਬਣਦੀ ਸੀ ਜਿਸ ਨੂੰ ਕਬੀਲਾਂ ਕਿਹਾ ਗਿਆ ਹੈ। ਪਸ਼ੂਚਾਰਕ ਫਿਰਕੇ ਦੀਆਂ ਇਹ ਵਿਸੇਸ਼ਤਾਵਾਂ ਜਾਟ ਫਿਰਕੇ 'ਚ ਵੀ ਨਹੀਂ ਰਹੀਆਂ ਹੋਣਗੀਆਂ। ਜਾਟ ਫਿਰਕੇ 'ਚ ਇਹ ਵਿਸ਼ੇਸ਼ਤਾਵਾਂ ਅੱਜ ਵੀ ਝਲਕਦੀਆਂ ਹਨ। ਜਾਟ ਫਿਰਕਾ ਉਥੋਂ ਲਗਾਤਾਰ ਉੱਤਰ ਵੱਲ ਯਾਨੀ ਅੱਜਕਲ ਦੇ ਹਰਿਆਣਾ, ਪੰਜਾਬ, ਪੱਛਮੀ ਉੱਤਰ ਪ੍ਰਦੇਸ਼ ਵੱਲ ਤਬਦੀਲ ਹੋਇਆ। ਹਰਿਆਣੇ 'ਚ ਜ਼ਿਆਦਾਤਰ ਜਾਟ ਬਾਂਗਰ (ਖੁਸ਼ਕ ਇਲਾਕਾ) ਇਲਾਕੇ 'ਚ ਵਸੇ। ਇਹ ਇਲਾਕਾ ਅਜਕਲ ਰੋਹਤਕ, ਸੋਨੀਪਤ, ਪਾਣੀਪਤ, ਕਰਨਾਲ, ਝਜਰ, ਭਿਵਾਨੀ, ਜੀਂਦ, ਕੈਥਲ ਤੇ ਹਿਸਾਰ ਜ਼ਿਲ੍ਹਿਆਂ ਵਿੱਚ ਹੈ। ਇਥੇ ਮੀਂਹ ਘੱਟ ਪੈਂਦਾ ਸੀ ਅਤੇ ਕੋਈ ਬਾਰਹਮਾਸੀ ਨਦੀ ਵੀ ਨਹੀਂ ਸੀ। ਖੇਤੀ ਲਈ ਸਿੰਚਾਈ ਦਾ ਸਹੀ ਪ੍ਰਬੰਦ ਨਾ ਹੋਣ ਕਰਕੇ ਇਥੇ ਆਬਾਦੀ ਵਿਰਲੀ ਸੀ ਅਤੇ ਇਹ ਖੇਤਰ ਨਿਰਜਨ ਸੀ। ਵਿਰਲੀ ਆਬਾਦੀ ਵਾਲੇ ਇਸ ਖੇਤਰ 'ਚ ਹਰ ਗੋਤ ਇਕ ਇਲਾਕੇ ਵਿਸੇਸ਼ 'ਚ ਪਿੰਡਾਂ ਨੂੰ ਵਸਾ ਸਕਦੀ ਸੀ ਅਤੇ ਉਸ ਇਲਾਕੇ ਨੂੰ ਸੀਮਾਬੱਧ ਵੀ ਕਰ ਸਕਦਾ ਹੈ। ਤੇਰ੍ਹਵੀਂ ਸਦੀ 'ਚ ਭਾਰਤ 'ਤੇ ਤੁਰਕ ਵਿਜੈ ਦੇ ਨਾਲ-ਨਾਲ ਰਹਟ ਦਾ ਦਾਖਲਾ ਵੀ ਉੱਤਰ-ਭਾਰਤ 'ਚ ਹੋਇਆ। ਰਹਟ ਵਲੋਂ ਖੇਤੀ 'ਚ ਸਿੰਚਾਈ ਦੀ ਸਹੂਲਤ ਹੋ ਜਾਣ ਨਾਲ ਇਸ ਖੇਤਰ ਵਿੱਚ ਖੇਤੀ ਕਰਨਾ ਸੌਖਾ ਹੋ ਗਿਆ। ਇਸ ਤਕਨੀਕੀ ਉਨਤੀ ਨੇ ਵੀ ਚਰਵਾਹਾ ਜਾਟ ਫਿਰਕੇ ਕਿਸਾਨ ਜਾਤੀ ਬਣਨ ਦਾ ਮਾਰਗ

ਦਰਸ਼ਨ ਕੀਤਾ। ਮੁਹੰਮਦ ਬਿਨ ਤੁਗਲਕ ਨੇ ਵੀ ਇਸ ਅਰਸੇ 'ਚ ਪੱਛਮੀ ਯਮਨਾ ਸਮੇਤ ਚਾਰ ਨਹਿਰਾਂ ਹਰਿਆਣੇ 'ਚ ਖੁਦਵਾਈਆਂ। ਨਹਿਰਾਂ ਦੀ ਖੁਦਾਈ ਨਾਲ ਇਸ ਖੇਤਰ 'ਚ ਸਿੰਚਾਈ ਦੇ ਸਾਧਨ ਵਿਆਪਕ ਤੌਰ 'ਤੇ ਮੁਹੱਈਆ ਹੋ ਗਏ। ਇਸ ਨਾਲ ਨਾ ਸਿਰਫ ਖੇਤਰ 'ਚ ਖੇਤੀਬਾੜੀ ਕਰਨ ਦਾ ਆਧਾਰ ਬਣਿਆ, ਨਾਲ ਹੀ ਖੇਤੀ ਉਤਪਾਦਕਤਾ 'ਚ ਵੀ ਵਾਧਾ ਹੋਣ ਦੀ ਸੰਭਾਵਨਾਵਾਂ ਪੈਦਾ ਹੋ ਗਈਆਂ। ਇਸ ਖੇਤਰ 'ਚ ਜਾਟਾਂ ਦੇ ਵੱਖ-ਵੱਖ ਗੋਤਰ ਇਕੱਠੇ ਹੀ ਵਸ ਗਏ। ਇੱਕ ਖੇਤਰ ਵਿਸੇਸ਼ 'ਚ ਇੱਕ ਹੀ ਗੋਤ ਦੇ ਜਾਟਾਂ ਦੀ ਵਸੋਂ ਕਾਰਨ ਗੋਤ ਆਧਾਰ ਸੰਸਥਾ ਯਾਨੀ ਖਾਪ ਦੀ ਹੋਂਦ ਬਣਾਈ ਰੱਖਣ ਦੀਆਂ ਸੰਭਾਵਨਾਵਾਂ ਵੀ ਬਣੀਆ ਰਹੀਆਂ। ਸਲਤਨਤ ਕਾਲ ਤੱਕ ਹਰਿਆਣੇ 'ਚ ਜਾਗੀਰੂ ਸਮਾਜ ਪ੍ਰਬੰਦ ਮਜ਼ਬੂਤ ਹੋ ਚੁੱਕਿਆ ਸੀ। ਜਾਗੀਰੂ ਵਿਵਸਥਾ ਮੁੱਖ ਤੌਰ 'ਤੇ ਖੇਤੀ ਅਧਾਰਤ ਹੁੰਦੀ ਹੈ। ਇਸ ਵਿੱਚ ਰਾਜ ਤੇ ਵੱਡੀ ਜ਼ਿੰਮੀਦਾਰ ਕਾਸ਼ਤਕਾਰਾਂ ਤੇ ਕਿਸਾਨਾਂ ਵਲੋਂ ਪੈਦਾ ਕੀਤੀ ਗਈ ਫਸਲ ਦਾ ਇੱਕ ਵੱਡਾ ਹਿੱਸਾ ਜ਼ਮੀਨ ਦੇ ਮਾਲੀਏ ਵਜੋਂ ਹੱੜਪਦੇ ਹਨ। ਸਿੰਧ ਤੋਂ ਤਬਦੀਲ ਜਾਟਾਂ ਦੇ ਪਸ਼ੂਚਾਰਕ ਕਬੀਲਾਈ ਸਮਾਜ ਨੇ ਵੀ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਇਤਿਹਾਸਕਾਰ ਸਤੀਸ਼ ਚੰਦਰ ਅਨੁਸਾਰ, ਜਾਟ ਜੋ ਕਦੇ ਪਸ਼ੂਧਾਰੀ ਸਨ, ਗਿਆਰ੍ਹਵੀਂ ਤੇ ਸੋਹਲਵੀ ਸ਼ਤਾਬਦੀ ਦੇ ਮੱਧ 'ਚ ਪੱਕੇ ਕਿਸਾਨ ਬਣ ਗਏ।

ਪਰ ਉਹਨਾਂ ਨੇ ਕਬੀਲਿਆਂ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਬਣਾਈ ਰੱਖਿਆ। ਸਥਾਈ ਕਿਸਾਨ ਬਣਨ ਦੇ ਅਮਲ 'ਚ ਉਹ ਉਸ ਵੇਲੇ ਦੇ ਜਾਗੀਰੂ ਢਾਂਚੇ ਦੇ ਅੰਗ ਬਣ ਗਏ ਅਤੇ ਤਤਕਲੀਨ ਪੈਦਾਵਾਰ ਪ੍ਰਣਾਲੀ ਦਾ ਹਿੱਸਾ ਬਣ ਗਏ। ਇਸ ਤਰ੍ਹਾਂ ਨਾਲ ਉਹ ਭਾਰਤ ਦੀ ਜਾਤੀ ਪ੍ਰਣਾਲੀ 'ਚ ਸ਼ਾਮਲ ਹੋ ਗਏ। ਹਰਿਆਣੇ ਦਾ ਇਹ ਖੇਤਰ ਸਲਤਨਤ ਤੇ ਮੁਗਲ ਕਾਲ 'ਚ ਦਿੱਲੀ, ਜੋ ਕਿ ਆਮ ਤੌਰ 'ਤੇ ਰਾਜਸੀ ਰਾਜਧਾਨੀ ਰਹੀ ਹੈ, ਦੇ ਨਜ਼ਦੀਕ ਹੋਣ ਕਰਕੇ ਕਿਸੇ ਸੂਬੇਦਾਰ ਨੂੰ ਨਹੀਂ ਦਿੱਤਾ ਜਾਂਦਾ ਸੀ। ਮੁਗਲ ਕਾਲ 'ਚ ਹਰਿਆਣੇ ਦਾ ਬਹੁਤ ਖੇਤਰ ਦਿੱਲੀ ਸੂਬੇ ਦੇ ਤਹਿਤ ਸੀ। ਇਹ ਖੇਤਰ 'ਤੇ ਸਦੈਵ ਕੇਂਦਰੀ ਹਕੂਮਤ ਭਾਵ ਸੁਲਤਾਨ ਵਲੋਂ ਹਕੂਮਤ ਕੀਤੀ ਜਾਂਦੀ ਸੀ ਅਤੇ ਦੀਵਾਨ ਵਜੋਂ ਜ਼ਮੀਨੀ ਲਗਾਨ (ਮਾਲੀਆ) ਅਧਿਕਾਰ (Land Revenue Officer) ਹੀ ਸੁਲਤਾਨ ਦੀ ਤਰਫ਼ੋ ਉਸ ਦਾ ਪ੍ਰਸਾਸ਼ਕ ਹੁੰਦਾ ਸੀ। ਇਸ ਖੇਤਰ ਵਿੱਚ ਜ਼ਮੀਨੀ ਮਾਲੀਆ ਸਿੱਧਾ; ਕੇਂਦਰੀ ਹਕੂਮਤ ਦੇ ਜ਼ਮੀਨੀ ਮਾਲੀਆ (Land Revenue) ਮਹਿਕਮੇ ਵਲੋਂ ਰਾਜਸੇਵਕਾਂ ਰਾਹੀਂ ਵਸੂਲਿਆ ਜਾਂਦਾ ਸੀ। ਜ਼ਮੀਨੀ ਮਾਲੀਆ ਅਧਾਰਿਤ ਪੈਦਾਵਾਰ ਪ੍ਰਣਾਲੀ 'ਚ ਕਬੀਲਾਈ ਯੁੱਗ ਦਾ ਸੰਗਠਨ ਖਾਪ ਕਿਸਾਨਾਂ ਦੇ ਮਾਲੀਏ ਨੂੰ ਘੱਟ ਕਰਾਉਣ ਦੀ ਲੜਾਈ ਦਾ ਹਥਿਆਰ ਬਣਿਆ। ਕਿਸਾਨਾਂ ਨੇ ਗਰਭਖਾਪ ਰਾਹੀਂ ਬਲਵਾਨ ਤੇ ਸਾਹਜਹਾਂ ਦੀ ਹਕੂਮਤ ਸਮੇਂ ਮਾਲੀਆ ਦੇ ਵਾਧੇ ਵਿਰੁੱਧ ਸੰਘਰਸ਼ ਕੀਤਾ ਪਰ ਇਸ ਦੌਰਾਨ ਕਿਸਾਨਾਂ 'ਚ ਵਿਆਪਕ ਪੱਧਰ 'ਤੇ ਪਰਤਾਂ 'ਚ ਵੰਡ ਤੇ ਨਖੇੜਾ ਹੋਇਆ। ਜਾਟ ਕਿਸਾਨਾਂ ਦਾ ਇਕ ਤਬਕਾ ਮਾਲੀਆ ਵਸੂਲਣ ਦੇ ਢਾਂਚੇ ਦਾ ਅੰਗ ਬਣ ਗਿਆ। ਇਹ ਤਬਕੇ ਦਾ ਦਲਾਲ ਜਾਂ ਵਿਚੋਲਾ ਬਣ ਗਿਆ। ਮਾਲੀਆ ਵਸੂਲੀ ਦੇ ਪ੍ਰਸਾਸ਼ਨਿਕ ਢਾਂਚੇ 'ਚ ਉਹਨਾਂ ਨੂੰ ਵਿਚੋਲਾ

ਪਰਗਨੇ 'ਚ ਚੌਧਰੀ ਦਾ ਅਹੁਦਾ ਮਿਲ ਗਿਆ। ਆਮ ਤੌਰ 'ਤੇ ਚੌਧਰੀ ਉਸੇ ਜਾਤ ਤੇ ਗੌਤ ਨਾਲ ਸਬੰਧਤ ਹੁੰਦੇ ਸਨ ਜੋ ਕਿ ਉਸ ਖੇਤਰ 'ਚ ਜਰਵਾਣੇ ਅਤੇ ਬਹੁਗਿਣਤੀ ਹੁੰਦੇ ਸਨ। ਇਕ ਪਰਗਨੇ ਦੇ ਤਹਿਤ 10 ਤੋਂ 15 ਪਿੰਡ ਹੁੰਦੇ ਸਨ। ਇਹਨਾਂ ਪਿੰਡਾਂ ਦਾ ਮਾਲੀਆ ਵਸੂਲ ਕੇ ਉਹ ਇਸ ਨੂੰ ਸ਼ਾਹੀ ਖਜ਼ਾਨੇ 'ਚ ਜਮ੍ਹਾਂ ਕਰਵਾਉਂਦੇ ਸਨ। ਪਿੰਡ ਪੱਧਰ ਦਾ ਮਾਲੀਆ ਇਕੱਠਾ ਕਰਨ ਲਈ ਮੁਕੱਦਮ ਨਾਂ ਦਾ ਅਹੁਦਾ ਸੀ। ਉਹਨਾਂ ਦੀ ਨਿਯੁਕਤੀ ਹਰੇਕ ਪਿੰਡ 'ਚ ਕੀਤੀ ਜਾਂਦੀ ਸੀ।

ਪਿੰਡ 'ਚ ਕੋਟਮੇ ਅਧਾਰਤ ਵੰਡ (ਜਿਹਨਾਂ ਨੂੰ ਪੰਨਾ/ਠੋਲਾ/ਪੱਟੀ ਆਦਿ ਕਿਹਾ ਜਾਂਦਾ ਸੀ) ਅਨੁਸਾਰ ਮੁਕੱਦਮ ਬਣਾਏ ਜਾਂਦੇ ਸਨ। ਮੁਕੱਦਮ ਵਲੋਂ ਉੱਚ-ਅਧਿਕਾਰੀਆਂ ਨਾਲ ਉਕਾ ਪੁੱਕਾ ਮਾਲੀਆ ਤਹਿ ਕਰ ਲਿਆ ਜਾਂਦਾ ਸੀ ਇਸ ਮਾਲੀਏ 'ਚ ਹਲ ਜਾਂ ਜ਼ਮੀਨ ਮੁਤਾਬਕ ਹਰੇਕ ਪ੍ਰੀਵਾਰ ਦੀ ਹਿੱਸੇਦਾਰੀ ਤਹਿ ਕੀਤੀ ਜਾਂਦੀ ਸੀ। ਮੁਕੱਦਮ ਵੀ ਆਮ ਤੌਰ 'ਤੇ ਪਿੰਡ ਦੇ ਬਹੁ-ਪ੍ਰਭਾਵਸ਼ਾਲੀ ਲੋਕ ਹੀ ਨਿਯੁਕਤ ਕੀਤੇ ਜਾਂਦੇ ਸਨ, ਜੋ ਪਿੰਡ ਦੇ ਬਹੁ-ਗਿਣਤੀ ਗੋਤ ਦੇ ਨੁਮਾਇੰਦੇ ਹੀ ਹੁੰਦੇ ਸਨ। ਚੌਧਰੀਆਂ ਤੇ ਮੁਕੱਦਮਾਂ ਨੂੰ ਮਾਲੀਏ ਦਾ ਇੱਕ ਨਿਸ਼ਚਿਤ ਹਿੱਸਾ ਪਗਾਰ (ਤਨਖਾਹ) ਵਜੋਂ ਮਿਲਦਾ ਸੀ। ਮੁਗਲਕਾਲ 'ਚ ਹਰਿਆਣੇ ਦਾ ਬਹੁਤਾ ਖੇਤਰ ਦਿੱਲੀ ਸੂਬਾ ਦਾ ਹਿੱਸਾ ਹੁੰਦਾ ਸੀ। ਅਕਬਰ ਦੇ ਕਾਲ 'ਚ ਦਿੱਲੀ ਸੂਬੇ ਦੀ ਦਿੱਲੀ ਸਰਕਾਰ, ਜਿਸ 'ਚ ਮੌਜੂਦਾ ਰੋਹਤਕ, ਸੋਨੀਪਤ, ਛਪਰੌਲੀ ਆਦਿ ਸ਼ਾਮਲ ਸਨ 'ਚ 35 ਫੀਸਦੀ ਪਰਗਨਿਆਂ 'ਚ ਜਾਟ, ਚੌਧਰੀ ਦੇ ਅਹੁਦਿਆਂ 'ਤੇ ਸਨ। ਹਿਸਾਰੇ ਫਿਰੋਜਾ ਸਰਕਾਰ 'ਚ ਜਿਸ 'ਚ ਅਗਰੋਹਾ ਹਿੱਸਾ ਫਤੇਹਾਬਾਦ, ਗੋਹਾਨੇਹਾਂਸੀ ਆਦਿ ਸ਼ਾਮਲ ਸਨ ਵੀ 74 ਫੀਸਦੀ ਪਰਗਨਿਆਂ 'ਚ ਜ਼ਮੀਨੀ ਮਾਲੀਆ ਵਸੂਲਣ ਲਈ ਪਰਗਨਿਆਂ 'ਚ ਜਾਟਾਂ ਨੂੰ ਚੌਧਰੀ ਬਣਾਇਆ ਗਿਆ। ਰਿਵਾੜੀ ਸਰਕਾਰ ਜਿਸ 'ਚ ਪਟੌਦੀ, ਬਾਵਲ, ਰੇਵਾੜੀ ਸ਼ਾਮਲ ਸਨ 'ਚ 25 ਫੀਸਦੀ ਤੇ ਸਰਹਿੰਦ ਸਰਕਾਰ ਜਿਸ 'ਚ ਥਾਨੇਸਰ, ਖਿਜਰਾਬਾਦ ਆਦਿ ਸ਼ਾਮਲ ਸਨ ਵਿੱਚ 33 ਫੀਸਦੀ ਪਰਗਨਿਆਂ 'ਚ ਜਾਟਾਂ ਨੂੰ ਬਤੌਰ ਚੌਧਰੀ ਨਿਯੁਕਤ ਕੀਤਾ ਗਿਆ ਸੀ। ਸੱਤਾ ਦੇ ਹੇਠਲੇ ਪਾਏਦਾਨ 'ਤੇ ਹੁੰਦੇ ਹੋਇਆਂ ਵੀ ਜਾਟਾਂ ਦਾ ਉਪਰੋਕਿਤ ਹਿੱਸਾ ਕਿਸਾਨਾਂ ਦੀ ਜਮਾਤ ਤੋਂ ਵੱਖ ਹੋ ਗਿਆ ਅਤੇ ਇਹ ਹਿੱਸਾ ਹਾਕਮ ਜਮਾਤ ਦੇ ਢਾਂਚੇ 'ਚ ਸ਼ਾਮਲ ਹੋ ਗਿਆ। ਮੁਗਲ ਕਾਲ ਤੱਕ ਜਾਟਾਂ ਦੀ ਕਬੀਲਾਈ ਪਸ਼ੂ ਚਾਰਣ ਸਮਤਾਮੂਲਕ ਵਿਵਸਥਾ ਖਿੰਡ-ਪੁੰਡ ਗਈ ਸੀ। ਜਾਟ ਜਾਗੀਰੂ ਸਮਾਜ ਦੇ ਅੰਗ ਵਜੋਂ ਬਤੌਰ ਜ਼ਿਮੀਦਾਰਾਂ ਤੇ ਕਿਸਾਨਾਂ ਦੇ ਵੱਖ-ਵੱਖ ਵਰਗਾਂ 'ਚ ਵੰਡੇ ਗਏ। ਚੌਧਰੀ ਤੇ ਮੁਕੱਦਮ ਵਜੋਂ ਇਸ ਜਮਾਤ ਨੇ ਸੱਤਾ ਦੀ ਤਾਕਤ ਅਤੇ ਆਪਣੇ ਅਹੁਦੇ ਦੀ ਵਰਤੋਂ ਕਰਕੇ ਵੱਡੀਆਂ-ਵੱਡੀਆਂ ਜ਼ਮੀਨਾਂ 'ਤੇ ਕਬਜਾ ਕਰ ਲਿਆ। ਇਹੀ ਤਬਕਾ ਆਪਣੀ ਜਾਇਦਾਦ ਤੇ ਸੱਤਾ ਦੀ ਤਾਕਤ ਜ਼ੋਰ 'ਤੇ ਖਾਪ 'ਚ ਮਹੱਤਵਪੂਰਨ ਭੂਮਿਕਾ 'ਚ ਆ ਗਿਆ। ਅਕਬਰ ਨੇ ਤਾਂ ਸਰਭਖਾਪ ਦੇ ਨੁਮਾਇੰਦਿਆਂ ਨੂੰ ਆਪਣੀ ਹਕੂਮਤ 'ਚ ਜ਼ਜਬ ਕਰਨ (Co-Opt) ਕਰਨ ਲਈ ਮੰਤਰੀ ਦਾ ਦਰਜਾ ਪ੍ਰਦਾਨ ਕੀਤਾ ਗਿਆ। 17ਵੀਂ ਸਦੀ ਦੇ ਅੰਤ 'ਚ ਬਣੇ ਜਾਟ ਜ਼ਿੰਮੀਦਾਰਾਂ ਨੇ ਹਕੂਮਤੀ ਢਾਂਚੇ 'ਚ ਆਪਣੀ ਥਾਂ ਮਜ਼ਬੂਤ ਕਰਨ ਤੇ ਹਕੂਮਤ 'ਚ ਵੱਧ ਹਿੱਸੇਦਾਰੀ ਹਾਸਲ ਕਰਨ ਲਈ ਇਸ ਕਬੀਲਾਈ ਤਾਕਤਾਂ ਦੀ ਵਰਤੋਂ ਕੀਤੀ।

ਜਾਟ-ਜ਼ਿੰਮੀਦਾਰਾਂ ਨੇ ਵਿਚੋਲੇ ਦੀ ਆਪਣੀ ਭੂਮਿਕਾ ਨੂੰ ਕਾਇਮ ਰੱਖਣ ਤੇ ਮਜ਼ਬੂਤ ਕਰਨ ਲਈ ਬਾਦਸ਼ਾਹ ਨਾਲ ਸੌਦੇਬਾਜ਼ੀ ਤੇ ਸਮਝੌਤਾ ਕਰਨ 'ਚ ਖਾਪ ਦੀ ਵਰਤੋਂ ਕੀਤੀ। ਨਾਲ ਹੀ ਜਾਟਾਂ ਦੇ ਉੱਚ ਵਰਗ, ਜੋ ਕਿ ਆਮ ਤੌਰ 'ਤੇ ਜ਼ਮੀਨਾ 'ਤੇ ਮੌਰੂਸੀ ਅਧਿਕਾਰ ਵਾਲਾ ਤੇ ਖੁਦ ਕਾਸ਼ਤ ਅਖਵਾਉਣ ਵਾਲਾ ਜ਼ਿੰਮੀਦਾਰ ਤੇ ਕਿਸਾਨ ਹੁੰਦਾ ਸੀ, ਨੇ ਖਾਪ ਤੇ ਪੰਚਾਇਤ 'ਚ ਤਾਕਤ ਦੇ ਜ਼ੋਰ 'ਤੇ ਕਾਰੀਗਰ, ਸੇਵਕ ਜਾਤੀਆਂ ਤੇ ਕਾਸ਼ਤਕਾਰਾਂ 'ਤੇ ਕੰਟਰੋਲ ਕਾਇਮ ਕੀਤਾ। ਇਹਨਾਂ ਸੇਵਕ ਜਾਤੀਆਂ ਤੇ ਕਾਸ਼ਤਕਾਰਾਂ 'ਤੇ ਕੰਟਰੋਲ ਕਾਇਮ ਕੀਤਾ। ਇਹਨਾਂ ਸੇਵਕ ਜਾਤੀਆਂ ਨੂੰ ਆਮ ਤੌਰ 'ਤੇ 'ਕਮੀਨ' ਕਿਹਾ ਜਾਂਦਾ ਸੀ ਜਿਸ ਦਾ ਸ਼ਬਦੀ ਅਰਥ ਹੈ ਕੰਮ ਕਰਨ ਵਾਲਾ ਜਾਂ ਮਿਹਨਤਕਸ਼। ਪਿੰਡ 'ਚ ਜਰਵਾਣੇ ਤੇ ਬਹੁਗਿਣਤੀ ਗੌਤ ਦੇ ਜਾਟ ਹੀ ਪਿੰਡ ਦਾ ਪ੍ਰਬੰਦ ਚਲਾਉਂਦੇ ਸਨ। ਪੇਂਡੂ ਪ੍ਰਬੰਧਕ ਪਿੰਡ ਦੇ ਹੋਰ ਨਿਵਾਸੀਆਂ ਤੋਂ ਵਾਧੂ ਟੈਕਸ ਵਜੋਂ ਚੁਲ੍ਹਾ-ਟੈਕਸ ਵਸੂਲਦੇ ਸਨ। ਉਹ ਖਾਪ ਦੇ ਇਲਾਕੇ ਦੇ ਪਿੰਡ 'ਚ ਪੰਰਤੀ ਜ਼ਮੀਨ 'ਤੇ ਖੇਤੀ ਕਰਨ ਲਈ ਬੁਲਾਏ ਗਏ ਵਿਜਾਤਿਆ ਗੋਤ ਦੇ ਜਾਟ ਕਿਸਾਨਾਂ 'ਤੇ ਕੰਟਰੋਲ ਕਰਨ ਲਈ ਵੀ ਖਾਪ ਦੀ ਵਰਤੋਂ ਕਰਦੇ ਸਨ। ਵਿਜਾਤਿਆ ਗੌਤ ਦੇ ਇਹਨਾਂ ਜਾਟ ਕਾਸ਼ਤਕਾਰਾਂ ਨੂੰ ਪਿੰਡ ਦੇ ਪ੍ਰਬੰਦ 'ਚ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ ਹੈ ਅਤੇ ਜ਼ਮੀਨ 'ਤੇ ਉਹਨਾਂ ਨੂੰ ਹੇਠਲੇ ਅਧੀਨਗੀ ਵਾਲੇ ਅਧਿਕਾਰ ਦੀ ਹੀ ਮਾਨਤਾ ਦਿੱਤੀ ਜਾਂਦੀ ਸੀ। ਚੌਧਰੀ ਬਣਾਏ ਗਏ ਜਾਟ ਜ਼ਿੰਮੀਦਾਰਾਂ ਦੀ ਹਾਕਮ ਜਮਾਤੀ ਕਿਰਦਾਰ ਉਸ ਸਮੇਂ ਸਾਹਮਣੇ ਆਇਆ ਜਦ 18 ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਹਿਸਾਰ 'ਚ ਬੰਦਾ ਬਹਾਦਰ ਦੀ ਅਗਵਾਈ 'ਚ ਲਾਮਬੰਦ ਹੋਏ ਖੇਤ ਮਜ਼ਦੂਰਾਂ, ਕਾਸ਼ਤਕਾਰਾਂ, ਦਸਤਕਾਰਾਂ ਤੇ ਵਪਾਰੀਆਂ ਦੀ ਬਗਾਵਤ ਦੀ ਉਹਨਾਂ ਨੇ ਵਿਰੋਧਤਾ ਕੀਤੀ। ਉਹਨਾਂ ਨੇ ਜ਼ਮੀਨ ਵੰਡਣ ਦਾ ਨਾਹਰਾ ਦੇਣ ਵਾਲੀ ਇਸ ਬਗਾਵਤ ਨੂੰ ਕੁਚਲਣ ਲਈ ਦਿੱਲੀ ਦੇ ਬਾਦਸ਼ਾਹ ਨੂੰ ਬੇਨਤੀ ਕੀਤੀ ਸੀ। ਖਾਪ ਦੇ ਸਹਿਯੋਗ ਨਾਲ ਮੁਗਲ ਬਾਦਸ਼ਾਹ ਖਿਲਾਫ਼ ਬਗਾਵਤ ਕਰਨ ਵਾਲੇ ਮਥਰਾ ਦੇ ਜਾਟ ਨੇਤਾ ਚੂੜਾਮਨ ਬੰਦਾ ਬਹਾਦਰ ਦੀ ਅਗਵਾਈ 'ਚ ਹੋਣ ਵਾਲੀ ਬਗਾਵਤ ਨੂੰ ਕੁਚਲਣ ਲਈ ਮੁਗਲ ਫ਼ੌਜ ਦਾ ਹਿੱਸਾ ਤਕ ਬਣ ਗਏ ਸਨ।

ਜਾਟ ਫਿਰਕਾ ਸਮਾਜ ਵਿਕਾਸ ਦੇ ਕੁਦਰਤੀ ਅਮਲ (Natural process) ਤਹਿਤ ਜਗੀਰਦਾਰੀ ਵਿਵਸਥਾ 'ਚ ਤਬਦੀਲ ਨਹੀਂ ਹੋਇਆ ਸੀ। ਉਹ ਪਸ਼ੂ ਚਾਰਣ ਵਿਵਸਥਾ ਤੋਂ ਸਿੱਧੇ ਮੁਕਾਬਲਤਨ ਵਿਕਸਤ ਜਾਗੀਰੂ ਖੇਤੀ ਵਿਵਸਥਾ 'ਚ ਸਮਾ ਗਏ। ਇਸੇ ਕਾਰਨ ਰਾਜ ਦੇ ਉਭਰਨ ਸਮੇਂ ਖ਼ਤਮ ਹੋ ਜਾਣ ਵਾਲੇ ਸਮਾਜ ਤੇ ਹਕੂਮਤ ਦੇ ਕੁਲ-ਅਧਾਰਿਤ ਸੰਗਠਨ ਜਾਟ ਫਿਰਕੇ 'ਚ ਬਚੇ ਰਹਿ ਗਏ ਅਤੇ ਸਮਹਾਮੂਲਕ ਕਬੀਲਾਈ ਦੌਰ ਦੀ ਗੋਤ ਤੇ ਕਬੀਲਾ ਅਧਾਰਤ ਖਾਪ/ਸਰਭਖਾਪ ਨਾਂ ਦੀ ਇਹ ਸੰਸਥਾ ਬਚੀ ਰਹੀ ਜੋ ਕਿ ਜਾਗੀਰੂ ਸਮਾਜਕ ਰਾਜਸੀ ਢਾਂਚੇ ਦੇ ਤਹਿਤ ਸਹਿ ਹੋਂਦ 'ਚ ਰਹੀ ਖਾਪ ਸਮਤਾ ਮੂਲਕ ਫਿਰਕੇ ਦਾ ਰਾਜਸੀ ਸੰਗਠਨ ਵੱਡੇ ਜ਼ਿੰਮੀਦਾਰਾਂ ਦੀ ਹਿੱਤਪੂਰਤੀ ਦਾ ਸਾਧਨ ਬਣ ਗਈ। ਇਸ ਕਾਲ 'ਚ ਖਾਪ ਦਾ ਸਵਰੂਪ ਤਾਂ ਬਣਿਆ ਰਿਹਾ ਪਰ ਇਸ ਦਾ ਅੰਦਰੂਨੀ ਕਿਰਦਾਰ ਬਦਲ ਗਿਆ ਅਤੇ ਇਹ ਜ਼ਿੰਮੀਦਾਰਾਂ ਦੀ ਉੱਚ ਜਮਾਤ ਦੀਆਂ ਲੋੜਾਂ ਮੁਤਾਬਕ ਖੇਤੀ ਸਬੰਧਾਂ

ਨੂੰ ਕਾਇਮ ਰੱਖਣ ਦੇ ਹਥਿਆਰ ਵਜੋਂ ਵਰਤਿਆ ਜਾਣ ਲੱਗਿਆ। ਉਪਰੋਕਿਤ ਹਾਲਤਾਂ ਨੇ ਮੱਧ ਕਾਲ 'ਚ ਜਾਟਾਂ ਦੀ ਜਾਤੀ ਪ੍ਰਣਾਲੀ ਦਾ ਹਿੱਸਾ ਬਣਨ ਦੇ ਬਾਵਜੂਦ ਖਾਪ ਵਰਗੀਆਂ ਗੋਤ ਤੇ ਕਬੀਲਾ ਅਧਾਰਿਤ ਸੰਸਥਾਵਾਂ ਦੀ ਹੋਂਦ ਬਣੇ ਰਹਿਣ ਤੇ ਮਜ਼ਬੂਤ ਹੋਣ ਦਾ ਆਧਾਰ ਮੁਹੱਈਆ ਕੀਤਾ।

**ਬ੍ਰਿਟਿਸ਼ ਬਸਤੀਵਾਦੀ ਦੌਰ, ਨਵੀਂ ਹਕੂਮਤੀ ਪ੍ਰਣਾਲੀ ਅਤੇ ਖਾਪ** - 1830 'ਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਮੁਗਲ ਬਾਦਸ਼ਾਹ ਤੋਂ ਹਰਿਆਣੇ 'ਚ ਭੂ-ਲਗਾਨ ਵਸੂਲਣ ਦਾ ਅਧਿਕਾਰ ਲੈ ਲਿਆ ਅਤੇ ਉਥੇ ਬਸਤੀਵਾਦੀ ਹਕੂਮਤ ਕਾਇਮ ਕਰ ਲਈ। 1820 ਦੇ ਕਰੀਬ ਲਗਭਗ ਪੂਰਾ ਹਰਿਆਣਾ ਅੰਗ੍ਰੇਜ਼ੀ ਜ਼ਮੀਨੀ-ਮਾਲੀਆਂ ਪ੍ਰਣਾਲੀ ਦੇ ਤਹਿਤ ਆ ਗਿਆ ਸੀ। ਅੰਗ੍ਰੇਜ਼ਾਂ ਨੇ ਇਥੇ ਮਹਿਲਵਾੜੀ ਵਿਵਸਥਾ ਲਾਗੂ ਕੀਤੀ। ਇਸ ਪ੍ਰਣਾਲੀ ਤਹਿਤ ਮਾਲੀਆ ਇਕੱਠਾ ਕਰਨ ਦੇ ਹੇਠਲੇ ਹਿੱਸੇ 'ਚ ਕੋਈ ਬੁਨਿਆਦੀ ਰਦੋ ਬਦਲ ਨਹੀਂ ਕੀਤੀ ਗਈ। ਪਿੰਡ 'ਚ ਮੁਕਦ ਮਿਆਂ ਦੇ ਰਾਹੀਂ ਹੀ ਮਾਲਿਆ ਉਗਰਾਹਿਆ ਜਾਂਦਾ ਸੀ। ਪਿੱਛੋਂ ਉਹਨਾਂ ਨੂੰ ਨੰਬਰਦਾਰ ਆਖਿਆ ਜਾਣ ਲੱਗਿਆ। ਚੌਧਰੀ ਦੇ ਅਹੁਦੇ 'ਚ ਤਬਦੀਲੀ ਕਰ ਦਿੱਤੀ ਗਈ। 19ਵੀਂ ਸਦੀ ਦੇ ਉਤਰਾਅ 'ਚ ਜੈਲਦਾਰੀ ਪ੍ਰਣਾਲੀ ਲਾਗੂ ਕਰ ਦਿੱਤੀ ਗਈ। ਦਿਹਾਤੀ ਇਲਾਕੇ ਦੇ ਜਰਵਾਣੇ ਗੋਤ ਅਤੇ ਜਾਤੀ ਦੇ ਲੋਕਾਂ ਨੂੰ ਹੀ ਆਮ ਤੌਰ 'ਤੇ ਜੈਲਦਾਰ ਅਤੇ ਨੰਬਰਦਾਰ ਬਣਾਇਆ ਜਾਂਦਾ ਸੀ। ਇਹਨਾਂ ਆਹੁਦਿਆਂ ਦੀ ਦਾਵੇਦਾਰੀ ਦੀ ਮੁੱਖ ਯੋਗਤਾ ਅੰਗ੍ਰੇਜ਼ ਦੀ ਚਾਪਲੂਸੀ ਹੁੰਦੀ ਸੀ, ਖਾਸ ਕਰਕੇ ਜਿਹਨਾਂ ਨੇ 1857 ਦੀ ਬਗਾਵਤ 'ਚ ਅੰਗ੍ਰੇਜ਼ਾਂ ਦੀ ਮਦਦ ਕੀਤੀ ਹੋਵੇ। ਆਮ ਤੌਰ 'ਤੇ ਇਲਾਕੇ ਦੇ ਜਾਇਦਾਦ ਦੇ ਮਾਲਕ ਪ੍ਰੀਵਾਰ ਦੇ ਮੈਂਬਰ ਹੀ ਇਹਨਾਂ ਅਹੁਦਿਆਂ 'ਤੇ ਬਿਰਾਜਮਾਨ ਕੀਤੇ ਜਾਂਦੇ ਸਨ।

ਰੋਹਤਕ ਦੀ 1873 ਦੀ ਸੈਟਲਮੈਂਟ ਰਿਪੋਰਟ ਮੁਤਾਬਕ ਇਕ ਸਰਕਲ 'ਚ ਇਕ ਖਾਪ (Clan) ਰੱਖੀ ਜਾਂਦੀ ਸੀ ਅਤੇ ਖਾਪ 'ਚ ਅੰਗ੍ਰੇਜ਼ੀ ਹਕੂਮਤ ਪ੍ਰਤੀ ਹਮਦਰਦੀ ਰੱਖਣ ਵਾਲਿਆਂ ਨੂੰ ਜੈਲਦਾਰ ਚੁਣਿਆ ਜਾਂਦਾ ਸੀ। ਜੈਲਦਾਰ ਤੇ ਨੰਬਰਦਾਰ ਖਾਪ ਪੰਚਾਇਤ ਵਿੱਚ ਵੀ ਮੁੱਖ ਭੂਮਿਕਾ ਅਦਾ ਕਰਦੇ ਸਨ। ਖਾਪ 'ਤੇ ਉਹਨਾਂ ਦੀ ਮਜ਼ਬੂਤ ਪਕੜ ਹੀ ਉਹਨਾਂ ਨੂੰ ਬ੍ਰਿਟਿਸ਼ ਹਕੂਮਤ ਵਿੱਚ ਮਹੱਤਵਪੂਰਨ ਥਾਂ ਦਿਵਾਉਂਦੀ ਸੀ। ਗਠਵਾਲਾ ਖਾਪ ਦੇ ਮੁਖੀਆ ਨੂੰ ਅੰਗ੍ਰੇਜ਼ਾਂ ਨੇ ਜੈਲਦਾਰ ਬਣਾਇਆ ਸੀ ਕਿਉਂਕਿ ਉਸਨੇ 1857 ਦੀ ਬਗਾਵਤ 'ਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਬਸਤੀਵਾਦੀ ਅਰਸੇ ਵਿੱਚ 'ਕਾਨੂੰਨ ਦਾ ਰਾਜ' ਦੇ ਸਿਧਾਂਤ ਅਨੁਸਾਰ ਅਧੁਨਿਕ ਰਾਜ ਦੀ ਸਥਾਪਨਾ ਹੋਈ ਪਰ ਇਸ ਦੇ ਬਾਵਜੂਦ ਖਾਪ ਵਰਗੀਆਂ ਸੰਸਥਾਵਾਂ ਸਮਾਨਾਂਤਰ ਰਾਜਸੀ ਢਾਂਚੇ ਵਜੋਂ ਕਾਇਮ ਰਹੀਆਂ। ਖਾਪ ਪ੍ਰਭਾਵਸ਼ਾਲੀ ਪ੍ਰੀਵਾਰਾਂ ਦੀ ਰਾਜਸੀ ਹਾਲਤ ਮਜ਼ਬੂਤ ਕਰਨ ਦਾ ਸਾਧਨ ਵੀ ਬਣੀਆਂ ਰਹੀਆਂ। ਇਹ ਪ੍ਰੀਵਾਰ ਅੰਗ੍ਰੇਜ਼ਾਂ ਦੇ ਪਿੱਠੂ ਹੋਣ ਕਰਕੇ ਖਾਪ ਨੂੰ ਵੀ ਅੰਗਰੇਜ਼ਾਂ ਖ਼ਿਲਾਫ ਖੜਾ ਹੋਣ ਤੋਂ ਰੋਕ ਸਕਦੇ ਸਨ। ਇਸ ਲਈ ਸ਼ਾਇਦ 1857 ਦੀ ਜੰਗੇ ਆਜ਼ਾਦੀ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਨ ਵਾਲੀਆਂ ਖਾਪਾਂ ਨੇ ਪਿੱਛੋਂ ਹੋਏ ਲੋਕ ਸੰਘਰਸ਼ਾਂ 'ਚ ਕੋਈ ਵਿਸ਼ੇਸ਼ ਭੂਮਿਕਾ ਅਦਾ ਨਹੀਂ ਕੀਤੀ ਜਦ ਕਿ ਇਸ ਦੌਰਾਨ ਜ਼ਮੀਨੀ ਮਾਲੀਆ ਵੀ ਬਹੁਤ ਵਧਿਆ ਸੀ ਅਤੇ ਕਈ ਵਾਰੀ ਅਕਾਲ ਵੀ ਪਏ ਸਨ।

ਬ੍ਰਿਟਿਸ਼ ਹਕੂਮਤ ਵਲੋਂ ਕੀਤੇ ਗਏ ਜ਼ਮੀਨੀ ਬੰਦੋਬਸਤ 'ਚ ਵੱਡੇ ਜ਼ਿੰਮੀਦਾਰਾਂ ਨੇ ਪ੍ਰਸਾਸ਼ਨ ਤੇ ਖਾਪ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਜ਼ਮੀਨਾਂ 'ਤੇ ਕਬਜੇ ਬਣਾਈ ਰੱਖਣ 'ਚ ਵੀ ਕੀਤੀ। 19ਵੀਂ ਸਦੀ 'ਚ 'ਜ਼ਮੀਨ ਭਰਪੂਰ ਮਾਤਰਾ' 'ਚ ਸੀ ਅਤੇ ਕਿਸਾਨਾਂ ਦੀ ਘਾਟ ਸੀ। ਇਸ ਦੇ ਬਾਵਜੂਦ ਦਲਿਤ, ਪਿਛੜੀਆਂ ਤੇ ਹੋਰ ਜਾਤੀਆਂ ਦੇ ਕਾਸ਼ਤਕਾਰਾਂ ਅਤੇ ਭੂਮੀਹੀਨ ਕਿਸਾਨਾਂ ਨੂੰ ਜ਼ਮੀਨ ਤੇ ਮਾਲਕਾਨਾ ਹੱਕ ਨਹੀਂ ਦਿੱਤਾ ਗਿਆ। ਉਹਨਾਂ ਨੇ ਜ਼ਿੰਮੀਦਾਰਾਂ ਦੇ ਖੇਤਾਂ 'ਚ ਵਟਾਈ ਕਰਕੇ ਖੇਤੀਕਰਨ, ਬੰਦੂਆਂ ਮਜ਼ਦੂਰ, ਸੀਰੀ-ਸਾਂਝੀ (Bonded Labour) ਲਾਉਣ, ਖੇਤੀ ਸੰਦਾਂ ਦੀ ਸਪਲਾਈ ਕਰਨ, ਤੇ ਚਪੜਾਸੀ (ਸੇਵਾਦਾਰ) ਵਜੋਂ ਕੰਮ ਕਰਨ ਲਈ ਮਜ਼ਬੂਰ ਹੋਣਾ ਪਿਆ। ਜਾਟ ਜ਼ਿੰਮੀਦਾਰਾਂ ਨੇ ਜ਼ਮੀਨ 'ਤੇ ਕਬਜਾ ਜਾਰੀ ਰੱਖਣ ਲਈ ਰਾਜਸੀ ਪੈਂਠ ਅਤੇ ਰੁਤਬੇ ਦੀ ਵਰਤੋਂ ਕੀਤੀ। ਖਾਪ 'ਚ ਸ਼ਾਮਲ ਕਬੀਲਾਈ ਤਾਕਤ ਰਾਹੀਂ ਉਹਨਾਂ ਨੇ ਹੋਰ ਜਾਤੀਆਂ ਦੇ ਕਾਸ਼ਤਕਾਰਾਂ (ਕਮੇਰਾ ਵਰਗ, ਆਂਸ਼ਿਕ ਕਿਸਾਨ) ਦੀ ਜ਼ਮੀਨ 'ਤੇ ਦਾਅਵਾ ਕਰਨ ਦੀ ਸਮਰੱਥਾ ਨੂੰ ਖੁੰਢਾ ਕਰ ਦਿੱਤਾ ਹੋਵੇਗਾ। ਗੋਤ ਅਧਾਰਤ ਖਾਪ ਸੰਸਥਾ ਜ਼ਮੀਨ 'ਤੇ ਜਾਟ ਜ਼ਿੰਮੀਦਾਰਾਂ ਦਾ ਦਾਅਬਾ ਕਾਇਮ ਰੱਖਣ ਤੇ ਹੋਰ ਜਾਤੀਆਂ 'ਤੇ ਜਾਟ ਫਿਰਕੇ ਦਾ ਕੰਟਰੋਲ ਬਣਾਈ ਰੱਖਣ ਦਾ ਹਥਿਆਰ ਬਣੀ ਰਹੀ।

ਇਸ ਤਰ੍ਹਾਂ ਬਾਦਸ਼ਾਹਤ ਦੇ ਦੌਰ ਵਿੱਚ ਅਤੇ ਪਿੱਛੋਂ ਬਸਤੀਵਾਦੀ ਹਕੂਮਤ 'ਚ ਕਬੀਲੇ ਤੇ ਗੋਤ ਅਧਾਰਤ ਖਾਪ ਪੰਚਾਇਤਾਂ ਨਾ ਸਿਰਫ਼ ਕਾਇਮ ਰਹੀਆਂ ਬਲਕਿ ਇਸ ਤਰ੍ਹਾਂ ਖਾਪ ਪੰਚਾਇਤਾਂ ਜਰਵਾਣੇ ਲੱਠਮਾਰ ਤਬਕੇ ਦੀ ਸਥਿਤੀ ਮਜ਼ਬੂਤ ਕਰਨ ਦਾ ਸਾਧਨ ਬਣ ਗਈਆਂ ਤੇ ਉਨ੍ਹਾਂ ਦਾ ਕਿਰਦਾਰ ਜਾਗੀਰੂ ਹੋ ਗਿਆ।

**ਸਤਾ ਰੱਦੋਬਦਲ, ਬਦਲਾਅ ਤੇ ਖਾਪ** - 1947 ਤੋਂ ਪਿੱਛੋਂ ਦੀ ਹਾਲਤ 'ਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ। ਜ਼ਮੀਨ 'ਤੇ ਵੱਡੇ ਜ਼ਿੰਮੀਦਾਰਾਂ ਦਾ ਕਬਜਾ ਜਿਉਂ ਦਾ ਤਿਉਂ ਰਿਹਾ। ਭੂਮੀ ਸੁਧਾਰ ਦੇ ਸਰਕਾਰੀ ਕਾਨੂੰਨ ਥੋਥੇ ਸਾਬਤ ਹੋਏ। ਹਰਿਆਣੇ ਦੇ ਭੂਮੀ-ਸੁਧਾਰਾਂ 'ਤੇ ਖੋਜ ਕਰਨ ਵਾਲੇ ਐਮ ਐਲ ਸ਼ਰਮਾ ਅਨੁਸਾਰ 'ਹਰਿਆਣੇ 'ਚ ਸ਼ਾਇਦ ਹੀ ਕੋਈ ਵੱਡਾ ਜ਼ਿੰਮੀਦਾਰ ਹੋਵੇਗਾ ਜਿਸ ਦੀ ਜ਼ਮੀਨ ਨੂੰ ਸਰਪਲੱਸ (ਵਾਧੂ) ਕਰਾਰ ਦਿੱਤਾ ਗਿਆ ਹੋਵੇ। ਰਾਜ ਵਿਧਾਨ ਸਭਾ ਨੇ ਭੂਮੀ ਹੱਦਬੰਦੀ ਦੀ ਉਪਰਲੀ ਸੀਮਾ ਨਿਰਧਾਰਣ ਨੂੰ ਹਰ ਸੰਭਵ ਤਰੀਕੇ ਨਾਲ ਰੋਕਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਵੱਡੇ ਜ਼ਿੰਮੀਦਾਰ ਹੀ ਰਾਜ ਤੇ ਕੇਂਦਰੀ ਰਾਜਸੀ ਸੰਸਥਾਵਾਂ 'ਚ ਸਮਾਜ ਦੇ ਨੁਮਾਇੰਦੇ ਬਣ ਗਏ ਸਨ ਜ਼ਮੀਨ 'ਤੇ ਕਾਸ਼ਤਕਾਰਾਂ ਦੇ ਅਧਿਕਾਰ ਦਿਵਾਉਣ ਲਈ ਬਣਾਇਆ ਕਾਨੂੰਨ ਕਾਗਜ਼ਾਂ ਤੱਕ ਹੀ ਸਿਮਟ ਕੇ ਰਹਿ ਗਿਆ। ਹਰਿਆਣੇ 'ਚ ਜਗੀਰਦਾਰੀ ਖਿਲਾਫ਼ ਤੇ ਜ਼ਮੀਨੀ ਵੰਡ ਦੀ ਮੰਗ ਸਬੰਧੀ ਕੋਈ ਜ਼ੋਰਦਾਰ ਸੰਘਰਸ਼ ਵੀ ਨਹੀਂ ਹੋਇਆ ਹੈ। ਸਿਰਸੇ 'ਚ ਸੰਘਰਸ਼ ਦੀ ਅਗਵਾਈ ਦੇਵੀ ਲਾਲ ਨੇ ਕੀਤੀ ਸੀ ਤੇ ਹੋਰ ਥਾਵਾਂ 'ਤੇ ਤੇਜਾ ਸਿੰਘ ਸੁਤੰਤਰ ਵਾਲੀ ਪਾਰਟੀ (ਲਾਲ ਝੰਡਾ ਪਾਰਟੀ) ਦੀ ਅਗਵਾਈ 'ਚ ਕਿਤੇ-ਕਿਤੇ ਸੰਘਰਸ਼ ਹੋਇਆ। ਸਿਰਸਾ ਨਰਵਾਨਾ ਤੇ ਯਮੁਨਾ ਨਗਰ ਦੇ ਕੁਝ ਇਲਾਕੇ 'ਚ ਵੀ ਮੁਜਾਹਰਾ ਅੰਦੋਲਨ ਹੋਇਆ ਹੈ। ਜ਼ਮੀਨ 'ਚ ਹਿੱਸੇਦਾਰੀ ਦੇ ਨਾਹਰੇ ਹੇਠ ਸੰਘਰਸ਼ ਨਾ ਹੋਣ

ਦਾ ਵੱਡਾ ਕਾਰਨ ਖਾਪ ਦੀ ਜਥੇਬੰਦਕ ਤਾਕਤ ਦਾ ਖੌਫ਼ ਹੈ ਜੋ ਮਿਹਨਤਕਸ਼ ਜਾਤੀਆਂ ਦੇ ਛੋਟੇ ਜਿਹੇ ਵਿਰੋਧ ਨੂੰ ਵੀ ਬੁਰੀ ਤਰ੍ਹਾਂ ਕੁਚਲ ਦਿੰਦੀਆਂ ਹਨ। ਇਸ ਲਈ ਭਿਆਨਕ ਜਾਤੀ ਜਬਰ ਦੇ ਬਾਵਜੂਦ ਜਾਤੀ ਲੁੱਟ-ਘਸੁੱਟ ਨੂੰ ਟੱਕਰ ਦੇਣ ਵਾਲਾ ਜਬਰਦਸਤ ਲੋਕ ਸੰਘਰਸ਼ ਵੀ ਹਰਿਆਣੇ 'ਚ ਬਣ ਸਕਿਆ ਹੈ। ਜਿਸ 'ਚ ਦਲਿਤ ਲੁੱਟੀਆਂ ਜਾਂਦੀਆਂ ਜਾਤੀਆਂ ਨੇ ਜਾਤ ਪ੍ਰਣਾਲੀ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਹੋਵੇ। ਪਿੱਛੇ ਜਿਹੇ ਹੀ ਪੰਚਾਇਤੀ ਜ਼ਮੀਨ 'ਤੇ ਜਰਵਾਣੇ ਜ਼ਿੰਮੀਦਾਰਾਂ ਨੇ ਨਜਾਇਜ਼ ਕਬਜਾ ਕੀਤਾ ਹੋਇਆ ਹੈ ਜਾਂ ਉਹ ਪ੍ਰਸ਼ਾਸਨਿਕ ਅਧਿਕਾਰੀਆਂ, ਸਰਪੰਚ ਤੇ ਰਾਜਸੀ ਆਗੂਆਂ ਨਾਲ ਗੰਢਤੁਪ ਕਰਕੇ ਉਸ 'ਤੇ ਜਾਲਸਾਜੀ ਕਰਕੇ ਆਪਣੇ ਕਬਜ਼ੇ 'ਚ ਰੱਖਦੇ ਹਨ। ਜਾਹਿਰਾ ਤੌਰ 'ਤੇ ਖਾਪ ਪੰਚਾਇਤਾਂ ਵੱਡੇ ਜ਼ਿੰਮੀਦਾਰਾਂ ਦੀ ਹੈਸੀਅਤ ਨੂੰ ਬਰਕਰਾਰ ਰੱਖਣ ਦਾ ਸੰਦ ਬਣੀਆਂ ਹੋਈਆਂ ਹਨ। ਹਰੇ ਇਨਕਲਾਬ ਪਿੱਛੋਂ ਵੀ ਪੈਦਾਵਾਰੀ ਸਬੰਧਾਂ ਦੇ ਨਿਰਧਾਰਿਕ ਤੱਤ ਮਾਲਕੀ ਦੇ ਰੂਪ 'ਚ ਕੋਈ ਵਿਸ਼ੇਸ਼ ਰੱਦੋਬਦਲ ਨਹੀਂ ਹੋਇਆ ਹੈ। ਇਸ ਲਈ ਖੇਤੀ ਦੀ ਮਸ਼ੀਨਰੀ ਦੀ ਵਰਤੋਂ ਵਧਣ ਦੇ ਬਾਵਜੂਦ ਖੇਤੀ ਸਮਾਜ ਦੇ ਬੁਨਿਆਦੀ ਪੈਦਾਵਾਰੀ ਰਿਸ਼ਤੇ ਕੁਲ ਮਿਲਾ ਕੇ ਪਹਿਲਾਂ ਵਾਲੇ ਹੀ ਹਨ ਪਰ ਸਨਅਤੀ ਪੈਦਾਵਾਰ ਤੇ ਸੇਵਾ ਖੇਤਰ (ਸਰਵਿਸ ਸੈਕਟਰ) ਦੇ ਵਿਕਾਸ ਨੇ ਪੈਦਾਵਾਰੀ ਕਿਰਤ ਲਈ ਨਵੇਂ ਮੌਕੇ ਪੈਦਾ ਕੀਤੇ ਹਨ। ਅਬਾਦੀ ਦਾ ਇਕ ਹਿੱਸਾ ਉਦਯੋਗ, ਟਰਾਂਸਪੋਰਟ, ਖੁਦਾਈ, ਵਪਾਰ, ਘਰੇਲੂ ਉਦਯੋਗ, ਉਸਾਰੀ ਦੇ ਕੰਮ ਆਦਿ 'ਚ ਵੀ ਕੰਮ ਕਰਨ ਲੱਗਿਆ। ਖੇਤੀ 'ਚ ਮਸ਼ੀਨਰੀ ਦੀ ਵੱਧ ਵਰਤੋਂ ਕਾਰਨ ਰੁਜ਼ਗਾਰ ਤੋਂ ਵਾਂਝੇ ਨਿਮਨ ਜਾਤੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਨਵੇਂ ਪੈਦਾਵਾਰੀ ਖੇਤਰ 'ਚ ਕੰਮ ਮਿਲਿਆ। ਸ਼ਹਿਰਾਂ 'ਚ ਰੁਜ਼ਗਾਰ ਕਰਨ, ਸਰਕਾਰੀ ਨੌਕਰੀ ਮਿਲਣ, ਉੱਚ ਸਿੱਖਿਆ ਪ੍ਰਾਪਤ ਕਰ ਲੈਣ ਕਰਕੇ ਦਲਿਤਾਂ ਤੇ ਹੋਰ ਪੀੜਤ ਜਾਤੀਆਂ ਦੇ ਇਸ ਹਿੱਸੇ ਵਿੱਚ ਵੀ ਸਵੈਮਾਨ ਤੇ ਰਾਜਸੀ ਚੇਤਨਾ ਦਾ ਵਿਕਾਸ ਹੋਇਆ ਹੈ। ਪਰ ਇਹਨਾਂ ਜਾਤਾਂ ਦਾ ਵੱਡਾ ਹਿਸਾ ਅੱਜ ਵੀ ਖੇਤ ਮਜ਼ਦੂਰਾਂ ਜਾਂ ਬਟਾਈਦਾਰਾਂ 'ਚ ਕੰਮ ਕਰਦਾ ਹੈ। ਉਹਨਾਂ ਦੀ ਰੋਟੀ-ਰੋਜ਼ੀ ਦਾ ਮੁੱਖ ਸਰੋਤ ਅੱਜਕਲ ਵੀ ਜ਼ਮੀਨ ਹੀ ਹੈ। ਪਰ ਦਲਿਤਾਂ ਕੋਲ ਜ਼ਮੀਨ ਵੀ ਨਹੀਂ ਹੈ। ਇਸ ਲਈ ਉਹਨਾਂ ਨੂੰ ਜਾਗੀਰੂ ਦਬਾਵਾਂ ਨੂੰ ਸਹਿਣ ਕਰਨਾ ਪੈਂਦਾ ਹੈ। ਹਰਿਆਣੇ ਦੀ ਬਹੁਗਿਣਤੀ ਖੇਤੀ ਸਬੰਧਾਂ 'ਚ ਬੱਝੀ ਹੋਈ ਹੈ। ਦਲਿਤ ਵੀ ਲੁੱਟੀਆਂ ਜਾਂਦੀਆਂ ਜਾਤੀਆਂ 'ਚ ਪੈਦਾ ਹੋਈ ਸਵੈਮਾਨ ਨਾਲ ਜਿਉਣ ਦੀ ਤਮੰਨਾ ਨੇ ਇਹਨਾਂ ਜਾਤੀਆਂ ਦੇ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ 'ਚ ਵੀ ਇਸ ਚੇਤਨਾ ਦਾ ਵਿਕਾਸ ਹੋਇਆ ਹੈ। ਇਸ ਨਾਲ ਵੱਡੇ ਜ਼ਿੰਮੀਦਾਰਾਂ ਦੀ ਜਾਤੀ ਅਧਾਰਤ ਲੁੱਟ 'ਚ ਰੁਕਾਵਟ ਪੈਦਾ ਹੋਣ ਲੱਗੀ ਹੈ। ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦਾ ਇਹ ਤਬਕਾ ਜਾਤੀ ਅਧਾਰਤ ਲੁੱਟ, ਭੇਦਭਾਵ ਤੇ ਵਗਾਰ ਦੀ ਮੁਖਾਲਫਤ ਕਰਨ ਲੱਗਿਆ ਹੈ, ਉਹਨਾਂ ਨੇ ਸਿਰ ਉੱਚਾ ਚੁੱਕ ਕੇ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ। ਜਦ ਖੇਤ ਮਜ਼ਦੂਰ ਜਾਂ ਬਟਾਈਦਾਰ/ਕਾਸ਼ਤਕਾਰ ਫਸਲ 'ਚ ਜਾਇਜ਼ ਹਿੱਸੇਦਾਰੀ, ਫਸਲ ਕਟਾਈ ਦੀ ਮਜ਼ਦੂਰੀ ਵਧਾਉਣ ਦੀ ਮੰਗ ਕਰਨ ਲੱਗੇ ਜਾਂ ਫਿਰ ਜ਼ਮੀਨ 'ਤੇ ਜਾਇਜ਼ ਹੱਕ ਨੂੰ ਲੈਣ ਦੀ ਮੰਗ ਕਰਨ ਲੱਗੇ ਤਾਂ ਵੱਡੇ ਜ਼ਿੰਮੀਦਾਰ ਖਾਪ ਨੂੰ ਆਪਣੇ ਹਿੱਤ 'ਚ ਵਰਤਣ ਲੱਗੇ। ਵੱਡੇ ਜ਼ਿੰਮੀਦਾਰ ਜਾਇਜ਼

ਹੱਕਦਾਰੀ ਦੀ ਮੰਗ ਕਰਨ ਵਾਲੇ ਲੁੱਟੇ ਤੇ ਕੁੱਟੇ ਜਾਂਦੇ ਵਰਗਾਂ ਦਾ ਜਾਤੀ ਆਧਾਰ ’ਤੇ ਸਮਾਜਕ ਬਾਈਕਾਟ ਕਰਵਾ ਕੇ, ਹਮਲੇ ਕਰਵਾ ਕੇ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਵੱਡਾ ਜ਼ਿਮੀਦਾਰ ਸਵੈਮਾਨ ਤੇ ਆਜ਼ਾਦੀ ਦੀ ਇਸ ਚੇਤਨਾ ਨੂੰ ਕੁਚਲਣਾ ਚਾਹੁੰਦੇ ਹਨ। ਉੱਚ ਜਾਤੀ ਦੰਭ ਨੂੰ ਉਭਾਰ ਕੇ ਖਾਪਾਂ ਰਾਹੀਂ ਇਹਨਾਂ ਆਵਾਜ਼ਾਂ ਨੂੰ ਕੁਚਲ ਰਿਹਾ ਹੈ। ਗੁਹਣਾ, ਗੋਹਾਨਾ, ਹਰਸੌਨਾ ਤੇ ਮਿਰਚਪੁਰ ਵਰਗੀਆਂ ਸੈਂਕੜੇ ਘਟਨਾਵਾਂ ਇਹ ਸਥਿਤੀ ਨੂੰ ਬਿਆਨ ਕਰ ਰਹੀਆਂ ਹਨ। ਖਾਪ ਪੰਚਾਇਤਾਂ ਰਾਹੀਂ ਵੱਡੇ ਜ਼ਿਮੀਦਾਰ ਨਾ ਸਿਰਫ ਕਾਸ਼ਤਕਾਰਾਂ, ਕਾਰੀਗਰਾਂ ਤੇ ਖੇਤ ਮਜ਼ਦੂਰਾਂ ਦੇ ਸੰਵਿਧਾਨਿਕ ਅਧਿਕਾਰਾਂ ’ਤੇ ਹਮਲਾ ਕਰ ਰਹੇ ਹਨ ਬਲਕਿ ਉਹਨਾਂ ਨੂੰ ਇਕੋ-ਇਕ ਇੱਜ਼ਤਦਾਰ ਜ਼ਿੰਦਗੀ ਜਿਉਣ ਤੋਂ ਵੀ ਵਾਂਝਾ ਕਰ ਰਹੇ ਹਨ। ਖਾਪ ਪੰਚਾਇਤ ਆਮ ਕੁਦਰਤ ਦੇ ਅਪਰਾਧ ’ਚ ਉੱਚ ਜਾਤੀ ਦੇ ਅਮੀਰਾਂ ਨੂੰ ਘੱਟ ਤੇ ਹੋਰ ਜਾਤੀਆਂ ਦੇ ਗਰੀਬਾਂ ਨੂੰ ਵੱਧ ਸਜ਼ਾ ਦਿੰਦੀ ਹੈ। ਇਸ ਤਰ੍ਹਾਂ ਦਾ ਫਰਕ ਔਰਤ ਜਬਰ ਦੇ ਕੇਸਾਂ ’ਚ ਸਾਫ਼-ਸਾਫ਼ ਵਿਖਾਈ ਦਿੰਦਾ ਹੈ। ਜ਼ਮੀਨ ’ਤੇ ਮਲਕਾਨਾ ਹੱਕ ਨਾਲ ਵਿਅਕਤੀ ਵਿਸ਼ੇਸ਼ ਦੀ ਹੀ ਨਹੀਂ ਬਲਕਿ ਜਾਤੀ ਦੀ ਵੀ ਸਮਾਜਕ ਸਥਿਤੀ ਤਹਿ ਹੁੰਦੀ ਹੈ ਅਤੇ ਇਥੇ ਹੀ ਉਹਨਾਂ ਦੀ ਰਾਜਸੀ ਹੈਸੀਅਤ ਦੀ ਥਾਂ ਵੀ ਬਣਦੀ ਹੈ। ਇਸ ਲਈ ਜਾਇਦਾਦ ਨੂੰ ਖਾਸ ਤੌਰ ’ਤੇ ਜ਼ਮੀਨ ਨੂੰ ਫਿਰਕੇ ਵਿਸ਼ੇਸ਼ ਜਾਂ ਪ੍ਰੀਵਾਰ ਵਿਸੇਸ਼ ਤੱਕ ਸੀਮਤ ਰੱਖਣ ਲਈ ਸਮਾਜਕ ਰਵਾਇਤਾਂ ਦੀ ਪਾਲਣਾ ਕਰਨ ਦੀ ਹਦਾਇਤ ਦਿੱਤੀ ਜਾਂਦੀ ਹੈ। ਸ਼ਕਤੀਸ਼ਾਲੀ ਲੋਕ ਖਾਪ ਦੀ ਤਾਕਤ ਦੀ ਵਰਤੋਂ ਸ਼ਾਤਰਾਨਾ ਤਰੀਕੇ ਨਾਲ ਕਰ ਰਹੇ ਹਨ। ਖਾਪ ਵਰਗੀਆਂ ਸੰਸਥਾਵਾਂ ਅੱਜ ਵੀ ਵੱਡੇ ਜ਼ਿਮੀਦਾਰਾਂ ਦੀ ਜ਼ਮੀਨ ਤੇ ਕਬਜ਼ਾ ਕਾਇਮ ਰੱਖਣ ਦਾ ਔਜ਼ਾਰ ਬਣੀਆਂ ਹੋਈਆਂ ਹਨ। ਵੱਡੇ ਜ਼ਿਮੀਦਾਰਾਂ ਨੂੰ ਖਾਪ ’ਚ ਸ਼ਾਮਲ ਗਿਣਤੀ ਦੀ ਤਾਕਤ ਅਤੇ ਜਾਇਦਾਦ ਦੀ ਤਾਕਤ ਨਾਲ ਸੱਤਾ ਦੇ ਗਲਿਹਿਰਿਆਂ ’ਚ ਆਪਣੀ ਥਾਂ ਯਕੀਨੀ ਬਣਾਉਣ ’ਚ ਵੀ ਸਹੂਲਤ ਹੋਈ। ਖਾਪ ਪੰਚਾਇਤਾਂ ਨੇ ਜੁੜੇ ਹੋਰ ਤਬਕਿਆਂ ਜਿਵੇਂ ਕਾਸ਼ਤਕਾਰਾਂ, ਦਸਤਕਾਰਾਂ ਤੇ ਸੇਵਕ ਜਾਤੀਆਂ ’ਤੇ ਕੰਟਰੋਲ ਕਰਨ ਦਾ ਵਸੀਲਾ ਵੀ ਬਣੀਆਂ ਹੋਈਆਂ ਹਨ। ਹਰਿਆਣੇ ਦੇ ਭਾਰਤੀ ਕਿਸਾਨ ਯੂਨੀਅਨ ਦੇ ਕੰਡੇਲਾ, ਆਦਮਪੁਰ ਸਮੇਤ ਅਨੇਕਾਂ ਕਿਸਾਨ ਸੰਘਰਸ਼ਾਂ ’ਚ ਵੀ ਇਹਨਾਂ ਖਾਪਾਂ ਨੇ ਅਹਿਮ ਭੂਮਿਕਾ ਨਿਭਾਈ ਹੈ ਅਤੇ ਖਾਪ ਦੀ ਸਰਗਰਮ ਸ਼ਮੂਲੀਅਤ ਕਾਰਨ ਹੀ ਹਰਿਆਣੇ ਦਾ ਕਿਸਾਨ ਸੰਘਰਸ਼ ਇਨਾ ਵਿਆਪਕ ਤੇ ਲੜਾਕੂ ਹੋਇਆ। ਕੰਡੇਲਾ ਸੰਘਰਸ਼ ਕੰਡੇਲਾ ਖਾਪ, ਦੰਨੌਦਾ ਖਾਪ ਆਦਿ ਨੇ ਪੂਰੇ ਸੰਘਰਸ਼ ਨੂੰ ਚਲਾਇਆ ਸੀ। ਖਾਪ ਦੀ ਹਮਾਇਤ ਨਾਲ ਹੋਏ ਸੰਘਰਸ਼ਾਂ ਨਾਲ ਜਾਟ ਕਿਸਾਨਾਂ ਨੂੰ ਹੀ ਫਾਇਦਾ ਹੋਇਆ। ਇਸ ਲਈ ਖਾਪ ਦੇ ਕਾਰਣ ਜਾਟ ਜ਼ਿਮੀਦਾਰਾਂ ਤੋਂ ਇਲਾਵਾ ਜਾਟ ਕਿਸਾਨਾਂ ਦਾ ਵੀ ਥੋੜ੍ਹਾ ਜਿਹਾ ਹਿੱਤ ਪੂਰਾ ਹੁੰਦਾ ਹੈ ਅਤੇ ਉਹ ਖਾਪ ਦੇ ਫੈਸਲਿਆਂ ਨੂੰ ਮੰਨ ਲੈਂਦੇ ਹਨ। ਜਾਟ ਜਾਤੀ ਦੇ ਵੱਡੇ ਜ਼ਿਮੀਦਾਰਾਂ ਨੇ ਮੱਧ ਕਾਲ (medieval periad) ਤੋਂ ਹੁਣ ਤੱਕ ਖਾਪ ’ਚ ਸ਼ਾਮਲ ਇਸ ਤਾਕਤ ਦੇ ਜ਼ੋਰ ਨੂੰ ਆਰਥਕ, ਰਾਜਸੀ ਤੇ ਸਮਾਜਕ ਕੰਟਰੋਲ ਕਾਇਮ ਕਰਨ ਲਈ ਵਰਤਿਆ ਹੈ। ਨਾਲ ਹੀ ਆਮ ਜਾਟ ਕਿਸਾਨ ਲਈ ਖਾਪ ਸਿਰਫ਼ ਰਵਾਇਤੀ ਨਿਯਮਾਂ ਦਾ ਪਾਲਣ ਕਰਾਉਣ ਵਾਲੀ ਸੰਸਥਾ ਹੀ ਨਹੀਂ

ਹੈ ਬਲਕਿ ਹਰੇ ਇਨਕਲਾਬ ਦੇ ਬੁਰੇ ਪ੍ਰਭਾਵਾਂ ਖ਼ਿਲਾਫ਼ ਲੜਨ ਲਈ ਉਹਨਾਂ ਨੂੰ ਖਾਪ ਇਕ ਸਹਾਰੇ ਵਜੋਂ ਦਿਖਾਈ ਦਿੰਦੀ ਹੈ। ਉਪਰੋਕਿਤ ਹਾਲਤ 'ਚ ਗੋਤ ਤੇ ਕਬੋਲਾ ਅਧਾਰਤ ਖਾਪ ਸੰਸਥਾ ਨਾ ਸਿਰਫ਼ ਕਾਇਮ ਰਹੀ ਬਲਕਿ ਬੇਹੱਦ ਤਾਕਤਵਰ ਵੀ ਬਣੀ ਰਹੀ।

**ਖਾਪ, ਖੇਤੀ ਰਿਸ਼ਤੇ ਤੇ ਵਿਆਹ ਸਬੰਧ** - ਭਾਰਤ 'ਚ ਹਰ ਜਾਤੀ ਤੇ ਫਿਰਕਾ ਦੇ ਵਿਆਹ ਸਬੰਧੀ ਰਿਸ਼ਤਿਆਂ 'ਚ ਰਵਾਇਤੀ ਕਾਇਦੇ ਕਾਨੂੰਨਾਂ ਦੀ ਪਾਲਨਾ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਖ਼ਾਸ ਕਰਕੇ ਇਕੋ ਗੋਤ ਅੰਦਰ ਸ਼ਾਦੀਆਂ ਤਾਂ ਤਕਰੀਬਨ ਹਰ ਜਾਤੀ ਤੇ ਫਿਰਕੇ 'ਚ ਵਰਜਿਤ ਹੈ। ਚਾਹੇ ਉਹ ਬਸਤਰ ਦੇ ਗੌਂੜ ਆਦੀਵਾਸੀ ਸਮਾਜ ਹੋਣ ਜਾਂ ਝਾਰਖੰਡ ਦਾ ਮੁੰਡਾ ਆਦੀਵਾਸੀ ਜਾਂ ਫਿਰ ਵਪਾਰ 'ਚ ਮੋਹਰੀ ਮੰਨੀ ਜਾਣ ਵਾਲੀ ਅਗਰਵਾਲ ਜਾਤੀ। ਧਿਆਨ ਦੇਣਯੋਗ ਗੱਲ ਹੈ ਕਿ ਇਕੋ ਗੋਤ ਅੰਦਰ ਵਿਆਹ (Endogamy in gotra) ਅਤੇ ਕਬੀਲੇ ਤੋਂ ਬਾਹਰ ਵਿਆਹ (Exogamy in tribe) ਆਦਿਮ ਕਾਲ ਦੇ ਸਭ ਕਬੀਲਾਈ ਸਮੂਹਾਂ 'ਚ ਵਰਜਿਤ ਹੁੰਦਾ ਸੀ। ਭਾਰਤ 'ਚ ਜਾਤੀ ਪ੍ਰਣਾਲੀ ਦਾ ਹਿਸਾ ਨਾ ਬਨਣ ਵਾਲੇ ਕਬੀਲਾਈ ਸਮਾਜ 'ਚ ਸਹਿਗੋਤ ਵਿਆਹ ਅੱਜ ਵੀ ਪਾਬੰਦੀਸ਼ੁਦਾ ਹਨ। ਝਾਰਖੰਡ ਦੇ ਮੁੰਡਾ ਆਦੀਵਾਸੀਆਂ 'ਚ ਇੱਕ ਗੋਤ ਅੰਦਰ ਵਿਆਹ ਪ੍ਰਵਾਨ ਨਹੀਂ ਹੈ। ਇਕੋ ਗੋਤ 'ਚ ਵਿਆਹ ਕਰਨ ਵਾਲੇ ਜੋੜੀ ਨੂੰ ਕਬੀਲੇ ਦਾ ਇਲਾਕਾ ਛੱਡ ਕੇ ਜਾਣਾ ਪੈਂਦਾ ਹੈ। ਅਨੇਕਾਂ ਪ੍ਰੇਮੀ ਜੋੜਿਆਂ ਨੂੰ ਸਮਾਜ ਦੇ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਹੈ। ਬਹੁਤ ਸਾਰੇ ਪ੍ਰੇਮੀ ਜੋੜੇ ਅਸਰਾ ਭੱਜ ਗਏ। ਪਰ ਮੁੰਡਾ ਆਦੀਵਾਸੀ, ਇਕੋ ਗੋਤ ਅੰਦਰ ਵਿਆਹ ਕਰਨ ਵਾਲੇ ਪ੍ਰੇਮੀ ਜੋੜੇ ਦਾ ਕਤਲ ਨਹੀਂ ਕਰਦੇ। ਪੱਛਮੀ ਯੂਰਪ 'ਚ ਸਮਾਜਕ ਵਿਕਾਸ ਦੇ ਅਮਲ 'ਚ ਰਾਜਸੱਤਾ ਦੀ ਉਤਪਤੀ ਦੇ ਨਾਲ ਹੀ ਗੋਤ ਅਧਾਰਤ ਕਬੀਲਾਈ ਸੰਸਥਾਵਾਂ ਕੰਮਜ਼ੋਰ ਹੋ ਗਈਆਂ ਸਨ। ਉਥੇ ਕੁਲ ਤੇ ਕੁਟੰਭੀ ਆਧਾਰ 'ਤੇ ਸੰਚਾਲਿਤ ਕਬੀਲਾਈ ਸਮਾਜ ਦੇ ਨਿਯਮ-ਕਾਇਦੇ ਵੀ ਕਮਜ਼ੋਰ ਪੈ ਗਏ ਸਨ। ਪਰ ਭਾਰਤ ਦੀ ਸਥਿਤੀ ਉਹਨਾਂ ਦੇਸ਼ਾਂ ਤੋਂ ਭਿੰਨ ਹੈ ਇਥੇ ਰਾਜਸਤਾ ਦੀ ਉਤਪਤੀ ਸਮੇਂ ਵੱਖ-ਵੱਖ ਕਬੀਲੇ ਕਿਰਤ ਵੰਡ 'ਚ ਵਾਧਾ ਹੋਣ ਪਿੱਛੋਂ ਜਾਤੀ ਪ੍ਰਣਾਲੀ ਮਜ਼ਬੂਤ ਹੋ ਗਏ। ਕਬੀਲਿਆਂ ਦਾ ਬਦਲਾਅ ਇਸ ਅਮਲ 'ਚ ਕਬੀਲਿਆਂ ਦੀ ਗੋਤ (ਕੁਲ) ਤੇ ਕਬੀਲਾਈ ਸੰਸਥਾਵਾਂ (Gotarf tribal institutions) ਦਾ ਨਿਰਮੂਲਨ ਹੋ ਗਿਆ ਜਾਂ ਇਹ ਸੰਸਥਾਵਾਂ ਬੇਹੱਦ ਕੰਮਜ਼ੋਰ ਰੂਪ 'ਚ ਬਚੀਆਂ ਰਹੀਆਂ। ਪ੍ਰਸਿੱਧ ਵਿਦਵਾਨ ਡੀ ਡੀ ਕੌਸਾਂਬੀ ਅਨੁਸਾਰ, 'ਭਾਰਤ ਦਾ ਪੂਰਾ ਇਤਿਹਾਸ ਇਕ ਵਿਆਪਕਤਰ ਸਮਾਜ 'ਚ ਕਬੀਲਾਈ ਤੱਤਾਂ ਦੇ ਸਮੋ ਜਾਣ ਦਾ ਸਬੂਤ ਹੈ। ਇਹੀ ਸਵਰਿਤੀ-ਭਾਰਤੀ ਸਮਾਜ ਦੀ ਸਭ ਤੋਂ ਵਰਨਣਯੋਗ ਵਿਸੇਸ਼ਤਾ ਦਾ ਭਾਵ ਜਾਤੀ ਪ੍ਰਥਾ ਦਾ ਮੂਲ ਆਧਾਰ ਹੈ। ਇਸ ਲਈ ਭਾਰਤ ਦੇ ਸਮਾਜ 'ਚ ਅੱਜ ਵੀ ਕਬੀਲਾਈ ਰਵਾਇਤਾਂ ਮਜ਼ਬੂਤੀ ਨਾਲ ਕਾਇਮ ਹਨ। ਖਾਸ ਕਰਕੇ ਵਿਆਹਕ ਸਬੰਧਾਂ 'ਚ ਇਹਨਾਂ ਰਵਾਇਤਾਂ ਦੀ ਦਖ਼ਲ ਅੰਦਾਜ਼ੀ ਬਹੁਤ ਜ਼ਿਆਦਾ ਹੈ। ਉਤਰੀ ਭਾਰਤ 'ਚ ਖੇਤੀ ਸਮਾਜਾਂ 'ਚ ਸ਼ਾਦੀ ਦੋ ਵਿਅਕਤੀਆਂ 'ਚ ਪ੍ਰੇਮ ਸਬੰਧਾਂ ਨਾਲ ਤਹਿ ਨਹੀਂ ਹੁੰਦੀ ਹੈ ਬਲਕਿ ਸਮਾਜਕ ਰਵਾਇਤਾਂ ਅਨੁਸਾਰ ਕੀਤੀ ਜਾਂਦੀ ਹੈ।

ਮੁਟਿਆਰ/ਨੌਜਵਾਨ ਦਾ ਪ੍ਰੀਵਾਰ ਹੀ ਹਰ ਲਾੜੇ ਵਹੁਟੀ ਦੀ ਤਲਾਸ਼ ਕਰਦਾ ਹੈ ਰਿਸ਼ਤਾ ਤਹਿ ਕਰਨ ਦਾ ਮੁੱਖ ਪੈਮਾਨਾ ਸਬੰਧੀ ਦੇ ਪ੍ਰੀਵਾਰ ਦੀ ਆਰਥਕ ਸਥਿਤੀ ਅਤੇ ਉਸ ਦੀ ਜਾਤੀ ਹੁੰਦੀ ਹੈ। ਸਰੀਰਕ ਸੁੰਦਰਤਾ, ਚਾਲ-ਚਲਣ ਆਦਿ 'ਤੇ ਵੀ ਵਿਚਾਰ ਕੀਤਾ ਜਾਂਦਾ ਹੈ। ਪਰ ਇਹ ਗੌਣ ਪਹਿਲੂ ਹੁੰਦੇ ਹਨ। ਜੀਵਨ ਸਾਥੀ ਦੀ ਤਲਾਸ਼ ਖੁਦ ਕਰਨਾ ਬਦਚਲਣੀ ਦੀ ਸ਼੍ਰੇਣੀ 'ਚ ਗਿਣਿਆ ਜਾਂਦਾ ਹੈ। ਪਿਤਰਸਤਾਤਮਕ ਸਮਾਜ 'ਚ ਸ਼ਾਦੀ ਪਿੱਛੋਂ ਪੈਦਾ ਹੋਣ ਵਾਲੀ ਸੰਤਾਨ ਖਾਸ ਕਰਕੇ ਬੇਟਾ ਹੀ ਪਿਤਾ ਦੀ ਜਾਇਦਾਦ ਦਾ ਵਾਰਿਸ ਮੰਨਿਆ ਜਾਂਦਾ ਹੈ। ਇਸ ਲਈ ਵਿਆਹ ਸਬੰਧਾਂ ਤੇ ਜਾਇਦਾਦ ਸਬੰਧਾਂ 'ਚ ਇਕ ਰਿਸ਼ਤਾ ਹੈ। ਸਮਾਜ ਦੇ ਜਾਇਦਾਦ ਸਬੰਧ ਵਿਆਹ ਸਬੰਧਾਂ ਨੂੰ ਨਿਰਧਾਰਿਤ ਅਤੇ ਪ੍ਰਭਾਵਿਤ ਕਰਦੇ ਹਨ ਅਤੇ ਇਹ ਸਬੰਧ ਸਾਰੀਆਂ ਸਮਾਜਿਕ ਸਰਗਰਮੀਆਂ ਦਾ ਆਧਾਰ ਹਨ। ਆਰਥਿਕ ਕਾਰਣ ਹੀ ਵਿਆਹ ਸਬੰਧਾਂ ਦੇ ਰੀਤੀ-ਰਿਵਾਜਾਂ ਨੂੰ ਵੀ ਤਹਿ ਕਰ ਰਹੇ ਹਨ। ਇਹਨਾਂ ਰੀਤਾਂ ਰਿਵਾਜਾਂ 'ਚ ਨਿੱਜੀ ਇਛਾਵਾਂ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ। ਇਹ ਰੀਤੀ-ਰਿਵਾਜ ਪ੍ਰੇਮੀ ਜੋੜੇ ਦੀਆਂ ਭਾਵਨਾਵਾਂ ਦੀ ਸੀਮਾਵਾਂ ਬੰਨਦੇ ਹਨ ਤੇ ਉਸ ਨੂੰ ਨਿਯਮਬੱਧ (regularise) ਕਰਦੇ ਹਨ। ਏਂਗਲਸ ਅਨੁਸਾਰ 'ਇਕ-ਵਿਆਹ ਪ੍ਰੀਵਾਰ ਦਾ ਉਹ ਪਹਿਲਾ, ਰੂਪ ਸੀ ਜੋ ਕੁਦਰਤੀ ਕਾਰਣਾਂ 'ਤੇ ਨਹੀਂ ਬਲਕਿ ਆਰਥਕ ਕਾਰਣਾਂ 'ਤੇ ਅਧਾਰਤ ਸੀ, ਯਾਨੀ ਜੋ ਪ੍ਰਾਚੀਨ ਕਾਲ ਦੀ ਕੁਦਰਤੀ ਢੰਗ ਨਾਲ ਵਿਕਸ਼ਤ ਸਮੂਹਕ ਜਾਇਦਾਦ ਉਪਰ ਨਿੱਜੀ ਜਾਇਦਾਦ ਦੀ ਜਿੱਤ ਦੀ ਅਧਾਰਤ ਖੜਿਆ ਹੁੰਦਾ ਸੀ। ਯੂਨਾਨੀ ਲੋਕ ਤਾਂ ਖੁੱਲ੍ਹੇਆਮ ਮੰਨਦੇ ਹਨ ਕਿ ਇਕ ਵਿਆਹ ਦਾ ਮਕਸਦ ਏਨਾ ਸੀ ਕਿ ਪ੍ਰੀਵਾਰ 'ਚ ਮੱਦਦ ਦੀ ਹਕੂਮਤ ਰਹੇ ਅਤੇ ਅਜਿਹੇ ਬੱਚੇ ਪੈਦਾ ਹੋਣ ਜੋ ਸਿਰਫ਼ ਉਸ ਦੀ ਹੀ ਸੰਤਾਨ ਹੋਣ ਅਤੇ ਜੋ ਉਸ ਦੇ ਹੀ ਵਾਰਸ ਬਣ ਸਕਣ।" ਪਿਤਾ ਦੀ ਜਾਇਦਾਦ ਦਾ 'ਜਾਇਜ਼ ਵਾਰਿਸ਼' ਪੈਦਾ ਕਰਨ ਵਾਲੀ ਇਕ ਵਿਆਹ ਪ੍ਰਥਾ (Mongamy) ਹੀ ਭਾਰਤ 'ਚ ਤੇ ਹਰਿਆਣੇ 'ਚ ਪ੍ਰਚੱਲਤ ਹੈ। 'ਜਾਇਜ਼ ਵਾਰਿਸ' ਪੈਦਾ ਕਰਵਾਉਣ 'ਤੇ ਸਮਾਜ 'ਚ ਆਮ ਸਹਿਮਤੀ ਹੈ। 'ਜਾਇਜ਼ ਵਾਰਿਸ' ਦੀ ਪੈਦਾਇਸ਼ ਲਈ ਔਰਤਾਂ ਤੇ ਪਾਬੰਦੀਆਂ ਲਾਈ ਗਈ। ਇਹਨਾਂ ਪਬੰਦੀਆਂ ਦਾ ਮੁੱਖ ਮਕਸਦ ਉਸ ਦੇ ਸੈਕਸ ਤੇ ਪ੍ਰਜਨਣ ਅਮਲ ਨੂੰ ਕੰਟਰੋਲ ਕਰਦਾ ਹੈ। ਇਸ ਕੰਟਰੋਲ ਨੂੰ ਕਾਇਮ ਰੱਖਣ ਲਈ ਸ਼ਾਦੀ ਦੇ ਨਿਯਮ ਬਣਾਏ ਜਾਂਦੇ ਹਨ। ਸ਼ਾਦੀ ਦੇ ਨਿਯਮ ਜਾਤੀ ਪ੍ਰਥਾ ਵੀ ਕਾਇਮ ਰੱਖਣ ਦਾ ਅਹਿਮ ਮਾਧਿਅਮ ਹੈ। ਜਾਇਦਾਦ ਨੂੰ ਪ੍ਰੀਵਾਰ ਦੀ ਜਾਇਦਾਦ ਬਣਾਈ ਰੱਖਣ ਲਈ, ਜਾਇਦਾਦ ਨੂੰ ਜਾਤੀ ਵਿਸ਼ੇਸ਼ ਤੱਕ ਸੀਮਤ ਰੱਖਣ ਲਈ ਅਤੇ ਜਾਤੀ ਪ੍ਰਥਾ ਦੀ ਛਤਰ-ਛਾਇਆ 'ਚ ਬਣੇ ਪੈਦਾਵਾਰੀ ਸਬੰਧਾਂ ਨੂੰ ਕਾਇਮ ਰੱਖਣ ਲਈ ਨਿਯਮ-ਕਾਨੂੰਨ ਤਹਿ ਹੀ ਨਹੀਂ ਕੀਤੇ ਜਾਂਦੇ ਹਨ। ਬਲਕਿ ਉਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਵੀ ਦਿੱਤੀ ਜਾਂਦੀ ਹੈ। ਜਿਸ ਦਾ ਫੈਸਲਾ ਹਰ ਜਾਤ ਦੀਆਂ ਬਿਰਾਦਰੀ ਪੰਚਾਇਤਾਂ ਬੁਲਾ ਕੇ ਕੀਤਾ ਜਾਂਦਾ ਹੈ। ਬਿਰਾਦਰੀ ਪੰਚਾਇਤਾਂ ਸਮਾਜਕ ਰਵਾਇਤਾਂ ਦਾ ਉਲੰਘਣ ਕਰਨ ਵਾਲੇ ਪ੍ਰੀਵਾਰ ਜਾਂ ਨਵੇਂ ਵਿਆਹਿਆਂ ਨੂੰ ਇਸ ਹਿਮਾਕਤ ਦੀ ਸਜ਼ਾ ਮੁਕਰਰ ਕਰਦੀ ਹੈ। ਬਿਰਾਦਰੀ ਪੰਚਾਇਤ 'ਚ ਅਕਸਰ ਇੱਕ ਜਾਤੀ ਦੇ ਲੋਕ ਹੀ ਹਿੱਸਾ ਲੈਂਦੇ ਹਨ। ਪਰ ਇਹ ਪੰਚਾਇਤਾਂ ਖਾਪ

ਪੰਚਾਇਤਾਂ ਵਾਂਗੂ ਬਹੁਤ ਮਜ਼ਬੂਤ ਜਾਂ ਕੱਟੜ ਨਹੀਂ ਹੁੰਦੀਆਂ। ਇਹਨਾਂ ਦਾ ਆਪਣਾ ਕੋਈ ਰਵਾਇਤੀ ਮੁਖੀਆ ਦੀ ਚੋਣ ਨਹੀਂ ਹੁੰਦੀ। ਇਹਨਾਂ ਬਿਰਾਦਰੀ ਪੰਚਾਇਤਾਂ 'ਚ ਸਿਰਫ਼ ਪ੍ਰੀਵਾਰ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਜਾਤੀ ਦੇ ਜਰਵਾਣੇ ਲੋਕ ਹੀ ਹਿੱਸਾ ਲੈਂਦਾ ਹਨ। ਬਿਰਾਦਰੀ ਪੰਚਾਇਤਾਂ ਦਾ ਢਾਂਚਾ ਖਾਪ ਪੰਚਾਇਤਾਂ ਵਾਂਗੂ ਜਥੇਬੰਦ ਨਹੀਂ ਹੁੰਦਾ। ਇਕ ਖਾਪ ਪੰਚਾਇਤਾਂ ਦਾ ਇਕ ਚੁਣਿਆ ਹੋਇਆ ਮੁਖੀਆ ਹੁੰਦਾ ਹੈ ਜੋ ਖਾਪ ਦੀ ਬੈਠਕ ਦਾ ਸੰਚਾਲਨ ਕਰਦਾ ਹੈ। ਖਾਪ ਪੰਚਾਇਤਾਂ ਇਕ ਨਿਸ਼ਚਤ ਥਾਂ 'ਤੇ ਕੀਤੀਆਂ ਜਾਂਦੀਆਂ ਹਨ। ਖਾਪ ਦਾ ਚਬੂਤਰਾ ਅਖਵਾਉਣ ਵਾਲੇ ਇਹ ਥਾਂ ਅਕਸਰ ਗੋਤ ਦੇ ਸਭ ਤੋਂ ਵੱਡੇ ਤੇ ਸਭ ਤੋਂ ਪੁਰਾਣੇ ਪਿੰਡ 'ਚ ਹੁੰਦਾ ਹੈ। ਜਿਵੇਂ ਦਨੌਂਦਾ, ਭੱਟਪਿੰਡ, ਉਝਾਨਾ, ਮਹਿਮ ਆਦਿ 'ਚ ਉਸ ਖੇਤਰ ਦੀ ਖਾਪ ਦੇ ਚਬੂਤਰੇ ਹਨ। ਬਿਰਾਦਰੀ ਪੰਚਾਇਤਾਂ ਸ਼ਾਇਦ ਆਦਿਮ ਕਾਲ ਦੀਆਂ ਗੋਤ ਤੇ ਕਬੀਲਾਈ ਸੰਸਥਾਵਾਂ ਦੀ ਰਹਿੰਦ-ਖੂੰਹਦ ਹਨ ਜੋ ਰਾਜਸਤਾ ਦੀ ਉਤਪਤੀ ਦੌਰਾਨ ਖ਼ਤਮ ਹੋ ਗਈਆਂ ਸਨ। ਹਰਿਆਣੇ ਦੀਆਂ ਜ਼ਿਮੀਦਾਰ ਜਾਤੀਆਂ ਵਿੱਚ ਵੀ ਵਿਆਹ ਰਵਾਇਤਾਂ ਦੀ ਉਲੰਘਣਾ ਕਰਨਾ ਅਪਰਾਧ ਮੰਨਿਆ ਜਾਂਦਾ ਹੈ। ਇਥੇ ਇਹਨਾਂ ਨਿਯਮਾਂ ਨੂੰ ਤੋੜਨ 'ਤੇ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ ਕਿਉਂਕਿ ਇਥੇ ਜਾਟ ਜਾਤੀ ਦੀਆਂ ਖਾਪ ਪੰਚਾਇਤਾਂ ਬਿਰਾਦਰੀ ਪੰਚਾਇਤਾਂ ਦੇ ਮੁਕਾਬਲੇ 'ਚ ਵੱਧ ਤਾਕਤਵਰ, ਕੱਟੜ ਤੇ ਜਥੇਬੰਦ ਹਨ। ਉਹ ਰਾਜ ਦੀ ਤਾਕਤ ਨਾਲ ਵੀ ਟਕਰਾ ਜਾਂਦੀਆਂ ਹਨ। ਉਹ ਇੱਥੇ ਵਿਆਹ ਰਵਾਇਤਾਂ ਨੂੰ ਬਹੁਤ ਸਖ਼ਤੀ ਨਾਲ ਲਾਗੂ ਕਰਵਾ ਸਕਦੀਆਂ ਹਨ। ਖਾਪ ਪੰਚਾਇਤਾਂ ਜੀਵਨ ਸਾਥੀ ਚੁਨਣ ਦੀ ਨਿੱਜੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਕਰਨ ਕਰਕੇ ਹੋਣ ਵਾਲੀ ਕਾਨੂੰਨੀ ਕਾਰਵਾਈ ਦੀ ਵੀ ਕੋਈ ਪ੍ਰਵਾਹ ਨਹੀਂ ਕਰਦੀਆਂ। ਖਾਪ ਪੰਚਾਇਤ ਵਲੋਂ ਬਣਾਏ ਗਏ ਨਿਯਮ ਸੰਗੋਤਰ ਵਿਆਹ ਤੇ ਅੰਤਰਜਾਤੀ ਵਿਆਹ ਦੀ ਬਿਲਕੁਲ ਇਜਾਜ਼ਤ ਨਹੀਂ ਦਿੰਦੇ।

**ਆਰਥਕ ਤਬਦੀਲੀ, ਪ੍ਰੇਮ ਵਿਆਹ ਦਾ ਵਧਦਾ ਰੁਝਾਣ ਤੇ ਖਾਪ ਦੀ ਖੌਫ਼ਨਾਕ ਭੂਮਿਕਾ** - ਹਰਿਆਣੇ ਦੀ ਬਹੁਗਿਣਤੀ ਅੱਜ ਵੀ ਖੇਤੀ ਸਬੰਧਾਂ 'ਚ ਹੀ ਜੁੜੀ ਹੋਈ ਹੈ। ਸੱਤਾ ਤਬਦੀਲੀ ਦੇ 60 ਸਾਲਾਂ ਪਿੱਛੋਂ ਵੀ ਮਾਲਕੀ ਦੇ ਰੂਪ 'ਚ ਕੋਈ ਬਦਲਾਅ ਨਹੀਂ ਆਇਆ ਹੈ। ਜਰਵਾਣੇ ਵੱਡੇ ਜ਼ਿਮੀਦਾਰ ਹਾਕਮ ਜਮਾਤ ਦੇ ਹਿੱਸੇ ਵਜੋਂ ਬੇਹੱਦ ਤਾਕਤਵਾਰ ਸਥਿਤੀ ਵਿੱਚ ਹਨ। ਹਰੇ ਇਨਕਲਾਬ ਪਿੱਛੋਂ ਖੇਤੀ ਡੂੰਘੇ ਸੰਕਟ 'ਚ ਫਸ ਗਈ। ਖੇਤੀ 'ਚ ਅਧੁਨਿਕ ਤਕਨੀਕਾਂ ਬਹੁਤ ਜ਼ਿਆਦਾ ਵਰਤੀਆਂ ਜਾ ਰਹੀਆਂ ਹਨ। ਖੇਤੀ 'ਚ ਲਾਗਤ ਵਧ ਰਹੀ ਹੈ। ਇਸ ਨਾਲ ਕਿਸਾਨਾਂ ਨੂੰ ਕਰਜ਼ੇ ਦੀ ਦਲਦਲ 'ਚ ਡੂੰਘਾ ਫਸਾਇਆ ਗਿਆ ਹੈ। ਬਹੁਤੇ ਛੋਟੇ ਤੇ ਮੱਧਵਰਗੀ ਕਿਸਾਨਾਂ ਸਿਰ ਆੜਤੀਆਂ ਦਾ ਕਰਜਾ ਹੈ। ਕਿਸਾਨਾਂ ਦਾ ਬਹੁਤ ਵੱਡਾ ਹਿੱਸਾ ਸੂਦਖੋਰ ਹਥਿਆ ਲੈਂਦੇ ਹਨ। ਕਿਸਾਨਾਂ ਦੀ ਜ਼ਮੀਨ ਵੱਡੇ ਜ਼ਿਮੀਦਾਰ ਤੇ ਆੜਤੀਏ ਕਰਜ਼ੇ ਬਦਲੇ ਕੌਡੀਆਂ ਦੇ ਭਾਅ ਖਰੀਦ ਲੈਂਦੇ ਹਨ। ਹਰਿਆਣੇ ਦੇ ਕਿਸਾਨਾਂ ਨੂੰ ਦਿੱਲੀ ਦੇ ਨੇੜੇ ਹੋਣ ਦਾ ਖਮਿਆਜਾ ਵੀ ਭੁਗਤਨਾ ਪੈਂਦਾ ਹੈ। ਦੂਜੀ ਪੀੜੀ ਦੇ ਸੁਧਾਰਾਂ ਦੇ ਨਾਂ ਹੇਠ ਲਿਆਂਦੀ ਗਈ 'ਵਿਸ਼ੇਸ਼ ਆਰਥਕ ਖੇਤਰ' ਦੀ ਨੀਤੀ ਕਾਰਨ ਇਥੇ ਰਾਇਲ ਅਸਟੇਟ ਕਾਰੋਬਾਰ ਵਧਣ ਫੁੱਲਣ ਲੱਗਿਆ ਕਰਜ

ਜਾਲ 'ਚ ਫਸੇ ਹਰਿਆਣਾ ਦੇ ਕਿਸਾਨਾਂ ਨੇ ਜ਼ਮੀਨ ਵਿਕਰੀ ਨੂੰ ਕਰਜ਼ਾ ਉਤਾਰਨ ਦੇ ਸਾਧਨ ਵਜੋਂ ਅਪਣਾਇਆ। ਸ਼ਾਦੀ ਵਿਆਹ ਵਰਗੇ ਸਮਾਜਕ ਫਰਜ਼ਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਸ਼ਾਨੋ-ਸ਼ੌਕਤ 'ਚ ਖ਼ਰਚ ਕਰ ਦਿੱਤੀ ਗਈ ਜ਼ਿਆਦਾਤਰ ਕਿਸਾਨਾਂ ਤੋਂ ਰੋਟੀ-ਰੋਜ਼ੀ ਦਾ ਸਾਧਨ ਖੋਹ ਲਿਆ ਗਿਆ। ਉਦਯੋਗ, ਅਵਾਰਾ ਪੂੰਜੀ, ਬਹੁਕੌਮੀ ਖੇਤੀ ਸਨਅਤ ਦੀਆਂ ਕੰਪਨੀਆਂ, ਰਿਅਲ ਅਸਟੇਟ, ਵਪਾਰੀਆਂ, ਬੁਨਿਆਦੀ ਢਾਂਚਾ ਯਾਨੀ ਸੜਕ ਆਦਿ ਬਣਾਉਣ ਵਾਲੀਆਂ ਕੰਪਨੀਆਂ, ਪਾਰਦੇਸ਼ੀ ਕੰਪਨੀਆਂ ਦੀ ਲੁੱਟ ਨੂੰ ਸਰਕਾਰ ਨੇ ਬਹੁਤ ਜ਼ਿਆਦਾ ਤਵੱਜੋ ਦਿੱਤੀ ਤੇ ਕਿਸਾਨਾਂ ਦੇ ਹਿੱਤਾਂ ਦੀ ਅਣਦੇਖੀ ਕੀਤੀ ਅਤੇ ਉਹਨਾਂ ਨੂੰ ਸਨਅਤੀ ਘਰਾਣਿਆਂ ਤੇ ਸੂਦਖੋਰਾਂ ਤੇ ਵਪਾਰੀਆਂ ਹੱਥੋਂ ਲੁਟਵਾ ਦਿੱਤਾ। ਨੌਜਵਾਨ ਵਰਗ ਸਰਕਾਰ ਵਲੋਂ ਅਣਗੌਲੇ ਖੇਤੀ ਖੇਤਰ 'ਚ ਆਪਣਾ ਭਵਿੱਖ ਸੁਰੱਖਿਅਤ ਦੇਖ ਸਕਣ 'ਚ ਅਸਮਰਥ ਹਨ। ਇਕ ਪਾਸੇ ਖੇਤੀ ਸੰਕਟ ਵਧ ਰਿਹਾ ਹੈ ਦੂਜੇ ਪਾਸੇ ਹਰਿਆਣੇ ਦੇ ਗੁੜਗਾਵਾਂ ਫਰੀਦਾਬਾਦ, ਬਹਾਦਰ ਗੜ੍ਹ, ਸੋਨੀਪਤ, ਰਿਵਾੜੀ, ਬਾਵਲ ਆਦਿ ਖੇਤਰ ਸਨਅਤੀ ਪੈਦਾਵਾਰ ਤੇ ਸੇਵਾ ਖੇਤਰ ਦੇ ਕੇਂਦਰ ਬਣ ਗਏ। 1990 ਪਿਛੋਂ ਇਹ ਅਮਲ ਬਹੁਤ ਤੇਜ਼ੀ ਨਾਲ ਫੈਲਿਆ। ਨਿੱਜੀਕਰਨ, ਵਿਸ਼ਵੀਕਰਨ, ਉਦਾਰੀਕਰਨ ਦੀਆਂ ਨੀਤੀਆਂ 'ਤੇ ਅਧਾਰਤ ਅਰਥਚਾਰੇ 'ਚ ਜਿਥੇ ਵਿਦੇਸ਼ੀ ਕੰਪਨੀਆਂ ਤੇ ਦੇਸੀ ਸਨਅਤੀ ਘਰਾਣਿਆਂ ਦਾ ਬੋਲਬਾਲਾ ਹੋ ਗਿਆ। ਪੈਦਾਵਾਰ ਦੇ ਇਹਨਾਂ ਖੇਤਰਾਂ 'ਚ ਵਾਧਾ ਹੋਣ ਅਤੇ ਸਰਕਾਰ ਵਲੋਂ ਅਣਗੌਲੀ ਖੇਤੀ ਘਾਟੇ ਦੇ ਧੰਦੇ 'ਚ ਤਬਦੀਲ ਹੋਣ ਕਰਕੇ ਹਰਿਆਣੇ ਦੇ ਨਵ-ਨੌਜਵਾਨ ਖੇਤੀ ਛੱਡ ਕੇ ਨਵੇਂ ਪੈਦਾਵਾਰੀ ਸਬੰਧਾਂ ਦਾ ਹਿੱਸਾ ਵੀ ਬਣਨ ਲੱਗੇ। ਨਵੀਂ ਪੀੜ੍ਹੀ ਦਾ ਇਹੀ ਹਿੱਸਾ ਖੇਤੀ ਜਾਗੀਰੂ ਸਮਾਜ ਦੀਆਂ ਸਮਾਜਕ ਰਵਾਇਤਾਂ ਨਾਲ ਟਕਰਾ ਰਿਹਾ ਹੈ। ਇਹਨਾਂ ਨਵ-ਨੌਜਵਾਨਾਂ ਵਲੋਂ ਰਵਾਇਤਾਂ 'ਤੇ ਉਂਗਲੀ ਉਠਾਉਣ ਦਾ ਮਤਲਬ ਖੇਤੀ ਸਮਾਜ ਦੇ ਉਸ ਤਬਕੇ ਨੂੰ ਚੁਣੌਤੀ ਦੇਣਾ ਹੈ ਜਿਸ ਦੀ ਹਿੱਤ ਪੂਰਤੀ ਇਹ ਰਵਾਇਤਾਂ ਅੱਜ ਵੀ ਕਰਦੀਆਂ ਹਨ। ਇਹਨਾਂ ਰਵਾਇਤਾਂ 'ਤੇ ਉਂਗਲੀ ਉਠਾਉਣ ਦਾ ਮਤਲਬ ਉਹਨਾਂ ਖੇਤੀ ਸਬੰਧਾਂ ਤੇ ਉਹਨਾਂ ਨੂੰ ਸ਼ਹਿ ਦੇਣ ਵਾਲੀ ਜਾਤ-ਪਾਤ ਪ੍ਰਣਾਲੀ ਨੂੰ ਭੰਗ ਕਰਨਾ, ਜਿਸ ਰਾਹੀਂ ਜ਼ਿੰਮੀਦਾਰ ਮਿਹਨਤਕਸ਼ਾਂ ਨੂੰ ਕੰਟਰੋਲ ਕਰਦੇ ਹਨ। ਇਸ ਲਈ ਵੱਡੀ ਜ਼ਿੰਮੀਦਾਰ ਜਮਾਤ ਆਪਣੀ ਤਾਕਤ ਦੇ ਸਰੋਤ ਖੇਤੀ ਸਬੰਧਾਂ ਤੇ ਜਾਤੀ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਹੀ ਉਹਨਾਂ ਨੌਜਵਾਨਾਂ ਦਾ ਕਤਲ ਕਰਵਾ ਰਹੀ ਹੈ।

ਸਭ ਰਾਜਾਂ ਦੀਆਂ ਜ਼ਿੰਮੀਦਾਰ ਜਾਤੀਆਂ 'ਚ ਵਿਆਹ ਸਬੰਧਾਂ 'ਤੇ ਸਖਤੀ ਨਾਲ ਕੰਟਰੋਲ ਇਕ ਜ਼ਮੀਨੀ ਹਕੀਕਤ ਹੈ। ਹਰਿਆਣੇ 'ਚ ਬਹੁਤੇ ਜਾਟ ਜਮੀਨ ਦੇ ਮਾਲਕ ਹਨ। ਇਹਨਾਂ 'ਚ ਕੁਝ ਵੱਡੇ ਜ਼ਿੰਮੀਦਾਰ ਹਨ ਅਤੇ ਹੋਰ ਦਰਮਿਆਨ ਤੇ ਗਰੀਬ ਕਿਸਾਨ ਹਨ। ਜਾਟਾਂ 'ਚ ਜਾਤ ਤੋਂ ਬਾਹਰ ਸ਼ਾਦੀ ਕਰਨ ਯਾਨੀ ਅੰਤਰਜਾਤੀ ਵਿਆਹ ਦੀ ਇਜਾਜ਼ਤ ਨਹੀਂ ਹੈ। ਪਰ ਜਾਤ ਤੋਂ ਬਾਹਰ ਵਿਆਹ ਕਰਵਾਉਣ ਦੀ ਸਜ਼ਾ ਵੱਖ-ਵੱਖ ਹੈ। ਜਾਟ ਜਾਤੀ ਦੀ ਲੜਕੀ ਜੇ ਹੋਰ ਜਾਤ 'ਚ ਖਾਸ ਕਰਕੇ ਹੇਠਲੀ ਜਾਤੀ ਦੇ ਲੜਕੇ ਨਾਲ ਸ਼ਾਦੀ ਕਰਦੀ ਹੈ ਤਾਂ ਉਹਨਾਂ ਨੂੰ ਅਕਸਰ ਕਤਲ ਕਰ ਦਿੱਤਾ ਜਾਂਦਾ ਹੈ। ਲੜਕੀ ਦੀ ਸ਼ਾਦੀ ਹੇਠਲੀ

ਜਾਤੀ 'ਚ ਹੋਣ ਨਾਲ ਉਨ੍ਹਾਂ ਦਾ ਸਮਾਜਕ ਰੁਤਬਾ ਵੀ ਉਹਨਾਂ ਦੇ ਸਾਹਮਣੇ ਹੋਣ ਦੀ ਸੰਭਾਵਨਾ ਰਹੇਗੀ ਜੋ ਕਿ ਜਾਤੀ ਅਧਾਰਤ ਲੁੱਟ-ਘਸੁੱਟ 'ਚ ਅੜਿਕਾ ਬਣ ਸਕਦਾ ਹੈ। ਅਜਿਹੇ ਰਿਸ਼ਤਿਆਂ 'ਚ ਜਾਟ ਖਾਪ ਪੰਚਾਇਤਾਂ ਆਮ ਤੌਰ 'ਤੇ ਲੜਕੇ-ਲੜਕੀ ਦੋਹਾਂ ਦਾ ਕਤਲ ਕਰਵਾ ਦਿੰਦੀਆਂ ਹਨ।

ਉਹਨਾਂ 'ਤੇ ਪ੍ਰੀਵਾਰ ਤੇ ਸਮਾਜ ਦੀ ਇੱਜ਼ਤ 'ਤੇ ਬੱਟਾ ਲਾਉਣ ਦਾ ਦੋਸ਼ ਲਾਇਆ ਜਾਂਦਾ ਹੈ। ਜੇ ਜਾਟ ਲੜਕਾ ਹੇਠਲੀ ਜਾਤ ਦੀ ਲੜਕੀ ਨਾਲ ਸ਼ਾਦੀ ਕਰ ਲਵੇ ਤਾਂ ਉਹਨਾਂ ਦਾ ਕਤਲ ਨਹੀਂ ਕੀਤਾ ਜਾਂਦਾ ਹੈ। ਜਾਟ ਲੜਕੇ ਦੇ ਅੰਤਰ ਜਾਤੀ ਵਿਆਹ ਪਿੱਛੋਂ ਲੜਕੀ ਦੇ ਪ੍ਰੀਵਾਰ ਦਾ ਸਮਾਜਕ ਪੱਧਰ ਬਦਲਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਹੈ ਕਿਉਂਕਿ ਲੜਕੀ ਦਾ ਪ੍ਰੀਵਾਰ ਸ਼ਾਦੀ ਪਿਛੋਂ ਵੀ ਦੋਮ ਦਰਜੇ ਦਾ ਹੀ ਸਮਝਿਆ ਜਾਂਦਾ ਹੈ। ਹਰਿਆਣੇ 'ਚ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਗਿਣਤੀ 'ਚ ਕਮੀ ਆਈ ਹੈ ਜਿਸ ਕਾਰਨ ਪੈਦਾ ਹੋਏ ਸ਼ਾਦੀ ਦੇ ਸੰਕਟ ਕਾਰਨ ਜਾਟ ਲੜਕੇ ਝਾਰਖੰਡ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਆਦਿ ਰਾਜਾਂ 'ਚ ਹੋਰ ਜਾਤੀਆਂ ਦੀਆਂ ਲੜਕੀਆਂ ਨਾਲ ਵਿਆਹ ਕਰ ਰਹੇ ਹਨ। ਇਹਨਾਂ ਅੰਤਰ ਜਾਤੀ ਵਿਆਹਾਂ ਦਾ ਕਿਸੇ ਖਾਪ ਨੇ ਵਿਰੋਧ ਨਹੀਂ ਕੀਤਾ ਹੈ। ਜਦ ਕਿ ਜਾਟਾਂ 'ਚ ਸਮਾਜਕ ਰਵਾਇਤਾਂ ਅਨੁਸਾਰ, ਅੰਤਰ ਜਾਤੀ ਵਿਆਹ ਵਰਜਿਤ ਹੈ। ਦਰਅਸਲ ਲੜਕੇ ਵਲੋਂ ਹੋਰ ਜਾਤੀ 'ਚ ਸ਼ਾਦੀ ਕਰਨ ਨਾਲ ਪ੍ਰੀਵਾਰਕ ਜਾਇਦਾਦ ਨਾ ਤਾਂ ਹੋਰ ਜਾਤ 'ਚ ਜਾਂਦੀ ਹੈ ਤੇ ਨਾ ਹੀ ਲੜਕੀ ਦੇ ਪ੍ਰੀਵਾਰ ਦਾ ਉਸ ਜਾਇਦਾਦ 'ਤੇ ਕੋਈ ਦਾਅਵਾ ਬਣਦਾ ਹੈ ਕਿਉਂਕਿ ਜੇ ਕਿਸੇ ਕਾਰਨ ਕਰਕੇ ਜਾਟ ਲੜਕੇ ਦੀ ਮੌਤ ਵੀ ਹੋ ਜਾਂਦੀ ਹੈ ਤਾਂ ਕਰੇਵਾ ਪ੍ਰਥਾ ਦੇ ਤਹਿਤ ਵਿਧਵਾ ਦੇ ਦਿਉਰ ਜਾਂ ਜੇਠ ਚਾਦਰ ਪਾ ਕੇ ਪਤੀ ਪਤਨੀ ਦਾ ਰਿਸ਼ਤਾ ਰੱਖ ਸਕਦਾ ਹੈ। ਇਸ ਨਾਲ ਪ੍ਰੀਵਾਰ ਦੀ ਜ਼ਮੀਨ ਪ੍ਰੀਵਾਰ ਵਿੱਚ ਹੀ ਬਣੀ ਰਹਿੰਦੀ ਹੈ। ਖਾਪ ਪੰਚਾਇਤਾਂ ਵਲੋਂ ਕੀਤੀ ਜਾਂਦੀ ਆਨਰ ਕਿਲਿੰਗ (ਇੱਜ਼ਤ ਖਾਤਰ ਕਤਲ) ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਾਟਾਂ ਦੀ ਲੜਕੀ ਅੰਤਰ ਜਾਤੀ ਵਿਆਹ ਪਿੱਛੋਂ ਜਾਇਦਾਦ 'ਤੇ ਦਾਅਵਾ ਕਰ ਸਕਦੀ ਹੈ ਜਦ ਕਿ ਪਿਤਰ ਸਤਾਤਮਕ ਸਮਾਜ 'ਚ ਲੜਕਾ ਹੀ ਸਾਰੀ ਜਾਇਦਾਦ ਦਾ ਵਾਰਿਸ ਮੰਨਿਆ ਜਾਂਦਾ ਹੈ। ਇਸ 'ਚ ਲੜਕੀ ਦੇ ਪ੍ਰੀਵਾਰ ਦੀ ਜ਼ਮੀਨ ਹੇਠਲੀ ਜਾਤ ਦੇ ਪ੍ਰੀਵਾਰ ਨੂੰ ਮਿਲ ਜਾਵੇਗੀ। ਇਸ ਨਾਲ ਹੇਠਲੀ ਜਾਤ ਦਾ ਪ੍ਰੀਵਾਰ ਸਮਾਜਕ ਰੁਤਬੇ ਵਿੱਚ ਤਾਂ ਜਾਟ ਪ੍ਰੀਵਾਰ ਦੇ ਬਰਾਬਰ ਹੋ ਜਾਵੇਗਾ ਨਾਲ ਹੀ ਆਰਥਕ ਰੂਪ ਵਿੱਚ ਵੀ ਉਸ ਦੇ ਬਰਾਬਰ ਹੋ ਜਾਵੇਗਾ। 'ਕੰਟੈਂ ਸ੍ਰਿਆਸ ਮੈਰਿਜ਼ ਇਲੋਪੀਂਗ ਕਪਲ' ਨਾਮਕ ਪੁਸਤਕ ਦੀ ਲੇਖਕਾ ਪ੍ਰੇਮ ਚੌਧਰੀ ਅਨੁਸਾਰ ਹਿੰਦੂ ਵਿਆਹ ਕਾਨੂੰਨ ਤੇ ਹਿੰਦੂ ਉਤਰਾਧਿਕਾਰ ਕਾਨੂੰਨ ਕਾਰਨ ਬੇਟੀਆਂ ਨੂੰ ਵੀ ਪਿਤਾ ਦੀ ਜਾਇਦਾਦ 'ਚ ਹਿੱਸੇਦਾਰੀ ਦਾ ਕਾਨੂੰਨੀ ਅਧਿਕਾਰ ਮਿਲਣ ਪਿੱਛੋਂ ਪ੍ਰੇਮੀ ਜੋੜਿਆਂ ਦੇ ਕਤਲਾਂ 'ਚ ਬਹੁਤ ਵਾਧਾ ਹੋਇਆ ਹੈ। ਹਰਿਆਣੇ ਦੇ ਪੇਂਡ ਇਲਾਕਿਆਂ ਵਿੱਚ ਘੱਟ ਗਿਣਤੀ ਜਾਟ ਗੋਤ ਦੇ ਲੜਕੇ ਦੀ ਸ਼ਾਦੀ ਪਿੰਡ ਦੀ ਬਹੁਗਿਣਤੀ ਗੋਤ 'ਚ ਹੋ ਜਾਂਦੀ ਹੈ ਤਾਂ ਖਾਪ ਪੰਚਾਇਤ ਉਸ ਸ਼ਾਦੀ ਦਾ ਵਿਰੋਧ ਕਰਦੀ ਹੈ ਚਾਹੇ ਉਹ ਲੜਕੀ ਕਿਸੇ ਦੂਰ ਦੇ ਪਿੰਡ ਦੀ ਹੀ ਕਿਉਂ ਨਾ ਹੋਵੇ। ਆਮ ਤੌਰ 'ਤੇ ਪਿੰਡ ਵਿੱਚ

ਬਹੁਗਿਣਤੀ ਗੋਤ ਦੇ ਪੂਰਵਜਾਂ ਨੇ ਘੱਟ ਗਿਣਤੀ ਗੋਤ ਦੇ ਲੋਕਾਂ ਨੂੰ ਬਾਹਰੋਂ ਬੁਲਾ ਕੇ ਪਿੰਡ 'ਚ ਵਸਾਇਆ ਸੀ ਤਾਂ ਕਿ ਉਹ ਪਿੰਡ ਦੀ ਬੰਜਰ ਪਈ ਜ਼ਮੀਨ 'ਤੇ ਖੇਤੀ ਕਰਨ। ਇਸ ਨਾਲ ਪਿੰਡ 'ਚ ਲੱਗੇ ਮਾਲੀਏ ਦੀ ਵਸੂਲੀ ਨਿੱਜੀ ਤੌਰ 'ਤੇ ਨਹੀਂ ਕੀਤੀ ਜਾਂਦੀ ਸੀ ਬਲਕਿ ਲਗਾਨ ਵਸੂਲੀ ਸਾਰੇ ਪਿੰਡ ਤੋਂ ਇਕੱਠੀ ਵਸੂਲੀ ਜਾਂਦੀ ਸੀ ਜਿਸ ਨੂੰ ਪਿੰਡ ਦਾ ਨੰਬਰਦਾਰ ਵਸੂਲ ਕੇ ਲਗਾਨ ਅਧਿਕਾਰੀ ਕੋਲ ਜਮ੍ਹਾਂ ਕਰਵਾ ਦਿੰਦਾ ਸੀ। ਪਿੰਡ ਦਾ ਸਾਰਾ ਪ੍ਰਬੰਦ ਉਹੀ ਗੋਤ ਕਰਦਾ ਹੈ ਜੋ ਪਿੰਡ 'ਚ ਬਹੁਗਿਣਤੀ 'ਚ ਹੁੰਦਾ ਹੈ। ਉਹ ਪਿੰਡ ਦੀ ਜ਼ਿਆਦਾਤਰ ਜ਼ਮੀਨ ਦਾ ਮਾਲਕ ਵੀ ਹੁੰਦਾ ਹੈ। ਪਿੰਡ ਦੇ ਬਹੁਗਿਣਤੀ ਗੋਤ ਦੇ ਲੋਕ ਦੇ ਪ੍ਰਬੰਧਕ ਬਾਹਰੀ ਕਾਸ਼ਤਕਾਰਾਂ ਨੂੰ ਹਮੇਸ਼ਾ ਹੇਠਲਾ ਦਰਜਾ ਦਿੰਦੇ ਸਨ। ਜੇ ਘੱਟ ਗਿਣਤੀ ਗੋਤ ਦੇ ਲੜਕੇ ਦੀ ਸ਼ਾਦੀ ਬਹੁਗਿਣਤੀ ਗੋਤ 'ਚ ਹੁੰਦੀ ਹੈ ਤਾਂ ਉਸ ਘੱਟ ਗਿਣਤੀ ਗੋਤ ਦੇ ਲੋਕ ਸਮਾਜਕ ਤੌਰ 'ਤੇ ਉਹਨਾਂ ਦੀ ਬਰਾਬਰੀ ਕਰਨ ਲੱਗਣਗੇ ਜੋ ਕਿ ਉਹਨਾਂ ਦੇ ਸਮਾਜਕ ਰੁਤਬੇ, ਹੈਸੀਅਤ ਤੇ ਚੌਧਰ ਲਈ ਇਕ ਚੁਣੌਤੀ ਹੁੰਦੀ ਹੈ। ਇਸ ਨਾਲ ਪਿੰਡ/ਇਲਾਕੇ ਦੀਆਂ ਹੋਰ ਜਾਤੀਆਂ 'ਚ ਵੀ ਉਹਨਾਂ ਦੀ ਬਰਾਬਰੀ ਦੀ ਭਾਵਨਾ ਪੈਦਾ ਹੋ ਸਕਦੀ ਹੈ। ਇਸ ਲਈ ਇਲਾਕੇ ਦੀ ਖਾਪਾਂ ਅਜਿਹੀਆਂ ਸ਼ਾਦੀਆਂ 'ਤੇ ਰੋਕ ਲਾ ਦਿੰਦੀਆਂ ਹਨ। ਇਸ ਤੋਂ ਇਲਾਵਾ ਕਬੀਲਾਈ ਯੁੱਗ ਦੇ ਸਮਾਜਕ ਨੂੰ ਵੀ ਖਾਪ ਰਾਹੀਂ ਲਾਗੂ ਕੀਤਾ ਜਾਂਦਾ ਹੈ। ਜਿਵੇਂ ਸੰਗੋਤ ਵਿਆਹ ਸਬੰਧਾਂ 'ਤੇ ਪਾਬੰਦੀ ਲਾਉਣਾ। ਇਕੋ ਜਿਹੇ ਪੂਰਵਜਾਂ ਤੋਂ ਪੈਦਾ ਹੋਵੇ ਗੋਤਾਂ, ਜਿਹਨਾਂ ਨੂੰ ਭਾਈਚਾਰੇ ਦਾ ਗੋਤ ਕਿਹਾ ਜਾਂਦਾ ਹੈ, ਵਿੱਚ ਸ਼ਾਦੀ 'ਤੇ ਰੋਕ ਲਾਉਣੀ ਆਦਿ। ਇਹਨਾਂ ਰਵਾਇਤਾਂ ਦੀ ਪਾਲਨਾ ਕਰਨਾ ਜਾਟ ਭਾਈਚਾਰੇ ਦੇ ਜਰਵਾਣੇ ਵਰਗ ਲਈ ਇਸ ਲਈ ਜ਼ਰੂਰੀ ਹੈ ਕਿਉਂਕਿ ਇਹਨਾਂ ਰਵਾਇਤਾਂ ਦਾ ਨਿਰਬਾਹ ਕਰਵਾ ਕੇ ਹੀ ਭਾਰੂ ਜਮਾਤ ਖਾਪ ਦੀ ਵਾਜਬੀਅਤ ਤੇ ਹੋਂਦ ਨੂੰ ਸਾਬਤ ਕਰ ਸਕਦੀ ਹੈ। ਖਾਪ ਪੰਚਾਇਤ ਨੂੰ ਉਹ ਖੇਤੀ ਮਜ਼ਦੂਰਾਂ, ਕਾਸ਼ਤਕਾਰਾਂ ਤੇ ਗਰੀਬ ਕਿਸਾਨ ਦੀ ਵਾਧੂ ਉਪਜ (ਲਾਭ) ਨੂੰ ਲੁੱਟਣ ਤੇ ਕੰਟਰੋਲ ਕਰਨ ਦਾ ਔਜਾਰ ਬਣਾਉਂਦਾ ਹੈ। ਖਾਪਾਂ ਪਾਰਲੀਮਾਨੀ ਰਾਜਨੀਤੀ 'ਚ ਉੱਚ ਅਹੁਦਾ ਹਾਸਲ ਕਰਨ ਦੀ ਲਾਲਸਾਪੂਰਤੀ ਦਾ ਸਾਧਨ ਵੀ ਬਣਦੀਆਂ ਹਨ। ਇਹ ਖਾਪ ਪੰਚਾਇਤਾਂ ਲੱਠਮਾਰੀ ਨਾਲ ਪਿੰਡਾਂ ਦੇ ਦਲਿਤਾਂ ਦੀਆਂ ਸ਼ਾਦੀਆਂ 'ਚ ਵੀ ਦਖਲ ਅੰਦਾਜ਼ੀ ਕਰਦੀਆਂ ਹਨ। ਪਿੰਡ ਦੇ ਦਲਿਤਾਂ ਦੀ ਉਹਨਾਂ ਪਿੰਡਾਂ 'ਚ ਸ਼ਾਦੀ ਵਰਜਿਤ ਹੈ ਜਿੱਥੋਂ ਦੇ ਜਾਟਾਂ ਦਾ ਗੋਤ ਤੇ ਦਲਿਤਾਂ ਦੇ ਪਿੰਡ ਦੇ ਜਾਟਾਂ ਦਾ ਗੋਤ ਇਕ ਬਰਾਬਰ ਹੋਵੇ। ਸ਼ਿਮਲਾ ਪਿੰਡ ਵਿੱਚ ਤਾਂ ਦਲਿਤ ਲੜਕਾ-ਲੜਕੀ ਦੋਨੋਂ ਨੂੰ ਪ੍ਰੇਮ ਕਰਨ ਕਰਕੇ ਕਤਲ ਕਰ ਦਿੱਤਾ ਗਿਆ। ਇਸ ਤਰ੍ਹਾਂ ਖਾਪ ਪੰਚਾਇਤ ਰਾਹੀਂ ਔਰਤ ਦੇ ਸੈਕਸ ਤੇ ਪ੍ਰਜਨਣ ਨੂੰ ਕੰਟਰੋਲ ਕੀਤਾ ਜਾਂਦਾ ਹੈ ਤਾਂ ਕਿ ਜ਼ਮੀਨ ਜਾਇਦਾਦ ਪ੍ਰੀਵਾਰਿਕ ਪ੍ਰੀਵਾਰਿਕ ਜਾਂ ਨੇੜੇ ਦੇ ਖ਼ੂਨ ਦੇ ਰਿਸ਼ਤੇਦਾਰਾਂ ਨੂੰ ਹੀ ਮਿਲੇ। ਔਰਤਾਂ ਨੂੰ ਪ੍ਰੀਵਾਰ ਤੇ ਜਾਤੀ ਦੀ ਸਮਾਜਕ ਮਰਿਆਦਾ ਤੇ ਇੱਜ਼ਤ ਦੀ ਬਲੀ ਚੜ੍ਹਾਇਆ ਜਾਂਦਾ ਹੈ। ਉਹਨਾਂ ਨੂੰ ਵਿਆਹ ਰਵਾਇਤਾਂ ਦੀ ਸਖਤ ਪਾਲਣਾ ਕਰਨ ਦੀ ਹਦਾਇਤ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਜਾਤ ਤੇ ਪ੍ਰੀਵਾਰ ਦੀ ਇੱਜ਼ਤ ਬਚਾਉਣ ਦੇ ਨਾਂ 'ਤੇ ਵਿਆਹ ਸਬੰਧਤ 'ਤੇ ਸਖਤੀ ਨਾਲ ਕੰਟਰੋਲ ਰੱਖਿਆ ਜਾਂਦਾ ਹੈ।

ਮਾਣ-ਮਰਿਆਦਾ, ਰੀਤੀ-ਰਿਵਾਜਾਂ, ਭਾਈਚਾਰਾ ਕਾਇਮ ਕਰਨਾ ਆਦਿ ਸਮਾਜਕ ਰਵਾਇਤਾਂ ਦੀ ਆੜ 'ਚ ਜ਼ਮੀਨ ਦੀ ਮਾਲਕੀ ਦੇ ਰੂਪ, ਪੈਦਾਵਾਰੀ ਸਬੰਧਾਂ ਤੇ ਜਾਤ ਪ੍ਰਣਾਲੀ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਦੇ ਤਰੀਕੇ ਹਨ।

**ਖਾਪ ਤੇ ਆਧੁਨਿਕ ਰਾਜ ਦਾ ਰਿਸ਼ਤਾ** - ਧਿਆਨ ਦੇਣ ਵਾਲੀ ਗੱਲ ਹੈ ਕਿ ਹਰਿਆਣਾ 'ਚ ਜਾਟ ਕੁਲ ਅਬਾਦੀ ਦਾ 25 ਫੀਸਦੀ ਹੈ। ਇਸ ਕਾਰਨ ਜਾਟ ਜਾਤੀ ਗਿਣਤੀ ਦੇ ਜ਼ੋਰ 'ਤੇ ਅਧਾਰਿਤ ਚੁਣਾਵੀ ਰਾਜਨੀਤੀ 'ਚ ਫੈਸਲਾਕੁੰਨ ਭੂਮਿਕਾ ਅਦਾ ਕਰਦੀ ਹੈ। ਜਾਟ ਜਾਤੀ ਦੇ ਵੱਡੇ ਜ਼ਿਮੀਦਾਰ ਰਾਜਸੀ ਨੇਤਾ ਵੀ ਹਨ ਜੋ ਹਰੇਕ ਰਾਜ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ ਤੇ ਮੰਤਰੀ ਬਣਦੇ ਹਨ। ਇੱਥੋਂ ਤੱਕ ਕਿ ਮੁੱਖ ਮੰਤਰੀ ਅਹੁਦੇ 'ਚ ਵੀ ਜਾਤ ਕਾਰਡ ਖੇਡਿਆ ਜਾਂਦਾ ਹੈ। ਇਹਨਾਂ ਰਾਜਸੀ ਆਗੂਆਂ ਦੀ ਖ਼ੂੰਖਾਰ ਖਾਪ ਪੰਚਾਇਤਾਂ ਦੇ ਬੇਰਹਿਮ ਅਤਿਆਚਾਰੀ ਫੈਸਲਿਆਂ 'ਤੇ ਰੋਕ ਲਾਉਣ ਦੀ ਕੋਈ ਦਿਲਚਸਪੀ ਨਹੀਂ ਹੈ ਬਲਕਿ ਉਹ ਇਹਨਾਂ ਫੈਸਲਿਆਂ 'ਤੇ ਮੋਹਰ ਲਾ ਰਹੇ ਹਨ। 2004 'ਚ ਉਸ ਵੇਲੇ ਦੇ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਸੀ ਕਿ ਪੰਚਾਇਤ ਜੋ ਵੀ ਫੈਸਲਾ ਕਰੇ ਉਹ ਸਹੀ ਹੁੰਦਾ ਹੈ। ਮੌਜੂਦਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਨੁਸਾਰ ਖਾਪ ਸਮਾਜਕ ਸੰਸਥਾ ਹੈ। ਜੇ ਜਲਦਬਾਜ਼ੀ 'ਚ ਕੋਈ ਕਦਮ ਚੁੱਕਣਗੇ ਤਾਂ ਰਾਜ ਦੀ ਕਾਨੂੰਨ ਤੇ ਵਿਵਸਥਾ ਦੀ ਸਥਿਤੀ 'ਤੇ ਇਸ ਦੇ ਖਤਰਨਾਕ ਪ੍ਰਭਾਵ ਪੈ ਸਕਦੇ ਹਨ। ਉਹਨਾਂ ਨੇ ਖੁੱਲ੍ਹ ਕੇ ਸੰਗੋਤਰ ਸ਼ਾਦੀਆਂ ਦੀ ਖਿਲਾਫ਼ਤ ਕੀਤੀ ਹੈ ਜੋ ਕਿ ਨਿੱਜੀ ਆਜ਼ਾਦੀ ਦੇ ਅਧਿਕਾਰ ਦੇ ਬਿਲਕੁਲ ਵਿਰੁੱਧ ਹੈ। ਆਧੁਨਿਕ ਵਿਚਾਰਾਂ ਦੇ ਨੁਮਾਇੰਦੇ ਹੋਣ ਦਾ ਢਿੰਡੋਰਾ ਪਿਟਣ ਵਾਲੇ ਸਨਅਤਕਾਰ ਸਾਂਸਦ ਨਵੀਨ ਜਿੰਦਲ ਵੀ ਜਾਗੀਰੂ ਕਿਰਦਾਰ ਧਾਰਨ ਕਰ ਚੁੱਕੀ ਇਸ ਸੰਸਥਾ ਦੀ ਸੰਗੋਤਰ ਵਿਆਹ 'ਤੇ ਪਾਬੰਦੀ ਲਾਉਣ ਦੀ ਗੈਰ ਜਮਹੂਰੀ ਮੰਗ 'ਤੇ ਸਹਿਮਤ ਨਜ਼ਰ ਆਏ। ਖਾਪ ਪੰਚਾਇਤ ਸਰਕਾਰ ਦੀ ਸਤਾ ਦੇ ਬਰਾਬਰ ਇੱਕ ਸੱਤਾ ਹੈ ਜੋ ਭਾਰਤ ਦੇ ਸੰਵਿਧਾਨ ਤੇ ਕਾਨੂੰਨਾਂ ਦੀ ਵੀ ਖਿਲੀ ਉਡਾ ਦਿੰਦੀ ਹੈ। ਇਹ ਲੋਕਾਂ ਦੇ ਬੁਨਿਆਦੀ ਜਮਹੂਰੀ ਅਧਿਕਾਰਾਂ ਨੂੰ ਤਿਲਾਂਜਲੀ ਦਿੰਦੀ ਹੈ। ਇਸ ਦੇ ਬਾਵਜੂਦ ਕਾਨੂੰਨ ਘਾੜੇ ਤੇ ਦੇਸ਼ ਦੀ ਵਾਂਗਡੋਰ ਸੰਭਾਲਣ ਦਾ ਦਾਅਵਾ ਕਰਨ ਵਾਲੇ ਰਾਜਸੀ ਆਗੂ ਖਾਪ ਪੰਚਾਇਤਾਂ ਦੇ ਕੁਕਰਮਾ ਵੱਲ ਨਾ ਸਿਰਫ਼ ਅੱਖਾਂ ਮੀਟ ਲੈਂਦੇ ਹਨ ਬਲਕਿ ਉਹਨਾਂ ਨੂੰ ਸ਼ਹਿ ਵੀ ਦਿੰਦੇ ਹਨ। ਗੋਰਾਨਾ ਕਾਂਡ ਹੋਵੇ ਜਾਂ ਦੁਲਿਨਾ ਕਾਂਡ, ਇਹਨਾਂ ਹੀ ਸਾਂਸਦੀ ਰਾਜਸੀ ਪਾਰਟੀਆਂ ਨੇ ਜਰਵਾਣਿਆਂ ਤੇ ਖਾਪ ਪੰਚਾਇਤਾਂ ਦੀ ਸਿੱਧੀ ਜਾਂ ਅਸਿੱਧੀ ਹਮਾਇਤ ਕੀਤੀ ਹੈ। ਰਾਜਸੀ ਪਾਰਟੀਆਂ ਦੇ ਨੇਤਾ ਹੀ ਖਾਪ ਪੰਚਾਇਤਾਂ ਦੀ ਪ੍ਰਧਾਨਗੀ ਕਰ ਰਹੇ ਹਨ। ਹਰਿਆਣੇ ਦੇ ਸਾਬਕਾ ਮੁੱਖ ਮੰਤਰੀ ਹੁਕਮ ਸਿੰਘ ਨੇ ਉਸ ਖਾਪ ਪੰਚਾਇਤ ਦੀ ਪ੍ਰਧਾਨਗੀ ਕੀਤੀ ਸੀ, ਜਿਸ 'ਚ ਬੇਨੀਪਾਲ ਖਾਪ ਨੇ ਕਵਿਤਾ ਤੇ ਸਤੀਸ਼ ਦੀ ਸ਼ਾਦੀ ਨੂੰ ਨਾਂ ਮੰਜੂਰ ਕਰਕੇ 'ਭਾਈ ਭੈਣ ਬਣਨ ਦਾ ਨਾਦਰਸ਼ਾਹੀ ਫਰਮਾਨ ਜਾਰੀ ਕੀਤਾ ਸੀ। ਪ੍ਰਸਾਸ਼ਕੀ ਮਸ਼ੀਨਰੀ ਦੀ ਖਾਪ ਪੰਚਾਇਤਾਂ ਦੀ ਸਿੱਧੀ ਜਾਂ ਅਸਿੱਧੀ ਹਮਾਇਤ ਕਰਦੀ ਹੈ। ਅੰਤਰਜਾਤੀ ਵਿਆਹ, ਔਰਤ ਤੇ ਜਾਤੀ ਲੁੱਟ-ਘਸੁੱਟ ਦੀਆਂ ਘਟਨਾਵਾਂ 'ਚ ਪੁਲਸ ਤੇ ਪ੍ਰਸਾਸ਼ਨ ਜਾਂ ਤਾਂ ਜਗੀਰੂ ਮਾਨਸਿਕਤਾ ਨਾਲ ਗ੍ਰਸਿਤ ਜਰਵਾਣਿਆਂ

ਦੇ ਪੱਖ 'ਚ ਖੜ੍ਹੇ ਹੁੰਦੇ ਹਨ ਜਾਂ ਚੁੱਪ ਦਰਸ਼ਕ ਦੀ ਭੂਮਿਕਾ ਨਿਭਾਉਂਦੇ ਹਨ ਤੇ ਖਾਪ ਪੰਚਾਇਤਾਂ ਆਪਣੀ ਮਨਮਾਨੀ ਕਰਦੀਆਂ ਹਨ। 'ਖਾਪ ਪੰਚਾਇਤ ਦਾ ਉਭਾਰ ਇੱਕ ਸਮਾਨਾਂਤਰ ਪ੍ਰਣਾਲੀ ਵਜੋਂ ਹੋਇਆ ਹੈ ਅਤੇ ਇਹ ਰਾਜ ਦੇ ਹਰੇਕ ਅੰਗ ਨੂੰ ਹਿਰਾਕਤ ਦੀ ਨਜ਼ਰ ਨਾਲ ਵੇਖਦੀ ਹੈ। ਕੰਗਾਰੂ ਅਦਾਲਤਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਜਿਹਨਾਂ 'ਚ ਜਾਲਮ ਫਤਵੇ ਜਾਰੀ ਕੀਤੇ ਜਾਂਦੇ ਹਨ। ਇਹਨਾਂ 'ਚ ਉਹੀ ਭਾਗ ਲੈਂਦੇ ਹਨ ਜੋ ਇਹਨਾਂ ਦੇ ਮੈਂਬਰ ਹੁੰਦੇ ਹਨ। ਮੁੱਖ ਰਾਜਸੀ ਪਾਰਟੀਆਂ ਦੇ ਮੈਂਬਰ, ਪ੍ਰਸ਼ਾਸਨ ਪੁਲਸ ਤੇ ਨਿਆਂਪਾਲਿਕਾ-ਸਭ ਚੁੱਪ ਦਰਸ਼ਕ ਬਣੇ ਰਹਿੰਦ ਹਨ। ਇਹ ਨਜ਼ਰੀਆ ਨਜ਼ਰਅੰਦਾਜ਼ੀ ਦਾ ਕੰਮ ਨਹੀਂ ਹੈ। ਇਸ ਨੂੰ ਜਾਣ ਬੁੱਝ ਕੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਤਾਂ ਕਿ ਜਾਤਪਾਤ 'ਚ ਚੰਗੀ ਖਾਪ ਤੇ ਗੋਤ ਦੀ ਪਿਛੜੀ ਚੇਤਨਾ ਨੂੰ ਕਾਇਮ ਰੱਖਿਆ ਜਾ ਸਕੇ ਕਿਉਂਕਿ ਇਹ ਉਹਨਾਂ ਦੇ ਅਨੁਕੂਲ ਹੈ ਜੋ ਮੌਜੂਦਾ ਸਮਾਜਕ ਢਾਂਚੇ 'ਤੇ ਹਾਵੀ ਹਨ। ਹਰਿਆਣੇ ਦੇ ਵਿਦਵਾਨ ਪਤ੍ਰਕਾਰ ਡੀ ਆਰ ਚੌਧਰੀ ਦੀ ਇਹ ਟਿੱਪਣੀ ਖਾਪ ਪੰਚਾਇਤਾ 'ਤੇ ਇਕ ਸਟੀਕ ਬੈਠਦੀ ਹੈ।

# ਖੇਤੀ ਸਬੰਧਾਂ ’ਚ ਇਨਕਲਾਬੀ ਬਦਲਾਅ ਹੀ ਹੈ ਇਕੋ ਇਕ ਰਾਹ

ਖਾਪ ਪੰਚਾਇਤਾਂ ਦੇ ਨਾਦਰਸ਼ਾਹੀ ਫੈਸਲੇ ਮਨੁੱਖੀ ਅਧਿਕਾਰ ਦੀ ਉਲੰਘਣਾ ਹੀ ਨਹੀਂ ਹਨ ਬਲਕਿ ਇਹਨਾਂ ਨੂੰ ਸਿਰਫ਼ ਕਾਨੂੰਨੀ ਪ੍ਰਣਾਲੀ ਦੇ ਦਾਇਰੇ ’ਚ ਹੀ ਨਹੀਂ ਵੇਖਣਾ ਚਾਹੀਦਾ। ਇਹਨਾਂ ਫੈਸਲਿਆਂ ਦੇ ਡੂੰਘੇ ਆਰਥਕ ਤੇ ਰਾਜਸੀ ਬੁਰੇ ਪ੍ਰਭਾਵ ਹਨ। ਖਾਪ ਪਿੰਡਾਂ ’ਚ ਜਾਗੀਰੂ ਸਬੰਧਾਂ ਤੇ ਜਾਤੀ ਪ੍ਰਣਾਲੀ ਨੂੰ ਕਾਇਮ ਰੱਖਣ ਦਾ ਹਥਿਆਰ ਵਜੋਂ ਵਰਤੋਂ ਕਰੀ ਜਾ ਰਹੀ ਹੈ। ਜਾਇਦਾਦ ਦਾ ਮਾਲਕ ਵਰਗ ਖਾਪ ’ਚ ਸ਼ਾਮਲ ਜਾਟ ਜਾਤੀ ਦੀ ਗਿਣਤੀ ਦੇ ਜ਼ੋਰ ’ਤੇ ਜਾਤੀ ਅਧਾਰਿਤ ਲੁੱਟ-ਘਸੁੱਟ ਨੂੰ ਬਰਕਰਾਰ ਰੱਖਣਾ ਚਾਹੁੰਦਾ ਹੈ।

ਉਹ ਜਾਇਦਾਦ ਦਾ ‘ਜਾਇਜ਼ ਵਾਰਿਸ’ ਪੈਦਾ ਕਰਾਉਣ ਲਈ ਔਰਤਾਂ ’ਤੇ ਪਾਬੰਦੀ ਲਾਉਂਦਾ ਹੈ ਅਤੇ ਇਹਨਾਂ ਪਾਬੰਦੀਆਂ ਦੀ ਉਲੰਘਣਾ ਕਰਨ ’ਤੇ ਉਸ ਨੂੰ ਮੌਤ ਦੀ ਸਜ਼ਾ ਦਿੰਦਾ ਹੈ। ਉਹ ਕਤਲਾਂ ਦੀ ਵਾਜਬੀਅਤ ਕਬੀਲਾਈ ਸਮਾਜ ਦੌਰਾਨ ਉਪਜੀਆਂ ਸਮਾਜਕ ਰਵਾਇਤਾਂ ਤੋਂ ਹਾਸਲ ਕਰਦਾ ਹੈ। ਉਹ ਇਹਨਾਂ ਰਵਾਇਤਾਂ ਦੀ ਵਰਤੋਂ ਸਿਰਫ਼ ਉਥੋਂ ਤੱਕ ਕਰਦਾ ਹੈ ਜਿੱਥੇ ਇਸ ਨਾਲ ਉਸ ਨੂੰ ਫਾਇਦਾ ਹੁੰਦਾ ਹੈ। ਇਸ ਲਈ ਕਬੀਲੇ ਤੋਂ ਬਾਹਰ ਸ਼ਾਦੀ ਦਾ ਨਿਯਮ ਸਿਫਰ ਔਰਤਾਂ ’ਤੇ ਹੀ ਲਾਗੂ ਕੀਤਾ ਜਾਂਦਾ ਹੈ ਜਦ ਕਿ ਮਰਦਾਂ ਵਲੋਂ ਇਸ ਨਿਯਮ ਦੀ ਉਲੰਘਣਾ ਕਰਨ ’ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਖਾਪ ਦੀ ਹੋਂਦ ਤੇ ਕਬੀਲਾਈ ਯੁੱਗ ਦੇ ਰੀਤੀ-ਰਿਵਾਜ ਹਰਿਆਣੇ ’ਚ ਜਾਗੀਰੂ ਪ੍ਰਣਾਲੀ ਨੂੰ ਕਾਇਮ ਰੱਖਣ ’ਚ ਅਹਿਮ ਭੂਮਿਕਾ ਅਦਾ ਕਰ ਰਹੇ ਹਨ। ਜਿਸ ਨਾਲ ਵੱਡੇ ਜ਼ਿੰਮੀਦਾਰਾਂ ਦਾ ਦਬਦਬਾ ਤੇ ਹੋਂਦ ਕਾਇਮ ਰਹਿੰਦੀ ਹੈ। ਖਾਪ ਦੇ ਖੌਫ਼ਨਾਕ ਕਿਰਦਾਰ ਨੂੰ ਖ਼ਤਮ ਕਰਨ ਲਈ ਜ਼ਰੂਰੀ ਹੈ ਕਿ ਉਸ ਵਰਗ ਨੂੰ ਖ਼ਤਮ ਕੀਤਾ ਜਾਵੇ ਜਿਸ ਦੇ ਹਿੱਤਾਂ ਦੀ ਪੂਰਤੀ ਖਾਪ ਪੰਚਾਇਤਾਂ ਕਰ ਰਹੀਆਂ ਹਨ। ਉਹ ਇਸ ਦੀ ਮਨਮਾਨੇ ਢੰਗ ਨਾਲ ਵਰਤੋਂ ਕਰ ਰਹੇ ਹਨ। ਵੱਡੇ ਜ਼ਿੰਮੀਦਾਰਾਂ ਦੀ ਸਾਰੀ ਜ਼ਮੀਨ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ’ਚ ਵੰਡ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਉਸ ਨੂੰ ਸਮੂਹਿਕ ਖੇਤੀ ਕਰਨ ਅਤੇ ਸਮਤਾ ਮੂਲਕ ਸਮਾਜ ਬਣਾਉਣ ਦੇ ਅਮਲ ਦੀ ਤਰਫ ਲੈ ਜਾਇਆ ਜਾਣਾ ਚਾਹੀਦਾ ਹੈ। ਤਾਂ ਹੀ ਵੱਡਾ ਜ਼ਿੰਮੀਦਾਰ ਇਕ ਵਰਗ ਵਜੋਂ ਖ਼ਤਮ ਹੋ ਜਾਵੇਗਾ ਤੇ ਜ਼ਮੀਨ ਦੀ ਮਾਲਕੀ ਦੇ ਰੂਪ ’ਚ ਬਦਲਾਅ ਆ ਜਾਵੇਗਾ। ਖਾਪ ਤੋਂ ਫਾਇਦਾ ਉਠਾਉਣ ਵਾਲੇ ਤੱਤਾਂ ਦਾ ਖਾਤਮਾ ਹੋਣ ਨਾਲ ਸਮਾਜਕ ਰਵਾਇਤਾਂ ਵੀ ਬਦਲਣਗੀਆਂ। ਵੱਡੇ ਜ਼ਿੰਮੀਦਾਰਾਂ ਨੂੰ ਫਾਇਦਾ ਪਹੁੰਚਾਉਣ ਵਾਲੀਆਂ ਰਵਾਇਤਾਂ ਦੀ ਥਾਂ ਲੋਕਾਂ ਦੀ ਉਨਤੀ ਨੂੰ ਯਕੀਨੀ ਬਣਾਉਣ ਵਾਲੀਆਂ ਰਵਾਇਤਾਂ ਲੱਗਣਗੀਆਂ। ਵੱਡੇ ਜ਼ਿੰਮੀਦਾਰਾ ਦੀ ਜ਼ਮੀਨ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ’ਚ ਵੰਡਣ ਪਿਛੋਂ ਜਾਤ ਪ੍ਰਥਾ ’ਚ ਵੀ ਬਦਲਾਅ ਆਵੇਗਾ। ਜਾਤੀ ਪ੍ਰਣਾਲੀ ਦੇ ਆਧਾਰ ’ਤੇ ਲੁੱਟ ਕਰਨ ਵਾਲੀ ਜਾਗੀਰੂ ਪ੍ਰਣਾਲੀ ਖ਼ਤਮ ਹੋ ਜਾਵੇਗੀ। ਸਿਰਫ਼ ਜਾਤੀ ਪ੍ਰਥਾ ਦੇ ਖ਼ਿਲਾਫ਼ ਵਿਚਾਰਧਾਰਕ

ਸੰਘਰਸ਼ ਜਾਤੀ ਭੇਦਭਾਵ ਨੂੰ ਖ਼ਤਮ ਕਰਨ 'ਚ ਸਮਰੱਥ ਹੋ ਸਕਦਾ ਹੈ। ਸ਼ਾਦੀਆਂ ਦੀਆਂ ਕਠੋਰ ਰਵਾਇਤਾਂ ਢਿੱਲੀਆਂ ਪੈ ਜਾਣਗੀਆਂ ਤੇ ਪ੍ਰੇਮ-ਵਿਆਹ ਨੂੰ ਮਾਨਤਾ ਦੇਣ ਦਾ ਅਧਾਰ ਬਣ ਸਕੇਗਾ। ਤਾਂ ਹੀ ਖਾਪ ਰਾਹੀਂ ਜਾਤੀ ਲੁੱਟ-ਘਸੁੱਟ ਕਰਨ ਤੇ ਸ਼ਾਦੀਆਂ 'ਤੇ ਕਠੋਰ ਕੰਟਰੋਲ ਕਾਇਮ ਕਰਨ ਦੀ ਲੋੜ ਖ਼ਤਮ ਹੋ ਜਾਵੇਗੀ ਤਾਂ ਖਾਪ ਦੀ ਖੌਫ਼ਨਾਕ ਤਸਵੀਰ ਦਾ ਖਾਤਮਾ ਹੋ ਸਕੇਗਾ। ਪਰ ਭੂਮੀ ਦੀ ਵੰਡ ਲਈ ਬਣੇ ਭੂਮੀ ਸੁਧਾਰ ਕਾਨੂੰਨਾਂ ਨੂੰ ਗੰਭੀਰਤਾ ਨਾਲ ਲਾਗੂ  ਕਰਨ ਵਿੱਚ ਕਿਸੇ ਸਰਕਾਰ ਦੀ ਰੁਚੀ ਨਹੀਂ ਹੈ। ਬਹੁਤੇ ਰਾਜਸੀ ਆਗੂਆਂ ਕੋਲ ਸੈਂਕੜੇ ਏਕੜ ਜ਼ਮੀਨ ਹੈ। ਉਹ ਖੁਦ ਮਿਹਨਤਕਸ਼ ਲੋਕਾਂ ਦੀ ਲੁੱਟ ਕਰਦੇ ਹਨ। ਇਸ ਲੁੱਟ ਨੂੰ, ਜਾਤੀ ਪ੍ਰਥਾ ਰਾਹੀਂ ਨਾ ਸਿਰਫ਼ ਵਾਜਬੀਅਤ ਮਿਲਦੀ ਹੈ ਬਲਕਿ ਜਾਤੀ ਪ੍ਰਥਾ ਦੇ ਮਾਧਿਅਮ ਨਾਲ ਉਹ ਮੇਹਨਤਕਸ਼ਾਂ 'ਚ ਵੰਡ ਕਰਨ ਦੀ ਨੀਅਤ ਪਾਰਲੀਮਾਨੀ ਰਾਜਸੀ ਆਗੂਆਂ ਦੀ ਨਹੀਂ ਹੈ। 2005 'ਚ ਘਸੌਂ ਪਿੰਡ 'ਚ ਗਰੀਬ ਮਜ਼ਦੂਰ ਕਿਸਾਨਾਂ ਦੇ ਸੰਗਠਨ ਤੇ ਪਿੰਡ ਦੇ ਜਾਟ ਜਾਤੀ ਦੇ ਜਰਵਾਨਿਆਂ ਵਿਚਕਾਰ ਹੋਏ ਝਗੜਿਆਂ 'ਚ ਉਸ ਵੇਲੇ ਦੇ ਵਿੱਤ ਮੰਤਰੀ ਨੇ ਜਾਟ ਵਰਗ ਦੇ ਜਰਵਾਨਿਆਂ ਦਾ ਪੱਖ ਲਿਆ ਅਤੇ ਉਸ ਨੇ ਜੱਟਾਂ ਦੀ ਖਾਪ ਦੀ ਹਮਾਇਤ ਕੀਤੀ ਸੀ। ਸਿਰਫ ਲੋਕਾਂ ਦੀ ਜਥੇਬੰਦਕ ਤਾਕਤ ਦੇ ਜ਼ੋਰ 'ਤੇ ਹੀ ਜ਼ਮੀਨ ਨੂੰ ਮਿਹਨਤਕਸ਼ ਲੋਕਾਂ 'ਚ ਵੰਡਿਆ ਜਾ ਸਕਦਾ ਹੈ। ਜ਼ਮੀਨ ਨੂੰ ਮਿਹਨਤਕਸ਼ ਤਬਕੇ 'ਚ ਵੰਡਣ ਲਈ ਸਮਾਜ ਦੇ ਮਜ਼ਦੂਰ ਤੇ ਗਰੀਬ ਕਿਸਾਨਾਂ ਨੂੰ ਹੀ ਲੜਨਾ ਪਵੇਗਾ, ਚਾਹੇ ਉਹ ਕਿਸੇ ਵੀ ਜਾਤੀ ਦੇ ਹੋਣ। ਜਰਵਾਣੇ ਜੱਟ-ਜ਼ਿੰਮੀਦਾਰ, ਜੋ ਅਜਕਲ ਆੜਤੀ ਵੀ ਬਣ ਗਏ ਹਨ, ਜਾਟ ਕਿਸਾਨਾਂ ਦੀ ਵੀ ਲੁੱਟ ਕਰਦੇ ਹਨ। ਉਹ ਸੂਦਖੋਰੀ ਰਾਹੀਂ ਗਰੀਬ ਕਿਸਾਨਾਂ ਦਾ ਲਾਭ ਹੀ ਨਹੀਂ ਲੁੱਟਦੇ ਬਲਕਿ ਉਹਨਾਂ ਦੀਆਂ ਜ਼ਮੀਨਾਂ ਵੀ ਹੜੱਪ ਲੈਂਦੇ ਹਨ ਮਿਹਨਤਕਸ਼ ਜਮਾਤ ਦੇ ਜ਼ਮੀਨ ਖੋਹਣ ਦੇ ਅੰਦੋਲਨ ਦੌਰਾਨ ਹੀ ਸਮਾਜ 'ਚ ਜਾਤੀ ਤੇ ਖਾਪ ਅਧਾਰਿਤ ਸੰਗਠਨਾਂ ਦੀ ਬਜਾਏ ਜਮਾਤੀ ਏਕਤਾ ਤੇ ਸੰਰਚਨਾ ਪੈਦਾ ਹੋਵੇਗੀ ਕਿਸ ਨਾਲ ਖਾਪ ਵਰਗੀ ਪ੍ਰਣਾਲੀ ਦੀ ਪ੍ਰਗਿੰਕਤਾ ਵੀ ਖ਼ਤਮ ਹੋ ਜਾਵੇਗੀ। ਖੌਫ ਦੇ ਭੌਤਿਕ ਆਧਾਰ ਨੂੰ ਖ਼ਤਮ ਕਰਨ ਦੇ ਨਾਲ-ਨਾਲ ਉਹਨਾਂ ਰਵਾਇਤੀ ਵਿਚਾਰਾਂ ਖਿਲਾਫ਼ ਵੀ ਵਿਚਾਰਧਾਰਕ ਤੇ ਸਭਿਆਚਾਰਕ ਸੰਘਰਸ਼ ਕਰਨਾ ਪਵੇਗਾ ਜੋ ਗੈਰ ਵਿਗਿਆਨਕ ਤੇ ਗੈਰ ਤਰਕਸ਼ੀਲ ਹਨ। ਜਿਵੇਂ ਕਿ 'ਜਾਤੀ ਦੇ ਬਾਹਰ ਸ਼ਾਦੀ ਕਰਨ ਨਾਲ ਖ਼ੂਨ ਅਸ਼ੁੱਧ ਹੋ ਜਾਵੇਗਾ' ਅਤੇ 'ਬਰਾਬਰ ਦੇ ਗੋਤ 'ਚ ਸ਼ਾਦੀਕਰਨ ਨਾਲ ਔਲਾਦ 'ਚ ਸਿਹਤ ਸਬੰਧੀ ਵਿਗਾੜ ਆ ਜਾਣਗੇ।"

'ਖ਼ੂਨ ਦੀ ਸ਼ੁੱਧਤਾ' ਦੀ ਸੋਚ ਬ੍ਰਾਹਮਣ ਵਾਦੀ ਮਨੂਵਾਦ ਵਲੋਂ ਪ੍ਰਚਾਰੀ ਗਈ ਹੈ, ਜੋ ਜਾਤੀ ਪ੍ਰਥਾ ਨੂੰ ਮਜ਼ਬੂਤ ਕਰਦੀ ਹੈ ਤਾਂ ਕਿ ਮਿਹਨਤਕਸ਼ ਜਾਤੀਆਂ ਦੇ ਲੋਕ ਜਾਗੀਰੂ ਲੁੱਟ ਨੂੰ ਸਮਾਜਕ ਮਾਨਤਾ ਮਿਲ ਸਕੇ ਅਤੇ ਮਿਹਨਤਕਸ਼ ਜਾਤੀਆਂ ਦੇ ਲੋਕ ਜਾਗੀਰੂ ਜਮਾਤ ਦੀ ਲੋੜ ਦੀ ਪੂਰਤੀ ਹਿੱਤ ਔਲਾਦ ਪੈਦਾ ਕਰਦੇ ਰਹਿਣ ਇਹ ਚਿੰਤਨ ਪ੍ਰਣਾਲੀ ਲੁਟੇਰੀ ਹਾਕਮ ਜਮਾਤ ਲਈ ਹੀ ਸਹੀ ਹੈ, ਮਿਹਨਤਕਸ਼ਾਂ ਲਈ ਨਹੀਂ। ਇਸ ਗੈਰ ਤਰਕਸ਼ੀਲ ਪਿਛੜੀ ਮਾਨਸਿਕਤਾ ਅਤੇ ਉਸ ਦੇ ਅਸਰਾਂ ਖ਼ਿਲਾਫ਼ ਵਿਚਾਰਧਾਰਕ ਸੰਘਰਸ਼ ਕਰਨ ਦੀ ਲੋੜ ਹੈ। ਇਕੋ ਗੋਤ

'ਚ ਸ਼ਾਦੀ ਨਾਲ ਔਲਾਦ 'ਚ ਸਿਹਤ ਸਬੰਧੀ ਵਿਗਾੜ ਆਉਣ ਦਾ ਵਿਚਾਰ ਅੱਜ ਦੇ ਦੌਰ 'ਚ ਪ੍ਰਸੰਗਿਕ ਨਹੀਂ ਹੈ। ਮੌਜੂਦਾ ਦੌਰ 'ਚ ਉਸ ਦਾ ਕੋਈ ਆਧਾਰ ਨਹੀਂ ਹੈ। ਪਿੱਤਰਸਤਾਤਮਕ ਸਮਾਜ 'ਚ ਸਿਰਫ਼ ਮਰਦ ਦਾ ਗੋਤ ਹੀ ਅਗਲੀਆਂ ਪੀੜ੍ਹੀਆਂ ਦਾ ਗੋਤ ਮੰਨਿਆ ਜਾਂਦਾ ਹੈ ਸਿਰਫ਼ ਉਸ ਨੂੰ ਹੀ ਪਿਤਾ ਪੁਰਖੀ ਗੋਤ ਮੰਨਿਆ ਜਾਂਦਾ ਹੈ, ਪਰ ਇਹ ਵਿਗਿਆਨਕ ਤੱਥ ਹੈ ਕਿ ਬੱਚਿਆਂ ਦੇ ਸਰੀਰ 'ਚ ਮਾਂ-ਬਾਪ ਦੋਨਾਂ ਦੇ ਹੀ ਗੁਣ ਜਾਂਦੇ ਹਨ ਕਿਉਂਕਿ ਇਹਨਾਂ ਗੁਣਾਂ ਦਾ ਨਿਰਧਾਰਨ ਕਰਨ ਵਾਲੇ ਜੀਨ ਮਾਤਾ-ਪਿਤਾ ਦੋਨੋਂ ਤੋਂ ਹੀ ਬੱਚਿਆਂ ਦੇ ਸਰੀਰ 'ਚ ਜਾਂਦੇ ਹਨ। ਔਲਾਦ 'ਚ ਦੋਹਾਂ ਦੇ ਗੁਣ ਸੂਤਰ ਹੁੰਦੇ ਹਨ। ਮਰਦ ਪੂਰਵਜ ਦੇ ਨਾਂ ਹੇਠ ਚਲਣ ਵਾਲੇ ਗੋਤ ਦੇ ਗੁਣਸੂਤਰਾਂ 'ਚ ਸੈਂਕੜੇ ਪੀੜ੍ਹੀਆਂ ਦੌਰਾਨ ਬਾਹਰੀ ਗੋਤ ਤੋਂ ਆਈਆਂ ਔਰਤਾਂ ਦੇ ਗੁਣਸੂਤਰ ਮਿਲਦੇ ਰਹਿੰਦੇ ਹਨ, ਇਸ ਲਈ ਮੌਜੂਦਾ ਪੀੜ੍ਹੀ ਦੀਆਂ ਔਲਾਦਾਂ 'ਚ ਉਸ ਮਰਦ ਪੂਰਵਜ ਦੇ ਗੁਣਸੂਤਰ ਤਾਂ ਅੰਸ਼ ਮਾਤਰ ਹੀ ਰਹਿ ਗਏ ਹਨ। ਇਸ ਲਈ ਮੌਜੂਦਾ ਪੀੜ੍ਹੀਆਂ ਦੀ ਔਲਾਦਾਂ ਲਈ ਇਕੋ ਗੋਤ 'ਚ ਸ਼ਾਦੀ ਨਾਲ ਔਲਾਦ 'ਚ ਵਿਗਾੜ ਆਉਣ ਦੀ ਦਲੀਲ ਦਾ ਕੋਈ ਵਿਗਿਆਨਕ ਅਧਾਰ ਨਹੀਂ ਰਹਿ ਗਿਆ ਹੈ। ਇਸ ਲਈ ਖਾਪ ਦੀ ਉਪਰੋਕਿਤ ਮਾਨਤਾ ਮੌਜੂਦ ਸਮਾਜ ਵਿਵਸਥਾ 'ਚ ਕੋਈ ਪ੍ਰਸੰਗਿਕਤਾ ਨਹੀਂ ਹੈ। ਉਹ ਉਸ ਯੁੱਗ ਦੀਆਂ ਮਾਨਤਾਵਾਂ ਹਨ, ਜਦ ਆਦਮੀ ਦੀ ਰੋਟੀ ਰੋਜ਼ੀ ਦਾ ਇਕੋ ਇੱਕ ਢੰਗ ਸ਼ਿਕਾਰ ਕਰਕੇ ਜਾਂ ਪੌਦਿਆਂ ਦੇ ਫਲ ਤੋੜ ਕੇ ਕਰਨਾ ਸੀ। ਉਦੋਂ ਕਬੀਲਾਈ ਸਮੂਹਾਂ 'ਚ ਰਹਿਣਾ ਪੇਟ ਭਰ ਅਨਾਜ ਜਾਂ ਖਾਣ ਵਾਲੀ ਸਮੱਗਰੀ ਇਕੱਠੀ ਕਰਨੀ ਜ਼ਰੂਰੀ ਸੀ। ਇਹ ਸਮੂਹ ਗੋਤ ਅਧਾਰਤ ਹੁੰਦੇ ਸਨ ਅਤੇ ਇਹ ਗੋਤ ਸਮੂਹ ਬਰਾਬਰ ਪੂਰਵਜ ਦੀ ਪਹਿਚਾਣ ਦੇ ਅਧਾਰ 'ਤੇ ਬਣੇ ਕਬੀਲਿਆਂ 'ਚ ਸੰਗਠਿਤ ਹੁੰਦੇ ਸਨ ਤਾਂ ਕਿ ਉਹਨਾਂ ਦੇ ਖਾਣ ਸਮੱਗਰੀ ਖੇਤਰ 'ਚ ਕੋਈ ਹੋਰ ਕਬੀਲਾ ਨਾ ਆ ਸਕੇ। ਜੇ ਕੋਈ ਹੋਰ ਕਬੀਲਾਈ ਸਮੂਹ ਉਸ ਖੇਤਰ 'ਚ ਆਉਂਦਾ ਸੀ ਤਾਂ ਉਹ ਕਬੀਲਾਈ ਅਧਾਰ 'ਤੇ ਸੰਗਠਿਤ ਹੋ ਕੇ ਉਸ ਨਾਲ ਲੜਦੇ ਸਨ। ਇਸ ਲਈ ਕਬੀਲਿਆਂ 'ਚ ਗਿਣਤੀ ਦੀ ਤਾਕਤ ਨੂੰ ਬਣਾਈ ਰੱਖਣ ਲਈ ਕਬੀਲੇ ਤੋਂ ਬਾਹਰ ਵਿਆਹ ਕਰਨ 'ਤੇ ਪਾਬੰਦੀ ਲਾਈ ਜਾਂਦੀ ਸੀ ਕਿਉਂਕਿ ਉਸ ਸਮੇਂ ਗੋਤਰ ਅਧਾਰਤ ਬਣੇ ਸਮੂਹ 'ਚ ਲੋਕਾਂ ਦੀ ਗਿਣਤੀ ਬੇਹੱਦ ਘੱਟ ਹੁੰਦੀ ਸੀ ਇਸ ਲਈ ਸਮੂਹ ਵਿੱਚ ਆਪਸ 'ਚ ਸ਼ਾਦੀ ਕਰਨ ਨਾਲ ਔਲਾਦ 'ਚ ਵਿਗਾੜ ਆਉਣ ਦੀ ਸੰਭਾਵਨਾ ਰਹਿੰਦੀ ਸੀ। ਇਸੇ ਕਾਰਨ ਗੋਤ ਤੋਂ ਬਾਹਰ ਸ਼ਾਦੀ ਕਰਨ ਦਾ ਨਿਯਮ ਬਣਿਆ। ਇਹ ਨਿਯਮ ਤਤਕਲੀਨ ਸਮਾਜ ਪ੍ਰਣਾਲੀ ਲਈ ਲਾਜ਼ਮੀ ਸੀ। ਪਰ ਮੌਜੂਦਾ ਹਰਿਆਣੇ ਦਾ ਸਮਾਜ ਵਿਕਸ਼ਤ ਹੁੰਦਿਆਂ ਬਹੁਤ ਅਗਾਂਹ ਦੀ ਮੰਜਿਲ 'ਚ ਪਹੁੰਚ ਚੁੱਕਿਆ ਹੈ। ਅੱਜ ਜੇ ਪ੍ਰਾਚੀਨ ਕਾਲ ਮਾਨਤਾਵਾਂ ਦੀ ਜੀਵਨ 'ਚ ਕੋਈ ਲੋੜ ਤੇ ਜ਼ਰੂਰਤ ਨਹੀਂ ਹੈ। ਬਲਕਿ ਇਹ ਮਾਨਤਾਵਾਂ ਸਮਾਜ 'ਚ ਪੈਦਾਵਾਰ ਦੇ ਸਾਧਨਾਂ ਦੀ ਮਾਲਕ ਜਮਾਤ ਦੀ ਹਿੱਤਪੂਰਤੀ ਦਾ ਸਾਧਨ ਬਣ ਗਈਆਂ ਹਨ, ਜੋ ਸਮਾਜ ਦੇ ਮਿਹਨਤਕਸ਼ ਤਬਕੇ ਦੀ ਲੁੱਟ 'ਚ ਸਹਾਇਕ ਬਣ ਰਹੀ ਹੈ। ਇਸ ਲਈ ਇਹਨਾਂ ਮਾਨਤਾਵਾਂ ਨੂੰ ਨਾਕਾਰ ਕੇ ਸਾਨੂੰ ਉਹਨਾਂ ਪਿਆਰ ਅਧਾਰਿਤ ਵਿਆਹ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜੋ ਕਿ

ਆਰਥਕ ਅਧਾਰਤ ’ਤੇ ਤਹਿ ਨਾ ਕੀਤੀ ਜਾਂਦੀ ਹੋਵੇ। ਵਿਚਾਰਧਾਰਿਕ ਲੜਾਈ ਕਰਨ ਤੋਂ ਇਲਾਵਾ ਉਹਨਾਂ ਲੋਕਾਂ ਨੂੰ ਨੈਤਿਕ ਤੇ ਸਰੀਰਕ ਹਮਾਇਤ ਦੇਣ ਦੀ ਵੀ ਲੋੜ ਹੈ। ਜੋ ਖਾਪ ਪੰਚਾਇਤਾਂ ਦੀ ਕਾਰਵਾਈ ਦਾ ਸ਼ਿਕਾਰ ਬਣ ਰਹੇ ਹਨ ਚਾਹੇ ਉਹ ਜਾਤੀ ਲੁੱਟ-ਘਸੁੱਟ ਦਾ ਮਾਮਲਾ ਹੋਵੇ ਜਾਂ ਪ੍ਰੇਮੀ ਜੋੜੇ ਦੇ ਸ਼ਾਦੀ ਕਰਨ ਦੀ ਨਿੱਜੀ ਆਜ਼ਾਦੀ ਦਾ ਮਾਮਲਾ ਹੋਵੇ। ਸਭ ਚੇਤੰਨ ਸ਼ਹਿਰੀਆਂ ਨੂੰ ਖੁੱਲ੍ਹ ਕੇ ਉਹਨਾਂ ਦਾ ਪੱਖ ਲੈਣਾ ਚਾਹੀਦਾ ਹੈ। ਅੰਤ ਵਿੱਚ, ਸਾਨੂੰ ਖਾਪ ਪ੍ਰਣਾਲੀ ਤੋਂ ਪੀੜਤ ਜਾਤੀਆਂ ਤੇ ਪ੍ਰੇਮੀ ਜੋੜਿਆਂ ਦਾ ਪੱਖ ਲੈਂਦੇ ਹੋਇਆਂ ਲੋਕਾਂ ਵਿਚਕਾਰ ਫੈਲੇ ਹੋਏ ਗੈਰਵਿਗਿਆਨਕ ਤੇ ਤਰਕਹੀਣ ਰਵਾਇਤੀ ਵਿਚਾਰਾਂ ਦੀ ਖਿਲਾਫ਼ਤ ਕਰਨੀ ਚਾਹੀਦੀ ਹੈ ਤੇ ਖਾਪ ਪੰਚਾਇਤ ਦੇ ਭੌਤਿਕ ਅਧਾਰ ਨੂੰ ਖ਼ਤਮ ਕਰਨ ਲਈ ਜਾਇਦਾਦ ਦੇ ਸਬੰਧਾਂ ਨੂੰ ਬਦਲਣਾ ਹੋਵੇਗਾ। ਜ਼ਮੀਨ ਨੂੰ ਜਾਟ ਸਮੇਤ ਸਭ ਜਾਤੀਆਂ ਦੇ ਗਰੀਬ-ਮਜ਼ਦੂਰ ਕਿਸਾਨਾਂ ਦੀ ਏਕਤਾ ਦੇ ਆਧਾਰ ’ਤੇ ਮਿਹਨਤਕਸ਼ ਲੋਕਾਂ ’ਚ ਵੰਡਦਿਆਂ ਉਸ ਨੂੰ ਸਮੂਹਕ ਮਾਲਕੀ ਵੱਲ ਲੈ ਜਾਣਾ ਹੋਵੇਗਾ। ਤਾਂ ਹੀ ਅਸੀਂ ਖਾਪ ਪ੍ਰਣਾਲੀ ਨੂੰ ਅਪ੍ਰਸੰਗਿਕ ਬਣਾ ਕੇ ਖ਼ਤਮ ਕਰ ਸਕਦੇ ਹਾਂ। ਸਿਰਫ਼ ਤਾਂ ਹੀ ਅਸੀਂ ਖਾਪ ਪੰਚਾਇਤ ਦੀ ਖੌਫ਼ਨਾਕ ਤਸਵੀਰ ਨੂੰ ਬਦਲ ਸਕਦੇ ਹਾਂ। ਸਿਰਫ਼ ਸਖਤ ਕਾਨੂੰਨ ਬਣਾ ਕੇ ਖਾਪ ਪੰਚਾਇਤਾਂ ਵਲੋਂ ਕੀਤੇ ਜਾ ਰਹੇ ਅਤਿਆਚਾਰਾਂ, ਲੁੱਟ-ਘਸੁੱਟ ਤੇ ਪ੍ਰੇਮੀ ਜੋੜਿਆਂ ਦੇ ਕਤਲਾਂ ਨੂੰ ਨਹੀਂ ਰੋਕਿਆ ਜਾ ਸਕਦਾ।

# ਵਾਤਾਵਰਣ ਸੰਕਟ ਪਰਨਾਲਾ ਉਥੇ ਦਾ ਉਥੇ?

ਕੋਪਨਹੇਗਨ ਦੀ ਸਾਜ਼ਿਸ਼ ਕਾਨਕੁੰਨ 'ਚ ਰੰਗ ਲਿਆਈ ਅਮਰੀਕਾ ਤੇ ਯੂਰਪੀ ਯੂਨੀਅਨ ਚਾਹੇ ਜਿੰਨਾ ਦਾਅਵਾ ਮਰਜ਼ੀ ਕਰੇ ਪਰ ਮੈਕਸੀਕੋ ਦੇ ਕਾਨਕੁੰਨ 'ਚ ਹੋਏ ਕੌਮਾਂਤਰੀ ਵਾਤਾਵਰਣ ਸੰਮੇਲਨ–'ਕੋਪੇਨ–16' 'ਚ ਇਹ ਗੱਲ ਸਾਫ਼ ਹੋ ਗਈ ਕਿ ਵਿਕਸ਼ਤ ਦੇਸ਼ ਜਲਵਾਯੂ ਤਬਦੀਲੀ ਦੇ 'ਢੱਠੇ' ਨੂੰ ਗਰੀਬ ਦੇਸ਼ਾਂ ਵੱਲ ਖਦੇੜਨ 'ਤੇ ਉਤਾਰੂ ਹਨ। ਇਸ ਲਈ ਉਹ ਹਰ ਤਰ੍ਹਾਂ ਦੀ ਕੂਟਨੀਤੀ ਕਰ ਰਹੇ ਹਨ। ਕਾਨਕੁੰਨ ਸੰਮੇਲਨ 'ਚ ਇਹ ਡਰ ਹੋਰ ਮਜ਼ਬੂਤ ਹੋਇਆ ਕਿ ਵਿਕਸਤ ਦੇਸ਼ ਆਪਣੀ ਵਾਤਾਵਰਣ ਵਿਰੋਧੀ ਜੀਵਨ ਸ਼ੈਲੀ ਤੇ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਹੱਲਾਸ਼ੇਰੀ ਦੇਸ਼ ਵਾਲੀ ਨੀਤੀ 'ਚ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦੇ। ਉਹ ਵਾਤਾਵਰਣ ਸੰਕਟ ਨਾਲ ਸਿੱਝਣ ਦੀ ਜ਼ਿੰਮੇਵਾਰੀ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਦੇ ਮੋਢਿਆਂ 'ਤੇ ਲੱਦ ਕੇ ਆਪਣੀ ਕੰਡ ਬਚਾਉਣ ਦੀ ਤਾਕ 'ਚ ਹਨ। ਇਹ ਕਾਰਨ ਹੈ ਕਿ ਬਾਲੀ ਤੇ ਕੋਪਨਹੇਗਨ ਪਿੱਛੋਂ ਕਾਨਕੁੰਨ ਵਿੱਚ ਵੀ 'ਕਯੋਤੀ ਪ੍ਰੋਟੋਕਾਲ' ਨੂੰ ਹਾਸ਼ੀਏ 'ਤੇ ਰੱਖਿਆ ਗਿਆ ਅਤੇ ਕਾਰਬਨ ਕਟੌਤੀ ਦੇ ਮੁੱਦੇ ਨੂੰ ਅਣਸੁਣਿਆ ਕਰ ਦਿੱਤਾ ਗਿਆ। ਸੱਚ ਤਾਂ ਇਹ ਹੈ ਕਿ ਕਾਨਕੁੰਨ 'ਚ ਜਿਸ ਸੰਧੀ ਨੂੰ ਅਮਲੀ ਜਾਮਾ ਪਹਿਨਾਇਆ ਗਿਆ ਤੇ ਜਿਸ ਦੀ ਅਮਰੀਕੀ ਲਾਬੀ ਦੇ ਲੋਕ ਜਬਰਦਸਤ ਹਮਾਇਤ ਕਰ ਰਹੇ ਹਨ ਉਹ ਅਸਲ 'ਚ 'ਕਯੋਤੀ ਸੰਧੀ' ਨੂੰ ਨਾਕਾਮ ਕਰਨ ਵਾਲੀ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ ਅਮਰੀਕਾ ਦੀ ਅਗਵਾਈ 'ਚ ਹਰ ਸਾਲ ਜਲਵਾਯੂ ਤਬਦੀਲੀ ਦੇ ਸੰਕਟ ਸਬੰਧੀ ਵਿਸ਼ਵ ਸੰਮੇਲਨ ਕਰਵਾਇਆ ਜਾਂਦਾ ਹੈ। ਕਾਨਕੁੰਨ ਇਸ ਦਾ ਸੋਹਲਵਾਂ ਪੜਾਅ ਸੀ। ਹਾਲਾਂਕਿ 'ਕਯੋਤੋ ਸੰਧੀ' ਦੀ ਦੁਰਦਸ਼ਾ ਅਤੇ ਬਾਲੀ ਤੇ ਕੋਪਨ ਹੇਗਨ 'ਚ ਵਾਤਾਵਰਣ ਦੀ ਰਾਖੀ ਲਈ ਕੋਈ ਸਮਾਂ ਬੱਧ ਸਮਝੌਤਾ ਹੋ ਸਕੇਗਾ। ਇਸ ਦੇ ਬਾਵਜੂਦ ਦੁਨੀਆਂ ਭਰ ਦੇ ਹਜ਼ਾਰਾਂ ਵਾਤਾਵਰਣ ਕਾਰਕੁੰਨ ਤੇ ਕੁਝ ਦੂਜੀ ਦੁਨੀਆਂ ਦੇ ਕੇਸ਼ ਲਗਾਤਾਰ ਮੰਗ ਕਰ ਰਹੇ ਸਨ ਕਿ ਕਾਨਕੁੰਨ 'ਚ ਕਾਰਬਨ ਕਟੌਤੀ ਦਾ ਟੀਚਾ ਨਿਰਧਾਰਿਤ ਕੀਤਾ ਜਾਵੇਗਾ। ਵੱਖ–ਵੱਖ ਦੇਸ਼ਾਂ ਦੇ ਨੁਮਾਇੰਦਿਆਂ ਵਿਚਕਾਰ ਲਗਾਤਾਰ ਬਹਿਸ ਹੁੰਦੀ ਰਹੀ ਪਰ ਆਮ ਸਹਿਮਤੀ ਨਹੀਂ ਬਣੀ। ਦਿਖਾਵੇ ਲਈ ਕੋਪਨਹੇਗਨ ਵਾਂਗੂੰ ਕਾਨਕੁੰਨ ਵਿੱਚ ਵੀ ਆਖਰੀ ਪਲਾਂ 'ਚ ਇਕ ਸੰਧੀ ਦਾ ਐਲਾਨ ਕੀਤਾ ਗਿਆ ਜਿਸ 'ਚ ਕਿਹਾ ਗਿਆ ਕਿ ਗਲੋਬਲ ਵਾਰਮਿੰਗ ਦੀ ਦਰ ਨੂੰ ਦੋ ਡਿਗਰੀ ਸੈਲਸੀਅਮ ਤੱਕ ਸੀਮਤ ਰੱਖਣ ਦੀ ਸਭ ਦੇਸ਼ ਸੰਨ 2050 ਤੱਕ ਕਾਰਬਨ ਕਟੌਤੀ ਦਾ ਟੀਚਾ ਤਹਿ ਕਰਨਗੇ। ਗ੍ਰੀਨ ਕਲਾਈਮੇਟ ਫੰਡ ਦੀ ਸਥਾਪਨਾ ਹੋਵੇਗੀ। ਇਸ ਕੋਸ਼ 'ਚੋਂ 2020 ਪਿਛੋਂ ਹਰ ਸਾਲ 100 ਅਰਬ ਅਮਰੀਕੀ ਡਾਲਰ ਦੀ ਰਾਸ਼ੀ ਜਲਵਾਯੂ ਤਬਦੀਲੀ ਗਰੀਬ ਦੇਸ਼ਾਂ ਨੂੰ ਮੁਹੱਈਆ ਕਰਵਾਈ ਜਾਵੇਗੀ ਤਾਂ ਕਿ ਉਹ ਕਾਰਬਨ ਡਾਈਅਕਸਾਈਡ ਦੀ ਪੈਦਾਇਸ਼ ਘਟਾ ਸਕਣ। ਗਰੀਬ ਦੇਸ਼ਾਂ ਨੂੰ ਜਾਲ 'ਚ ਫਸਾਉਣ ਲਈ ਵੱਖਰੀ ਇਹ ਗੱਲ ਜੋੜੀ ਗਈ ਸੀ ਕਿ 'ਗਰੀਬ ਕਮਜ਼ੋਰ ਤੇ ਸਭ ਤੋਂ ਵੱਧ ਜੋਖਮ ਵਾਲੇ, ਦੇਸ਼ਾਂ ਨੂੰ ਫੌਰੀ ਫਾਸਟ ਸਟਾਰਟ ਫਾਇਨਾਂਸ ਦੀ ਸਹੂਲਤ

ਦਿੱਤੀ ਜਾਵੇਗੀ, ਇਹ ਵੀ ਕਿਹਾ ਗਿਆ ਕਿ ਮੈਂਬਰ ਦੇਸ਼ ਮਿਲਕੇ ਕਲਾਈਮੇਟ ਟੈਕਨੋਲੋਜੀ ਸੈਂਟਰ ਐਂਡ ਨੈਟਵਰਕ ਸਥਾਪਤ ਕਰਨਗੇ। ਜੇ ਇਸ ਨੂੰ ਕੋਪੇਨਹੇਗਨ ਸੰਮੇਲਨ ਨਾਲ ਜੋੜ ਕੇ ਦੇਖੀਏ ਤਾਂ ਕਾਨਕੁੰਨ ਸੰਧੀ 'ਚ ਕੁਝ ਵੀ ਖਾਸ ਨਹੀਂ ਹੈ। ਕੋਪਨਹੇਗਨ 'ਚ ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਨੂੰ ਪੈਸੇ ਦਾ ਜੋ ਲਾਲਚ ਦਿੱਤਾ ਗਿਆ ਸੀ, ਉਸ ਨੂੰ ਕਾਨਕੁੰਨ 'ਚ ਮੂਰਤ ਰੂਪ ਦਿੱਤਾ ਗਿਆ। ਕੋਪੇਨਹੇਗਨ ਵਾਂਗੂੰ ਭਾਰਤ, ਚੀਨ, ਬ੍ਰਾਜੀਲ ਤੇ ਦੱਖਣੀ ਅਫਰੀਕਾ ਨੂੰ ਰਾਜੀ ਕਰਦਿਆਂ ਕਾਨਕੁੰਨ ਸੰਧੀ ਦਾ ਮਸੌਦਾ ਤਿਆਰ ਕੀਤਾ ਗਿਆ। ਇਸ ਵਾਰੀ ਚੀਨ, ਬ੍ਰਾਜੀਲ ਤੇ ਦੱਖਣੀ ਅਫਰੀਕਾ ਵਲੋਂ ਕੋਈ ਖਾਸ ਵਿਰੋਧ ਦਰਜ ਨਹੀਂ ਹੋਇਆ ਧਿਆਨ ਦੇਣ ਵਾਲੀ ਗੱਲ ਹੈ, ਕਿ ਪਿਛਲੇ ਸਾਲ ਇਹਨਾਂ ਦੇਸ਼ਾਂ ਨੇ ਆਖਰੀ ਪਲਾਂ ਤੱਕ 'ਕਯੋਤੋ ਸੰਧੀ' ਨੂੰ ਬਹਾਲ ਕਰਨ ਲਈ ਦਬਾਅ ਪਾਇਆ ਗਿਆ ਸੀ। ਕਾਨਕੁੰਨ 'ਚ ਭਾਰਤ ਦੀ ਭੂਮਿਕਾ ਕੋਪਨਹੇਗਨ ਤੋਂ ਵੱਧ ਹਾਸੋਹੀਣੀ ਰਹੀ ਭਾਰਤ ਵਲੋਂ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ ਸੰਮੇਲਨ ਦੀ ਸ਼ੁਰੂਆਤ 'ਚ ਕਿਹਾ ਕਿ ਕਾਰਬਨ ਕਟੌਤੀ ਲਈ ਫਿਲਹਾਲ ਕੋਈ ਬੰਧਨਕਾਰੀ ਸਮਝੌਤਾ ਨਹੀਂ ਹੋਣਾ ਚਾਹੀਦਾ। ਬਦੌਲ ਰਮੇਸ਼ ਭਾਰਤ ਇਸ ਸਮੇਂ ਕਾਨੂੰਨੀ ਤੌਰ 'ਤੇ ਬੰਧਨਕਾਰੀ ਸਮਝੌਤੇ 'ਤੇ ਦਸਖ਼ਤ ਕਰਨ ਲਈ ਤਿਆਰ ਨਹੀਂ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਇਸ ਸਮਝੌਤੇ ਦੀ ਰੂਪ ਰੇਖਾ ਕੀ ਹੋਵੇਗੀ, ਇਸ ਦੀ ਪਾਲਣਾ ਨਾ ਕਰ ਸਕਣ ਕਰਕੇ ਸਜ਼ਾ ਕਿਹੋ ਜਿਹੀ ਹੋਵੇਗੀ, ਪਿਛੋਂ ਰਮੇਸ਼ ਆਪਣੇ ਬਿਆਨ ਤੋਂ ਮੁਕਰ ਗਏ ਅਤੇ ਅਮਰੀਕੀ ਦਬਾਅ 'ਚ ਆ ਕੇ ਉਹਨਾਂ ਨੇ ਬੰਧਕਾਰੀ ਸਮਝੌਤੇ ਦੇ ਹੱਕ 'ਚ ਬਿਆਨ ਦੇ ਦਿੱਤਾ। ਉਹਨਾਂ ਨੇ 8 ਦਸੰਬਰ ਨੂੰ ਕਿਹਾ, 'ਬੰਧਨਕਾਰੀ ਉਦੇਸ਼ਾਂ ਨੂੰ ਸਹੀ ਢੰਗ ਨਾਲ ਮੰਨ ਲੈਣਾ ਚਾਹੀਦਾ ਹੈ' ਇਸ ਨਾਲ ਇਕ ਵਾਰੀ ਫਿਰ ਸਾਫ ਹੋ ਗਿਆ ਕਿ ਵਾਤਾਵਰਣ ਦੇ ਮੁੱਦੇ 'ਤੇ ਭਾਰਤ ਦੀ ਕੋਈ ਸਥਿਰ ਨੀਤੀ ਨਹੀਂ ਹੈ। ਵਿਰੋਧੀ ਧਿਰਾਂ ਸਮੇਤ ਕਈ ਗੈਰ ਸਰਕਾਰੀ ਸੰਗਠਨਾਂ ਨੇ ਰਮੇਸ਼ ਦੇ ਆਪਾ ਵਿਰੋਧੀ ਬਿਆਨਾਂ ਦੀ ਆਲੋਚਨਾ ਕੀਤੀ।

ਕੋਪੇਨਹੇਗਨ ਪਿਛੋਂ ਇਹ ਲਗਾਤਾਰ ਦੂਜਾ ਮੌਕਾ ਸੀ ਕਿ, ਜਦ ਭਾਰਤ ਨੇ ਕੁਝ ਘੰਟਿਆਂ 'ਚ ਆਪਣਾ ਸਟੈਂਡ ਬਦਲ ਲਿਆ। ਜਿਸ ਤਰ੍ਹਾਂ ਕੋਪੇਨਹੇਗਨ 'ਚ 'ਕਯੋਤੋ ਪ੍ਰੋਟੋਕਾਲ' ਦੀ ਪੈਰਵੀ ਕਰਦੇ-ਕਰਦੇ ਆਖਰੀ ਪਲਾਂ 'ਚ ਭਾਰਤ ਨੇ 'ਕੋਪੇਨਹੇਗਨ ਅਕਾਰਡ' 'ਤੇ ਸਹਿਮਤੀ ਦਰਸਾ ਦਿੱਤੀ ਸੀ, ਕੁਝ ਇਸ ਤਰ੍ਹਾਂ ਮੈਕਸੀਕੋ ਵਿੱਚ ਵੀ ਉਸ ਨੇ ਭਾਰਤ-ਪ੍ਰਸਤ 'ਕਾਨਕੁੰਨ ਸੰਧੀ' ਦਾ ਸਾਥ ਦਿੱਤਾ ਭਾਰਤ ਦੇ ਇਸ ਰਵਈਏ ਤੋਂ ਜਿੱਥੇ ਗਰੀਬ ਦੇਸ਼ਾਂ ਦੀ ਆਵਾਜ਼ ਕਮਜ਼ੋਰ ਹੋਈ। ਉਥੇ ਇਸ ਗੱਲ ਦੀ ਸੰਭਾਵਨਾ ਵੀ ਤੇਜ਼ ਹੋਈ ਕਿ ਆਉਣ ਵਾਲੇ ਸਮੇਂ 'ਚ ਵਿਕਸ਼ਤ ਦੇਸ਼ ਖੁਦ ਤਾਂ ਉਤਸਰਜਨ 'ਚ ਕਮੀ ਨਹੀਂ ਲਿਆਉਣਗੇ ਪਰ ਪੈਸੇ ਦਾ ਲਾਲਚ ਦੇ ਕੇ ਉਹ ਕਮਜ਼ੋਰ ਦੇਸ਼ਾਂ ਦੀ 'ਵਾਤਾਵਰਣ ਪੁਲਿਸਿੰਗ' ਜ਼ਰੂਰ ਕਰਨਗੇ ਅਤੇ ਉਹਨਾਂ ਦੇ ਸਨਅਤੀ ਵਿਕਾਸ 'ਤੇ ਤਰ੍ਹਾਂ-ਤਰ੍ਹਾਂ ਦੀ ਪਾਬੰਦੀ ਲਾਉਣਗੇ। ਪ੍ਰਸਿੱਧ ਵਾਤਾਵਰਣ ਪ੍ਰੇਮੀ ਸੁਨੀਤਾ ਨਾਰਾਇਣ ਭਾਰਤ ਦੇ ਢਿੱਲੇ ਢਾਲੇ ਰਵੱਈਏ 'ਤੇ ਡੂੰਘਾ ਇਤਰਾਜ ਜਾਹਰ ਕਰਦੀ ਹੈ। ਬਕੌਲ ਨਾਰਾਇਣ 'ਭਾਰਤ ਨੇ ਖੁਦ ਆਪਣਾ ਤੇ ਗਰੀਬ ਵਿਕਾਸਸ਼ੀਲ ਦੇਸ਼ਾਂ ਦਾ ਧਿਆਨ ਰੱਖਣ ਦੀ ਬਜਾਏ

ਵਿਕਸਤ ਤੇ ਸਭ ਤੋਂ ਵੱਧ ਪ੍ਰਦੂਸ਼ਣਕਾਰੀ ਨਾਲ ਮਿਲ ਕੇ ਇਕ ਬੇਹੱਦ ਕੰਮਜ਼ੋਰ ਸਮਝੌਤਾ ਕੀਤਾ ਹੈ' ਧਿਆਨ ਦੇਣ ਦੀ ਗੱਲ ਹੈ ਕਿ ਵਾਤਾਵਰਣ ਨੂੰ ਵਿਗਾੜਣ 'ਚ ਵਿਕਸਤ ਦੇਸ਼ਾਂ ਦੀ ਭੂਮਿਕਾ ਸਭ ਤੋਂ ਅਹਿਮ ਰਹੀ ਹੈ। ਅੱਜ ਵੀ ਅਮਰੀਕਾ ਗ੍ਰੀਨ ਹਾਊਸ ਗੈਸਾਂ ਦਾ ਸਭ ਤੋਂ ਵੱਡਾ ਉਤਸਰਜਿਕ ਦੇਸ਼ ਹੈ। ਦੁਨੀਆਂ ਦੀਆਂ ਕੁਲ ਗ੍ਰੀਨ ਹਾਊਸ ਗੈਸਾਂ ਦਾ 15-5 ਫੀਸਦੀ ਇਕੱਲਾ ਅਮਰੀਕਾ ਹੀ ਪੈਦਾ ਕਰਦੈ। ਕਾਨਕੁੰਨ ਸੰਮੇਲਨ 'ਚ ਵਾਤਾਵਰਣ ਸੰਕਟ ਦੇ ਨਿਧਾਨ ਲਈ ਕੋਈ ਠੋਸ ਸਮਝੌਤਾ ਆਕਾਰ ਨਹੀਂ ਲੈ ਸਕਿਆ। ਵਿਕਸਤ ਦੇਸ਼ਾਂ ਨੇ ਇਕ ਵਾਰ ਫਿਰ ਖੁਦਗਰਜ਼ੀ ਅਪਣਾਈ। ਗਰੀਬ ਤੇ ਵਿਕਾਸਸ਼ੀਲ ਦੇਸ਼ ਇਕ ਵਾਰ ਫਿਰ ਇਕ ਜੁਟਤਾ ਦਿਖਾਉਣ 'ਚ ਨਾਕਾਮ ਰਹੇ। ਕਾਨਕੁੰਨ ਸੰਧੀ ਦੇ ਵਿਰੋਧ 'ਚ ਬੋਲੀਵੀਆ ਨੂੰ ਛੱਡ ਕੇ ਕੋਈ ਵੀ ਦੇਸ਼ ਸਾਹਮਣੇ ਨਹੀਂ ਆਇਆ।

# ਕੀ ਸੰਕਟ ਹੱਲ ਹੋਊ ਜੀ-20 ਦੀ ਬੈਠਕ ਪਿੱਛੋਂ?

11-12 ਨਵੰਬਰ 2010 ਨੂੰ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਵਿਖੇ ਜੀ-20 ਦੀ ਬੈਠਕ ਹੋਈ। ਇਸ ਬੈਠਕ ਸਮੇਂ ਜੀ-20 ਦੇ ਸਾਰੇ ਦੇਸ਼ਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਗੰਭੀਰ ਲਕੀਰਾਂ ਸਨ। ਕਰੀਬ ਛੇ ਮਹੀਨੇ ਪਹਿਲਾਂ ਦੀ ਆਸ ਖ਼ਤਮ ਹੋ ਗਈ ਸੀ ਪਰ ਇਹਨਾਂ ਨੇਤਾਵਾਂ ਲਈ ਜੋ ਗੱਲ ਹੋਰ ਵੱਧ ਚਿੰਤਾ-ਜਨਕ ਸਾਬਤ ਹੋਈ ਉਹ ਇਹ ਕਿ ਦੋ ਦਿਨ ਖਿੱਚ-ਖਿੱਚ 'ਚ ਹੀ ਲੰਘ ਗਏ ਅਤੇ ਸਿਰਫ਼ ਦਿਖਾਵੇ ਦੀ ਸਹਿਮਤੀ ਨਾਲ ਇਹ ਕਿਸੇ ਠੋਸ ਤੇ ਸਾਰਥਕ ਨਤੀਜਿਆਂ ਤੱਕ ਨਹੀਂ ਪਹੁੰਚ ਸਕੇ। 2007 ਸ਼ੁਰੂ ਹੋਇਆ ਵਿਸ਼ਵ ਵਿਆਪੀ ਆਰਥਕ ਸੰਕਟ ਅੱਜ ਤਿੰਨ ਸਾਲ ਬਾਅਦ ਵੀ ਜਾਰੀ ਹੈ। 2009 ਦੇ ਅੰਤ 'ਚ ਕੁਝ ਸੁਧਾਰ ਵੇਖਣ 'ਤੇ ਦੁਨੀਆਂ ਭਰ ਦੇ ਪੂੰਜੀਪਤੀਆਂ ਨੂੰ ਇਹ ਉਮੀਦ ਲੱਗਣ ਲੱਗੀ ਸੀ ਕਿ 1930 ਦੇ ਦਹਾਕੇ ਦੀ ਮਹਾਂਮੰਦੀ ਪਿਛੋਂ ਸਭ ਤੋਂ ਵੱਡੇ ਸੰਕਟ ਤੋਂ ਹੁਣ ਉਹ ਉਭਰ ਰਹੇ ਹਨ। ਕੁਝ ਲੋਕਾਂ ਨੇ ਇਸ ਸੰਕਟ ਨੂੰ ਉਦੋਂ ਦੇ 'ਗ੍ਰੇਟ ਡਿਪ੍ਰੇਸ਼ਨ' (ਮਹਾਂਮੰਦੀ) ਦੀ ਤਰਜ 'ਤੇ 'ਗ੍ਰੇਟ ਰਿਸੇਸ਼ਨ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਪਰ 2010 ਦੀ ਦੂਜੀ ਤਿਮਾਹੀ ਨਾਲ ਇਹ ਸਪੱਸ਼ਟ ਹੋਣ ਲੱਗਿਆ ਹੈ ਕਿ 'ਗ੍ਰੇਟ ਰਿਸੇਸ਼ਨ' ਖਾਤਮੇ ਵੱਲ ਨਹੀਂ ਵਧ ਰਿਹਾ ਹੈ ਬਲਕਿ ਹੁਣ ਤਾਂ ਖੁੱਲ੍ਹੇਆਮ 'ਡਬਲ ਡਿਪ' ਦੀਆਂ ਗੱਲਾਂ ਹੋ ਰਹੀਆਂ ਹਨ ਯਾਨੀ ਥੋੜ੍ਹੇ ਜਿਹੇ ਉਭਾਰ ਪਿਛੋਂ ਦੁਬਾਰਾ ਹੇਠਾਂ ਚਲੇ ਜਾਣਾ ਕੁਝ ਸਮੱਸਿਆਵਾਂ ਦੁਨੀਆਂ ਭਰ ਦੇ ਪੂੰਜੀਪਤੀਆਂ ਨੂੰ ਖਾਸ ਕਰਕੇ ਸਾਮਰਾਜੀ ਪੂੰਜੀਪਤੀਆਂ ਨੂੰ ਇਸ ਸਮੇਂ ਬਹੁਤ ਪ੍ਰੇਸ਼ਾਨ ਕਰ ਰਹੀ ਹੈ। ਦੁਨੀਆਂ ਦੇ ਬਹੁਤੇ ਦੇਸ਼ਾਂ ਦੀਆਂ ਸਰਕਾਰਾਂ ਦਾ ਬਜਟ ਘਾਟਾ ਇਸ ਸਮੇਂ ਬਹੁਤ ਵਧ ਗਿਆ ਹੈ। ਕਈ ਦੇਸ਼ਾਂ ਵਿੱਚ ਇਹ ਸਰਕਾਰਾਂ ਦੇ ਦਿਵਾਲੀਆਪਣ ਹੋਣ ਦੀ ਹੱਦ ਤੱਕ ਪਹੁੰਚ ਗਿਆ ਹੈ। ਇਹ ਸਥਿਤੀ ਤਿੱਖੇ ਵਿੱਤੀ ਸੰਕਟ ਸਮੇਂ ਸੱਟੇਬਾਜ਼ ਵਿੱਤੀ ਕੰਪਨੀਆਂ ਨੂੰ ਬਚਾਉਣ ਦਾ ਕਾਰਣ ਪੈਦਾ ਹੋਈ ਹੈ। ਹੁਣ ਇਹੀ ਸੱਟੇਬਾਜ਼ ਮੰਗ ਕਰ ਰਹੇ ਹਨ ਕਿ ਸਰਕਾਰ ਆਪਣਾ ਬਜਟ ਘਾਟਾ ਘੱਟ ਕਰਨ ਕਿਉਂਕਿ ਹੁਣ ਇਹੀ ਉਹਨਾਂ ਦੇ ਵਿੱਤੀ ਹਿੱਤ 'ਚ ਹੈ। ਵੈਸੇ ਸਰਕਾਰਾਂ ਦਾ ਦਿਵਾਲੀਆ ਹੋਣ ਵੱਲ ਵਧਣਾ ਆਪਣੇ ਆਪ 'ਚ ਸਰਕਾਰਾਂ ਤੇ ਪੂੰਜੀਪਤੀਆਂ ਲਈ ਸਮੱਸਿਆ ਹੈ। ਸੱਟੇਬਾਜ਼ ਤੇ ਹੋਰ ਪੂੰਜੀਪਤੀਆਂ ਦੇ ਦਬਾਅ ਹੇਠ ਸਰਕਾਰਾਂ ਬਜਟ ਘਾਟਾ ਘੱਟ ਕਰਨ ਲਈ ਉਹਨਾਂ ਖਰਚਿਆਂ 'ਚ ਕਟੌਤੀ ਵੱਲ ਵੱਧ ਰਹੀਆਂ ਹਨ ਜਿਸ ਨਾਲ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ 'ਚ ਤਿੱਖੇ ਰੋਸ ਨੂੰ ਜਨਮ ਦੇ ਰਿਹਾ ਹੈ। ਇਹ ਸਰਮਾਏਦਾਰ ਜਮਾਤ ਲਈ ਇਕ ਹੋਰ ਪ੍ਰੇਸ਼ਾਨੀ ਦੀ ਗੱਲ ਹੈ। ਦੁਨੀਆਂ ਦੀਆਂ ਕੁਝ ਸਰਕਾਰਾਂ ਖਾਸ ਕਰਕੇ ਅਮਰੀਕਾ ਦੀ ਸਰਕਾਰ ਮੌਜੂਦਾ ਸੰਕਟ ਦੀ ਆੜ 'ਚ ਵਿਸ਼ਵੀ ਅਸੰਤੁਲਨ ਨੂੰ ਵੇਖਦੀ ਹੈ। ਇਹਨਾਂ ਦੀ ਤਰਜ 'ਤੇ ਕੌਮਾਂਤਰੀ ਮੁਦਰਾ ਕੋਸ਼ ਵੀ ਅਜਿਹੀਆਂ ਹੀ ਗੱਲਾਂ ਕਰਦਾ ਹੈ। ਇਸ ਅਨੁਸਾਰ ਮੌਜੂਦਾ ਵਿੱਤੀ ਸੰਕਟ ਦਾ ਕਾਰਣ ਇਹ ਹੈ ਕਿ ਚੀਨ ਵਰਗੇ ਦੇਸ਼ ਦੇਸੀ ਖਪਤ ਬਦਲੇ ਬਰਾਮਦ 'ਤੇ ਜ਼ੋਰ ਦੇ ਰਹੇ ਹਨ ਕਿਉਂਕਿ ਅਮਰੀਕਾ ਵਰਗੇ ਦੇਸ਼ ਭਾਰੀ ਮਾਤਰਾ 'ਚ ਦਰਾਮਦ

ਕਰਕੇ ਖਪਤ ਕਰ ਰਹੇ ਹਨ। ਇਸ ਦੀ ਵਜ੍ਹਾ ਨਾਲ ਅਮਰੀਕਾ ਵਰਗੇ ਦੇਸ਼ਾਂ 'ਚ ਵੱਡੇ ਪੈਮਾਨੇ 'ਤੇ ਵਪਾਰ ਘਾਟਾ ਅਤੇ ਬਜਟ ਘਾਟਾ ਹੋ ਰਿਹਾ ਹੈ ਤਾਂ ਚੀਨ ਵਰਗੇ ਦੇਸ਼ ਵੱਡੇ ਪੈਮਾਨੇ 'ਤੇ ਵਪਾਰ ਇਕੱਠਾ ਕਰਕੇ ਭਾਰਤੀ ਮਾਤਰਾ 'ਚ ਵਿਦੇਸ਼ੀ ਮੁਦਰਾ ਜਮ੍ਹਾਂ ਕਰ ਰਹੇ ਹਨ। ਇਹ ਸਭ ਵੱਡੇ ਪੂੰਜੀ ਨੂੰ ਹੋਰ ਸੱਟੇਬਾਜ਼ੀ ਵੱਲ ਧੱਕ ਰਿਹਾ ਹੈ। ਇਸ ਲਈ ਸਮੁੱਚੀ ਪੂੰਜੀਵਾਦੀ ਵਿਵਸਥਾ ਨੂੰ ਸੰਕਟ ਮੁਕਤ ਕਰਨ ਲਈ ਇਸ ਨੂੰ ਸੰਤੁਲਿਤ ਕਰਨਾ ਹੋਵੇਗਾ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਚੀਨ ਵਰਗੇ ਦੇਸ਼ ਦਾ ਵਪਾਰ ਫਾਇਦਾ ਘਟੇ ਅਤੇ ਅਮਰੀਕਾ ਵਰਗੇ ਦੇਸ਼ਾਂ ਦਾ ਵਪਾਰ ਘਾਟਾ ਘੱਟ ਹੋਵੇ। ਪਰ ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਤੇ 'ਮੁਕਤ ਵਪਾਰ' ਦੀ 'ਚਮਕ-ਦਮਕ' ਕਾਰਨ ਇਹ ਸਿੱਧੇ ਦਰਾਮਦ ਦੇ ਜ਼ਰੀਏ ਨਹੀਂ ਹੋ ਸਕਦਾ। ਅਜਿਹੇ 'ਚ 'ਬਰਾਮਦ ਮੁਕਾਬਲੇ' ਲਈ ਮੁਦਰਾਵਾਂ ਦੀ ਦਰ ਘੱਟ ਕਰਨਾ ਅਹਿਮ ਹੋ ਗਿਆ ਹੈ। ਇਸ ਲਈ ਇਹ ਅਜੀਬ ਗਰੀਬ ਗੱਲ ਹੋ ਰਹੀ ਹੈ ਕਿ 1980 ਤੇ 1990 ਦੇ ਦਹਾਕੇ 'ਚ ਢਾਂਚਾ ਢਲਾਈ ਲਈ ਮੁਦਰਾਵਾਂ ਦੀ ਦਰ ਘਟਾਉਣ ਲਈ ਦਬਾਅ ਪਾਉਣ ਖਾਤਰ ਅਮਰੀਕੀ ਸਾਮਰਾਜੀ ਤੇ ਕੌਮਾਂਤਰੀ ਮੁਦਰਾ ਕੋਸ਼ ਦੇ ਅਧਿਕਾਰੀ ਹੁਣ ਇਹ ਦਬਾਅ ਪਾ ਰਹੇ ਹਨ ਕਿ ਚੀਨ ਵਰਗੇ ਦੇਸ਼ ਆਪਣੀਆਂ ਕਰੰਸੀਆਂ ਦਾ ਭਾਅ ਵਧਾਉਣ ਜਿਸ ਨਾਲ ਵਿਸ਼ਵ ਬਾਜ਼ਾਰ 'ਚ ਉਹਨਾਂ ਦੀਆਂ ਵਸਤਾਂ ਮਹਿੰਗੀਆਂ ਹੋਣ ਤੇ ਉਹਨਾਂ ਦੀ ਬਰਾਮਦ ਘਟੇ। ਉਹਨਾਂ ਦੇ ਅਜਿਹਾ ਨਾ ਕਰਨ ਦੇ ਕਾਰਣ ਬਾਕੀ ਦੇਸ਼ ਆਪਣੇ ਰੁਪਏ (ਕਰੰਸੀ) ਦੀ ਕਦਰ ਘਟਾਈ ਕਰ ਰਹੇ ਹਨ। ਜਿਸ ਨਾਲ ਉਹਨਾਂ ਹੀ ਬਰਾਮਦ ਵਧੇ। ਇਸ ਤਰ੍ਹਾਂ ਮੁਕਾਬਲੇ 'ਚ ਮੁਦਰਾ ਦੀਆਂ ਦਰਾਂ ਘਟਾਈਆਂ ਜਾ ਰਹੀਆਂ ਹਨ ਜੋ ਆਪਣੀ ਵਾਰੀ 'ਚ ਸਭ ਮੁਦਰਾਵਾਂ ਨੂੰ ਅਤੇ ਵਿੱਤੀ ਬਾਜ਼ਾਰ ਨੂੰ ਅਸਥਿਰ ਕਰ ਰਹੀਆਂ ਹਨ। ਇਸ ਨੂੰ ਹੀ ਅੱਜਕਲ ਮੁਦਰਾ ਜੰਗ ਜਾਂ ਕਰੰਸੀ ਵਾਰ ਦਾ ਨਾਂ ਦਿੱਤਾ ਗਿਆ ਹੈ। ਦਰਾਮਦ-ਬਰਾਮਦ ਤੇ ਮੁਦਰਾਵਾਂ ਸਬੰਧੀ ਸਥਿਤੀ 1930 ਦੇ ਦਹਾਕੇ ਵਰਗੀ ਮੰਦੀ ਜੈਸੀ ਹੋ ਗਈ ਹੈ। ਗੰਭੀਰ ਹੁੰਦੇ ਸੰਕਟ ਕਾਰਣ ਸਭ ਦੇਸ਼ਾਂ ਦੀ ਸਰਕਾਰਾਂ ਉਦੋਂ ਦੇ ਸਬਕ ਨੂੰ ਭੁਲਾ ਕੇ ਇਕ ਵਾਰੀ ਫਿਰ ਮੁਦਰਾ ਜੰਗ ਤੇ ਵਪਾਰ ਯੁੱਧ 'ਚ ਉਤਰ ਆਈਆਂ ਹਨ। ਜਦ 11-12 ਨਵੰਬਰ ਨੂੰ ਸਿਓਲ 'ਚ ਜੀ-20 ਦੇ ਦੇਸ਼ਾਂ ਦੀ ਬੈਠਕ ਹੋਈ ਤਾਂ ਇਹਨਾਂ ਕਰੰਸੀਆਂ ਖਿਚੋਤਾਣ ਭਿਅੰਕਰ ਸੰਘਰਸ਼ 'ਚ ਬਦਲ ਗਈ। ਇਸ ਸੰਘਰਸ਼ ਦੀ ਤੀਖਣਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 12 ਤਰੀਕ ਤੱਕ ਜਾ ਕੇ ਹੀ ਦੁਨੀਆਂ ਭਰ ਦੇ ਨੇਤਾਗਣ ਕਿਸੇ ਐਸੇ ਐਲਾਨ 'ਤੇ ਸਹਿਮਤ ਹੋ ਸਕੇ ਜਿਸ ਨੂੰ ਜਾਰੀ ਕੀਤਾ ਜਾ ਸਕੇ। ਹਾਲਾਂਕਿ ਇਸ ਐਲਾਨ 'ਚ ਵਿਵਾਦਗ੍ਰਸਿਤ ਮੁੱਦਿਆਂ ਸਬੰਧੀ ਸਹਿਮਤੀ ਦੇ ਨਾਂ ਹੇਠ ਕੁਝ ਵੀ ਨਹੀਂ ਸੀ, ਅਮਰੀਕੀ ਪੂੰਜੀਪਤੀਆਂ ਦੀ ਮੰਗ ਸੀ ਕਿ ਸਰਕਾਰਾਂ ਦੇ ਬਜਟ ਘਾਟੇ ਨੂੰ ਇਕ ਨਿਸ਼ਚਿਤ ਸੀਮਾ ਅੰਦਰ ਬੰਨ ਦਿੱਤਾ ਜਾਵੇ। ਫਿਰ ਇਸ ਦੇ ਹਿਸਾਬ ਨਾਲ ਸਾਰੀਆਂ ਨੀਤੀਆਂ ਤਹਿ ਕੀਤੀਆਂ ਜਾਣ। ਬਰਾਕ ਓਬਾਮਾ ਦੇ ਇਸ ਪ੍ਰਸਤਾਵ ਦਾ ਉਹਨਾਂ ਦੇ ਪਰਮ ਮਿੱਤਰ ਮਨਮੋਹਨ ਸਿੰਘ ਨੇ ਦਬੀ ਜੁਬਾਨ ਨਾਲ ਵਿਰੋਧ ਕੀਤਾ। ਬਜਟ ਘਾਟੇ ਸਬੰਧੀ ਮਨਮੋਹਨ ਸਿੰਘ ਦੀਆਂ ਆਪਣੀਆਂ ਘਰੇਲੂ ਸਮੱਸਿਆਵਾਂ ਹਨ। ਬਰਾਮਦ ਨੂੰ ਘੱਟ ਕਰਨ ਸਬੰਧੀ ਜਰਮਨੀ ਨੇ ਤਿੱਖਾ ਵਿਰਲਾਪ ਕੀਤਾ ਕਿਉਂਕਿ

ਉਸ ਦਾ ਅਰਥਚਾਰਾ ਵੀ ਕਾਫੀ ਹੱਦ ਤੱਕ ਬਰਾਮਦ 'ਤੇ ਨਿਰਭਰ ਹੈ। ਬਜਟ ਘਾਟੇ ਸੰਬੰਧੀ ਸਾਮਰਾਜੀ ਦੇਸ਼ਾਂ ਦੀ ਇਹ ਚਮਕ-ਦਮਕ ਬੇਹੱਦ ਮੌਕਾਪ੍ਰਸਤ ਹੈ। ਉਹ ਆਪਣੇ ਫੌਰੀ ਹਿੱਤਾਂ ਦੇ ਹਿਸਾਬ ਨਾਲ ਇਸ ਮਾਮਲੇ 'ਚ ਰੁਖ਼ ਅਪਣਾਉਂਦੇ ਹਨ। ਅਜੇ ਬਹੁਤ ਦਿਨ ਨਹੀਂ ਹੋਏ ਜਦ ਯੂਰਪੀ ਸਾਮਰਾਜੀਆਂ ਨੇ ਤਹਿ ਕਰ ਰੱਖਿਆ ਸੀ ਕਿ ਯੂਰਪੀ ਸਮੂਹ 'ਚ ਸ਼ਾਮਲ ਹੋਣ ਲਈ ਕਿਸੇ ਵੀ ਦੇਸ਼ ਲਈ ਇਹ ਜ਼ਰੂਰੀ ਹੋ ਗਿਆ ਕਿ ਉਸ ਦਾ ਬਜਟ ਘਾਟਾ 3 ਫੀਸਦੀ ਤੋਂ ਵੱਧ ਨਾ ਹੋਵੇ। ਵੈਸੇ ਤਾਂ ਇਹ ਮੁਦਰਾ ਦੀ ਸਥਿਰਤਾ ਲਈ ਜ਼ਰੂਰੀ ਦੱਸਿਆ ਗਿਆ ਪਰ ਇਕ ਮਹੱਤਵਪੂਰਨ ਉਦੇਸ਼ ਸੀ ਕਿ ਸਮਾਜਿਕ ਮੁਦਰਾਂ 'ਤੇ ਸਰਕਾਰੀ ਖਰਚਿਆਂ 'ਚ ਕਟੌਤੀ ਕੀਤੀ ਜਾਵੇ। ਪਰ ਜਦ 2007-08 'ਚ ਵਿੱਤੀ ਸੰਕਟ ਡੂੰਘਾ ਹੋਇਆ ਤਾਂ ਸੱਟੇਬਾਜ਼ ਵਿੱਤੀ ਅਦਾਰਿਆਂ ਨੂੰ ਬਚਾਉਣ ਲਈ ਇਸ ਨੂੰ ਅਸਾਨੀ ਨਾਲ ਤਿਆਗ ਦਿੱਤਾ ਗਿਆ। ਇਸ ਤਰ੍ਹਾਂ ਅਮਰੀਕੀ ਸਾਮਰਾਜੀਆਂ ਸਮੇਤ ਸਭ ਸਾਮਰਾਜੀਆਂ ਤੇ ਉਹਨਾਂ ਦੀ ਮੁਦਰਾਕੋਸ਼ ਤੇ ਸੰਸਾਰ ਬੈਂਕ ਨਾਂ ਦੀਆਂ ਉਹਨਾਂ ਦੀ ਸੰਸਥਾਵਾਂ ਨੇ ਤੀਜੀ ਦੁਨੀਆਂ ਦੇ ਸੰਕਟ ਗ੍ਰਸਿਤ ਦੇਸ਼ਾਂ 'ਤੇ ਇਹ ਦਬਾਅ ਪਾਇਆ ਕਿ ਉਹ ਸੰਕਟ ਤੋਂ ਉਭਰਨ ਲਈ ਆਪਣੀ ਢਾਂਚਾ ਢਲਾਈ ਕਰੇ ਅਤੇ ਉਸ ਦੇ ਇਕ ਮਹੱਤਵਪੂਰਨ ਹਿੱਸੇ ਵਜੋਂ ਆਪਣਾ ਬਜਟ ਘੱਟ ਕਰੇ ਇਥੋਂ ਤੱਕ ਕਿ ਉਹਨਾਂ ਨੇ 1997-98 ਦੇ ਦੱਖਣ ਪੂਰਬ ਏਸ਼ੀਆ ਦੇ ਆਰਥਕ ਸੰਕਟ ਸਮੇਂ ਵੀ ਇਹੀ ਕੀਤਾ ਪਰ ਇਸ ਸੰਕਟ 'ਚ ਉਹਨਾਂ ਨੇ ਆਪਣੇ ਲਈ ਠੀਕ ਉਲਟਾ ਵਰਤਾਅ ਕੀਤਾ। ਇਹ ਸਭ ਏਨਾ ਦੋਹਰਾ ਤੇ ਪਖੰਡ-ਪੂਰਨ ਵਰਤਾਅ ਸੀ ਕਿ ਸਾਮਰਾਜੀ ਉਦਾਰ ਬੁੱਧੀਜੀਵੀਆਂ ਤੱਕ ਨੂੰ ਇਸ 'ਤੇ ਘਿਣੀ ਕਰਨੀ ਪਈ। ਹੁਣ ਇਕ ਵਾਰੀ ਫਿਰ ਸਾਮਰਾਜੀਆਂ ਵਲੋਂ ਬਜਟ ਘਾਟਾ ਘੱਟ ਕਰਨ ਦੀਆਂ ਗੱਲਾਂ ਹੋਣ ਲੱਗੀਆਂ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਘਾਟਾ ਮੁੱਖ ਤੌਰ 'ਤੇ ਵਿੱਤੀ ਸੰਕਟ ਸਮੇਂ ਸਟੇਬਾਜ਼ ਵਿੱਤੀ ਅਦਾਰਿਆਂ ਨੂੰ ਬਚਾਉਣ ਲਈ ਸਰਕਾਰਾਂ ਵਲੋਂ ਪੈਸੇ ਝੌਂਕਣ ਕਾਰਨ ਪੈਦਾ ਹੋਇਆ। 2007-08 'ਚ ਸਰਕਾਰਾਂ ਨੇ ਅਜਿਹਾ ਕਰਦੇ ਸਮੇਂ ਹੋਰ ਕਿਸੇ ਗੱਲ ਦੀ ਚਿੰਤਾ ਨਹੀਂ ਕੀਤੀ ਇਸ 'ਚ ਇਹ ਗੱਲ ਤਾਂ ਸੀ ਹੀ ਕਿ ਇਹਨਾਂ ਸਟੇਬਾਜ਼ ਅਦਾਰਿਆਂ ਦੇ ਮਾਲਕ ਇਹਨਾਂ ਸਰਕਾਰਾਂ ਦੇ ਵੀ ਅਸਲੀ ਮਾਲਕ ਹਨ। ਇਸ ਵਿੱਚ ਇਹ ਗੱਲ ਵੀ ਹੈ ਕਿ ਜੇ ਉਸ ਸਮੇਂ ਸਰਕਾਰਾਂ ਅਜਿਹਾ ਨਾ ਕਰਦੀਆਂ ਤਾਂ ਅਸਲ 'ਚ ਸਮੁੱਚੀ ਪੂੰਜੀਵਾਦੀ ਵਿਵਸਥਾ ਲਈ ਖ਼ਤਰਾ ਪੈਦਾ ਹੋ ਗਿਆ ਸੀ। ਇਸ ਦਾ ਸਿਰਫ਼ ਇਕ ਹੀ ਵਿਕਲਪ ਸੀ-ਇਹਨਾਂ ਸਾਰੇ ਅਦਾਰਿਆਂ ਦਾ ਕੌਮੀਕਰਣ ਅਤੇ ਸਰਕਾਰਾਂ ਅਤੇ ਪੂੰਜੀਪਤੀ ਇਹ ਵਿਕਲਪ ਉਕਾ ਹੀ ਨਾਪਸੰਦ ਕਰਦੇ ਹਨ। ਹੁਣ ਜਦ ਕਿ ਵਿੱਤੀ ਵਿਵਸਥਾ ਸਥਿਰ ਹੋ ਗਈ ਹੈ, ਸਰਕਾਰਾਂ ਦਾ ਇਹ ਵਧਿਆ ਹੋਇਆ ਬਜਟ ਘਾਟਾ ਦੋ ਤਰੀਕਿਆਂ ਨਾਲ ਵਿੱਤੀ ਮਾਲਕਾਂ ਤੇ ਸਰਕਾਰਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਵਧਿਆ ਹੋਇਆਂ ਬਜਟ ਘਾਟਾ ਤੇ ਸਰਕਾਰਾਂ ਦਾ ਦਵਾਲੀਆਪਣ ਹੋਣ ਵੱਲ ਵਧਣਾ ਦੁਨੀਆਂ ਦੇ ਬਾਂਡ ਬਜ਼ਾਰ ਨੂੰ ਅਸਥਿਰ ਕਰ ਰਿਹਾ ਹੈ। ਇਹ ਆਪਣੀ ਵਾਰੀ 'ਚ ਹੋਰ ਸਟੇਬਾਜ਼ਾਂ ਦੇ ਉਪਕਰਣਾਂ ਅਤੇ ਮੁਦਰਾ ਬਾਜ਼ਾਰ ਨੂੰ ਵੀ ਅਸਥਿਰ ਕਰ ਰਿਹਾ ਹੈ। ਕੁਝ ਸੱਟੇਬਾਜ਼ਾਂ ਨੂੰ ਛੱਡ ਕੇ ਬਾਕੀ ਵਿਤੀ ਮਾਲਕਾਂ ਲਈ ਇਹ ਦਿੱਕਤਾਂ ਤਲਬ ਹੈ। ਇਸ ਲਈ ਉਹ ਇਹ ਜਾਣਦੇ

ਹਨ ਕਿ ਇਸ ਹਾਲਾਤ ਦਾ ਖਾਤਮਾ ਹੋਵੇ। ਇਸ ਸਮੇਂ ਸਰਕਾਰਾਂ ਦਾ ਵਿੱਤੀ ਤੌਰ 'ਤੇ ਡਾਵਾਂਡੋਲ ਹੋਣ ਸਰਕਾਰਾਂ ਲਈ ਬੇਹੱਦ ਖਤਰਨਾਕ ਹੈ। ਸਰਕਾਰਾਂ ਖੁਦ ਇਸ ਸਥਿਤੀ ਤੋਂ ਬਾਹਰ ਨਿਕਲਣਾ ਚਾਹੁੰਦੀਆਂ ਹਨ। ਪਰ ਉਹਨਾਂ ਦਾ ਇਸ ਸਥਿਤੀ ਤੋਂ ਬਾਹਰ ਨਿਕਲਣ ਲਈ ਯਤਨ ਖੁਦ ਭਿਅੰਕਰ ਸਮੱਸਿਆਵਾਂ ਨੂੰ ਪੈਦਾ ਕਰ ਰਿਹਾ ਹੈ। ਸਰਕਾਰਾਂ ਆਪਣੇ ਬਜਟ ਘਾਟੇ ਨੂੰ ਘੱਟ ਕਰਨ ਲਈ ਵਿੱਤੀ ਦਿਉਕੱਦ ਵਾਲਿਆਂ 'ਤੇ ਟੈਕਸ ਨਹੀਂ ਲਾ ਸਕਦੀਆਂ। ਉਹਨਾਂ 'ਤੇ ਉਹ ਹੱਲਾ-ਸ਼ੇਰੀ ਦੇਣ ਦੇ ਨਾਂ ਹੇਠ ਹੋਰ ਪੈਸਾ ਲੁਟਾ ਰਹੀਆਂ ਹਨ। ਅਜਿਹੇ 'ਚ ਉਹ ਸਿਰਫ਼ ਮਜ਼ਦੂਰ ਵਰਗ ਤੇ ਹੋਰ ਮਿਹਨਤ-ਕਸ਼ ਜਨਤਾ ਦੀਆਂ ਮਦਾਂ 'ਚ ਕਟੌਤੀ ਕਰਕੇ ਹੀ ਬਜਟ ਘਾਟਾ ਘੱਟ ਕਰ ਸਕਦੀਆਂ ਹਨ। ਇਸ ਤਹਿਤ ਉਹ ਮੰਦੀ ਤੋਂ ਉਭਰਨ ਦੇ ਯਤਨ ਕੁਝ ਹੱਲਾਸ਼ੇਰੀ ਪੈਕਜਾਂ 'ਚ ਵੀ ਕਟੌਤੀ ਕਰ ਰਹੀਆਂ ਹਨ। ਇਸ ਸਾਰੇ ਕੁਝ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਕੁਲ ਮਿਲਾ ਕੇ ਬਜ਼ਾਰ 'ਚ ਮੰਗ ਘੱਟ ਹੋ ਰਹੀ ਹੈ। ਇਹ ਘੱਟ ਹੁੰਦੀ ਮੰਗ ਤੋਂ ਉਭਰਨ ਦੇ ਰੁਝਾਣ 'ਚ ਅਜਿਹਾ ਲਾ ਕੇ ਅਰਥਚਾਰਿਆਂ ਨੂੰ ਹੋਰ ਮੰਦੀ ਵੱਲ ਧੱਕ ਰਹੀ ਹੈ। ਸਾਮਰਾਜੀ ਸਰਕਾਰਾਂ ਖਾਸ ਕਰਕੇ ਅਮਰੀਕੀ ਸਰਕਾਰ ਇਸ ਹਾਲਤ ਤੋਂ ਉਭਰਨ ਲਈ ਮੁਦਰਿਕ ਨੀਤੀਆਂ ਦਾ ਸਹਾਰਾ ਲੈ ਰਹੀਆਂ ਹਨ। ਵੈਸੇ ਤਾਂ 2007-08 ਦੇ ਵਿੱਤੀ ਸੰਕਟ ਦੇ ਸਮੇਂ ਤੋਂ ਹੀ ਸਰਕਾਰਾਂ ਬਹੁਤ ਖੁੱਲ੍ਹੀਆਂ ਵਿੱਤੀ ਨੀਤੀਆਂ 'ਤੇ ਚੱਲ ਰਹੀਆਂ ਹਨ। ਬਹੁਤੇ ਦੇਸ਼ਾਂ 'ਚ ਮੁੱਢਲੀ ਉਧਾਰ ਦਰ ਸਿਫ਼ਰ ਦੇ ਆਸ-ਪਾਸ ਹੈ। ਇਹ ਉਦੋਂ ਜਦੋਂ ਕਿ ਬਹੁਤੇ ਦੇਸ਼ਾਂ 'ਚ ਮਹਿੰਗਾਈ ਦੀ ਦਰ ਵੀ ਸਿਫ਼ਰ ਦੇ ਆਸ-ਪਾਸ ਹੈ। ਉਦੋਂ ਇਸ ਨੂੰ ਫੌਰੀ ਉਪਾਅ ਮੰਨਿਆ ਗਿਆ ਸੀ ਪਰ ਹੁਣ ਦੋ ਸਾਲ ਬਾਅਦ ਵੀ ਬੇਹੱਦ ਹੇਠਲੀ ਦਰ ਲਾਗੂ ਹੈ। ਸਰਕਾਰ ਦੀ ਸੋਚ ਇਹ ਹੈ ਕਿ ਪੂੰਜੀਪਤੀ ਬੇਹੱਦ ਸਸਤੀ ਦਰ 'ਤੇ ਉਧਾਰ ਲੈ ਕੇ ਨਿਵੇਸ਼ ਕਰਨਗੇ ਅਤੇ ਖਪਤਕਾਰ ਸਸਤੇ ਉਧਾਰ ਨਾਲ ਖਰੀਦਦਾਰੀ ਕਰਨਗੇ ਪਰ ਭਿਅੰਕਰ ਬੇਰੁਜ਼ਗਾਰੀ ਤੇ ਰੋਜ਼ਗਾਰ ਬੇਯਕੀਨੀ ਦੀ ਹਾਲਤ 'ਚ ਲੋਕ ਉਧਾਰ ਲੈ ਕੇ ਖ਼ਰਚ ਕਰਨ ਨੂੰ ਤਿਆਰ ਨਹੀਂ ਹਨ। ਉਹਨਾਂ ਦਾ ਵਾਲ-ਵਾਲ ਪਹਿਲਾਂ ਹੀ ਕਰਜੇ ਨਾਲ ਵਿੰਨਿਆ ਹੋਇਆ ਹੈ। ਸਰਕਾਰ ਦੀ ਮੌਜੂਦਾ ਖਰਚ ਕਟੌਤੀ ਨਾਲ ਮੰਗ ਹੋਰ ਘੱਟ ਰਹੀ ਹੈ। ਅਜਿਹੀ ਹਾਲਤ 'ਚ ਪੂੰਜੀਪਤੀ ਨਿਵੇਸ਼ ਕਰਨ ਲਈ ਤਿਆਰ ਨਹੀਂ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਸਸਤੀ ਦਰ 'ਤੇ ਮੁਦਰਾ ਪੂੰਜੀ ਦੀ ਉਪੱਲਭਤਾ ਦਾ ਸਾਰਾ ਫਾਇਦਾ ਸੱਟੇਬਾਜ਼ ਪੂੰਜੀਪਤੀ ਉਠਾ ਰਹੇ ਹਨ। ਇਕ ਵਾਰ ਫਿਰ ਸੱਟੇਬਾਜ਼ ਅਦਾਰਿਆਂ ਦਾ ਮੁਨਾਫਾ ਆਕਾਸ਼ ਛੂਹਣ ਲੱਗਿਆ ਹੈ। ਇਹ ਸੱਟੇਬਾਜ਼ ਪੂੰਜੀਪਤੀ ਮਾਲ ਵਾਅਦਾ ਬਾਜ਼ਾਰ 'ਚ ਪੂੰਜੀ ਨਿਵੇਸ਼ ਕਰਕੇ ਵਸਤਾਂ ਦੇ ਭਾਅ ਵਧਾ ਰਹੇ ਹਨ ਤਾਂ ਭਾਰਤ ਵਰਗੇ ਦੇਸ਼ ਦੇ ਸ਼ੇਅਰ ਬਾਜ਼ਾਰ 'ਚ ਪੈਸਾ ਝੋਂਕ ਕੇ ਇਸ ਦੇ ਸ਼ੇਅਰ ਬਾਜ਼ਾਰ 'ਚ ਉਛਲ ਲਿਆ ਰਹੇ ਹਨ। ਜੇ 2009 ਦੇ ਉਤਰਾਅ ਤੋਂ ਪਹਿਲਾਂ ਸਾਮਰਾਜੀ ਵਿੱਤੀ ਸੰਸਥਾਵਾਂ ਆਮ ਅਰਥਕ ਤੇਜ਼ੀ ਨਾਲ ਮੁਨਾਫਾ ਲੁੱਟ ਰਹੇ ਸਨ ਤਾਂ ਹੁਣ ਉਹ ਮੰਦੀ ਦੇ ਚਲਦਿਆਂ ਵੀ ਅਜਿਹਾ ਹੋਣ 'ਚ ਕਾਮਯਾਬ ਹੋ ਰਹੇ ਹਨ। ਅੱਜ ਦੇ ਸੱਟੇਬਾਜ਼ ਪੂੰਜੀਵਾਦ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਮੰਦੀ ਵਿੱਚ ਅਰਥਚਾਰੇ ਦੇ ਫਸੇ ਰਹਿਣ ਦੇ ਬਾਵਜੂਦ ਸੱਟੇਬਾਜ਼ ਪੂੰਜੀ ਧੜੱਲੇ ਨਾਲ ਮੁਨਾਫਾ ਕਮਾ ਰਹੀ ਹੈ।

ਆਪਣੇ ਤਰ੍ਹਾਂ-ਤਰ੍ਹਾਂ ਦੀਆਂ ਅੰਦਰੂਨੀ ਵਿਰੋਧਤਾਈਆਂ ਨਾਲ ਗ੍ਰਸਿਤ ਸਾਮਰਾਜੀ ਸਰਮਾਏਦਾਰ ਜਮਾਤ ਹੁਣ ਵੀ ਆਪਣੀਆਂ ਉਦਾਰੀਕਰਣ ਦੀਆਂ ਨੀਤੀਆਂ ਛੱਡਣ ਲਈ ਤਿਆਰ ਨਹੀਂ ਹੈ। ਜਦ 2008 ਦੇ ਅੰਤ 'ਚ ਸਮੁੱਚੀ ਅਰਥਚਾਰਾ ਡਗਮਗ ਰਿਹਾ ਸੀ ਤੇ ਅਰਥਚਾਰੇ ਤਿੱਖੀ ਮੰਦੀ 'ਚ ਜਾ ਰਹੇ ਸਨ ਜਦ ਸਮੁੱਚੇ ਅਰਥਚਾਰੇ ਮੂਹਰੇ ਜ਼ਿੰਦਗੀ-ਮੌਤ ਦਾ ਸਵਾਲ ਖੜ੍ਹਾ ਹੋ ਗਿਆ ਸੀ ਤਦ ਸਾਮਰਾਜੀ ਪੂੰਜੀਪਤੀਆਂ ਵਿਚਕਾਰ ਕੀਨਸ ਦਾ ਨਾਂ ਉਛਲਣ ਲੱਗੇ ਸੀ। ਸੱਟੇਬਾਜ਼ੀ ਪੂੰਜੀ 'ਤੇ ਕਿਸੇ ਹੱਦ ਤੱਕ ਕੰਟਰੋਲ ਦੀਆਂ ਗੱਲਾਂ ਕੀਤੀਆਂ ਜਾਣ ਲੱਗੀਆਂ ਸਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਮਾਰਡਨ ਬਰਾਊਨ ਨੇ ਜੀ-20 ਦੀ ਲੰਦਨ ਬੈਠਕ ਵਿੱਚ ਇਥੋਂ ਤੱਕ ਐਲਾਨ ਕਰ ਦਿੱਤਾ ਸੀ ਕਿ 'ਵਾਸ਼ਿੰਗਟਨ ਆਮ ਸਹਿਮਤੀ' ਦੇ ਦਿਨ ਪੂਰੇ ਹੋ ਗਏ ਹਨ ਪਰ ਜਦ ਉਹਨਾਂ ਨੂੰ ਲੱਗਣ ਲੱਗਿਆ ਕਿ ਵਿੱਤੀ ਸੰਕਟ ਕੁਝ ਰੁਕ ਜਿਹਾ ਗਿਆ ਹੈ ਅਤੇ ਮੰਦੀ 'ਚੋਂ ਉਭਰਨ ਦੇ ਜਿਉਂ ਹੀ ਸੰਕੇਤ ਦਿੱਸਣ ਲੱਗੇ ਤਾਂ ਸਾਮਰਾਜੀ ਪੂੰਜੀਪਤੀ ਫਿਰ ਪੁਰਾਣੇ ਰਾਹ 'ਤੇ ਚੱਲਣ ਲੱਗੇ। ਸੱਟੇਬਾਜ਼ ਵਿੱਤੀ ਪੂੰਜੀ 'ਤੇ ਕੰਟਰੋਲ ਦੇ ਨਾਂ ਹੇਠ ਸਿਰਫ਼ ਰੰਗ-ਰੋਗਨ ਕੀਤਾ ਜਾ ਰਿਹਾ ਹੈ ਅਤੇ ਕੀਨਸ ਨੂੰ ਭੁਲਾ ਕੇ ਸਰਕਾਰੀ ਖ਼ਰਚ 'ਚ ਕਟੌਤੀ ਕੀਤੀ ਜਾ ਰਹੀ ਹੈ। ਸਾਮਰਾਜੀ ਵਿੱਤੀ ਮਾਲਕ ਆਪਣੇ ਮੁਨਾਫੇ ਲਈ ਭਾਵੇਂ ਹੀ ਆਪਣੇ ਪੁਰਾਣੇ ਰਾਹ 'ਤੇ ਚੱਲ ਰਹੇ ਹੋਣ ਪਰ ਸਚਾਈ ਇਹ ਹੈ ਕਿ ਜਿਨਾਂ ਰੁਝਾਣਾਂ ਨੇ ਮੌਜੂਦਾ ਵਿੱਤੀ ਸੰਕਟ ਨੂੰ ਜਨਮ ਦਿੱਤਾ ਸੀ ਉਹ ਜਿਉਂ ਦੇ ਤਿਉਂ ਹਨ। ਉਹ ਆਪਣੀ ਗਤੀ 'ਚ ਦੂਰਗਾਮੀ ਤੌਰ 'ਤੇ ਸਮੱਸਿਆਵਾਂ ਵੱਲ ਵਿਕਰਾਲ ਆਧਾਰ ਤਿਆਰ ਕਰ ਰਹੀ ਹੈ। ਸਟੇਬਾਜ਼ ਵਿੱਤੀ ਪੂੰਜੀ ਨੂੰ ਹੀ ਲਿਆ ਜਾਵੇ। ਸਟੇਬਾਜ਼ ਵਿੱਤੀ ਅਦਾਰਿਆਂ ਨੂੰ ਬਚਾਉਣ ਲਈ ਇਹ ਦਲੀਲ ਦਿੱਤੀ ਗਈ ਕਿ ਇਹ ਏਨੇ ਵੱਡੇ ਹਨ ਕਿ ਜੇ ਉਹਨਾਂ ਨੂੰ ਢਹਿ ਢੇਰੀ ਹੋਣ ਦਿੱਤਾ ਜਾਵੇਗਾ ਤਾਂ ਸਮੁੱਚੇ ਅਰਥਚਾਰੇ ਲਈ ਖਤਰਾ ਪੈਦਾ ਹੋ ਜਾਵੇਗਾ। ਪਰ ਇਹਨਾਂ ਨੂੰ ਬਚਾਉਣ ਦਾ ਸਿੱਟਾ ਕੀ ਹੋਇਆ? ਇਸ ਸੰਕਟ ਦੇ ਸਿੱਟੇ ਵਜੋਂ ਵਿੱਤੀ ਅਦਾਰੇ ਹੋਰ ਵੱਡੇ ਹੋ ਗਏ। ਉਹਨਾਂ ਦੁਆਰਾ ਸਮੁੱਚੇ ਪ੍ਰਬੰਦ ਲਈ ਪੈਦਾ ਹੋਣ ਵਾਲਾ ਖ਼ਤਰਾ ਹੋਰ ਵਧ ਗਿਆ ਹੈ। ਇਸ ਤਰ੍ਹਾਂ ਪੂੰਜੀਪਤੀਆਂ ਦੇ ਤਰਕ ਦਾ ਸਿੱਟਾ ਇਹ ਹੋਇਆ ਕਿ ਉਹਨਾਂ ਨੇ ਸਮੱਸਿਆਵਾਂ ਨੂੰ ਹੋਰ ਵਧਾ ਦਿੱਤਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਵਿੱਤੀ ਪੂੰਜੀ ਦੇ ਨਿਵੇਸ਼ ਦੀ ਸਮੱਸਿਆ ਹੱਲ ਹੋਣ ਬਦਲੇ ਹੋਰ ਵਧ ਗਈ ਹੈ। ਜੇ ਆਰਥਕ ਉਭਾਰ ਦੇ ਸਮੇਂ ਤੇ ਵਿੱਤੀ ਸੱਟੇਬਾਜ਼ੀ ਦੀ ਉਚਾਈ 'ਤੇ ਵੀ ਪੂੰਜੀ ਲਈ ਥਾਂ ਘੱਟ ਸੀ ਤਾਂ ਹੁਣ ਇਸ ਸਮੇਂ ਇਹ ਹੋਰ ਵੀ ਵਧ ਗਈ ਹੈ। ਪੂੰਜੀ ਨਿਵੇਸ਼ ਦੀ ਮੁਨਾਫ਼ਾਦਾਇਕ ਪੂੰਜੀ ਨਿਵੇਸ਼ ਦੀ ਲੰਮੇ ਦਾਅ ਦੀ ਸਮੱਸਿਆ ਦਾ ਕੋਈ ਹੱਲ ਦਿਸ ਨਹੀਂ ਰਿਹਾ ਹੈ ਅਤੇ ਫੌਰੀ ਤੌਰ 'ਤੇ ਤਾਂ ਇਹ ਹੋਰ ਵੀ ਭਿਅੰਕਰ ਹੋ ਗਈ ਹੈ। ਇਹ ਇਕ ਥਾਂ 'ਤੇ ਰਾਹ ਤੰਗ ਦੇਖ ਕੇ ਹੋਰ ਥਾਵਾਂ 'ਤੇ ਆਪਣਾ ਜੌਹਰ ਵਿਖਾ ਰਹੀ ਹੈ। ਇਹ ਭਾਂਤ-ਭਾਂਤ ਦੀਆਂ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ। ਵਿੱਤੀ ਪੂੰਜੀ ਤੇ ਇਸ ਦੇ ਮਾਲਕ ਵਿੱਤੀ ਦਿਉ ਆਪਣੇ ਮੂਲ ਸੁਭਾਅ ਦੇ ਉਲਟ ਕੰਮ ਨਹੀਂ ਕਰ ਸਕਦੇ। ਇਹ ਆਪਣੇ ਮੁਨਾਫ਼ੇ ਦੀ ਹਵਸ਼ ਨੂੰ ਛੱਡ ਨਹੀਂ ਸਕਦੇ। ਜੇ ਇਹ ਆਪਣੇ 'ਤੇ ਰੋਕ ਮੰਨਣਗੇ ਤਾਂ ਆਪਣੀ ਇੱਛਾ ਨਾਲ ਨਹੀਂ ਬਲਕਿ ਆਪਣੀ ਇੱਛਾ ਦੇ ਉਲਟ

ਸਿਰਫ਼ ਬਹੁਤ ਗੰਭੀਰ ਸੰਕਟ ਅਤੇ ਉਹਨਾਂ ਦੀ ਵਿਵਸਥਾ ਨੂੰ ਮਜ਼ਦੂਰ ਜਮਾਤ ਵਲੋਂ ਖ਼ਤਰਾ ਹੀ ਉਹਨਾਂ ਨੂੰ ਇਸ ਗੱਲ ਲਈ ਮਜ਼ਬੂਰ ਕਰਦਾ ਹੈ ਕਿ ਉਹ ਕੋਈ ਬੰਧਨ, ਕੋਈ ਪਾਬੰਦੀ ਮੰਨਣ। ਪਰ ਮਹਾਂਮੰਦੀ ਤੇ ਵਿਸ਼ਵੀ ਸਮਾਜਵਾਦ ਹੀ ਸਾਮਰਾਜੀ ਪੂੰਜੀਪਤੀਆਂ ਨੂੰ ਇਹ ਗੱਲ ਲਈ ਮਜ਼ਬੂਰ ਕਰ ਸਕਿਆ ਕਿ ਉਹ 'ਅਖੌਤੀ' ਕਲਿਆਣਕਾਰੀ ਰਾਜ ਨੂੰ ਮੰਨਣ। ਨਹੀਂ ਤਾਂ ਉਹ ਸੰਕਟ ਦਾ ਸਾਰਾ ਬੋਝ ਮਜ਼ਦੂਰ ਜਮਾਤ 'ਤੇ ਪਾ ਕੇ ਸਮੱਸਿਆ ਤੋਂ ਕਿਨਾਰਾ ਚਾਹੁੰਦੇ ਹਨ। ਇਸ ਸਮੇਂ ਵੀ ਉਹ ਇਹੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਪਰ ਉਹਨਾਂ ਦਾ ਇਹ ਯਤਨ ਇਸ ਸਮੇਂ ਮਜ਼ਦੂਰ ਜਮਾਤ ਦੇ ਤਿੱਖੇ ਮੋੜਵੇਂ ਵਿਰੋਧ ਨੂੰ ਜਨਮ ਦੇ ਰਿਹਾ ਹੈ। ਸਪੇਨ, ਇਟਲੀ, ਫਰਾਂਸ ਸਮੇਤ ਯੂਰਪ ਦੇ ਸਾਰੇ ਦੇਸ਼ਾਂ 'ਚ ਮਜ਼ਦੂਰ ਜਮਾਤ ਦੇ ਵੱਡੇ ਸੰਘਰਸ਼ ਪੈਦਾ ਹੋ ਰਹੇ ਹਨ। ਫ਼ਰਾਂਸ 'ਚ ਤਾਂ ਪੂਰੇ ਸਤੰਬਰ-ਅਕਤੂਬਰ 'ਚ ਮਜ਼ਦੂਰਾਂ-ਵਿਦਿਆਰਥੀਆਂ ਵਲੋਂ ਮੁਜਾਹਰਿਆਂ ਦੀ ਝੜੀ ਲੱਗ ਗਈ। ਇਹ ਸਹੀ ਹੈ ਕਿ ਮੁਜਾਹਰੇ ਅਜੇ ਪੁਰਾਣੀ ਜ਼ਮੀਨ ਤੋਂ ਹੀ ਹੋ ਰਹੇ ਹਨ ਤੇ ਇਹਨਾਂ ਦੀ ਅਗਵਾਈ ਪੁਰਾਣੇ ਜ਼ਮਾਨੇ ਦੀਆਂ ਟ੍ਰੇਡ ਯੂਨੀਅਨਾਂ ਕਰ ਰਹੀਆਂ ਹਨ। ਅਜੇ ਵੀ ਮੁੱਦਾ ਪੁਰਾਣੀਆਂ ਸਹੂਲਤਾਂ ਨੂੰ ਬਚਾਉਣ ਦਾ, ਡਿੱਗਦੇ ਜੀਵਨ ਪੱਧਰ ਨੂੰ ਰੋਕਣ ਦਾ ਹੀ ਹੈ। ਪਰ ਇਹ ਬਹੁਤੀ ਦੇਰ ਤੱਕ ਨਹੀਂ ਰਹਿਣਾ। ਪੂੰਜੀਵਾਦ ਦਾ ਵਧਦਾ ਸੰਕਟ ਮਜ਼ਦੂਰ ਜਮਾਤ ਨੂੰ ਆਪਣੀ ਰਾਖੀ ਤੋਂ ਵਧ ਕੇ ਹਮਲਾਵਰ ਹੋਣ ਤੱਕ ਪਹੁੰਚਾਵੇਗਾ। ਤਦ ਵਿੱਤੀਦਿਉਂਆਂ ਨੂੰ ਕੀਨਸ ਵੀ ਨਹੀਂ ਬਚਾ ਸਕੇਗਾ। ਵਰਗ ਚੇਤੰਨ ਮਜ਼ਦੂਰਾਂ ਨੂੰ ਇਸ ਲਈ ਲਾਮਬੰਦ ਕਰਨਾ ਅੱਜ ਦਾ ਸਭ ਤੋਂ ਜ਼ਰੂਰੀ ਕਾਰਜ ਹੈ।

# ਕੀ ਸੀ ਪੇਸ਼ਾਵਰ ਦੀ ਬਗਾਵਤ?

ਭਾਰਤ ਦੀ ਪੱਛਮੀ ਉਤਰੀ ਸਰਹੱਦ ਦਾ ਸੂਬਾ ਪਠਾਨ ਮੁਸਲਮਾਨਾਂ ਦਾ ਨਿਵਾਸ-ਸਥਾਨ ਹੈ ਇਸ ਦਾ ਮੁੱਖ ਕੇਂਦਰ ਹੈ-ਪੇਸ਼ਾਵਰ। ਬ੍ਰਿਟਿਸ਼ ਸਾਮਰਾਜੀਆਂ ਦੀ ਹਕੂਮਤ ਦਾ ਮੁੱਖ ਕੇਂਦਰ ਵੀ ਇਸ ਇਲਾਕੇ 'ਚੇ ਪੇਸ਼ਾਵਰ ਹੀ ਸੀ। ਕਿਸਾਨਾਂ-ਮਜ਼ਦੂਰਾਂ ਦੇ ਇਨਕਲਾਬੀ ਲੋਕ ਸੰਘਰਸ਼ ਦੇ ਦਬਾਅ ਕਾਰਨ ਗਾਂਧੀ ਦੀ ਅਗਵਾਈ 'ਚ ਕਾਂਗਰਸ ਨੇ ਸ਼ਾਂਤਮਈ ਸੰਘਰਸ਼ ਸ਼ੁਰੂ ਕੀਤਾ ਸੀ-1930 ਦੇ ਅਪ੍ਰੈਲ ਮਹੀਨੇ 'ਚ ਪੇਸ਼ਾਵਰ ਦੇ ਮਜ਼ਦੂਰਾਂ ਨੇ ਅਤੇ ਨਜ਼ਦੀਕ ਦੇ ਖੇਤਾਂ ਦੇ ਕਿਸਾਨਾਂ ਨੇ ਇਸ ਅੰਦੋਲਨ 'ਚ ਹਿੱਸਾ ਲੈਣ ਦਾ ਫੈਸਲਾ ਲਿਆ। ਪੇਸ਼ਾਵਰ ਸਥਾਨਕ ਕਾਂਗਰਸ ਕਮੇਟੀ ਨੇ ਹੁਕਮ ਆਦੂਲੀ ਸ਼ੁਰੂ ਕਰਨ ਦੀ ਤਰੀਖ 20 ਅਪ੍ਰੈਲ 1930 ਐਲਾਨੀ ਸੀ। ਲੜਾਈ ਦੇ ਸੰਚਾਲਨ ਲਈ ਇਕ ਸੰਗ੍ਰਾਮ ਸੰਮਤੀ ਦਾ ਵੀ ਗਠਨ ਕੀਤਾ ਗਿਆ। ਅਪ੍ਰੈਲ ਮਹੀਨੇ ਦੇ ਮੱਧ 'ਚ ਨੇੜੇ ਦੇ ਇਲਾਕਿਆਂ ਦੇ ਕਈ ਹਜ਼ਾਰ ਪਠਾਨ ਕਿਸਾਨ ਆਪਣਾ ਧਾਰਮਕ ਤਿਉਹਾਰ ਬਕਰੀਦ ਮਨਾਉਣ ਲਈ ਅਤੇ ਪੇਸ਼ਾਵਰ ਦਾ ਪ੍ਰਸਿੱਧ ਵਿਸਾਖੀ ਮੇਲਾ ਦੇਖਣ ਲਈ ਪੇਸ਼ਾਵਰ ਪਹੁੰਚੇ। ਉਸ ਸਮੇਂ ਸਰਹੱਦ ਦੇ ਪਹਾੜੀ ਇਲਾਕੇ ਦੇ ਕਈ ਉਪ-ਜਾਤੀਆਂ ਦੇ ਕਿਸਾਨ ਵੀ ਪੇਸ਼ਾਵਰ ਆਏ ਹੋਏ ਸਨ। ਉਹ ਮਜ਼ਦੂਰੀ ਦੀ ਭਾਲ 'ਚ ਆਏ ਹੋਏ ਸਨ ਅਤੇ ਮੇਲਾ ਵੇਖ ਕੇ ਘਰ ਵਾਪਸ ਜਾ ਰਹੇ ਸਨ। ਇਸ ਦੌਰਾਨ ਕੰਨੋ ਕੰਨੀ ਖ਼ਬਰ ਫੈਲੀ ਕਿ ਕਾਂਗਰਸ ਨੇ ਬ੍ਰਿਟਿਸ਼ ਵਿਰੋਧੀ ਸੰਗਰਾਮ ਸ਼ੁਰੂ ਕੀਤਾ ਹੈ ਅਤੇ ਭਾਰਤ 'ਚ ਸਭ ਥਾਈਂ ਜਨ ਸੰਘਰਸ਼ ਦੀ ਅੱਗ ਬਲ ਉੱਠੀ ਹੈ। 22 ਅਪ੍ਰੈਲ ਨੂੰ ਪੇਸ਼ਾਵਰ ਪੁਲਸ ਨੇ ਸਥਾਨਕ ਕਾਂਗਰਸ ਦੇ ਕੁਝ ਵਰਕਰਾਂ ਤੇ ਸੰਗ੍ਰਾਮ ਸੰਮਤੀ ਦੇ ਕੁਝ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਖ਼ਬਰ ਦੇ ਸ਼ਹਿਰ 'ਚ ਫੈਲਣ ਦੇ ਨਾਲ ਹੀ ਆਮ ਜਨਤਾ ਭੜਕ ਉਠੀ। 23 ਅਪ੍ਰੈਲ ਦੀ ਸਵੇਰ ਸ਼ਹਿਰ ਦੇ ਮਜ਼ਦੂਰ-ਕਾਰੀਗਰ, ਵਿਦਿਆਰਥੀ ਤੇ ਸ਼ਹਿਰ 'ਚ ਆਏ ਕਿਸਾਨ ਪੇਸ਼ਾਵਰ ਦੀ ਮੁੱਖ ਜੀ ਟੀ ਰੋਡ 'ਤੇ ਇਕੱਠੇ ਹੋਏ। ਇਸ ਸਮੇਂ ਬੰਦੀਆਂ ਨੂੰ ਪੁਲਸ ਦੀ ਗੱਡੀ 'ਚ ਸ਼ਹਿਰ ਦੀ ਜੇਲ੍ਹ ਵੱਲ ਲੈ ਜਾਇਆ ਜਾ ਰਿਹਾ ਸੀ। ਇਕਤਰ ਵਿਸ਼ਾਲ ਜਨ-ਸਮੂਹ ਨੇ ਗ੍ਰਿਫ਼ਤਾਰ ਕੀਤੇ ਨੇਤਾਵਾਂ ਦੀ ਗੱਡੀ ਨੂੰ ਰੋਕਿਆ। ਇਸ ਦੌਰਾਨ ਲੋਕਾਂ ਨੇ ਜੇਲ੍ਹ ਨੂੰ ਘੇਰ ਲਿਆ। ਸ਼ਹਿਰ ਦੇ ਗਾਂਧੀਵਾਦੀ ਕਾਂਗਰਸੀ ਨੇਤਾ ਲੋਕਾਂ ਨੂੰ ਸਮਝਾਉਣ ਲਈ ਜੇਲ੍ਹ ਦੇ ਫਾਟਕ 'ਤੇ ਪਹੁੰਚੇ। ਉਹਨਾਂ ਨੇ ਲੋਕਾਂ ਨੂੰ ਪੁਲਸ ਦੇ ਕੰਮ 'ਚ ਵਿਘਨ ਨਾ ਪਾਉਣ ਦਾ ਉਪਦੇਸ਼ ਦਿੱਤਾ ਅਤੇ ਸਮਝਾਇਆ ਕਿ ਇਹ ਗਾਂਧੀ ਦੇ ਹੁਕਮ ਦੇ ਵਿਰੁੱਧ ਹੈ ਪਰ ਇਸਦਾ ਕੋਈ ਸਿੱਟਾ ਨਾ ਨਿਕਲਿਆ। ਇਹਨਾਂ ਸਾਰੀਆਂ ਨਸ਼ੀਹਤਾਂ ਤੇ ਵਿਆਖਾਵਾਂ ਨੂੰ ਸੁਣ ਕੇ ਲੋਕਾਂ ਦਾ ਗੁੱਸਾ ਵੱਧ ਗਿਆ। ਇਸ ਦੌਰਾਨ ਪੁਲਸ ਵਲੋਂ ਲੋਕਾਂ 'ਤੇ ਗੋਲੀ ਚਲਾਏ ਜਾਣ ਕਰਕੇ ਲੋਕਾਂ ਦਾ ਗੁੱਸਾ ਸਿਖਰ 'ਤੇ ਪਹੁੰਚ ਗਿਆ। ਉਹ ਪੁਲਸ 'ਤੇ ਝਪਟੇ ਪਠਾਨ ਉਪ-ਜਾਤੀਆਂ ਦੇ ਕਿਸਾਨਾਂ ਕੋਲ ਕੁਝ ਬੰਦੂਕਾਂ ਵੀ ਸਨ। ਉੱਪ-ਜਾਤੀਆਂ ਦੇ ਪਠਾਨ ਆਪਣੇ ਇਲਾਕੇ 'ਚ ਅਧੂਰੀ ਆਜ਼ਾਦੀ ਦੀ ਵਰਤੋਂ ਕਰਦੇ ਸਨ। ਇਸ ਕਾਰਨ ਉਹ ਆਤਮ ਰੱਖਿਆ ਲਈ ਬੰਦੂਕ ਰੱਖਦੇ ਸਨ ਅਤੇ ਇਹਨਾਂ ਬੰਦੂਕਾਂ ਨੂੰ

ਲੈ ਕੇ ਉਹ ਘੁੰਮਦੇ ਫਿਰਦੇ ਰਹਿੰਦੇ ਸਨ। ਉੱਪ-ਜਾਤੀ ਕਿਸਾਨ ਪੇਸ਼ਾਵਰ 'ਚ ਜਦ ਬਕਰੀਦ ਮਨਾਉਣ ਅਤੇ ਵਿਸਾਖੀ ਦਾ ਮੇਲਾ ਵੇਖਣ ਲਈ ਆਏ ਸਨ ਤਦ ਉਹ ਇਹਨਾਂ ਬੰਦੂਕਾਂ ਨੂੰ ਨਾਲ ਲੈ ਕੇ ਆਏ ਸਨ। ਪੁਲਸ ਨੇ ਜਦ ਲੋਕਾਂ 'ਤੇ ਗੋਲੀ ਚਲਾਈ ਤਦ ਪਠਾਨ ਕਿਸਾਨਾਂ ਨੇ ਵੀ ਬੰਦੂਕਾਂ ਨਾਲ ਪੁਲਸ 'ਤੇ ਮੋੜਵਾਂ ਹਮਲਾ ਕੀਤਾ। ਇਸ ਗੋਲੀਬਾਰੀ 'ਚ ਦੋਨੋਂ ਪਾਸੇ ਕਈ ਲੋਕ ਜ਼ਖ਼ਮੀ ਹੋਏ। ਇਸ ਪਿਛੋਂ ਪੇਸ਼ਾਵਰ ਸ਼ਹਿਰ ਦੇ ਵੱਖ-ਵੱਖ ਭਾਗਾਂ 'ਚ ਪੁਲਸ ਦੇ ਨਾਲ ਲੋਕਾਂ ਦੀ ਮੁਠਭੇੜ ਹੁੰਦੀ ਰਹੀ। ਇਸ ਤਰ੍ਹਾਂ ਪੇਸ਼ਾਵਰ 'ਚ ਮਜ਼ਦੂਰਾਂ-ਕਿਸਾਨਾਂ ਦੀ ਹਥਿਆਰਬੰਦ ਬਗਾਵਤ ਸ਼ੁਰੂ ਹੋਈ। ਸ਼ਹਿਰ 'ਚ ਸਭ ਥਾਵਾਂ 'ਤੇ ਮਜ਼ਦੂਰ, ਉੱਪ-ਜਾਤੀਆਂ ਦੇ ਕਿਸਾਨ ਤੇ ਵਿਦਿਆਰਥੀ ਛੋਟੀਆਂ-ਛੋਟੀਆਂ ਟੁਕੜੀਆਂ 'ਚ ਵੰਡ ਕੇ ਪੁਲਸ ਤੇ ਅੰਗ੍ਰੇਜ਼ ਸਰਕਾਰ ਦੇ ਦਲਾਲਾਂ 'ਤੇ ਹਮਲੇ ਕਰਦੇ ਰਹੇ। ਸਥਾਨਕ ਸਰਕਾਰ ਦੀ ਗੁੰਜਾਰਿਸ਼ 'ਤੇ ਪੇਸ਼ਾਵਰ ਨਗਰ ਪਾਲਿਕਾ ਦੇ ਮੀਤ ਪ੍ਰਧਾਨ ਬਾਗੀ ਲੋਕਾਂ ਨੂੰ ਸ਼ਾਂਤ ਕਰਨ ਲਈ ਪਹੁੰਚੇ। ਪਰ ਲੋਕ ਪੱਖੀ ਬੰਦੇ ਦੇ ਦਲੀਲ ਸਹਿਣ ਕਰਨ ਲਈ ਤਿਆਰ ਨਹੀਂ ਸੀ, ਇਸ 'ਤੇ ਲੋਕ ਇੱਟਾਂ ਪੱਥਰ ਸੁੱਟਣ ਲੱਗੇ। ਇੱਟਾਂ ਲੱਗਣ ਕਾਰਨ ਉਨ੍ਹਾਂ ਦਾ ਸਿਰ ਫੁੱਟ ਗਿਆ ਤੇ ਖੂਨ ਨਾਲ ਲੱਥ-ਪੱਥ ਹੋ ਕੇ ਭੱਜ ਗਏ। ਸ਼ਹਿਰ ਦੀ ਹਾਲਤ ਬੇਹੱਦ ਖ਼ਤਰਨਾਕ ਦੇਖ ਕੇ ਹਾਕਮ ਜਮਾਤ ਨੇ ਬਗ਼ਾਵਤ 'ਤੇ ਅਤਿਆਚਾਰ ਕਰਨ ਲਈ ਫ਼ੌਜ ਬੁਲਾ ਲਈ। ਸ਼ਹਿਰ 'ਚ ਫੌਜ ਦੀਆਂ ਬਖਤਰਬੰਦ ਗੱਡੀਆਂ ਦਾਖਲ ਹੋ ਗਈਆਂ। ਬਖਤਰਬੰਦ ਗੱਡੀਆਂ ਵਲੋਂ ਲੋਕਾਂ 'ਤੇ ਵਾਰ-ਵਾਰ ਗੋਲੀ ਚਲਾਏ ਜਾਣ 'ਤੇ ਰੋਹ 'ਚ ਆਏ ਲੋਕ ਇਹਨਾਂ ਗੱਡੀਆਂ 'ਤੇ ਟੁੱਟ ਪਏ ਮਜ਼ਦੂਰ-ਕਿਸਾਨ-ਵਿਦਿਆਰਥੀਆਂ ਨੇ ਮੌਤ ਦੇ ਡਰ ਨੂੰ ਭੁਲਾ ਕੇ ਇਕ ਬਖਤਰ-ਬੰਦ ਗੱਡੀ ਨੂੰ ਵੱਖ ਕੀਤਾ ਤੇ ਉਸ ਉੱਪਰ ਪੈਟਰੋਲ ਛਿੜਕ ਕੇ ਅੱਖ ਲਾ ਦਿੱਤੀ ਬਾਕੀ ਗੱਡੀਆਂ ਤੋਂ ਕਈ ਵਾਰੀ ਗੋਲੀ ਚਲਾਈ ਗਈ ਅਤੇ ਬਹੁਤ ਸਾਰੇ ਮਜ਼ਦੂਰਾਂ-ਕਿਸਾਨਾਂ ਤੇ ਵਿਦਿਆਰਥੀਆਂ ਦੇ ਕਤਲਾਂ ਪਿਛੋਂ ਫੌਜੀ ਟੁੱਕੜੀਆਂ ਜੰਗ ਛੋੜ ਕੇ ਭੱਜ ਗਈਆਂ। ਇਸ ਵਾਰੀ ਬਾਗੀ ਚੌਕੰਨੇ ਹੋ ਕੇ ਆਤਮ ਰੱਖਿਆ ਦਾ ਪ੍ਰਬੰਦ ਕਰਨ ਲੱਗੇ। ਬਖਤਰਬੰਦ ਗੱਡੀਆਂ ਜਾਂ ਫੌਜੀ ਟੁੱਕੜੀਆਂ ਸ਼ਹਿਰ 'ਚ ਦਾਖਲ ਨਾ ਹੋ ਸਕਣ, ਇਸ ਲਈ ਬਾਗੀਆਂ ਨੇ ਦਰਖਤਾਂ, ਰੇੜ੍ਹਿਆਂ ਆਦਿ ਰਾਹੀਂ ਪੇਸ਼ਾਵਰ ਦੀ ਹਰ ਸੜਕ 'ਤੇ ਬੈਰੀਕੇਟ ਤਿਆਰ ਕਰਕੇ ਰਾਹ ਬੰਦ ਕਰ ਦਿੱਤਾ। ਸ਼ਹਿਰ ਦੇ ਸਾਰੇ ਅੰਗ੍ਰੇਜ਼ੀ ਦੇਸੀ ਸਰਕਾਰੀ ਮੁਲਾਜ਼ਮਾਂ ਤੇ ਧਨੀ ਲੋਕਾਂ ਨੇ ਡਰ ਕੇ ਸ਼ਹਿਰ ਦੀ ਸੁਰੱਖਿਅਤ 'ਛਾਉਣੀ' ਕੈਂਪਸ 'ਚ ਉੱਚੀ ਕੰਧ ਦੀ ਆੜ 'ਚ ਜਾ ਕੇ ਆਸਰਾ ਲਿਆ। ਇਸ ਪਿੱਛੋਂ ਲੋਕਾਂ ਨੇ ਹਮਲਾ ਕਰਕੇ ਸ਼ਹਿਰ ਦੀਆਂ ਸਾਰੀਆਂ ਪੁਲਸ ਚੌਂਕੀਆਂ ਤੇ ਸਰਕਾਰੀ ਦਫ਼ਤਰਾਂ 'ਤੇ ਕਬਜਾ ਕਰ ਲਿਆ। ਇਸ ਤਰ੍ਹਾਂ ਪੇਸ਼ਾਵਰ ਸ਼ਹਿਰ ਤੋਂ ਬ੍ਰਿਟਿਸ਼ ਹਕੂਮਤ ਦੀਆਂ ਨਿਸ਼ਾਨੀਆਂ ਤੱਕ ਨੂੰ ਮਿਟਾ ਦਿੱਤਾ ਗਿਆ ਅਤੇ ਸ਼ਹਿਰ ਵਿੱਚ ਜਥੇਬੰਦ ਮਜ਼ਦੂਰ ਕਿਸਾਨ ਵਿਦਿਆਰਥੀ ਲੋਕਾਂ ਦੀ ਇਕ ਨਵੀਂ ਕਿਸਮ ਦੀ ਹਕੂਮਤੀ ਪ੍ਰਣਾਲੀ ਉਭਰ ਆਈ। ਅੰਗ੍ਰੇਜ਼ ਹਕੂਮਤ ਮਜ਼ਦੂਰ-ਕਿਸਾਨਾਂ ਦੀ ਜਕੜ 'ਚੋਂ ਪੇਸ਼ਾਵਰ ਸ਼ਹਿਰ ਨੂੰ ਆਜ਼ਾਦ ਕਰਾਉਣ ਲਈ ਇਕ ਦੇਸ਼ੀ ਫੌਜੀ ਟੁੱਕੜੀ ਲੈ ਕੇ ਪਹੁੰਚੇ। ਪਰ ਦੇਸੀ ਫੌਜੀ ਵੀ ਤਾਂ ਕਿਸਾਨ ਦੇ ਪੁੱਤਰ ਸਨ। ਸਾਰੇ ਭਾਰਤ ਵਿਆਪੀ ਮਜ਼ਦੂਰ ਕਿਸਾਨ ਦੇ ਇਕਜੁੱਟ ਸੰਗ੍ਰਾਮ ਤੇ ਉਹਨਾਂ ਉਪਰ ਗੈਰ

ਮਨੁੱਖੀ ਅਤਿਆਚਾਰਾਂ ਨੂੰ ਵੇਖ ਗੜਵਾਲੀ, ਪੰਜਾਬੀ ਆਦਿ ਸੈਨਿਕਾਂ ਅੰਦਰ ਹਲਚਲ ਮਚ ਗਈ। ਉਹ ਵੀ ਬ੍ਰਿਟਿਸ਼ ਵਿਰੋਧੀ ਸੰਗਰਾਮ 'ਚ ਸ਼ਾਮਲ ਹੋਣ ਲਈ ਅੰਦਰੋ-ਅੰਦਰ ਮਚਲ ਉਠੇ। ਇਸ ਤੋਂ ਇਲਾਵਾ ਪੰਜਾਬੀ ਫੌਜੀਆਂ 'ਚ ਖੱਬੇਪੱਖੀ ਅਕਾਲੀਆਂ ਦਾ ਕਾਫੀ ਅਸਰ ਸੀ। ਖੱਬੇ ਪੱਖੀ ਅਕਾਲੀ ਦੇ 'ਆਜ਼ਾਦ ਅਕਾਲੀ' ਨਾਂ ਦੇ ਅਖਬਾਰ 'ਚ ਪੰਜਾਬੀ ਫੌਜੀਆਂ ਨੂੰ ਬ੍ਰਿਟਿਸ਼ ਸੈਨਾਪਤੀਆਂ ਦੇ ਹੁਕਮ ਨਾ ਮੰਨਣ ਤੇ ਉਹਨਾਂ ਖ਼ਿਲਾਫ਼ ਬਗਾਵਤ ਦਾ ਐਲਾਨ ਕਰਨ ਲਈ ਹੁਕਮ ਦਿੱਤਾ ਗਿਆ ਸੀ। ਪੰਜਾਬੀ ਫੌਜੀਆਂ 'ਚ ਭਗਤ ਸਿੰਘ ਆਦਿ ਇਨਕਲਾਬੀਆਂ ਦਾ ਵੀ ਕਾਫੀ ਪ੍ਰਭਾਵ ਸੀ। ਇਸ ਸਮੇਂ ਰੂ-ਪੋਸ਼ ਇਨਕਲਾਬੀ ਵੀ ਪੰਜਾਬੀ ਫੌਜੀਆਂ 'ਚ ਗੁਪਤ ਤੌਰ 'ਤੇ ਪ੍ਰਚਾਰ ਦਾ ਕੰਮ ਚਲਾ ਰਹੇ ਸਨ। ਇਹਨਾਂ ਸਾਰੇ ਇਨਕਲਾਬੀ ਪ੍ਰਭਾਵਾਂ 'ਚ ਹੌਲੀ-ਹੌਲੀ ਪੰਜਾਬੀ ਫੌਜੀਆਂ 'ਚ ਵੀ ਬ੍ਰਿਟਿਸ਼ ਵਿਰੋਧੀ ਵਿਚਾਰ ਜਾਗ ਪਏ। ਇਹਨਾਂ ਪ੍ਰਭਾਵਾਂ ਨੇ ਪੰਜਾਬੀ ਫੌਜੀਆਂ ਤੇ ਉਤਰਪ੍ਰਦੇਸ਼ ਦੇ ਗੜ ਵਾਲੀ ਫੌਜੀਆਂ ਨੂੰ ਬ੍ਰਿਟਿਸ਼ ਵਿਰੋਧੀ ਵਿਚਾਰਾਂ ਨਾਲ ਲੈਸ ਕਰ ਦਿੱਤਾ। ਇਹਨਾਂ ਸਾਰੇ ਦੇਸੀ ਹਿੰਦੂ ਫੌਜੀਆਂ ਦਰਮਿਆਨ ਅੰਗ੍ਰੇਜ਼ ਹਾਕਮ ਇਕ ਲੰਮੇ ਅਰਸੇ ਤੋਂ ਮੁਸਲਮਾਨ ਵਿਰੋਧੀ ਫਿਰਕੂ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪੇਸ਼ਾਵਰ ਦੇ ਵਿਦਰੋਹੀ ਮਜ਼ਦੂਰ-ਕਿਸਾਨ ਸਾਰੇ ਮੁਸਲਮਾਨ ਸਨ ਤੇ ਗੜਵਾਲੀ ਸਨ ਹਿੰਦੂ। ਪੇਸ਼ਾਵਰ ਲੈ ਜਾਣ ਤੋਂ ਪਹਿਲਾਂ ਤੋਂ ਹੀ ਇਹਨਾਂ ਗੜਵਾਲੀ ਫੌਜੀਆਂ ਵਿਚਕਾਰ ਮੁਸਲਮਾਨਾਂ ਪ੍ਰਤੀ ਘ੍ਰਿਣਾ ਪੈਦਾ ਕਰਨ ਦੀ ਕੋਸ਼ਿਸ਼ ਹੋ ਰਹੀ ਸੀ। ਪਰ ਪਹਿਲਾਂ ਦੇ ਇਨਕਲਾਬੀ ਪ੍ਰਭਾਵ ਨੇ ਉਹਨਾਂ ਦੇ ਮਨ 'ਚੋਂ ਫਿਰਕੂ ਘ੍ਰਿਣਾ ਨੂੰ ਦੂਰ ਕਰ ਦਿੱਤਾ ਸੀ। ਉਹ ਸਮਝ ਗਏ ਸਨ ਕਿ ਵਿਦੇਸ਼ੀ ਹਾਕਮਾਂ ਖਿਲਾਫ਼ ਆਜ਼ਾਦੀ ਸੰਗ੍ਰਾਮ 'ਚ ਹਿੰਦੂ-ਮੁਸਲਮਾਨ ਦੇ ਫਿਰਕੂ ਸਵਾਲ ਲਈ ਕੋਈ ਥਾਂ ਨਹੀਂ ਸੀ। ਫਿਰਕੂਪਣ ਸਿਰਫ਼ ਹਾਕਮ ਜਮਾਤ ਦੀ ਤੋੜ-ਫੋੜ ਕਰਨ ਦੀ ਇਕ ਸਿਰਫ਼ ਚਾਲ ਹੈ।

ਮਜ਼ਦੂਰ-ਕਿਸਾਨ ਲੋਕਾਂ ਦੇ ਹੱਥਾਂ 'ਚੋਂ ਪੇਸ਼ਾਵਰ ਨੂੰ ਆਜ਼ਾਦ ਕਰਾਉਣ ਲਈ ਅੰਗ੍ਰੇਜ਼ੀ ਹਾਕਮ ਪੇਸ਼ਾਵਰ 'ਚ ਇਕ ਅੰਗ੍ਰੇਜ਼ ਸੈਨਾਪਤੀ ਦੇ ਅਧੀਨ ਦੋਗੜਵਾਲੀ ਫੌਜੀ ਟੁਕੜੀਆਂ ਲੈ ਗਏ। ਅੰਗ੍ਰੇਜ਼ ਸੈਨਾਪਤੀ ਨੇ ਉਹਨਾਂ ਲੋਕਾਂ ਨੂੰ ਪੇਸ਼ਾਵਰ ਦੀ ਮਜ਼ਦੂਰ-ਕਿਸਾਨ ਜਨਤਾ 'ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਗੜਵਾਲੀ ਫੌਜੀਆਂ ਦੀ ਇਕ ਟੁਕੜੀ ਦੇ ਹਵਲਦਾਰ ਸਨ ਚੰਦਰ ਸਿੰਘ। ਉਹਨਾਂ ਨੇ ਆਪਣੇ ਅਧੀਨ ਫੌਜੀਆਂ ਨੂੰ ਉਲਟਾ ਹੁਕਮ ਦਿੱਤਾ "ਦੇਸੀ ਭਰਾਵਾਂ 'ਤੇ ਗੋਲੀ ਬਿਲਕੁਲ ਨਹੀਂ ਚਲਾਉਣੀ" ਫੌਜੀ ਇਕਦਮ ਹੱਕੇ-ਬੱਕੇ ਰਹਿ ਗਏ ਤੇ ਉਸ ਪਿਛੋਂ ਚੰਦਰ ਸਿੰਘ ਦੇ ਹੁਕਮ 'ਤੇ ਉਹਨਾਂ ਨੇ ਆਪਣੀ ਟੁਕੜੀ ਨੂੰ ਤੋੜ ਕੇ ਆਪਣੀਆਂ ਰਾਈਫਲਾਂ ਨੂੰ ਆਮ ਲੋਕਾਂ ਦੇ ਹੱਥਾਂ 'ਚ ਦੇ ਦਿੱਤਾ। ਉਥੇ ਮੌਜੂਦ ਮਜ਼ਦੂਰ ਕਿਸਾਨ ਲੋਕਾਂ ਨੇ ਖੁਸ਼ੀ ਨਾਲ ਖੀਵੀ ਹੋ ਕੇ ਫੌਜੀਆਂ ਨੂੰ ਜੱਫੀਆਂ 'ਚ ਲੈ ਲਿਆ। ਯੁੱਧ ਖੇਤਰ 'ਚ ਫਿਰਕੂਪਣ ਦੂਰ ਹੋ ਗਿਆ ਤੇ ਹਿੰਦ-ਮੁਸਲਮਾਨਾਂ ਦਾ ਇਨਕਲਾਬੀ ਸੰਗਮ ਹੋਇਆ। ਭਾਰਤ ਦੇ ਇਤਿਹਾਸ 'ਚ ਇਕ ਨਵੇਂ ਸੰਗ੍ਰਾਮੀ ਆਦਰਸ਼ ਦਾ ਆਰੰਭ ਹੋਇਆ। ਭਾਰਤ ਦੇ ਇਤਿਹਾਸ 'ਚ ਇਹ ਇਕ ਹੈਰਾਨ ਕੁੰਨ ਘਟਨਾ ਸੀ। ਵਿਦਰੋਹੀ ਗੜਵਾਲੀ ਫੌਜੀ ਉਸ ਦਿਨ ਲੋਕਯੁੱਧ ਦੀ ਇਕ ਨਵੀਂ ਸੰਭਾਵਨਾ ਵਿਖਾ

ਗਏ। ਸੰਗਰਾਮੀ ਮਜ਼ਦੂਰਾਂ-ਕਿਸਾਨਾਂ ਵਿਦਿਆਰਥੀਆਂ ਦੇ ਨਾਲ ਫੌਜੀ ਟੁਕੜੀਆਂ ਦਾ ਇਹ ਮਿਲਣ ਭਾਰਤ ਦੇ ਲੋਕਯੁੱਧ ਦੇ ਇਤਿਹਾਸ 'ਚ ਇਕ ਨਵੇਂ ਅਧਿਆਏ ਦੀ ਰਚਨਾ ਕਰਦਾ ਹੈ। ਇਸ ਘਟਨਾ ਨੂੰ ਵੇਖ ਕੇ ਅੰਗ੍ਰੇਜ਼ ਹਾਕਮ ਜਮਾਤ ਦੀਆਂ ਅੱਖਾਂ ਪਥਰਾ ਗਈਆਂ ਵਿਦਰੋਹੀ ਗੜਵਾਲੀ ਫੌਜੀਆਂ ਨੂੰ ਸਜ਼ਾ ਦੇਣ ਲਈ ਉਹ ਅੰਗ੍ਰੇਜ਼ ਫੌਜੀਆਂ ਦੀ ਇਕ ਵੱਡੀ ਟੁੱਕੜੀ ਨੂੰ ਲੈ ਆਏ। ਇਸ ਅੰਗ੍ਰੇਜ਼ ਟੁੱਕੜੀ ਨੇ ਸ਼ਹਿਰ ਪਹੁੰਚਦਿਆਂ ਹੀ ਗੜਵਾਲੀ ਫੌਜੀਆਂ ਨੂੰ ਬੰਦੀ ਬਣਾ ਕੇ ਨੇੜੇ ਦੇ ਇੱਕ ਅੰਗ੍ਰੇਜ਼ ਫੌਜੀ ਕੈਂਪ 'ਚ ਲੈ ਗਏ। ਉਥੇ ਗੜਵਾਲੀਆਂ 'ਤੇ ਵਿਚਾਰ ਕਰਨ ਲਈ ਇੱਕ ਫੌਜੀ ਅਦਾਲਤ ਬੈਠੀ। ਇਸ ਅਦਾਲਤ ਨੇ ਆਪਣੇ ਫੈਸਲੇ 'ਚ ਚੰਦਰ ਸਿੰਘ ਨੂੰ ਉਮਰ ਕੈਦ ਅਤੇ ਦੂਜਿਆਂ ਨੂੰ ਦਸ ਤੋਂ ਲੈ ਕੇ ਤੀਹ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ। ਪੇਸ਼ਾਵਰ ਤੇ ਨੇੜੇ ਦੇ ਇਲਾਕਿਆਂ 'ਚ ਜਿਹਨਾਂ ਲੋਕਾਂ ਨੇ ਇਸ ਘਟਨਾ ਨੂੰ ਸੁਣਿਆ ਉਹਨਾਂ ਨੇ ਵਿਦਰੋਹੀ ਗੜਵਾਲੀ ਫੌਜੀਆਂ ਨੂੰ ਕੌਮੀ ਯੋਧੇ ਕਹਿ ਕੇ ਬੁਲਾਇਆ। ਭਾਰਤ ਦੀ 'ਮਜ਼ਦੂਰ ਕਿਸਾਨ ਪਾਰਟੀ' (ਉਸ ਸਮੇਂ ਕਮਿਊਨਿਸ਼ਟ ਪਾਰਟੀ ਦਾ ਇਹੀ ਨਾਂ ਸੀ) ਨੇ ਗੜਵਾਲੀ ਫੌਜੀਆਂ ਦਾ ਰਗ ਭਿੰਨਦਨ ਕੀਤਾ ਪਰ ਕਾਂਗਰਸ ਤੇ ਉਸ ਦੇ ਪ੍ਰਧਾਨ ਨੇਤਾ ਖਾਸ ਕਰਕੇ ਗਾਂਧੀ ਨੇ ਗੜਵਾਲੀ ਫੌਜੀਆਂ ਨੂੰ 'ਗੈਰ ਜ਼ਿੰਮੇਵਾਰ ਤੇ ਵਿਵਸਥਾ ਤੋੜਨ ਦੇ ਅਪਰਾਧ ਦੇ ਅਪਰਾਧੀ' ਕਹਿ ਕੇ ਤਿੱਖੀ ਅਲੋਚਨਾ ਕੀਤੀ ਅਤੇ ਇਸ ਤਰ੍ਹਾਂ ਆਪਣੀ ਅੰਗ੍ਰੇਜ਼ ਭਗਤੀ ਦਾ ਸਬੂਤ ਦਿੱਤਾ। ਗੜਵਾਲੀ ਫੌਜੀਆਂ ਦੀ ਇਹ ਬਗਾਵਤ 3 ਮਈ 1930 ਨੂੰ ਹੋਈ। ਸਾਰੇ ਪੰਜਾਬ 'ਚ ਅਤੇ ਭਾਰਤ ਦੇ ਕਰੀਬ-ਕਰੀਬ ਸਾਰੇ ਪ੍ਰਧਾਨ ਸ਼ਹਿਰਾਂ 'ਚ ਅਗਾਂਹਵਧੂ ਲੋਕਾਂ ਦੀਆਂ ਸਭਾਵਾਂ ਹੋਈਆਂ ਜਿਹਨਾਂ 'ਚ ਗੜਵਾਲੀ ਫੌਜੀਆਂ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਗਈ।

ਗੜਵਾਲੀ ਫੌਜੀਆਂ ਨੇ ਬ੍ਰਿਟਿਸ਼ ਹਕੂਮਤ ਦੇ ਹੁਕਮ ਨਾਲ ਆਪਣੇ ਦੇਸ਼ ਵਾਸੀਆਂ ਦੀ ਹੱਤਿਆ ਕਰਨ ਤੋਂ ਨਾਂਹ ਕਰਕੇ ਦੇਸ਼ ਭਗਤੀ ਦੀ ਜੋ ਮਿਸਾਲ ਕਾਇਮ ਕੀਤੀ ਇਸ ਦੀ ਤੁਲਨਾ ਦੁਨੀਆਂ ਦੇ ਇਤਿਹਾਸ 'ਚ ਹੋਰ ਕਿਧਰੇ ਨਹੀਂ ਮਿਲੇਗੀ। ਉਹਨਾਂ ਦੇ ਇਸ ਕੰਮ ਨੂੰ ਗਾਂਧੀ ਘੱਟੋ-ਘੱਟ ਅਹਿੰਸਾ ਵੀ ਜਿੱਤ ਵਜੋਂ ਮੰਨ ਸਕਦੇ ਸਨ ਅਤੇ ਉਹੀ ਉਹਨਾਂ ਦੇ ਪੱਖ 'ਚ ਤਰਕ ਸੰਗਤ ਤੇ ਸੱਚ ਦਾ ਪ੍ਰੀਵਾਚਕ ਹੁੰਦਾ ਕਿਉਂਕਿ ਉਹਨਾਂ ਨੇ ਅਹਿੰਸਾ ਨੂੰ ਹੀ ਆਪਣੇ ਜੀਵਨ ਦੇ ਮੂਲ ਮੰਤਰ ਵਜੋਂ ਗ੍ਰਹਿਣ ਕੀਤਾ ਸੀ। ਪਰ ਗਾਂਧੀ ਨੇ ਠੀਕ ਉਸ ਦਾ ਉਲਟਾ ਆਚਰਣ ਕੀਤਾ ਭਾਵ ਦੇਸ਼ ਪ੍ਰੇਮੀ ਗੜਵਾਲੀ ਫੌਜੀਆਂ ਦੀ ਤਿੱਖੀ ਨਿੰਦਾ ਕਰਕੇ ਆਪਣੇ ਆਦਰਸ਼ ਤੋਂ ਬੇਮੁੱਖ ਹੋਏ। ਅਸਲ 'ਚ ਅਹਿੰਸਾ ਉਹਨਾਂ ਦੇ ਜੀਵਨ ਦਾ ਮੂਲ ਮੰਤਰ ਨਹੀਂ ਸੀ। ਉਹਨਾਂ ਦਾ ਅਹਿੰਸਾ ਦਾ ਪ੍ਰਚਾਰ ਆਮ ਆਦਮੀ ਦੀ ਲੁੱਟ-ਘਸੁੱਟ ਦੇ ਮਕਸਦ ਨਾਲ ਹੀ ਕੀਤਾ ਗਿਆ ਸੀ। ਇਹੀ ਉਹਨਾਂ ਨੇ ਸਾਬਤ ਕੀਤਾ। ਉਹਨਾਂ ਦੇ ਜੀਵਨ ਦਾ ਮੂਲ ਮੰਤਰ ਸੀ ਸਾਮਰਾਜ ਤੇ ਦੇਸੀ ਸਰਮਾਏਦਾਰ ਤੇ ਜਾਗੀਰਦਾਰੀ ਦੀ ਲੁੱਟ ਦੀ ਵਿਵਸਥਾ ਦੀ ਰਾਖੀ ਤੇ ਸੇਵਾ ਕਰਨਾ। ਇਸ ਲਈ ਉਹਨਾਂ ਨੇ ਦੇਸ਼ ਪ੍ਰੇਮ ਦੀ ਇਸ ਮਹਾਨ ਮਿਸਾਲ ਦੀ ਤਿੱਖੀ ਆਲੋਚਨਾ ਕੀਤੀ ਕਿਉਂਕਿ ਗੜਵਾਲੀਆਂ ਦੇ ਇਸ ਕੰਮ ਨੇ ਅਹਿੰਸਾ ਦਾ ਪਰਿਵਾਚਕ ਹੋ ਕੇ ਵੀ ਬ੍ਰਿਟਿਸ਼ ਸਾਮਰਾਜਵਾਦ ਤੇ ਉਸ ਦੇ ਨਾਲ ਦੇਸੀ ਪੂੰਜੀਪਤੀ ਤੇ ਜਾਗੀਰਦਾਰੀ ਦੀ ਲੁੱਟ

ਤੇ ਹਕੂਮਤੀ ਪ੍ਰਬੰਦ ਦੀ ਨੀਂਹ ਨੂੰ ਹਿਲਾ ਦਿੱਤਾ ਸੀ ਜੋ ਫੌਜੀ ਦਲ ਸਾਮਰਾਜੀ ਹਕੂਮਤ ਦੀ ਨੀਂਹ ਸਨ ਉਸ ਦੀ ਬਗਾਵਤ ਨੇ ਸਾਮਰਾਜ ਲਈ ਇਕ ਭਿਆਨਕ ਸਥਿਤੀ ਪੈਦਾ ਕਰ ਦਿੱਤੀ ਸੀ। ਸਾਮਰਾਜਵਾਦ ਦੀ ਇਸ ਔਕੜ ਤੋਂ ਰਾਖੀ ਕਰਨ ਦੇ ਮਕਸਦ ਨਾਲ ਹੀ ਗਾਂਧੀ ਨੇ ਗੜਵਾਲੀ ਫੌਜੀਆਂ ਦੀ ਨਿੰਦਾ ਕੀਤੀ ਸੀ। ਇਸ ਤੋਂ ਕੁਝ ਸਮੇਂ ਬਾਅਦ ਹੋਏ ਗਾਂਧੀ ਇਰਵਨ ਸਮਝੌਤੇ ’ਚ ਗੜਵਾਲੀ ਫੌਜੀਆਂ ਤੇ ਦੂਜੇ ਇਨਕਲਾਬੀਆਂ ਨੂੰ ਛੱਡ ਕੇ ਬਾਕੀ ਸਭ ਕੈਦੀਆਂ ਦੀ ਮੁਕਤੀ ਹੋਈ। ਕਾਂਗਰਸ ਦੇ ਪ੍ਰਮਾਣਿਕ ਇਤਿਹਾਸ ’ਚ ਅੱਤਵਾਦੀਆਂ ਤੱਕ ਦੀਆਂ ਕਾਰਵਾਈਆਂ ਦੀਆਂ ਸਾਧਾਰਨ ਘਟਨਾਵਾਂ ਅਤੇ ਦੇਸ਼ ਦੀ ਆਮ ਜਨਤਾ ’ਚ ਕਿਸ ਤਰ੍ਹਾਂ ਆਪਣਾ ਅਸਰ ਫੈਲਾਉਂਦੇ ਹਨ ਇਸ ਦਾ ਸਪੱਸ਼ਟ ਵਰਨਣ ਹੈ ਪਰ ਗੜਵਾਲੀ ਫੌਜੀਆਂ ਦੇ ਦੇਸ਼ ਪ੍ਰੇਮ ਦਾ ਇਹ ਮਹਾਨ ਮਿਸਾਲ ਲਭਣ ’ਤੇ ਵੀ ਨਹੀਂ ਮਿਲਦੀ। ਕਾਂਗਰਸ ਮੰਤਰੀ ਮੰਡਲ ਦੇ ਗਠਨ ਪਿਛੋਂ 1937 ਈ. ਦੇ ਅੰਤ ’ਚ ਜਨ-ਅੰਦੋਲਨ ਦੇ ਦਬਾਅ ਦੇ ਸਿੱਟੇ ਵਜੋਂ ਸਜ਼ਾ ਪ੍ਰਾਪਤ ਗੜਵਾਲੀ ਫੌਜੀਆਂ ਨੂੰ ਮੁਕਤੀ ਦਿੱਤੀ ਗਈ। ਗਾਂਧੀ ਤੇ ਕਾਂਗਰਸ ਦੇ ਦੇਸ਼ ਧ੍ਰੋਹੀ ਕਾਰਨਾਮਿਆਂ ਦੇ ਬਾਵਜੂਦ ਇਹਨਾਂ ਵੀਰ ਸੈਨਿਕਾਂ ਦੀ ਯਾਦ ਕਦੀ ਵੀ ਭਾਰਤ ਦੇ ਮਹਾਨ ਲੋਕਾਂ ਦੀ ਯਾਦ ’ਚ ਮਿਟਾਈ ਨਹੀਂ ਜਾ ਸਕਦੀ। ਹੌਲੀ-ਹੌਲੀ ਦੇਸ਼ ਦੇ ਬਹੁਤ ਸਾਰੇ ਅਖੌਤੀ ਲੀਡਰ ਅਲੋਪ ਹੋ ਜਾਣਗੇ। ਪਰ ਇਹਨਾਂ ਵੀਰ ਸੈਨਿਕਾਂ ਦਾ ਅਮਰ ਕਾਰਜ ਅਤੇ ਬਲੀਦਾਨ ਭਵਿੱਖ ਦੇ ਜਨਵਾਦੀ ਭਾਰਤ ’ਚ ਸੁਨਹਿਰੀ ਅੱਖਰਾਂ ’ਚ ਲਿਖਿਆ ਜਾਵੇਗਾ। ਇਸ ਪਿਛੋਂ ਦੇ ਅਰਸੇ ’ਚ ਗੋਲ ਮੇਜ਼ ਕਾਨਫਰੰਸ ਸਮੇਂ ਲੰਦਨ ’ਚ ਬੈਠ ਕੇ ਗਾਂਧੀ ਨੇ ਕਿਉਂ ਗੜਵਾਲੀ ਫੌਜੀਆਂ ਨੂੰ “ਗੈਰ ਜ਼ਿੰਮੇਵਾਰ” ਅਤੇ ‘ਵਿਵਸਥਾ ਤੋੜਨ ਵਾਲੇ” ਕਿਹਾ ਤੇ ਨਿੰਦਾ ਕੀਤੀ। ਉਹਨਾਂ ਨੇ ਇਸ ਘਟਨਾ ਦੀ ਇਕ ਫ੍ਰਾਸ਼ੀਸ਼ੀ ਪੱਤਰਕਾਰ ਕੋਲ ਇਸ ਤਰ੍ਹਾਂ ਵਿਆਖਿਆ ਕੀਤੀ “ਜੋ ਫੌਜ ਦੇ ਹੁਕਮਾਂ ਦੀ ਪਾਲਣਾ ਨਹੀਂ ਕਰਦਾ ਹੈ। ਉਹ ਸੌਂਹ ਭੰਗ ਕਰਦਾ ਹੈ (ਨੌਕਰੀ ’ਚ ਸ਼ਾਮਲ ਹੋਣ ਸਮੇਂ ਖਾਧੀ ਸੌਂਹ) ਜੋ ਉਸ ਨੇ ਗ੍ਰਹਿਣ ਕੀਤੀ ਸੀ। ਇਸ ਲਈ ਉਹ ਗੈਰ ਜ਼ਿੰਮੇਵਾਰ ਅਤੇ ਵਿਵਸਥਾ ਭੰਗ ਦੇ ਭਿਆਨਕ ਅਪਰਾਧ ਦੇ ਦੋਸ਼ੀ ਹਨ। ਮੈਂ ਕਦੇ ਵੀ ਸੈਨਾਪਤੀ ਤੇ ਫੌਜੀਆਂ ਨੂੰ ਹਕੁਮ ਅਦੂਲੀ ਕਰਨ ਲਈ ਨਹੀਂ ਕਹਾਂਗਾ ਕਿਉਂਕਿ ਮੈਂ ਜਦ ਹਕੂਮਤ ’ਚ ਅਊਂਗਾ ਤਾਂ ਲਾਜ਼ਮੀ ਹੀ ਮੈਂ ਇਸ ਸੈਨਾਪਤੀ ਤੇ ਸੈਨਿਕਾਂ ਨੂੰ ਕੰਮ ’ਚ ਲਾਊਂਗਾ (ਆਮ ਲੋਕਾਂ ’ਤੇ ਜ਼ੁਲਮ ਕਰਨ ਲਈ?) ਅੱਜ ਜੇ ਮੈਂ ਗ਼ੈਰ ਜ਼ਿੰਮੇਵਾਰ ਹੋਣ ਦੀ ਨਸ਼ੀਹਤ ਦੇਵਾਂ ਤਾਂ ਮੈਂ ਜਦ ਸੱਤਾ ਹਾਸਲ ਕਰੂੰਗਾ, ਤਦ ਵੀ ਉਹ ਇਹੀ ਕਰਨਗੇ।” (ਗਾਂਧੀ : ਰਿਪਲਾਈ ਟੂ ਦ ਫ੍ਰੈਂਚ ਜਰਨਲਿਸਟ ਚਾਰਲਸ ਪੈਟ੍ਰਾਕ ਆਨ ਦ ਕਨਵੈਨਸ਼ਨ ਆਫ਼ ਗੜਵਾਲੀ ਸੋਲਜਰਸ)

ਬਾਗੀ ਗੜਵਾਲੀ ਫੌਜੀਆਂ ਨੂੰ ਸਜ਼ਾ ਦੇਣ ਪਿੱਛੋਂ ਵੀ ਪੇਸ਼ਾਵਰ ਦੇ ਮਜ਼ਦੂਰਾਂ ਕਿਸਾਨਾਂ ਦਾ ਆਜ਼ਾਦ ਰਾਜ ਪੂਰੇ ਦੋ ਹਫ਼ਤੇ ਤੱਕ ਚਲਿਆ। ਇਸ ਦੌਰਾਨ ਹਾਕਮਾਂ ਨੇ ਪੇਸ਼ਾਵਰ ਦੇ ਨੇੜੇ ਦੇ ਇਲਾਕਿਆਂ ਦੇ ਸਾਰੇ ਦੇਸੀ ਫੌਜੀਆਂ ਨੂੰ ਹਟਾ ਕੇ ਭਾਰਤ ਦੀਆਂ ਵੱਖੋ-ਵੱਖ ਥਾਵਾਂ ਤੋਂ ਅੰਗ੍ਰੇਜ਼ੀ ਫੌਜੀਆਂ ਨੂੰ ਭੇਜਿਆ। ਇਸ ਤਰ੍ਹਾਂ ਭਾਰਤ ’ਚ ਮੌਜੂਦ ਕੁਲ ਅੰਗ੍ਰੇਜ਼ ਫੌਜੀਆਂ ਦੇ ਦੋ-ਤਿਹਾਈ ਹਿੱਸਾ ਤੋਂ ਵੀ ਵੱਧ ਫੌਜੀਆਂ ਨੂੰ ਪੇਸ਼ਾਵਰ ਕੋਲ ਇਕੱਠਾ ਕੀਤਾ ਗਿਆ। ਸਿਰਫ਼ ਏਨਾ ਹੀ

ਨਹੀਂ ਆਕਾਸ਼ ਤੋਂ ਬੰਬ ਸੁੱਟ ਪੇਸ਼ਾਵਰ ਦੇ ਵਿਦਰੋਹੀ ਮਜ਼ਦੂਰਾਂ-ਕਿਸਾਨਾਂ ਦੀ ਹੱਤਿਆ ਕਰਨ ਲਈ ਇਕ ਵਿਰਾਟ ਬੰਬ ਵਰਾਊ ਹਵਾਈ ਜਹਾਜ਼ ਟੁੱਕੜੀ ਨੂੰ ਲਿਆਂਦਾ ਗਿਆ। ਦੂਜੇ ਪਾਸੇ ਪੇਸ਼ਾਵਰ ਦੇ ਬਾਗੀਆਂ ਦੀ ਸਹਾਇਤਾ ਕਰਨ ਲਈ ਅੰਮ੍ਰਿਤਸਰ ਤੋਂ ਇਕ ਵਿਰਾਟ ਸਿੱਖ-ਅਕਾਲੀ ਜੱਥਾ ਪੇਸ਼ਾਵਰ ਵੱਲ ਚਲ ਰਿਹਾ ਸੀ ਪਰ ਅੰਗ੍ਰੇਜ਼ ਦਲ ਨੇ ਪਹਿਲਾਂ ਤੋਂ ਇਹ ਖ਼ਬਰ ਮਿਲਦਿਆਂ ਹੀ ਜਹਿਲਮ ਨਦੀ ਦੇ ਤੀਰ 'ਤੇ ਉਹਨਾਂ ਨੂੰ ਘੇਰ ਲਿਆ ਦੋ ਸੋ ਅਕਾਲੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਪੇਸ਼ਾਵਰ 'ਚ ਮਜ਼ਦੂਰਾਂ-ਕਿਸਾਨਾਂ ਦੇ ਇਕ ਆਜ਼ਾਦ-ਰਾਜ ਦੀ ਸਥਾਪਨਾ ਹੋਈ ਹੈ-ਇਹ ਸੁਣ ਕੇ ਮਈ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਹੀ ਸੀਮਾਂਚਲ ਰਾਜ ਦੇ ਪਠਾਨ, ਅਫ਼ੀਦੀ ਅਤੇ ਸੋਮੰਦ ਉਪਜਾਤੀਆਂ ਨੇ ਅੰਗ੍ਰੇਜ਼ ਹਕੂਮਤ ਖ਼ਿਲਾਫ਼ ਬਗਾਵਤ ਦਾ ਐਲਾਨ ਕੀਤਾ ਸੀ ਉਹ ਵੀ ਪੇਸ਼ਾਵਰ ਦੇ ਬਾਗੀਆਂ ਨਾਲ ਮਿਲਣ ਲਈ ਪੇਸ਼ਾਵਰ ਵੱਲ ਚਲਣ ਲੱਗੇ ਪਰ ਉਹਨਾਂ ਦੇ ਸ਼ਹਿਰ ਪਹੁੰਚਣ ਤੋਂ ਪਹਿਲਾਂ ਹੀ ਅੰਗ੍ਰੇਜ਼ ਦਲ ਨੇ ਸ਼ਹਿਰ 'ਤੇ ਕਬਜ਼ਾ ਕਰਨ ਲਈ ਚਾਰੇ ਪਾਸਿਉਂ ਹੱਲਾ ਬੋਲ ਦਿੱਤਾ। ਇਸ ਲਈ ਉਹ ਦੁਸ਼ਮਣ ਵਲੋਂ ਘੇਰੇ ਸ਼ਹਿਰ 'ਚ ਦਾਖ਼ਲ ਨਹੀਂ ਹੋ ਸਕੇ। ਪੇਸ਼ਾਵਰ ਦੇ ਮਜ਼ਦੂਰ ਕਿਸਾਨਾਂ ਦੀ ਹਥਿਆਬੰਦ ਫੋਰਸ ਨੇ ਇਕ ਹਫਤੇ ਤੱਕ ਬੇਹੱਦ ਬਹਾਦਰੀ ਨਾਲ ਲੜ ਕੇ ਅੰਗ੍ਰੇਜ਼ ਫੌਜ ਦਾ ਮੁਕਾਬਲਾ ਕੀਤਾ। ਇਸ ਯੁੱਧ 'ਚ ਬਾਗੀਆਂ ਦੇ ਹਥਿਆਰ ਬਹੁਤ ਘੱਟ ਸਨ। ਕੁਝ ਰਾਈਫਲਾਂ ਤੇ ਕੁਝ ਮਾਮੂਲੀ ਕਿਸਮ ਦੀਆਂ ਬੰਦੂਕਾਂ ਤੱਕ ਸੀਮਤ ਸਨ ਅਤੇ ਦੂਜੇ ਪਾਸੇ ਸਿੱਖਿਅਤ ਅੰਗ੍ਰੇਜ਼ੀ ਫੌਜ ਨੇ ਹਮਲਾ ਕੀਤਾ ਸੀ ਆਧੁਨਿਕ ਰਾਈਫ਼ਲ, ਮਸ਼ੀਨ ਗੰਨ, ਤੇ ਤੋਪਾਂ ਲੈ ਕੇ। ਇਸ ਤੋਂ ਇਲਾਵਾ ਬੰਬ ਵਰਾਊ ਹਵਾਈ ਜਹਾਜਾਂ ਨਾਲ ਬੰਬ ਤੇ ਗੋਲੇ ਵੀ ਦਿਨ ਰਾਤ ਸੁੱਟੇ ਜਾ ਰਹੇ ਸਨ। ਤਦ ਵੀ ਬਾਗੀਆਂ ਨੇ ਸਾਰੇ ਗੇਟਾਂ ਤੋਂ ਮਹੀਨੇ ਦੇ ਅੱਧ ਤੱਕ ਜੀ-ਜਾਨ ਨਾਲ ਲੜਾਈ ਜਾਰੀ ਰੱਖੀ। ਬਹੁਤ ਸਾਰੇ ਮਜ਼ਦੂਰ-ਕਿਸਾਨ ਬੇਹੱਦ ਹਿੰਮਤ, ਦਲੇਰੀ ਤੇ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪਾ ਗਏ। ਅੰਤ 'ਚ ਅੰਗ੍ਰੇਜ਼ ਫੌਜ ਨੇ ਹਥਿਆਰ ਅਤੇ ਗਿਣਤੀ ਦੇ ਵਾਧੂ ਹੋਣ ਦੀ ਤਾਕਤ ਨਾਲ ਬਾਗੀਆਂ ਦੀ ਆਤਮ-ਰੱਖਿਆ ਦੀ ਸ਼ਕਤੀ ਨੂੰ ਖ਼ਤਮ ਕਰਕੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਉਸ ਪਿੱਛੋਂ ਬਹੁਤ ਦਿਨਾਂ ਤੱਕ ਅੰਗ੍ਰੇਜ਼ ਫੌਜ ਲਗਾਤਾਰ ਲੁੱਟ-ਘਸੁੱਟ ਤੇ ਕਤਲ ਕਰਦੀ ਰਹੀ। ਬਹੁਤ ਸਾਰੇ ਮਜ਼ਦੂਰ ਤੇ ਕਿਸਾਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ, ਕਈਆਂ ਨੂੰ ਖੁੱਲ੍ਹੀ ਜੀ. ਟੀ. ਰੋਡ ਤੇ ਫਾਂਸੀ ਲਾ ਕੇ ਰੱਖਿਆ ਗਿਆ। ਆਖਰਕਾਰ ਬਗਾਵਤ ਦੀ ਲੋਅ ਪਿਛੋਂ ਕੁਝ ਸ਼ਾਂਤੀ ਆਈ ਪਰ ਕਦੋਂ ਤੱਕ ਲਈ?

ਨੋਟ :- (ਅੰਗ੍ਰੇਜ਼ ਹਾਕਮ ਜਮਾਤ ਦੀ ਰੋਕ ਕਾਰਣ ਇਸ ਵਿਦਰੋਹ ਦਾ ਸੰਵਾਦ ਭਾਰਤ ਦੇ ਕਿਸੇ ਵੀ ਅਖ਼ਬਾਰ 'ਚ ਨਹੀਂ ਛਪਣ ਦਿੱਤਾ ਗਿਆ। ਉਕਤ ਰਿਪੋਰਟ ਅਤੇ ਗ੍ਰੰਥ 'ਚ ਵਿਦਰੋਹ ਦੇ ਤੱਥਾਂ ਨੂੰ ਇਕੱਠਾ ਕੀਤਾ ਗਿਆ ਹੈ - ਕਾਂਗਰਸ ਇਨਕੁਆਰੀ ਕਮਿਸ਼ਨ ਰਿਪੋਰਟ - (1932) ਜਾਨ ਬੀਸ਼ੰਪ : ਬ੍ਰਿਟਿਸ਼ ਇੰਮਪ੍ਰੀਆਲਿਜ਼ਮ ਇਨ ਇੰਡੀਆਂ ; ਟਾਈਮਜ਼ ਆਫ਼ ਇੰਡੀਆ (1930) ਅਪ੍ਰੈਲ-ਮਈ)।

# ਖ਼ਬਰਦਾਰ ! ਦੋਹਰਾ ਏਜੰਟ ਹੈ ਆਪ ਦਾ ਫੋਨ ਤੇ ਈ-ਮੇਲ

ਤੁਹਾਡਾ ਜੋ ਸੈੱਲ ਫੋਨ ਹੈ ਨਾ, ਉਹ ਦੋਧਾਰੀ ਤਲਵਾਰ ਹੈ ਤੁਹਾਡੇ ਮੂੰਹ ’ਚ ਨਿਕਲੇ ਹਰ ਸ਼ਬਦ ਨੂੰ ਇਹ ਅਫਸਰਾਂ ਕੋਲ ਪਹੁੰਚਾ ਸਕਦਾ ਹੈ। ਤੁਹਾਨੂੰ ਤੇ ਤੁਹਾਡੇ ਸਰਵਿਸ ਪ੍ਰੋਵਾਈਡਰ ਨੂੰ ਇਸ ਦੀ ਭਿਣਕ ਤੱਕ ਨਹੀਂ ਲੱਗਣੀ ਕਿ ਤੁਹਾਡੇ ਹੈਂਡ ਸੈੱਟ ਦੀ ਨਿਗਰਾਨੀ ਹੋ ਰਹੀ ਹੈ। ਭਾਵੇਂ ਇਹ ਗੈਰ ਕਾਨੂੰਨੀ ਹੋਵੇ ਪਰ ਖੁਫੀਆ ਏਜੰਸੀਆਂ ਫੋਨ ਟੈਪ ਕਰਨ ਦੀ ਇਸ ਤਰਕੀਬ ਦੀ ਵਰਤੋ ਕਰਦੀਆਂ ਆ ਰਹੀਆਂ ਹਨ। ਉਹ ਤੁਹਾਡੇ ਹੈਂਡਸੈਟ ’ਚ ਇਲੈਕਟ੍ਰਾਨਿਕ ਤਰਕੀਬ ਨਾਲ ਇਕ ਯੰਤਰ ਫਿੱਟ ਕਰ ਦਿੰਦੀਆਂ ਹਨ। ਆਪ ਦੇ ਫੋਨ ’ਤੇ ਇਕ ਫਰਜੀਕਾਲ ਆਈ ਨਹੀਂ ਕਿ ਇਹ ਯੰਤਰ ਚਾਲੂ। ਤੁਹਾਨੂੰ ਤਾਂ ਪਤਾ ਵੀ ਨਹੀਂ ਲਗਣਾ ਪਰ ਆਪ ਦੇ ਸੈੱਲ ਫੋਨ ਦਾ ਆਈ ਐਮ ਈ ਆਈ (IMEI) ਨੰਬਰ ਏਜੰਸੀ ਕੋਲ ਮੁਹੱਈਆ ਹੋਵੇਗਾ। ਆਪ ਦੀ ਨਾ ਸਿਰਫ਼ ਹਰ ਗੱਲਬਾਤ ਬਲਕਿ ਐਸ. ਐਮ. ਐਸ. ਕਾਲ ਲਾਗ ਤੇ ਤੁਹਾਡੇ ਫੋਨ ’ਚ ਜਮ੍ਹਾਂ ਹਰ ਡਾਟਾ ਉਹ ਹਾਸਲ ਕਰ ਸਕਦੀ ਹੈ ਕਿਸੀ ਮੋਬਾਇਲ ਦੇ (IMEI) ਨੰਬਰ ਰਾਹੀਂ ਤੁਹਾਡਾ ਪਿੱਛਾ ਕਰਨ ਲਈ ਮੌਜੂਦਾ ਟੈਕਨੋਲੋਜੀ ਹੀ ਕਾਫੀ ਹੈ। ਹੁਣ ਅਗਲੇ ਪੜ੍ਹਾਅ ’ਚ ਅਸਾਨੀ ਨਾਲ ਲਾਇਆ ਜਾਣ ਵਾਲਾ ਰੋਵਿੰਗ ਬਗਾ ਨਾਂ ਦਾ ਸਾਫਟ ਵੇਅਰ ਮੋਬਾਇਲ ਨੂੰ ‘ਬਗਿੰਗ’ ਮਸ਼ੀਨ ’ਚ ਤਬਦੀਲ ਕਰ ਦੇਵੇਗਾ। ਇਹ ਹੈਂਡਸੈੱਟ ਦੇ ਮਾਈਕਰੋ ਫੋਨ ਨੂੰ ਚਾਲੂ ਕਰ ਦਿੰਦਾ ਹੈ ਤੇ ਸਾਰੀ ਗੱਲਬਾਤ ਨੂੰ ਨੇੜੇ ਕਿਸੇ ਨੂੰ ਸੁਣਾ ਸਕਦਾ ਹੈ। ਫੋਨ ਸਵਿੱਚ ਆਫ਼ ਕਰਨ ਦੇਣ ’ਤੇ ਇਹ ਮਸ਼ੀਨ ਚਾਲੂ ਰਹੇਗੀ। ਮਾਹਰਾਂ ਮੁਤਾਬਕ ਇਸ ਤਰ੍ਹਾਂ ਦੇ ਸੰਚਾਰ ਨੂੰ ਰੋਕਣ ਦਾ ਇਕ ਹੀ ਤਰੀਕਾ ਹੈ ਬੈਟਰੀ ਕੱਢ ਲਈ ਜਾਵੇ। ਅਜਿਹਾ ਕੋਈ ਹੈਂਡ ਸੈੱਟ ਹੈ ਹੀ ਨਹੀਂ ਜਿਸ ਦੀ ਟੈਪਿੰਗ ਨਾ ਕੀਤੀ ਜਾ ਸਕੇ। ਇਸ ਦੇ ਬਾਵਜੂਦ ਖੁਫੀਆ ਏਜੰਸੀਆਂ ਨੂੰ ਬਲੈਕਬੇਰੀ ਮੇਸੇਂਜਰ ਅਤੇ ਬਿਜਨਸ ਇੰਟਰਪ੍ਰਾਈਜਜ਼ ਸਰਵਿਸ (BES) ’ਚ ਦਖਲ ਦੇਣ ’ਚ ਕਾਮਯਾਬੀ ਨਹੀਂ ਮਿਲ ਸਕੀ ਹੈ। (IMEI) ਨੰਬਰ ਫੋਨ ਦੀ ਸਿਰਫ਼ ਲੋਕੇਸ਼ਨ (ਥਾਂ) ਦੱਸਦਾ ਹੈ ਪਰ BES ਤੇ ਬਲੈਕਬੇਰੀ ਮੇਸੇਂਜਰ ਦੀ ਨਿਗਰਾਨੀ ਕਰ ਸਕਦਾ। ਇਸ ਵਿੱਚ ਅਪਰੇਟਿੰਗ ਸਿਸਟਮ ਬਦਲਣ ਲਈ ਫੋਨ ਦੇ ਨਿਰਮਾਤਾ ਰਿਸਰਚ ਇਨ ਮੋਸ਼ਨ (RIM) ਦੀ ਮਦਦ ਜ਼ਰੂਰੀ ਹੈ ਤਾਂ ਹੀ ਹੈਂਡਸੈੱਟ ਜਾਂ ਬਾਈ ਐਸ ਸਰਵਸ ਵਿੱਚ ਯੰਤਰ ਲਾਇਆ ਜਾ ਸਕਦਾ ਹੈ। ਬਲੈਕਬੇਰੀ ਦੇ ਸਭ ਤੋਂ ਮਸ਼ਹੂਰ ਖਪਤਕਾਰ ਅਮਰੀਕੀ ਰਾਸ਼ਟਰਪਤੀ ਬੇਰਾਕ ਓਬਾਮਾ ਇਕ ਖਾਸ ਬਲੈਕਬੇਰੀ 8830 ਦੀ ਵਰਤੋਂ ਕਰਦੇ ਹਨ ਇਸ ’ਚ ਛਣ ਦੇ ਹੋਏ ਸਿਰਫ਼ ਚੋਣਵੇਂ ਦਸ ਲੋਕਾਂ ਦੇ ਹੀ ਸੰਦੇਸ਼ ਉਹਨਾਂ ਤੱਕ ਪਹੁੰਚ ਸਕਦੇ ਹਨ। ਇਥੇ ਆਪਣੇ ਦੇਸ਼ ’ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਕੁਝ ਚੋਣਵੇਂ ਅਫਸਰ ਕਸਟਮਾਬਿਲਟ ਇਨਕ੍ਰਿਪਟੇਡ ਮੋਬਾਇਲ ਫੋਨ ਹੈਂਡਸੈਟ ਦੀ ਵਰਤੋਂ ਕਰਦੇ ਹਨ। ਇਸ ਨੂੰ ਡਿਜ਼ਾਇਨ ਕੀਤਾ ਹੈ ਡੀ. ਆਰ. ਡੀ. ਓ. ਨੇ ਅਤੇ ਬਣਾਇਆ ਹੈ ਭਾਰਤ ਇਲੈਕਟ੍ਰਿਨਕਸ ਲਿਮਟਡ ਨੇ।

**ਕੀ ਈ-ਮੇਲ ਸੁਰੱਖਿਅਤ ਹੈ? ਕੀ ਸੁਰੱਖਿਆ ਦੇ ਨਾਂ ਹੇਠ ਤੁਹਾਡੇ ਕੰਪਿਊਟਰ ਨੂੰ ਹੈਕ ਕਰ ਸਕਦੀ ਹੈ ਸਰਕਾਰ?** - ਅਜੇ ਦੋ ਸਾਲ ਪਹਿਲਾਂ ਸਰਕਾਰ ਨੇ ਭਾਰਤ ਦੇ ਸੂਚਨਾ ਤਕਨੋਲੋਜੀ ਕਾਨੂੰਨ 2000 ਇਕ ਬੜਾ ਹੀ ਸ਼ਾਤਰਾਨਾ ਨੁਕਤਾ ਜੋੜ ਦਿੱਤਾ। ਇਸ ਦੇ ਤਹਿਤ 'ਕਿਸੇ ਵੀ ਕੰਪਿਊਟਰ ਸਰੋਤ ਤੋਂ ਤਿਆਰ ਭੇਜੀ ਗਈ, ਉਸ 'ਤੇ ਆਈ ਹੋਈ ਜਾਂ ਸਟੋਰ ਕੀਤੀ ਗਈ ਸੂਚਨਾ ਜਾਂ ਟ੍ਰੈਫਿਕ ਡਾਟਾ ਦੀ ਨਿਗਰਾਨੀ ਅਤੇ ਉਸ ਤੋਂ ਹਾਸਲ ਕਰ ਲੈਣ ਦੀ" ਇਜ਼ਾਜਤ ਦਿੱਤੀ ਗਈ ਹੈ। ਇਸ ਨੁਕਤੇ ਨੂੰ ਭਾਵੇਂ ਹੀ ਸਾਇਬਰ ਸੁਰੱਖਿਆ ਰਾਹੀਂ ਜੋੜ ਦਿੱਤਾ ਗਿਆ ਹੋਵੇ ਪਰ ਮਾਹਰਾਂ ਦੀ ਰਾਇ 'ਚ, ਇਸ ਨੇ ਸਰਕਾਰ ਨੂੰ ਕੰਪਿਊਟਰਾਂ ਨੂੰ ਹੈਕ ਕਰਨ ਦਾ ਇਕ ਤਰਫਾ ਅਧਿਕਾਰ ਦੇ ਦਿੱਤਾ ਹੈ। ਭਾਰਤ 'ਚ ਕਿਸੇ ਨਾਲ ਵੀ ਅਜਿਹਾ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਕੌਮੀ ਸੁਰੱਖਿਆ ਵਰਗੀ ਕੋਈ ਸ਼ਰਤ ਜੋੜਨ ਦੀ ਵੀ ਕੋਈ ਲੋੜ ਨਹੀਂ। ਸੈੱਲਫੋਨ ਦੀ ਨਿਗਰਾਨੀ ਸੌਖੀ ਹੈ ਪਰ ਵੈੱਬ 'ਤੇ ਨਿਗਰਾਨੀ ਅਤੇ ਉਸ ਵਕਤ ਉਸ ਨੂੰ ਕਿਸੇ ਹੋਰ ਸਰੋਤ 'ਤੇ ਦੇਖ ਸਕਣਾ ਮੁਸ਼ਕਲ ਹੈ। ਸਰਕਾਰ ਅਮਰੀਕੀ ਸੁਰੱਖਿਆ ਏਜੰਸੀ ਦੇ ਏਕਲਾਨ ਵਰਗੇ ਇਕ ਖੁਫੀਆ ਨੈਟਵਰਕ ਨੂੰ ਸਥਾਪਤ ਕਰਨ 'ਤੇ ਵੀ ਕੰਮ ਕਰ ਰਹੀ ਹੈ ਜੋ ਕਿ ਦੁਨੀਆਂ 'ਚ ਕਿਸੇ ਵੀ ਤਰ੍ਹਾਂ ਦੇ ਇਲੈਕਟ੍ਰਾਨਿਕ ਸੰਚਾਰ ਨੂੰ ਫੜਨ ਦੇ ਲਈ ਬਣਾਇਆ ਗਿਆ ਹੈ। ਈ-ਮੇਲ ਨੂੰ ਰਸਤੇ 'ਚ ਹੀ ਫੜ ਲੈਣ ਜਾਂ ਰੋਕ ਲੈਣ 'ਚ ਅਜੇ ਕਈ ਸਾਲ ਲਗਣਗੇ ਪਰ ਜੋ ਕੰਮ ਸੰਭਵ ਹੋ ਗਿਆ ਹੈ ਉਹ ਇਹ ਹੈ ਕਿ ਕਿਸੇ ਵੀ ਕੰਪਿਊਟਰ ਨੂੰ ਹੈਕ ਕਰ ਦਿਉ। ਕਾਰੋਬਾਰੀ ਖੁਫੀਆ ਗਿਰੀ ਲਈ ਇਹ ਸਭ ਤੋਂ ਕਾਰਗਰ ਔਜ਼ਾਰ ਹੈ। ਨਿੱਜੀ ਗੁਪਤਚਰ ਇਸ ਨੂੰ ਵਿਹਾਰਕ ਰਿਸ਼ਤਿਆਂ 'ਚ ਦਗਾਬਾਜ਼ੀ ਤੇ ਪਤੀ-ਪਤਨੀਆਂ ਦੀ ਨਿਗਰਾਨੀ ਲਈ ਵਰਤਦੇ ਹਨ। ਆਪ ਕਿਸੇ 'ਬਲੈਕਹੈਟ" ਹੈਕਰ ਨੂੰ 5000 ਰੁਪਏ ਦਿਉ ਉਹ ਤੁਹਾਨੂੰ ਕਿਸੇ ਦੇ ਵੀ ਕੰਪਿਊਟਰ ਦਾ ਈ-ਮੇਲ ਅਕਾਊਂਟ ਦੇ ਦੇਵੇਗਾ। 15000 ਰੁਪਏ 'ਚ ਉਹ ਤੁਹਾਨੂੰ ਅਜਿਹਾ ਸ਼ਾਤਰ ਸਾਫਟ ਵੇਅਰ ਮੁਹੱਈਆ ਕਰ ਦੇਵੇਗਾ ਜੋ ਯੂਜਰ ਰਿਪੋਰਟ ਏਕਸੈਸ ਕਿਸੇ ਵੀ ਦੂਜੇ ਕੰਪਿਊਟਰ 'ਤੇ ਮੁਹੱਈਆ ਕਰ ਦੇਵੇਗਾ। ਅਧਿਕਾਰਿਤ ਤੌਰ 'ਤੇ ਤਾਂ ਸੂਚਨਾ ਟੈਕਨਾਲੋਜੀ ਮਹਿਕਮੇ ਤਹਿਤ ਆਉਣ ਵਾਲੀ ਇੰਡੀਅਨ ਕੰਪਿਊਟਰ ਐਮਰਜੰਸੀ ਰੇਸਪਾਂਸ ਟੀਮ (ਸੀ ਈ ਆਰ ਟੀ-ਆਈ ਐਨ) ਨੂੰ ਹੀ ਦੇਸ਼ ਦੇ ਕਿਸੇ ਕੰਪਿਊਟਰ ਨੂੰ ਹੈਕ ਰਨ ਦਾ ਹੱਕ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਦਫ਼ਤਰ ਤੇ ਕੌਮੀ ਸੁਰੱਖਿਆ ਸਲਾਹ ਕਾਰ ਦੇ ਦਫ਼ਤਰ ਦੇ 400 ਤੋਂ ਵੱਧ ਕੰਪਿਊਟਰਾਂ 'ਤੇ ਚੀਨੀ" ਸਨੂਪਿੰਡ ਡ੍ਰੈਗਨ" ਦੇ ਹਮਲੇ ਪਿਛੋਂ ਸਰਕਾਰ ਨੇ ਸਾਈਬਰ ਸੁਰੱਖਿਆ ਲਈ ਹਜ਼ਾਰਾਂ ਕਰੋੜ ਰੁਪਏ ਫਟਾਫਟ ਜਾਰੀ ਕਰ ਦਿੱਤੇ। ਇਕ ਮਾਹਰ ਅਨੁਸਾਰ "ਹੈਕਰਾਂ ਨੂੰ ਹੁਣ ਦੁਸ਼ਟ ਕਿਸਮ ਦੇ ਔਜਾਰਾਂ ਨੂੰ ਚਲਾਉਣ ਦੀ ਸਿੱਖਲਾਈ ਦਿੱਤੀ ਜਾ ਰਹੀ ਹੈ। ਅਗਲਾ ਪੜਾਅ ਹੈ ਹਮਲਾਵਰ ਕੰਪਿਊਟਰ ਸੰਚਾਲਨ" ਯਾਨੀ ਇਕ ਬਹੁਤ ਹੀ ਔਖਾ ਦੌਰ ਆਉਣ ਵਾਲਾ ਹੈ, ਕੰਪਿਊਟਰ ਦੀ ਵਰਤੋਂ ਕਰਨ ਵਾਲਿਆਂ ਲਈ।

# ਨੌਕਰਸ਼ਾਹਾਂ ਦੇ ਘਪਲੇ ਕਦੋਂ ਤੱਕ?

**ਆਈ ਏ ਐਸ ਤੇ ਆਈ ਪੀ ਐਸ ਨਾਲ ਜੁੜੇ ਘਪਲੇ**

**ਪੁਲਸ ਭਰਤੀ ਘੌਟਾਲਾ** – ਮੁਲਾਇਮ ਸਿੰਘ ਯਾਦਵ ਸਰਕਾਰ 'ਚ 20000 ਤੋਂ ਵੱਧ ਪੁਲਸ ਸਿਪਾਹੀ ਭਰਤੀ ਕੀਤੇ ਗਏ ਪਰ ਮਾਇਆਵਤੀ ਸਰਕਾਰ ਨੇ ਇਸ 'ਚ ਅਨੇਕਾਂ ਬੇਨਿਯਮੀਆਂ ਤੇ ਹੇਰਾਫੇਰੀਆਂ ਵੇਖੀਆਂ। ਇਸ 'ਚ ਦਰਜਨ ਤੋਂ ਵੱਧ ਆਈ ਪੀ ਐਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

**ਅਨਾਜ ਘਪਲਾ** – 2003 'ਚ ਰਾਸ਼ਣ ਦੇ ਅਨਾਜ ਦੀ ਤਸਕਰੀ ਜਿਸ ਵਿੱਚ ਰਾਜਸੀ, ਆਈ. ਏ. ਅਧਿਕਾਰੀ ਤੇ ਛੋਟੇ ਕਰਮਚਾਰੀ ਸ਼ਾਮਲ ਪਾਏ ਗਏ।

**ਨਿਯੁਕਤੀ ਘਪਲਾ** – ਉੱਚ ਆਈ. ਏ. ਅਧਿਕਾਰੀ ਮਹੇਸ਼ ਗੁਪਤਾ ਨੂੰ ਸੀ ਬੀ ਆਈ ਨੇ ਦੋਸ਼ ਸੂਚੀ ਜਾਰੀ ਕੀਤੀ ਹੈ ਪਰ ਸਰਕਾਰ ਉਹਨਾਂ 'ਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਨਹੀਂ ਦੇ ਰਹੀ।

**ਦਵਾਈ ਘੁਟਾਲਾ** – 2000 ਤੋਂ 2006 ਵਿਚਕਾਰ ਦਵਾਈਆਂ ਦੀ ਗ਼ੈਰ ਕਾਨੂੰਨੀ ਸਪਲਾਈ ਸੰਬਧੀ ਹੈ।

**ਯੂ. ਪੀ. ਐਸ. ਆਈ. ਡੀ. ਸੀ. ਘਪਲਾ** – ਇਸ ਦੀ ਐਫ ਆਈ ਆਰ 'ਚ ਨਾਂ ਹੋਣ ਦੇ ਬਾਵਜੂਦ ਆਈ ਏ ਐਸ ਅਧਿਕਾਰੀ ਚੰਚਲ ਤਿਵਾੜੀ ਮਹੱਤਵਪੂਰਨ ਅਹੁਦੇ 'ਤੇ ਬਣੇ ਹੋਏ ਹਨ।

ਨੀਰਾਯਾਦਵ ਨੂੰ ਸੀ. ਬੀ. ਆਈ. ਦੀ ਅਦਾਲਤ ਨੇ ਸਜ਼ਾ ਸੁਣਾਈ ਹੈ ਉਹਨਾਂ ਦੇ ਪ੍ਰਸੰਸ਼ਕਾਂ ਤੇ ਆਲੋਚਕਾਂ ਦੋਨਾਂ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਨੀਰਾ ਯਾਦਵ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਬੀਤੇ 14 ਸਾਲਾਂ ਤੋਂ ਚਲਦੇ ਆ ਰਹੇ ਬਹੁਤ ਚਰਚਿਤ ਨੋਇਡਾ ਜ਼ਮੀਨੀ ਘਪਲੇ 'ਚ ਉਹਨਾਂ ਦੇ ਨਾਲ ਸਨਅਤਕਾਰ ਅਸ਼ੋਕ ਚਤਰਵੇਦੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਯਾਦਵ ਨੂੰ ਦਿਵੰਗਤ ਬੀਰ ਬਹਾਦਰ ਸਿੰਘ ਤੋਂ ਲੈ ਕੇ ਮੁਲਾਇਮ ਸਿੰਘ ਯਾਦਵ, ਰਾਜਨਾਥ ਸਿੰਘ ਅਤੇ ਮੌਜੂਦਾ ਮੁੱਖ ਮੰਤਰੀ ਮਾਇਆਵਤੀ ਤੱਕ ਸਾਰੇ ਵੱਡੇ ਰਾਜਸੀ ਨੇਤਾਵਾਂ ਤੱਕ ਦੀ ਸ਼ਹਿ ਪ੍ਰਾਪਤ ਰਹੀ ਹੈ। ਜਦਕਿ ਚਤਰਵੇਦੀ ਦਿੱਲੀ ਦੇ ਉਘੇ ਸਨਅਤਕਾਰ ਹਨ ਅਤੇ ਰਾਜ ਦੀ ਨੌਕਰਸ਼ਾਹੀ 'ਚ ਉਹਨਾਂ ਦੇ ਕਈ ਦੋਸਤ ਹਨ। ਦਿੱਲੀ ਦੀ ਸਰਹੱਦ 'ਤੇ ਸਥਿਤ ਕਈ ਮਹਿੰਗੇ ਇਲਾਕੇ ਨੋਇਡਾ 'ਚ ਕੁਝ ਚੋਣਵੇਂ ਲੋਕਾਂ ਨੂੰ ਜ਼ਮੀਨਾਂ ਦੀ ਗ਼ੈਰ ਕਾਨੂੰਨੀ ਅਲਾਟਮੈਂਟ ਨਾਲ ਸਬੰਧਤ ਘਪਲੇ 'ਚ ਉਹਨਾਂ ਦੀ ਸਮੂਲੀਅਤ ਨੂੰ ਲੈ ਕੇ 7 ਦਸੰਬਰ ਨੂੰ ਗਾਜੀਆਬਾਦ ਦੀ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਦੇ ਨਿਰਦੇਸ਼ 'ਤੇ ਉੱਚ ਸ਼੍ਰੇਣੀ ਦੇ ਇਸ ਸਾਬਕਾ ਆਈ. ਏ. ਐਸ ਅਧਿਕਾਰੀ ਦੀ ਸਨਸਨੀਖੇਜ ਗ੍ਰਿਫ਼ਤਾਰੀ ਰਾਜ 'ਚ ਹਰ ਕੋਈ ਹੱਕਾ-ਬੱਕਾ ਰਹਿ ਗਿਆ। ਰਾਜ ਦੀ ਆਈ. ਏ. ਐਸ ਐਸੋਸੀਏਸ਼ਨ ਦੀ ਤਰਫੋਂ 'ਸਭ ਤੋਂ ਵੱਡੇ ਭਰਿਸ਼ਟ ਅਧਿਕਾਰੀਆਂ 'ਚ ਦੂਜੀ ਲੜੀ 'ਤੇ ਸਥਿਤ ਅਧਿਕਾਰੀ ਐਲਾਨੇ ਜਾਣ ਤੋਂ ਇਲਾਵਾ ਭਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ 'ਚ ਘਿਰੀ ਯਾਦਵ ਮਾਰਚ 2003 'ਚ ਮੁਲਾਇਮ ਸਿੰਘ ਦੇ ਰਾਜ ਵਿੱਚ ਮੁੱਖ ਸਕੱਤਰ ਬਣਾਈ ਗਈ ਸੀ। ਦੇਸ਼ 'ਚ ਪਹਿਲੀ

ਵਾਰੀ ਇਕ ਔਰਤ ਅਜਿਹੇ ਅਹੁਦੇ ’ਤੇ ਪਹੁੰਚੀ ਸੀ ਪਰ ਇਹ ਜ਼ਿਆਦਾ ਦੇਰ ਤੱਕ ਇਸ ’ਤੇ ਟਿੱਕੀ ਨਹੀਂ ਰਹਿ ਸਕੀ। ਅਦਾਲਤ ਦੇ ਹੁਕਮ ’ਤੇ ਉਸ ਵੇਲੇ ਦੀ ਸਰਕਾਰ ਉਸ ਨੂੰ ਫੌਰਨ ਹਟਾ ਦਿੱਤਾ ਸੀ। ਹੁਣ ਸੀ. ਬੀ. ਆਈ. ਅਦਾਲਤ ਦਾ ਫੈਸਲਾ ਯਾਦਵ ਲਈ ਦੂਜਾ ਝਟਕਾ ਹੈ। ਪਲਾਟਾਂ ਦੀ ਵੰਡ ਦੇ ਘੁਟਾਲੇ ਸਬੰਧੀ ਦਾਇਰ ਪਟੀਸ਼ਨ ’ਤੇ 1998 ’ਚ ਸੁਪਰੀਮ ਕੋਰਟ ਦੇ ਹੁਕਮ ਪਿਛੋਂ ਮਾਮਲੇ ਦੀ ਜਾਂਚ ਕਰ ਰਹੀ ਸੀ. ਬੀ. ਆਈ. ਨੇ ਉਹਨਾਂ ਖ਼ਿਲਾਫ਼ ਦੋਸ਼ ਸੂਚੀ ਤਿਆਰ ਕੀਤੀ। ਜਿਸ ’ਚ ਪਾਇਆ ਗਿਆ ਕਿ ਨੋਇਡਾ ਦੀ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਉਹਨਾਂ ਨੂੰ ਜ਼ਮੀਨੀ ਵੰਡ ਦੇ ਨਿਯਮਾਂ ਦੀ ਤੋੜ ਮਰੋੜ ਕੀਤੀ, ਉਹਨਾਂ ਨੂੰ ਨਰਮ ਬਣਾ ਕੇ ਉੱਚੇ ਤੇ ਅਸਰਦਾਰ ਲੋਕਾਂ ਦੇ ਅਨੁਕੂਲ ਬਣਾਇਆ ਅਤੇ ਆਪਣੀਆਂ ਦੋ ਧੀਆਂ ਦੀ ਵੀ ਤਰਫ਼ਦਾਰੀ ਕੀਤੀ। ਸੀ. ਬੀ. ਆਈ. ਨੇ ਯੂਨੀਫਲੈਕਸ (ਪਹਿਲਾਂ ਨਾ ਫਲੇਕਸ ਇੰਡੀਆ) ਦੇ ਮਾਲਕ ਚਤਰਵੇਂਦੀ ਪ੍ਰਤੀ ਪੱਖਪਾਤ ਕਰਨ ਦੇ ਸਪੱਸ਼ਟ ਮਾਮਲੇ ’ਚ ਯਾਦਵ ’ਤੇ ਨਿਸ਼ਾਨਾ ਸੇਧਿਆ ਗਿਆ। ਸੀ. ਬੀ. ਆਈ. ਦੀ ਦੋਸ਼ ਸੂਚੀ ’ਚ ਕਿਹਾ ਗਿਆ ਹੈ ਕਿ ਯਾਦਵ ਨੇ ਜ਼ਮੀਨੀ ਵੰਡ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਤਰਵੇਦੀ ਤੋਂ ਚੈੱਕਾਂ ਦੇ ਨਾਲ ਇਨ ਅਰਜ਼ੀ ਹਾਸਲ ਕਰ ਲਈ ਤੇ ਉਹਨਾਂ ਦੇ ਲਈ ਅਲਾਟ 2800 ਵਰਗ ਮੀਟਰ ਦੇ ਜ਼ਮੀਨ ਦੇ ਟੋਟੇ ਦੀ ਦਰ ਵੀ ਘਟਾ ਕੇ 1200 ਰੁਪਏ ਪ੍ਰਤੀ ਵਰਗ ਮੀਟਰ ਕਰ ਦਿੱਤੀ। ਜਿਸ ਨਾਲ ਨੋਇਡਾ ਅਥਾਰਟੀ ਨੂੰ 1.12 ਕਰੋੜ ਰੁਪਏ ਦਾ ਨੁਕਸਾਨ ਹੋਇਆ। ਉਹਨਾਂ ਨੇ ਚਤਰਵੇਦੀ ਲਈ ਪਾਤਰਤਾ ਦੀ ਸ਼ਰਤ ਵਿੱਚ ਵੀ ਹੇਰਾਫੇਰੀ ਕੀਤੀ ਚਤੁਰਵੇਦੀ ਨੂੰ 4 ਸਾਲ ਜੇਲ੍ਹ ਤੋਂ ਇਲਾਵਾ 25000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਤਾਂ ਯਾਦਵ ਫੁੱਟ-ਫੁੱਟ ਕੇ ਰੋ ਪਈ। ਉਹਨਾਂ ਨਾਲ ਉਸ ਸਮੇਂ ਉਹਨਾਂ ਦੇ ਪਤੀ ਸਾਬਕਾ ਆਈ. ਪੀ. ਐਸ. ਅਧਿਕਾਰੀ ਮਹਿੰਦਰ ਸਿੰਘ ਯਾਦਵ ਸਨ। ਕੁਝ ਸਮਾਂ ਪਹਿਲਾਂ ਇਹ ਜੋੜੀ ਰਵਾਇਤੀ ਤੌਰ ’ਤੇ ਭਾਜਪਾ ’ਚ ਸ਼ਾਮਲ ਹੋਈ ਸੀ। 1971 ਬੈਚ ਦੀ ਆਈ. ਏ. ਐਸ. ਅਧਿਕਾਰ ਯਾਦਵ ਨੇ ਸੇਵਾ-ਮੁਕਤੀ ਤੋਂ ਸਿਰਫ਼ 3 ਮਹੀਨੇ ਪਹਿਲਾਂ ਸਵੈਇਛੁੱਕ ਰਿਟਾਇਰਮੈਂਟ ਲੈ ਲਈ ਸੀ। ਉਹ ਜਨਵਰੀ 1994 ਤੋਂ ਲੈ ਕੇ ਅਕਤੂਬਰ 1995 ਤੱਕ ਨੋਇਡਾ ਅਥਾਰਟੀ ਦੀ ਮੈਂਬਰ ਰਹੀ ਅਤੇ ਇਸ ਦੌਰਾਨ ਉਹਨਾਂ ’ਤੇ 36 ਕੇਸਾਂ ’ਚ ਗ਼ੈਰਕਾਨੂੰਨੀ ਅਲਾਟਮੈਂਟ ਅਤੇ ਜ਼ਮੀਨੀ ਵਰਤੋਂ ਤਬਦੀਲੀਆਂ ਦੇ ਦੋਸ਼ ਲੱਗੇ। ਇਹਨਾਂ ’ਚ ਉਹਨਾਂ ਦੀਆਂ ਉਸ ਵੇਲੇ ਕੁਆਰੀਆਂ ਅਤੇ ਹਾਰਵਰਡ ਤੇ ਕਰੋੜੀ ਮਲ ਕਾਲਜ ’ਚ ਪੜ੍ਹ ਰਹੀਆਂ ਦੋ ਬੇਟੀਆਂ ਸੁਰਭ ਤੇ ਸੰਸਕ੍ਰਿਤੀ ਦੇ ਕੇਸ ਵੀ ਸਨ। ਤਦ ਨੋਇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਦਾ ਰਾਜ ਵੀ ਉਨ੍ਹਾਂ ਕੋਲ ਸੀ। ਨੋਇਡਾ ਸਨਅਤੀ ਸੰਘ ਨੇ ਜ਼ਮੀਨ ਵੰਡ ਦੇ ਮਾਮਲੇ ਨੂੰ ਰਾਜ ਸਰਕਾਰ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਲੜਿਆ। 16 ਦਸੰਬਰ 1996 ਨੂੰ ਸੀ. ਬੀ. ਆਈ. ਨੇ ਉਸ ਵੇਲੇ ਦੇ ਨਿਰਦੇਸ਼ਕ ਜੋਗਿੰਦਰ ਸਿੰਘ ਨੇ ਉਸ ਵੇਲੇ ਦੇ ਗਵਰਨਰ ਰਮੇਸ਼ ਭੰਡਾਰੀ ਨੂੰ ਇੱਕ ਚਿੱਠੀ ਲਿਖ ਕੇ ਜਾਣੂ ਕਰਵਾਇਆ ਕਿ ਉਸ ਨੂੰ ਨੋਇਡਾ ’ਚ ਯਾਦਵ ਦੇ ਕਾਰਜਕਾਲ ਦੌਰਾਨ ਉਹਨਾਂ ਦੇ ਕਾਰਨਾਮਿਆਂ ਅਤੇ ਜ਼ਮੀਨੀ ਅਲਾਟਮੈਂਟ ਤੇ ਜ਼ਮੀਨੀ ਵਰਤੋਂ ਦੀ ਤਬਦੀਲੀ ’ਚ ਆਪਣੇ ਅਧਿਕਾਰਾਂ ਦੀ ਘੋਰ ਦੁਰਵਰਤੋਂ ਦੀ ਠੋਸ ਜਾਣਕਾਰੀ ਹੈ। ਸੀ. ਬੀ. ਆਈ. ਨਿਰਦੇਸ਼ਕ ਦੀ ਚਿੱਠੀ ਨਾਲ ਇਕ ਵਿਸਥਾਰਿਤ ਗੁਪਤ ਚਿੱਠੀ ਵੀ ਸ਼ਾਮਲ ਸੀ

ਜਿਸ 'ਚ ਯਾਦਵ ਦੀਆਂ ਦੋਨੋਂ ਬੇਟੀਆਂ, ਖ਼ੁਦ ਯਾਦਵ ਉਸ ਵੇਲੇ ਦੀ ਬਸਪਾ ਨੇਤਾ ਮਾਇਆਵਤੀ ਦੇ ਭਾਈਆਂ ਸੁਭਾਸ਼ ਕੁਮਾਰ ਅਤੇ ਆਨੰਦ ਕੁਮਾਰ, ਰਾਜ ਦੇ ਉਸ ਵੇਲੇ ਦੇ ਮੁੱਖ ਸਕੱਤਰ ਅਜੈ ਕੁਮਾਰ, ਅਗਿਨਸ਼ਮਨ ਸੇਵਾ ਦੇ ਉਸ ਵੇਲੇ ਦੇ ਮਹਾਂਨਿਦੇਸ਼ਕ ਐਸ. ਵੀ. ਐਮ. ਤ੍ਰਿਪਾਠੀ, ਆਈ. ਪੀ. ਐਸ. ਅਧਿਕਾਰੀ ਤੇ ਗਾਜੀਆਬਾਦ ਦੇ ਉਸ ਵੇਲੇ ਦੇ ਐਸ. ਐਸ. ਪੀ. ਏ. ਕੇ. ਜੈਨ ਅਤੇ ਨੋਇਡਾ ਦੇ ਐਸ ਪੀ. ਡੀ. ਜੇ ਘਿਲਿਡਆਲ ਨੂੰ ਕੀਤੀ ਝਮੇਲਿਆਂ ਭਰਪੂਰ ਅਲਾਟਮੈਂਟ ਦਾ ਵੇਰਵਾ ਸੀ। ਦਿਲਚਸਪ ਹੈ ਕਿ ਭੰਡਾਰੀ ਨੇ ਜੋਗਿੰਦਰ ਸਿੰਘ ਦੀ ਸੀ. ਬੀ. ਆਈ ਜਾਂਚ ਦੀ ਬੇਨਤੀ ਠੁਕਰਾ ਕੇ ਜਨਵਰੀ 1997 'ਚ ਜਸਟਿਸ ਮੁਰਤਜਾ ਹੁਸੈਨ ਦੀ ਪ੍ਰਧਾਨਗੀ 'ਚ ਨਿਆਂ ਕਮਿਸ਼ਨ ਗਠਿਤ ਕਰ ਦਿੱਤਾ ਪਰ ਯਾਦਵ ਲਈ ਇਹ ਰਾਹਤ ਦੀ ਗੱਲ ਨਹੀਂ ਸੀ। ਕਾਰਨ : ਜਸਟਿਸ ਹੁਸੈਨ ਨੇ ਉਹਨਾਂ ਖ਼ਿਲਾਫ਼ ਸ਼ਿਕਾਇਤਾਂ ਦੇ ਨਾਲ-ਨਾਲ ਸੀ. ਬੀ. ਆਈ. ਦੇ ਗੁਪਤਪੱਤਰ ਦੀ ਜਾਂਚ ਕੀਤੀ ਤਾਂ ਲੱਗਦਾ ਹੈ ਕਿ ਉਹ ਵੀ ਇਸ ਹੱਦ ਤੱਕ ਬੇਨਿਯਮੀਆਂ ਨੂੰ ਵੇਖ ਕੇ ਚਕਰਾ ਗਏ ਸਨ। ਜਸਟਿਸ ਹੁਸੈਨ ਦੀ ਰਿਪੋਰਟ ਨੇ ਵੀ ਪਲਾਟ ਅਲਾਟਮੈਂਟ ਤੇ ਪਾਲਟਾਂ ਦੀ ਵਰਤੋਂ 'ਚ ਤਬਦੀਲੀਆਂ ਸਬੰਧੀ ਯਾਦਵ ਨੂੰ ਦੋਸ਼ ਪਾਇਆ, ਹਾਲਾਂਕਿ ਉਹਨਾਂ ਦਾ ਕਹਿਣਾ ਸੀ ਕਿ ਲਾਭਪਾਤਰੀਆਂ ਤੋਂ ਉਹਨਾਂ ਵਲੋਂ ਰਿਸ਼ਵਤ ਲੈਣ ਦਾ ਕੋਈ ਸਬੂਤ ਨਹੀਂ ਹੈ। ਪਰ ਕਮਿਸ਼ਨ ਨੇ ਅੱਗੇ ਕਿਹਾ ਕਿ ਯਾਦਵ ਦੇ ਵਿਦੇਸ਼ 'ਚ ਧਨ-ਦੌਲਤ ਜਮ੍ਹਾਂ ਕਰਨ ਦੇ ਸੰਕੇਤ ਹਨ ਅਤੇ ਆਮਦਨ ਟੈਕਸ ਮਾਮਲੇ ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ। 1998 'ਚ ਸੁਪਰੀਮ ਕੋਰਟ ਨੇ ਜਨਹਿੱਤ ਪਟੀਸ਼ਨ 'ਤੇ ਸੀ. ਬੀ. ਆਈ. ਜਾਂਚ ਦਾ ਹੁਕਮ ਦਿੱਤਾ ਜਿਸ ਨੇ 2002 'ਚ ਯਾਦਵ ਦੇ ਖਿਲਾਫ਼ ਦੋਸ਼ ਸੂਚੀ ਦਾਖ਼ਲ ਕਰਕੇ ਉਹਨਾਂ 'ਤੇ ਮੁਕਦਮਾ ਚਲਾਉਣ ਦੀ ਇਜਾਜ਼ਤ ਮੰਗੀ ਪਰ ਰਾਜਪਾਲ ਮੋਤੀਲਾਲ ਵੋਹਰਾ ਨੇ ਇਹ ਇਜਾਜ਼ਤ ਨਾ ਦੇ ਕੇ ਮਾਮਲਾ ਵਿਜੀਲੈਂਸ ਹਵਾਲੇ ਕਰਨਾ ਬੇਹਤਰ ਸਮਝਿਆ। ਗੈਰ ਕਾਨੂੰਨੀ ਪਲਾਟ ਅਲਾਟਮੈਂਟ ਅਤੇ ਪਲਾਟ ਵਰਤੋਂ ਤਬਦੀਲੀ ਦੇ ਹਾਲਾਂਕਿ 36 ਕੇਸ ਸਨ ਪਰ ਸੀ. ਬੀ. ਆਈ. ਨੇ ਯਾਦਵ 'ਤੇ ਤਿੰਨ ਕੇਸਾਂ ਵਿੱਚ ਹੀ ਚਾਰਜਸ਼ੀਟ ਦਾਖਲ ਕੀਤੀ ਯੂਨੀਲੈਕਸ ਦੇ ਮਾਲਕ ਚਤੁਰਵੇਦੀ ਡਾ. ਮਹੇਸ਼ ਸ਼ਰਮਾ ਤੇ ਯਾਦਵ ਦੀ ਬੇਟੀਆਂ ਸੁਰਭੀ ਤੇ ਸੰਸਕ੍ਰਿਤੀ ਸਬੰਧੀ 17 ਦਸੰਬਰ ਨੂੰ ਸੀ. ਬੀ. ਆਈ. ਅਦਾਲਤ ਨੇ ਚਤੁਰਵੇਦੀ ਵਾਲੇ ਮਾਮਲੇ 'ਚ ਤਾਂ ਫੈਸਲਾ ਸੁਣਾ ਦਿੱਤਾ ਤੇ ਬਾਕੀ ਮਾਮਲੇ ਅਜੇ ਚੱਲ ਰਹੇ ਹਨ ਯਾਦਵ ਦੀ ਗ੍ਰਿਫ਼ਤਾਰੀ ਸੂਬੇ ਦੇ ਨੌਕਰਸ਼ਾਹੀ ਲਈ ਇਕ ਸਬਕ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰੀ ਤਾਣੇ-ਬਾਣੇ 'ਚ ਭਰਿਸ਼ਟਾਚਾਰ ਕਿਸ ਹੱਦ ਤੱਕ ਫੈਲ ਚੁੱਕਿਆ ਹੈ ਤੇ ਅਧਿਕਾਰੀਆਂ ਨੂੰ ਬਚਾਉਣ ਲਈ ਰਾਜਸੀ ਆਗੂ ਕਿਸ ਹੱਦ ਤੱਕ ਜਾ ਸਕਦੇ ਹਨ। ਮਹੇਸ ਗੁਪਤਾ 'ਤੇ ਮੁੱਕਦਮਾ ਚਲਾਉਣ ਦੀ ਇਜਾਜ਼ਤ ਨਾ ਦੇ ਕੇ ਸਰਕਾਰ ਨੇ ਪੂਰੀ ਸ਼ਹਿ ਦਿੱਤਾ। ਇਹੀ ਕੇਸ ਚੰਚਲ ਤਿਵਾੜੀ ਦਾ ਹੈ ਜਿਸ ਦਾ ਨਾਂ 4 PSIDC ਘਪਲੇ 'ਚ ਦਰਜ ਹੈ ਪਰ ਉਹ ਮਹੱਤਵਪੂਰਨ ਅਹੁਦੇ 'ਤੇ ਕਾਇਮ ਹਨ। ਦੋਨੋਂ ਆਈ. ਏ. ਐਸ. ਅਧਿਕਾਰੀ ਆਪਣੇ ਨੈੱਟ ਵਰਕ ਤੇ ਰਾਜਸੀ ਪ੍ਰਭੂਆਂ ਰਾਹੀਂ ਜਾਂਚ ਏਜੰਸੀਆਂ ਨੂੰ ਅੰਗੂਠਾ ਵਿਖਾ ਰਹੇ ਹਨ।

# ਕਿੰਨਾ ਕੁ ਕਾਰਗਰ ਹੈ ਫੋਨ ਟੈਪਿੰਗ ਦਾ ਖੁਫੀਆ ਧੰਦਾ?

ਸਾਰੀਆਂ ਮੋਬਾਇਲ ਸੇਵਾ ਕੰਪਨੀਆਂ ਦੇ ਦਸ ਲੱਖ ਤੋਂ ਵੱਧ ਕੁਨੈਕਸ਼ਨ ਪੂਰੇ ਸਾਲ ਕੇਂਦਰੀ ਏਜੰਸੀਆਂ ਦੀ ਨਿਗਰਾਨੀ 'ਚ ਹਨ। ਸਰਕਾਰ ਅਧਿਕਾਰਿਤ ਤੌਰ 'ਤੇ ਨਾ ਸਿਰਫ਼ ਨਵੀਂ ਦਿੱਲੀ 'ਚ 6000 ਫੋਨਾਂ ਨੂੰ ਹੀ ਗੁਪਤ ਰੂਪ 'ਚ ਸੁਨਣ ਦੀ ਗੱਲ ਮੰਨੇਗੀ। ਇਸ ਖੁਫੀਆ ਸੂਚੀ 'ਚ 400 ਅਫਸਰਸ਼ਾਹ ਤੇ ਫੌਜੀ ਅਧਿਕਾਰੀ ਸ਼ਾਮਲ ਹਨ ਜਿਹਨਾਂ 'ਤੇ ਨਜ਼ਰ ਰੱਖੀ ਜਾਂਦੀ ਹੈ ਇਸ ਤੋਂ ਇਲਾਵਾ ਕਾਰਪੋਰੇਟ ਜਗਤ ਦੀਆਂ 200 ਵੱਡੀਆਂ ਹਸਤੀਆਂ, 50 ਤੋਂ ਵੱਧ ਚੋਟੀ ਦੇ ਪੱਤਰਕਾਰ ਇੰਨੀ ਹੀ ਗਿਣਤੀ 'ਚ ਵਿਚੋਲੀਏ, ਹਥਿਆਰਾਂ ਦੇ ਦਰਜਨਾਂ ਸੌਦਾਗਰ, ਦੋ ਦਰਜਨ ਐਨ. ਜੀ. ਓ., ਸ਼ੱਕੀ ਦਹਿਸ਼ਤਗਰਦ, ਉਹਨਾਂ ਦੇ ਸਮਰਥਕ ਤੇ ਅਪਰਾਧੀ ਵੀ। ਨਿਗਰਾਨੀ ਦੇ ਦਾਇਰੇ ਨੂੰ ਵਧਾਉਣ ਦੀ ਕੋਸ਼ਿਸ਼ 'ਚ ਗ੍ਰਹਿ ਮੰਤਰਾਲੇ ਹੁਣ ਭਾਰਤੀ ਟੈਲੀਫ਼ੋਨ ਕਾਨੂੰਨ, 1885 'ਚ ਸੋਧ ਚਾਹੁੰਦਾ ਹੈ, ਤਾਂ ਕਿ ਫੋਨ ਤੇ ਇੰਟਰਨੈੱਟ ਨਾਲ ਨਿਗਰਾਨੀ ਨੂੰ ਮੰਜ਼ੂਰੀ ਮਿਲ ਸਕੇ। ਗ੍ਰਹਿ ਸਕੱਤਰ ਜੀ. ਕੇ ਪਿੱਲੇ ਦਾ ਕਹਿਣਾ ਹੈ ਕਿ ਗ੍ਰਹਿ ਮੰਤਰਾਲੇ ਦੇਸ਼ ਦੇ ਦੂਰ ਸੰਚਾਰ ਕਾਨੂੰਨਾਂ 'ਚ ਬਦਲਾਅ ਲਈ ਜ਼ੋਰ ਦੇ ਰਿਹਾ ਹੈ ਜਿਸ ਨਾਲ ਬੇਹੱਦ ਗੁਪਤ ਕਾਰਪੋਰੇਟ ਬਹਿਸ਼ਾਂ 'ਤੇ ਨਿਗਰਾਨੀ ਰੱਖਣ ਦੇ ਸਰਕਾਰ ਦੇ ਅਧਿਕਾਰ ਸਪੱਸ਼ਟ ਹੋਣ। ਇਸ ਕਾਨੂੰਨੀ ਰੂਪ ਨਾਲ ਜਾਇਜ਼ ਇੰਟਰਨੈੱਟ ਨੀਤੀ ਤੇ ਨਿਜਤਾ ਸਬੰਧੀ ਵੱਡੀਆਂ ਤਬਦੀਲੀਆਂ ਦਾ ਹੀ ਹਿੱਸਾ ਹੋਣਗੇ। ਇਸ ਤਰ੍ਹਾਂ ਦੀ ਕੇਂਦਰੀ ਵਾਇਰਟੈਪ ਦੀ ਇਜਾਜ਼ਤ ਦੇਣ ਦਾ ਅਧਿਕਾਰ ਦੇਣ ਵਾਲੇ ਪਿੱਲੇ ਨੂੰ ਰੋਜ਼ਾਨਾ ਇਸ ਤਰ੍ਹਾਂ ਦੀਆਂ ਸੈਂਕੜੇ ਅਰਜ਼ੀਆਂ ਹਾਸਲ ਹੁੰਦੀਆਂ ਹਨ ਜਿਹਨਾਂ 'ਚ ਇਲੈਕਟ੍ਰਾਨਿਕ ਨਿਗਰਾਨੀ ਦੀ ਮੰਗ ਕੀਤੀ ਜਾਂਦੀ ਹੈ। ਬਹੁਤੀਆਂ ਬੇਨਤੀਆਂ ਇੰਟੈਲੀਜੈਂਸ ਬਿਊਰੋ (IB), ਆਮਦਨ ਟੈਕਸ ਵਿਭਾਗ, ਸੀ. ਬੀ. ਆਈ. ਰੈਵਨਿਊ ਸੂਚਨਾ ਨਿਦੇਸ਼ਾਲਿਆ (DRI) ਅਤੇ ਪ੍ਰਤਿਆਵਰਤਨ ਨਿਦੇਸ਼ਾਲਿਆ (ਈ. ਡੀ.) ਤੋਂ ਹਾਸਲ ਹੁੰਦੀਆਂ ਹਨ। ਇਸ ਤੋਂ ਇਲਾਵਾ ਸੂਬਾਈ ਏਜੰਸੀਆਂ ਤੋਂ ਵੀ ਬੇਨਤੀਆਂ ਆਉਂਦੀਆਂ ਰਹਿੰਦੀਆਂ ਹਨ ਜਿਹਨਾਂ ਨੂੰ ਕੇਂਦਰੀ ਹਕੂਮਤ ਵਾਲੇ ਰਾਜਾਂ 'ਚ ਫੋਨ ਟੈਪਿੰਗ ਲਈ ਗ੍ਰਹਿ ਮੰਤਰਾਲੇ ਦੀ ਇਜਾਜ਼ਤ ਦੀ ਲੋੜ ਹੁੰਦੀ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਪਹਿਲੇ ਹਫ਼ਤੇ ਬਿਨ੍ਹਾਂ ਇਜਾਜ਼ਤ ਲਏ ਫੋਨ ਟੇਪ ਕਰ ਸਕਦੀਆਂ ਹਨ, ਅਸਲ 'ਚ ਕੰਮਜ਼ੋਰ ਦਲੀਲਾਂ ਕੰਮ ਕਰਦੀਆਂ ਹਨ। ਅਪਰਾਧ, ਅੱਤਵਾਦ ਪ੍ਰਚਿਤ ਅਪਰਾਧ ਹਨ ਪਰ ਜੋ ਕਿਸੇ ਨੂੰ ਤੰਗ ਕਰਨ ਦੇ ਬਹੁਪੱਧਰੀ ਮੌਕੇ ਮੁਹੱਈਆ ਕਰਵਾਉਂਦੇ ਹਨ। ਹਰੇਕ ਸੂਬਾ ਕਿਸੇ ਵੀ ਸਮੇਂ ਔਸਤਨ ਦੋ ਤੋਂ ਤਿੰਨ ਹਜ਼ਾਰ ਫੋਨਾਂ 'ਤੇ ਨਿਗਰਾਨੀ ਰੱਖ ਸਕਦਾ ਹੈ। ਫੋਨ ਟੈਪਿੰਗ ਗੈਰਜਥੇਬੰਦ ਹੈ। ਵੱਖ-ਵੱਖ ਏਜੰਸੀਆਂ ਆਪਣੇ ਢੰਗ ਨਾਲ ਇਕਲਿਆਂ ਹੀ ਫੋਨ ਟੇਪ ਕਰਦੀਆਂ ਹਨ, ਕਈ ਵਾਰੀ ਤਾਂ ਇਕ ਮੋਬਾਇਲ ਨੰਬਰ 'ਤੇ ਰਾਜ ਤੇ ਕੇਂਦਰ ਦੀਆਂ ਕਈ ਏਜੰਸੀਆਂ ਨਜ਼ਰ ਰੱਖ ਰਹੀਆਂ ਹੁੰਦੀਆਂ ਹਨ। ਅਤੀਆਧੁਨਿਕ ਉਪਰਕਣਾਂ ਦੀ ਬਹੁਤਾਤ ਤੇ ਸੈਂਟਰਲ ਡਾਟਾਬੇਸ ਦੀ ਘਾਟ 'ਚ ਸਮੱਸਿਆ ਹੋਰ

ਵੀ ਗੰਭੀਰ ਹੋ ਜਾਂਦੀ ਹੈ। ਕੁਝ ਵਿਸ਼ੇਸ਼ ਕਾਨੂੰਨਾਂ ਨੂੰ ਛੱਡ ਕੇ ਵਾਇਰਟੈਪ ਨੂੰ ਸਿਰਫ਼ ਸਹਾਇਕ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ। ਪਰ ਟੇਪਿੰਗ ਏਨੀ ਸੌਖੀ ਹੈ ਕਿ ਇਹ ਕਾਨੂੰਨ ਤਬਦੀਲੀ ਅਧਿਕਾਰੀਆਂ ਲਈ ਪਹਿਲਾਂ ਸਹਾਰਾ ਬਣ ਗਿਆ ਹੈ। ਇਕ ਉਪਾਅ ਵਜੋਂ ਫੋਨ ਟੇਪਿੰਗ 'ਤੇ ਵਧਦੇ ਭਰੋਸੇ ਸਬੰਧੀ ਨਿਗਰਾਨੀ ਮਹਿਕਮਾ ਮਜ਼ਬੂਤ ਹੀ ਹੁੰਦਾ ਹੈ। ਸਮਾਜਕ ਕਰਤਾ ਅਮਰੀਕੀ ਵਿਵਸਥਾ ਦੀ ਵਕਾਲਤ ਕਰਦਾ ਹੈ ਜਿੱਥੇ ਸਿਰਫ਼ ਜੱਜ ਗਵਾਹਾਂ ਦਾ ਨਿਰੀਖਣ ਕਰਨ ਪਿਛੋਂ ਹੀ ਵਾਇਰਟੈਪ ਦੀ ਇਜਾਜ਼ਤ ਦਿੰਦਾ ਹੈ। ਨਾਗਰਿਕ ਆਜ਼ਾਦੀ ਕਾਫ਼ੀ ਮਹੱਤਵਪੂਰਨ ਹੈ ਅਤੇ ਉਸ ਨੂੰ ਕਾਰਜਪਾਲਿਕਾ ਜਾਂ ਗ੍ਰਹਿ ਮੰਤਰਾਲੇ ਦੇ ਰਹਿਮ 'ਤੇ ਨਹੀਂ ਛੱਡਿਆ ਜਾ ਸਕਦਾ, ਇਥੇ ਗਲਤ ਇਜਾਜ਼ਤ ਦੇਣ ਦਾ ਪੂਰਾ ਖ਼ਤਰਾ ਮੌਜੂਦ ਹੈ, ਸਿੱਟੇ ਵਜੋਂ ਪੱਖਪਾਤੀ ਟੇਪਿੰਗ ਹੋ ਸਕਦੀ ਹੈ। ਫੋਨ ਟੇਪਿੰਗ ਨੂੰ ਭਾਰਤੀ ਟੈਲੀਗ੍ਰਾਫ਼ ਕਾਨੂੰਨ ਦੀ ਧਾਰਾ 5 ਦੀਆਂ ਆਮ ਵਿਵਸਥਾਵਾਂ ਤਹਿਤ ਮੰਜ਼ੂਰੀ ਦਿੱਤੀ ਜਾਂਦੀ ਹੈ ਪਰ ਅਜਿਹਾ ਸਿਰਫ਼ "ਜਨਤਕ ਐਮਰਜੰਸੀ ਜਾਂ ਲੋਕ ਸੁਰੱਖਿਆ ਲਈ ਹੀ ਕੀਤਾ ਜਾ ਸਕਦਾ ਹੈ ਸੁਪਰੀਮ ਕੋਰਟ ਨੇ 1997 'ਚ ਜਸਟਿਸ ਸੰਚਾਰ ਦੀ ਪਟੀਸ਼ਨ ਦੇ ਜਵਾਬ 'ਚ ਗੱਲਬਾਤ ਟੇਪ ਕਰਨ ਦੇ ਪੰਜ ਕਾਰਨ ਨਿਰਧਾਰਿਤ ਕੀਤੇ ਸਨ। ਕੌਮੀ ਅਖੰਡਤਾ ਤੇ ਏਕਤਾ, ਰਾਜ ਦੀ ਸੁਰੱਖਿਆ, ਹੋਰ ਦੇਸ਼ਾਂ ਦੇ ਨਾਲ ਦੋਸਤਾਨਾ ਸਬੰਧਾਂ, ਜਨਤਕ ਵਿਵਸਥਾ ਬਣਾਈ ਰੱਖਣ ਜਾਂ ਅਪਰਾਧ 'ਤੇ ਕਾਬੂ ਪਾਉਣ ਖਾਤਰ। ਸਾਬਕਾ ਆਈ. ਪੀ. ਐਸ. ਅਧਿਕਾਰੀ ਤੋਂ ਵਕੀਲ ਬਣੇ ਵਾਈ. ਪੀ. ਸਿੰਘ ਕਹਿੰਦੇ ਹਨ : "ਟੈਕਸ ਚੋਰੀ ਤੇ ਭਰਿਸ਼ਟਾਚਾਰ ਦੇ ਅਸਧਾਰਨ ਕੇਸਾਂ 'ਚ ਫੋਨ ਟੈਪਿੰਗ ਕੀਤੀ ਜਾਣੀ ਚਾਹੀਦੀ ਹੈ" ਸੱਤ ਕੇਂਦਰੀ ਏਜੰਸੀਆਂ ਫੋਨ ਟੇਪ ਕਰਨ ਦਾ ਅਧਿਕਾਰ ਰੱਖਦੀਆਂ ਹਨ। ਆਈ ਬੀ, ਈ. ਡੀ., ਦਿੱਲੀ ਪੁਲਸ, ਸੀ. ਬੀ. ਆਈ., ਡੀ. ਆਰ. ਈ., ਕੇਂਦਰੀ ਆਰਥਕ ਖੁਫੀਆ ਬਿਊਰੋ ਤੇ ਨਾਰਕੋਟਿਕਸ ਕੰਟਰੋਲ ਬਿਊਰੋ ਆਈ. ਬੀ. ਤੇ ਸਾਬਕਾ ਡਾਇਰੈਕਟਰ ਅਰੁਣ ਭਗਤ ਅਨੁਸਾਰ ਫੋਨ ਟੇਪਿੰਗ ਕਾਨੂੰਨੀ ਹਥਿਆਰ ਹੈ, ਇਸ ਨੂੰ ਅਦਾਲਤ ਦੀ ਸੁਰੱਖਿਅਤ ਨਿਗਰਾਨੀ 'ਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਫਿਰ ਬਹੁਤ ਘੱਟ ਅਧਿਕਾਰੀਆਂ ਦੀ ਹੀ ਇਸ ਤੱਕ ਪਹੁੰਚ ਹੋਣੀ ਚਾਹੀਦੀ ਹੈ। ਟੇਪ ਲੀਕ ਹੋਣ ਦੇ ਮਾਇਨੇ ਅਪਰਾਧਿਕ ਖੁਫੀਆਂ ਸੂਚਨਾਵਾਂ ਲੀਕ ਹੋਣਾ ਹੈ, ਇਸ ਦਾ ਨਾਂ ਸਿਰਫ਼ ਬੰਦੇ 'ਤੇ ਉਲਟਾ ਅਸਰ ਪੈਂਦਾ ਹੈ ਬਲਕਿ ਇਹ ਜਾਂਚ ਲਈ ਵੀ ਖ਼ਤਰਨਾਕ ਹੈ" ਸ਼ੱਕ ਦੀ ਕੋਈ ਗੁਜਾਇਸ਼ ਤੁਹਾਨੂੰ ਜਾਂਚ ਦੇ ਘੇਰੇ 'ਚ ਲਿਆ ਸਕਦੀ ਹੈ। ਆਈ. ਏ. ਐਸ. ਅਧਿਕਾਰੀ ਰਵੀਇੰਦਰ ਸਿੰਘ ਦੀ ਆਲੀਸ਼ਾਨ ਜੀਵਨ ਸ਼ੈਲੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਦੇ ਮਨ 'ਚ ਸ਼ੱਕ ਪੈਦਾ ਕਰਨ ਲਈ ਕਾਫ਼ੀ ਸੀ ਇਸ ਅਫ਼ਸਰਸ਼ਾਹ ਦੇ ਦੋਸਤ ਤੇ ਸਹਿਦੋਸ਼ੀ ਵਿਨੀਤ ਕੁਮਾਰ ਨੇ ਸ਼ਾਨਦਾਰ ਤੇ ਅਰਾਮਦਾਇਕ ਗੈਸਟ ਹਾਊਸ ਦੀ ਖਾਤਰ ਸਰਕਾਰੀ ਰਿਹਾਇਸ਼ ਦੀ ਸਹੂਲਤ ਨੂੰ ਠੁਕਰਾ ਦਿੱਤਾ, ਉਹਨਾਂ ਦੇ ਫੋਨ ਕਾਲਾਂ ਦੀ ਨਿਗਰਾਨੀ ਕੀਤੀ ਗਈ ਤਾਂ ਉਹਨਾਂ ਨੂੰ "ਯੂਕਰੇਨੀ ਤੇ ਰੂਸੀ ਸਾਫਟਵੇਅਰ" ਦੀ ਗੱਲ ਕਰਦੇ ਸੁਣਿਆ ਗਿਆ। ਇਹ ਵੇਸ਼ਵਾਵਾਂ ਲਈ ਕੋਡ ਸੀ। ਹੋਟਲਾਂ ਨੂੰ ਹਾਰਡਵੇਅਰ ਕਿਹਾ ਜਾਂਦਾ ਸੀ ਜਦ ਕਿ ਰਿਸ਼ਵਤ ਨੂੰ ਲੱਡੂ। ਉਹਨਾਂ 'ਤੇ ਅਮਰੀਕਾ ਦੀ ਟੈਲੀਕਾਮ ਕੰਪਨੀ ਟੈਲੀ ਕਾਰਡਿਆ ਨੂੰ ਮੋਬਾਇਲ

ਨੰਬਰ ਪੋਰਟੇਬਿਲਟੀ ਲਈ ਮੰਜ਼ੂਰੀ ਦੇਣ ਦਾ ਦੋਸ਼ ਲਾਇਆ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਦਰਜਨ ਭਰ ਹੋਰ ਅਫਸਰ ਸ਼ਾਹਾਂ ਨੂੰ ਵੀ ਇਹਨਾਂ ਕਾਰਨਾਂ ਕਰਕੇ ਨਿਗਰਾਨੀ 'ਚ ਰੱਖਿਆ ਗਿਆ ਸੀ ਪਰ ਹਰੇਕ ਕਨੂੰਨੀ ਮਾਮਲੇ 'ਚ ਸੈਂਕੜੇ ਗੈਰ ਕਾਨੂੰਨੀ ਵਾਇਰਟੈਪ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ। ਪੰਜ ਸਾਲ ਪਹਿਲਾਂ ਮੁੰਬਈ ਦੇ ਇਕ ਅਖ਼ਬਾਰ ਨੇ ਅਭਿਨੇਤਾ ਸਲਮਾਨ ਖਾਨ ਦੀ ਖਰੀ-ਖਰੀ ਗੱਲਬਾਤ ਛਾਪੀ ਸੀ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਟੇਪ 'ਚ ਮੌਜ਼ੂਦ ਆਵਾਜ਼ ਖਾਨ ਦੀ ਨਹੀਂ ਹੈ। ਇਸ ਤਰ੍ਹਾਂ ਗ਼ੈਰ ਕਾਨੂੰਨ ਫੋਨ ਟੇਪਿੰਗ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਗਈ, ਬਾਤਚੀਤ ਸ਼ਹਿਰ ਦੀ ਅਪਰਾਧ ਸ਼ਾਖਾ ਤੋਂ ਲੀਕ ਹੋਈ ਸੀ। ਚਾਰ ਪ੍ਰਾਈਵੇਟ ਜਸੂਸਾਂ ਨੂੰ 2005 'ਚ ਸਪਾ ਨੇਤਾ ਅਮਰ ਸਿੰਘ ਦੇ ਫੋਨ ਰਿਕਾਰਡ ਗ਼ੈਰ-ਕਾਨੂੰਨੀ ਤੌਰ 'ਤੇ ਹਾਸਲ ਕਰਨ ਲਈ ਘੇਰਿਆ ਗਿਆ ਸੀ। ਪਰ ਉਦੋਂ ਕੀ ਜਦੋਂ ਗ਼ੈਰ ਕਾਨੂੰਨੀ ਤੌਰ 'ਤੇ ਟੈਪ ਕੀਤੀ ਗੱਲਬਾਤ ਗਲਤ ਕੰਮ ਦਾ ਸਬੂਤ ਬਣ ਜਾਵੇ। ਅਧਿਕਾਰੀ ਕਹਿੰਦੇ ਹਨ ਕਿ ਗ੍ਰਹਿ ਸਕੱਤਰ ਤੋਂ ਪਿਛਲੀ ਤਰੀਕ 'ਚ ਅਰਜ਼ੀ ਮੰਗੀ ਜਾਂਦੀ ਹੈ। ਹਰੇਕ ਏਜੰਸੀ ਨੂੰ ਫੋਨ ਨੂੰ ਨਿਗਰਾਨੀ 'ਚ ਲੈਣ ਤੋਂ ਪਹਿਲਾਂ ਅਥਾਰਟੀ ਸਲਿਪ ਭਰਨੀ ਪੈਂਦੀ ਹੈ। ਰਾਜਾਂ 'ਚ ਰਾਜ ਦੇ ਗ੍ਰਹਿ ਸਕੱਤਰ ਇਹਨਾਂ 'ਤੇ ਦਸਤਖਤ ਕਰਦੇ ਹਨ। ਕਾਨੂੰਨੀ ਤੌਰ 'ਤੇ ਨੇਤਾਵਾਂ ਦੇ ਫੋਨ ਟੈਪ ਨਹੀਂ ਕੀਤੇ ਜਾ ਸਕਦੇ। ਸਲਿਪ ਤੇ ਵਿਸ਼ੇਸ਼ ਜ਼ਿਕਰ ਹੁੰਦਾ ਹੈ ਕਿ ਜਿਸ ਬੰਦੇ ਦਾ ਫੋਨ ਟੇਪ ਕੀਤਾ ਜਾਵੇਗਾ ਉਹ ਲੋਕਾਂ ਵਲੋਂ ਚੁਣਿਆ ਨਹੀਂ ਹੋਣਾ ਚਾਹੀਦਾ। ਸੈਲੂਲਰ ਫੋਨਾਂ ਦੇ ਆਉਣ ਤੋਂ ਪਹਿਲਾਂ ਰਾਜ ਦੀਆਂ ਏਜੰਸੀਆਂ ਟੈਲੀਫੋਨ ਪੋਲ ਦੇ ਸਮਾਨੰਤਰ ਲਾਇਨਾਂ ਲੈਂਦੀਆਂ ਸਨ, ਉਹਨਾਂ ਦੇ ਨੇੜੇ ਹੀ ਰਹਿਣ ਦਾ ਪ੍ਰਬੰਦ ਕਰਦੀਆਂ ਸਨ ਜਾਂ ਫਿਰ ਉਹ ਟਪਰੀਵਾਸਾਂ ਵਾਂਗੂੰ ਤੰਬੂ ਲਾ ਕੇ ਰਹਿੰਦੇ ਸਨ। ਅਕਸਰ ਨਿਸ਼ਾਨਾ ਬਣਾਏ ਜਾ ਰਹੇ ਸਖ਼ਸ਼ ਨੂੰ ਫੋਨ 'ਚ ਦਿੱਕਤ ਆਉਂਦਿਆਂ ਹੀ ਪਤਾ ਲੱਗ ਜਾਂਦਾ ਸੀ ਕਾਲ ਸੁਣੀ ਜਾ ਸਕਦੀ ਸੀ। ਰਿਕਾਰਡ ਨਹੀਂ ਕੀਤੀ ਜਾ ਸਕਦੀ ਸੀ। ਸੈੱਲਫੋਨਾ ਨੇ ਵਿਉਂਤਬੱਧ ਅਪਰਾਧ ਸਿੰਡੀਕੇਟ ਨੂੰ ਗਤੀ ਤੇ ਗੁਮਨਾਮੀ ਦਿੱਤੀ। ਕੁਨੈਕਸ਼ਨ ਫਰਜ਼ੀ ਨਾਂ 'ਤੇ ਵੀ ਲਿਆ ਜਾ ਸਕਦਾ ਹੈ। 1990 ਦੇ ਦਹਾਕੇ ਦੇ ਮੱਧ 'ਚ ਅਪ੍ਰੇਟਰ ਕਾਲ ਦਾ ਰਿਕਾਰਡ ਰੱਖਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸਨ। ਨਿਗਰਾਨੀ ਤੋਂ ਪਹਿਲਾਂ ਮਾਮਲੇ 'ਚ ਉੱਤਰ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ (ਐਸ. ਟੀ. ਐਫ.) ਦੇ ਡਿਪਟੀ ਸੁਪਰਡੈਂਟ ਰਾਜੇਸ਼ ਪਾਂਡੇ ਨੇ ਇਲਾਹਾਬਾਦ ਦੇ ਇਕ ਟੈਲੀਕਾਮ ਇੰਜਨੀਅਰ ਤੋਂ ਟਾਈਪਰਾਈਟਰ ਦੇ ਸਾਈਜ਼ ਦਾ ਇੰਟਰਸੈਪਸ਼ਨ ਬਾਕਸ ਤਿਆਰ ਕਰਵਾਇਆ ਸੀ। ਬਾਕਸ ਨੂੰ ਕੋਲ ਰੱਖਿਆ ਜਾਂਦਾ ਅਤੇ ਉਸ ਨੂੰ ਸਵਿਚਿੰਗ ਸਟੇਸ਼ਨ ਨਾਲ ਜੋੜਿਆ ਜਾਂਦਾ। ਅੱਜ ਸੈਲੂਲਰ ਸੇਵਾ ਮੁਹੱਈਆ ਕਰਾਉਣ ਵਾਲੀ ਹਰੇਕ ਕੰਪਨੀ ਦਾ ਇੱਕ ਐਗਰੀਗੇਸ਼ਨ ਸਟੇਸ਼ਨ ਹੁੰਦਾ ਹੈ। ਜੋ ਸਰਵਰਾਂ ਨੂੰ ਜੋੜਨ ਵਾਲਾ ਹੁੰਦਾ ਹੈ। ਇਸ ਨੂੰ ਮੀਡੀਏਸ਼ਨ ਸਰਵਿਸ਼ਸ਼ ਕਿਹਾ ਜਾਂਦਾ ਹੈ ਕਿਉਂਕਿ ਇਹ ਸੈਲੂਲਰ ਅਪਰੇਟਰ ਤੇ ਕਾਨੂੰਨ ਪ੍ਰਵਰਤਨ ਏਜੰਸੀਆਂ ਵਿਚਕਾਰੀ ਵਿਚੋਲਗੀ ਕਰਦੇ ਹਨ, ਇਹਨਾਂ ਦੇ ਰਾਹੀਂ ਫੋਨ ਨੂੰ ਟੈਪ ਕੀਤਾ ਜਾਂਦਾ ਹੈ। ਦੋ ਤਰਾਂ ਦੀਆਂ ਇੰਟਰਸੈਪਸ਼ਨ ਸਹੂਲਤਾਂ ਹਨ-ਇੰਟੀਗ੍ਰੇਟਡ ਸਰਵਸ਼ਿਸ਼ ਡਿਜ਼ੀਟਲ ਨੈੱਟ ਵਰਕ (ISDN) ਅਤੇ ਲੀਜ਼ ਲਾਈਨ/ਆਈ ਐਸ ਡੀ ਐਨ ਦੇ ਤਹਿਤ

ਮੀਡੀਏਸ਼ਨ ਸਰਵਰ ਕਾਲ ਨੂੰ ਫੜਦਾ ਹੈ ਤੇ ਫਿਰ ਉਸ ਨੂੰ ਪ੍ਰਾਇਮਰੀ ਰੇਟ ਇੰਟਰਫੇਸ (PRI) ਰਾਹੀਂ ਸਰਕਾਰੀ ਏਜੰਸੀ ਦੇ ਦਫ਼ਤਰ ਨੂੰ ਜਾਣੂ ਕਰਾਉਂਦਾ ਹੈ। ਪੁਲਸ ਪੀਆਰ ਆਈ ਲਾਈਨ 'ਤੇ ਫੋਨ ਨੂੰ ਸੁਣ ਸਕਦੀ ਹੈ ਅਤੇ ਇਸ ਨਾਲ ਜੁੜੇ ਕੰਪਿਊਟਰ 'ਚ ਰਿਕਾਰਡਿੰਗ ਸਟੋਰ ਕਰ ਸਕਦੀ ਹੈ। ਨਾਲ ਹੀ ਨਾਲ ਫੜੀ ਗਈ ਕਾਲ ਦੀ ਸਾਊਂਡ ਫਾਇਲ ਵੀ ਰਿਕਾਰਡ ਹੋ ਜਾਂਦੀ ਹੈ ਅਤੇ ਮੀਡੀਏਸ਼ਨ ਸਰਵਰ 'ਤੇ ਸਟੋਰ ਹੋ ਜਾਂਦੀ ਹੈ। ਆਈ. ਐਸ. ਡੀ. ਐਨ. 'ਚ ਕਾਲ ਨਾਲ ਸਬੰਧਿਤ ਡਾਟਾ ਅਸਲ ਸਮੇਂ 'ਚ ਹਾਸਲ ਨਹੀ ਹੁੰਦਾ। 64 ਕੇ ਬੀ ਪੀ ਐਸ ਦੀ ਮੱਠੀ ਰਫਤਾਰ ਕਾਰਨ 2-3 ਮਿੰਟ ਲੱਗ ਹੀ ਜਾਂਦੇ ਹਨ। ਡਾਟਾ ਪੈਕੇਟ ਟ੍ਰੈਫਿਕ 'ਚ ਗੁਆਚ ਜਾਂਦਾ ਹੈ ਅਤੇ ਕਾਲ ਪੀ ਆਰ ਆਈ ਲਾਇਨ ਤਕ ਨਹੀਂ ਪਹੁੰਚਦੀ। ਲੀਜ਼ ਲਾਇਨ 'ਚ ਸਰਵਿਸ ਮੁਹੱਈਆਂ ਕਰਾਉਣ ਵਾਲੀ ਕੰਪਨੀ ਏਜੰਸੀ ਨੂੰ ਫਾਸਟ ਸਪੀਡ ਵਾਲੇ ਫਾਈਬਰ ਆਪਟਕ ਕੇਵਲ ਕਨੇਕਸ਼ਨ ਰਾਹੀਂ ਆਪਣੇ ਮੁੱਖ ਨੈਟਵਰਕ ਤੱਕ ਪਹੁੰਚ ਕੇ ਮੁਹਈਆ ਕਰਵਾਉਂਦੀ ਹੈ। ਕਾਲ ਨਾਲ ਸਬੰਧਤ ਡਾਟਾ ਨਾ ਸਿਰਫ ਅਸਲ ਸਮੇਂ 'ਚ 2 ਐਮ. ਸੀ. ਪੀ. ਐਸ. ਦੀ ਬਿਜਲਈ ਰਫਤਾਰ ਨਾਲ ਤਬਦੀਲ ਹੋ ਜਾਂਦਾ ਹੈ, ਕਿਸੇ ਵੀ ਕਾਲ ਦੇ ਛੁੱਟਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਪਰ ਫਾਇਬਰ ਆਪਟਿਕ ਕੇਬਲ ਕਨੈਕਸ਼ਨ ਦੀ ਲਾਗਤ ਵੱਧ ਆਉਣ ਕਰਕੇ ਰਾਜ ਦੀਆਂ ਏਜੰਸੀਆਂ ਆਈ ਐਸ ਡੀ ਐਨ ਲਾਈਨਾਂ 'ਤੇ ਨਿਰਭਰ ਕਰਦੀਆਂ ਹਨ। ਸੇਵਾ ਮੁਹੱਈਆ ਕਰਾਉਣ ਵਾਲੀ ਕੰਪਨੀ ਇੱਕ ਨੰਬਰ ਦੀ ਕਾਲ ਨੂੰ ਫੜਣ ਦੀ ਸਹੂਲਤ ਕਿਸੇ ਵੀ ਸਮੇਂ ਅੱਠ ਏਜੰਸੀਆਂ ਨੂੰ ਦੇ ਸਕਦੀ ਹੈ। ਨਿਗਰਾਨੀ ਦੀਆਂ ਆਮ ਵਿਧੀਆਂ 'ਚ ਵਿਅਕਤੀ ਦੇ ਕਾਲ ਦੇ ਡਾਟਾ ਰਿਕਾਰਡ (ਸੀਡੀਆਰ) ਜਾਂ ਫਿਰ ਡਾਇਲ ਜਾਂ ਰਸੀਵ ਕੀਤੇ ਨੰਬਰਾਂ ਦੀ ਸੂਚੀ ਨੂੰ ਦਿੱਤਾ ਜਾਣਾ ਸ਼ਾਮਲ ਰਹਿੰਦਾ ਹੈ। ਇਸ ਤੋਂ ਇਲਾਵਾ ਸਰਕਾਰ ਦੀ ਇਜਾਜ਼ਤ ਦੀ ਲੋੜ ਨਹੀਂ ਰਹਿੰਦੀ। ਵਿਸ਼ੇਸ਼ ਸਾਫਟ ਵੇਅਰ ਰਾਹੀਂ; ਸੀਡੀਆਰ ਤੇਜ਼ੀ ਨਾਲ 'ਰਿਲੇਸ਼ਨਸ਼ਿਪ ਟ੍ਰੀ' ਜਾਂ ਚਾਰਟਸ ਦੀ ਉਸਾਰੀ ਕਰ ਦਿੰਦਾ ਹੈ। ਜੋ ਹਜ਼ਾਰਾਂ ਕਾਲਾਂ 'ਚ ਸਬੰਧਤਾਂ ਨੂੰ ਵਿਖਾਉਂਦਾ ਹੈ। ਤਕਨੋਲੋਜੀ ਨਿੱਜੀ ਆਜ਼ਾਦੀ 'ਤੇ ਵਾਰ ਹੈ। ਧਨੀ ਤੇ ਪ੍ਰਸਿੱਧ ਲੋਕ ਕੋਸ਼ਿਸ਼ ਕਰਦੇ ਹਨ ਅਤੇ ਬਚ ਨਿਕਲਦੇ ਹਨ। ਟੈਪ ਹੋਈ ਆਪਣੀ ਇੱਕ ਗੱਲਬਾਤ 'ਚ ਨੀਰਾ ਰਾਡੀਆ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕਰੁਣਾਨਿਧੀ ਦੀ ਪਤਨੀ, ਰਜਤੀ ਦੇ ਚਾਰਟਡ ਅਕਾਊਂਟੈਂਟ ਨੂੰ ਆਪਣੇ ਟਾਟਾ ਡੁਕੋਮੋ ਦੇ ਨੰਬਰ 'ਤੇ ਕਾਲ ਕਰਨ ਨੂੰ ਕਿਹਾ ਸੀ। ਕਾਨੂੰਨੀ ਤੌਰ 'ਤੇ ਕਿਸੇ ਫੋਨ ਨੂੰ ਉਦੋਂ ਹੀ ਟੈਪ ਕੀਤਾ ਜਾ ਸਕਦਾ ਹੈ ਜਦ ਉਸ ਟੈਲੀਕਾਮ ਸਰਵਿਸ ਕੰਪਨੀ ਨੂੰ ਲਿਖਤੀ ਰੂਪ 'ਚ ਇਸ ਦੀ ਜਾਣਕਾਰੀ ਦਿੱਤੀ ਜਾਵੇ। ਜ਼ਾਹਿਰ ਹੈ ਮਡੀਆ ਆਪਣੇ ਗਾਹਕ ਟਾਟਾ ਵਲੋਂ ਮੁਹੱਈਆ ਕਰਾਏ ਆਪਣੇ ਨੰਬਰ ਤੇ ਵੱਧ ਸੁਰੱਖਿਅਤ ਮਹਿਸੂਸ ਕਰਦੀ ਹੋਵੇਗੀ। ਇਸ 'ਚ ਕੋਈ ਹੈਰਾਨੀ ਨਹੀਂ ਹੈ ਕਿ ਮਡੀਆ ਦੇ ਆਇਡੀਆ ਤੇ ਐਸ ਟੀ ਐਨ ਐਲ ਦੇ ਫੋਨ ਹੀ ਟੈਪ ਕੀਤੇ ਜਾ ਸਕੇ। ਅਨਿਲ ਅੰਬਾਨੀ ਦੇ ਸਹਿਯੋਗੀ ਟੋਨੀ ਜੇਸੁਦਾਸਨ ਰਿਲਾਇੰਸ ਸੈੱਲ-ਫੋਨ ਨੰਬਰਾਂ ਦੀ ਵਰਤੋਂ ਕਰ ਰਹੇ ਸਨ। ਸੂਤਰ ਦੱਸਦੇ ਹਨ ਕਿ ਆਮਦਨ ਟੈਕਸ ਵਿਭਾਗ ਤੇ ਸੀ ਬੀ ਆਈ ਜੇਸੀਦਾਸੁਨ ਦੇ ਫੋਨ ਟੈਪ ਕਰਨਾ ਚਾਹੁੰਦੇ ਸਨ ਪਰ

ਸੁਭਾਵਿਕ ਕਾਰਨਾਂ ਕਰਕੇ ਇਸ ਦੇ ਉਲਟ ਫੈਸਲਾ ਕੀਤਾ। ਇਸ ਕਹਾਣੀ ’ਚ ਇਕ ਪੇਚ ਹੈ, ਜਥੇਬੰਦ ਅਪਰਾਧ ਤੇ ਦਹਿਸ਼ਤ ਗਰਦੀ ’ਤੇ ਨਜ਼ਰ ਰੱਖਣ ਲਈ ਵੱਡੀ ਗਿਣਤੀ ’ਚ ਨਿਗਰਾਨੀ ਉਪਕਰਣ ਖ਼ਰੀਦੇ ਗਏ ਪਰ ਖੁਫੀਆ ਏਜੰਸੀਆਂ ਪਛਤਾ ਰਹੀਆਂ ਹਨ ਕਿ ਫੋਨ ਟੈਪਿੰਗ ਤੇ ਸੰਦੇਸ਼ ਸੁਨਣ ਦੇ ਕੁਝ ਖਾਸ ਸਿੱਟੇ ਹੱਥ ਨਹੀਂ ਆ ਰਹੇ ਕਿਉਂਕਿ ਦਹਿਸ਼ਤਗਰਦਾਂ ਨੇ ਤੇਜ਼ੀ ਨਾਲ ਬਲੈਕ ਬੈਰੀ ਫੋਨਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ ਜਦ ਕਿ ਉਹਨਾਂ ਦੇ ਆਕਾ ਨਵੀਂ ਪੀੜ੍ਹੀ ਦੇ ਇਨਮਾਰਸੈਟ-4 ਸੈਟੇਲਾਈਟ, ਫੋਨ ਵਰਤ ਰਹੇ ਹਨ। ਇਸ ਨਾਲ ਉਹਨਾਂ ਦੇ ਫੋਨ ਵਿੱਚੋਂ ਸੁਨਣਾ ਫਿਲਹਾਲ ਸੰਭਵ ਨਹੀਂ ਹੋ ਰਿਹਾ। ਇਨਮਾਰ ਸੈਟ-4 ਫੋਨਾਂ ਨੂੰ ਹਾਲਾਂਕਿ ਫੜਿਆ ਜਾ ਸਕਦਾ ਹੈ ਪਰ ਇਹ ਗੱਲਬਾਤ ਕੋਡ ਫਾਰਮੇਟ ’ਚ ਹੀ ਮਿਲੇਗੀ। ਆਵਾਜ਼ ਤੇ ਡਾਟਾ ਦੀ ਪ੍ਰਭਾਵੀ ਢੰਗ ਨਾਲ ਨਿਗਰਾਨੀ ਤਾਂ ਲੰਦਨ ਤੇ ਨਿਊਯਾਰਕ ਸਥਿਤ ਇਨ ਮਾਰਸੈਟ-4 ਸਵਿਚ ’ਤੇ ਕੀਤੀ ਜਾ ਸਕਦੀ ਹੈ। ਉਥੇ ਇਹ ਬਿਨਾਂ ਕੋਡ ਵਾਲੇ ਰੂਪ ’ਚ ਮੁਹੱਈਆ ਹੈ ਇਹੀ ਵਜ੍ਹਾ ਹੈ ਕਿ ਸੂਚਨਾ ਲਈ ਭਾਰਤ ਹੁਣ ਵੀ ਬ੍ਰਿਟਿਸ਼ ਤੇ ਅਮਰੀਕੀ ਖੁਫੀਆ ਏਜੰਸੀਆਂ ’ਤੇ ਨਿਰਭਰ ਹੈ। ਦਹਿਸ਼ਤ ਗਰਦ, ਟਟਪੂੰਜੀਏ ਅਪਰਾਧੀ ਤੇ ਕਾਰੋਬਾਰੀ ਘਰਾਣੇ, ਵਾਇਸ ਓਵਰ ਇੰਟਰਨੈਟ ਟੈਲੀਫੋਨੀ (VOIP) ਅਧਾਰਤ ਸਕਾਈਪੀ ਗੂਗਲੇ ਮੇਲ ਤੋਂ ਇਲਾਵਾ ਚੈਟ ਦਾ ਵੀ ਸਹਾਰਾ ਲੈਂਦੇ ਹਨ। ਕਾਲ ਤੇ ਮੇਲ ਨੂੰ ਇਨਕ੍ਰਿਪਟ ਕਰਨ ਵਾਲੇ ਮੁਫ਼ਤ ਦੇ ਸਾਫਟ ਵੇਅਰ ਅਧੁਨਿਕ ਹੈਂਡਸੈਟ ਤੇ ਕੰਪਿਊਟਰਾਂ ’ਤੇ ਡਾਊਨ ਲੋਡ ਕੀਤੇ ਜਾ ਸਕਦੇ ਹਨ। ਗੱਲਬਾਤ ਤੇ ਸੰਦੇਸ਼ਾਂ ਨੂੰ ਸੁਰੱਖਿਅਤ ਰੱਖਣ ਲਈ ਵਪਾਰਕ ਤੌਰ ’ਤੇ ਮਹੁਈਆ ਸੇਲਕ੍ਰਿਪਟ ਵਰਗੇ ਸਾਫਟਵੇਅਰ ਸਭ ਤੋਂ ਕਾਰਗਰ ਪਾਏ ਗਏ ਹਨ। ਸਭ ਸਮਾਰਟ ਫੋਨਾਂ ਦੇ ਅਨਕੂ ਬੈਠਣ ਵਾਲਾ ਸੇਲਕ੍ਰਿਪਟ ਸਭ ਤਰ੍ਹਾਂ ਦੀ ਗੱਲਬਾਤ ਨੂੰ ਨਿੱਜੀ ਪੱਧਰ ’ਤੇ ਕੂਟਬੱਧ ਕਰ ਦਿੰਦਾ ਹੈ। ਪੂਰੀ ਤਰ੍ਹਾਂ ਨਾਲ ਸੁਰੱਖਿਅਤ ਗੱਲਾਂਬਾਤਾਂ ਲਈ ਦੋ ਤਰ੍ਹਾਂ ਦੇ ਹੈਂਡ ਸੈੱਟ ’ਚ ਇਹ ਸਾਫਟਵੇਅਰ ਲੱਗਿਆ ਹੋਣਾ ਚਾਹੀਦੈ। ਜੇ ਇਕ ਹੀ ਹੈਂਡਸੈਟ ’ਚ ਇਹ ਲੱਗਿਆ ਹੈ ਤਾਂ ਦੂਜੇ ਸਿਰੇ ’ਤੇ ਗੱਲਬਾਤ ਬਿਨਾਂ ਕੂਟਬੱਧ ਰੂਪ ’ਚ ਮੁਹੱਈਆ ਹੋਵੇਗੀ। ਗ੍ਰਹਿ ਮੰਤਰਾਲਾ ਹੁਣ ਇਕ ਸਰਵਰ ਲਾ ਰਿਹਾ ਹੈ ਜਿਸ ਨੂੰ ‘ਬਿਗ ਬਰਦਰ ਸਰਵਰ’ ਕਹਿ ਸਕਦੇ ਹਾਂ। ਇਸ ਨਾਲ ਸਰਕਾਰ ਦੀ ਤਾਕਤ ਵਧ ਜਾਵੇਗੀ। ਇਸ ਯੋਜਨਾ ਦੇ ਕੇਂਦਰ ’ਚ ਹੈ 800 ਕਰੋੜ ਦੀ ਲਾਗਤ ਵਾਲਾ ਫੋਨ ਤੇ ਡਾਟਾ ਨਿਗਰਾਨੀ ਦਾ ਇਕ ਕੇਂਦਰੀ ਕ੍ਰਿਤ ਸੈਂਟਰ। ਇਸ ਸੈਂਟਰ ਦੇ ਹੋਂਦ ’ਚ ਆਉਣ ਨਾਲ ਫੋਨ ਟੈਪ ਕਰਨ ਦੀ ਅਧਿਕਾਰਿਤ ਸੱਤ ਏਜੰਸੀਆਂ ਅਤੇ ਇਥੋਂ ਤੱਕ ਕਿ ਰਾਜਾਂ ਵਿੱਚ ਵੀ ਤਾਲ ਮੇਲ ਵਧੇਗਾ। ਇਸ ਨਾਲ ਅੰਕੜਿਆਂ ਨੂੰ ਇਕ ਥਾਂ ’ਤੇ ਲਿਆ ਕੇ ਬਰੀਕੀ ਨਾਲ ਉਨ੍ਹਾਂ ਦੇ ਅਧਿਐਨ-ਵਿਸਲੇਸ਼ਣ ’ਚ ਸਹੂਲਤ ਮਿਲੇਗੀ ਤੇ ਕੇਂਦਰੀ ਏਜੰਸੀਆਂ ਨੂੰ ਠੋਸ ਖੁਫੀਆ ਸੂਚਨਾਵਾਂ ਮਿਲ ਸਕਣਗੀਆਂ। ਇਸ ਨਾਲ ਦੇਸ਼ ਭਰ ’ਚ ਟੈਪ ਕੀਤੇ ਜਾਂਦੇ ਫੋਨਾਂ ਦਾ ਅੰਕੜਾ ਵੀ ਮੁਹੱਈਆ ਹੋਵੇਗਾ। ਇਸ ਨਿਗਰਾਨੀ ਪ੍ਰਣਾਲੀ ਰਾਹੀਂ ਦੇਸ਼ ਦੇ ਛੋਟੇ ਸ਼ਹਿਰ-ਕਸਬੇ ਰਾਜਧਾਨੀ ਨਾਲ ਜੁੜ ਜਾਣਗੇ ਅਤੇ ਸਭ ਰਾਜਾਂ ਦੀਆਂ ਰਾਜਧਾਨੀਆਂ ਫਾਇਬਰਾਪਟਕ ਕੇਬਲ ਰਾਹੀਂ ਦਿੱਲੀ ਸਥਿਤ ਕੇਂਦਰੀ ਨਿਗਰਾਨੀ ਇਕਾਈ ਨਾਲ ਜੁੜ ਜਾਣਗੀਆਂ। ਆਈ ਬੀ ਦਿੱਲੀ ’ਚ ਬੈਠੇ-ਬੈਠੇ

ਕਿਤੇ ਵੀ ਕਿਸੇ ਦੇ ਫੋਨ ਦੀ ਨਿਗਰਾਨੀ ਕਰ ਸਕਦੀ ਹੈ। ਲੋਕਲ ਸਵਿਚ ਬੋਰਡ ਨਾਲ ਜੁੜਨ ਕਰਕੇ ਦਿੱਲੀ ਦਾ ਇਹ ਸੈਂਟਰ ਰਾਜਾਂ ਲਈ ਵੀ ਟੈਪਿੰਗ ਅਮਲ ਨੂੰ ਹੋਰ ਸੌਖਾ ਬਣਾ ਸਕਦਾ ਹੈ। ਇਸ ਨਾਲ ਸਰਵਿਸ ਪ੍ਰੋਵਾਈਡਰ ਦੀ ਜ਼ਿੰਮੇਵਾਰੀ ਵੀ ਵਧ ਜਾਵੇਗੀ ਕਿਉਂਕਿ ਇਹ ਸਬੰਧਤ ਗੱਲਬਾਤ ਮੁਹੱਈਆ ਕਰਾਉਣ ਲਈ ਮਜ਼ਬੂਰ ਹੋਵੇਗਾ ਇਸ ਦੇ ਤਹਿਤ ਸਰਕਾਰ ਨੂੰ ਪਹਿਲੀ ਵਾਰੀ ਕਿਸੇ ਸ਼ੱਕੀ ਦੇ ਸੈਲ ਫੋਨ ਦੀ ਵੱਖ-ਵੱਖ ਨੈਟਵਰਕਾਂ 'ਤੇ ਦੇਸ਼ ਭਰ 'ਚ ਨਿਗਰਾਨੀ ਕਰਨ ਦੀ ਇਜਾਜ਼ਤ ਮਿਲ ਜਾਵੇਗੀ। ਇਹੀ ਕਾਰਨ ਹੈ ਕਿ ਸਰਕਾਰ ਮੈਂਡੇਟਰੀ ਆਡਿਟ ਟ੍ਰੇਲ ਫਾਇਲ ਨੂੰ ਜਾਰੀ ਰੱਖਣ ਦੀ ਯੋਜਨਾ ਬਣਾ ਰਹੀ ਹੈ। ਜਿਸ 'ਚ ਟੈਪ ਕੀਤੇ ਜਾਣ ਵਾਲੇ ਨੰਬਰਾਂ ਦੇ ਇਲੈਕਟ੍ਰਾਨਿਕ ਫੁੱਟ ਪ੍ਰਿੰਟ ਵੀ ਹੋਣਗੇ-ਏਜੰਸੀ ਨੂੰ ਕਦੋਂ ਤੱਕ ਲਈ ਟੈਪਿੰਗ ਦੀ ਇਜਾਜ਼ਤ ਹੈ ਗੱਲਬਾਤ ਰਿਕਾਰਡ ਹੋਈ? ਤੇ ਉਸ ਦੀਆਂ ਕਾਪੀਆਂ ਵੀ ਬਣੀਆਂ? ਦੁਨੀਆਂ ਭਰ 'ਚ ਇਹੀ ਪ੍ਰੋਟੋਕਾਲ ਲਾਗੂ ਹੈ। ਫੋਨ ਟੈਪ ਨੂੰ ਸਬੂਤ ਜਾਂ ਗਵਾਹ ਵਜੋਂ ਮਾਨਤਾ ਦੇਣ ਵਾਲੇ ਮੁਲਕਾਂ ਦੀਆਂ ਅਦਾਲਤਾਂ 'ਚ ਅਡਿਟ ਫਾਇਲ ਪੇਸ਼ ਕੀਤੀ ਜਾਣੀ ਜ਼ਰੂਰੀ ਹੁੰਦੀ ਹੈ। ਭਾਰਤ 'ਚ ਪ੍ਰੋਟੋਕਾਲ ਦੇ ਤਹਿਤ ਟੈਪ ਦੀ ਗ਼ੈਰ ਕਾਨੂੰਨੀ ਤੌਰ 'ਤੇ ਕੋਈ ਕਾਪੀ ਨਹੀਂ ਬਣਾਈ ਜਾ ਸਕਦੀ। ਪੂਰਾ ਤੰਤਰ ਪਾਰਦਰਸ਼ੀ ਹੈ। ਆਡਿਟ ਤੱਕ ਇਕ ਖਾਸ ਪਾਸਵਰਡ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ ਜੋ ਕੇਂਦਰੀ ਏਜੰਸੀਆਂ ਕੋਲ ਹੀ ਹੁੰਦਾ ਹੈ। ਟੈਪ ਕੀਤੀਆਂ ਸਾਰੀਆਂ ਸੂਚਨਾਵਾਂ ਦੇ ਵਿਸਲੇਸ਼ਣ-ਮਿਲਾਉਣ ਦੀ ਕੋਸ਼ਿਸ਼ਾਂ ਦੇ ਤਹਿਤ ਗ੍ਰਹਿ ਮੰਤਰਾਲੇ ਨੇ ਰਾਜਾਂ ਤੋਂ ਉਹ ਸਾਰੇ ਰਿਕਾਰਡ ਮੰਗੇ ਹਨ ਜੋ ਉਹਨਾਂ ਨੇ ਫੋਨ ਅਤੇ ਇੰਟਰਨੈੱਟ 'ਤੇ ਫੜੇ ਹਨ। ਸਾਰੇ ਰਾਜਾਂ 'ਚ ਇਲੈਕਟ੍ਰਾਨਿਕ ਨਿਗਰਾਨੀ ਲਈ ਬਣੀ ਅਹਿਮ ਸਹਿਮਤੀਆਂ ਦੀ ਕਾਰਜ ਪ੍ਰਣਾਲੀ 'ਤੇ ਵੀ ਨਜ਼ਰ ਰੱਖਣ ਦੀ ਇਸ ਦੀ ਯੋਜਨਾ ਹੈ। ਏਸੀ ਕੇਂਦਰੀ ਸੰਮਤੀ ਦੇ ਮੁਖੀ ਕੈਬਨਿਟ ਸਕੱਤਰ ਹਨ। ਕਾਨੂੰਨ ਤੇ ਦੂਰ ਸੰਚਾਰ ਸਕੱਤਰ ਇਸ ਦੇ ਮੈਂਬਰ ਹਨ। ਬਹੁਤੀਆਂ ਏਜੰਸੀਆਂ ਨੂੰ ਗ੍ਰਹਿ ਸਕੱਤਰ ਤੋਂ ਮੰਜੂਰੀ ਮਿਲਣ ਕਾਰਨ ਇਹ ਨਿਗਰਾਨੀ ਸੰਮਤੀ ਸਿਰਫ਼ ਰਵਾਇਤ ਹੈ। ਫ਼ੋਨ ਜਾਂ ਇੰਟਰਨੈੱਟ ਨਿਗਰਾਨੀ 'ਤੇ ਮੁਸ਼ਕਲ ਹੀ ਕੋਈ ਸਵਾਲ ਉਠਾਉਂਦਾ ਹੈ। ਇਕ ਦ੍ਰਿਸ਼ ਦੀ ਕਲਪਨਾ ਕਰੋ। ਮੁੰਬਈ 'ਚ ਬੈਠਾ ਕ ਨਾਂ ਦਾ ਕੋਈ ਦਹਿਸ਼ਤਗਰਦ ਕੋਲਾਂਬਾ 'ਚ ਦਹਿਸ਼ਤਗਰਦ ਖ ਅਤੇ ਬਾਂਦਾ 'ਚ ਗ ਨੂੰ ਐਸ. ਐਮ. ਐਸ ਭੇਜਦਾ ਹੈ ਉਹ ਦੋਨਾਂ ਨੂੰ ਜੁਹੂ ਬੀਚ 'ਤੇ ਛੇ ਵਜੇ ਸ਼ਾਮ ਨੂੰ ਮਿਲਣ ਲਈ ਕਹਿੰਦਾ ਹੈ। ਖ ਅਤੇ ਗ ਦੇ ਨਿਕਲਣ ਪੈਣ ਕਰਕੇ ਉਹਨਾਂ ਦੇ ਸੈੱਲ ਫੋਨ ਰਾਹੀਂ ਉਹਨਾਂ ਨੂੰ ਲੱਭਣਾ ਮੁਸ਼ਕਲ ਹੋ ਜਾਂਦਾ ਹੈ, ਪੁਲਸ ਕ ਦੇ ਐਸ. ਐਮ. ਐਸ. 'ਚ ਤਬਦੀਲੀ ਕਰਦਿਆਂ ਇਹ ਲਿਖ ਕੇ ਖ ਨੂੰ ਭੇਜਦੀ ਹੈ ਕਿ "5 ਵਜੇ ਕਾਲਾ ਘੋੜਾ ਵਿਖੇ ਮਿਲੋ" ਅਤੇ ਗ ਨੂੰ ਲਿਖਦੀ ਹੈ ਕਿ "ਛੇ ਵਜੇ ਰੰਗਲ ਸਿਨੇਮਾ ਮਿਲੋ" ਐਸ ਐਮ ਐਸ 'ਤੇ ਭਰੋਸਾ ਕਰਦਿਆਂ ਖ ਤੇ ਗ ਉਵੇਂ ਹੀ ਕਰਦੇ ਹਨ। ਪੁਲਸ ਬੜੀ ਸਫ਼ਾਈ ਨਾਲ ਤਿੰਨਾਂ ਨੂੰ ਦਬੋਚ ਲੈਂਦੀ ਹੈ। ਬਹੁਤੀਆਂ ਅੱਤਵਾਦ ਰੋਕੂ ਏਜੰਸੀਆਂ ਇਸ ਤਰ੍ਹਾਂ ਦੇ ਅਪਰੇਸ਼ਨ ਨੂੰ ਅੰਜਾਮ ਦੇ ਸਕਦੀਆਂ ਹਨ। ਆਫ-ਏਅਰ ਟੈਪਿੰਗ ਦੀ ਇਹ ਤਰਕੀਬ ਪੁਲਸ ਨੂੰ ਸੈੱਲ ਫੋਨ ਵਰਗਾ ਔਜਾਰ ਬਣਾ ਦਿੰਦੀ ਹੈ। ਉਹ ਐਸ. ਐਮ. ਐਸ. ਅਤੇ ਕਾਲ ਨੂੰ ਇੱਧਰ ਜਾਂ ਉਧਰ ਜਾਂ ਫਿਰ ਜਾਮ ਵੀ ਕਰ ਸਕਦੀ ਹੈ। ਮਸ਼ੀਨ

ਕਿਸੇ ਵੀ ਗੱਡੀ 'ਤੇ ਰੱਖ ਕੇ ਸ਼ਹਿਰੀ ਇਲਾਕਿਆਂ 'ਚ ਨਿਸ਼ਾਨੇ ਦਾ ਪਿੱਛਾ ਕਰ ਸਕਦੀ ਹੈ, ਜਿੱਥੇ ਨਿਗਰਾਨੀ ਦੀਆਂ ਰਵਾਇਤੀ ਤਰਕੀਬਾਂ ਗਤੀਸ਼ੀਲ ਸ਼ੱਕੀ ਦਾ ਪਿੱਛਾ ਕਰਨ 'ਚ ਨਾਕਾਮ ਰਹਿੰਦੀਆਂ ਹਨ। ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਇਸ ਟੈਕਨੋਲੋਜੀ ਦੀ ਵਰਤੋਂ 'ਤੇ ਕੰਟਰੋਲ ਲਈ ਉਹਨਾਂ ਕੋਲ ਲੋੜੀਂਦੀ ਵਿਭਾਗੀ ਨਿਯਮ ਕਾਨੂੰਨ ਹਨ। ਮਿਸਾਲ ਵਜੋਂ ਮੁੰਬਈ 'ਚ ਅਪਰਾਧ ਸ਼ਾਖਾ ਨੂੰ ਇਸ ਮਸ਼ੀਨ ਦੀ ਵਰਤੋਂ ਲਈ ਪੁਲਸ ਕਮਿਸ਼ਨਰ ਤੋਂ ਲਿਖਤੀ ਇਜਾਜ਼ਤ ਦੀ ਘਾਟ ਰਹਿੰਦੀ ਹੈ। ਫਿਰ ਵੀ ਸਿਆਸੀ-ਖੁਫੀਆ ਗਿਰੀ ਤੋਂ ਨਿੱਜੀ ਫਾਇਦਾਂ ਲਈ ਇਸ ਦੀ ਦੁਰਵਰਤੋਂ ਦੇ ਸ਼ੰਕੇ ਵੀ ਰੱਦ ਕੀਤੇ ਜਾ ਸਕਦੇ। ਇਸ ਸੰਭਾਵਨਾ ਨੂੰ ਧਿਆਨ 'ਚ ਰੱਖਦਿਆਂ ਉਤਰ ਪ੍ਰਦੇਸ਼ ਦੇ ਅੱਤਵਾਦ ਰੱਕੋ ਦਸਤੇ ਨੇ ਪਿੱਛੇ ਜਿਹੇ ਹੀ ਇਸ ਔਜਾਰ ਨੂੰ ਲੈਣ ਤੋਂ ਮਨਾ ਕਰ ਦਿੱਤਾ ਪਰ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਦੂਜੇ ਅਜਿਹਾ ਸੰਕਲਪ ਵਿਖਾਉਣਗੇ ਪਰ ਭਵਿੱਖ 'ਚ ਜੇ ਕੋਈ ਵੱਡਾ ਸੁਧਾਰ ਹੋਇਆ ਤਾਂ ਗੱਲ ਹੋਰ ਹੈ।

# ਨੌਕਰਸ਼ਾਹਾਂ ਨੇ ਕਿੰਨਾ ਵੱਡਾ ਅਪਰਾਧ ਕੀਤਾ ਹੈ

"ਇਹ ਬਦਕਿਸਮਤੀ ਨਾਲ ਉਤਰ ਪ੍ਰਦੇਸ਼ ਦੇ ਪ੍ਰਸਾਸ਼ਨ 'ਚ ਭਾਰੀ ਭਰਿਸ਼ਟਾਚਾਰ ਦਾ ਸਿੱਟਾ ਲੱਗਦਾ ਹੈ। ਰਾਜ ਦੀ ਨੌਕਰਸ਼ਾਹੀ ਕਾਰਵਾਈ 'ਚ ਇਮਾਨਦਾਰੀ ਤੇ ਨਿਰੱਖਤਾ ਨੂੰ ਨਹੀਂ ਵਰਤ ਸਕੀ।" ਇਲਾਹਾਬਾਦ ਦੀ ਹਾਈਕੋਰਟ ਦੀ ਲਖਨਊ ਪੀਠ ਨੇ ਪਿਛਲੇ ਹਫ਼ਤੇ ਇਹਨਾਂ ਸ਼ਬਦਾਂ ਨਾਲ ਸੀ. ਬੀ. ਆਈ. ਤੋਂ ਅਰਬਾਂ ਰੁਪਏ ਦੇ ਅਨਾਜ ਘੁਟਾਲੇ ਦੀ ਜਾਂਚ ਨਾ ਸਿਰਫ ਛੇ ਮਹੀਨਿਆਂ 'ਚ ਪੂਰੀ ਕਰਨ ਨੂੰ ਕਿਹਾ ਬਲਕਿ ਇਹ ਵੀ ਕਿਹਾ ਕਿ ਉਹ ਸੀ ਪੀ ਸੀ ਤੇ ਭਰਿਸ਼ਟਾਚਾਰ ਰੋਕੂ ਕਾਨੂੰਨ 1988 ਦੀਆਂ ਕਾਨੂੰਨੀ ਅੜਿਚਨਾ ਨੂੰ ਵੀ ਨਜ਼ਰ ਅੰਦਾਜ਼ ਕਰ ਦੇਵੇ ਜਿਸ ਕਾਰਨ ਦੋਸ਼ੀ ਅਧਿਕਾਰੀਆਂ 'ਤੇ ਮੁੱਕਦਮੇ ਦੀ ਮੰਜੂਰੀ ਲਈ ਇੰਤਜਾਰ ਕਰਨਾ ਪੈਂਦਾ ਹੈ। ਹਾਈਕੋਰਟ ਨੇ ਸੀ. ਬੀ. ਆਈ. ਜਾਂਚ ਦੀ ਲੋੜ 'ਤੇ ਇਸ ਲਈ ਜ਼ੋਰ ਦਿੱਤਾ ਕਿ ਏਨੀ ਭਾਰੀ ਮਾਤਰਾ 'ਚ ਅਨਾਜ ਦੀ ਤਸਕਰੀ ਉੱਚ ਅਫਸਰਾਂ ਦੀ ਮਿਲੀ ਭੁਗਤ ਬਿਨਾਂ ਸੰਭਵ ਨਹੀਂ ਹੈ।

ਦੋ ਜੱਜਾਂ-ਨਿਆਂ ਮੂਰਤੀ ਦੇਵੀ ਪ੍ਰਸ਼ਾਦ ਸਿੰਘ ਤੇ ਨਿਆਂ ਮੂਰਤੀ ਐਸ. ਸੀ. ਚੌਰਸਿਆ ਦੇ ਬੈਂਚ ਨੇ ਕੇਂਦਰੀ ਕਾਨੂੰਨ ਮੰਤਰਾਲੇ ਨੂੰ ਕਿਹਾ ਕਿ ਉਹ ਮੁਕੱਦਮਾ ਚਲਾਉਣ ਦੀ ਮੰਜੂਰੀ ਦੇਣ ਵਾਲੇ ਕਾਨੂੰਨ 'ਚ ਸੋਧ ਤੇ ਵਿਚਾਰ ਕਰਨ। ਅਦਾਲਤ ਦੇ ਇਸ ਹੁਕਮ ਦੇ ਲੰਬੇ ਅਰਸੇ ਤੋਂ ਗੰਭੀਰ ਦੂਰਗਾਮੀ ਸਿੱਟੇ ਨਿਕਲ ਸਕਦੇ ਹਨ। ਜੱਜਾਂ ਨੇ ਯੂ ਪੀ ਦੇ ਚੀਫ਼ ਸੈਕਟਰੀ ਨੂੰ ਹੁਕਮ ਦਿੱਤਾ ਕਿ ਉਹ ਇਹ ਤਹਿ ਕਰਨ ਕਿ ਨਾ ਸਿਰਫ਼ ਅਨਾਜ ਘੁਟਾਲਾ ਬਲਕਿ "ਸਾਰੇ ਮਾਮਲਿਆਂ 'ਚ ਮੁੱਕਦਮੇ ਚਲਾਉਣ ਦੀ ਮੰਜੂਰੀ ਦੇਣ ਦਾ ਫੈਸਲਾ ਤਿੰਨ ਮਹੀਨੇ ਅੰਦਰ ਹੋਵੇ, ਫੈਸਲਾ ਨਾ ਕਰ ਸਕਣ 'ਤੇ ਇਹ ਮੰਨਿਆ ਜਾਵੇਗਾ ਕਿ ਮੰਜੂਰੀ ਮਿਲ ਚੁੱਕੀ ਹੈ ਅਤੇ ਦੋਸ਼ ਸੂਚੀ (ਚਲਾਨ) ਦਾਖਲ ਕਰ ਦਿੱਤਾ ਜਾਵੇ ਅਤੇ ਕਾਨੂੰਨ ਮੁਕੱਦਮਾ ਸ਼ੁਰੂ ਕੀਤਾ ਜਾਵੇ।" ਮਾਹਰਾਂ ਅਨੁਸਾਰ ਅਨਾਜ ਘੋਟਾਲੇ 'ਚ ਹਾਈਕੋਰਟ ਦੇ ਹੁਕਮਾਂ ਨਾਲ ਜਨਤਕ ਅਹੁਦਿਆਂ 'ਤੇ ਕਾਬਜ ਨੇਤਾਵਾਂ ਤੇ ਸਭ ਪੱਧਰਾਂ ਦੇ ਭਰਿਸ਼ਟ ਨੌਕਰਸ਼ਾਹਾਂ ਖ਼ਿਲਾਫ਼ ਮੁਕੱਦਮੇ ਚਲਾਉਣ ਦਾ ਰਾਹ ਸਾਫ਼ ਹੋਵੇਗਾ। ਹਾਲ 'ਚ ਨਿਆਂ ਮੂਰਤੀ ਐਮ. ਐਲ. ਸਿੰਘ ਵੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਚ ਨੇ ਸਰਕਾਰ ਤੋਂ ਪੁੱਛਿਆ ਸੀ ਕਿ ਕਿੰਨੇ ਕੇਸਾਂ 'ਚ ਮੰਜੂਰੀ ਨਾ ਮਿਲਣ ਕਰਕੇ ਮੁਕੱਦਮੇ ਸ਼ੁਰੂ ਨਹੀਂ ਹੋ ਸਕੇ ਤਾਂ ਉਸ ਨੂੰ ਫੌਰਨ ਜਵਾਬ ਮਿਲਿਆ ਕਿ ਕਈ ਆਈ. ਏ. ਐਸ. ਅਧਿਕਾਰੀਆਂ ਸਮੇਤ 127 ਨੌਕਰਸ਼ਾਹਾਂ ਖਿਲਾਫ਼ ਮੁਕੱਦਮੇ ਦੀ ਮੰਜੂਰੀ ਦੀ ਉਡੀਕ ਹੈ। ਲਖਨਊ ਦੇ ਸੈਂਟਰ ਫਾਰ ਕੰਟੇਪਰੇਰੀ ਸਟੱਡੀਜ਼ ਐਂਡ ਰਿਸਰਚ (ਸੀ. ਸੀ. ਐਸ. ਆਰ.) ਦੇ ਨਿਦੇਸ਼ਕ ਉਤਕਰਸ਼ ਸਿੰਘ ਨੇ ਕਿਹਾ ਕਿ ਸੱਤਾਧਾਰੀ ਨੇਤਾ ਤੇ ਨੌਕਰਸ਼ਾਹ ਕਾਨੂੰਨ ਦੇ ਜਾਲ ਤੋਂ ਬਚਣ ਲਈ ਮੰਜੂਰੀ ਦੀ ਸ਼ਰਤ ਦੀ ਵਰਤੋਂ ਕਰਦੇ ਹਨ ਪਰ ਜੇ ਕੇਂਦਰੀ ਕਾਨੂੰਨ ਮੰਤਰਾਲੇ ਕਾਨੂੰਨ 'ਚ ਸੋਧ ਕਰਨ ਤਾਂ ਅਨਾਜ ਘੋਟਾਲੇ 'ਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਕੋਈ 20 ਆਈ. ਏ. ਐਸ. ਤੇ ਸੂਬਾਈ ਅਧਿਕਾਰੀ ਫੜੇ ਜਾ ਸਕਦੇ ਹਨ ਅਤੇ ਉਹਨਾਂ ਖਿਲਾਫ਼ ਮੁਕੱਦਮਾ

ਚਲਾਇਆ ਜਾ ਸਕਦਾ ਹੈ। ਕੋਈ 15 ਵਿਧਾਇਕ, ਅੱਧੀ ਦਰਜਨ ਐਮ. ਪੀ. 1000 ਤੋਂ ਵੱਧ ਟਟਪੂੰਜੀਏ ਨੇਤਾਵਾਂ ਦੀ ਪੋਲ ਖੁੱਲ੍ਹ ਸਕਦੀ ਹੈ। ਇਸ ਘਪਲੇ 'ਚ ਸਭ ਮੁੱਖ ਜਾਂਚ ਏਜੰਸੀਆਂ-ਸੀ. ਬੀ. ਆਈ. ਐਸ. ਆਈ. ਈ. ਤੇ ਸੂਬਾਈ ਪੁਲਸ ਦੀ ਆਰਥਕ ਅਪਰਾਧ ਸਾਖਾ ਨੂੰ ਹੈਰਾਨ ਕਰ ਦਿੱਤਾ ਹੈ। ਏਜੰਸੀਆਂ ਨੇ ਪਾਇਆ ਕਿ ਗਰੀਬੀ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਪ੍ਰੀਵਾਰਾਂ, ਜਵਾਹਰ ਗ੍ਰਾਮੀਨ ਰੁਜ਼ਗਾਰ ਯੋਜਨਾ ਤੇ ਗ਼ਰੀਬ ਬੱਚਿਆਂ ਦੀ ਮਿਡ-ਡੇ-ਮੀਲ ਲਈ ਕੇਂਦਰ ਵਲੋਂ ਭੇਜੇ ਅਤੇ ਰਾਜ ਸਰਕਾਰ ਵਲੋਂ ਖ਼ਰੀਦੇ ਗਏ ਅਨਾਜ 'ਚ ਚੁੱਕ ਕੇ ਦੂਜੇ ਸੂਬਿਆਂ 'ਚ ਨਹੀਂ ਬਲਕਿ ਨੇਪਾਲ ਤੇ ਬੰਗਲਾਦੇਸ਼ 'ਚ ਪਹੁੰਚਾ ਦਿੱਤਾ ਗਿਆ। ਇਸ 'ਚ ਇਕ ਵਿਉਂਤਵੱਧ ਮਾਫੀਆ ਨੂੰ ਅਧਿਕਾਰੀਆਂ, ਗੁਦਾਮਾਂ, ਟ੍ਰਾਂਸਪੋਰਟਰਾਂ ਤੇ ਪੰਚਾਇਤ ਪੱਧਰ ਦੇ ਨੇਤਾਵਾਂ ਦੀ ਮਦਦ ਹਾਸਲ ਕੀਤੀ ਸੀ ਅਤੇ ਉਹਨਾਂ ਨੇ ਇਲਾਕੇ ਦੇ ਵਿਧਾਇਕਾਂ ਦੇ ਐਮ. ਪੀ. ਦੀ ਸ਼ਹਿ ਹਾਸਲ ਸੀ। ਫਰਜ਼ੀ ਕਾਗਜਾਤਾਂ ਰਾਹੀਂ ਦਿਖਾ ਦਿੱਤਾ ਗਿਆ ਅਨਾਜ ਗੁਦਾਮਾਂ ਤੇ ਕਾਟੇਦਾਰਾਂ ਨੂੰ ਪਹੁੰਚਾ ਦਿੱਤਾ ਗਿਆ ਹੈ ਪਰ ਸੀ. ਬੀ. ਆਈ. ਸਿਰਫ਼ ਨੌ ਐਫ ਆਈ ਆਰ ਹੀ ਦਰਜ ਕਰਵਾ ਸਕੀ। ਸੀ. ਬੀ. ਆਈ. ਤੇ ਐਸ ਆਈ ਟੀ ਦੋਨਾਂ ਨੇ ਆਪਣੀ ਸ਼ੁਰੂਆਤੀ ਜਾਂਚ 'ਚ ਪਾਇਆ ਕਿ ਇਕ ਹੀ ਵਿਅਕਤੀ ਜਾਂ ਇਕ ਹੀ ਨਾਵਾਂ ਵਰਗੇ ਫਰਜ਼ੀ ਵਿਅਕਤੀਆਂ ਦੇ ਬੈਂਕ ਡਰਾਫਟ ਬਣਾਏ ਗਏ। ਸਸਤੇ ਰਾਸ਼ਣ ਦੀਆਂ ਦੁਕਾਨਾਂ 'ਤੇ ਜਿਹਨਾਂ ਵਾਹਨਾਂ ਦੇ ਨੰਬਰ ਜੋ ਦਿੱਤੇ ਗਏ ਉਹ ਸਕੂਟਰ, ਮੋਟਰਸਾਈਕਲ, ਮਿੰਨੀ ਬੱਸ, ਟੈਂਪੋ ਜਾਂ ਆਟੋ ਰਿਕਸ਼ੇ ਨਿਕਲੇ। ਹਾਈਕੋਰਟ ਨੇ ਕਿਹਾ ਕਿ ਰਿਕਾਰਡ 'ਚ ਹੇਰਾਫੇਰੀ ਨਾਲ ਅਨਾਜ ਨੂੰ ਪੂਰਵੀ ਤੇ ਦੱਖਣੀ ਭਾਰਤ ਦੇ ਦੂਰ-ਦੁਰਾਂਡੇ ਹਲਕਿਆਂ 'ਚ ਰੇਲਵੇ ਸਟੇਸ਼ਨਾਂ ਅਤੇ ਬੰਦਰਗਾਹਾਂ ਤੱਕ ਪਹੁੰਚਾਉਣ ਲਈ ਜਿਸ ਤਰ੍ਹਾਂ ਸਕੂਟਰਾਂ, ਮੋਟਰਸਾਈਕਲਾਂ ਤੋਂ ਟੈਂਪੂਆਂ ਦੇ ਨੰਬਰਾਂ ਦੀ ਵਰਤੋਂ ਕੀਤੀ ਗਈ ਉਹ "ਨਾ ਸਿਰਫ਼ ਬੁਰੀ ਕੋਸ਼ਿਸ਼ ਹੈ ਕਿ ਬਲਕਿ ਇਸ ਤੋਂ ਜ਼ਾਹਿਰ ਹੈ ਕਿ ਸਰਕਾਰੀ ਨੌਕਰਾਂ ਨੂੰ ਅਦਾਲਤਾਂ ਤੋਂ ਸਜ਼ਾ ਹੋਣ ਦੀ ਘੱਟ ਸੰਭਾਵਨਾ ਹੈ ਅਤੇ ਭਰਿਸ਼ਟਾਚਾਰ ਕਰਨ ਦਾ ਖੁੱਲ੍ਹਾ ਅਧਿਕਾਰ ਹੈ, ਦੇਸ਼ ਲਈ ਇਹ ਮੰਦਭਾਗਾ ਹੈ ਇਹ ਮਾਮਲਾ 44 ਸਾਲਾ ਸਮਾਜਕ ਕਾਰਕੁੰਨ ਵਿਸ਼ਵਨਾਥ ਚਤੁਰਵੇਦੀ ਦੀ ਜਨਹਿਤ ਪਟੀਸ਼ਨ 'ਤੇ ਸੁਣਵਾਈ ਤੋਂ ਉਜਾਗਰ ਹੋਇਆ, ਉਹਨਾਂ ਨੇ ਆਪਣੀ ਪਟੀਸ਼ਨ 'ਚ ਦੱਸਿਆ ਸੀ ਕਿ ਉੱਤਰ ਪ੍ਰਦੇਸ਼ ਦੇ ਮਾਫੀਆ ਗਿਰੋਹਾਂ ਨੇ ਸਰਕਾਰੀ ਅਧਿਕਾਰੀਆਂ ਤੇ ਪੰਚਾਇਤੀ ਨੇਤਾਵਾਂ ਦੀ ਮਿਲੀ ਭੁਗਤ ਨਾਲ ਕਿਸ ਤਰ੍ਹਾਂ ਬੀ. ਪੀ. ਐਲ. ਪ੍ਰੀਵਾਰਾਂ ਜਵਾਹਰ ਰੁਜ਼ਗਾਰ ਯੋਜਨਾ, ਅੰਦੋਤਿਆ ਯੋਜਨਾ ਤੇ ਮਿਡ-ਡੇ-ਮੀਲ ਲਈ ਅਲਾਟ ਅਨਾਜ ਨੂੰ ਲੁਟਿਆ।

ਚਤੁਰਵੇਦੀ ਨੇ, ਜਿਹਨਾਂ ਨੇ ਇਸ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਦੀ ਆਮਦਨ ਤੋਂ ਵੱਧ ਜਾਇਦਾਦ ਦਾ ਪਰਦਾਫਾਸ਼ ਕੀਤਾ ਸੀ। ਕੈਬਨਿਟ ਸਕੱਤਰ ਸ਼ਾਸਕ ਸ਼ੇਖਰ ਸਿੰਘ ਨੇ ਦਸੰਬਰ 2007 ਮਾਇਆਵਤੀ ਸਰਕਾਰ ਦੇ ਇਸ ਫੈਸਲੇ ਦਾ ਐਲਾਨ ਕੀਤਾ ਸੀ ਕਿ ਲਖੀਮਪੁਰ, ਬਲੀਆ ਤੇ ਸੀਤਾਪੁਰ ਜ਼ਿਲ੍ਹਿਆਂ 'ਚ 2004-05 'ਚ ਹੋਏ ਘਪਲਿਆਂ ਦੀ ਜਾਂਚ ਕਰਵਾਈ ਜਾਵੇਗੀ। ਹੁਣ ਉਹਨਾਂ ਨੇ ਇਹ ਅਨੁਮਾਨ ਲਾਇਆ ਸੀ ਕਿ 35000 ਕਰੋੜ ਦੀ ਲੁੱਟ ਕੀਤੀ ਗਈ।

ਚਤੁਰਵੇਦੀ ਕਹਿੰਦੇ ਹਨ "2002 'ਚ ਸ਼ੁਰੂ ਹੋਈ ਅਨਾਜ ਦੀ ਲੁੱਟ ਤੇ ਤਸਕਰੀ ਅੱਜ ਵੀ ਜਾਰੀ ਹੈ। ਜੇ ਤਿੰਨ ਜ਼ਿਲ੍ਹਿਆਂ 'ਚ ਇਕ ਸਾਲ (2004-05) ਦੀ ਲੁੱਟ 35000 ਕਰੋੜ ਦੇ ਬਰਾਬਰ ਸੀ ਤਾਂ ਫਿਰ ਇਹ ਅਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ 2 ਲੱਖ ਕਰੋੜ ਰੁਪਏ ਦੇ ਬਰਾਬਰ ਅਨਾਜ ਦੀ ਸਮਗਲਿੰਗ ਕੀਤੀ ਗਈ ਜਾਂ ਫਿਰ ਉਸ ਦੇਸ਼ ਦੇ ਕਾਲੇ ਬਾਜ਼ਾਰ ਜਾਂ ਵਿਦੇਸ਼ 'ਚ ਪਹੁੰਚਾ ਦਿੱਤਾ ਗਿਆ ਇਸ ਨਾਲ ਇਹ ਮਧੂ ਕੌੜਾ, ਏ. ਰਾਜਾ ਦੇ 2-ਜੀ ਸਪੈਕਟਰਮ ਘੋਟਾਲੇ ਜਾਂ ਬਿਹਾਰ ਦੇ ਚਾਰਾ ਘੋਟਾਲੇ 'ਚ ਵੱਡਾ ਘੋਟਾਲਾ ਸਾਬਤ ਹੋਇਆ।" ਉੱਤਰ ਪ੍ਰਦੇਸ਼ 'ਚ ਭਰਿਸ਼ਟਾਚਾਰ ਦੀ ਜਾਂਚ ਕਰਨ ਵਾਲੀ ਏਜੰਸੀ ਐਸ. ਆਈ. ਈ. ਨੇ (ਜੋ ਸੀ. ਬੀ. ਆਈ. ਦੇ ਨਾਲ ਹੀ ਤਿੰਨ ਜ਼ਿਲ੍ਹਿਆਂ 'ਚ ਇਸ ਘਪਲੇ ਦੀ ਜਾਂਚ ਕਰ ਰਹੀ ਸੀ) ਅਦਾਲਤ 'ਚ ਪੇਸ਼ ਕੀਤੀ ਆਪਣੀ ਰਿਪੋਰਟ 'ਚ ਸੰਕੇਤ ਦਿੱਤਾ ਹੈ ਕਿ ਇਹ ਘਪਲਾ 41 ਜ਼ਿਲ੍ਹਿਆਂ 'ਚ ਚੱਲ ਰਿਹਾ ਹੈ ਪਰ ਚਤੁਰਵੇਦੀ ਨੇ ਹਾਈਕੋਰਟ ਨੂੰ ਦੱਸਿਆ ਕਿ ਇਹ ਘਪਲਾ ਪ੍ਰਦੇਸ਼ ਦੇ 72 ਵਿਚੋਂ 54 ਜ਼ਿਲ੍ਹਿਆਂ 'ਚ ਜਾਰੀ ਹੈ। 2002 'ਚ ਜਾਰੀ ਇਹ ਘਪਲਾ 2004 'ਚ ਮੁਲਾਇਮ ਸਿੰਘ ਯਾਦਵ ਦੀ ਸਰਕਾਰ ਦੇ ਦੌਰਾਨ ਸਾਹਮਣੇ ਆਇਆ। ਤਦ ਮੁਲਾਇਮ ਨੇ ਅਫਸਰਾਂ ਨੂੰ ਇਸ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਸੀ। ਫੂਡ ਤੇ ਸਪਲਾਈ ਵਿਭਾਗ ਦੇ ਉਸ ਵੇਲੇ ਦੇ ਪ੍ਰਮੁੱਖ ਸਕੱਤਰ ਪ੍ਰਸ਼ਾਂਤ ਸੀ ਚਤੁਰਵੇਦੀ ਨੇ ਜਲਦੀ ਹੀ ਲਖਨਊ 'ਚ ਪੂਰਬੋਉਤਰ ਤੇ ਉੱਤਰ ਰੇਲਵੇ ਦੇ ਅਧਿਕਾਰੀਆਂ ਨੂੰ ਚਿੱਠੀ ਲਿਖ ਕੇ ਇਹ ਪੁੱਛਿਆ ਬੰਗਲਾ ਦੇਸ਼ ਤੇ ਵਿਦੇਸ਼ ਲਈ ਕਿੰਨਾ ਮਾਲ ਭੇਜਿਆ ਗਿਆ ਜਿਸ 'ਚ ਬਾਹਰ ਦੇ ਸਪਲਾਇਰ ਸ਼ਾਮਲ ਸਨ, ਮਾਲ ਲੱਦਣ ਤੇ ਹਾਸਲ ਕਰਨ ਵਾਲੇ ਵਿਅਕਤੀਆਂ ਦਾ ਜ਼ਿਕਰ ਨਹੀਂ ਕੀਤਾ ਗਿਆ। ਮੁਲਾਇਮ ਸਰਕਾਰ ਨੇ ਉਸ ਵੇਲੇ ਦੇ ਪੁਲਸ ਮੁਖੀ ਜਸਵੀਰ ਸਿੰਘ ਨੂੰ ਮਾਮਲੇ ਦੀ ਜਾਂਚ ਕਰਨ ਨੂੰ ਕਿਹਾ, ਸਰਕਾਰ ਨੇ ਲਖੀਮਪੁਰ ਖੀਰੀ ਦੇ ਉਸ ਵੇਲੇ ਦੀ ਜ਼ਿਲਾ ਜੱਜ, ਦੋ, ਫੂਡ-ਸਪਲਾਈ ਅਧਿਕਾਰੀਆਂ, ਸਭ 15 ਬਲਾਕਾਂ ਦੇ ਗੁਦਾਮ ਅਧਿਕਾਰੀਆਂ ਤੇ ਲਗਭਗ ਸਭ ਲੇਖਾਂ ਪਾਲਾਂ ਨੂੰ ਮੁਅਤਲ ਕਰਤਾ।

ਪਰ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਅਨਾਜ ਮਾਫੀਆ ਦੀ ਵਿਉਂਤਬੱਧ ਤਰੀਕੇ ਨਾਲ ਲੁਟ ਜਾਰੀ ਰਹੀ ਅਤੇ ਨਾਲ ਹੀ ਸੀ. ਬੀ. ਆਈ. ਜਾਂਚ ਦੀ ਮੰਗ ਨਜ਼ਰ ਅੰਦਾਜ਼ ਕਰ ਦਿੱਤੀ ਗਈ। ਐਸ. ਆਈ. ਟੀ. ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਇਸ ਲੁੱਟ 'ਚ ਮਾਫੀਆ ਦੇ ਸ਼ਾਮਲ ਹੋਣ ਦਾ ਇਕ ਸਬੂਤ ਤਾਂ ਇਹੀ ਹੈ ਕਿ ਜਾਂਚ ਟੀਮ 'ਚ ਸ਼ਾਮਲ ਲਖੀਮਪੁਰ ਦੇ ਲੇਖਾ ਅਧਿਕਾਰੀ ਡੀ. ਕੇ ਸ਼ੁਕਲ ਦਾ 2004 'ਚ ਗੌਂਡਾ ਤੋਂ ਤਬਾਦਲਾ ਕਰ ਦਿੱਤਾ ਗਿਆ ਅਤੇ ਪਿਛੋਂ ਉਹਨਾਂ ਦਾ ਕਤਲ ਕਰ ਦਿੱਤਾ ਗਿਆ ਉਹਨਾਂ ਦੀ ਲਾਸ਼ ਰਾਏਬਰੇਲੀ ਤੋਂ ਬਰਾਮਦ ਹੋਈ।

ਫਰਵਰੀ 2006 'ਚ ਮਾਫੀਆ ਲੁਟੇਰਿਆਂ ਨੇ ਇਕ ਗੁਦਾਮ ਦੇ ਚੌਂਕੀਦਾਰ ਦਾ ਕਤਲ ਕਰ ਦਿੱਤਾ। ਮਾਇਆਵਤੀ ਦੀ ਸਰਕਾਰ 2007 'ਚ ਬਣੀ ਅਤੇ ਇਹ ਸੋਚਿਆ ਗਿਆ ਕਿ ਇਸ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪ ਕੇ ਮੁਲਾਇਮ ਦਾ ਪਰਦਾ ਫਾਸ਼ ਕੀਤਾ ਜਾ ਸਕਦਾ ਹੈ ਪਰ ਮੁਲਾਜਮਾਂ ਦੀ ਘਾਟ ਅਤੇ

ਏਨੇ ਵਿਆਪਕ ਘਪਲੇ ਨਾਲ ਨਿਬੜਣ ਦੀ ਮੁਹਾਰਤ ਦੀ ਕਮੀ ਕਰਕੇ ਸੀ. ਬੀ. ਆਈ. ਕੇਸ ਹੱਥ 'ਚ ਲੈਣ ਤੋਂ ਝਿਜਕ ਰਹੀ ਸੀ। ਉਸ ਨੇ ਇਸ ਸਾਲ ਫਰਵਰੀ 'ਚ ਮਾਮਲੇ ਦੀ ਸੁਣਵਾਈ ਦੌਰਾਨ ਹਾਈਕੋਰਟ ਨੂੰ ਬੇਨਤੀ ਕੀਤੀ ਕਿ ਪੜਤਾਲ ਤੇ ਮਾਮਲੇ ਦੀ ਨਿਗਰਾਨੀ 'ਚ ਅਦਾਲਤ ਦੀ ਮਦਦ ਲਈ ਸਾਂਝਾ ਕਾਰਜਦਸਤਾ ਬਣਾਇਆ ਜਾਵੇ। ਬਾਅਦ 'ਚ ਸੀ. ਬੀ. ਆਈ. ਦੇ ਸੰਯੁਕਤ ਨਿਦੇਸ਼ਕ ਫੂਡ ਸਪਲਾਈ ਦੇ ਵਧੀਕ ਮਹਾਂਨਿਰਦੇਸ਼ਕ, ਐਸ. ਆਈ. ਟੀ. ਦੇ ਏਡੀ ਜੀ. ਆਰਥਕ ਅਪਰਾਧ ਸ਼ਾਖਾ ਦੇ ਏਡੀਜੀ ਦੀ ਇਕ ਸੰਮਤੀ ਗਠਿਤ ਕਰ ਦਿੱਤੀ ਗਈ। ਖੈਰ ਮਾਇਆਵਤੀ ਨੇ ਹਾਈਕੋਰਟ ਦੇ ਹੁਕਮਾਂ ਦਾ ਸਵਾਗਤ ਕੀਤਾ ਹੈ ਉਹਨਾਂ ਨੇ ਇਸ ਨੂੰ "ਸਭ ਤੋਂ ਵੱਡਾ ਗ਼ੈਰਮਨੁੱਖੀ ਅਪਰਾਧਿਕ ਕਾਰਨਾਮਾ ਦੱਸਿਆ ਅਤੇ ਕਿਹਾ ਕਿ ਗ਼ਰੀਬਾਂ ਦੇ ਅਨਾਜ ਦੀ ਲੁੱਟ 'ਚ ਸ਼ਾਮਲ ਲੋਕਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ ਉਹਨਾਂ ਕਿਹਾ ਕਿ ਅਨਾਜ ਘਪਲਾ ਸਪਾ ਦੀ ਸਰਕਾਰ ਦੀ ਹਕੂਮਤ ਦੌਰਾਨ 2004-05 'ਚ ਹੋਇਆ ਤੇ 2007 'ਚ ਉਹਨਾਂ ਨੇ ਸੀ. ਬੀ. ਆਈ. ਜਾਂਚ ਦਾ ਹੁਕਮ ਦਿੰਦੇ ਹੋਇਆ ਸ਼ੱਕ ਜਤਾਇਆ ਸੀ ਕਿ ਇਸ 'ਚ ਸਪਾ ਦੇ ਮੁੱਖ ਅਹੁਦੇਦਾਰ ਸਰਕਾਰੀ ਅਫਸਰ ਤੇ ਕੇਂਦਰ ਦੇ ਕਰਮਚਾਰੀ ਸ਼ਾਮਲ ਹੋ ਸਕਦੇ ਹਨ, ਉੱਥੇ ਮੁਲਾਇਮ ਨੇ ਦਾਅਵਾ ਕੀਤਾ ਕਿ 2004 'ਚ ਉਹਨਾਂ ਦੀ ਸਰਕਾਰ ਨੇ ਘਪਲੇ ਦਾ ਪਰਦਾਫਾਸ਼ ਕੀਤਾ ਸੀ ਤੇ ਇਕ ਜ਼ਿਲ੍ਹਾ ਜੱਜ ਨੂੰ ਮੱਅਤਲ ਕਰਨ ਤੋਂ ਇਲਾਵਾ 63 ਅਧਿਕਾਰੀਆਂ ਤੇ ਘਪਲੇ ਬਾਜ਼ਾਂ ਖ਼ਿਲਾਫ਼ ਰਿਪੋਰਟ ਦਰਜ ਕਰਵਾਈ ਸੀ ਪਰ ਕਾਂਗਰਸ ਨੇਤਾ ਸੁਰਿੰਦਰ ਸਿੰਘ ਰਾਜਪੂਤ ਨੇ ਕਿਹਾ ਦੋਨੋਂ ਘਪਲੇ ਲਈ ਜ਼ਿੰਮੇਵਾਰ ਹਨ। ਪਰ ਹੁਣ ਤੱਕ ਦੀ ਪੜਤਾਲ ਤੋਂ ਕਿਸੇ ਨੂੰ ਯਕੀਨ ਨਹੀਂ ਹੈ ਕਿ ਦੋਸ਼ੀ ਨੂੰ ਸਜ਼ਾ ਮਿਲੂ। ਕੀ ਸਰਕਾਰ ਲੁੱਟ ਤੇ ਰੋਕ ਲਾਕੇ ਗ਼ਰੀਬ ਦੀ ਰੋਟੀ ਬਚਾ ਸਕੇਗੀ?

# ਕਿਵੇਂ ਹੁੰਦੀ ਹੈ ਗਰੀਬਾਂ ਦੇ ਅਨਾਜ ਦੀ ਬੇਰਹਿਮੀ ਲੁੱਟ?

ਅਕਤੂਬਰ 2004 ਨੂੰ ਉਸ ਵੇਲੇ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੇ ਸੁਣਿਆ ਕਿ ਗਰੀਬੀ ਹਟਾਓ ਪ੍ਰੋਗ੍ਰਾਮਾਂ ਲਈ ਅਲਾਟ ਕੀਤੇ ਅਨਾਜ ਦੀ 2002 ਤੋਂ ਹੀ ਵੱਡੇ ਪੈਮਾਨੇ 'ਤੇ ਤਸਕਰੀ ਕੀਤੀ ਜਾ ਰਹੀ ਹੈ। ਉਹਨਾਂ ਨੇ ਸਮੀਖਿਆ ਬੈਠਕ ਬੁਲਾ ਕੇ ਅਧਿਕਾਰੀਆਂ ਨੂੰ ਇਸ ਦੀ ਜਾਂਚ ਕਰਨ ਦਾ ਹੁਕਮ ਦਿੱਤਾ। ਨਵੰਬਰ 2004 'ਚ ਉਸ ਵੇਲੇ ਦੇ ਅਨਾਜ ਤੇ ਨਾਗਰਿਕ ਸਪਲਾਈ ਵਿਭਾਗ ਦੇ ਮੁੱਖ ਸਕੱਤਰ ਪ੍ਰਸ਼ਾਂਤ ਸੀ, ਚਤੁਰਵੇਦੀ ਨੇ ਨਵੰਬਰ-ਦਸੰਬਰ 2004 'ਚ ਲਖਨਊ ਦੇ ਪੂਰਬੀ ਉੱਤਰ ਤੇ ਉੱਤਰੀ ਰੇਲਵੇ ਦੇ ਅਧਿਕਾਰੀਆਂ ਨੂੰ ਚਿੱਠੀ ਲਿਖ ਕੇ ਜਾਨਣਾ ਚਾਹਿਆ ਕਿ ਬੰਗਲਾ ਦੇਸ਼ ਤੇ ਵਿਦੇਸ਼ ਲਈ ਰੇਲ ਰਾਹੀਂ ਕਿੰਨਾ ਅਨਾਜ ਭੇਜਿਆ ਗਿਆ। ਉਹਨਾਂ ਦੱਸਿਆ ਕਿ ਵੱਖ-ਵੱਖ ਜ਼ਿਲ੍ਹਿਆਂ ਦੇ ਸਟੇਸ਼ਨਾਂ 'ਤੇ ਮਾਲ ਲੋਡ ਕੀਤਾ ਗਿਆ ਜਿਹਨਾਂ 'ਚ ਬਾਹਰ ਤੋਂ ਸਪਲਾਇਰ ਸ਼ਾਮਲ ਸਨ। ਮਾਲ ਲੱਦਣ ਤੇ ਹਾਸਲ ਕਰਨ ਵਾਲੇ ਬੰਦਿਆਂ ਦਾ ਜ਼ਿਕਰ ਨਹੀਂ ਕੀਤਾ ਗਿਆ। ਮੁਲਾਇਮ ਸਰਕਾਰ ਨੇ ਉਸ ਵੇਲੇ ਦੇ ਪੁਲਸ ਕਮਿਸ਼ਨਰ (ਖੁਰਾਕ) ਜਾਬਰ ਸਿੰਘ ਦੇ ਕੇਸ ਸਬੰਧੀ ਜਾਂਚ ਕਰਨ ਲਈ ਕਿਹਾ। ਸਰਕਾਰ ਨੇ ਲਖੀਮਪੁਰ ਖੀਰੀ ਦੇ ਉਸ ਵੇਲੇ ਦੇ ਜ਼ਿਲ੍ਹਾ ਮੁੱਖੀ (ਜੱਜ) ਦੋ ਜ਼ਿਲ੍ਹਾ ਸਪਲਾਈ ਅਧਿਕਾਰੀਆਂ ਸਾਰੇ 15 ਬਲਾਕਾਂ ਦੇ ਸਟੋਰ ਅਧਿਕਾਰੀਆਂ ਅਤੇ ਲਗਭਗ ਸਾਰੇ ਲੇਖਪਾਲਾਂ ਨੂੰ ਵੀ ਮੁਅਤਲ ਕਰ ਦਿੱਤਾ ਪਰ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਅਨਾਜ ਮਾਫੀਆ ਦੀ ਵਿਉਂਤ ਬੱਧ ਤਰੀਕੇ ਨਾਲ ਲੁੱਟ ਘੱਟ ਹੋਣ ਦੇ ਨਾਲ ਹੀ ਸੀ ਬੀ ਆਈ ਜਾਂਚ ਦੀ ਮੰਗ ਨਜ਼ਰ ਅੰਦਾਜ਼ ਕਰ ਦਿੱਤੀ ਗਈ। ਮਈ 2007 ਨੂੰ ਮਾਇਆਵਤੀ ਸੱਤਾ 'ਚ ਆਈ ਅਤੇ ਕਿਉਂਕਿ ਇਹ ਘਪਲਾ ਮੁਲਾਇਮ ਦੇ ਕਾਰਜਕਾਲ 'ਚ ਉਭਰਿਆ ਸੀ। ਲਿਹਾਜਾ ਉਹਨਾਂ ਨੇ ਇਸ ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਉਣ ਦਾ ਫੈਸਲਾ ਲਿਆ। ਦਸੰਬਰ 2007 ਕੈਬਨਿਟ ਸਕੱਤਰ ਸ਼ਸ਼ੰਕ ਸ਼ੇਖਰ ਸਿੰਘ ਨੇ ਲਖੀਮਪੁਰ ਖੀਰੀ, ਬਲੀਆ, ਸੀਤਾਪੁਰ ਜ਼ਿਲ੍ਹਿਆਂ 'ਚ ਅਨਾਜ ਘੋਟਾਲੇ ਦੀ ਜਾਂਚ ਦਾ ਐਲਾਨ ਕਰਦੇ ਹੋਇਆ ਅਨੁਮਾਨ ਲਾਇਆ ਕਿ ਇਹ 35000 ਕਰੋੜ ਰੁਪਏ ਦਾ ਘਪਲਾ ਹੈ। ਰਾਜ ਦੀ ਐਸ. ਆਈ. ਟੀ. ਤੇ ਆਰਥਕ ਅਪਰਾਧ ਸ਼ਾਖਾ ਤੋਂ ਇਲਾਵਾ ਸੀ. ਬੀ. ਆਈ. ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਪਰ ਕੋਈ ਵੱਡੀ ਕਾਮਯਾਬੀ ਨਹੀਂ ਮਿਲੀ। ਸੀ. ਬੀ. ਆਈ. ਨੇ ਬਲੀਆ 'ਚ ਅੱਠ ਅਤੇ ਖੀਰੀ ਨਾਲ ਸਬੰਧਤ ਇਕ ਐਫ ਆਈ ਆਰ ਦਰਜ਼ ਕੀਤੀ। ਐਸ ਆਈ ਪੀ ਨੇ 66 ਕੇਸ ਦਰਜ ਕੀਤੇ ਸਨ ਦਸੰਬਰ-2010 ਹਾਲਾਂਕਿ ਇਹ ਘਪਲਾ ਮਾਇਆਵਤੀ ਦੀ ਹਕੂਮਤ ਦੌਰਾਨ ਹੋਇਆ ਸੀ ਅਤੇ 72 ਵਿਚੋਂ 54 ਜ਼ਿਲ੍ਹਿਆਂ 'ਚ ਫੈਲ ਚੁੱਕਿਆ ਸੀ ਪਰ ਅਦਾਲਤ ਨੇ ਸੀ. ਬੀ. ਆਈ ਤੋਂ ਐਸ. ਆਈ. ਟੀ. ਦੇ ਨਾਲ ਤਿੰਨ ਹੋਰ ਜ਼ਿਲ੍ਹਿਆਂ-ਲਖਨਊ, ਗੌਂਡਾ ਤੇ ਵਾਰਾਣਸੀ 'ਚ ਜਾਂਚ ਕਰਨ ਨੂੰ ਕਿਹਾ।

ਜਨਹਿਤ ਪਟੀਸ਼ਨ ਦਾਖਲ ਕਰਨ ਵਾਲੇ ਵਿਸ਼ਵਨਾਥ ਚਤਰਵੇਦੀ ਮੁਤਾਬਕ ਇਹ ਲੁੱਟ ਦੋ ਲੱਖ ਕਰੋੜ ਦੇ ਬਰਾਬਰ ਹੋਵੇਗੀ। ਤਿੰਨ ਜ਼ਿਲ੍ਹਿਆਂ ਵਿੱਚ 2002-03 'ਚ ਸ਼ੁਰੂ ਹੋਈ ਲੁੱਟ ਰਾਜ ਦੇ 72 ਤੋਂ 54 ਜ਼ਿਲ੍ਹਿਆਂ ਖਾਸ ਕਰਕੇ ਤਰਾਈ ਖੇਤਰਾਂ ਜਾਂ ਨੇਪਾਲ ਤੇ ਬਿਹਾਰ ਨਾਲ ਲਗਦੇ ਜ਼ਿਲ੍ਹਿਆਂ 'ਚ ਫੈਲ ਗਈ। ਇਸ ਨਾਲ ਅਨਾਜ ਨੇਪਾਲ, ਬੰਗਲਾ ਦੇਸ਼, ਪੂਰਬ-ਉੱਤਰ 'ਚ ਪਹੁੰਚਿਆ। ਹਾਈਕੋਰਟ ਨੇ ਸੀ. ਬੀ. ਆਈ ਨੂੰ ਮਾਮਲੇ ਦੀ ਪੂਰੀ ਜਾਂਚ ਛੇ ਮਹੀਨਿਆਂ ਅੰਦਰ ਕਰਨ ਦਾ ਹੁਕਮ ਦਿੰਦੇ ਹੋਏ ਕਿਹਾ ਕਿ ਪਹਿਲੀ ਨਜ਼ਰੇ ਦਿੱਲੀ ਦੇ ਕੋਲਕਾਤਾ ਦੇ ਬਰਾਮਦਕਾਰਾਂ ਨੇ ਅਨਾਜ ਦੀ ਖ਼ਰੀਦਦਾਰੀ ਅਤੇ ਬਰਾਮਦ 'ਚ ਸਥਾਨਕ ਅਧਿਕਾਰੀਆਂ 'ਤੇ ਗਰੋਹਾਂ ਦੀ ਮਦਦ ਲਈ। ਸੀ. ਬੀ. ਆਈ. ਨੇ ਵੇਖਿਆ ਕਿ ਇਕ ਹੀ ਬੰਦਾ ਜਾਂ ਇੱਕ ਤੋਂ ਬਾਅਦ ਇਕ ਫਰਜ਼ੀ ਲੋਕਾਂ ਦੇ ਨਾਂ ਡਰਾਫਟ ਬਣੇ। ਸਸਤੇ ਰਾਸ਼ਣ ਦੀਆਂ ਦੁਕਾਨਾਂ 'ਤੇ ਜਿਹਨਾਂ ਵਾਹਨਾਂ ਦੇ ਨੰਬਰ ਦਿੱਤੇ ਗਏ ਉਹ ਸਕੂਲ ਮੋਟਰ ਸਾਈਕਲ, ਮਿੰਨੀ ਬੱਸ, ਟੈਂਪੂ ਜਾਂ ਆਟੋ ਰਿਕਸ਼ਾ ਨਿਕਲੇ। ਬਿਹਾਰ 'ਚ ਜਦ 1996 'ਚ ਚਾਰ ਘੁਟਾਲਾ ਉਜਾਗਰ ਹੋਇਆ ਤਦ ਜਾਨਵਰਾਂ ਨੂੰ ਚਾਰਾ ਢੋਹਣ ਲਈ ਵੀ ਇਸ ਤਰ੍ਹਾਂ ਦੇ ਵਾਹਨਾਂ ਦੀ ਵਰਤੋਂ ਕੀਤੀ ਗਈ ਸੀ। ਹਾਈਕੋਰਟ ਨੇ ਦੇਖਿਆ ਕਿ ਸਰਕਾਰ ਅਧਿਕਾਰੀਆਂ ਖ਼ਿਲਾਫ ਮੁਕੱਦਮਾ ਚਲਾਉਣ ਦੀ ਮੰਜੂਰੀ ਦੇਣ 'ਚ ਦੇਰੀ ਕਰ ਰਹੀ ਹੈ ਲਿਹਾਜਾ ਉਸ ਨੇ ਸੀ. ਬੀ. ਆਈ. ਨੂੰ ਕਿਹਾ ਕਿ ਜੇ ਤਿੰਨ ਮਹੀਨਿਆਂ ਅੰਦਰ ਮੰਜੂਰੀ ਨਾ ਮਿਲੇ ਤਾਂ ਉਹ ਕਾਰਵਾਈ ਸ਼ੁਰੂ ਕਰ ਦੇਵੇ। ਉਸ ਨੇ ਕਿਹਾ ਕਿ ਹਰ ਮਾਮਲੇ 'ਚ ਮੁਕੱਦਮੇ ਦੀ ਮੰਜੂਰੀ ਲੈਣਾ ਜ਼ਰੂਰੀ ਨਹੀਂ। ਤਿੰਨ ਜ਼ਿਲ੍ਹਿਆਂ 'ਚ ਮਾਮਲੇ ਦੀ ਜਾਂਚ 3 ਦਸੰਬਰ ਤੱਕ ਤਿੰਨ ਵੱਖ-ਵੱਖ ਏਜੰਸੀਆਂ ਸੀ. ਬੀ. ਆਈ. ਐਸ. ਆਈ. ਟੀ. ਤੇ ਆਰਥਕ ਅਪਰਾਧ ਸ਼ਾਖਾ ਕਰ ਰਹੀ ਸੀ। ਪੜਤਾਲ ਕਰਨ ਵਾਲੀਆਂ ਏਜੰਸੀਆਂ ਨੂੰ ਸ਼ੱਕ ਹੈ ਕਿ ਆਈ ਏ ਐਸ ਅਧਿਕਾਰੀਆਂ ਸਮੇਤ 20 ਅਧਿਕਾਰੀ, ਕਰੀਬ 15 ਵਿਧਾਇਕ, ਅੱਧੀ ਦਰਜਨ ਐਮ. ਪੀ. ਤੇ ਕਰੀਬ 1000 ਟਟਪੂੰਜੀਏ ਨੇਤਾ ਇਸ ਘਪਲੇ 'ਚ ਸਿੱਧੇ ਜਾਂ ਅਸਿੱਧੇ ਸ਼ਾਮਲ ਸਨ। ਬੀਤੀ 9 ਦਸੰਬਰ ਨੂੰ ਮਾਇਆਵਤੀ ਨੇ ਕਿਹਾ ਦੋਸ਼ੀਆਂ ਨੂੰ ਨਹੀਂ ਬਖਸ਼ਾਂਗੇ। ਉਸ ਦਿਨ ਪ੍ਰਿੰਸੀਪਲ ਸਕੱਤਰ ਸੂਚਨਾ ਵਿਭਾਗ ਵਿਜੈ ਸੰਕਰ ਪਾਂਡੇ ਦਾ ਕਹਿਣਾ ਸੀ ਕਿ ਘਪਲਾ ਉਨਾਂ ਵੱਡਾ ਨਹੀਂ ਹੈ ਜਿੰਨਾ ਦੱਸਿਆ ਜਾ ਰਿਹਾ ਹੈ। 2004-05 'ਚ ਕੇਂਦਰ ਤੋਂ 30.14 ਲੱਖ ਟਨ ਕਣਕ ਅਤੇ 18.07 ਲੱਖ ਟਨ ਚੌਲ ਹਾਸਲ ਹੋਇਆ ਉਹਨਾਂ ਮੁਤਾਬਕ "ਇਸ ਤੋਂ ਤੁਸੀਂ ਘਪਲੇ 'ਚ ਸ਼ਾਮਲ ਰਕਮ ਦੇ ਸਾਈਜ਼ ਸਬੰਧੀ ਅੰਦਾਜ਼ਾ ਲਾ ਸਕਦੇ ਹੋ।" ਉਕਤ ਜਾਂਚਾਂ 'ਚ ਕੋਈ ਵੱਡੀ ਕਾਮਯਾਬੀ ਨਹੀਂ ਮਿਲੀ।

# ਸੈਕਸ ਬਨਾਮ ਨਿਤਿਆਨੰਦ ਸੁਆਮੀ ਦੇ ਕਾਰਨਾਮੇ

ਜੇ ਕਰਨਾਟਕ ਪੁਲਸ ਦੀ ਮੰਨੀਏ ਤਾਂ ਇਹ ਸ਼ਬਦ ਕਿ "ਮੈਂ ਕ੍ਰਿਸ਼ਨ ਹਾਂ ਅਤੇ ਤੁਸੀਂ ਮੇਰੀਆਂ ਗੋਪੀਆਂ ਹੋ" ਬਿਡਾਡੀ ਕਰਨਾਟਕ ਦੇ ਨਿਤਿਆਨੰਦ ਧਿਆਨਪੀਠ ਦੇ 33 ਸਾਲਾਂ ਸੁਆਮੀ ਨਿਤਿਆਨੰਦ ਜਾਂ ਪਰਮਹੰਸ ਨਿਤਿਆਨੰਦ ਆਪਣੀਆਂ ਔਰਤ ਭਗਤਾਂ ਨੂੰ ਫਸਾਉਣ ਲਈ ਅਕਸਰ ਵਰਤਦੇ ਸਨ। 27 ਨਵੰਬਰ ਨੂੰ ਕਰਨਾਟਕਾ ਸੀ ਆਈ ਡੀ ਵਲੋਂ ਨਿਤਿਆਨੰਦ ਖ਼ਿਲਾਫ਼ ਦਾਇਰ ਕੀਤਾ ਗਿਆ 430 ਸਫਿਆਂ ਦਾ ਦੋਸ਼ ਪੱਤਰ ਇਸ ਨੌਜਵਾਨ ਔਰਤ ਵਲੋਂ ਸ਼ਿਕਾਇਤ ਦਰਜ ਕਰਾਉਣ ਦਾ ਸਿੱਟਾ ਹੈ। ਇਸ ਔਰਤ ਦਾ ਨਾਂ ਤੇ ਪਹਿਚਾਣ ਸੀ ਆਈ ਡੀ ਨੇ ਗਵਾਹਾਂ ਦੀ ਰਾਖੀ ਕਰਨ ਬਦਲੇ ਗੁਪਤ ਰੱਖਿਆ ਹੈ। ਇਸ ਔਰਤ ਨੇ ਨਿਤਿਆਨੰਦ 'ਤੇ ਬਿਡਾਡੀ ਆਸ਼ਰਮ ਤੇ ਹੋਰ ਥਾਵਾਂ 'ਤੇ ਦੁਰਾਚਾਰ ਦਾ ਦੋਸ਼ ਲਾਇਆ ਸੀ। ਇਸ ਔਰਤ ਦੀ ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਨਿਤਿਆਨੰਦ ਸਾਰੇ ਦੇਵੀ ਦੇਵਤਿਆਂ ਦਾ ਅਵਤਾਰ ਹੋਣ ਦਾ ਦਾਅਵਾ ਕਰਦਿਆਂ ਕਈ ਔਰਤ ਭਗਤਾਂ ਦੇ ਨਾਲ 'ਯੋਨ ਸਮਾਗਮ' (ਸੰਭੋਗ) ਰਾਹੀਂ ਮੁਕਤੀ ਹਾਸਲ ਕਰਨਾ 'ਤੇ ਜ਼ੋਰ ਦਿੰਦਾ ਸੀ। ਸੁਆਮੀ ਇਸ ਆਸਾ ਦੇ ਸਮਝੌਤੇ 'ਤੇ ਦਸਤਖ਼ਤ ਕਰਾਉਂਦਾ ਸੀ ਜਿਸ 'ਚ ਯੋਨ ਸਬੰਧਾਂ ਦਾ ਵੇਰਵਾ ਜਾਹਰ ਕਰਨ ਦੀ ਮਨਾਹੀ ਹੁੰਦੀ ਸੀ। ਇਸ ਨੂੰ "ਨਾਨ-ਡਿਸਕਲੋਜ਼ਰ ਐਗਰੀਮੈਂਟ" ਜਾਂ ਐਨ. ਡੀ. ਏ. ਕਿਹਾ ਜਾਂਦਾ ਸੀ। ਦਸਤਖ਼ਤ ਕੀਤੇ ਅਜਿਹੇ ਇਕ ਐਨ. ਡੀ. ਏ. 'ਚ ਕਿਹਾ ਗਿਆ ਹੈ ਕਿ "ਸਵੈ ਇਛੁੱਤ ਤੌਰ 'ਤੇ ਕਾਰਕੁੰਨ ਜਾਣਦੀ ਹੈ ਕਿ ਇਸ ਪ੍ਰੋਗਰਾਮ 'ਚ ਪ੍ਰਾਚੀਨ ਤੰਤਰਿਕ ਭੇਦਾਂ ਦੀ ਸਿੱਖਿਆ ਅਤੇ ਅਭਿਆਸ ਸ਼ਾਮਲ ਹੋ ਸਕਦਾ ਹੈ ਜੋ ਔਰਤ ਤੇ ਮਰਦ ਸਿਖਰ ਦੀ ਯੋਨ ਉਤੇਜਨਾ ਨਾਲ ਸਬੰਧਤ ਹੈ ਜਿਹਨਾਂ 'ਚ ਵਧੀ ਹੋਈ ਨੇੜਤਾ/ਅਧਿਆਤਮਕ ਸਬੰਧ, ਆਨੰਦ, ਮਧੁਰ ਸਬੰਧਾਂ ਤੇ ਮੁਕਤੀ ਨੂੰ ਹਾਸਲ ਕਰਨ ਲਈ ਯੌਨ ਊਰਜਾ ਦੀ ਵਰਤੋਂ ਸ਼ਾਮਲ ਹੈ, ਸਵੈ ਇੱਛੁਕ ਕਾਰਕੁੰਨ ਜਾਣਦੀ ਹੈ ਕਿ ਇਹ ਸਰਗਰਮੀਆਂ ਸਰੀਰਕ ਤੇ ਮਾਨਸਕ ਤੌਰ 'ਤੇ ਚੁਣੌਤੀਪੂਰਨ ਹੋ ਸਕਦੀਆਂ ਹਨ ਅਤੇ ਇਹਨਾਂ 'ਚ ਨੰਗੇਜ਼ ਤੇ ਯੌਨ ਸਰਗਰਮੀ ਦਾ ਵੇਰਵਾ, ਬੇਹੱਦ ਨੇੜਤਾ ਤੇ ਅੰਤਰੰਗਤਾ, ਜੁਬਾਨੀ ਤੇ ਲਿਖਤੀ ਵੇਰਵਾ ਤੇ ਕਾਮੁਕਤਾ ਕੇਂਦਰਿਤ ਅਤੇ ਨਸ਼ੀਲੇ ਰੁਝਾਣ ਦੀਆਂ ਧਵਨੀਆਂ ਸ਼ਾਮਲ ਹੋ ਸਕਦੀਆਂ ਹਨ।" ਐਨ. ਡੀ. ਏ. ਦੀ ਇੱਕ ਹੋਰ ਧਾਰਾ ਰਾਹੀਂ ਇਹ ਸਮਝੌਤਾ ਆਸ਼ਰਮ ਦੀ ਕਿਸੇ ਵੀ ਗੜਬੜ ਤੋਂ ਪੂਰੀ ਤਰ੍ਹਾਂ ਦੋਸ਼ ਮੁਕਤ ਕਰਾਰ ਦਿੰਦਾ ਹੈ। ਇਸ ਧਾਰਾ 'ਚ ਕਿਹਾ ਗਿਆ ਹੈ ਕਿ " ਇਸ ਸਮਝੌਤੇ ਨੂੰ ਪੜ੍ਹ ਕੇ, ਇਸ 'ਤੇ ਦਸਤਖ਼ਤ ਕਰਕੇ ਸਵੈਇਛੁੱਕ ਕਾਰਕੁੰਨ ਇਸ ਗੱਲ ਨੂੰ ਅਟੱਲ ਤੇ ਪੱਕਾ ਮੰਨਦੀ ਹਾਂ ਕਿ ਇਹ ਸਵੈਇਛੁੱਕ ਢੰਗ ਨਾਲ ਅਜਿਹੀਆਂ ਸਰਗਰਮੀਆਂ ਨੂੰ ਬਿਨਾਂ ਸ਼ਰਤ ਮਨਜ਼ੂਰੀ ਦਿੰਦੀ ਹਾਂ ਅਤੇ ਫਾਊਂਡੇਸ਼ਨ ਤੇ ਉਸ ਦੇ ਆਗੂ ਨੂੰ ਅਤੇ ਕਿਸੇ ਹੋਰ ਬੰਦੇ ਨੂੰ ਜਿਸ ਦਾ ਵਿਸ਼ੇਸ਼ ਤੌਰ 'ਤੇ ਇਥੇ ਜ਼ਿਕਰ ਨਾ ਕੀਤਾ ਗਿਆ ਹੋਵੇ ਪਰ ਇਹ ਸਿੱਧਾ ਜਾਂ ਅਸਿੱਧਾ ਸੰਗਠਨ ਦੇ ਨਾਲ ਅਜਿਹੇ ਕਿਸੇ ਪ੍ਰੋਗਰਾਮ ਦੇ ਸੰਚਾਲਨ ਦਾ ਪ੍ਰਬੰਧ ਨਾਲ

ਜੁੜਿਆ ਹੋ ਸਕਦਾ ਹੈ, ਅਜਿਹੇ ਸਾਰੇ ਜ਼ਾਹਰਾ ਤੇ ਗੁਪਤ ਫਰਜ਼ਾਂ ਤੋਂ ਮੁਕਤ ਕਰਦਾ ਹੈ ਜੋ ਇਹਨਾਂ ਸਰਗਰਮੀਆਂ ਨਾਲ ਪੈਦਾ ਹੋ ਸਕਦੇ ਹਨ।" ਇਸ ਤੋਂ ਅੱਗੇ ਇਕ ਵਾਕ 'ਚ ਕਿਹਾ ਗਿਆ ਹੈ ਕਿ "ਸਵੈਇਛਤ ਕਾਰਕੁੰਨ ਇਸ ਗੱਲ ਦੀ ਵੀ ਪੁਸ਼ਟੀ ਕਰਦੀ ਹੈ ਕਿ ਉਹ ਕਿਸੇ ਵੀ ਤਾਂਤਰਿਕ ਖੋਜ ਨਾਲ ਸਬੰਧਤ ਕਿਸੇ ਯੌਨ ਜਾਂ ਪਰਪੱਕ ਸਾਮਗਰੀ ਜਾਂ ਕਿਸੇ ਹੋਰ ਪਰਪੱਕ ਸਾਮਗਰੀ ਨੂੰ ਇਤਰਾਜ਼ ਯੋਗ ਨਹੀਂ ਮੰਨੇਗੀ" ਸੀ. ਆਈ. ਡੀ. ਦੇ ਡੀ. ਆਈ. ਜੀ. ਚਰਣ ਰੈਡੀ ਕਹਿੰਦੇ ਹਨ ਕਿ "ਗ਼ੈਰ ਕਾਨੂੰਨੀ ਵਿਵਸਥਾਵਾਂ ਨਾਲ ਭਰੇ ਅਜਿਹੇ ਕਿਸੇ ਸਮਝੌਤੇ ਨੂੰ ਕੋਈ ਅਦਾਲਤ ਮੰਜ਼ੂਰ ਨਹੀਂ ਕਰੇਗੀ ਪਰ ਸਾਨੂੰ ਪੂਰਾ ਯਕੀਨ ਹੈ ਕਿ ਜਿਸ ਸਮੇਂ ਪੀੜਤਾਂ ਨੇ ਇਸ 'ਤੇ ਦਸਤਖ਼ਤ ਕੀਤੇ ਹੋਣਗੇ ਉਦੋਂ ਤੱਕ ਜਾਂ ਤਾਂ ਉਹਨਾਂ ਦੀ ਲੁੱਟ-ਘਸੁੱਟ ਪਹਿਲਾਂ ਹੀ ਹੋ ਚੁੱਕੀ ਹੋਵੇਗੀ ਜਾਂ ਉਸ ਦਾ ਬਰੇਨਵਾਸ਼ ਕੀਤਾ ਜਾ ਚੁੱਕਿਆ ਹੋਵੇਗਾ ਅਤੇ ਉਹਨਾਂ ਕੋਲ ਵਿਰੁੱਧ ਜਾਹਰ ਕਰਨ ਦਾ ਕੋਈ ਮੌਕਾ ਹੀ ਨਹੀਂ ਰਹਿ ਗਿਆ ਹੋਵੇਗਾ।" ਪੁਲਸ ਦਾ ਦਾਅਵਾ ਹੈ ਕਿ ਉਹਨਾਂ ਦੇ ਹੱਥ ਅਜਿਹੇ ਵੀਡੀਓ ਕਲਿਪ ਲੱਗ ਚੁੱਕੇ ਹਨ ਜਿਹਨਾਂ 'ਚ ਇਸ ਸਾਧੂ ਨੂੰ ਘੱਟੋ-ਘੱਟ ਪੰਜ ਔਰਤਾਂ ਦੇ ਨਾਲ ਸੰਭੋਗ ਵਾਲੀ ਸਥਿਤੀ 'ਚ ਵਿਖਾਇਆ ਗਿਆ ਹੈ। ਇਸ ਦੋਸ਼ ਨੂੰ ਆਸ਼ਰਮ ਸਾਫ਼ ਰੱਦ ਕਰ ਦਿੰਦਾ ਹੈ। ਰੈਡੀ ਕਹਿੰਦੇ ਹਨ "ਉਹਨਾਂ ਦੀ ਹਵਸ਼ ਦਾ ਸ਼ਿਕਾਰ ਬਣੀਆਂ ਔਰਤਾਂ ਦੀ ਗਿਣਤੀ ਤਹਿ ਕਰਨੀ ਮੁਸ਼ਕਲ ਹੈ ਪਰ ਮੇਰਾ ਅਨੁਮਾਨ ਹੈ ਕਿ ਇਹ ਗਿਣਤੀ 15 ਤੋਂ ਘੱਟ ਨਹੀਂ ਹੋਣੀ।" ਚਲਾਨ (ਚਾਰਜਸ਼ੀਟ ਜਾਂ ਦੋਸ਼ ਸੂਚੀ) ਦਾਇਰ ਕਰਨ ਪਿੱਛੇ ਰਾਮਨਗਰਮ ਅਦਾਲਤ 'ਚ ਨਿਤਿਆਨੰਦ ਉਸ ਦੇ ਸਾਥੀ ਸਚਿਦਾਨੰਦ ਤੇ ਸਾਧਨਾ ਨੰਦ ਉਰਫ ਆਯਆ, ਜੋ ਆਸ਼ਰਮ ਦੇ ਤਾਮਿਲਨਾਡੂ 'ਚ ਕੰਮਕਾਜ ਲਈ ਜ਼ਿੰਮੇਵਾਰ ਸੀ ਨੂੰ ਸੰਮਨ ਜਾਰੀ ਕੀਤੇ ਗਏ ਸਨ, ਪੁਲਸ ਨੇ ਬਿਡਾਡੀ ਆਸ਼ਰਮ ਤੋਂ ਦਸਤਾਵੇਜ਼, ਵੀਡੀਓ ਤੇ ਹੋਰ ਇਤਰਾਜ ਯੋਗ ਸਮੱਗਰੀ ਬਰਾਮਦ ਕੀਤੀ ਹੈ ਜਿਸ ਨੂੰ ਸਬੂਤ ਵਜੋਂ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਪਰ ਧਿਆਨ ਪੀਚਮ ਦਾ ਦਾਅਵਾ ਹੈ ਕਿ ਜਾਂਚ ਅਧਿਕਾਰੀ ਸਿਰਫ਼ ਵੋ ਹਾਰਡ ਡ੍ਰਾਈਵ ਲੈ ਗਏ ਜੋ ਆਸ਼ਰਮ ਦੇ ਪ੍ਰਕਾਸ਼ਨ ਵਿਭਾਗ ਨਾਲ ਸਬੰਧਤ ਹੈ ਤੇ ਜਿਸ 'ਚ ਕੋਈ ਸਬੂਤ ਨਹੀਂ ਹਨ। ਇਹ ਸੈਕਸੀ ਸਨਿਆਸੀ ਮਾਰਚ 2010 'ਚ ਉਸ ਸਮੇਂ ਤੁਰੰਤ ਖ਼ੁੰਖਾਰ ਹੋ ਗਿਆ ਸੀ ਜਦ ਸਨ ਟੀ. ਵੀ. ਨੇ ਉਸ ਦੀ ਇਕ ਟੇਪ ਪ੍ਰਸਾਰਿਤ ਕਰ ਦਿੱਤੀ ਸੀ ਜਿਸ 'ਚ ਇਹ ਤਾਮਿਲ ਫਿਲਮ ਕਲਾਕਾਰ ਰੰਜੀਤਾ ਨਾਲ ਅਧਨੰਗੀ ਹਾਲਤ 'ਚ ਸੀ। ਖਾੜਕੂ ਮੁਜਾਹਰਾਕਾਰੀਆਂ ਨੇ ਉਸ ਦੇ ਆਸ਼ਰਮ ਨੂੰ ਅੱਗ ਲਾ ਦਿੱਤੀ ਸੀ ਅਤੇ ਸਤਿਆਨੰਦ ਤੇ ਭਕਤਾਨੰਦ ਦੇ ਨਾਲ ਸਤਿਆਨੰਦ ਭੱਜ ਕੇ ਹਿਮਾਚਲ ਪ੍ਰਦੇਸ਼ ਦੇ ਕਸਬੇ ਸੋਲਨ ਚਲਾ ਗਿਆ ਸੀ। ਅਪ੍ਰੈਲ 'ਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਬੂਤਾਂ ਦੀ ਘਾਟ ਕਾਰਨ ਤਿੰਨ ਮਹੀਨੇ ਪਿਛੋਂ ਜਮਾਨਤ 'ਤੇ ਛੱਡ ਦਿੱਤਾ ਗਿਆ ਸੀ। ਉਸ ਨੇ ਸਾਬਤ ਕੀਤਾ ਸੀ ਕਿ ਜੇ ਉਹ ਸੈਕਸੀ ਵੀਡੀਓ ਸਹੀ ਹੋਵੇ ਤਾਂ ਵੀ ਇਹ ਸਿਰਫ਼ ਦੋ ਬਾਲਗ ਲੋਕਾਂ ਵਿਚਕਾਰ ਸਹਿਮਤੀ ਨਾਲ ਬਣੇ ਸਬੰਧ ਵਿਖਾਉਂਦਾ ਹੈ। ਧੀਆਨ ਪੀਤਮ ਆਸ਼ਰਮ ਦੇ ਲੋਕਾਂ ਦਾ ਦੋਸ਼ ਹੈ ਕਿ ਪਿਛਲੀ ਟੇਪ ਟਿੱਕ ਨਹੀਂ ਸੀ ਸਕੀ ਤੇ ਇਸ ਪਿਛੋਂ ਮੌਜੂਦਾ ਚਾਰਜਸੀਟ ਸਵਾਮੀ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਸਪੱਸ਼ਟ

ਅਮਰੀਕਨ ਲਹਿਜੇ 'ਚ ਗੱਲ ਕਰਦਿਆਂ ਸੁਆਮੀ ਸਚਿਕਾਨੰਦ ਕਹਿੰਦੇ ਹਨ "ਮੈਂ ਚੁਣੌਤੀ ਨਾਲ ਕਹਿੰਦਾ ਹਾਂ ਕਿ ਵਿਸ਼ਵ 'ਚ ਅਜਿਹੀ ਕੋਈ ਤਕਨੀਕ ਨਹੀਂ ਹੈ ਜੋ ਰਿਕਾਰਡਿੰਗ ਦੇ ਪ੍ਰਮਾਣਿਕ ਹੋਣ ਦੀ ਪੁਸ਼ਟੀ ਕਰ ਸਕੇ" ਇਹ ਟੇਪ ਨਿਤਿਆਨੰਦ ਦੇ ਨਾਜ਼ਾਰ ਚਲ ਰਹੇ ਡਰਾਈਵਰ ਧਰਮਾਨੰਦ ਜਾਂ ਲੇਨਿਨ ਕਰੂਪਨ ਨੇ ਇਕ ਸਥਾਨਕ ਚੈਨਲ ਨੂੰ ਜਾਰੀ ਕਰ ਦਿੱਤੇ ਅਤੇ 4 ਮਾਰਚ ਨੂੰ ਚੈਨਈ ਦੇ ਪੁਲਸ ਕਮਿਸ਼ਨਰ ਟੀ. ਰਾਜੇਂਦਰਨ ਦੇ ਪਾਸ ਸੁਆਮੀ ਖ਼ਿਲਾਫ਼ ਰਪਟ ਦਰਜ ਕਰਵਾ ਦਿੱਤੀ। 14 ਮਾਰਚ ਨੂੰ ਇਹ ਮਾਮਲਾ ਬਿਡਾਡੀ ਪੁਲਸ ਸਟੇਸ਼ਨ ਨੂੰ ਸੌਂਪ ਦਿੱਤਾ ਗਿਆ ਅਤੇ 18 ਮਾਰਚ ਨੂੰ ਸੀ. ਆਈ. ਡੀ. ਨੂੰ ਨਿਤਿਆਨੰਦ ਧਿਆਨ ਪੀਠਮ ਜੁਆਬੀ ਮੁਕੱਦਮਿਆਂ 'ਤੇ ਅਤੇ ਦੋਸ਼ਾਂ ਦੀ ਵਿਸਵਾਸ਼ ਨੀਅਤਾ (ਭਰੋਸੇ ਯੋਗਤਾ) 'ਤੇ ਸਵਾਲ ਉਠਾਉਣ ਵਾਲੀ ਜਾਣਕਾਰੀ ਜਾਰੀ ਕਰਕੇ ਇਸ ਦਾ ਮੁਕਾਬਲਾ ਕਰ ਰਿਹਾ ਹੈ। ਲੇਨਿਨ ਵਲੋਂ ਦਾਇਰ ਇਕ ਹੋਰ ਪੁਲਸ ਸ਼ਿਕਾਇਤ 'ਚ ਨਿਤਿਆਨੰਦ 'ਤੇ ਇਕ ਸਾਬਕਾ ਭਗਤ ਤੇ ਅਮਰੀਕਾ ਤੋਂ ਆਏ ਹੋਏ ਸਾਫਟਵੇਅਰ ਪੇਸ਼ੇਵਰ ਵਿਨੈ ਭਾਰਦਵਾਜ ਦੇ ਨਾਲ ਗੈਰਕੁਦਰਤੀ ਵਰਤਾਅ ਕਰਨ ਦਾ ਦੋਸ਼ ਲਾਇਆ ਗਿਆ ਹੈ। ਭਾਰਦਵਾਜ ਨੇ ਰਵਾਇਤੀ ਤੌਰ 'ਤੇ ਸ਼ਿਕਾਇਤ ਦਰਜ ਨਹੀਂ ਕਰਵਾਈ ਹੈ ਪਰ ਸੀ. ਆਈ. ਡੀ. ਦੀ ਇਹ ਉਮੀਦ ਕਿ ਉਹ ਸਤਿਆਨੰਦ ਦੀ ਸੁਣਵਾਈ ਸਮੇਂ ਮੌਜੂਦ ਹੋਵੇਗਾ, ਉਹ ਟੁੱਟ ਗਈ ਜਦ ਪਿਛਲੇ ਹਫ਼ਤੇ ਖ਼ੁਦ ਭਾਰਦਵਾਜ਼ ਤੇ ਬੱਚੇ ਦੇ ਯੌਨ ਸੋਸ਼ਣ ਦਾ ਦੋਸ਼ ਦਰਜ ਹੋ ਗਿਆ, ਲੇਨਿਨ ਦਾ ਕਹਿਣਾ ਹੈ ਕਿ ਭਾਰਦਵਾਜ ਨੂੰ ਗ੍ਰਿਫ਼ਤਾਰ ਕਰਵਾਉਣ ਪਿਛੇ ਆਸ਼ਰਮ ਦੀ ਸਾਜ਼ਿਸ਼ ਹੈ ਜਦ ਕਿ ਧਿਆਨ ਪੀਠਮ ਇਸ ਗੱਲ ਸਬੰਧੀ ਸੀ ਆਈ ਡੀ ਦਾ ਮਜ਼ਾਕ ਉਡਾ ਰਿਹਾ ਹੈ ਕਿ ਉਸ ਨੇ ਬੱਚਿਆਂ ਦੇ ਯੌਨ ਸੋਸ਼ਣ ਦੇ ਇਕ ਦੋਸ਼ੀ 'ਤੇ ਜਲਦਬਾਜ਼ੀ 'ਚ ਵਿਸਵਾਸ਼ ਕਰ ਲਿਆ। ਲੇਨਿਨ ਦਾ ਕਹਿਣਾ ਹੈ ਕਿ "ਨਿਤਿਆਨੰਦ ਦਾ ਮਠ ਇੱਕ ਸੰਗਠਿਤ ਮਠ ਹੈ, ਉਹਨਾਂ ਇਹ ਕਹਿੰਦੇ ਹੋਏ ਕਿ ਮੈਂ ਟੇਪ ਜਾਰੀ ਕੀਤੇ ਹਨ ਮੇਰੇ ਖ਼ਿਲਾਫ਼ 53 ਮੁਕੱਦਮੇ ਦਰਜ ਕਰਵਾ ਦਿੱਤੇ ਹਨ ਪਰ ਮੈਂ ਅਜਿਹਾ ਕੁਝ ਕੀਤਾ ਹੀ ਨਹੀਂ ਹੈ" ਬਲਾਤਕਾਰ ਤੋਂ ਇਲਾਵਾ ਨਿਤਿਆਨੰਦ ਖ਼ਿਲਾਫ਼ ਜ਼ਮੀਨ ਹੜੱਪਣ, ਸੋਨੇ ਦੀ ਤਸਕਰੀ ਕਰਨ, ਵਣ ਜੀਵਨ ਸੁਰੱਖਿਆ ਕਾਨੂੰਨ ਤੇ ਵਿਦੇਸ਼ੀ ਮੁਦਰਾ ਨਿਯਮਾਂ ਦੀ ਉਲੰਘਣਾ ਕਰਨ ਦਾ ਵੀ ਦੋਸ਼ ਹੈ ਹਾਲਾਂਕਿ ਆਸ਼ਰਮ ਸਾਰੇ ਦੋਸ਼ ਤੋਂ ਇਨਕਾਰ ਕਰਦਾ ਹੈ। ਭਕਤਾਨੰਦ ਕਹਿੰਦੇ ਹਨ "ਸਾਡੇ ਖਾਤੇ ਪੂਰੀ ਤਰ੍ਹਾਂ ਸਹੀ ਹਨ ਤੇ ਉਹਨਾਂ ਨੂੰ ਕੋਈ ਵੀ ਦੇਖ ਸਕਦਾ ਹੈ। ਇਹ ਕੋਈ 1980 ਦਾ ਦਹਾਕਾ ਨਹੀਂ ਹੈ ਜਦ ਸੋਨੇ ਦੀ ਸਮਗਲਿੰਗ ਫਾਇਦੇ ਦਾ ਸੌਦਾ ਹੁੰਦਾ ਸੀ ਹੁਣ ਜਦ ਕੀਮਤਾਂ 'ਚ ਕੋਈ ਫ਼ਰਕ ਨਹੀਂ ਹੈ ਤਾਂ ਸੋਨੇ ਦੀ ਸਮਗਲਿੰਗ ਕਰਨ ਨਾਲ ਕਿਸੇ ਨੂੰ ਕੋਈ ਫਾਇਦਾ ਨਹੀਂ ਹੈ, ਅਜਿਹਾ ਅਸੀਂ ਕਿਉਂ ਕਰਨ ਲੱਗੇ?" ਪੁਲਸ ਦਾ ਕਹਿਣਾ ਹੈ ਕਿ ਨਿਤਿਆਨੰਦ ਅਤੇ ਆਸ਼ਰਮ ਦੀ ਜਾਇਦਾਦ ਦੀ ਜਾਂਚ ਕਰਵਾਈ ਜਾਵੇਗੀ। ਦੋਸ਼ ਹੈ ਕਿ ਸੁਆਮੀ ਨੇ ਕਰਨਾਟਕ ਤੇ ਤਾਮਿਲਨਾਡੂ 'ਚ 140 ਕਰੋੜ ਰੁਪਏ ਜਮ੍ਹਾਂ ਕਰ ਰੱਖੇ ਹਨ ਉਸ ਦਾ 24 ਕੈਰਟ ਸੋਨੇ ਦੀ ਪਰਤ ਵਾਲੇ ਸਿੰਘਾਸਨ 'ਤੇ ਬੈਠਣਾ ਅਤੇ ਸੋਨੇ ਦੀ ਭਾਰੀ ਚੇਨ ਪਹਿਨਣਾ ਪਸੰਦ ਹੈ। ਇਕ ਸਮੇਂ ਨਿਤਿਆਨੰਦ ਦੇ ਚੇਲੇ ਰਹੇ ਅਤੇ ਹੁਣ ਸੈਕਸ ਵੀਡੀਓ ਕਾਰਨ ਉਸ

ਤੋਂ ਮੋਹ ਭੰਗ ਕਰ ਚੁੱਕੇ ਅਮਰੀਕਾ ਸਥਿਤ ਕਾਰੋਬਾਰੀ ਪੋਪਟ ਸਾਲਵਾ ਚਾਹੁੰਦੇ ਹਨ ਕਿ ਸੁਆਮੀ ਉਹਨਾਂ ਦੇ ਇਹ 25 ਲੱਖ ਮੋੜੇ ਜੋ ਉਹਨਾਂ ਨੇ ਅਮਰੀਕਾ 'ਚ ਨਿਤਿਆਨੰਦ ਫਾਊਂਡੇਸ਼ਨ ਦੀ ਸਥਾਪਨਾ ਲਈ ਜ਼ਮੀਨ ਗਹਿਣੇ ਰੱਖਣ 'ਚ ਖ਼ਰਚ ਕੀਤੇ ਸਨ। ਭਕਤਾਨੰਦ ਕਹਿੰਦੇ ਹਨ" ਦਾਨ ਵਾਪਸ ਕਰਨ ਲਈ ਨਹੀਂ ਹੁੰਦਾ ਅਤੇ ਵੈਸੇ ਵੀ ਸਾਲਵਾ ਇਹ ਸੰਕੇਤ ਭੇਜ ਰਿਹਾ ਹੈ ਕਿ ਵਾਪਸ ਮੁੜਨਾ ਚਾਹੁੰਦਾ ਹੈ। ਇਥੇ ਸਭ ਦਾ ਸਵਾਗਤ ਹੈ, ਉਹਨਾਂ ਦਾ ਵੀ ਜੋ ਛੱਡ ਕੇ ਜਾ ਚੁੱਕੇ ਹਨ।"

ਨਿਤਿਆਨੰਦ, ਜਿਸ ਦਾ ਬਚਪਨ ਦਾ ਨਾਂ ਰਾਜਸੇਕਰਨ ਹੈ, ਤਾਮਿਲਨਾਡੂ ਦੇ ਤਿਰੁਵਨਮਲੈ 'ਚ ਗਰੀਬ ਮਾਂ-ਬਾਪੂ ਦੇ ਘਰ ਪੈਦਾ ਹੋਇਆ ਅਤੇ ਅੱਠ ਸਾਲਾਂ ਤੋਂ ਵੀ ਘੱਟ ਉਮਰ 'ਚ 'ਬਾਲ ਸੁਆਮੀ' ਵਜੋਂ ਪ੍ਰਸਿੱਧ ਹੋ ਗਿਆ ਸੀ ਉਸ ਦਾ ਛੋਟਾ ਭਾਈ 30 ਸਾਲਾਂ ਦਾ ਨਾਂ ਗੋਪੀ ਉਰਫ਼ ਨਿਤੇਸ਼ਵਰ ਸੁਆਮੀ ਦੇ ਪੈਸਿਆਂ ਤੇ ਵਿਦੇਸ਼ਾਂ 'ਚ ਆਸ਼ਰਮਾਂ ਦੇ ਮਾਮਲੇ ਦੇਖਦਾ ਹੈ। ਉਹ ਦਰਾਮਦ ਬਰਾਮਦ ਦਾ ਵੀ ਧੰਦਾ ਕਰਦਾ ਹੈ। ਜਿਸ ਦਾ ਨਾਂ ਨਿਤਿਆਨੰਦ ਇਮਪੋਰਟ ਐਕਸਪੋਰਟ ਬਿਜ਼ਨਸ ਹੈ ਜੋ ਬਿਡਾਡੀ ਦੇ ਐਡਰੈਸ ਨਾਲ ਹੀ ਰਜਿਸਟਰਡ ਹੈ। ਨਿਤਿਆਨੰਦ ਦਾ ਅਵਤਾਰ ਬਣਨ ਤੋਂ ਇਲਾਵਾ ਉਹ ਉਹਨਾਂ ਵਾਂਗੂੰ ਵੇਸ਼ ਵੀ ਬਣਾਉਂਦਾ ਹੈ, ਅੰਗ੍ਰੇਜ਼ੀ ਬਹੁਤ ਵਧੀਆ ਬੋਲਦਾ ਹੈ 35 ਦੇਸ਼ਾਂ 'ਚ 1000 ਤੋਂ ਵੱਧ ਆਸ਼ਰਮਾਂ ਵਾਲੇ ਨਿਤਿਆਨੰਦ ਦਾ ਧਰਮ ਦਾ ਧੰਦਾ ਉਸ ਦੇ ਵਿਸ਼ਾਲ ਇਲਾਕੇ 'ਚ ਫੈਲੇ ਨਿਤਿਆਨੰਦ ਧਿਆਨ ਪੀਠ ਅਤੇ ਲਾਈਫ ਬਿਲਸ ਫਾਊਂਡੇਸ਼ਨ ਤੋਂ ਸ਼ੁਰੂ ਹੋਇਆ ਅਤੇ ਅੱਜ ਉਸ ਦੇ ਤ੍ਰਿਵਨਮਲੈ, ਡੇਲੇਵਰ, ਸੇਂਟ ਲੁਈਸ, ਫੋਨਿਕਸ ਔਕਲਾਹਾਮਾ ਸਿਟੀ ਤੇ ਸਿਏਟਲ 'ਚ ਵੈਦਿਕ ਮੰਦਰ ਹਨ। ਨਿਤਿਆਨੰਦ ਦੇ ਪ੍ਰਵਚਨਾਂ 'ਤੇ ਅਦਾਲਤ ਵਲੋਂ ਲੱਗੀ ਰੋਕ ਹਟਾਈ ਜਾ ਚੁੱਕੀ ਹੈ ਅਤੇ ਨਿਤਿਆਨੰਦ ਆਪਣੇ ਆਪ ਨੂੰ ਆਸ਼ਰਮ ਦੀਆਂ ਹੱਦਾਂ ਤੱਕ ਸੀਮਤ ਰੱਖ ਰਹੇ ਹਨ ਜਿਥੇ ਇਸ ਦੇ ਇਰਦ-ਗਿਰਦ ਦੇ ਚੇਲਿਆਂ ਨੂੰ ਛੱਡ ਕੇ ਬਾਕੀ ਲੋਕਾਂ ਦੀ ਉਸ ਹੱਦ ਤੱਕ ਪਹੁੰਚ ਬੰਦ ਹੈ ਸਿਵਾਏ ਉਦੋਂ ਜਦੋਂ ਉਹ 'ਲਾਈਫ ਬਿਲਸ' ਪ੍ਰੋਗ੍ਰਾਮ ਦੇ ਸੰਚਾਲਨ ਲਈ ਅਪਵਾਦ ਸਰੂਪ ਬਾਹਰ ਨਿਕਲਦਾ ਹੈ, ਇਸ ਪ੍ਰੋਗ੍ਰਾਮ 'ਚ ਜੋ ਚਾਹੇ ਆ ਸਕਦਾ ਹੈ।

# ਕੀ ਪੱਤ੍ਰਕਾਰ ਵੀ ਵਿੱਕ ਜਾਂਦੇ ਹਨ?

ਇਕ ਸਮਾਂ ਸੀ ਜਦ ਪੱਤਰ ਕਾਰਿਤਾ ਨੂੰ ਇਕ ਮਿਸ਼ਨ ਵਜੋਂ ਵੇਖਿਆ ਜਾਂਦਾ ਸੀ ਉਹ ਹੁਣ ਇਕ ਧੰਦਾ ਬਣ ਚੁੱਕੀ ਹੈ ਪਰ ਕਿੱਤਾ ਜਾਂ ਧੰਦਾ ਵੀ ਸੀਮਤ ਰਹੇ ਤਾਂ ਵੀ ਕੋਈ ਗੱਲ ਨਹੀਂ ਕਿਉਂਕਿ ਕਲਮ ਦੀਆਂ ਵੀ ਆਪਣੀਆਂ ਜ਼ਰੂਰਤਾਂ ਹੁੰਦੀਆਂ ਹਨ ਜਦ ਗੱਲ ਪ੍ਰੋਫੈਸ਼ਨ (ਕਿਤੇ ਜਾਂ ਧੰਦੇ) ਤੋਂ ਅੱਗੇ ਚਲੀ ਜਾਂਦੀ ਹੈ ਤਾਂ ਉਸ ਨੂੰ ਭਰਿਸ਼ਟਾਚਾਰ ਕਿਹਾ ਜਾਂਦਾ ਹੈ। ਅੱਜ ਪੱਤਰਕਾਰਿਤਾ, ਜਿਸ ਨੂੰ ਲੋਕਤੰਤਰ ਦਾ ਚੌਥਾ ਥੰਭ ਕਿਹਾ ਜਾਂਦਾ ਹੈ। ਕੰਮਜ਼ੋਰ ਪੈ ਰਹੀ ਹੈ। ਉੱਚ ਪੱਧਰੀ ਕਹੇ ਜਾਣ ਵਾਲੇ ਕਈ ਪੱਤ੍ਰਕਾਰ ਤੇ ਸੰਪਾਦਕ ਆਪਣੀ ਕਲਮ ਨੂੰ ਰਾਜਨੇਤਾਵਾਂ, ਸਨਅਤਕਾਰਾਂ ਤੇ ਕਾਰਪੋਰੇਟ ਹਾਊਸਾਂ ਦੇ ਹੱਥ ਗਹਿਣੇ ਰੱਖ ਚੁੱਕੇ ਹਨ। ਬਦਲੇ 'ਚ ਉਹਨਾਂ ਨੂੰ ਮਿਲੀ ਹੈ ਲੋਕਸਭਾ, ਰਾਜਸਭਾ, ਵਿਧਾਨ ਸਭਾਵਾਂ ਤੇ ਪ੍ਰੀਸ਼ਦਾਂ ਦੀਆਂ ਸੀਟਾਂ ਜਾਂ ਫਿਰ ਉਹ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਦੂਜਿਆਂ ਨੂੰ ਟਿਕਟ ਦਿਵਾ ਕੇ ਪੈਸੇ ਵਸੂਲਦੇ ਹਨ। ਰਾਜਧਾਨੀ 'ਚ ਪੱਤਰਕਾਰ ਅੱਜਕਲ ਮਹਿੰਗੀ ਕਾਰਾਂ 'ਚ ਚਲਦੇ ਹਨ, ਜੋ ਵੱਡੇ ਕਾਰੋਬਾਰੀਆਂ ਨੂੰ ਵੀ ਨਸੀਬ ਨਹੀਂ ਹੁੰਦੀਆਂ। ਦਿੱਲੀ 'ਚ ਇਕ ਪੱਤ੍ਰਕਾਰ 10 ਸੰਸਦ ਮੈਂਬਰਾਂ ਤੋਂ ਸਕੂਲ 'ਚ ਦਾਖ਼ਲੇ ਲਈ ਕੂਪਨ ਲੈਂਦਾ ਹੈ ਅਤੇ ਉਹਨਾਂ ਨੂੰ ਇਕ ਜਾਂ ਦੋ ਲੱਖ 'ਚ ਵੇਚ ਦਿੰਦਾ ਹੈ। ਦੇਸ਼ ਦੀ ਵੱਡੀ ਸਮਾਚਾਰ ਏਜੰਸੀ ਦੇ ਸੰਪਾਦਕ ਰਹੇ ਡਾ. ਵੇਦ ਪ੍ਰਤਾਪ ਵੈਦਿਕ ਨੂੰ ਮੁਲਾਇਮ ਸਿੰਘ ਯਾਦਵ ਤੋਂ 10 ਲੱਖ ਰੁਪਏ ਲੈਣ ਦੇ ਦੋਸ਼ 'ਚ ਆਪਣੇ ਆਹੁਦੇ ਤੋਂ ਹਟਣਾ ਪਿਆ ਸੀ। ਉਸੇ ਤਰ੍ਹਾਂ ਅੱਜ ਇਕ ਚੈਨਲ ਨਾਲ ਜੁੜੀ ਸੰਪਾਦਿਕਾ ਬਰਖਾਦੱਤ ਤੇ ਹਿੰਦੁਸਤਾਨ ਟਾਈਮਜ਼ ਨਾਲ ਜੁੜੇ ਵੀਰ ਸੰਘਵੀ ਇਕ ਪੀ ਆਰ ਕੰਪਨੀ ਚਲਾਉਣ ਵਾਲੀ ਔਰਤ ਨੀਰਾ ਰਾਡੀਆ ਦੇ ਨਾਲ ਸਬੰਧਾਂ ਨੂੰ ਲੈ ਕੇ ਬਦਨਾਮ ਹੋ ਰਹੇ ਹਨ। ਜ਼ਿਲ੍ਹਿਆਂ ਤੇ ਸ਼ਹਿਰਾਂ ਵਿੱਚ ਪੱਤ੍ਰਕਾਰ ਥਾਣਿਆਂ ਦੀ ਦਲਾਲੀ ਕਰਦੇ ਹਨ। ਜ਼ਿਲ੍ਹਾ ਅਧਿਕਾਰੀਆਂ ਤੋਂ ਕੰਮ ਕਰਵਾਉਂਦੇ ਹਨ ਅਤੇ ਪੈਸਾ ਵਸੂਲਦੇ ਹਨ ਪਰ ਦਿੱਲੀ ਸਮੇਤ ਰਾਜਾਂ ਦੀਆਂ ਰਾਜਧਾਨੀਆਂ 'ਚ ਰਹਿਣ ਵਾਲੇ ਪੱਤ੍ਰਕਾਰਾਂ ਤੇ ਸੰਪਾਦਕਾਂ ਦੇ ਡਿਗਣ ਦੀ ਥਾਂ ਕੋਈ ਹੱਦ ਹੀ ਨਹੀਂ ਰਹੀ ਹੈ। ਦਿੱਲੀ ਤੋਂ ਛਪਣ ਵਾਲੀ ਇਕ ਅੰਗ੍ਰੇਜ਼ੀ ਮੈਗਜ਼ੀਨ ਨੇ ਖੁਲਾਸਾ ਕੀਤਾ ਹੈ ਕਿ 1.77 ਲੱਖ ਕਰੋੜ ਦੀ ਜੀ-ਸਪੈਕਟਰਮ ਘਪਲੇ ਦੀਆਂ ਜੜ੍ਹਾਂ ਸਿਰਫ਼ ਸਾਬਕਾ ਮੰਤਰੀ ਏ-ਰਾਜਾ ਤੱਕ ਹੀ ਨਹੀਂ ਹਨ। ਉਸ 'ਚ ਮੰਤਰੀ ਦੋਸਤ ਤੇ ਪੀ. ਆਰ. ਕੰਪਨੀ ਚਲਾਉਣ ਵਾਲੀ ਬ੍ਰਿਟਿਸ਼ ਨਾਗਰਿਕ ਔਰਤ ਨੀਰਾ ਰਾਡੀਆ ਵੀ ਸ਼ਾਮਲ ਹੈ ਅਤੇ ਉਸ ਨਾਲ ਉੱਚ ਪੱਤ੍ਰਕਾਰ ਬਰਖਾ ਦੱਤ ਵੀ ਵੀਰ ਸਿੰਘਵੀ ਸ਼ਾਮਲ ਹਨ। ਉਹਨਾਂ ਨਾਲ ਜੁੜੀ ਆਡਿਓਟੇਪ ਅੱਜ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ। ਅਮਰ ਸਿੰਘ ਨੇ ਉਸ ਟੇਪ ਦੇ ਖੁਲਾਸੇ ਦੀ ਮੰਗ ਕੀਤੀ ਹੈ। ਗ੍ਰਹਿ ਮੰਤਰਾਲੇ ਤੋਂ ਇਜਾਜ਼ਤ ਲੈ ਕੇ ਕੁਝ ਸਰਕਾਰੀ ਵਿਭਾਗਾਂ, ਜਿਸ ਵਿੱਚ ਆਮਦਨ ਟੈਕਸ, ਵਿਭਾਗ ਵੀ ਸ਼ਾਮਲ ਹੈ ਨੇ 2008-09 'ਚ 300 ਦਿਨਾਂ ਦੀਆਂ ਗੱਲਾਂ ਟੇਪ ਕਰਕੇ ਇਹ ਟੈਪ ਤਿਆਰ ਕੀਤੀ ਹੈ। ਇਸ 'ਚ ਬਹੁਤ ਸਾਰੇ ਲੋਕਾਂ ਦੀ ਗੱਲਬਾਤ ਹੈ। ਬਰਖਾ ਦੱਤ ਤੇ ਵੀਹ

ਸੰਘਣੀ ਦੀ ਗੱਲਬਾਤ ਇਹਨਾਂ ਟੇਪਾਂ 'ਚ ਸ਼ਾਮਲ ਹੈ।

**ਇੱਕ ਟੇਪ 'ਚ 6 ਲੋਕਾਂ ਦੀ ਗੱਲਾਂ** : ਇਹ ਹੈ ਵੀਰ ਸਿੰਘਵੀ, ਬਰਖਾ ਦੱਤ, ਨੀਰਾ ਰਾਡਿਆ, ਸੁਹੇਲ ਸੇਠ, ਕਨੀ ਮੋਝੀ (ਕਰੁਣਾਨਿਧੀ ਦੀ ਬੇਟੀ ਅਤੇ ਰਾਜ ਸਭਾ ਮੈਂਬਰ) ਅਤੇ ਏ-ਰਾਜਾ ਗੱਲਬਾਤ ਸਪੈਕਟ੍ਰਮ ਨਾਲ ਸਬੰਧਤ ਹੈ। ਨੀਰਾ ਰਾਡੀਆ ਨੇ ਆਪਣੀਆਂ ਦੋ ਕੁਲਾਇੰਟ ਕੰਪਨੀਆਂ ਸਵਾਨ ਟੈਲੀਕਾਮ ਤੇ ਯੂਨੀਟੇਕ ਵਾਇਰਲੈਸ ਨੂੰ 2 ਜੀ ਸਪੈਕਟਰਮ 'ਚ ਲਾਇਸੰਸ ਦਿਵਾਏ ਹਨ। ਇਕ ਹੋਰ ਟੇਪ 'ਚ ਨੀਰਾ ਰਾਡੀਆ ਦੇ ਨਾਲ ਸਨਅਤਕਾਰ ਰਤਨ ਟਾਟਾ, ਪੱਤ੍ਰਕਾਰ ਵੀਰ ਸਾਂਧਵੀ, ਪ੍ਰਭੂ ਚਾਵਲਾ ਅਤੇ ਐਮ ਕੇ ਵੇਨੂੰ, ਤਰੁਣ ਦਾਸ, ਸੁਹੇਲ ਸੇਠ ਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਦਤਕ ਦਾਮਾਦ ਰੰਜਨ ਭੱਟਾਚਾਰੀਆ ਦੇ ਨਾਂ ਵੀ ਹਨ। ਇਹਨਾਂ ਟੇਪਾਂ ਦਾ ਖੁਲਾਸਾ ਹੋਣ 'ਤੇ ਮੀਡੀਆ ਨੂੰ ਸੱਪ ਸੁੰਘ ਗਿਆ ਤੇ ਉਹਨਾਂ ਨੇ ਚੁੱਪ ਸਾਧ ਲਈ ਹੈ। ਇਕ ਪਾਸੇ (NDTV) ਬਰਖਾ ਦੱਤ ਨੂੰ ਬਚਾ ਰਿਹਾ ਹੈ ਤਾਂ ਦੂਜੇ ਪਾਸੇ ਹੋਰ ਲੋਕ ਖਾਮੋਸ਼ ਹਨ।

**ਨੀਰਾ ਰਾਡੀਆ ਹੈ ਕੌਣ?** - ਵੈਸਟਲੇਂਡ ਹਾਲੀਕਾਪਟਰ ਸਕੇਮ ਨਾਲ ਸਬੰਧਿਤ ਅਫਰੀਕਨ ਦੇਸ਼ਾਂ 'ਚ ਰਹੇ ਏਜੰਟ ਦੀ ਬੇਟੀ ਹੈ ਨੀਰਾ ਰਾਡੀਆ। 1970 'ਚ ਉਗਾਂਡਾ ਤੋਂ ਬ੍ਰਿਟੇਨ ਆਏ ਪ੍ਰੀਵਾਰ 'ਚ ਪਲੀ-ਪੜੀ ਨੀਰਾ ਨੇ ਬ੍ਰਿਟੇਨ 'ਚ ਰਹਿ ਕੇ ਸਿੱਖਿਆ ਹਾਸਲ ਕੀਤੀ ਅਤੇ ਕੋਚੀ ਦੇ ਵਪਾਰੀ ਜਨਕ ਰਾਡੀਆ ਨਾਲ ਸ਼ਾਦੀ ਕਰਕੇ ਭਾਰਤ ਆਈ ਇਥੇ ਇਹਨਾਂ ਨੇ ਵੈਸ਼ਣਵੀ ਕਮਿਊਨੀਕੇਸ਼ਨ ਦੇ ਨਾਂ ਹੇਠ ਇਕ ਪੀ ਆਰ ਕੰਪਨੀ ਬਣਾਈ ਜਿਸ ਵਿੱਚ ਨਿਊਕਮ ਨਿਊਸਿਸ ਤੇ ਵਿਕਟਮ ਵੱਖ-ਵੱਖ ਕੰਪਨੀਆਂ ਵੀ ਸਨ। ਦੇਸ਼ ਦੇ ਰਿਟਾਇਰਡ ਆਈ. ਏ. ਐਸ. ਤੇ ਵੱਡੇ ਅਧਿਕਾਰੀਆਂ ਦੀ ਲੰਬੀ ਸੂਚੀ ਇਹਨਾਂ ਕੋਲ ਹੈ। ਜੋ ਇਹਨਾਂ ਪੀ ਆਰ ਕੰਪਨੀਆਂ 'ਚ ਡਾਇਰੇਕਟਰ ਆਦਿ ਹਨ। ਇਹਨਾਂ ਅਧਿਕਾਰੀਆਂ 'ਚ ਟੈਲੀਫੋਨ ਰੇਗੂਲੇਟਰੀ ਅਥਾਰਟੀ ਦੇ ਸਾਬਕਾ ਮੁੱਖੀ ਪ੍ਰਦੀਪ ਬੈਜਲ, ਸਾਬਕਾ ਵਿੱਤ ਸਕੱਤਰ ਸੀ ਐਮ ਵਾਸਦੇਵ, ਏ ਅਰਪੋਰਟ ਅਥਾਰਟੀ ਦੇ ਸਾਬਕਾ ਮੁੱਖੀ ਐਸ ਕੇ ਨਰੂਲਾ ਤੇ ਫਾਰਕ ਇਨਵੇਸਟਮੈਂਟ ਦੇ ਸਾਬਕਾ ਮੁਖੀ ਅਜੈ ਦੁਆ ਆਦਿ ਹਨ। ਨੀਰਾ ਰਾਡੀਆ ਦਾ ਕੰਮ ਹੈ ਸਿਵਲ ਏਵੀਏਸ਼ਨ, ਡਿਫੈਂਸ ਤੇ ਟੈਲੀਕਾਮ ਮੰਤਰਾਲੇ 'ਚ ਪੈਂਠ ਬਣਾ ਕੇ ਆਪਣੀ ਕੰਪਨੀਆਂ ਦੀ ਗ੍ਰਾਹਕ ਕੰਪਨੀਆਂ ਤੋਂ ਕੰਮ ਕਰਵਾਉਣਾ ਅਤੇ ਬਦਲੇ 'ਚ ਮੋਟੀ ਰਕਮ ਲੈਣਾ।

**2-ਜੀ ਸਪੈਕਟ੍ਰਮ ਨਾਲ ਸਬੰਧ** - ਇਹਨਾਂ ਟੇਪਾਂ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੇ ਵੱਡੇ ਪੱਤ੍ਰਕਾਰ ਪੱਤ੍ਰਕਾਰਿਤਾ ਘੱਟ ਤੇ ਪਬਲਿਕ ਰੀਲੇਸ਼ਨ ਦਾ ਕੰਮ ਵੱਧ ਕਰ ਰਹੇ ਹਨ। ਅਜਿਹਾ ਲੱਗ ਰਿਹਾ ਹੈ ਕਿ ਇਹਨਾਂ ਟੇਪਾਂ 'ਚ ਸ਼ਾਮਲ ਪੱਤ੍ਰਕਾਰ ਵੀ ਸਪੈਕਟ੍ਰਮ ਘੋਟਾਲੇ 'ਚ ਕਿਸੇ ਨਾ ਕਿਸੇ ਤਰ੍ਹਾਂ ਸ਼ਾਮਲ ਹਨ। ਹੈਰਾਨ ਕਰਨ ਵਾਲਾ ਤੱਥ ਇਹ ਵੀ ਹੈ ਕਿ ਬਰਖਾਦੱਤ ਨੂੰ ਜੋ ਪਦਮਸ਼੍ਰੀ ਦਾ ਐਵਾਰਡ ਮਿਲਿਆ ਉਸ ਦੀ ਸਿਫਾਰਸ਼ ਵੀ ਨੀਰਾ ਰਾਡੀਆ ਦੇ ਕਹਿਣ 'ਤੇ ਉਸ ਵੇਲੇ ਦੇ ਮੰਤਰੀ ਏ-ਰਾਜਾ ਨੇ ਕੀਤੀ ਸੀ। ਜਿਹਨਾਂ ਕੰਪਨੀਆਂ ਨੂੰ ਸਪੈਕਟਰਮ ਮਿਲਿਆ ਹੈ। ਉਹਨਾਂ ਦੀ ਸਿਫ਼ਾਰਸ਼ ਇਹਨਾਂ ਲੋਕਾਂ ਨੇ ਕੀਤੀ। ਨੈਤਿਕਤਾ ਦੇ ਨਾਂ ਹੇਠ ਬਰਖਾਦੱਤ ਤੇ ਵੀਰ ਸਾਂਘਵੀ, ਪ੍ਰਭੂ ਚਾਵਲਾ ਆਦਿ ਵਰਗੇ ਪੱਤ੍ਰਕਾਰਾਂ ਨੇ ਨਾਂ

ਨੀਰਾ ਰਾਡੀਆ ਨਾਲ ਆਉਣੇ ਹੀ ਸ਼ਰਮਨਾਕ ਹਨ ਇਸ ਪੂਰੇ ਮਾਮਲੇ ਦੀ ਜਾਂਚ ਸੀ. ਬੀ. ਆਈ. ਕਰ ਰਹੀ ਹੈ। ਅਜਿਹਾ ਨਹੀਂ ਹੈ ਕਿ ਸਿਰਫ਼ ਇਸ ਮਾਮਲੇ 'ਚ ਪੱਤ੍ਰਕਾਰਾਂ ਨੇ ਲਾਭ ਲਿਆ ਹੈ ਇਸ ਤੋਂ ਪਹਿਲਾਂ ਹੀ ਪੱਤ੍ਰਕਾਰਾਂ ਨੇ ਕਈ ਕੇਸਾਂ 'ਚ ਨਜਾਇਜ਼ ਤੌਰ 'ਤੇ ਫਾਇਦਾ ਉਠਾਇਆ ਹੈ।

**ਪੱਤ੍ਰਕਾਰਾਂ ਨੂੰ ਵੀ ਦਿੱਤਾ ਜਾਂਦਾ ਹੈ ਲਾਲਚ** : ਕੇਂਦਰ ਸਰਕਾਰ, ਰਾਜ ਸਰਕਾਰਾਂ ਤੇ ਸਨਅਤਕਾਰਾਂ ਵਲੋਂ ਪੱਤ੍ਰਕਾਰਾਂ ਨੂੰ ਵੱਖ-ਵੱਖ ਕਿਸਮ ਦੇ ਤੋਹਫੇ ਦੇ ਕੇ ਲਾਲਚ ਦਿੱਤਾ ਜਾਂਦਾ ਹੈ ਪਰ ਨਕਦ ਧਨ ਰਾਸ਼ੀ ਦੇਣਾ ਤਾਂ ਪੱਤ੍ਰਕਾਰ ਨੂੰ ਖ਼ਰੀਦਣ ਦੇ ਬਰਾਬਰ ਹੈ। ਮੁਲਾਇਮ ਸਿੰਘ ਨੇ 1994 'ਚ ਦੋਨੋਂ ਦਰਜਨ ਪੱਤ੍ਰਕਾਰਾਂ ਨੂੰ ਪੈਸਾ ਵੰਡਿਆ ਸੀ। ਦਿੱਲੀ ਤੇ ਲਖਨਊ ਦੇ ਸੰਪਾਦਕਾਂ ਨੂੰ ਉਹਨਾਂ ਨੇ ਇਕ ਕਰੋੜ ਤੋਂ ਵੱਧ ਪੈਸਾ ਵੰਡਿਆ ਸੀ। ਘਾਟੇ 'ਚ ਚਲ ਰਹੀ ਏਅਰ ਇੰਡੀਆ ਨੇ 2008 'ਚ 30 ਪੱਤ੍ਰਕਾਰਾਂ ਨੂੰ ਮੁਫਤ 'ਚ ਅਮਰੀਕਾ ਘੁਮਾਇਆ ਸੀ। ਵੱਡੇ ਉਦਯੋਗਪਤੀ ਪੱਤ੍ਰਕਾਰਾਂ ਨੂੰ ਹਵਾਈ ਸੈਰ ਕਰਵਾਉਂਦੇ ਹਨ।

**ਕੀ ਕਹਿੰਦਾ ਹੈ ਪ੍ਰੈੱਸ ਐਕਟ?** - ਪ੍ਰੈੱਸ ਐਕਟ 1995 ਤੇ ਪ੍ਰੈਸ ਕੌਂਸਲ ਆਫ਼ ਇੰਡੀਆ ਐਕਟ 1978 (ਰਿਵਾਈਜਡ) 2005 'ਚ ਇਹ ਵਿਵਸਥਾ ਹੈ ਕਿ ਜੇ ਕੋਈ ਪੱਤ੍ਰਕਾਰ ਕਿਸੇ ਲਾਭ ਹਿੱਤ ਰੀਪੋਰਟਿੰਗ ਕਰਦਾ ਹੈ ਤਾਂ ਉਸ ਵਿਰੁੱਧ ਕੌਂਸਿਲ 'ਚ ਸ਼ਿਕਾਇਤ ਕੀਤੀ ਜਾ ਸਕਦੀ ਹੈ ਅਤੇ ਕੌਂਸਿਲ ਸੂਮੋਟੋ ਐਕਸ਼ਨ ਵੀ ਲੈ ਸਕਦੀ ਹੈ ਪਰ ਹੁੰਦਾ ਕੁਝ ਨਹੀਂ ਹੈ ਸ਼ਿਕਾਇਤ ਕਰਨ ਵਾਲੇ ਵੀ ਜਦ ਪੱਤ੍ਰਕਾਰਾਂ ਨੂੰ ਭਰਿਸ਼ਟ ਬਣਾਉਣ 'ਤੇ ਤੁਲੇ ਹੋਣ ਤਾਂ ਸ਼ਿਕਾਇਤ ਕਿਸ ਨੂੰ ਕੀਤੀ ਜਾਵੇ।

# ਕੀ ਹੈ ਆਦਰਸ਼ ਹਾਊਸਿੰਗ ਸੁਸਾਇਟੀ ਘਪਲਾ?

ਰੱਖਿਆ ਮੰਤਰਾਲੇ ਨੇ ਦੇਸ਼ ਭਰ 'ਚ ਫੌਜ ਦੀ 20 ਲੱਖ ਕਰੋੜ ਰੁਪਏ ਦੀ 17 ਲੱਖ ਏਕੜ ਜ਼ਮੀਨ ਦੀ ਦੇਖਭਾਲ ਕਰਨ ਵਾਲੇ ਡਾਇਰੈਕਟੋਰੇਟ ਜਨਰਲ ਆਫ਼ ਡਿਫੈਸ ਅਸਟੇਟਸ (DGDE) ਨੂੰ ਰੱਖਿਆ ਦੀ ਸਿਫਾਰਸ਼ ਕੀਤੀ ਹੈ। ਰੱਖਿਆ ਮੰਤਰੀ ਏ. ਕੇ ਏਂਟਨੀ ਨੇ ਰੱਖਿਆ ਖਾਤਿਆਂ ਦੇ ਮਹਾਂ ਕੰਟਰੋਲਰ (CGDA) ਨੇ ਇਸ ਅਸਿੱਧੇ ਸੁਝਾਅ 'ਤੇ ਵਿਚਾਰ ਕਰਦਿਆਂ ਇਸ ਦਾਗੀ ਵਿਭਾਗ ਦੀ ਸਫਾਈ ਦਾ ਹੁਕਮ ਦਿੱਤਾ ਹੈ ਇਹ ਫੈਸਲਾ ਆਦਰਸ਼ ਹਾਊਸਿੰਗ ਸੁਸਾਇਟੀ ਸਬੰਧੀ ਕੀਤਾ ਗਿਆ ਹੈ। ਜਿਸ 'ਚ ਫੌਜ ਦੀ ਜ਼ਮੀਨ ਨੂੰ ਡਿਫੈਂਸ ਇਸਟੇਟਸ ਤੇ ਫੌਜ ਦੇ ਅਧਿਕਾਰੀਆਂ ਦੀ ਕਥਿਤ ਮਿਲੀ ਭੁਗਤ ਨਾਲ ਗ਼ੈਰ ਕਾਨੂੰਨੀ ਤੌਰ 'ਤੇ ਤਬਦੀਲ ਕੀਤਾ ਗਿਆ। ਰੱਖਿਆ ਮੰਤਰਾਲਾ ਦੇਸ਼ 'ਚ ਸਭ ਤੋਂ ਵੱਡੇ ਭੂਮੀ ਬੈਂਕ ਦਾ ਮਾਲਕ ਹੈ। ਉਸ ਕੋਲ 17 ਲੱਖ ਏਕੜ ਜ਼ਮੀਨ ਹੈ ਯਾਨੀ ਇਹ ਗੋਆ ਵਰਗੇ ਰਾਜ ਦੇ ਖੇਤਰਫਲ ਤੋਂ ਦੁਗਣੀ ਹੈ ਸੀ. ਜੀ. ਡੀ. ਏ. ਨੇ ਡੀ. ਜੀ. ਡੀ. ਆਈ. ਦਾ ਆਪਣੀ ਕਿਸਮ ਦਾ ਪਹਿਲੀ ਵਾਰੀ ਅੰਦਰੂਨੀ ਲੇਖਾ ਪ੍ਰੀਖਣ ਕੀਤਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਲਾਹਪ੍ਰਵਾਹੀ ਤੇ ਇਲੈਕਟ੍ਰਾਨਿਕ ਡਾਟਾ ਬੇਸ ਦੀ ਘਾਟ ਕਰਕੇ ਇਸ ਭੂਮੀ-ਬੈਂਕ ਨੂੰ ਵਿਉਂਤਬੱਧ ਤਰੀਕੇ ਨਾਲ ਲੁੱਟਿਆ ਜਾ ਰਿਹਾ ਹੈ। ਇਸ ਰਿਪੋਰਟ 'ਚ ਗੰਭੀਰ ਦੋਸ਼ ਲਾਉਂਦਿਆਂ ਕਿਹਾ ਗਿਆ ਹੈ ਕਿ ਡੀ. ਜੀ. ਡੀ. ਈ. ਆਪਣੇ ਸਾਰੇ ਚਾਰ ਕੰਮਾਂ-ਅਡਿਟ, ਅਕਾਊਂਟਿੰਗ, ਭੂਮੀ ਹੜੱਪਣ ਤੇ ਵਿੱਤੀ ਪ੍ਰਬੰਦ 'ਚ ਨਾਕਾਮ ਰਿਹਾ ਹੈ। ਉਸ 'ਚ ਉਸ ਦੀ ਸੇਵਾਵਾਂ ਦੀ ਵਰਤੋਂ ਕਰਨ ਵਾਲੀਆਂ ਸੇਵਾਵਾਂ 'ਚ ਵੰਡਣ ਅਤੇ ਡਿਫੈਂਸ ਇਸਟੇਟ ਅਧਿਕਾਰੀਆਂ ਜਾਂ ਡੀ. ਜੀ. ਡੀ. ਈ. ਪ੍ਰਤੀਨਿਧੀਆਂ ਨੂੰ ਹਟਾਉਣ ਦੀ ਗੱਲ ਕੀਤੀ ਗਈ ਹੈ। ਸੁਝਾਅ ਦਿੱਤਾ ਗਿਆ ਹੈ ਕਿ ਇਸ ਵਿਭਾਗ ਦੇ ਕੰਮ ਫੌਜੀ ਜ਼ਮੀਨ ਦੇ ਮਾਮਲੇ ਵੇਖਣ ਵਾਲੇ ਸੇਵਾ ਮੁੱਖ ਦਫ਼ਤਰਾਂ ਦੇ ਭੂਮੀ ਡਾਇਰੈਕਟਰਾਂ ਦੇ ਹਵਾਲੇ ਕਰ ਦਿੱਤੇ ਜਾਣ। ਅੰਦਰੂਨੀ ਲੇਖਾ ਪ੍ਰੀਖਣ 'ਚ ਡੀ. ਜੀ. ਡੀ. ਈ. ਭੂਮੀ ਮੈਨੇਜਮੈਂਟ ਲਈ ਸਮਰਪਿਤ ਮੰਤਰਾਲੇ ਦੇ ਇਕਲੌਤੇ ਵਿਭਾਗ ਨੂੰ ਗਲਤ ਹਰਕਤਾਂ ਦਾ ਦੋਸ਼ੀ ਪਾਇਆ ਗਿਆ ਹੈ। ਉਸ 'ਚ ਉਹਨਾਂ ਅਧਿਕਾਰੀਆਂ ਖਿਲਾਫ਼ ਮੁਕੱਦਮਾ ਚਲਾਉਣ ਦੀ ਵੀ ਸਿਫਾਰਸ਼ ਕੀਤੀ ਗਈ ਹੈ ਜਿਹਨਾਂ ਕਰਕੇ ਰੈਵਨਿਊ ਦੀ ਹਾਨੀ ਅਤੇ ਅਦਾਲਤਾਂ ਦੇ ਹੁਕਮ ਨੂੰ ਲਾਗੂ ਕਰਨ 'ਚ ਦੇਰੀ ਹੋਈ। ਰਿਪੋਰਟ 'ਚ ਇਸ ਨੂੰ ਜ਼ਮੀਨ ਨਾਲ ਸਬੰਧਿਤ 13000 ਅਦਾਲਤੀ ਕੇਸਾਂ ਦਾ ਅੰਬਾਰ ਲਾਉਣ ਦਾ ਦੋਸ਼ੀ ਠਹਿਰਾਇਆ ਗਿਆ ਹੈ ਇਸ ਨੇ ਨਿਪਟਾਰੇ 'ਚ ਸਰਕਾਰ ਨੂੰ 5000 ਕਰੋੜ ਰੁਪਏ ਦਾ ਚੂਨਾ ਲੱਗ ਸਕਦਾ ਹੈ ਅਦਾਲਤ ਦੇ ਆਦੇਸ਼ਾਂ ਨੂੰ ਲਾਗੂ ਕਰਨ 'ਚ ਦੇਰੀ ਦੀ ਵਜ੍ਹਾ ਕਰਕੇ ਵਿਆਜ ਵਜੋਂ ਸੈਂਕੜੇ ਰੁਪਏ ਦੇਣੇ ਪੈਣਗੇ। ਇਸ ਰਿਪੋਰਟ 'ਚ 27 ਮੁੱਖ ਸੁਝਾਅ ਦਿੱਤੇ ਗਏ ਹਨ ਜਿਹਨਾਂ 'ਚ ਡਿਫੈਂਸ ਅਕਾਊਂਟਸ ਵਿਭਾਗ ਦੀ ਨਵੀਂ ਕੇਂਦਰੀ ਕ੍ਰਿਤਏਜੰਸੀ ਬਣਾਉਣ ਦਾ ਸੁਝਾਅ ਸ਼ਾਮਲ ਹੈ। ਇਸ ਦਾ ਕੰਮ ਰੱਖਿਆ ਮੰਤਰਾਲੇ ਲਈ ਵਿੱਤੀ ਸੇਵਾਵਾਂ ਦੇਣਾ ਅਤੇ ਭੂਮੀ ਆਡਿਟ ਦਾ ਕੰਮ ਕਰਨਾ ਹੋਵੇਗਾ। ਆਪਣੇ ਕੰਮਕਾਜ

’ਚ ਲੁਕਵੇਂਪਣ ਲਈ ਡੀ. ਜੀ. ਡੀ. ਈ. ਨੇ ਸ਼ਾਇਦ ਇਸ ਲਈ ਤੱਥਾਂ ਨੂੰ ਛੁਪਾ ਕੇ ਰਿਪੋਰਟ ਨੂੰ ਖੋਖਲਾ ਕਰਨ ਦੀ ਕੋਸ਼ਿਸ਼ ਕੀਤੀ। ਰਿਪੋਰਟ ’ਚ ਕਿਹਾ ਗਿਆ ਹੈ ਕਿ ਇਸ ਵਿਭਾਗ ਨੇ “ਪੂਰੀ ਜਾਣਕਾਰੀ ਦੇਣ ਜਾਂ ਫਿਰ ਸੂਚਨਾ ਨੂੰ ਦਬਾਉਣ” ਦੀ ਕੋਸ਼ਿਸ਼ ਕੀਤੀ। ਫ਼ੌਜ ਦੀ ਜ਼ਮੀਨ ਦੇ ਤਿੰਨ ਮਾਲਕ ਹਨ–ਜ਼ਮੀਨ ਦਾ ਮਾਲਕ, ਰੱਖਿਆ ਮੰਤਰਾਲੇ ਹੈ, ਹਥਿਆਰਬੰਦ ਫ਼ੌਜਾਂ ਉਸ ਦੀ ਵਰਤੋਂ ਕਰਦੀਆਂ ਹਨ। ਇਸ ’ਚ ਸਭ ਤੋਂ ਕੰਮਜ਼ੋਰ ਕੜੀ ਉਹ ਵਿਭਾਗ ਹੈ ਜੋ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਦੇ ਨੇੜੇ ਪੰਜ ਏਕੜ ਜ਼ਮੀਨ ’ਚ ਸ਼ਾਨਦਾਰ ਮੁੱਖ ਦਫ਼ਤਰ ਕੰਮ ਕਰਦਾ ਹੈ। ਰੱਖਿਆ ਮੰਤਰਾਲਾ ਫੌਜ ਦੇ ਵਿਸ਼ਾਲ ਭੂਮੀ ਬੈਂਕ ਦੀ ਮੈਨੇਜਮੈਂਟ ਕਰਨ ਲਈ 1251 ਮੁਲਾਜਮਾਂ ਵਾਲੇ ਇਸ ਵਿਭਾਗ ’ਤੇ ਹਰ ਸਾਲ 200 ਕਰੋੜ ਰੁਪਏ ਖ਼ਰਚ ਕਰਦਾ ਹੈ। ਪਰ ਇਸ ਸੰਗਠਨ ਵਿੱਚ ਜਿਸ ਦਾ ਗਠਨ ਅੰਗ੍ਰੇਜ਼ਾਂ ਨੇ 1924 ’ਚ ਕੀਤਾ ਸੀ, ਭੂਮੀ ਦਾ ਰਿਕਾਰਡ ਬੇਹੱਦ ਤਰਸਯੋਗ ਹਾਲਤ ’ਚ ਹੈ। ਬਹੁ ਕੀਮਤੀ ਰਿਕਾਰਡ ਦਾ ਰੱਖ–ਰਖਾਅ ਦਸਤੀ ਹੀ ਕੀਤਾ ਜਾਂਦਾ ਹੈ। ਇਹਨਾਂ ਰਿਕਾਰਡਾਂ ਬਿਨਾਂ ਸਰਕਾਰ ਦਾ ਮਾਲਕਾਨਾ ਹੱਕ ਸਾਬਤ ਕਰਨਾ ਅਸੰਭਵ ਹੋ ਜਾਂਦਾ ਹੈ। ਲੇਖਾ ਪ੍ਰੀਖਣ ’ਚ ਚੇਤਾ ਕਰਾਇਆ ਗਿਆ ਹੈ ਕਿ ਇਲੈਕਟ੍ਰਾਨਿਕ ਡੈਟਾਬੇਸ ਨਾ ਹੋਣ ਕਰਕੇ ਇਸ ਜ਼ਮੀਨੀ ਬੈਂਕ ਨੂੰ ਸਭ ਤੋਂ ਵੱਧ ਖ਼ਤਰਾ ਹੈ। ਸ਼ਹਿਰਾਂ ਤੇ ਪੇਂਡੂ ਇਲਾਕਿਆਂ ’ਚ ਸਰਗਰਮ ਜ਼ਮੀਨੀ ਮਾਫੀਆ ਇਸ ਕਾਰਨ ਫੌਜ ਦੀ ਜ਼ਮੀਨ ’ਤੇ ਅਸਾਨੀ ਨਾਲ ਕਬਜ਼ਾ ਕਰ ਸਕਦੇ ਹਨ, ਇਕ ਪਾਸੇ ਜਿਥੇ ਏ–1 ਭੂਮੀ ਜਿਨਾਂ ਦੀ ਵਰਤੋਂ ਫੌਜੀ ਕਰ ਰਹੇ ਹਨ, ਖ਼ਤਰੇ ਤੋਂ ਸੁਰੱਖਿਅਤ ਹੈ, ਉਥੇ ਫੌਜ ਦੇ ਕੇਂਦਰਾਂ ਤੋਂ ਬਾਹਰ ਸਥਿਤ ਜ਼ਮੀਨ ’ਤੇ ਜਿਹਨਾਂ ਨੂੰ ਏ–2 ਬੀ–1, ਵਜੋਂ ਸ਼੍ਰੇਣੀ ਕ੍ਰਿਤ ਕੀਤਾ ਗਿਆ ਹੈ, ਕਬਜ਼ਾ ਹੋ ਸਕਦਾ ਹੈ। ਏਂਟਨੀ ਨੇ ਪਿੱਛੇ ਜਿਹੇ ਸੰਸਦ ਨੂੰ ਦੱਸਿਆ ਕਿ ਦੇਸ਼ ਭਰ ’ਚ ਫੌਜ ਦੀ 11000 ਏਕੜ ਜ਼ਮੀਨ ’ਤੇ ਗ਼ੈਰ ਕਾਨੂੰਨੀ ਢੰਗ ਨਾਲ ਕਬਜ਼ਾ ਕਰ ਲਿਆ ਗਿਆ ਹੈ। ਮੰਤਰਾਲੇ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੈਨੂਅਲ ਰਜਿਸਟਰਾਂ ਦੀ ਵਜ੍ਹਾ ਕਰਕੇ ਜੋੜ–ਤੋੜ ਤੇ ਸ਼ੱਕੀ ਤਰੀਕੇ ਨਾਲ ਜ਼ਮੀਨ ਹੜੱਪਣ ਦੀ ਭਰਪੂਰ ਗੁੰਜਾਇਸ਼ ਰਹਿੰਦੀ ਹੈ। ਆਦਰਸ਼ ਸੁਸਾਇਟੀ ਦੇ ਕੁਝ ਮੂਲ ਮੈਂਬਰ ਡਿਫੈਂਸ ਇਸਟੇਟ ਦੇ ਉੱਚ ਅਧਿਕਾਰੀ ਸਨ ਪਰ ਆਦਰਸ਼ ਘੁਟਾਲਾ ਸਿਰਫ਼ ਇੱਕ ਝਾਕੀ ਹੈ ਕਿਉਂਕਿ ਦੇਸ਼ ਭਰ ’ਚ ਜ਼ਮੀਨ ਦੇ ਮਾਲਕਾਨਾ ਹੱਦ ਦਾ ਸ਼ੱਕੀ ਰੁਝਾਣ ਦੀ ਵਜ੍ਹਾ ਕਰਕੇ ਲੁੱਟ–ਘਸੁੱਟ ਦਾ ਡਰ ਵੱਧ ਜਾਂਦਾ ਹੈ। ਸੈਨਾ ਦੀ ਜ਼ਮੀਨ ਦੀ ਸੰਵੇਦਨਸ਼ੀਲਤਾ ਸਬੰਧੀ ਸੰਸਦ ਦੀ ਸਥਾਈ ਸੰਮਤੀ ਵੀ ਚਿੰਤਤ ਹੈ। ਇਹ ਸੰਮਤੀ ਇਸ ’ਤੇ ਇਕ ਰਿਪੋਰਟ ਤਿਆਰ ਕਰ ਰਹੀ ਹੈ ਇਸ ਦੇ ਪ੍ਰਧਾਨ ਸਤਪਾਲ ਮਹਾਜਨ ਦਾ ਕਹਿਣਾ ਹੈ ਕਿ “ਬਹੁਮੁਲੀ ਕੌਮੀ ਸੰਪਤੀ ਹਥਿਆਈ ਜਾ ਰਹੀ ਹੈ। ਅਸੀਂ ਸੁਝਾਅ ਦਿੱਤਾ ਹੈ ਕਿ ਸੈਨਾ ਦੀ ਜ਼ਮੀਨ ਦੀ ਦੇਖਰੇਖ ਲਈ ਫੌਰਨ ਇੱਕ ਆਜ਼ਾਦ ਪੈਮਾਨਾ ਬਣਾਇਆ ਜਾਵੇ” ਰੱਖਿਆ ਮੰਤਰਾਲਾ ਇਕ ਪਾਸੇ ਜਿਥੇ ਵਾਧੂ ਭੂਮੀ ਇਕਵਾਇਰ ਕਰ ਰਿਹਾ ਹੈ, ਉਥੇ ਦੇਸ਼ਾਂ ’ਚ ਫੌਜ ਦੀ ਜ਼ਮੀਨ ਦੇ ਵਿਆਪਕ ਇਲੈਕਟ੍ਰਾਨਿਕ ਡਾਟਾਬੇਸ ਅਤੇ ਜ਼ਮੀਨ ਦੀ ਵਰਤੋਂ ਦੇ ਅੰਦਰੂਨੀ ਲੇਖਾ ਪ੍ਰੀਖਣ ਦੀ ਘਾਟ ਕਾਰਨ ਉਹ ਰੈਵਨਿਊ ਇਕੱਠਾ ਕਰਨ ਵਾਲੀ ਜ਼ਮੀਨ ਦੀ ਅਣਦੇਖੀ ਕਰ ਰਿਹਾ ਹੈ ਉਸ ਪਾਸ ਕੁਲ ਜ਼ਮੀਨ ਦਾ 33 ਫੀਸਦੀ ਹਿੱਸਾ ਅਧਿਕਾਰਤ ਹੈ

ਜਿਸ ਦੀ ਕੀਮਤ 7 ਲੱਖ ਕਰੋੜ ਰੁਪਏ ਮੰਗੀ ਗਈ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ "ਪਰ ਉਹ ਆਪਣੀ ਮੌਜੂਦਾ ਸਥਿਤੀ ਦੀ ਕੀਮਤ ਦਾ 0.001 ਫੀਸਦੀ ਵੀ ਰੈਵਨਿਊ ਨਹੀਂ ਪੈਦਾ ਕਰ ਰਹੀ ਹੈ।" ਇਕ ਪਾਸੇ ਜਿਥੇ ਆਰਥਿਕ ਉਛਾਲ ਦੀ ਵਜ੍ਹਾ ਕਰਕੇ ਸਥਾਨਕ ਨਗਰ ਪਾਲਿਕਾਵਾਂ ਵੀ ਆਪਣੀਆਂ ਸਥਾਨਕ ਲੋੜਾਂ ਲਈ ਲੋੜ ਤੋਂ ਵੱਧ ਰਕਮ ਇਕੱਠੀ ਕਰ ਲੈਂਦੀਆਂ ਹਨ ਉਥੇ ਹੈਰਾਨੀ ਦੀ ਗੱਲ ਇਹ ਹੈ ਕਿ ਡੀ. ਜੀ. ਡੀ. ਈ. ਤੰਗਦਸਤੀ ਦਾ ਸ਼ਿਕਾਰ ਹੈ। ਉਸ ਨੂੰ ਆਪਣੇ ਛਾਉਣੀ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਸਰਕਾਰ ਤੋਂ ਹਰ ਸਾਲ 180 ਕਰੋੜ ਰੁਪਏ ਗਰਾਂਟ ਮਿਲਦੀ ਹੈ ਕਿਉਂਕਿ ਉਸ ਫੌਜ ਦੀ ਜਾਇਦਾਦ ਦਾ ਮੁਨਾਸਬ ਕਿਰਾਇਆ ਵੀ ਵਸੂਲ ਨਹੀਂ ਸਕਦਾ। ਇਸ ਸਾਲ ਦੇ ਸ਼ੁਰੂ 'ਚ ਲੋਕ ਲੇਖ ਸੰਮਤੀ ਦੀ ਰਿਪੋਰਟ 'ਚ ਡੀ. ਜੀ. ਡੀ. ਈ. ਦੀ ਤਿੱਖੀ ਆਲੋਚਨਾ ਕੀਤੀ ਗਈ ਕਿ ਉਹ 11033 ਕਰੋੜ ਰੁਪਏ ਦੀ ਜਾਇਦਾਦ ਦਾ ਸਲਾਨਾ ਸਿਰਫ਼ 2-13 ਕਰੋੜ ਰੁਪਏ ਕਿਰਾਇਆ ਵਸੂਲਦਾ ਹੈ। ਇਹ ਕਿਰਾਇਆ ਕੁਲ ਕੀਮਤ ਦਾ ਸਿਰਫ਼ 2 ਫੀਸਦੀ ਹੈ। ਇਹ ਅਜਿਹੇ ਸਮੇਂ ਹੈ ਜਦ ਵਪਾਰਕ ਜਾਇਦਾਦ ਦਾ ਘੱਟੋ ਘੱਟ ਕਿਰਾਇਆ ਜਾਇਦਾਦ ਦੀ ਕੀਮਤ ਦਾ 10 ਫੀਸਦੀ ਹੈ। ਲੇਖਾ ਪ੍ਰੀਖਣ 'ਚ ਕਿਹਾ ਗਿਆ ਹੈ ਕਿ ਜੇ ਜ਼ਮੀਨ ਦੀ ਵਰਤੋਂ ਦਾ ਵਿਆਪਕ ਬਿਉਰਾ ਦਿੱਤਾ ਜਾਵੇ ਤਾਂ ਭੂਮੀ ਇਕਵਾਇਰ ਕਰਨ ਲਈ ਹਰ ਸਾਲ ਫੌਜ ਦੇ ਨਵੇਂ ਪ੍ਰਸਤਾਵਾਂ ਨੂੰ ਰੋਕਿਆ ਜਾ ਸਕਦਾ ਹੈ। ਭੂਮੀ ਪ੍ਰਯੋਗ ਦੀ ਜਾਣਕਾਰੀ ਦੀ ਘਾਟ ਕਰਕੇ ਰੱਖਿਆ ਮੰਤਰਾਲੇ ਅਤੇ DGDE ਸਟੇਸ਼ਨ ਕਮਾਂਡਰਾਂ ਵਲੋਂ ਜਾਰੀ ਪ੍ਰਮਾਣ ਪੱਤਰਾਂ 'ਤੇ ਭਰੋਸਾ ਕਰਦੇ ਹਨ। ਇਹਨਾਂ ਸਰਟੀਫੀਕੇਟਾਂ 'ਚ ਕਿਹਾ ਜਾਂਦਾ ਹੈ ਕਿ ਸਭ ਮੌਜੂਦਾ ਜ਼ਮੀਨ ਫੌਜ ਦੀ ਸਿੱਧੀ ਵਰਤੋਂ 'ਚ ਹੈ ਤੇ ਉਹਨਾਂ ਨੂੰ ਫੌਜ ਦੇ ਵੱਖ-ਵੱਖ ਅੰਗਾਂ ਦੀ ਵਰਤੋਂ ਲਈ ਵੱਖ ਨਹੀਂ ਕੀਤਾ ਜਾ ਸਕਦਾ। ਡੀ. ਜੀ. ਡੀ. ਈ. ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਭੂਮੀ ਦਾ ਲੇਖਾ ਪ੍ਰੀਖਣ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਰੱਖਿਆ ਸੇਵਾਵਾਂ ਦੇ ਵਿਰੋਧ ਕਾਰਨ ਛੱਡ ਦਿੱਤਾ ਗਿਆ। ਉਹਨਾਂ ਦੀ ਇਸ ਦਲੀਲ 'ਚ ਖਾਸ ਦਮ ਨਹੀਂ ਲਗਦਾ। ਰੱਖਿਆ ਜਾਇਦਾਦ ਭਵਨ 'ਚ ਸਿਰਫ਼ ਦੋ ਅਰਪੇਟਰਾਂ ਰਾਹੀਂ ਕਮਪਿਊਟਰੀਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਉਸ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਕੋਸ਼ਿਸ਼ ਮੱਠੀ ਪੈ ਗਈ ਮੈਨੂਅਲ ਰਿਕਾਰਡ ਨੂੰ ਇਲੈਕ੍ਰਾਨਿਕ ਡਾਟਾਬੇਸ 'ਚ ਤਬਦੀਲ ਕਰਨ ਵਾਲੇ ਸਾਫਟ ਵੇਅਰ ਨੂੰ ਅੰਦਰੂਨੀ ਲੇਖਾ ਪ੍ਰੀਖਣ ਦੇ ਅਧਿਕਾਰਆਂ ਤੋਂ ਜ਼ਰੂਰੀ ਮੰਜੂਰੀ ਲਏ ਬਗੈਰ ਵਰਤਿਆ ਜਾ ਰਿਹਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ "ਇਹ ਕਸਰਤ ਖਾਸ ਕਰਕੇ ਬੇਹੱਦ ਕੀਮਤੀ ਜ਼ਮੀਨ ਅਤੇ ਇਸ ਹਕੀਕਤ ਦੇ ਮੱਦੇ ਨਜ਼ਰ ਸੰਵੇਦਨਸ਼ੀਲ ਹੈ ਕਿ ਡਾਟਾ ਇੰਟਰੀ ਦੌਰਾਨ ਮੈਨੂਅਲ ਰਜਿਸਟਰਾਂ 'ਚ ਕਿਸੇ ਤਰ੍ਹਾਂ ਵੀ ਛੁੱਟ ਜਾਣ ਦੀ ਵਜ੍ਹਾ ਕਰਕੇ ਵੱਡੇ ਪੈਮਾਨੇ 'ਤੇ ਘਪਲਾ ਹੋ ਸਕਦਾ ਹੈ।" ਸਾਬਕਾ ਵਿਜੀਲੈਂਸ ਕਮਿਸ਼ਨਰ ਪ੍ਰਤਊਸ ਸਿਨਹਾ ਦਾ ਕਹਿਣਾ ਹੈ ਕਿ ਡੀ. ਜੀ. ਡੀ. ਟੀ. ਸਮੱਸਿਆ ਪੈਦਾ ਕਰ ਰਿਹਾ ਹੈ। ਸਾਨੂੰ ਉਸ ਦੀਆਂ ਕਈ ਸ਼ਿਕਾਇਤਾਂ ਮਿਲੀਆਂ ਹਨ ਪਰ ਇਸ ਦਾ ਜਵਾਬ ਸਹੀ ਵਿਅਕਤੀ ਨੂੰ ਸਹੀ ਥਾਂ 'ਤੇ ਨਿਯੁਕਤ ਕਰਨ ਅਤੇ ਜਵਾਬਦੇਹੀ ਤਹਿ ਕਰਨ 'ਚ ਹੈ। ਇਹ ਅਜਿਹੇ ਵਿਭਾਗ ਲਈ ਵੱਡੀ ਸਮੱਸਿਆ ਹੈ ਜਿਸ ਨੂੰ

ਮੰਤਰਾਲੇ ਦਾ ਇਕ ਉੱਚ ਅਧਿਕਾਰੀ 'ਰੱਖਿਆ ਮੰਤਰਾਲੇ ਦਾ ਸਭ ਤੋਂ ਛੋਟਾ ਭਰਿਸ਼ਟ ਵਿਭਾਗ" ਦੱਸਦੇ ਹਨ। ਪਿਛਲੇ ਦੋ ਸਾਲਾਂ ਦੌਰਾਨ ਰੱਖਿਆ ਮੰਤਰਾਲੇ ਨੇ ਸੰਯੁਕਤ ਸਕੱਤਰ ਅਤੇ ਵਧੀਕ ਸਕੱਤਰ ਪੱਧਰ ਦੇ ਆਪਣੇ ਚਾਰ ਉਚ ਅਧਿਕਾਰੀਆਂ ਖ਼ਿਲਾਫ ਚਲਾਨ ਦਾਖਲ ਕੀਤਾ ਹੈ, ਇਹ ਸਭ ਸੇਵਾ ਮੁਕਤ ਹੋ ਗਏ ਸਨ। ਮੰਤਰਾਲਾ ਦੇ ਉੱਚ ਅਧਿਕਾਰੀ ਖੁੱਲ੍ਹੇਆਮ ਮੰਨਦੇ ਹਨ ਕਿ ਪਿਛਲੇ ਮਹੀਨੇ ਸੇਵਾ ਮੁਕਤ ਹੋਏ ਮਹਾਨਿਦੇਸ਼ਕ ਬਾਲਸ਼ਰਨ ਸਿੰਘ ਦਾ ਕਾਰਜ ਕਾਲ ਇਸ ਸੰਗਠਨ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਝਮੇਲਿਆਂ ਭਰਿਆ ਸੀ। ਇਹ ਸੰਗਠਨ ਆਪਣੇ ਬਾਰੇ ਚਿਤਾਉਣ ਵਾਲੇ ਲੋਕਾਂ ਪਿੱਛੇ ਪੈ ਜਾਣ ਲਈ ਖ਼ੂੰਖਾਰ ਹੋ ਗਿਆ ਹੈ। ਹੋ ਸਕਦਾ ਹੈ ਕਿ ਇਹ ਵਿਭਾਗ ਖੁਦ ਹੀ ਖ਼ਤਮ ਹੋ ਜਾਵੇ। ਉਸ ਨੇ ਪਿਛਲੇ ਪੰਜ ਸਾਲ ਤੋਂ ਇਕ ਵੀ ਕਰਮਚਾਰੀ ਨਿਯੁਕਤ ਨਹੀਂ ਕੀਤਾ ਹੈ ਕਿਉਂਕਿ ਯੂ. ਪੀ. ਐਸ. ਸੀ 'ਚ ਸਫਲ ਉਮੀਦਾਵਾਰ ਇਸ ਮਹਿਕਮੇ 'ਚ ਨਹੀਂ ਜਾਣਾ ਚਾਹੁੰਦੇ। ਸਿਟੇ ਵਜੋਂ ਨਵੇਂ ਕਰਮਚਾਰੀਆਂ ਨੂੰ ਸਿਖਲਾਈ ਦੇਣ ਵਾਲੀ ਨੈਸ਼ਨਲ ਇੰਸਟੀਚੂਟ ਆਫ ਡਿਫੈਂਸ ਮਨੈਜਮੈਂਟ ਜੋ ਇਸ ਦੇ ਦਿੱਲੀ ਮੁੱਖ ਦਫ਼ਤਰ 'ਚ ਸਥਿਤ ਹੈ, ਠੱਪ ਹੈ। ਏਂਟਨੀ ਨੇ ਇਸ ਵਿਭਾਗ ਦੀ ਸਫਾਈ ਮੁਹਿੰਮ ਦੇ ਤਹਿਤ ਦੋ ਦਾਗੀ ਅਧਿਕਾਰੀਆਂ ਨੂੰ ਰੋਕ ਦਿੱਤਾ ਹੈ ਅਤੇ ਸਾਫ ਸੁਥਰੀ ਦਿਖ ਵਾਲੇ ਗੈਰ-ਵਿਵਾਦ ਗ੍ਰਸਤ ਵਿਅਕਤੀ ਨੂੰ ਡੀ. ਜੀ. ਨਿਯੁਕਤ ਕੀਤਾ ਹੈ। ਨਵੇਂ ਡੀ. ਜੀ ਅਸ਼ੋਕ ਕੁਮਾਰ ਹਰਨਾਲ ਨੇ 17 ਅਜਿਹੇ ਮਹੱਤਵਪੂਰਨ ਸਟੇਸ਼ਨਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਥੇ ਸਿਰਫ਼ ਉਹਨਾਂ ਹੀ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਜਾਵੇਗਾ ਜਿਹਨਾਂ ਦੀ ਇਮਾਨਦਾਰੀ 'ਤੇ ਕੋਈ ਸ਼ੱਕ ਨਹੀਂ ਹੈ। ਇਹਨਾਂ 'ਚ ਘਪਲੇ ਦੇ ਡਰ ਵਾਲੇ ਪੁਣੇ, ਮੁੰਬਈ ਸਿਕੰਦਰਾਬਾਦ, ਦਿੱਲੀ ਤੇ ਮੇਰਠ ਵਰਗੇ ਖੇਤਰ ਸ਼ਾਮਲ ਹਨ। ਪਰ ਇਸ ਛੋਟੇ ਸੰਗਠਨ 'ਚ ਸੜਾਂਦ ਏਨੀ ਡੂੰਘੀ ਬੈਠ ਚੁੱਕੀ ਹੈ ਕਿ ਇਹ ਉਪਾਅ ਵੀ ਕਿਧਰੇ ਪ੍ਰਭਾਵਹੀਣ ਨਾ ਹੋ ਜਾਣ। ਸੈਨਾ ਦੇ ਅਧਿਕਾਰਆਂ ਦਾ ਕਹਿਣਾ ਹੈ ਕਿ ਰੱਖਿਆ ਮੰਤਰਾਲੇ ਦਾ ਇਹ ਵਿਭਾਗ ਬਘਿਆੜ ਹੈ, ਇਸ ਮੰਤਰਾਲੇ ਨੇ 15 ਸਾਲ ਪਹਿਲਾਂ ਉਸ ਸਮੇਂ ਜਥੇਬੰਦ ਕੀਤਾ ਗਿਆ ਸੀ ਜਦ ਇਕ ਨਿਦੇਸ਼ਕ ਨੂੰ ਡੀ. ਜੀ. ਬਣਾਇਆ ਗਿਆ। ਫੌਜ ਦੇ ਸਾਬਕਾ ਉਪ ਮੁੱਖੀ ਲੈਫਟੀਨੈਂਟ ਜਨਰਲ ਵਿਜੈ ਓਬਰਾਏ ਦਾ ਕਹਿਣਾ ਹੈ ਕਿ "ਉਹਨਾਂ ਨੇ ਜ਼ਮੀਨ ਦਾ ਸਭ ਤੋਂ ਵੱਡਾ ਹਿੱਸਾ ਵਰਤੋਂ ਕਰਨ ਵਾਲੀ ਫੌਜ ਤੋਂ ਪੁੱਛੇ ਬਗੈਰ ਇਹ ਕੰਮ ਕਰ ਦਿੱਤਾ। ਹੁਣ ਉਹਨਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਇਹ ਕਿੰਨਾ ਬੇਅਰਥ ਹੋ ਗਿਆ ਹੈ।" ਉਹ ਇਸ ਅਹੁਦੇ ਨੂੰ ਫੌਰਨ ਖ਼ਤਮ ਕਰਨ ਜਾਂ ਉਸ ਦਾ ਦਰਜਾ ਘੱਟ ਕਰਨ ਦਾ ਸੁਝਾਅ ਦਿੰਦੇ ਹਨ। ਇਸ ਵਿਭਾਗ ਨੂੰ ਅਸਾਨੀ ਨਾਲ ਖ਼ਤਮ ਕੀਤਾ ਜਾ ਸਕਦਾ ਹੈ। ਪਰ ਰਿਪੋਰਟ 'ਚ ਜ਼ਮੀਨ ਦੀ ਮੌਜੂਦਾ ਵਰਤੋਂ 'ਤੇ ਉਠਾਏ ਗਏ ਸਵਾਲ ਜਿਉਂ ਦੇ ਤਿਉਂ ਰਹਿਣਗੇ। ਅੰਗ੍ਰੇਜ਼ਾਂ ਨੇ ਹਥਿਆਰਬੰਦ ਫੌਜਾਂ ਦੇ ਜਵਾਨਾਂ ਨੂੰ ਆਮ ਨਾਗਰਿਕ ਇਲਾਕਿਆਂ ਤੋਂ ਵੱਖ ਵਸਾਉਣ ਲਈ ਛਾਉਣੀਆਂ ਵਿਕਸਤ ਕੀਤੀਆਂ ਸਨ। ਸਮਾਂ ਲੰਘਣ ਦੇ ਨਾਲ ਹੀ ਸ਼ਹਿਰੀਕਰਣ ਕਰਕੇ ਫੌਜੀ ਟਿਕਾਣਿਆਂ ਦੇ ਨੇੜੇ ਤੇੜੇ ਨਾਗਰਿਕਾਂ ਦੀਆਂ ਬਸਤੀਆਂ ਵਸ ਗਈਆਂ ਫੌਜ ਦੀ ਜ਼ਮੀਨ 'ਤੇ ਕਬਜ਼ੇ ਸ਼ੁਰੂ ਹੋ ਗਏ। ਇਕ ਤਬਕੇ ਦਾ ਸੁਝਾਅ ਹੈ ਕਿ ਵਾਧੂ ਜ਼ਮੀਨ ਨੂੰ ਮੁੜ-ਵਿਕਸਤ

ਕੀਤਾ ਜਾਵੇ, ਦੂਸਰੇ ਦਾ ਸੁਝਾਅ ਹੈ ਕਿ ਫੌਜੀ ਆਪਣੀ ਸਾਰੀ ਜ਼ਮੀਨ ਵੇਚ ਕੇ ਸ਼ਹਿਰੀਆਂ ਇਲਾਕਿਆਂ ਤੋਂ ਬਾਹਰ ਨਿਕਲ ਜਾਵੇ। ਮੇਜਰ ਜਨਰਲ (ਰਿਟਾ :) ਸੁਰਜੀਤ ਸਿੰਘ ਦਾ ਕਹਿਣਾ ਹੈ ਕਿ "ਜ਼ਮੀਨ ਜਾਇਦਾਦ ਦੀ ਕੀਮਤ 'ਚ ਇਤਿਹਾਸਕ ਵਾਧਾ ਤੇ ਜ਼ਮੀਨ ਦੇ ਜ਼ਬਰਦਸਤ ਮਾੜੇ ਪ੍ਰਬੰਧ ਦੇ ਮਦੇ ਨਜ਼ਰ ਸਰਕਾਰ ਨੂੰ ਉਸ ਤਰ੍ਹਾਂ ਦੇ ਵਿਕਲਪ ਤਲਾਸਣੇ ਚਾਹੀਦੇ ਹਨ ਜਿਸ ਤਰ੍ਹਾਂ ਅੰਗ੍ਰੇਜ਼ੀ ਫੌਜ ਨੇ ਕੀਤਾ ਸੀ ਆਪਣੀ ਜ਼ਮੀਨ ਵੇਚ ਕੇ ਲੰਦਨ ਤੋਂ ਨਿਕਲ ਗਏ ਸੀ" ਪਰ ਦੋ ਦਹਾਕੇ ਪਹਿਲਾਂ ਇਕ ਰੱਖਿਆ ਮੰਤਰੀ ਨੇ ਇਸ ਜ਼ਮੀਨ ਨੂੰ ਮੁੜ-ਵਿਕਸਤ ਕਰਨ ਦਾ ਮੁੱਦਾ ਉਠਾਇਆ ਸੀ ਤੇ ਉਦੋਂ ਤੋਂ ਹੀ ਇਹ ਸੰਵੇਦਨਸ਼ੀਲ ਮੁੱਦਾ ਬਣਿਆ ਹੋਇਆ ਹੈ। ਜ਼ਮੀਨ-ਜਾਇਦਾਦ ਦੇ ਮਾਹਰਾਂ ਦਾ ਕਹਿਣਾ ਹੈ ਕਿ ਸੈਨਾ ਦੀ ਵਾਧੂ ਬੇਕਾਰ ਜ਼ਮੀਨ 'ਤੇ ਸਰਕਾਰ ਦੇ ਬੈਠੇ ਰਹਿਣ ਦਾ ਇਕ ਹੋਰ ਮਾਮਲਾ ਹੈ ਤੇ ਇਸ ਨਾਲ ਸ਼ਹਿਰਾਂ ਦੇ ਵਿਕਾਸ 'ਚ ਅੜਿੱਕਾ ਲੱਗ ਰਿਹਾ ਹੈ। ਨਾਈਟ ਫ੍ਰੈਂਕ ਇੰਡੀਆ ਲਿਮ. ਦੇ ਪ੍ਰਧਾਨ ਪ੍ਰਣਾਬ ਵਕੀਲ ਦਾ ਕਹਿਣਾ ਹੈ ਕਿ "ਦੇਸ਼ 'ਚ ਗ਼ੈਰ-ਰਿਹਾਇਸ਼ੀ ਇਲਾਕਿਆਂ ਦੀ ਬੇਹੱਦ ਘਾਟ ਹੈ ਅਤੇ ਦੂਜੇ ਪਾਸੇ ਸਰਕਾਰੀ ਵਿਭਾਗ ਅਜਿਹੀ ਜ਼ਮੀਨ ਨੂੰ ਦਬਾ ਕੇ ਬੈਠੇ ਹਨ ਜਿਹਨਾਂ ਦੀ ਘੱਟੋ-ਘੱਟ ਵਰਤੋਂ ਹੋ ਰਹੀ ਹੈ।" ਪਿਛਲੇ ਮਹੀਨੇ ਇਕ ਰੀਅਲ ਅਸਟੇਟ ਡਿਵੈਲਪਰ ਨੇ ਦਿਲੀ 'ਚ ਰੇਵਲੇ ਦੀ 38-3 ਏਕੜ ਖਾਲੀ ਜ਼ਮੀਨ ਇਕ ਵਾਇਰ ਕਰਨ ਲਈ 1600 ਕਰੋੜ ਰੁਪਏ ਦਿੱਤੇ। ਇਸ ਜ਼ਮੀਨ ਨੂੰ ਵਪਾਰਕ ਵਰਤੋਂ ਲਈ ਵਿਕਸਤ ਕੀਤਾ ਜਾਵੇਗਾ। ਇਕ ਦਹਾਕੇ ਪਹਿਲਾਂ ਫੌਜ ਦੀ ਪੱਛਮੀ ਕਮਾਨ ਨੇ ਪੰਜਾਬ ਸਰਕਾਰ ਨੂੰ ਕਿਹਾ ਸੀ ਕਿ ਉਹ ਉਸ ਦੇ ਕੈਂਪਸਾਂ ਦੀ ਥਾਂ ਲੈ ਕੇ ਉਸ ਨੂੰ ਕਿਧਰੇ ਹੋਰ ਜ਼ਮੀਨ ਦੇ ਦੇਣ ਪਰ ਇਹ ਪ੍ਰਸਤਾਵ ਸਿਰੇ ਨਹੀਂ ਚੜ੍ਹਿਆ ਕਿਉਂਕਿ ਫੌਜ ਆਪਣੀ ਜ਼ਮੀਨ ਦੀ ਕੀਮਤ ਦੇ ਬਰਾਬਰ ਦੀ ਕੀਮਤ ਚਾਹੁੰਦੀ ਸੀ ਜਦ ਕਿ ਸਰਕਾਰ ਖੇਤਰਫਲ ਦੇ ਹਿਸਾਬ ਨਾਲ ਦੇ ਰਹੀ ਸੀ। ਰੱਖਿਆ ਮੰਤਰਾਲੇ ਲਈ ਇਸ ਤਰ੍ਹਾਂ ਦੀ ਪਹਿਲ ਕਰਨ ਦਾ ਵਕਤ ਆ ਗਿਆ ਹੈ। ਇੰਡਕ ਕੈਪਿਟਲ ਏਡਵਾਈਸਰਜ਼ ਦੇ ਪ੍ਰਬੰਦ ਨਿਰਦੇਸ਼ਕ ਬਾਲਾ ਜੀ ਦਾ ਕਹਿਣਾ ਹੈ ਕਿ "ਸਰਕਾਰ ਨੂੰ ਜ਼ਮੀਨ ਦੇ ਮਾਲਕ ਦੀ ਭੂਮਿਕਾ ਨਿਭਾਉਣ ਦੀ ਥਾਂ ਫੌਜ ਦੀ ਵਾਧੂ ਜ਼ਮੀਨ ਨੂੰ ਖੁੱਲ੍ਹੇ ਤੇ ਪਾਰਦਰਸ਼ੀ ਢੰਗ ਨਾਲ ਨਿਲਾਮ ਕਰ ਦੇਣਾ ਚਾਹੀਦੈ।" ਦੇਸ਼ ਭਰ 'ਚ ਬਹੁਮੁਲੀ ਜ਼ਮੀਨ ਦੀ ਦੇਖ ਰੇਖ ਦਾ ਕੰਮ ਇਕ ਗ਼ੈਰ-ਜ਼ੁੰਮੇਵਾਰ ਸੰਗਠਨ ਦੇ ਹੱਥ 'ਚ ਹੋਣ ਦੇ ਮੱਦੇਨਜ਼ਰ ਖੁੱਲ੍ਹਾਪਨ ਤੇ ਪਾਰਦਰਸਿਤਾ ਰੱਖਿਆ ਮੰਤਰਾਲੇ ਲਈ ਦੂਰੀ ਦੀ ਕੌੜੀ ਲੱਗਦੀ ਹੈ।

# ਬੋਲਣ ਦੀ ਨਿੱਜੀ ਆਜ਼ਾਦੀ ਦੇ ਜਮਹੂਰੀ ਹੱਕ ਦੀ ਕੀ ਹੈ ਅਹਿਮੀਅਤ?

ਸਰਮਾਏਦਾਰੀ ਜਮਾਤ ਜਦ ਵਿਅਕਤੀਤਵ ਦੀ ਆਜ਼ਾਦੀ ਦੀ ਗੱਲ ਕਰਦੀ ਹੈ ਤਾਂ ਉਹ ਅਕਸਰ ਵਾਲਤੇਅਰ ਦਾ ਹਵਾਲਾ ਦਿੰਦੀ ਹੈ। ਵਾਲਤੇਅਰ ਨੇ ਕਿਹਾ ਸੀ 'ਤੁਸੀਂ ਜੋ ਕਹਿੰਦੇ ਹੋ, ਮੈਂ ਉਸ ਦੀ ਨਿੰਦਿਆ ਕਰਦਾ ਹਾਂ ਪਰ ਇਸ ਦੇ ਲਈ ਮੈਂ ਆਪਣੀ ਜਾਨ ਵੀ ਦੇ ਦਿਆਂਗਾ ਕਿ ਤੁਹਾਨੂੰ ਗੱਲ ਕਰਨ ਦਾ ਅਧਿਕਾਰ ਹੋਵੇ।" ਅਸਲ 'ਚ ਸਰਮਾਏਦਾਰੀ ਜਮਾਤ ਨੇ ਆਪਣੇ ਸਮੁੱਚੇ ਇਤਿਹਾਸ 'ਚ ਵਾਲਤੇਅਰ ਦੇ ਉਹਨਾਂ ਅਸੂਲਾਂ ਦੀ ਕਦੀ ਪਾਲਣਾ ਨਹੀਂ ਕੀਤੀ ਹੈ। ਜੇ ਵਿਅਕਤੀਤਵ ਦੀ ਆਜ਼ਾਦੀ ਨੇ ਕਦੀ ਕਿਧਰੇ ਅਸਲੀਅਤ ਗ੍ਰਹਿਣ ਕੀਤੀ ਵੀ ਤਾਂ ਸਿਰਫ਼ ਸਰਮਾਏਦਾਰੀ ਜਮਾਤ ਦੇ ਆਪਸੀ ਹਿੱਸਿਆਂ 'ਚ ਜਨਤਾ ਦੀ ਵਿਆਪਕ ਆਬਾਦੀ ਹਮੇਸ਼ਾ ਹੀ ਇਸ ਤੋਂ ਵਾਂਝੀ ਰਹੀ ਹੈ। ਇਹ ਰਾਜਸੀ ਤੇ ਆਰਥਕ ਅਤੇ ਕਾਨੂੰਨੀ ਤੇ ਗੈਰ ਕਾਨੂੰਨੀ ਦੋਨੋਂ ਤਰੀਕਿਆਂ ਨਾਲ ਹੁੰਦਾ ਰਿਹਾ ਹੈ। ਬੋਲਣ ਦੀ ਆਜ਼ਾਦੀ ਦਾ ਉਦੋਂ ਹੀ ਕੋਈ ਮਤਲਬ ਹੁੰਦਾ ਹੈ ਜਦ ਵਿਰੋਧ ਦੀਆਂ ਉਹਨਾਂ ਆਵਜ਼ਾਂ ਦੀ ਇਜਾਜ਼ਤ ਹੋਵੇ ਜੋ ਸਰਕਾਰ ਜਾਂ ਵਿਵਸਥਾ ਲਈ ਪ੍ਰੇਸ਼ਾਨੀ ਪੈਦਾ ਕਰਦੇ ਹਨ। ਸਹਿਮਤੀ 'ਚ ਬੋਲਣ ਦੀ ਇਜਾਜ਼ਤ ਸਾਰੇ ਤਾਨਾਸ਼ਾਹ ਤੇ ਫਾਸ਼ੀਵਾਦੀ ਦਿੰਦੇ ਹਨ। ਸਵਾਲ ਅਸਹਿਮਤੀ 'ਚ ਬੋਲਣ ਦੀ ਇਜਾਜ਼ਤ ਦਾ ਹੈ, ਉਹ ਵੀ ਐਸੀ ਅਸਹਿਮਤੀ ਦਾ ਜੋ ਪ੍ਰਬੰਦ ਲਈ ਖ਼ਤਰਨਾਕ ਹੋਵੇ। ਮੌਜੂਦਾ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਦੀ ਵਿਵਸਥਾ ਦੀਆਂ ਸਰਕਾਰੀ ਸਰਕਾਰਾਂ ਬੋਲਣ ਦੀ ਆਜ਼ਾਦੀ ਨੂੰ ਕਾਨੂੰਨੀ ਰੂਪ ਤੱਕ ਸੀਮਤ ਕਰ ਦਿੰਦੀਆਂ ਹਨ। ਇਸ ਲਈ ਉਹ 'ਜਨਤਕ ਹਿੱਤ' ਜਾਂ 'ਦੇਸ਼ ਹਿੱਤ' ਦੀ ਰਾਖੀ ਦੀ ਏਨੀ ਵਿਆਪਕ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਲੋੜ ਪੈਣ 'ਤੇ ਇਸ ਦੀ ਜਿੱਦ 'ਚ ਕਿਸੇ ਵੀ ਚੀਜ਼ ਨੂੰ ਲਿਆਂਦਾ ਜਾ ਸਕਦਾ ਹੈ। ਦੁਨੀਆਂ ਦੇ ਸਾਰੇ ਲੋਕ ਅਮਰੀਕਾ ਦੇ ਮੈਕਾਰਥੀ ਕਾਲ ਤੋਂ ਵਾਕਿਫ ਹਨ ਜਦ ਜਿਸ ਦੀ ਚਾਹੇ ਉਸ ਦੀ ਬੋਲਣ ਦੀ ਆਜ਼ਾਦੀ ਹੀ ਨਹੀਂ ਖੋਹੀ ਗਈ ਬਲਕਿ ਉਹਨਾਂ ਨੂੰ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਪੂੰਜੀਵਾਦੀ ਪ੍ਰਬੰਦ ਦੀਆਂ 'ਜਮਹੂਰੀ ਸਰਕਾਰਾਂ' ਵਿਵਸਥਾ (ਸਟੇਟ) ਦੇ ਸੰਕਟ 'ਚ ਪੈਂਦਿਆਂ ਹੀ ਬੋਲ ਦੀ ਆਜ਼ਾਦੀ ਨੂੰ ਫੌਰਨ ਭੁਲਾ ਦਿੰਦੀਆਂ ਹਨ।

ਇਹੀ ਨਹੀਂ ਅਕਸਰ ਤਾਂ ਸਰਕਾਰਾਂ ਦੇ ਸੰਕਟ 'ਚ ਪੈਣ 'ਤੇ ਹੀ ਬੋਲਣ ਦੀ ਆਜ਼ਾਦੀ 'ਤੇ ਹਮਲਾ ਸ਼ੁਰੂ ਹੋ ਜਾਂਦਾ ਹੈ। ਸਰਕਾਰ ਆਪਣੇ ਵਿਰੋਧੀਆਂ ਦੀ ਆਵਾਜ਼ਾਂ ਨੂੰ ਬੰਦ ਕਰਨ ਲੱਗਦੀ ਹੈ। ਇਸ ਤਰ੍ਹਾਂ ਸਾਮਰਾਜੀ ਤਾਣੇ-ਬਾਣੇ 'ਚ ਬੋਲਣ ਦੀ ਆਜ਼ਾਦੀ ਇਕ ਅਜਿਹੀ ਅਜ਼ਾਦੀ ਹੈ ਜੋ ਸਿਰਫ ਸਹਿਮਤੀ ਦੀਆਂ ਆਵਾਜ਼ਾਂ ਨੂੰ ਹੀ ਮਿਲਦੀ ਹੈ। ਵਿਰੋਧੀ, ਅਸਲੀ ਵਿਰੋਧੀ ਆਵਾਜ਼ਾਂ ਨੂੰ ਇਹ ਅਧਿਕਾਰ ਨਹੀਂ ਮਿਲਦੇ। ਦਲਾਲ ਸਰਮਾਏਦਾਰੀ ਜਮਾਤ ਆਮ ਤੌਰ 'ਤੇ ਵੀ ਮਜ਼ਦੂਰ ਜਮਾਤ ਨੂੰ ਬੋਲਣ ਦੀ ਆਜ਼ਾਦੀ ਤੋਂ ਵਾਂਝਿਆ ਰੱਖਦੀ ਹੈ ਅਤੇ ਇਹ ਆਮ ਆਰਥਕ ਤੌਰ-ਤਰੀਕਿਆਂ ਨਾਲ ਕਰਦੀ ਹੈ। ਬੋਲਣ ਦੀ ਆਜ਼ਾਦੀ ਨੂੰ

ਵਰਤੋਂ ’ਚ ਲਿਆਉਣ ਲਈ ਸਾਧਨਾਂ ਤੇ ਅਦਾਰਿਆਂ ਦੀ ਲੋੜ ਹੁੰਦੀ ਹੈ ਅਤੇ ਪੂੰਜੀਵਾਦ ’ਚ ਇਹ ਸਾਰੇ ਅਦਾਰੇ ਪੂੰਜੀਪਤੀ ਜਮਾਤ ਦੇ ਕੰਟਰੋਲ ’ਚ ਹੁੰਦੇ ਹਨ। ਪ੍ਰੈੱਸ, ਰੇਡੀਓ, ਟੀ. ਵੀ., ਛਾਪੇ ਖਾਨੇ, ਆਡਿਟੋਰਿਅਮ ਤੇ ਹਾਲ ਸਭ ਪੂੰਜੀਪਤੀ ਜਮਾਤ ਜਾਂ ਉਸਦੀਆਂ ਸਰਕਾਰਾਂ ਦੇ ਹੱਥ ’ਚ ਹੁੰਦੇ ਹਨ। ਅਜਿਹੇ ’ਚ ਮਜ਼ਦੂਰ ਜਮਾਤ ਦੀ ਬੋਲਣ ਦੀ ਆਜ਼ਾਦੀ ਹੀ ਬੇਅਰਥ ਹੋ ਜਾਂਦੀ ਹੈ ਪੂੰਜੀਵਾਦੀ ਪ੍ਰਚਾਰ ਸਾਧਨਾਂ ’ਚ ਇਕ ਗੁਪਤ ਸੈਂਸਰ ਲੱਗਿਆ ਹੁੰਦਾ ਹੈ ਜੋ ਸਾਰੇ ਸਮਾਚਾਰਾਂ ਨੂੰ ਸੈਂਸਰ ਕਰਦਾ ਰਹਿੰਦਾ ਹੈ। ਇਹ ਲੇਖ ਜਾਂ ਕਿਤਾਬਾਂ ਨੂੰ ਉਸ ਰੂਪ ’ਚ ਪ੍ਰਚਾਰਿਤ ਨਹੀਂ ਹੋਣ ਦਿੰਦਾ ਕਿ ਉਹ ਪ੍ਰਬੰਦ ਲਈ ਘਾਤਕ ਹੋਵੇ। ਪੂੰਜੀਵਾਦ ਦੇ ਵਿਕਾਸ ਦੇ ਨਾਲ ਇਸ ਦੀ ਇਕ ਪੂਰੀ ਪ੍ਰਣਾਲੀ ਹੀ ਵਿਕਸਤ ਹੁੰਦੀ ਹੈ ਕਿ ਕਿਵੇਂ ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਅਸਲ ’ਚ ਬੋਲਣ ਦੀ ਆਜ਼ਾਦੀ ਤੋਂ ਵਾਂਝਿਆ ਕਰਕੇ ਕੁਝ ਇਸ ਤਰ੍ਹਾਂ ਦਾ ਭਾਵ ਪੈਦਾ ਕੀਤਾ ਜਾਵੇ ਕਿ ਕੋਈ ਕੁਝ ਕਹਿਣ ਲਈ ਆਜ਼ਾਦ ਹੈ। ਸਾਮਰਾਜੀ ਦੇਸ਼ਾਂ ’ਚ ਇਸ ਨੂੰ ਕਲਾ ਦੀ ਸੀਮਾ ਤੱਕ ਵਿਕਸਤ ਕੀਤਾ ਗਿਆ ਹੈ। ਇਸ ਤਰ੍ਹਾਂ ਪੂੰਜੀਵਾਦੀ ਦੇਸ਼ਾਂ ’ਚ ਹਮੇਸ਼ਾ ਬੋਲਣ ਦੀ ਆਜ਼ਾਦੀ ਹਮੇਸ਼ਾ ਹੀ ਪੂੰਜੀਪਤੀ ਜਮਾਤ ਤੱਕ ਸੀਮਤ ਰਹੀ ਹੈ। ਭਾਰਤ ਵਰਗੇ ਪਿਛੜੇ ਪੂੰਜੀਵਾਦੀ ਦੇਸ਼ਾਂ ’ਚ ਵਿਅਕਤੀਗਤ ਆਜ਼ਾਦੀ ਹੋਰ ਵੀ ਵੱਧ ਸੀਮਤ ਹੈ। ਭਾਰਤ ਦੀ ਦਲਾਲ ਨੌਕਰਸ਼ਾਹੀ ਸਰਮਾਏਦਾਰੀ ਵਿਵਸਥਾ ਵੱਧ ਸੰਕਟ ਗ੍ਰਸਿਤ ਹੈ। ਪੂੰਜੀਵਾਦੀ ਰਾਜ ਵੱਧ ਤੋਂ ਵੀ ਵੱਧ ਭਾਰਤ ਦੀ ਅਰਧ ਜਾਗੀਰੂ ਅਰਧ ਬਸਤੀਵਾਦੀ ਵਿਵਸਥਾ ਅਸੁਰਖਿਅਤ ਹੈ। ਇਸ ਲਈ ਇਸ ਵਿੱਚ ਬੋਲਣ ਦੀ ਆਜ਼ਾਦੀ ਨੂੰ ਹੋਰ ਵੱਧ ਸੀਮਤ ਕੀਤਾ ਗਿਆ ਹੈ। ਇਸ ’ਤੇ ਬਹੁਤ ਹੀ ਕੁਢਰ ਤਰੀਕੇ ਨਾਲ ਪਾਬੰਦੀ ਲਾਈ ਗਈ ਹੈ। ਭਾਰਤ ਦਾ ਸੰਵਿਧਾਨ ਨਿੰਜੀ ਆਜ਼ਾਦੀ ਦਾ ਅਧਿਕਾਰ ਦੇਣ ਦੇ ਨਾਲ ਤੁਰੰਤ ਇਸ ਦੇ ਅਨੇਕਾਂ ਸੰਮਤਾਈਆਂ ਲਾ ਦਿੰਦਾ ਹੈ। ਵਿਹਾਰਕ ਤੌਰ ’ਤੇ ਉਹ ਇਸ ਨੂੰ ਅਜਿਹੇ ਕਾਨੂੰਨਾਂ ਨਾਲ ਸੀਮਤ ਕਰ ਦਿੰਦਾ ਹੈ ਜੋ ਅੰਗ੍ਰੇਜ਼ ਸਾਮਰਾਜੀਆਂ ਦੇ ਜ਼ਮਾਨੇ ਤੋਂ ਲਾਗੂ ਹਨ। ਇਸ ਤੋਂ ਵੀ ਅੱਗੇ ਭਾਰਤ ਦੀ ਦਲਾਲ ਸਰਮਾਏਦਾਰੀ ਜਮਾਤ ਸਮੇਂ-ਸਮੇਂ ਸਿਰ ਇਸ ਨੂੰ ਹੋਰ ਵੱਧ ਸੀਮਤ ਕਰਦੀ ਰਹੀ ਹੈ। ਭਾਰਤ ’ਚ ਨਿੱਜੀ ਆਜ਼ਾਦੀ ਕਿੰਨੀ ਸੀਮਤ ਹੈ, ਇਸ ਦਾ ਨਜ਼ਾਰਾ ਐਮਰਜੰਸੀ ’ਚ ਵੇਖਣ ਨੂੰ ਮਿਲਿਆ ਸੀ। ਤਦ ਹਾਕਮਾਂ ਦੀ ਅੰਦਰੂਨੀ ਆਜ਼ਾਦੀ ਵੀ ਖ਼ਤਮ ਕਰ ਦਿੱਤੀ ਗਈ ਸੀ। ਐਮਰਜੈਸੀ ਪਿਛੋਂ ਭਾਰਤ ਦੇ ਹਾਕਮਾਂ ਨੇ ਬੋਲਣ ਦੀ ਆਜ਼ਾਦੀ ਦੇ ਪੱਖ ’ਚ ਕਸਮਾਂ ਖਾਧੀਆਂ ਪਰ ਉਹ ਸਿਰਫ਼ ਮਜ਼ਦੂਰ ਜਮਾਤ ਜਾਂ ਮਿਹਨਤਕਸ਼ ਲੋਕਾਂ ਨੂੰ ਧੋਖਾ ਦੇਣ ਲਈ ਹੀ ਸੀ। ਪਿਛਲੇ ਦਿਨੀ ਅਰੁਣਧਾਤੀ ਰਾਏ ਤੇ ਅਹਿਮਦ ਸ਼ਾਹ ਗਿਲਾਨੀ ’ਤੇ ਦੇਸ਼ ਧ੍ਰੋਹ ਦੇ ਮੁਕੱਦਮਿਆਂ ਦੇ ਪ੍ਰਸੰਗ ’ਚ ਇਹ ਸਭ ਗੱਲਾਂ ਮਹੱਤਵਪੂਰਨ ਹਨ। ਭਾਰਤ ਸਰਕਾਰ ਪੂੰਜੀਵਾਦੀ ਪ੍ਰਚਾਰ ਮਾਧਿਆਮਾਂ, ਪੂੰਜੀਵਾਦੀ ਪਾਰਟੀਆਂ ਤੇ ਅਦਾਲਤਾਂ ਦੇ ਰੁੱਖ ’ਤੇ ਰਾਇ ਬਣਾਉਂਦੇ ਸਮੇਂ ਇਹਨਾਂ ਨੂੰ ਧਿਆਨ ਦੇਣਾ ਜ਼ਰੂਰੀ ਹੈ ਨਹੀਂ ਤਾਂ ਕੋਈ ਬਹੁਤ ਅਸਾਨੀ ਨਾਲ ਭਾਰਤ ’ਚ ਲੰਗੜੇ ਲੋਕਤੰਤਰ ਦੀ ਮੌਜੂਦਗੀ ਨੂੰ ਵੀ ਮੰਨਣੋ ਇਨਕਾਰ ਕਰ ਦੇਵੇਗਾ ਤਾਂ ਦੂਜਾ ਬੋਲਣ ਦੀ ਆਜ਼ਾਦੀ ਰਾਖੀ ਦੀ ਸੁਧਾਰਵਾਦੀ ਕਾਰਵਾਈ ’ਚ ਲੱਗ ਜਾਵੇਗਾ।

# ਦਹਿਸ਼ਤਗਰਦੀ 'ਚ ਹਿੰਦੂਵਾਦ ਦੀ ਸ਼ਮੂਲੀਅਤ ਕਿੰਨੀ ਕੁ?

ਆਰ. ਐਸ. ਐਸ. ਦੇ ਦਿੱਲੀ ਸਥਿਤੀ ਝੰਡੇਵਾਲਾਨ ਮੁੱਖ ਦਫ਼ਤਰ 'ਤੇ ਉੱਤਰ ਭਾਰਤ ਦੇ ਇਕ ਪ੍ਰਮੁੱਖ ਅਹੁਦੇਦਾਰ ਨੇ ਨੌਂ ਨਵੰਬਰ ਨੂੰ ਸੰਘ ਕਾਰਕੁੰਨਾਂ ਨੂੰ ਕਿਹਾ, "ਕਾਂਗਰਸ ਦੇ ਪ੍ਰਚਾਰ ਦਾ ਸਾਨੂੰ ਪੂਰੀ ਸ਼ਕਤੀ ਤੇ ਜੋਸ਼ ਨਾਲ ਵਿਰੋਧ ਕਰਨਾ ਹੋਵੇਗਾ ਨਹੀਂ ਤਾਂ ਧਰਮ ਨਿਰਪੱਖ ਵਾਦੀ ਸੰਘ ਦੀ ਪ੍ਰਤਿਸ਼ਤਾ ਨੂੰ ਦਹਿਸ਼ਤਗਰਦੀ ਦੇ ਬਹਾਨੇ ਮਿੱਟੀ 'ਚ ਮਿਲਾ ਦੇਣਗੇ।" ਮਿੱਟੀ 'ਚ ਮਿਲ ਜਾਣ ਦਾ ਫਿਕਰ ਇਸ ਸਮੇਂ ਪੂਰੇ ਸੰਘ ਪ੍ਰੀਵਾਰ 'ਚ ਬੇਚੈਨੀ ਦਾ ਕਾਰਨ ਬਣੀ ਹੋਈ ਹੈ ਅਤੇ ਉਹਨਾਂ ਦੇ ਨੇਤਾ ਘਬਰਾਹਟ 'ਚ ਉਲਟ-ਸੁਲਟ ਬਿਆਨ ਦੇ ਰਹੇ ਹਨ। ਤਾਜਾ ਮਿਸਾਲ 10 ਨਵੰਬਰ ਨੂੰ ਸੰਘ ਵਲੋਂ ਆਯੋਜਿਤ ਕਾਂਗਰਸ ਖ਼ਿਲਾਫ ਦੇਸ਼ ਵਿਆਪੀ ਮੁਜਾਹਰੇ 'ਚ ਸਾਬਕਾ ਸੰਘ ਚਾਲਕ ਕੇ ਸੁਦਰਸ਼ ਦਾ ਬਿਆਨ ਹੈ ਜਿਸ 'ਚ ਉਹਨਾਂ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਅਮਰੀਕੀ ਖੁਫੀਆ ਏਜੰਸੀ ਸੀ. ਆਈ. ਏ. ਦਾ ਦਲਾਲ ਕਿਹਾ ਤੇ ਇੰਦਰਾ ਗਾਂਧੀ ਦੀ ਹੱਤਿਆ ਦਾ ਜ਼ਿੰਮੇਵਾਰ ਵੀ ਠਹਿਰਾਇਆ। ਆਰ. ਐਸ. ਐਸ. ਨਾਲ ਜੁੜੀਆਂ ਜਥੇਬੰਦੀਆਂ 'ਤੇ ਬੰਬ ਧਮਾਕਿਆਂ 'ਚ ਸ਼ਾਮਲ ਹੋਣ ਦੇ ਦੋਸ਼ਾਂ ਨੇ ਕਾਂਗਰਸ ਖ਼ਿਲਾਫ਼ ਅਕਸਰ ਮੂੰਹ ਖੋਹਲਣ ਵਾਲੀ ਭਾਜਪਾ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ ਅਤੇ ਦਹਿਸ਼ਤਗਰਦੀ ਦੇ ਮਾਮਲੇ 'ਚ ਭਾਜਪਾ ਦੀ ਮਿੱਟੀ ਪੁੱਟੀ ਗਈ ਹੈ। ਹਾਲਾਤ ਇਹ ਹਨ ਕਿ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ ਅਤੇ ਕਾਂਗਰਸ ਸਰਕਾਰਾਂ ਦੇ ਭਰਿਸ਼ਟਾਚਾਰਾਂ ਨੂੰ ਉਜਾਗਰ ਕਰਨ ਲਈ ਜਿਉਂ ਹੀ ਭਾਜਪਾ ਜੁਅਰਤ ਕਰਦੀ ਹੈ। ਕਾਂਗਰਸ ਦਹਿਸ਼ਤਗਰਦੀ ਦਾ ਜਿੰਨ ਸਾਹਮਣੇ ਰੱਖ ਹਿੰਦੂਵਾਦੀ ਰਾਜਸੀ ਨੇਤਾਵਾਂ ਦੀ ਹਵਾ ਕੱਢ ਦਿੰਦੀ ਹੈ। ਜਾਂਚ ਅਮਲ ਦੀ ਤਾਜਾ ਰਿਪੋਰਟ ਮੁਤਾਬਕ ਹੈਦਾਰਾਬਾਦ, ਅਜਮੇਰ ਅਤੇ ਮਾਲੇਗਾਂਵ 'ਚ ਧਾਰਮਿਕ ਥਾਵਾਂ 'ਤੇ ਵਿਸਫੋਟ ਦੀ ਸਾਜ਼ਿਸ਼ ਦੇ ਸਿਲਸਿਲੇ 'ਚ ਸਵਾਮੀ ਅਸੀਮਾਨੰਦ ਨੂੰ ਹਰਿਦੁਆਰ ਤੋਂ 19 ਨਵੰਬਰ ਨੂੰ ਸੀ. ਆਈ. ਏ. ਨੇ ਗ੍ਰਿਫ਼ਤਾਰ ਕਰ ਲਿਆ ਹੈ। ਅਸੀਮਾਨੰਦ ਨੂੰ ਤਿੰਨ ਰਾਜਾਂ ਆਂਧਰਾ ਪ੍ਰਦੇਸ਼, ਰਾਜਸਥਾਨ ਤੇ ਮਹਾਂਰਾਸ਼ਟਰ ਦੀ ਪੁਲਸ ਦੀ ਦਹਿਸ਼ਤ ਗਰਦੀ ਰੋਕੂ ਦਸਤੇ (ATS) ਨੇ ਉਹਨਾਂ ਨੂੰ ਕੱਟੜ ਪੰਥੀਆਂ ਦੇ ਸਰਗਨਾ ਵਜੋਂ ਟਿਕਿਆ ਹੈ। ਪੁਲਸੀਆ ਜਾਂਚ ਅਨੁਸਾਰ, ਸਵਾਮੀ ਨੇ ਗੁਜਰਾਤ ਦੇ ਡਾਂਗ ਜ਼ਿਲ੍ਹੇ ਨੂੰ ਮੁੱਖ ਕੇਂਦਰ ਬਣਾ ਕੇ ਮੱਧ ਪ੍ਰਦੇਸ਼ 'ਤੇ ਮਹਾਂਰਾਸ਼ਟਰ ਦੇ ਦਰਜਨ ਤੋਂ ਵੱਧ ਜ਼ਿਲ੍ਹਿਆਂ 'ਚ ਆਪਣੀਆਂ ਸਰਗਰਮੀਆਂ ਚਲਾਈਆਂ। ਸੁਆਮੀ 1995 'ਚ ਗੁਜਰਾਤ ਤੋਂ ਆਹਵਾ ਆਏ ਅਤੇ ਹਿੰਦੂ ਸੰਗਠਨਾਂ ਦੇ ਨਾਲ ਮਿਲਕੇ ਹਿੰਦੂ ਧਰਮ ਜਾਗਰਣ ਤੇ ਸੁਧੀਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਇਹਨਾਂ ਖੁਲਾਸਿਆਂ ਤੋਂ ਘਬਰਾ ਕੇ ਸੰਘ ਪ੍ਰੀਵਾਰ ਖੁਫੀਆ ਜਾਂਚ ਤੇ ਕਾਂਗਰਸ ਨੇਤਾਵਾਂ ਦੇ ਹਮਲਾਵਰ ਬਿਆਨਾਂ ਦੇ ਚਲਦਿਆਂ ਬਚਾਅ ਦੀ ਮੁਦਰਾ 'ਚ ਖੜ੍ਹਾ ਹੈ ਕਿਉਂਕਿ ਉਸ ਦਾ ਹਰ ਪਲਟਵਾਦ ਬੇਅਰਥ ਸਾਬਤ ਹੋ ਰਿਹਾ ਹੈ। ਅਜਮੇਰ ਧਮਾਕੇ 'ਚ ਪੁਲਸ ਦੀ ਚਾਰਜਸੀਟ 'ਚ

‘ਹਿੰਦੂ ਦਹਿਸ਼ਤ ਗਰਦ’ ਦੇ ਜ਼ਿਕਰ ਨੇ ਇਕ ਵਾਰ ਭਾਜਪਾ ਨੂੰ ਬੋਲਣ ਦਾ ਮੌਕਾ ਦਿੱਤਾ ਸੀ ਪਰ ਹੁਣ ਮਾਮਲਾ ਵੀ ਸ਼ਾਂਤ ਹੋ ਚੁੱਕਿਆ ਹੈ। ਜੋ ਬਚਿਆ ਰਹਿ ਗਿਆ ਹੈ ਉਹ ਇਹ ਹੈ ਕਿ ਦੋਸ਼ ਪੱਤਰ ’ਚ ਵਾਰ-ਵਾਰ ਆਰ. ਐਸ. ਐਸ. ਦਾ ਨਾਂ ਆ ਰਿਹਾ ਹੈ ਜਿਵੇਂ ਰਾਜਸਥਾਨ ਏ. ਟੀ. ਐਸ. ਨੇ ਜਿਹਨਾਂ ਲੋਕਾਂ ਦਾ ਜ਼ਿਕਰ ਕੀਤਾ ਹੈ ਉਹਨਾਂ ’ਚ ਵਿਭਾਗ ਪ੍ਰਚਾਰਕ ਦਵੇਂਦਰ ਕੁਮਾਰ, ਗੁਪਤਾ, ਮੱਧ ਪ੍ਰਦੇਸ਼ ਦੇ ਸ਼ਾਜਾਪੁਰ ਦੇ ਸੰਪਰਕ ਮੁਖੀ ਚੰਦਰਸ਼ੇਖਰ ਤੇ ਇੰਦੌਰ ਤੋਂ ਸੰਘ ਕਾਰਕੁੰਨ ਲੋਕੇਸ਼ ਸ਼ਾਮਲ ਹਨ। ਫਰਾਰ ਦੋਸ਼ੀਆਂ ’ਚ ਆਰ. ਐਸ. ਐਸ. ਦੇ ਮੈਂਬਰ ਅਤੇ ਅਹੁਦੇਦਾਰ ਸੰਦੀਪ ਡਾਂਗੇ, ਸੁਨੀਲ ਜੋਸ਼ੀ ਅਤੇ ਰਾਮਜੀ ਦਲਸੰਗਰਾ ਸ਼ਾਮਲ ਹਨ। ਹਿੰਦੂ ਦਹਿਸ਼ਤਗਰਦ ਰਾਜਨੀਤੀ ਨੇ ਇਹਨਾਂ ਸਮਰੱਥਕਾਂ ਦੀ ਆਤੰਕੀ ਭੂਮਿਕਾ ਤੱਕ ਉਜਾਗਰ ਹੋਈ ਜਦ ਰਾਜਸਥਾਨ ’ਚ ਭਾਜਪਾ ਦੀ ਸਰਕਾਰ ਸੱਤਾ ਤੋਂ ਬੇਦਖਲ ਹੋਈ। ਗਿਆਰਾਂ ਅਕਤੂਬਰ 2007 ਨੂੰ ਅਹਾਤਾ-ਏ-ਨੂਰ ਦੀ ਦਰਗਾਹ ਹੋਏ ਧਮਾਕਿਆਂ ’ਚ ਤਿੰਨ ਲੋਕ ਮਾਰੇ ਗਏ ਸਨ ਅਤੇ 15 ਜ਼ਖ਼ਮੀ ਹੋਏ ਸਨ। ਸ਼ੁਰੂਆਤੀ ਜਾਂਚ ਵਿੱਚ ਆਰ. ਐਸ. ਐਸ. ਦੇ ਲੋਕਾਂ ਦੇ ਹੋਣ ਦਾ ਸੰਕੇਤ ਤਾਂ ਮਿਲਿਆ ਪਰ ਜਾਂਚ ਨੂੰ ਉਸ ਦਿਸ਼ਾ ’ਚ ਵਧਾਉਣ ’ਚ ਭਾਜਪਾ ਸਰਕਾਰ ਨੇ ਕੋਈ ਦਿਲਚਸਪੀ ਨਹੀਂ ਲਈ। ਇਸ ਬਾਬਤ ਰਾਜਸਥਾਨ ਸਰਕਾਰ ਦੇ ਗ੍ਰਹਿ ਮੰਤਰੀ ਸ਼ਾਂਤੀ ਧਾਲੀਵਾਲ ਕਹਿੰਦੇ ਹਨ, “ਵਿਸਫੋਟ ਕਰਨ ਵਾਲਿਆਂ ਦੀ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਸਰਕਾਰ ਨੇ ਗ੍ਰਿਫ਼ਤਾਰੀ ਨਹੀਂ ਕੀਤੀ ਕਿਉਂਕਿ ਆਤੰਕੀ ਆਰ. ਐਸ. ਐਸ. ਦੇ ਸਨ। ਰਾਜ ਦੇ ਗ੍ਰਹਿ ਮੰਤਰੀ ਦੀ ਰਾਇ ’ਚ ਇਹਨਾਂ ਧਮਾਕਿਆਂ ਦਾ ਮਕਸਦ ਦੇਸ਼ ਦੀਆਂ ਵੱਖ-ਵੱਖ ਕੌਮਾਂ ਵਿਚਾਲੇ ਆਪਸੀ ਸਦਭਾਵਨਾ ਨੂੰ ਨਸ਼ਟ ਕਰਨਾ ਰਿਹਾ ਹੈ। ਸ਼ਮੂਲੀਅਤ ਦੇ ਸਵਾਲ ਤੇ ਭਾਜਪਾ ਬੁਲਾਰੇ ਰਵੀਸ਼ੰਕਰ ਪ੍ਰਸ਼ਾਦ ਕਹਿੰਦੇ ਹਨ ‘ਭਰਿਸ਼ਟਾਚਾਰ ’ਚ ਡੂੰਘੀ ਡੁੱਬੀ ਕਾਂਗਰਸ ਸਰਕਾਰ ਸਿਰਫ਼ ਘਪਲਿਆਂ ਨੂੰ ਛੁਪਾਈ ਰੱਖਣ ਲਈ ਹਿੰਦੂਆਂ ਨੂੰ ਦਹਿਸ਼ਤਗਰਦੀ ਸਰਗਰਮੀਆਂ ’ਚ ਸ਼ਾਮਲ ਹੋਣਾ ਦਸ ਰਹੀ ਹੈ। ਪਾਰਟੀ ਹਮੇਸ਼ਾ ਤੋਂ ਇਹ ਮੰਨਦੀ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਚਾਹੇ ਉਹ ਕੋਈ ਵੀ ਹੋਵੇ। ਪਰ ਗੁਪਤ ਵਿਅਕਤੀ ਦਾ ਨੰਬਰ ਸ਼ੱਕੀ ਬੰਦੇ ਦੀ ਡਾਇਰੀ ’ਚ ਮਿਲਿਆ ਹੈ, ਇਸ ਅਧਾਰ ਤੇ ਦੋਸ਼ੀ ਠਹਿਰਾਉਣਾ ਗਲਤ ਹੈ। ਗੌਰ ਕਰਨ ਲਾਇਕ ਹੈ ਕਿ ਭਾਜਪਾ ਬੁਲਾਰਾ ਇਹ ਗੱਲ ਗੋਰਖਪੁਰ ਤੋਂ ਭਾਜਪਾ ਸਾਂਸਦ ਅਤੇ ਮੁੱਖ ਹਿੰਦੂਵਾਦੀ ਨੇਤਾ ਯੋਗੀ ਆਦਿਤਿਆਨਾਥ ਦੇ ਪ੍ਰਸੰਗ ’ਚ ਬੋਲ ਰਹੇ ਸਨ। ਜਿਹਨਾਂ ਤੋਂ ਏ. ਟੀ. ਐਸ. ਪੁਛਗਿੱਛ ਕਰਨ ਵਾਲੀ ਸੀ ਕਿ ਧਮਾਕਿਆਂ ਦੇ ਦੋਸ਼ੀਆਂ ਦੀ ਡਾਇਰੀ ’ਚ ਯੋਗੀ ਦਾ ਫੋਨ ਨੰਬਰ ਦਰਜ ਹੈ। ਉਧਰ ਪੁਲਸ ਦਾ ਦਾਅਵਾ ਹੈ ਕਿ ਮਾਲੇਗਾਂਵ ਧਮਾਕੇ ’ਚ ਗ੍ਰਿਫ਼ਤਾਰ ਸ਼੍ਰੀ ਕਾਂਤ ਪ੍ਰੋਹਿਤ ਤੇ ਸੁਧਾਕਰ ਦੇ ਅਭਿਨਵ ਭਾਰਤ ਸੰਗਠਨ ਅਤੇ ਸਾਧਵੀ ਪ੍ਰਗਿਆ ਸਿੰਘ ਤੇ ਸੁਨੀਲ ਜੋਸ਼ੀ ਦੇ ‘ਵੰਦੇ ਮਾਤਰਮ’ ਸੰਗਠਨ ਵਿਚਕਾਰ ਅਸੀਂ ਆਨੰਦ ਆਰਗੇਨਾਈਜ਼ਰ ਦੀ ਭੂਮਿਕਾ ’ਚ ਸਨ। ਮਾਲੇਗਾਂਵ ਤੇ ਹੋਰ ਧਮਾਕਿਆਂ ’ਚ ਗ੍ਰਿਫਤਾਰ ਲੋਕਾਂ ਦੇ ਹਵਾਲੇ ਨਾਲ ਪੁਲਸ ਨੇ ਕਿਹਾ ਕਿ ਸੁਆਮੀ ਅਭਿਨਵ ਭਾਰਤ ਸੰਗਠਨ ਤੇ ਵੰਦੇ ਮਾਤਰਮ ਨੂੰ ਇਕ ਕਰਨ ਦੇ ਪੱਖ ’ਚ ਸੀ ਤਾਂਕਿ ਉਹਨਾਂ ਨੂੰ ਹੋਰ ਤਾਕਤ ਮਿਲੇ। ਮੂਲ ਰੂਪ ’ਚ ਪੱਛਮੀ ਬੰਗਾਲ ਦੇ ਹੁਗਲੀ ਜਿਲ੍ਹੇ ਦੇ ਰਹਿਣ

ਵਾਲੇ ਅਤੇ ਉੱਚ ਸਿੱਖਿਆ ਪ੍ਰਾਪਤ ਅਸੀਮਾ ਨੰਦ ਨੂੰ ਪੁਲਸ ਨੇ ਇਹਨਾਂ ਸਾਰੇ ਵਿਸਫੋਟਾਂ ਦੇ ਮੁੱਖ ਦੋਸ਼ੀ ਵਜੋਂ ਟਿਕਿਆ ਹੈ। ਇੰਦ੍ਰੇਸ਼ ਕੁਮਾਰ ’ਤੇ ਦੋਸ਼ ਹੈ ਕਿ 2005 ’ਚ ਜੈਪੁਰ ’ਚ ਹੋਈ ਇਕ ਗੁਪਤ ਮੀਟਿੰਗ ’ਚ ਉਹਨਾਂ ਨਾਲ ਜੋ ਲੋਕ ਸ਼ਾਮਲ ਸਨ, ਉਹ ਦਰਗਾਹ ਵਿਸਫੋਟ ’ਚ ਗ੍ਰਿਫ਼ਤਾਰ ਕੀਤੇ ਗਏ। ਇੰਦ੍ਰੇਸ਼ ਕੁਮਾਰ ਸੰਘ ’ਚ ਮੁਸਲਿਮਾਂ ਦੀ ਭਰਤੀ ਵਰਗੀ ਮੁਹਿੰਮ ’ਚ ਜੁਟੇ ਹੋਏ ਸਨ। ਪੁਲਸ ਨੂੰ ਇਹ ਜਾਣਕਾਰੀ ਦਰਗਾਹ ਵਿਸਫੋਟ ’ਚ ਸ਼ਾਮਲ ਰਹੇ ਸੰਘ ਕਾਰਕੁੰਨ ਸੁਨੀਲ ਜੋਸ਼ੀ ਦੀ ਹੱਤਿਆ ਪਿਛੋਂ ਬਰਾਮਦ ਡਾਇਰੀ ਤੋਂ ਮਿਲੀ ਅਜੇ ਤਕ ਉਜਾਗਰ ਹੋਏ ਤੱਥਾਂ ਤੋਂ ਜ਼ਾਹਿਰ ਹੋ ਗਿਆ ਹੈ ਕਿ ਸੰਘ ਦੇ ਚਰਮਪੰਥੀਆਂ ਦੇ ਤਾਰ ਗੁਜਰਾਤ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਝਾਰਖੰਡ ਤੇ ਰਾਜਸਥਾਨ ਨਾਲ ਜੁੜੇ ਹਨ। ਇਹ ਆਤੰਕੀ ਤਾਰ ਸੰਘ ਦੇ ਲਈ ਇਤਿਹਾਸਕ ਸੰਕਟ ਲੈ ਕੇ ਆਇਆ ਹੈ। ਸ਼ਾਇਦ ਇਸੇ ਨੂੰ ਭਾਂਪ ਕੇ ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ’ਚ ਆਰ. ਐਸ. ਐਸ. ਨੂੰ ਹਿੰਦੂ ਕੱਟੜਵਾਦੀ ਰਾਜਨੀਤੀ ਦਾ ਵਾਹਿਕ ਦੱਸਿਆ ਤੇ ਕਿਹਾ ਕਿ ਪਾਬੰਦੀ ਸੁਧਾ ਵਿਦਿ: ਸੰਗਠਨ ਸਿੰਮੀ ਤੇ ਇਸ ’ਚ ਕੋਈ ਫਰਕ ਨਹੀਂ ਹੈ। ਇਸ ਬਿਆਨ ਤੋਂ ਭੜਕੇ ਭਾਜਪਾ ਯੁਵਾ ਮੋਰਚਾ ਦੇ ਕਾਰਕੁੰਨ ਨੇ ਆਰ. ਆਰ. ਐਸ. ’ਤੇ ਛਪੀਆਂ ਛੇ ਕਿਤਾਬਾਂ ਰਾਹੁਲ ਨੂੰ ਭੇਜੀਆਂ ਕਿ ਬਚਕਾਨੇ ਬਿਆਨ ਦੇਣ ਤੋਂ ਪਹਿਲਾਂ ਪੜ੍ਹਿਆ ਕਰਨ। ਕਾਂਗਰਸ ਤੇ ਆਰ. ਐਸ. ਐਸ. ਵਿਚਕਾਰ ਸ਼ਬਦੀ ਜੰਗ ਕੋਈ ਨਵੀਂ ਗੱਲ ਨਹੀਂ। ਸੰਨ 2004 ਨੂੰ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਾਂਗਰਸ ਨੇ ਆਜ਼ਾਦੀ ਸੰਗ੍ਰਾਮ ਦੌਰਾਨ ਆਰ. ਐਸ. ਐਸ. ਦੀ ਭੂਮਿਕਾ ’ਤੇ ਟਿੱਪਣੀ ਕੀਤੀ ਸੀ ਜਿਸ ਵਿਰੁੱਧ ਸੰਘ ਨੇ ਕੌਮੀ ਮੁਹਿੰਮ ਚਲਾਈ ਸੀ। ਸੰਘ ਦੇ ਬੁਲਾਰੇ ਰਾਮਗਾਂਧਵ ਨੇ ਉਸ ਸਮੇਂ ਪ੍ਰੈੱਸ ਨੂੰ ਸੰਬੋਧਿਤ ਕਰਦਿਆਂ ਦਿੱਲੀ ’ਚ ਕਿਹਾ ਸੀ ਕਿ ਕਾਂਗਰਸ ਫਜੂਲ ਮੁੰਹਿਮ ਚਲਾ ਰਹੀ ਹੈ ਕਿਉਂਕਿ ਇਹ ਨਕਲੀ ਕਾਂਗਰਸ ਹੈ ਤੇ ਸੋਨੀਆ ਗਾਂਧੀ ਇਸ ਦੀ ਨਕਲੀ ਨੇਤਾ ਹੈ। ਹੁਣ ਨਕਲੀ ਕੌਣ ਤੇ ਅਸਲੀ ਕੌਣ, ਇਹ ਤਾਂ ਲੋਕ ਤਹਿ ਕਰਨਗੇ ਪਰ ਕਸੂਰਵਾਰ ਕੌਣ ਹੈ ਇਹ ਪੁਲਸ ਦਸ ਰਹੀ ਹੈ ਅਤੇ ਲੋਕ ਵੇਖ ਰਹੇ ਹਨ।

# ਇਸ਼ਤਿਹਾਰਬਾਜ਼ੀ 'ਚ ਕਿਉਂ ਕੱਟਦੀ ਹੈ ਸਿਤਾਰਿਆਂ ਦੀ ਜ਼ਿੰਦਗੀ?

ਅਮਿਤਾਭ ਬਚਨ ਅੱਜਕਲ੍ਹ ਵਕੀਲਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਹਨ ਕਿਉਂਕਿ ਲੋਕ ਉਹਨਾਂ ਦੀਆਂ ਆਵਾਜ਼ ਦੀ ਨਕਲ ਕਰਕੇ ਪਾਨ-ਮਸਾਲਾ, ਫਲੈਟ ਤੇ ਹੋਰ ਨਾ ਜਾਣੇ ਕੀ-ਕੀ ਵੇਚਣ ਲੱਗ ਪਏ ਹਨ। ਹੁਣ ਉਹ ਆਪਣੀ ਆਵਾਜ਼ ਨੂੰ ਕਾਪੀ ਰਾਈਟ ਤਹਿਤ ਲਿਆਉਣਾ ਚਾਹੁੰਦੇ ਹਨ ਤਾਂ ਕਿ ਨਕਲ ਕਰਨ ਵਾਲਿਆਂ ਤੇ ਨਕੇਲ ਕਸੀ ਜਾ ਸਕੇ। ਕਈ ਹੋਰ ਫਿਲਮੀ ਸਿਤਾਰੇ ਵੀ ਜਿਹਨਾਂ ਦੀ ਆਵਾਜ਼ ਦੀ ਨਕਲ ਰੇਡੀਓ ਇਸ਼ਤਿਹਾਰਾਂ 'ਚ ਕੀਤੀ ਜਾਂਦੀ ਹੈ। ਸਚਿਨ ਤੰਦੂਲਕਰ ਵੀ ਅਜਿਹੀ ਸਖਸ਼ੀਅਤ ਹੈ ਜਿਹਨਾਂ ਦੀ ਆਵਾਜ਼ ਦੀ ਖ਼ੂਬ ਨਕਲ ਹੋਈ ਹੈ। ਜਾਣੀ ਪਹਿਚਾਣੀ ਆਵਾਜ਼ ਰਾਹੀਂ ਆਪਣਾ ਮਾਲ ਵੇਚਣਾ ਸੌਖਾ ਹੈ। ਅਣਜਾਣ ਤੇ ਘੱਟ ਪ੍ਰਚਿਤ ਚਿਹਰਿਆਂ ਦੇ ਮੁਕਾਬਲੇ ਕਿਸੇ ਫਿਲਮੀ ਸਿਤਾਰੇ ਦੀ ਮੌਜ਼ੂਦਗੀ ਇਸ਼ਤਿਹਾਰ ਦੀ ਸਫਲਤਾ ਤੇ ਬ੍ਰਾਂਡ ਦੀ ਵਿਕਰੀ ਨੂੰ ਬਹੁਤ ਹੱਦ ਤੱਕ ਤਹਿ ਕਰ ਦਿੰਦੇ ਹਨ। ਸਾਡੇ ਦੇਸ਼ 'ਚ ਭਾਵੇਂ ਹੀ ਦੁਨੀਆਂ ਦੀ 17 ਫੀਸਦੀ ਆਬਾਦੀ ਵੱਸਦੀ ਹੈ ਪਰ ਸਾਡੀ ਕੁਲ ਇਸ਼ਤਿਹਾਰਬਾਜ਼ੀ ਬਾਜ਼ਾਰ ਦੁਨੀਆਂ ਭਰ ਦੀ ਤੁਲਨਾ 'ਚ ਸਿਰਫ਼ 0.7 ਫੀਸਦੀ ਹੈ। ਦੇਸ਼ ਦਾ ਲਗਭਗ 30 ਹਜ਼ਾਰ ਕਰੋੜ ਰੁਪਏ ਦਾ ਇਸ ਬਜ਼ਾਰ ਆਰਥਕ ਮੰਦੀ ਪਿਛੋਂ ਹੁਣ ਉਭਰ ਰਿਹਾ ਹੈ। ਦੁਨੀਆਂ ਦੇ ਇਸ ਹਿੱਸੇ 'ਚ ਬੇਹਤਰ ਇਸ਼ਤਿਹਾਰ ਬਣਾਏ ਜਾਂਦੇ ਰਹੇ ਹਨ। ਕਈ ਯਾਦਗਾਰੀ ਮੁਹਿੰਮ ਕਰ ਚੁੱਕੇ ਅਲੇਕ ਪਦਮਸੀ, ਸੁਭਾਸ ਘੋਸ਼ਾਲ, ਸਿਲਵੀ ਡਿਕੂਹਾ, ਮਣੀ ਅਈਅਰ, ਸੁਬਰਤੋ ਸੇਨਗੁਪਤਾ, ਜੋਗ ਚੈਟਰਜੀ, ਪੀਯੂਸ ਪਾਂਡੇ, ਪ੍ਰਸੂਨ ਜੋਸ਼ੀ, ਪ੍ਰਹਾਦ ਕਕੜ, ਕੈਲਾਸ਼ ਸੁਰਿੰਦਰ ਨਾਥ ਆਦਿ ਦੇਸ਼ ਵਿਦੇਸ਼ 'ਚ ਆਪਣੇ ਨਾਂ ਤੇ ਕੰਮ ਲਈ ਜਾਣੇ ਜਾਂਦੇ ਹਨ ਪਰ ਅਕਸਰ ਇਹਨਾਂ ਸਾਰਿਆਂ ਦੇ ਇਸ਼ਤਿਹਾਰਾਂ ਲਈ ਜ਼ਰੂਰੀ ਹੈ ਇਕ ਚਿਹਰਾ। ਅਜਿਹਾ ਚਿਹਰਾ ਜੋ ਵਿਸ਼ਵਾਸਯੋਗ ਹੋਵੇ ਬਰਾਂਡ ਨਾਲ ਜੁੜਦਾ ਹੋਵੇ ਅਤੇ ਆਪਣੇ ਵਿਅਕਤੀਤਵ ਦੀਆਂ ਖ਼ੂਬੀਆਂ ਨਾਲ ਬਰਾਂਡ ਨੂੰ ਲੋਕਾਂ ਤੱਕ ਪਹੁੰਚਣ ਦੀ ਤਾਕਤ ਰੱਖਦਾ ਹੋਵੇ। ਸੱਤਰ ਤੇ ਅੱਸੀ ਦੇ ਦਹਾਕੇ 'ਚ ਜ਼ਿਆਦਾਤਰ ਫਿਲਮੀ ਜਾਂ ਕ੍ਰਿਕਟ ਦੀ ਦੁਨੀਆਂ ਦੇ ਸਿਤਾਰੇ ਖਪਤ ਸਮੱਗਰੀ ਵੇਚਦੇ ਦੇਖੇ ਜਾਂਦੇ ਸਨ ਪਰ ਅੱਜ ਇਹਨਾਂ ਤੋਂ ਇਲਾਵਾ ਕਈ ਦੂਜੇ ਖੇਤਰਾਂ ਦੇ ਜਾਣੇ ਪਹਿਚਾਣੇ ਚਿਹਰੇ ਜਾਂ ਸਿਤਾਰੇ ਨਵੇਂ-ਨਵੇਂ ਬਰਾਂਡ ਵੇਚਣ 'ਚ ਲੱਗੇ ਹਨ। ਦੇਸ਼ ਦੀ ਇਕ ਬਹੁਤ ਵੱਡੀ ਇਸ਼ਤਿਹਾਰੀ ਕੰਪਨੀ ਆਗਿਲਵੀ ਦੇ ਜੀਵਨ ਸਿੰਘ ਅਨੁਸਾਰ "ਸਾਡੇ ਇੱਥੇ ਸੰਨ 2001 ਤੱਕ ਕੁਲ ਟੀ. ਵੀ. ਇਸ਼ਤਿਹਾਰਾਂ ਵਿਚੋਂ 25 ਫੀਸਦੀ 'ਚ ਕਿਸੇ ਸਿਤਾਰੇ ਜਾਂ ਸੇਲਿਬਰਟੀ ਦੀ ਵਰਤੋਂ ਹੁੰਦੀ ਸੀ। ਸੰਨ 2008 ਤੱਕ ਇਹ ਵੱਧ ਕੇ 62 ਫੀਸਦੀ ਹੋ ਗਿਆ। ਸੰਨ 2009 'ਚ ਮਹਿੰਦਰ ਸਿੰਘ ਧੋਨੀ, ਸਾਹਰੁਖ਼ ਖ਼ਾਨ, ਕੈਟਰੀਨਾ ਕੈਫ, ਸਚਿਨ ਤੇਂਦੂਲਕਰ ਤੇ ਪ੍ਰਿਯੰਕਾ ਚੋਪੜਾ 68 ਬ੍ਰਾਂਡਾ ਨੂੰ ਵੇਚ ਰਹੇ ਸਨ। ਇਹਨਾਂ 'ਚ 19 ਬ੍ਰਾਂਡਾ ਦੇ ਚਿਹਰੇ ਮਹੇਂਦਰ ਸਿੰਘ ਧੋਨੀ ਸਭ ਤੋਂ ਅੱਗੇ ਸਨ" ਏ. ਬੀ. ਸੀ. ਐਲ. ਦੀ ਨਾਕਾਮੀ ਪਿਛੋਂ ਜਦ ਅਮਿਤਾਭ

ਬਚਨ ਫ਼ਿਲਮ ਜਗਤ ’ਚ ਵਾਪਸੀ ਕਰਨ ਲੱਗੇ ਸਨ ਤਾਂ ਡਾਕੀਏ ਦੇ ਭੇਸ ’ਚ ਉਹਨਾਂ ਇਕ ਕੋਲਡ ਡ੍ਰਿੰਕ ‘ਮਿਰੰਡਾ’ ਵੇਚਿਆ ਸੀ ‘ਜ਼ੋਰ ਕਾ ਝਟਕਾ ਧੀਰੇ ਸੇ ਲਗੇ’ ਇਹ ਮੁਹਿਮ ਕਰਨ ’ਤੇ ਬਹੁਤਿਆਂ ਨੇ ਨੱਕ ਚੜ੍ਹਾਇਆ ਕਿਉਂਕਿ ਅਮਿਤਾਭ ਦੀ ਮਜ਼ਬੂਰੀ ਬਣ ਗਈ ਸੀ ਕਿ ਜੋ ਮੋਰਿੰਡਾ ਵੇਚਣ ਲੱਗ ਪਏ। ਉਸ ਪਿਛੋਂ ਰਕੇਸ਼ ਓਮ ਪ੍ਰਕਾਸ਼ ਦੇ ਨਾਲ ਉਹਨਾਂ ਨੇ ਬੀ. ਪੀ. ਐੱਲ. ਦੇ ਇਸ਼ਤਿਹਾਰ ਲੰਦਨ ’ਚ ਸੂਟ ਕੀਤੇ। ਸੰਨ 2000 ਦੇ ਆਸ-ਪਾਸ ‘ਕੌਣ ਬਣੇਗਾ ਕਰੋੜਪਤੀ’ ਨਾਲ ਅਮਿਤਾਭ ਦੇ ਦਿਨ ਫਿਰੇ। ਅੱਜ ਉਹ ਕਈ ਬ੍ਰਾਂਡ ਵੇਚ ਰਹੇ ਹਨ ਪਰ ਹੁਣ ਕੋਈ ਨਹੀਂ ਪੁੱਛਦਾ ਕਿ ਕੀ ਮਜ਼ਬੂਰੀ ਹੈ। ਅਮਿਤਾਭ ਪੈਪਸੀ, ਪਾਰਕਰ ਪੈਨ, ਆਈ ਸੀ ਆਈ, ਨੈਰੋਲੱਕ ਪੈਂਟਸ, ਡਾਬਰ ਚਵਨ ਪ੍ਰਾਸ਼, ਹਾਜਮੋਲਾ, ਮੰਡ ਐਂਡ ਟੇਲਰ, ਮਰੂਤੀ, ਟਾਈਡ, ਹਿਮਾਨੀ, ਬੋਰੋਪਲੱਸ, ਨਵਰਤਨ ਤੇਲ, ਕੈਡ ਬਰੀ ਤੋਂ ਇਲਾਵਾ ਕੋਈ ਸਮਾਜਕ ਸੰਦੇਸ਼ ਦੇਣ ਵਾਲੇ ਇਸ਼ਤਿਹਾਰਾਂ ਵਿੱਚ ਵੀ ਪ੍ਰਗਟ ਹੁੰਦੇ ਹਨ। ਗੁਜਰਾਤ ਰਾਜ ਦੇ ਬ੍ਰਾਂਡ ਅੰਬੈਸਡਰ ਵਜੋਂ ਉਹ ਸੈਰ ਸਪਾਟੇ ਦੀ ਇਸ਼ਤਿਹਾਰਬਾਜ਼ੀ ਵੀ ਕਰਦੇ ਹਨ। ਅਮਿਤਾਭ ਦੇਸ਼ ’ਚ ਆਪਣੀ ਭਰੋਸੇਯੋਗਤਾ ਤੇ ਟਿਕਾਊਪਣ ਦੇ ਪ੍ਰਤੀਕ ਵਜੋਂ ਜਾਣੇ ਜਾਂਦੇ ਹਨ। ਕੈਡਬਰੀ ਬ੍ਰਾਂਡ ਬੜੀ ਮੁਸ਼ਕਲ ’ਚ ਪੈ ਗਿਆ ਸੀ ਜਦ ਉਹਨਾਂ ਨੇ ਅਮਿਤਾਭ ਨੂੰ ਆਪਣਾ ਬ੍ਰਾਂਡ ਅੰਬੈਸਡਰ ਬਣਾਉਣਾ ਚਾਹਿਆ ਤਾਂ ਅਮਿਤਾਭ ਨੇ ਪਹਿਲਾਂ ਕੈਡਬਰੀ ਦੇ ਚਾਕਲੇਟ ਬਣਾਉਣ ਵਾਲੀ ਫੈਕਟਰੀ ਦਾ ਦੌਰਾ ਕੀਤਾ। ਇਹ ਪੂਰੀ ਘਟਨਾ ਹੀ ਮੁਹਿਮ ਦਾ ਹਿੱਸਾ ਬਣ ਗਈ ਅਤੇ ਗਾਹਕਾਂ ਦਾ ਕੈਡਬਰੀ ’ਤੇ ਵਿਸਵਾਸ਼ ਫਿਰ ਕਾਇਮ ਹੋਇਆ। ਇਹ ਘਟਨਾ ਬਹੁਤ ਪੁਰਾਣੀ ਨਹੀਂ ਹੈ ਪਰ ਲੋਕ ਇਸ ਬ੍ਰਾਂਡ ਦਾ ਚਾਕਲੈਟ ਖ਼ਰੀਦਦੇ ਜਾਂ ਖਾਂਦੇ ਸਮੇਂ ਸਾਇਦ ਹੀ ਕਦੀ ਉਸ ਨੂੰ ਯਾਦ ਕਰਦੇ ਹੋਣਗੇ। ਸਿਤਾਰਿਆਂ ਦੀ ਵਰਤੋਂ ਸਮਾਜਕ ਸੰਦੇਸ਼ਾਂ ਲਈ ਵੀ ਕੀਤੀ ਜਾਂਦੀ ਹੈ। ਜੰਗ ਸਮੇਂ ਚੌਕੀਆਂ ’ਤੇ ਲੈ ਜਾ ਕੇ ਪ੍ਰੋਗ੍ਰਾਮ ਕਰਵਾਏ ਜਾਂਦੇ ਹਨ। ਜਾਂ ਹੜ ਤੇ ਸੋਕੇ ਮੌਕੇ, ਭੂਚਾਲ ਮੌਕੇ ਸਹਾਇਤਾ ਖਾਤਰ ਕ੍ਰਿਕਟ ਮੈਚ ਖੇਡਣ ਤੱਕ ਸੀਮਤ ਰਹਿੰਦਾ ਸੀ ਪਰ ਮਿਸਾਲ ਵਜੋਂ ਹੁਣ ਐਸ਼ਵਰੀਆ ਰਾਏ ਨੇਤਰਦਾਨ ਦੀ ਅਪੀਲ ਕਰਦੀ ਦਿਖਾਈ ਦਿੱਤੀ। ਅਮਿਤਾਭ ਤੇ ਜੈਬਚਨ ਵੀ ਇਹਨਾਂ ਇਸ਼ਤਿਹਾਰਾਂ ਦੇ ਨਾਲ-ਨਾਲ ਨਜ਼ਰ ਆਏ। ਅਮਿਤਾਭ ਪੋਲੀਆਂ ਬੂੰਦਾਂ ਪਿਲਾਉਣ ਲਈ ਵੀ ਇਸ਼ਤਿਹਾਰਬਾਜ਼ੀ ਕਰਦਾ ਹੈ।

ਕੈਂਸਰ, ਖ਼ੂਨਦਾਨ, ਕੰਨਿਆ ਭਰੂਣ ਹੱਤਿਆ, ਏਡਜ਼, ਗਰਭ ਨਿਰੋਧਕ ਤੰਬਾਕੂ ਸੇਵਨ ਵਰਗੇ ਕਿੰਨੇ ਹੀ ਮੁੱਦਿਆਂ ’ਤੇ ਫ਼ਿਲਮੀ ਸਿਤਾਰੇ, ਕ੍ਰਿਕਟਰ ਆਦਿ ਲੋਕਾਂ ਤੱਕ ਸੰਦੇਸ਼ ਪਹੁੰਚਾ ਰਹੇ ਹਨ। ਇਸ ਤਰ੍ਹਾਂ ਹੀ ਸਰਭ-ਸਿੱਖਿਆ ਅਭਿਆਨ ਸੰਬੰਧੀ ਵੀ ਲੋਕਾਂ ਨੂੰ ਸੰਦੇਸ਼ ਉਹ ਦਿੰਦੇ ਹਨ। ਇਸ ਤਰ੍ਹਾਂ ਬਾਘਾਂ ਨੂੰ ਬਚਾਉਣ ਦੀ ਮੁਹਿਮ ਵੀ ਅਮਿਤਾਭ ਬਚਨ ਐਨ ਡੀ. ਟੀ. ਵੀ. ਨਾਲ ਮਿਲ ਕੇ ਕਰਦੇ ਹਨ। ਫਿਰ ਵੀ ਮੋਟੇ ਤੌਰ ’ਤੇ ਜਾਣੇ-ਪਹਿਚਾਣੇ ਚਿਹਰਿਆਂ ਦਾ ਕਿਸੇ ਵੀ ਬ੍ਰਾਂਡ ਨਾਲ ਜੁੜਣ ਦਾ ਅਰਥ ਪੈਸੇ ਕਮਾਉਣਾ ਹੁੰਦਾ ਹੈ। ਜਦ ਤਕ ਸ਼ੋਹਰਤ ਰਹਿੰਦੀ ਹੈ। ਇਸ਼ਤਿਹਾਰੀ ਕੰਪਨੀਆਂ ਕਤਾਰ ਬੰਨੀ ਰੱਖਦੀਆਂ ਹਨ। ਮੋਟੀ ਰਕਮ ਦੇ ਸੌਦੇ ਹੁੰਦੇ ਹਨ। ਰਿਤਿਕ ਰੋਸ਼ਨ ਜਦ ਨਵੇਂ-ਨਵੇਂ ਆਏ ਸਨ ਤਦ ਸੰਨ 2001 ਦੇ ਆਸਪਾਸ ਉਹਨਾਂ ਨੇ ਇਸ਼ਤਿਹਾਰ ’ਚ 20 ਕਰੋੜ ਦੀ ਕਮਾਈ ਕੀਤੀ। ਅੱਜ ਸ਼ਾਹਰੁਖ

ਪੈਪਸੌਂਡੈਂਟ, ਪੈਂਪਸੀ, ਏਅਰਟੈਲ ਹੁੰਦੈ-ਸੈਂਟਰੋ, ਡਿਸ਼ ਟੀ. ਵੀ. ਆਦਿ ਵੇਚ ਰਹੇ ਹਨ ਤਾਂ ਸਚਿਨ, ਪੈਪਸੀ, ਕੋਲਗੇਟ ਟੋਟਲ, ਐਮ ਆਰ ਐਫ, ਬੂਟਸ, ਟੀ. ਵੀ. ਐਸ, ਵਿਕਟਰ ਤੇ ਆਮਿਰ ਕੋਕਾ ਕੋਲਾ, ਟਾਟਾ ਸਕਾਈ, ਟਾਈਟਨ ਘੜੀਆਂ ਦੇ ਇਸ਼ਤਿਹਾਰ ਨਾਲ ਜੁੜੇ ਹਨ। ਮਹਿੰਦਰ ਸਿੰਘ ਧੋਨੀ, ਯੁਵਰਾਜ ਸਿੰਘ, ਗੌਤਮ ਗੰਭੀਰ, ਸਹਿਬਾਗ, ਹਰਭਜਨ ਸਿੰਘ, ਸ੍ਰੀਕਾਂਤ, ਜਹੀਰ ਵੀ ਇਸ਼ਤਿਹਾਰਾਂ ਤੋਂ ਭਰਪੂਰ ਕਮਾਈ ਨਾਲ ਜੁੜੇ ਹਨ। ਪਰ ਸਿਤਾਰਿਆਂ ਨੂੰ ਇਸ਼ਤਿਹਾਰਾਂ 'ਚ ਲੈਣ ਦੇ ਫਾਇਦੇ ਤੇ ਨੁਕਸਾਨ ਵੀ ਹਨ। ਟਾਈਗਰ ਵੂਡਸ ਜਿਹਨਾਂ ਬ੍ਰਾਂਡਾਂ ਨਾਲ ਜੁੜੇ, ਉਹਨਾਂ ਦੀ ਵਿਕਰੀ 'ਚ ਖੂਬ ਵਾਧਾ ਹੋਇਆ ਪਰ ਝਮੇਲਿਆਂ 'ਚ ਫਸਣ ਪਿਛੋਂ ਉਹਨਾਂ ਕੰਪਨੀਆਂ ਦੇ ਸ਼ੇਅਰ ਹੋਲਡਰਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਲਿਹਾਜਾ ਕਈ ਇਸ਼ਤਿਹਾਰਾਂ ਨੇ ਵੂਡਸ ਨੂੰ ਬਾਹਰ ਕਰ ਦਿੱਤਾ ਗਿਆ। ਭਾਰਤ 'ਚ ਸੱਟੇਬਾਜ਼ੀ ਦੇ ਦੋਸ਼ਾਂ ਪਿਛੋਂ ਮੁਹੰਮਦ ਅਜਹੁਰਦੀਨ ਤੇ ਅਜੈ ਜਡੇਜਾ ਨੂੰ ਇਸ਼ਤਿਹਾਰ ਤੋਂ ਹਟਣਾ ਪਿਆ। ਚਿੰਕਾਰਾ ਮਾਮਲੇ ਤੇ ਮੁੰਬਈ 'ਚ ਫੁਟਪਾਥ 'ਤੇ ਲੋਕਾਂ ਨੂੰ ਕਾਰ ਹੇਠ ਕੁਚਲ ਦੇਣ ਦੇ ਦੋਸ਼ਾਂ ਪਿਛੋਂ ਸਲਮਾਨ ਨੂੰ ਥਮਸ ਅੱਪ ਤੇ ਦੂਸਰੇ ਕਈ ਇਸ਼ਤਿਹਾਰਾਂ ਤੋਂ ਹਟਾਇਆ ਗਿਆ। ਚੜ੍ਹਦਾ ਸਿਤਾਰਾ ਹੋਵੇ ਤੇ ਝਮੇਲਿਆਂ ਤੋਂ ਦੂਰ ਰਹੇ ਅਜਿਹਾ ਮੇਲ ਹੀ ਇਸ਼ਤਿਹਾਰੀ ਕੰਪਨੀਆਂ ਨੂੰ ਰਾਸ ਆਉਂਦਾ ਹੈ। ਜ਼ਰੂਰੀ ਇਹ ਵੀ ਹੈ ਕਿ ਜਦ ਤੱਕ ਨਾਂ ਅਤੇ ਚਿਹਰੇ ਦੀ ਚਮਕ ਕਾਇਮ ਹੈ, ਸਿਤਾਰੇ ਤੇ ਬ੍ਰਾਂਡ ਦੋਨੋ ਹੀ ਇਸ ਨੂੰ ਭੁਲਾ ਕੇ ਚਲਦੇ ਹਨ। ਲੋਕਪੱਖ ਤੋਂ ਬ੍ਰਾਂਡਾਂ ਦੀ ਇਸ਼ਤਿਹਾਰਬਾਜ਼ੀ ਫਿਲਮੀ ਸਿਤਾਰਿਆਂ ਲਈ ਗਲਤ ਹੈ। ਲੋਕਾਂ ਨੂੰ ਆਪ ਮਾੜੇ-ਚੰਗੇ ਦਾ ਫੈਸਲਾ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ ਨਾ ਕਿ ਸਿਤਾਰੇ ਲੋਕਾਂ ਦੀਆਂ ਵਰਤੋਂ ਦੀਆਂ ਚੀਜ਼ਾਂ ਬਾਰੇ ਪੈਸੇ ਲੈਕੇ ਉਸ ਦੀ ਬੇਲੋੜੀ ਤਰੀਫ ਕਰਨ। ਇਹ ਮੁਨਾਫਾਖੋਰੀ ਹੈ, ਬਜ਼ਾਰਵਾਦ ਹੈ।

# ਉਹ ਸੱਚਾਈ ਸਾਹਮਣੇ ਆਉਂਦਿਆਂ ਹੀ ਡਰਦੇ ਕਿਉਂ ਹਨ?

ਵਿਕੀਲੀਕਸ਼ ਦੇ ਖੁਲਾਸਿਆਂ ਦਾ ਕੌਮਾਂਤਰੀ ਮਹੱਤਵ ਆਖਰ ਹੈ ਕੀ? ਅਮਰੀਕੀ ਸਰਕਾਰ ਦੇ ਖੁਫੀਆ ਦਸਤਾਵੇਜ਼ਾਂ ਨੂੰ ਇੰਟਰਨੈਟ 'ਤੇ ਜਾਰੀ ਕੀਤੇ ਜਾਣ ਪਿਛੋਂ ਖੂਬ ਗਰਮਾ-ਗਰਮੀ ਰਹੀ ਪੂੰਜੀਵਾਦੀ ਪ੍ਰਚਾਰ ਮਾਧਿਅਮਾਂ ਨੇ ਕੁਝ ਇਸ ਤਰ੍ਹਾਂ ਦਾ ਮਾਹੌਲ ਬਣਾਇਆ ਗਿਆ ਜਿਵੇਂ ਕਿਤੇ ਅਕਥਨੀ ਘਟਨਾ ਘੱਟ ਗਈ ਹੋਵੇ। ਇਸ ਨਾਲ ਸਰਕਾਰਾਂ ਦੇ ਵਿੱਚ ਸਬੰਧ ਖ਼ਰਾਬ ਹੋਣ ਦੀ ਗੱਲ ਕੀਤੀ ਗਈ ਪਰ ਵਿਕੀਲੀਕਸ ਵਲੋਂ ਜਾਰੀ ਦਸਤਾਵੇਜ਼ ਸਿਰਫ਼ ਮਾਸੂਮ ਲੋਕਾਂ ਨੂੰ ਹੀ ਹੈਰਾਨੀ 'ਚ ਪਾ ਸਕਦੇ ਹਨ। ਉਹ ਹੀ ਇਸ ਨਾਲ ਹੈਰਾਨ ਹੋ ਸਕਦੇ ਹਨ ਕਿ ਪਰਦੇ ਪਿੱਛੇ ਅਤੇ ਪਰਦੇ ਦੇ ਸਾਹਮਣੇ ਵੱਖ-ਵੱਖ ਚੀਜ਼ਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਉਹ ਵੀ ਇਹ ਜਾਣ ਕੇ ਹੈਰਾਨੀ 'ਚ ਪੈ ਸਕਦੇ ਹਨ ਕਿ ਦੂਤਾਵਾਸਾਂ ਦਾ ਇਕ ਮੁੱਖ ਕੰਮ ਵਿਦੇਸ਼ਾਂ 'ਚ ਜਸੂਸੀ ਕਰਨਾ ਹੁੰਦਾ ਹੈ। ਜਦ ਰੂਸ 'ਚ ਅਕਤੂਬਰ 1917 'ਚ ਮਜ਼ਦੂਰਾਂ ਨੇ ਸੱਤਾ 'ਤੇ ਕਬਜਾ ਕੀਤਾ ਤਾਂ ਇਨਕਲਾਬੀ ਮਜ਼ਦੂਰ ਸਰਕਾਰ ਨੇ ਜਾਰਸ਼ਾਹੀ ਦੇ ਵਿਦੇਸ਼ ਮੰਤਰਾਲੇ 'ਚ ਮੌਜੂਦ ਸਾਰੀਆਂ ਗੁਪਤ ਸੰਧੀਆਂ ਨੂੰ ਪ੍ਰਕਾਸ਼ਿਤ ਕਰ ਦਿੱਤਾ। ਇਹਨਾਂ ਗੁਪਤ ਸੰਧੀਆਂ ਦੇ ਪ੍ਰਕਾਸ਼ਨ ਤੋਂ ਸਪੱਸ਼ਟ ਹੋ ਗਿਆ ਕਿ ਜਾਰਸ਼ਾਹੀ ਸਰਕਾਰ ਨੇ ਫ੍ਰਾਂਸ, ਇੰਗਲੈਂਡ, ਅਮਰੀਕਾ, ਜਰਮਨੀ ਆਦਿ ਦੀਆਂ ਸਾਮਰਾਜੀ ਸਰਕਾਰਾਂ ਨਾਲ ਦੁਨੀਆਂ 'ਚ ਲੁੱਟ-ਮਾਰ ਤੇ ਵੰਡ-ਵੰਡਾਰਾ ਕਰਨ ਲਈ ਕਈ ਸਾਰੀਆਂ ਗੁਪਤ ਕਰ ਰੱਖੀਆਂ ਸਨ। ਲੋਕਾਂ ਸਾਹਮਣੇ ਜਾਰਸ਼ਾਹੀ ਸਰਕਾਰ ਦੇਸ਼ ਭਗਤੀ ਆਦਿ ਦੀਆਂ ਗੱਲਾਂ ਕਰਦੀਆਂ ਸਨ ਜਦ ਕਿ ਅਸਲ 'ਚ ਉਹ ਸਾਮਰਾਜੀ ਲੁੱਟਮਾਰ 'ਚ ਮਗਨ ਸੀ। ਜਾਰਸ਼ਾਹੀ ਨੂੰ ਤਾਂ ਇਨਕਲਾਬ ਨੇ ਖ਼ਤਮ ਕਰ ਦਿੱਤਾ ਸੀ ਪਰ ਰੂਸ ਦੇ ਪੂੰਜੀਪਤੀਆਂ ਤੇ ਹੋਰ ਸਾਮਰਾਜੀ ਸਰਕਾਰਾਂ ਨੇ ਰੂਸ ਦੀ ਮਜ਼ਦੂਰਾਂ ਦੀ ਸਰਕਾਰ ਨੂੰ ਇਸ ਲਈ ਕਦੀ ਮੁਆਫ ਨਹੀਂ ਕੀਤਾ। ਉਹਨਾਂ ਦੀ ਨਜ਼ਰ 'ਚ ਗੁਪਤ ਸੰਧੀਆਂ ਦੇ ਪ੍ਰਕਾਸ਼ਨ ਕ੍ਰਾਂਤੀਕਾਰੀ ਸਰਕਾਰ ਵਲੋਂ ਕੀਤਾ ਗਿਆ ਸੰਗੀਨ ਅਪਰਾਧ ਸੀ। ਅੱਜ ਵੀ ਸਾਮਰਾਜੀ ਸਰਕਾਰਾਂ ਤੇ ਹੋਰ ਪੂੰਜੀਵਾਦੀ ਸਰਕਾਰਾਂ ਦਾ ਉਹ ਨਜ਼ਰੀਆ ਬਰਾਜਮਾਨ ਹੈ। ਅੱਜ ਵੀ ਇਹਨਾਂ ਸਰਕਾਰਾਂ ਵਿਚਕਾਰ ਅਸਲੀ ਸਬੰਧ ਸਾਮਰਾਜੀ ਤੇ ਪੂੰਜੀਵਾਦੀ ਹਿੱਤਾਂ ਦੇ ਹਿਸਾਬ ਨਾਲ ਹੀ ਬਣਦੇ ਹਨ। ਇਹ ਸਬੰਧ ਮੁੱਖ ਤੌਰ 'ਤੇ ਲੁੱਟ-ਘਸੁੱਟ, ਲੁੱਟ-ਮਾਰ ਦੇ ਸਬੰਧ ਹੁੰਦੇ ਹਨ। ਲੁੱਟ-ਘਸੁੱਟ ਦੀ ਪੂੰਜੀਵਾਦੀ ਵਿਵਸਥਾ 'ਚ ਇਸ ਤੋਂ ਇਲਾਵਾ ਕੁਝ ਹੋ ਵੀ ਨਹੀਂ ਸਕਦਾ ਕੇਵਲ ਇਕ ਉਦਾਹਰਣ ਭਾਰਤ ਦੀ ਲਉ। 1966-67 'ਚ ਜਦ ਭਾਰਤ 'ਚ ਖਾਦ ਸੰਕਟ ਸਮੇਂ ਇੰਦਰਾ ਗਾਂਧੀ ਦੀ ਸਰਕਾਰ ਨੇ ਅਮਰੀਕਾ ਨਾਲ ਸੌਦਾ ਕੀਤਾ ਤਾਂ ਇਹ ਕਾਫੀ ਅਪਮਾਨ ਜਨਕ ਸਰਤਾਂ 'ਤੇ ਸੀ। ਤਦ ਭਾਰਤ ਸਰਕਾਰ ਨੇ ਲੰਡਨ ਜਾਨਸਨ ਸਰਕਾਰ ਨੂੰ ਇਹ ਬੇਨਤੀ ਕੀਤੀ ਕਿ ਉਹ ਭਾਰਤ 'ਚ ਮਾਮਲੇ ਨੂੰ ਕੁਝ ਇਸ ਤਰ੍ਹਾਂ ਪੇਸ਼ ਕਰਨ ਕਿ ਭਾਰਤ ਨੂੰ ਕਿਸੇ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ। ਅਮਰੀਕੀ ਸਰਕਾਰ ਨੇ ਇਹ ਇਜ਼ਾਜਤ ਦੇ ਦਿੱਤੀ। ਉਦੋਂ ਤੋਂ ਲੈ ਕੇ ਅੱਜ ਤੱਕ ਭਾਰਤ ਸਰਕਾਰ 'ਹਰੇ

ਇਨਕਲਾਬ' ਦੀ ਮਿੱਥ ਫੈਲਾਉਂਦੀ ਰਹੀ ਹੈ। ਇਹ ਸਾਰੇ ਦੇਸ਼ ਦੀ ਅਸਲੀ ਸਥਿਤੀ ਹੈ। ਅਜੇ ਪਾਕਿਸਤਾਨ ਤੇ ਅਮਰੀਕਾ ਦੇ ਅਸਲੀ ਸਬੰਧਾਂ ਦਾ ਜੇ ਖੁਲਾਸਾ ਕਰ ਦਿੱਤਾ ਜਾਵੇ ਤਾਂ ਪਾਕਿਸਤਾਨ ਦੇ ਲੋਕ ਇਕਦਮ ਵਿਦਰੋਹ ਕਰ ਦੇਣਗੇ ਪਰ ਠੀਕ ਇਸ ਕਾਰਣ ਹੀ ਸਬੰਧਾਂ ਦੀ ਅਸਲੀਅਤ ਨੂੰ ਛੁਪਾਇਆ ਜਾਂਦਾ ਹੈ। ਸਰਕਾਰਾਂ ਵਿਚਕਾਰ ਇਹਨਾਂ ਸਬੰਧਾਂ ਨੂੰ ਕੀ ਉਜਾਗਰ ਹੋਣ ਤੋਂ ਰੋਕਿਆ ਜਾ ਸਕਦਾ ਹੈ? ਕੀ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵਿਚਕਾਰ ਸਬੰਧਾਂ ਨੂੰ ਸੁਧਾਰ ਕੇ ਉਹਨਾਂ ਨੂੰ ਬਰਾਬਰੀ ਦਾ ਸਬੰਧ ਬਣਾਇਆ ਜਾ ਸਕਦਾ ਹੈ? ਪੂੰਜੀਵਾਦ 'ਚ ਇਹ ਸੰਭਵ ਨਹੀਂ ਹੈ। ਜੇ ਇਹਨਾਂ ਨੂੰ ਇਕ ਪਾਸਿਉਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਤਾਂ ਫਿਰ ਇਹਨਾਂ ਨੂੰ ਦੂਜੀ ਤਰਫੋਂ ਛਿਪਾਉਣ ਦਾ ਤਰੀਕਾ ਕੱਢ ਲਿਆ ਜਾਵੇਗਾ। ਇਸ ਲਈ ਜੋ ਨਿਕਬੁਰਜੁਆ ਇਹ ਸੋਚਦੇ ਹਨ ਕਿ ਇਸ ਤਰ੍ਹਾਂ ਦੇ ਖੁਲਾਸਿਆਂ ਨਾਲ ਦੇਸ਼ ਵਿੱਚ ਸਬੰਧਾਂ ਨੂੰ ਬਦਲਿਆ ਜਾ ਸਕਦਾ ਹੈ ਉਹ ਮਾਸੂਮ, ਭਾਵੁਕ ਤੇ ਕੱਚ ਘਰੜ ਹਨ। ਮਜ਼ਦੂਰ ਜਮਾਤ ਇਸ ਹਕੀਕਤ ਤੋਂ ਚੰਗੀ ਤਰ੍ਹਾਂ ਵਾਕਿਫ ਹੈ। ਉਹ ਇਹਨਾਂ ਖੁਲਾਸਿਆਂ ਦੀ ਸਿਰਫ਼ ਇਕ ਹੀ ਤਰੀਕੇ ਨਾਲ ਵਰਤੋਂ ਕਰ ਸਕਦੀ ਹੈ। ਸਾਮਰਾਜੀ, ਪੂੰਜੀਵਾਦੀ ਪ੍ਰਬੰਦ ਦਾ ਭਾਂਡਾ ਭੰਨਣ 'ਚ ਅਤੇ ਉਸ ਨੂੰ ਇਹ ਕਰਨਾ ਵੀ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ ਮੌਜੂਦਾ ਸਮਾਂ ਸੂਚਨਾ ਕ੍ਰਾਂਤੀ ਦਾ ਸਮਾਂ ਹੈ। ਵੱਖ-ਵੱਖ ਦੇਸ਼ਾਂ 'ਚ ਜਾਰੀ ਸੂਚਨਾ ਅਧਿਕਾਰ ਕਾਨੂੰਨ ਦੀ ਵਿਵਸਥਾ ਨੂੰ ਜਮਹੂਰੀਅਤ ਦੇ ਲਾਗੂ ਹੋਣ ਸਰਵਉੱਚ ਸਾਧਨ ਵਜੋਂ ਪ੍ਰਚਾਰਿਆ ਜਾਂਦਾ ਹੈ। ਪਾਰਦਰਸਿਤਾ ਦੀ ਵਾਰ-ਵਾਰ ਦੁਹਾਈ ਦਿੱਤੀ ਜਾਂਦੀ ਹੈ ਪਰ ਉਪਰੋਕਿਤ ਸਾਰੀਆਂ ਗੱਲਾਂ ਦਾ ਮੌਜੂਦਾ ਪੂੰਜੀਵਾਦੀ ਪ੍ਰਬੰਦ 'ਚ ਕੀ ਕੋਈ ਮੁੱਲ ਹੈ। ਇਸ ਨੂੰ ਸਮਝਾਉਣ ਲਈ ਹਾਲ 'ਚ ਵਿਕੀਲੀਕਸ ਵੈਬਸਾਈਟ ਤੇ ਉਸ ਦੇ ਚਾਲਕ ਆਸਟ੍ਰੇਲੀਆਈ ਨਾਗਰਿਕ ਜੁਲਿਆਨ ਅਸਾਂਜੇ ਸਬੰਧੀ ਚਲ ਰਹੇ ਝਮੇਲੇ 'ਤੇ ਗੌਰ ਕੀਤਾ ਜਾ ਸਕਦਾ ਹੈ। ਵਿਕੀਲੀਕਸ ਨੇ ਹੁਣ ਤੱਕ ਸੂਚਨਾ ਤਕਨੀਕ ਦੀ ਵਰਤੋਂ ਕਰਕੇ ਅਮਰੀਕੀ ਸਰਕਾਰ ਦੇ ਇਰਾਕ-ਅਫਗਾਨਿਸਤਾਨ ਯੁੱਧ ਤੇ ਵਿਦੇਸ਼ ਨੀਤੀ ਸਬੰਧੀ ਢਾਈ ਲੱਖ ਤੋਂ ਵੱਧ ਦਸਤਾਵੇਜ਼ ਜਨਤਕ ਕੀਤੇ ਹਨ। ਇਸ ਨਾਲ ਖੁਦ ਨੂੰ ਲੋਕਤੰਤਰ ਦੇ ਸਭ ਤੋਂ ਵੱਡੇ ਪੈਰੋਕਾਰ ਸਾਬਤ ਕਰਨ ਵਾਲੇ ਅਮਰੀਕੀ ਸਾਮਰਾਜੀ ਖਾਸੇ ਬੁਖਲਾਏ ਹੋਏ ਹਨ। ਸਵੀਡਨ ਸਰਕਾਰ 'ਤੇ ਦਬਾਅ ਬਣਾ ਕੇ ਅਸਾਂਜੇ 'ਤੇ ਯੌਨ ਸੰਬਧਾਂ ਦੌਰਾਨ ਸੁਰੱਖਿਆ ਉਪਾਅ ਨਾ ਧਾਰਨ ਕਰਨ ਦਾ ਮੁਕੱਦਮਾ ਦਰਜ ਕਰਕੇ ਉਸ ਨੂੰ ਲੰਦਨ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਅਮਰੀਕਾ ਵਿਕੀਲੀਕਸ ਦੇ ਪ੍ਰਸਾਰਨ ਨੂੰ ਰੋਕਣ ਲਈ ਪੂਰਾ ਜ਼ੋਰ ਲਾ ਰਿਹਾ ਹੈ। ਇਸ ਨੂੰ ਵੇਖਦੇ ਹੋਏ ਵਿਕੀਲੀਕਸ ਸਮਰੱਥਕਾਂ ਨੇ 2000 ਤੋਂ ਵੱਧ ਵੈਬਸਾਈਟਾਂ ਤੋਂ ਜ਼ਾਹਿਰ ਦਸਤਾਵੇਜ਼ਾਂ ਨੂੰ ਮੁੜ-ਪ੍ਰਕਾਸ਼ਿਤ ਕਰ ਦਿੱਤਾ ਅਮਰੀਕਾ ਨੇ ਆਪਣੇ ਕਰਮਚਾਰੀਆਂ ਨੂੰ ਇੰਟਰਨੈਟ 'ਤੇ ਇਹਨਾਂ ਦਸਤਾਵੇਜ਼ਾਂ ਨੂੰ ਨਾ ਦੇਖਣ ਦੀ ਸਖ਼ਤ ਹਦਾਇਤ ਦਿੱਤੀ ਹੈ। ਯੂਨੀਵਰਸਿਟੀ ਪ੍ਰਬੰਧਕਾਂ ਰਾਹੀਂ ਵਿਦਿਆਰਥੀਆਂ ਨੂੰ ਅਖਵਾਇਆ ਗਿਆ ਹੈ ਕਿ ਇਸ ਸਮੱਗਰੀ ਨੂੰ ਵੇਖਣ ਜਾਂ ਡਾਊਨ ਲੋਡ ਕਰਨ ਕਰਕੇ ਉਹਨਾਂ ਦਾ ਭਵਿੱਖ ਚੌਪਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਹੋਰ ਵੀ ਕਦਮ ਅਮਰੀਕੀ ਸਰਕਾਰ ਵਲੋਂ ਚੁੱਕੇ ਜਾ ਰਹੇ ਹਨ। ਜਿਸ 'ਚ ਭਾਰਤ ਵਰਗੇ ਆਪਣੇ ਮਿੱਤਰ ਦੇਸ਼ਾਂ ਨੂੰ ਵਿਕੀਲੀਕਸ ਪ੍ਰਤੀ ਸਖ਼ਤ ਰਵੱਈਆ ਅਪਣਾਉਣ

ਦੀਆਂ ਸਲਾਹਾਂ ਦੇਣ ਵਰਗੇ ਕਦਮ ਵੀ ਸ਼ਾਮਲ ਹਨ।

ਫਿਲਹਾਲ ਸਾਡੇ ਲਈ ਬਹਿਸ ਦਾ ਮੁੱਦਾ ਇਹ ਨਹੀਂ ਹੈ ਕਿ ਇਹਨਾਂ ਦਸਤਾਵੇਜ਼ਾਂ 'ਚ ਕੀ ਹੈ ਅਤੇ ਕਿ ਜੁਲਿਆਨ ਅਸਾਂਜੇ ਨਿੱਜੀ ਜੀਵਨ 'ਚ ਕਿਹੋ ਜਿਹਾ ਹੈ ਜਾਂ ਵਿਕੀਲੀਕਸ ਦੀ ਇਸ ਮੁਹਿੰਮ ਪਿੱਛੇ ਕਿਹੜੀ ਸਰਕਾਰ ਜਾਂ ਜਥੇਬੰਦੀ ਕੰਮ ਕਰ ਰਹੀ ਹੈ। ਸਾਡਾ ਸਵਾਲ ਤਾਂ ਇਹ ਹੈ ਕਿ ਅਮਰੀਕੀ ਸਾਮਰਾਜੀਆਂ ਸਮੇਤ ਸਾਰੇ ਮੁਲਕਾਂ ਦੇ ਸਾਮਰਾਜੀ ਸਚਾਈ ਦੇ ਸਾਹਮਣੇ ਆਉਣ ਤੋਂ ਏਨਾ ਕਿਉਂ ਘਬਰਾਉਂਦੇ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਸਰਕਾਰ ਨੇ ਉਪਰੋਕਿਤ ਦਸਤਾਵੇਜ਼ਾਂ ਨੂੰ ਝੂਠ ਕਹਿ ਕੇ ਨਹੀਂ ਨਕਾਰਿਆ ਹੈ।

ਸਚਾਈ ਸਾਹਮਣੇ ਆਉਣ ਪਿਛੋਂ ਇਸ ਢੰਗ ਨਾਲ ਰਤਨ ਟਾਟਾ ਵੀ ਬੁਖਲਾਏ ਹੋਏ ਹਨ। ਜਦ 2-ਜੀ ਸਪੈਕਟਰਮ ਘੁਟਾਲੇ ਦੀ ਜਾਂਚ ਦੌਰਾਨ ਉਹਨਾਂ ਦੇ ਅਤੇ ਨੀਰਾ ਰਾਡੀਆ ਵਿਚਕਾਰ ਗੱਲਬਾਤ ਦੀ ਟੇਪ ਜਨਤਕ ਹੋ ਗਈ। ਇਸ ਤਰ੍ਹਾਂ ਭਾਰਤ ਤੇ ਅਮਰੀਕਾ ਵਿਚ ਗੈਰ ਫੌਜੀ ਨਿਊਕਲੀਅਰ ਸਮਝੌਤੇ ਦੀਆਂ ਸ਼ਰਤਾਂ ਨੂੰ ਨਾ ਸਿਰਫ਼ ਭਾਰਤੀ ਜਨਤਾ ਬਲਕਿ ਸੰਸਦ ਤੱਕ ਤੋਂ ਛੁਪਾਇਆ ਗਿਆ। ਵਿਰੋਧੀ ਧਿਰ 'ਚ ਬੈਠੀਆਂ ਪਾਰਟੀਆਂ ਤੱਕ ਵੀ ਭਰਿਸ਼ਟਚਾਰ ਸਬੰਧੀ ਚਲ ਰਹੀਆਂ ਜਾਂਚਾਂ ਦੇ ਦਸਤਾਵੇਜ਼ਾਂ ਦੀ ਰਾਖੀ ਦੀ ਮੰਗ ਉਠਾ ਰਹੀਆਂ ਹਨ। ਕੁਲ ਮਿਲਾ ਕੇ ਦੇਸੀ-ਵਿਦੇਸ਼ੀ ਹਾਕਮਾਂ ਦੇ ਸਾਰੇ ਹਿੱਸੇ ਸਚਾਈ ਜ਼ਾਹਿਰ ਹੋਣ ਤੋਂ ਘਬਰਾ ਰਹੇ ਹਨ। ਆਖਰ ਕਿਉਂ? ਇਸ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਹਾਕਮ ਜਮਾਤ ਆਪਣੀਆਂ ਨੀਤੀਆਂ ਤੇ ਕਰਤੂਤਾਂ ਨੂੰ ਲੋਕਾਂ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੇ ਕਿਉਂਕਿ ਉਹ ਲੋਕ ਵਿਰੋਧੀ ਹਨ। ਜਿਸ ਨੂੰ ਸਰਕਾਰ ਵਿਦੇਸ਼ ਨੀਤੀ ਕਹਿੰਦੀ ਹੈ ਉਹ ਆਪਣੇ ਦੇਸ਼ ਦੀ ਜਨਤਾ ਤੇ ਆਪਣੇ ਦੁਸ਼ਮਣ ਦੇਸ਼ਾਂ ਖਿਲਾਫ਼ ਸਾਜ਼ਿਸਾਂ ਤੋਂ ਇਲਾਵਾ ਕੁਝ ਨਹੀਂ ਹੈ। ਸਾਮਰਾਜੀ ਮੁਲਕ ਮੁਕਾਬਲਤਣ ਗਰੀਬ ਮੁਲਕਾਂ ਦੇ ਨਾਲ ਨਾਬਰਾਬਰੀ ਤੇ ਅਧਾਰਤ ਆਰਥਕ ਸਬੰਧ ਕਾਇਮ ਕਰਦੇ ਹਨ, ਜਿਹਨਾਂ ਨੂੰ ਦੋਹਾਂ ਹੀ ਮੁਲਕਾਂ ਦੇ ਹਾਕਮ ਆਪਣੇ-ਆਪਣੇ ਲੋਕਾਂ ਤੋਂ ਲੁਕਾਉਂਦੇ ਹਨ। ਵੱਖ-ਵੱਖ ਸਰਕਾਰਾਂ ਆਪਸ 'ਚ ਅਜਿਹੇ ਫੌਜੀ ਸਮਝੌਤੇ ਕਰਦੀਆਂ ਹਨ ਜੋ ਕਿ ਦੂਜੇ ਦੇਸ਼ਾਂ ਖ਼ਿਲਾਫ ਦੁਸ਼ਮਣਾਂ ਨਾਤੇ ਤੇ ਸਾਜਸ਼ੀ ਹੁੰਦੇ ਹਨ ਤਾਂ ਹੀ ਸਰਕਾਰਾਂ ਇਹਨਾਂ ਨੂੰ ਛੁਪਾਉਂਦੀਆਂ ਹਨ। ਪਹਿਲੀ ਸੰਸਾਰ ਜੰਗ ਤੇ ਦੂਜੀ ਸੰਸਾਰ ਜੰਗ ਦੌਰਾਨ ਵੱਖ-ਵੱਖ ਮੁਲਕਾਂ 'ਚ ਰਾਜਸੀ ਤੇ ਇਨਕਲਾਬੀ ਤਬਦੀਲੀਆਂ ਆਈਆਂ ਅਤੇ ਇਸ ਪਿਛੋਂ ਉਹਨਾਂ ਜੰਗਾਂ ਤੋਂ ਪਹਿਲਾਂ ਹੋਏ ਸਾਰੇ ਸਾਜਸ਼ੀ ਸਮਝੌਤਿਆਂ ਦਾ ਖੁਲਾਸਾ ਹੋਇਆ ਉਸ ਸਮੇਂ ਲੋਕਾਂ ਦੀ ਇਹਨਾਂ ਹਾਕਮਾਂ ਬਾਰੇ ਇਕ ਸਪੱਸ਼ਟ ਰਾਇ ਬਣੀ। ਇਸ ਸਾਰੇ ਕੁਝ ਤੋਂ ਸਿੱਖ ਕੇ ਹਾਕਮਾਂ ਨੇ ਆਪਣੀਆਂ ਜਾਹਲਸਾਜੀਆਂ ਨੂੰ ਹੋਰ ਸੂਖਮ ਬਣਾਇਆ। ਪਰ ਇਹਨਾਂ ਦੀ ਘ੍ਰਿਣਤ ਸਚਾਈ ਛੁਪਾਉਣੀ ਮੁਸ਼ਕਲ ਹੈ। ਉਹ ਸਮੇਂ-ਸਮੇਂ ਸਿਰ ਬੇਪੜਤ ਹੁੰਦੀਆਂ ਰਹਿੰਦੀਆਂ ਹਨ ਅਤੇ ਕੁਝ ਨਹੀਂ ਤਾਂ ਲੋਕ ਵਿਰੋਧੀ ਨੀਤੀਆਂ ਦੇ ਸਿੱਟੇ ਆਪਣੀ ਕਹਾਣੀ ਖੁਦ ਬਿਆਨ ਕਰ ਦਿੰਦੇ ਹਨ। ਇਹਨਾਂ ਸਾਰੇ ਅਨੁਭਵਾਂ ਨੂੰ ਸਮੇਟਦਿਆਂ ਲੋਕ ਇਹਨਾਂ ਵਿਰੁੱਧ ਲਾਮਬੰਦ ਹੋਣਗੇ।

# ਲੋਕਰਾਜ ਦੇ ਸਾਰੇ ਖੰਭੇ ਬੇਨਕਾਬ ਭ੍ਰਿਸ਼ਟਾਚਾਰ ਦੇ ਟੁੱਟੇ ਸਾਰੇ ਰਿਕਾਰਡ

'ਆਜ਼ਾਦ' ਭਾਰਤ 'ਚ ਹੋ ਰਹੇ ਘਪਲਿਆਂ ਦੀਆਂ ਇੰਨੀਆਂ ਵੱਡੀਆਂ ਦਾਸਤਾਂ 'ਚ ਦੇਸ਼ ਦੇ ਵੱਡੇ-ਵੱਡੇ ਲੋਕ ਸ਼ਾਮਲ ਹੋਏ। ਇਹਨਾਂ 'ਚ ਕੇਂਦਰ ਦਾ ਇਕ ਮੰਤਰੀ ਦੋ ਸੂਬਿਆਂ ਦੇ ਮੁੱਖ ਮੰਤਰੀ, ਪੁਰਾਣੇ ਤੇ ਨਵੇਂ ਸਨਅਤਕਾਰ, ਨੌਕਰਸ਼ਾਹ, ਫੌਜ ਦੇ ਅਫਸਰ ਤੇ ਪੱਤ੍ਰਕਾਰਿਤਾ ਦੇ ਕੁਝ ਇਕ ਸਥਾਪਤ ਨਾਂ ਵੀ। ਇਸ ਦੌਰਾਨ ਬਤੌਰ ਅਦਾਕਾਰਾਂ ਲਾਬੀਸਟ ਨੀਰਾ ਰਾਡੀਆ ਹੈ ਤਾਂ ਸਵਾਲਾਂ ਦੇ ਘੇਰੇ ਵਿੱਚ ਸ਼੍ਰੀਮਾਨ 'ਸਾਫ' ਯਾਨੀ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਗੈਰ ਸਰਗਰਮੀ ਵੀ ਹੈ। ਦੇਸ਼ ਦੀ ਪਾਰਲੀਮੈਂਟ ਤੋਂ ਬਾਹਰ ਰਹਿੰਦੀ ਇਕ ਲਾਬੀਇਸਟ ਏਨੀ ਤਾਕਤਵਰ ਦਿੱਸੀ ਜ਼ਰੂਰ, ਬਾਵਜੂਦ ਉਸ ਨੂੰ 24 ਨਵੰਬਰ ਨੂੰ ਅੱਠ ਘੰਟੇ ਤੱਕ, ਸੀ ਬੀ ਆਈ ਦੀ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ। ਲੋਕਤੰਤਰ ਦੇ ਤਿੰਨੇ ਥੰਮਾਂ ਦੀ ਮੁਕੰਮਲ ਨੁਮਾਇੰਦਗੀ ਹੈ ਇਹਨਾਂ ਘਪਲਿਆਂ 'ਚ। ਘਪਲਿਆਂ ਦੀਆਂ ਮੌਜੂਦਾ ਕੜੀਆਂ ਦੇ ਖਲਨਾਇਕ ਸਾਬਕਾ ਕੇਂਦਰੀ ਸੰਚਾਰ ਮੰਤਰੀ ਏ ਰਾਜਾ ਹੈ। ਰਾਜਾ ਜਨਸੰਪਰਕ ਕੰਪਨੀਆਂ ਚਲਾਉਣ ਵਾਲੀ ਔਰਤ ਨੀਰਾ ਰਾਡੀਆ ਦੀ ਲਾਮਬੰਦੀ ਤੇ ਹਮਾਇਤ ਅਤੇ ਡੀ. ਐਮ. ਕੇ. ਦੀ ਸੌਦੇਬਾਜ਼ੀ ਦੀ ਬਦੌਲਤ ਯੂ ਪੀ ਏ ਦੀ ਦੂਜੀ ਸਰਕਾਰ 'ਚ ਵੀ ਮੰਤਰੀ ਬਣੇ। ਪਹਿਲੀ ਵਿਚ ਵੀ ਰਹੇ। ਰਾਜਾ ਦੇ ਕਾਰਨਾਮਿਆਂ ਬਾਰੇ ਭਾਰਤ ਦੇ ਲੇਖਾ ਮਹਾਂ ਕੰਟਰੋਲਰ (CAG) ਦੀ ਕੁੱਲ 77 ਸਫਿਆਂ ਦੀ ਰਿਪੋਰਟ ਕਹਿੰਦੀ ਹੈ, ਸੰਚਾਰ ਵਿਭਾਗ (DOT) ਨੇ ਯੂਨੀਵਰਸਲ ਐਕਸੇਸ ਸਰਵਸਿਸ ਲਾਇਸੈਂਸ (UASL) ਸੰਨ 2001 ਦੀ ਕੀਮਤ 1660 ਕਰੋੜ ਰੁਪਏ ਪਰ 2008 'ਚ ਇਕ ਕਰੋੜ ਹੋਰ ਜੋੜ ਕੇ 1651 ਕਰੋੜ ਰੁਪਏ 'ਤੇ 122 ਕੰਪਨੀਆਂ ਨੂੰ ਜਾਰੀ ਕਰ ਦਿੱਤਾ। ਜਦ ਕਿ ਇਹਨਾਂ ਵਿਚੋਂ 88 ਕੰਪਨੀਆਂ ਕੋਲ ਜ਼ਰੂਰ ਯੋਗਤਾਵਾਂ ਵੀ ਨਹੀਂ ਸਨ। ਕੈਗ ਦੀ ਰਿਪੋਰਟ ਕਹਿੰਦੀ ਹੈ ਕਿ ਅਜਿਹਾ ਕਰਦੇ ਸਮੇਂ ਰਾਜਾ ਨੇ ਅਧਿਕਾਰੀਆਂ ਭਾਰਤੀ ਦੂਰ ਸੰਚਾਰ ਨਿਆਮਕ ਅਥਾਰਟੀ (ਟ੍ਰਾਈ), ਵਿਤ ਮੰਤਰਾਲੇ, ਕਨੂੰਨ ਮੰਤਰਾਲੇ ਤੇ ਪ੍ਰਧਾਨ ਮੰਤਰੀ ਦਫਤਰ (PMO) ਵਲੋਂ ਜ਼ਰੂਰੀ ਸਲਾਹਾਂ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ ਕੀਤਾ। ਇਸ ਨਾਲ ਦੇਸ਼ ਨੂੰ 56 ਹਜ਼ਾਰ ਕਰੋੜ ਤੋਂ ਲੈ ਕੇ 1,76,645 ਕਰੋੜ ਰੁਪਏ ਦੇ ਰੈਵਨਿਊ ਦਾ ਭਾਰੀ ਨੁਕਸਾਨ ਹੋਇਆ। ਏਨਾ ਹੀ ਨਹੀਂ ਇਹਨਾਂ 'ਚੋਂ ਬਹੁਤੀਆਂ ਕੰਪਨੀਆਂ ਨੇ ਕੌਡੀਆਂ ਦੇ ਭਾਅ 'ਚ ਸਰਕਾਰ ਤੋਂ ਹਾਸਲ ਮਾਲ ਬਾਰਾਂ ਆਨੇ 'ਚ ਖੁੱਲ੍ਹੇ ਬਾਜ਼ਾਰ 'ਚ ਵੇਚ ਝਟਕਿਆਂ 'ਚ ਅਰਬਾਂ ਰੁਪਏ ਕਮਾ ਲਏ ਜੋ ਆਉਣਾ ਤਾਂ ਦੇਸ਼ ਦੇ ਖਜਾਨੇ ਵਿਚ ਚਾਹੀਦਾ ਸੀ। ਜਿਵੇਂ ਕਿ ਭਾਰਤ ਦੇ ਲੇਖਾ ਮਹਾਂ ਕੰਟਰੋਲਰ (CAG-ਕੈਗ) ਦੀ ਰਿਪੋਰਟ ਤੋਂ ਖੁਲਾਸਾ ਹੁੰਦਾ ਹੈ। ਰਾਜਾ ਨੇ ਵਿਭਾਗ ਦੇ ਅਧਿਕਾਰੀਆਂ, ਵਿੱਤ ਮੰਤਰਾਲੇ, ਟ੍ਰਾਈ, ਕਨੂੰਨ ਮੰਤਰਾਲੇ ਅਤੇ ਇਥੋਂ ਤੱਕ ਕਿ ਪ੍ਰਧਾਨ ਮੰਤਰੀ ਦਫਤਰ ਤੋਂ ਭੇਜੀਆਂ ਗਈਆਂ ਸਲਾਹਾਂ ਨੂੰ ਇਕ ਪਾਸੇ ਰੱਖ ਕੇ ਫੈਸਲੇ ਲਏ ਗਏ। ਨੇਜਾਮ ਨੂੰ ਵੱਧ ਪਾਰਦਰਸ਼ੀ, ਸਰਕਾਰੀ ਖਜਾਨੇ ਨੂੰ ਖੁਸ਼ਹਾਲ

ਬਣਾਏ ਜਾਣ ਦੀ ਹਰ ਸਲਾਹ ਨੂੰ ਰਾਜਾ ਨੇ ਖਾਰਜ ਕੀਤਾ। ਜ਼ਿਕਰਯੋਗ ਹੈ ਕਿ ਨਵੰਬਰ 2007 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਰਾਜਾ ਨੂੰ ਲਿਖੇ ਪੱਤਰ 'ਚ ਲਾਇਸੰਸ ਦਿੱਤੇ ਜਾਣ ਦੇ ਮਾਮਲੇ 'ਚ ਨਿਲਾਮੀ ਵਿਵਸਥਾ ਨੂੰ ਅਮਲ 'ਚ ਲਿਆਉਣ ਦੀ ਸਲਾਹ ਦਿੱਤੀ ਸੀ। ਇਸੇ ਸਬੰਧੀ ਰਾਜਾ ਦਾ ਜਵਾਬ ਸੀ- ਟ੍ਰਾਈ ਤੇ ਦੂਰ ਸੰਚਰ ਕਮਿਸ਼ਨ ਨੇ ਵੀ ਨਿਲਾਮੀ ਦੀ ਸਲਾਹ ਦਿੱਤੀ ਹੈ ਪਰ ਨਿਲਾਮੀ ਨਾਲ ਇਸ ਖੇਤਰ 'ਚ ਆਉਣ ਵਾਲੀਆਂ ਕਈ ਕੰਪਨੀਆਂ ਨਾਲ ਗੈਰਵਾਜਿਬ ਤੇ ਭੇਦ-ਭਾਵ ਵਾਲਾ ਸਕੂਲ ਹੋਵੇਗਾ। ਵਿੱਤ ਮੰਤਰਾਲੇ ਨੇ ਵੀ ਸੰਨ 2001 ਦੀ ਦਰ ਨਾਲ ਲਾਇਸੰਸ ਦੇਣ ਬਾਰੇ ਸੰਚਾਰ ਵਿਭਾਗ ਨੂੰ ਅਗਾਉਂ ਚੇਤਾਵਨੀ ਦਿੱਤੀ ਸੀ। ਡੀ. ਓ. ਟੀ. ਦੀ ਮੈਂਬਰ (ਵਿੱਤ) ਮੰਜੂ ਮਾਧਵਨ ਸੰਚਾਰ ਮੰਤਰੀ ਏ ਰਾਜਾ ਨੂੰ ਭੇਜੀ ਟਿੱਪਣੀ 'ਚ ਸਲਾਹ ਦਿੰਦੀ ਹੈ। ਅਜੇ ਜਦ ਕਿ ਕੀਮਤ (2-ਜੀ ਸਪੈਕਟ੍ਰਮ ਲਾਇਸੰਸ ਦੀ) ਤਹਿ ਨਹੀਂ ਹੋਈ ਹੈ, ਵਿੱਤ ਸਕੱਤਰ ਡੀ ਸੁਬਾਰਓ ਨੇ ਵੀ ਇਤਰਾਜ ਜ਼ਾਹਿਰ ਕੀਤਾ ਹੈ, ਬੇਹਤਰ ਇਹੀ ਹੋਵੇਗਾ ਕਿ ਹੁਣ ਕਦਮ ਚੁੱਕਣ ਤੋਂ ਪਹਿਲਾਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ। ਜ਼ਿਕਰ ਲਾਇਕ ਹੈ ਕਿ ਵਿੱਤ ਸਕੱਤਰ ਸੁਬਾਰਓ ਨੇ ਆਪਣੀ ਟਿੱਪਣੀ ਵਿਚ ਸੰਨ 2001 ਦੇ ਰੇਟ 'ਤੇ ਸੰਨ 2008 'ਚ ਲਾਇਸੰਸ ਫੀਸ ਲਏ ਜਾਣ ਸਬੰਧੀ ਲਿਖਤੀ ਚਿੰਤਾ ਜ਼ਾਹਿਰ ਕੀਤੀ ਸੀ। ਬਾਵਜੂਦ ਰਾਜ ਦੀ ਇਕ ਚਿੱਠੀ ਕਹਿੰਦੀ ਹੈ "ਦਾਖਲਾ ਟੈਕਸ ਬਾਰੇ ਟ੍ਰਾਈ ਦੇ ਦਿਸ਼ਾ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾ ਰਹੀ ਹੈ ਅਤੇ ਇਸ ਤਹਿਤ ਫੈਸਲਾ ਲਿਆ ਜਾ ਚੁੱਕਾ ਹੈ। ਹੁਣ ਦਾਖਲਾ ਟੈਕਸ 'ਚ ਕੋਈ ਤਬਦੀਲੀ ਨਹੀਂ ਹੋਵੇਗੀ' ਮਾਧਵਨ ਦੀ ਸਲਾਹ 'ਤੇ ਰਾਜਾ ਦੀ ਫਾਇਲ ਨੋਟਿੰਗ ਹੈ। ਜਿਸ ਕਿਸੇ ਵੀ ਅਧਿਕਾਰ ਨਾਲ ਸਬੰਧਤ ਇਹ ਫਾਇਲ ਹੈ। ਉਸ 'ਚ ਵਚਨਬੱਧਤਾ ਤੇ ਵਾਜਬੀਅਤ ਨਜ਼ਰ ਨਹੀਂ ਆਉਂਦੀ। ਨਾ ਹੀ ਅਧਿਕਾਰੀ ਦੀ ਯੂਨੀਫਾਇਡ ਐਕਸੈਸ ਸਰਵਿਸ ਲਾਇਸੰਸ (UASL) ਬਾਰੇ ਕੋਈ ਜਾਣਕਾਰੀ ਹੈ। ਇਸ ਪਿਛੋਂ ਮਾਧਵਨ ਲੰਬੀ ਛੁੱਟੀ 'ਤੇ ਚਲੀ ਗਈ ਅਤੇ ਫਿਰ ਸਵੈਇੱਛਤ ਰਿਟਾਇਰਮੈਂਟ ਲੈ ਲਈ। ਖੈਰ ਰਾਜਾ ਨੇ ਆਪਣੇ ਮਤਾਹਿਤਾਂ ਦੀ ਸਲਾਹ ਤੇ ਜਿਸ ਤਰ੍ਹਾਂ ਭਾਸ਼ਾ ਤੇ ਤੇਵਰਾਂ ਦੀ ਵਰਤੋਂ ਕੀਤੀ। ਉਹ ਸੀ ਏ ਜੀ ਤੋਂ ਛੁਪਿਆ ਨਹੀਂ ਹੈ। ਸੀ ਏ ਜੀ ਦੀ ਟਿੱਪਣੀ ਹੈ ਮੰਤਰੀ (ਏ. ਰਾਜਾ) ਇਸ ਗੱਲ 'ਤੇ ਪੂਰੀ ਤਰ੍ਹਾਂ ਅੜੇ ਹੋਏ ਸਨ ਕਿ ਪਸੰਦ ਦੀਆਂ ਕੰਪਨੀਆਂ ਲਈ ਮੁਫੀਦ ਸਾਬਤ ਹੋ ਰਹੇ ਨਿਯਮਾਂ-ਸ਼ਰਤਾਂ 'ਤੇ ਹੀ ਲਾਇਸੰਸ ਦੇਵਾਂਗੇ। ਦਰ ਅਸਲ ਸੰਚਾਰ ਮੰਤਰਾਲੇ ਨੇ ਆਪਣੇ ਹੀ ਬਣਾਏ ਨਿਯਮਾਂ ਤੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ, ਲਾਇਸੰਸ ਬੇਨਤੀ ਲਈ ਪਹਿਲਾਂ ਆਓ-ਪਹਿਲਾਂ ਪਾਓ ਦਾ ਨਿਯਮ ਅਪਣਾਇਆ ਅਤੇ ਫਿਰ ਬਿਨ੍ਹਾਂ ਕੋਈ ਸੂਚਨਾ ਦਿੱਤੇ ਅਰਜ਼ੀ ਦੇਣ ਦੀ ਤਰੀਕ ਨੂੰ ਸੀਮਤ ਕਰ ਦਿੱਤਾ। ਹੋਰ ਤਾਂ ਹੋਰ ਅਰਜ਼ੀਆਂ ਜਮ੍ਹਾਂ ਕਰਾਉਣ ਲਈ ਸਿਰਫ 45 ਮਿੰਟ ਦਿੱਤੇ। ਏਨਾ ਹੀ ਨਹੀਂ ਬਿਨਾ ਕਿਸੇ ਕਨੂੰਨੀ ਅਧਾਰ ਦੇ ਉਮੀਦ ਕੰਪਨੀਆਂ ਦੇ ਅਚਾਰਣ ਸਬੰਧੀ ਨਿਯਮਾਂ 'ਚ ਢਿੱਲਦੇਣ ਤੋਂ ਵੀ ਰਾਜਾ ਨਹੀਂ ਖੁੰਜੇ। ਰਾਜਾ ਸਫਾਈ ਦਿੰਦੇ ਹਨ ਦੇਸ਼ ਦੀ ਅਬਾਦੀ 'ਚ ਦੂਰ ਸੰਚਾਰ ਅਨੁਪਾਤ ਵਧਾਉਣਾ ਤੇ ਮੁਕਾਬਲੇ ਦਾ ਬਾਜ਼ਾਰ ਤਿਆਰ ਕਰਕੇ ਸਸਤੇ ਰੇਟ 'ਤੇ ਆਮ ਆਦਮੀ ਨੂੰ ਸੰਚਾਰ ਸਹੂਲਤ ਦੇਣੀ ਸਾਰੀ ਐਲਾਨੀ ਹੋਈ ਨੀਤੀ ਹੈ। ਮੈਂ ਉਹੀ ਕੀਤਾ। ਬਾਵਜੂਦ ਰਾਜਾ ਦੀ ਕਾਹਲੀ ਤੇ ਪਿਛੋਂ ਖੁੱਲ੍ਹੇ ਬਾਜ਼ਾਰ

'ਚ ਹੱਥ ਲੱਗੇ ਲਾਇਸੰਸਾਂ ਨੂੰ ਖਰੀਦ ਤੋਂ ਕਈ ਗੁਣਾ ਵੱਧ ਵੇਚੇ ਜਾਣ ਦੇ ਖੁਲਾਸੇ ਨੇ ਸਾਫ਼ ਕਰ ਦਿੱਤਾ ਕਿ ਮਕਸਦ ਕੁਝ ਹੋਰ ਹੀ ਸਨ। ਹਾਲਾਂਕਿ ਅਜੇ ਤੱਕ ਇਹ ਸਾਫ਼ ਨਹੀਂ ਹੋ ਸਕਿਆ ਹੈ ਕਿ ਜਾਣ ਬੁਝ ਤਹਿ ਸੁਦਾ ਅਸਲਾਂ 'ਚ ਗੜਬੜ ਕਰਕੇ ਆਰਥਕ ਪੱਖੋਂ ਕਿਸ ਨੂੰ ਕਿੰਨਾ ਲਾਭ ਹੋਇਆ ਹੈ। ਧਿਆਨ ਦੇਣ ਦੀ ਗੱਲ ਹੈ ਕਿ ਆਪਣੇ ਅਸਤੀਫੇ 'ਚ ਰਾਜਾ ਨੇ ਵਜ੍ਹਾ ਨਹੀਂ ਦੱਸੀ ਹੈ। ਪ੍ਰਧਾਨ ਮੰਤਰੀ ਨੂੰ ਸਿਰਫ ਇਕ ਲਾਇਨ ਦਾ ਅਸਤੀਫਾ ਦਿੱਤਾ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨੇ ਆਪਣੇ ਸਹਿਯੋਗੀ ਦੇ ਅਸਤੀਫੇ 'ਤੇ ਸੰਸਦ 'ਚ ਅਜੇ ਕੋਈ ਬਿਆਨ ਦੇਣ ਦੀ ਲੋੜ ਮਹਿਸੂਸ ਨਹੀਂ ਕੀਤੀ ਹੈ। ਇੱਥੇ ਵੀ ਪ੍ਰਧਾਨ ਮੰਤਰੀ ਚੁੱਪ ਹਨ। ਸੀ ਏ ਜੀ ਦੀ ਸਿਫਾਰਸ਼ ਹੈ। ਯੂ ਏ ਐਸ ਐਲ ਵਿਵਸਥਾ 'ਚ ਪਾਰਦਰਸ਼ਿਤਾ ਦੀ ਲੋੜ ਹੈ। ਇਸ ਲਈ ਵੱਖਰੀ ਇਕ ਅਥਾਰਟੀ ਗਠਿਤ ਕੀਤੀ ਜਾਵੇ। ਮੁਦੇ ਤੋਂ ਹਟ ਕੇ ਪ੍ਰਧਾਨ ਮੰਤਰੀ ਨੇ ਵੀ ਸੰਸਦ 'ਚ ਭਰੋਸਾ ਦਿੱਤਾ ਕਿ ਯੂ. ਏ. ਐਸ. ਲਾਇਸੰਸ ਵੰਡੇ ਜਾਣ 'ਚ ਸਾਫ ਸੁਥਰੀ ਤੇ ਪਾਰਦਰਸ਼ੀ ਪ੍ਰਬੰਧ ਦੀ ਲੋੜ ਹੈ। ਇਸ ਦੇ ਬਾਵਜੂਦ ਡਾ. ਮਨਮੋਹਨ ਸਿੰਘ ਦੀ 'ਸ੍ਰੀਮਾਨ ਸਾਫ' ਦਿਖ ਸੰਕਟ 'ਚ ਹੈ। ਉਹਨਾਂ ਦੀ ਚੁੱਪ ਸੁਪਰੀਮ ਕੋਰਟ ਦੀ ਹੈਰਾਨੀ ਦਾ ਸਵੱਬ ਬਣਦੀ ਹੈ। ਹਾਲਾਂਕਿ ਸੀ ਏ ਜੀ ਦੀ ਰਿਪੋਰਟ ਤੇ ਕਾਂਗਰਸ ਦੇ ਬੁਲਾਰੇ ਮੁਨੀਸ਼ ਤਿਵਾੜੀ ਦੀ ਟਿੱਪਣੀ ਹੈ। ਸੀ ਏ ਜੀ ਨੇ ਨੁਕਸਾਨ ਸਬੰਧੀ ਅਨੁਮਾਨ ਲਾ ਕੇ ਅੰਕੜੇ ਪੇਸ਼ ਕੀਤੇ ਹਨ। ਜਦ ਕਿ ਸੀ ਏ ਜੀ ਨੇ ਇਕ ਯੋਜ ਅਧਿਕਾਰੀ ਦਾ ਕਹਿਣਾ ਹੈ ਕਿ ਅਜਿਹੇ ਬਿਆਨਾ ਨਾਲ ਕਾਂਗਰਸ ਆਪਣੇ ਮੰਤਰੀ ਦੇ ਪਾਪਾਂ ਨੂੰ ਧੋਣਾ ਚਾਹੁੰਦੀ ਹੈ। ਅਧਿਕਾਰੀ ਮੁਤਾਬਕ ਟ੍ਰਾਈ ਲਈ ਅਧਾਰ ਤੇ ਬਾਜ਼ਾਰ ਦੇ ਰੁਖ ਦੇ ਅਧਿਐਨ ਅਧਾਰਾਂ 'ਤੇ ਹੀ ਸੀ. ਏ. ਜੀ. ਨੇ ਸਪੈਕਟ੍ਰਮ ਲਾਇਸੰਸ ਦੇ ਟੈਕਸ 'ਚ ਹੋਏ ਨੁਕਸਾਨ ਨੂੰ ਘੱਟੋ-ਘੱਟ 56 ਹਜ਼ਾਰ ਅਤੇ ਵੱਧ ਤੋਂ ਵੱਧ 1,76,645 ਕਰੋੜ ਰੁਪਏ ਦੇ ਨੁਕਸਾਨ ਦਾ ਡਰ ਜ਼ਾਹਿਰ ਕੀਤਾ ਹੈ। ਖੈਰ ਤਿੰਨਾਂ ਸਵਾਲਾਂ 'ਤੇ ਪ੍ਰਧਾਨ ਮੰਤਰੀ ਘਿਰੇ ਹੋਏ ਲੱਗ ਰਹੇ ਹਨ। ਜਨਤਾ ਪਾਰਟੀ ਦੇ ਨੇਤਾ ਸੁਬਰਾਮਨੀਅਮ ਸੁਆਮੀ ਦਾ ਪਟੀਸ਼ਨ ਨਾਲ ਮਾਮਲਾ ਜਨਤਕ ਹੋ ਚੁੱਕਿਆ ਸੀ। ਇਸ ਲਈ ਪ੍ਰਧਾਨ ਮੰਤਰੀ ਕਿਵੇਂ ਅਣਜਾਣ ਰਹਿ ਸਕਦੇ ਹਨ। ਦਸਤਾਵੇਜ਼ਾਂ ਤੋਂ ਸਥਾਪਤ ਹੁੰਦਾ ਹੈ ਕਿ ਰਾਜਾ ਨੂੰ ਦੁਬਾਰਾ ਸੰਚਾਰ ਮੰਤਰੀ ਬਣਾਏ ਜਾਣ ਦੀ ਨੀਰਾ ਰਾਡੀਆ ਦੀ ਅਗਵਾਈ 'ਚ ਲਾਬੀਇਸਟਾਂ ਦੀ ਜਾਰੀ ਮਸਕ ਤੋਂ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਵਾਕਿਫ ਸਨ ਕਿਉਂਕਿ ਆਮਦਨ ਟੈਕਸ ਵਿਭਾਗ ਰਾਡੀਆ ਦੇ ਟੇਪ ਕੀਤੇ ਫੋਨ ਕੇਂਦਰੀ ਜਾਂਚ ਬਿਊਰੋ ਸੀ ਬੀ ਆਈ ਦੀ ਮਾਰਫਤ ਗ੍ਰਹਿ ਮੰਤਰੀ ਪੀ- ਚਿੰਤਬਰਮ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੌਂਪ ਰਿਹਾ ਸੀ। ਅਜਿਹਾ ਹੈ ਤਾਂ ਕਿਉਂ ਰਾਜਾ ਨੂੰ ਸੰਚਾਰ ਮੰਤਰਾਲਾ ਦਿੱਤਾ ਗਿਆ? ਕਿਉਂ ਪ੍ਰਧਾਨ ਮੰਤਰੀ ਨੇ ਸਾਰੇ ਘਟਨਾਕ੍ਰਮ 'ਚ ਖਾਮੋਸ਼ੀ ਧਾਰੀ ਰੱਖੀ? ਭਾਜਪਾ ਨੇਤਾ ਅਰੁਣ ਜੇਤਲੀ ਅਨੁਸਾਰ ਮਾਮਲੇ 'ਚ ਪ੍ਰਧਾਨ ਮੰਤਰੀ ਦਫ਼ਤਰ ਵੱਲ ਸਿੱਧੀ ਉਂਗਲ ਉੱਠ ਰਹੀ ਹੈ ਅਤੇ ਹੁਣ ਜਦ ਇਹ ਵੀ ਸਾਫ ਹੋ ਗਿਆ ਹੈ ਕਿ ਲਾਇਸੰਸ ਦੀ ਕੀਮਤ ਤਹਿ ਕਰਨ ਦਾ ਮਾਮਲਾ ਯੋਗ ਮੰਤਰੀ ਮੰਡਲ ਸਮੂਹ (EGOM) ਤੋਂ ਬਾਹਰ ਰੱਖਿਆ ਗਿਆ ਤਾਂ ਪ੍ਰਧਾਨ ਮੰਤਰੀ ਦੀ ਭੂਮਿਕਾ ਨਾਜ਼ੁਕ ਹੋ ਜਾਂਦੀ ਹੈ। ਅਜਿਹੇ 'ਚ ਸੁਪਰੀਮ ਕੋਰਟ ਦਾ ਪ੍ਰਧਾਨ ਮੰਤਰੀ 'ਤੇ ਹੈਰਾਨ ਹੋਣਾ ਸੁਭਾਵਿਕ ਹੀ ਹੈ। ਦੂਜੇ ਪਾਸੇ ਵਿਰੋਧੀ ਧਿਰ ਬੀ ਜੇ ਪੀ (ਭਾਜਪਾ) ਇਸ ਮੁੱਦੇ

ਤੇ ਸਾਂਝੀ ਸੰਸਦ ਕਮੇਟੀ (ਜੇ ਪੀ ਸੀ) ਬਣਾਏ ਜਾਣ ਦੀ ਮੰਗ ਸਬੰਧੀ ਸੰਸਦ 'ਚ ਅੜਿਕਾ ਡਾਹੀ ਬੈਠੀ ਹੈ ਸਰਕਾਰ ਲੋਕ-ਲੇਖਾ ਕਮੇਟੀ (PAC) 'ਤੇ ਅੜੀ ਹੋਈ ਹੈ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਦਫਤਰ ਵੀ ਘੇਰੇ ਵਿਚ ਹੈ ਅਤੇ ਪੀ ਏ ਸੀ ਦੇ ਦਾਇਰੇ 'ਚ ਪ੍ਰਧਾਨ ਮੰਤਰੀ ਦਫਤਰ ਨਹੀਂ ਆਉਂਦਾ। ਲਿਹਾਜਾ ਜੇ ਪੀ ਸੀ ਜ਼ਰੂਰੀ ਹੈ। ਜਦ ਕਿ ਸਰਕਾਰ ਦੇ ਸੰਕਟਮੋਚਨ ਦੀ ਭੂਮਿਕਾ ਨਿਭਾ ਰਹੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਤੇ ਗ੍ਰਹਿ ਮੰਤਰੀ ਪੀ. ਚਿੰਤਬਰਮ ਦੋਨੋਂ ਦੀ ਦਲੀਲ ਹੈ ਕਿ ਜੇ ਪੀ ਸੀ ਦੀ ਮੰਗ ਫਜ਼ੂਲ ਹੈ ਕਿਉਂਕਿ ਪੀ. ਏ. ਸੀ. ਦੀ ਸ਼ਕਲ 'ਚ ਪਹਿਲਾਂ ਹੀ ਜੇ. ਪੀ. ਸੀ. ਹੈ ਅਤੇ ਇਸ ਦੇ ਮੁੱਖੀ ਵਿਰੋਧੀ ਧਿਰ ਦੇ ਮੁਰਲੀ ਮਨੋਹਰ ਜੋਸ਼ੀ ਹਨ। ਪਰ ਜੋਸ਼ੀ ਕਹਿੰਦੇ ਹਨ ਕਿ ਕੋਈ ਵੀ ਮੰਗ ਬੇ ਮਤਲਬ ਨਹੀਂ ਹੈ। ਸਭ ਮੰਗਾਂ ਦੇ ਆਪਣੇ ਮਤਲਬ ਹਨ। ਸੁਸ਼ਮਾ ਸਵਰਾਜ ਮੁਤਾਬਕ ਪਿੱਛੇ 20 ਸਾਲਾਂ 'ਚ ਪੀ. ਏ. ਸੀ. ਦੇ ਹੁੰਦਿਆਂ ਹੀ ਚਾਰ ਜੇ. ਪੀ. ਸੀ. ਗਠਿਤ ਹੋ ਚੁੱਕੀਆਂ ਹਨ। ਉਥੇ ਮਾਕਪਾ ਦੇ ਪੋਲਿਟ ਬਿਊਰੋ ਮੈਂਬਰ ਸੀਤਾ ਰਾਮ ਯੇਚੁਰੀ ਦਾ ਕਹਿਣਾ ਹੈ 'ਅਸੀਂ ਨੀਤੀ 'ਚ ਨੁਕਸ ਦੀ ਜਾਂਚ ਚਾਹੁੰਦੇ ਹਾਂ ਅਤੇ ਇਹ ਕੰਮ ਜੇ. ਪੀ. .ਸੀ. ਹੀ ਕਰ ਸਕਦੀ ਹੈ' ਬੋਫਰਜ਼ ਮਾਮਲੇ 'ਚ ਵੀ ਜੇ. ਪੀ. ਸੀ. ਬਣੀ ਸੀ। ਇਹ ਤਾਂ ਲਿਪਾ ਪੋਚੀ ਦੀ ਹੀ ਇਕ ਕਿਸਮ ਹੈ ਕਿਉਂਕਿ ਜੇ. ਪੀ. ਸੀ. ਦਾ ਆਗੂ ਬਹੁਗਿਣਤੀ ਪਾਰਟੀ ਦਾ ਹੁੰਦਾ ਹੈ। ਜ਼ਾਹਿਰ ਹੈ ਕਿ ਜੇ. ਪੀ. ਸੀ. ਬਣੀ ਤਾਂ ਵੀ ਕਮਾਨ ਸਰਕਾਰ ਦੇ ਹੱਕ ਵਿਚ ਰਹੇਗੀ। ਸੰਵਿਧਾਨ ਦਾ ਮਾਹਰਾਂ ਦਾ ਕਹਿਣਾ ਹੈ ਕਿ ਪੀ ਏ ਸੀ ਨਾਲ ਕੰਮ ਚਲ ਸਕਦਾ ਹੈ ਬਸ਼ਰਤੇ ਇਸ ਦੀ ਕਾਰਵਾਈ ਜਨਤਕ ਹੋਵੇ ਤੇ ਜਾਂਚ ਏਜੰਸੀਆਂ ਇਸ ਨੂੰ ਰਿਪੋਰਟ ਕਰਨ ਨਾਲ ਹੀ ਇਸ ਨੂੰ ਮੰਤਰੀਆਂ ਨਾਲ ਜਿਰਾਹ ਕਰਨ ਦਾ ਅਧਿਕਾਰ ਦਿੱਤਾ ਜਾਵੇ। ਇਸ ਦੌਰਾਨ ਕਾਂਗਰਸ ਨੇ ਹੋਰ ਮੋਹਰੇ ਚਲਣ ਦੀ ਵੀ ਕੋਸ਼ਿਸ਼ ਕੀਤੀ ਹੈ।

ਘਪਲਿਆਂ 'ਚ ਮਹੱਤਵ ਪੂਰਨ ਪੱਖ ਹੈ ਨੀਰਾ ਰਾਡੀਆ ਦੀ ਭੂਮਿਕਾ ਦੀ ਜੋ ਕਿੰਨੀਆਂ ਹੀ ਜਨਸਪੰਰਕ ਕੰਪਨੀਆਂ ਚਲਾਉਂਦੀ ਹੈ ਅਤੇ ਟਾਟਾ ਰਿਲਾਇੰਸ ਉਹਨਾਂ ਦੀਆਂ ਸੰਪਰਕ ਸੇਵਾਵਾਂ ਲੈਂਦੀ ਹੈ। ਆਮਦਨ ਟੈਕਸ ਵਿਭਾਗ ਦੇ ਟੈਪ ਫੋਨ ਕਾਲਾਂ 'ਚ ਨੀਰਾ ਰਾਡੀਆ ਦੇਸ਼ ਦੇ ਮਸ਼ਹੂਰ ਪੱਤ੍ਰਕਾਰਾਂ ਤੋਂ ਰਾਜਾ ਦੇ ਪੱਖ 'ਚ ਕਾਂਗਰਸ 'ਚ ਮਹੌਲ ਤਿਆਰ ਕਰਨ ਅਤੇ ਕੰਪਨੀਆਂ ਦੇ ਹਿੱਤ 'ਚ ਸਰਕਾਰ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੀ ਗੱਲ ਬਾਤ ਕਰਦੀ ਸੁਣਾਈ ਦਿੰਦੀ ਹੈ। ਹਾਲਾਂਕਿ ਟੇਪ ਕੀਤੀਆਂ ਕਾਲਾਂ 'ਚ ਸਿਰਫ ਅੰਗ੍ਰੇਜ਼ੀ ਮੀਡੀਆ ਦੇ ਪੱਤ੍ਰਕਾਰ ਹੀ ਹਨ। ਇਸ ਦੇ ਬਾਵਜੂਦ ਇਹ ਵੀ ਸਚਾਈ ਹੈ ਕਿ ਭਾਸ਼ਾ ਦੀ ਪੱਤ੍ਰਕਾਰਿਤਾ ਵੀ ਇਸ ਤੋਂ ਬਚੀ ਨਹੀਂ ਹੈ। ਪ੍ਰੈੱਸ ਕਾਊਂਸਿਲ ਨੂੰ ਸੌਂਪੀ ਰਿਪੋਰਟ 'ਚ ਪਹਿਲਾਂ ਹੀ ਜ਼ਾਹਿਰ ਹੋ ਚੁੱਕਿਆ ਹੈ ਕਿ ਪੇਡ ਨਿਊਜ਼ ਸਬੰਧੀ ਹਿੰਦੀ ਸਮੇਤ ਸਾਰੀਆਂ ਭਾਸ਼ਾਈ ਖਬਰਾਂ ਦੀ ਖਰੀਦੋ ਫਰੋਖਤ ਕਰਦੀ ਹੈ। ਹਾਲ ਦੀ ਘੜੀ ਇਸ ਦੌਰਾਨ ਸੀ ਬੀ ਆਈ ਨੇ ਦਿੱਲੀ 'ਚ ਨੀਰਾ ਰਾਡੀਆ ਤੋਂ ਨਾਲ ਜਿਰਹਾ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਜਿਸ ਦਾ ਪਹਿਲਾਂ ਦੌਰ 8 ਘੰਟੇ ਚਲਿਆ। ਸੀ. ਬੀ. ਆਈ. ਨੇ ਛਾਪਿਆਂ ਦਾ ਦੌਰ ਚਲਾ ਕੇ ਸੰਸਥਾਗਤ ਘਪਲਿਆਂ 'ਚ ਜੀਵਨ ਬੀਮਾ ਨਿਗਮ ਦੀ ਬੀਬੀਈ ਸਾਖਾ ਦੇ ਸੀਈਓ ਸਮੇਤ ਸਾਰੇ ਅਧਿਕਾਰੀਆਂ ਨੂੰ ਹਿਰਾਸਤ 'ਚ ਲੈ ਲਿਆ ਹੈ।

# ਕਰਨਾਟਕ ਦੇ ਮੁੱਖ ਮੰਤਰੀ ਯੇਦਿਯੁਰੱਪਾ (ਭਾਜਪਾ) ਦਾ ਘਪਲਾ

ਕਾਂਗਰਸ ਲਈ ਰਾਹਤ ਦੀ ਗੱਲ ਸਿਰਫ ਹੈ ਕਿ ਭਾਜਪਾ ਵੀ ਭ੍ਰਿਸ਼ਟਾਚਾਰ ਤੋਂ ਅਛੂਤ ਨਹੀਂ ਹੈ। ਕਰਨਾਟਕਾ ਦੀ ਭਾਜਪਾ ਦੀ ਹਕੂਮਤ ਵਾਲੀ ਸਰਕਾਰ ਨੇ ਸੂਬੇ 'ਚ ਭ੍ਰਿਸ਼ਟਾਚਾਰ ਦੇ ਪਿੱਛਲੇ ਸਾਰੇ ਰਿਕਾਰਡ ਤੋੜ ਦਿੰਦੇ ਹਨ। ਭਾਜਪਾ ਦੀ ਕਿਰਕਰੀ ਇਸ ਨਾਲ ਹੋਈ ਕਿ ਆਪਣੇ ਬਚਾਅ 'ਚ ਉਹਨਾਂ ਤੋਂ ਅਸਤੀਫਾ ਮੰਗਣ ਨੂੰ ਮਜ਼ਬੂਰ ਪਾਰਟੀ ਦੇ ਦਬਾਅ ਅੱਗੇ ਯੇਦੀਯੁਰੱਪਾ ਕਈ ਦਿਨ ਅੜੇ ਰਹੇ। ਕੋਈ ਦਿਨ ਐਸਾ ਨਹੀਂ ਜਿਸ ਦਿਨ ਕਰਨਾਟਕਾ 'ਚ ਭਾਜਪਾ ਦਾ ਕੋਈ ਘਪਲਾ ਸਾਹਮਣੇ ਨਾ ਆਇਆ ਹੋਵੇ। ਯੇਦੁਰੱਪਾ ਦਾ ਕਹਿਣਾ ਹੈ ਕਿ 'ਵਿਰੋਧੀ ਧਿਰ ਦੇ ਨੇਤਾ ਸਿਧਾਰਮੈਆ ਨੇ ਵੀ ਮੈਥੋਂ ਆਪਣੇ ਬੇਟੇ ਲਈ ਜ਼ਮੀਨ ਡੀਨੋਟੀਫਾਇਡ ਕਰਵਾਈ ਜੇ ਮੈਂ ਆਪਣੇ ਪੁੱਤਰਾਂ ਨੂੰ ਵੀ ਜ਼ਮੀਨ ਦੇ ਦਿੱਤੀ ਤਾਂ ਇਸ 'ਚ ਗਲਤ ਕੀ ਹੈ। ਕੀ ਉਹਨਾਂ ਨੂੰ ਉਦਯੋਗ ਲਾਉਣ ਦਾ ਹੱਕ ਨਹੀਂ ਹੈ।'

ਸੂਤਰਾਂ ਮੁਤਾਬਕ ਮੁੱਖ ਮੰਤਰੀ ਦੀ ਤਾਕਤ ਦੀ ਵਰਤੋ ਕਰਦਿਆਂ ਯੇਦਿਯੁਰੱਪਾ ਨੇ ਪਾਰਟੀ ਦੀ ਜ਼ਮੀਨ ਤਿਆਰ ਕਰਨ ਦੀ ਬਜਾਏ ਆਪਣੇ ਹਿੱਤਾਂ 'ਚ ਜ਼ਮੀਨ ਦੀ ਸੌਦੇ ਬਾਜ਼ੀ ਨੂੰ ਖੂਬ ਸਮਝਿਆ। ਇਹ ਖੇਡ ਤਿੰਨ ਕਦਮਾਂ ਨਾਲ ਪੂਰੀ ਹੁੰਦੀ ਸੀ। ਪਹਿਲਾਂ ਸਨਅਤੀ ਖੇਤਰ ਦੇ ਨਾਂ ਹੇਠ ਸਸਤੇ ਹੀ ਸਨਅਤਕਾਰਾਂ ਨੂੰ ਜ਼ਮੀਨ ਅਲਾਟ ਕਰ ਦਿੱਤੀ ਜਾਂਦੀ ਅਤੇ ਦੂਜੇ ਕਦਮ 'ਚ ਉਸ ਜ਼ਮੀਨ ਨੂੰ ਆਪਣੇ ਨਾਤੇਦਾਰਾਂ ਨੂੰ ਖੀਰਦਣਾ ਦਿੱਤਾ ਜਾਂਦਾ। ਅਖੀਰ 'ਚ ਜ਼ਮੀਨ ਨੂੰ ਸਬੰਧਤ ਸੰਸਥਾ ਦੇ ਨਾਂ ਨਾਲ ਡੀਨੋਟੀਡਫਾਈ ਕਰ ਦਿੱਤਾ ਜਾਂਦਾ ਅਤੇ ਕਈ ਵਾਰ ਜ਼ਮੀਨ ਦੀ ਵਰਤੋਂ ਵੀ ਤਬਦੀਲ ਕਰ ਦਿੱਤੀ ਜਾਂਦੀ। ਦੇਖਦੇ-ਦੇਖਦੇ ਲੱਖਾਂ ਦੀ ਜ਼ਮੀਨ ਕਰੋੜ 'ਚ ਬਦਲ ਜਾਂਦੀ। ਹਕੀਕਤ ਖੁੱਲ੍ਹਣ ਪਿਛੋਂ ਯੇਦਿਯੁਰੱਪਾ ਦੇ ਬੇਟੇ ਬੀ ਐਸ ਵਾਈ ਰਘਵੇਂਦਰ ਨੇ ਬੰਗਲੌਰ ਦੇ ਰਿਹਾਇਸ਼ੀ ਇਲਾਕੇ 'ਚ ਰਾਜਮਹਲ ਵਿਲਾਸ ਵਿਸਥਾਨ ਦਾ ਚਾਰ ਹਜ਼ਾਰ ਵਰਗ ਫੁੱਟ ਜ਼ਮੀਨ ਵਾਪਸ ਕੀਤੀ। ਇਸ ਮਾਮਲੇ 'ਚ ਰਘਵੇਂਦਰ ਨੇ ਗਲਤ ਦਸਤਾਵੇਜ਼ ਲਾਏ ਸੀ। ਰਘਵੇਂਦਰ ਤੋਂ ਇਲਾਵਾ ਯੇਦਿਯੁਰੱਪਾ ਦੇ ਦੂਜੇ ਬੇਟੇ ਵਿਜੇਂਦਰ ਜਿਗਾਨੀ ਦੀ ਦੋ ਏਕੜ ਜ਼ਮੀਨ ਵਾਪਸ ਕੀਤੀ। ਬੇਟੀ ਉਮਾ ਦੇਵੀ ਤੇ ਜਵਾਈ ਨੂੰ ਬੰਗਲੌਰ ਦੇ ਬਾਹਰੀ ਇਲਾਕੇ 'ਚ ਹੋਰਾ ਹੱਲੀ 'ਚ ਮਿਲੀ ਦੋ ਏਕੜ ਜ਼ਮੀਨ ਵਾਪਸ ਕਰਨੀ ਪਈ। ਯੇਦਿਯੁਰੱਪਾ ਨੇ 20 ਕਰੋੜ ਰੁਪਏ ਮੁੱਲ ਦੇ ਨੌਂ ਜ਼ਮੀਨੀ ਟੁੱਕੜੇ ਆਪਣੀ ਭੈਣ ਤੇ ਜੋਤਸ਼ੀ ਲਛਮਣ ਪੁਜਾਰੀ ਦੇ ਨਾਂ ਹੇਠ ਖਰੀਦੇ। ਬਾਵਜੂਦ ਯੇਦਿਯੁਰੱਪਾ ਦਾਅਵਾ ਕਰਦੇ ਹਨ ਕਿ ਮੈਂ ਕੁਝ ਗਲਤ ਨਹੀਂ ਕੀਤਾ। ਜੇ ਨਹੀਂ ਤਾਂ ਫਿਰ ਜ਼ਮੀਨਾਂ ਵਾਪਸ ਕਰਨ ਦੀ ਕੀ ਲੋੜ ਪਈ? ਇਸ ਦਾ ਜਵਾਬ ਯੇਦਿਯੁਰੱਪਾ ਕੋਲ ਨਹੀਂ ਹੈ। ਦਰਅਸਲ ਜ਼ਮੀਨਾਂ ਨਾਲ ਭਾਜਪਾ ਦੇ ਮੁੱਖ ਮੰਤਰੀਆਂ ਦਾ ਪੁਰਾਣਾ ਨਾਤਾ ਹੈ। ਰਾਜਸਥਾਨ 'ਚ ਮੁੱਖ ਮੰਤਰੀ ਰਹਿੰਦਿਆਂ ਵਸੁੰਦਰਾ ਰਾਜੇ ਨੇ ਆਪਣੀ ਅਗਵਾਈ 'ਚ ਦੀਨ ਦਿਆਲ

ਉਪਾਥਿਆਇ ਟਰੱਸਟ ਨਾਂ ਦੀ ਇਕ ਸੰਸਥਾ ਬਣਾਈ। ਫਿਰ ਖੁਦ ਆਪਣੀ ਸਰਕਾਰ ਦੀ ਮਾਰਫਤ ਟਰੱਸਟ ਦੇ ਨਾਂ ਜੈਪੁਰ ਸ਼ਹਿਰ ਦੀ ਬੇਹੱਦ ਕੀਮਤੀ ਜ਼ਮੀਨ ਅਲਾਟ ਕਰ ਦਿੱਤੀ। ਮਾਮਲੇ ਦੀ ਜਾਂਚ ਜਾਰੀ ਹੈ।

**ਕਾਂਗਰਸੀ ਮੁੱਖ ਮੰਤਰੀ ਵੀ ਬਚੇ ਨਹੀਂ** - ਮਹਾਂਰਾਸ਼ਟਰ 'ਚ ਘਪਲੇ 'ਚ ਫਸੇ ਮੁੱਖ ਮੰਤਰੀ ਅਸ਼ੋਕ ਚੌਹਾਨ ਨੂੰ ਆਪਣੀ ਕੁਰਸੀ ਛੱਡਣੀ ਪਈ। ਨਵੇਂ ਮੁੱਖ ਮੰਤਰੀ ਪ੍ਰਿਥਵੀ ਰਾਜ ਚੌਹਾਨ ਲਈ ਵੀ ਰਾਹ ਸੌਖਾ ਨਹੀਂ ਹੋਵੇਗਾ। ਪਰ ਜਿਸ 'ਆਦਰਸ਼' ਸੋਸਾਇਟੀ ਘਪਲੇ ਨੇ ਅਸ਼ੋਕ ਦੀ ਕੁਰਸੀ ਖੋਹੀ ਉਸ 'ਚ ਅਜੇ ਕਈਆਂ ਤੇ ਤਲਵਾਰ ਲਟਕ ਰਹੀ ਹੈ। ਕਾਰਗਿਲ ਯੁੱਧ 'ਚ ਸ਼ਹੀਦ ਹੋਏ ਲੋਕਾਂ ਦੇ ਪ੍ਰੀਵਾਰ ਵਾਲਿਆਂ ਨੂੰ ਰਿਹਾਇਸ਼ ਦੇਣ ਦੇ ਬਹਾਨੇ ਇਹ ਇਮਾਰਤ ਬਣਨੀ ਸ਼ੁਰੂ ਹੋਈ ਪਰ ਉਸਾਰੀ ਖਤਮ ਹੁੰਦੇ ਹੁੰਦੇ ਇਹ ਨੇਤਾਵਾਂ, ਨੌਕਰਸ਼ਾਹਾਂ ਤੇ ਹੋਰ ਫੌਜੀ ਅਫਸਰਾਂ ਦੀ ਮਲਕੀਅਤ ਬਣ ਗਈ। ਇਸ ਬਹਾਨੇ ਸੁਰਖਿਆ ਨਿਯਮਾਂ ਤੇ ਵਾਤਾਵਰਣ ਕਨੂੰਨਾਂ ਨੂੰ ਛਿੱਕੇ ਟੰਗ ਦਿੱਤਾ ਗਿਆ। ਸੰਨ 1999 'ਚ ਕਾਰਗਲ ਯੁੱਧ ਪਿਛੋਂ ਆਦਰਸ਼ ਸੁਸਾਇਟੀ ਦਾ ਗਠਨ ਹੋਇਆ। ਸ਼ੁਰੂਆਤ 'ਚ ਇਸ ਦੇ ਸਿਰਫ 40 ਮੈਂਬਰ ਸਨ। ਹੁਣ ਇਸ ਦੇ 103 ਮੈਂਬਰ ਹਨ। ਇਹਨਾਂ ਵਿਚ ਤਾਂ ਫੌਜੀ ਅਫਸਰ ਹਨ। ਸਿਰਫ 3 ਮੈਂਬਰਾਂ ਦਾ ਸਬੰਧ ਕਾਰਗਿਲ ਜੰਗ ਹੈ। ਮੁੰਬਈ ਦੇ ਪਾਸ ਦੇ ਇਲਾਕੇ ਕੋਲਾਬਾ 'ਚ ਕਫ ਪਰੇਡ ਰੋਡ ਦੇ ਪਾਸ 6490 ਵਰਗ ਮੀਟਰ ਜ਼ਮੀਨ 'ਤੇ ਬਣੀ ਇਸ ਇਮਾਰਤ ਦੇ ਸਾਹਮਣੇ ਅੰਬਾਨੀ ਭਰਾਵਾਂ ਦਾ ਘਰ ਸੀ-ਵਿੰਡ ਹੈ। ਇਮਾਰਤ ਦੀ ਲਾਇਨ ਵਿਚ ਹੀ ਤਾਜ ਪ੍ਰੈਸੀਡੈਂਟ ਹੋਟਲ ਹੈ। ਇਸ ਦੇ ਨਾਲ ਹੀ ਪੱਛਮੀ ਸਮੁੰਦਰੀ ਫੌਜ ਕਮਾਨ ਦਾ ਮੁੱਖ ਦਫਤਰ ਹੈ। ਜਿਸ ਸਮੇਂ ਆਦਰਸ਼ ਸੁਸਾਇਟੀ 'ਚ ਫਲੈਟਾਂ ਦੀ ਅਲਾਟਮੈਂਟ ਹੋਈ ਉਸ ਸਮੇਂ ਉਸ ਦੀ ਕੀਮਤ 60 ਲੱਖ ਰੁਪਏ ਸੀ। ਪਰ ਅੱਜ ਇਸ ਦੀ ਬਜਾਰੀ ਕੀਮਤ 8 ਕਰੋੜ ਰੁਪਏ ਦੇ ਕਰੀਬ ਹੈ। ਭਵਨ ਉਸਾਰੀ ਸਮੇਂ ਹੀ ਸਮੁੰਦਰੀ ਫੌਜ ਨੇ ਇਸ ਸਬੰਧੀ ਇਤਰਾਜ ਕੀਤਾ ਸੀ। ਇਸ 'ਚ ਕਿਹਾ ਗਿਆ ਸੀ ਕਿ ਮੁੱਖ ਦਫਤਰ ਨੇੜੇ ਹੋਣ ਕਰਕੇ ਸੁਰਖਿਆ ਨੂੰ ਖਤਰਾ ਹੋ ਸਕਦਾ ਹੈ। ਸਮੁੰਦਰੀ ਫੌਜ ਦੀ ਪੱਛਮੀ ਕਮਾਨ ਦੇ ਮੁਖੀ ਸੰਜੀਵ ਭਸੀਨ ਨੇ ਰਖਿਆ ਮੰਤਰਾਲੇ ਨੂੰ ਚਿੱਠੀ ਲਿਖ ਕੇ ਇਤਰਾਜ ਜ਼ਾਹਿਰ ਕੀਤਾ ਸੀ। ਇਮਾਰਤ ਦੀ ਉਚਾਈ ਦੀ ਹੱਦ ਸ਼ੁਰੂਆਤ 'ਚ 30 ਮੀਟਰ ਤਹਿ ਕੀਤੀ ਗਈ ਸੀ। ਜਦ ਕਿ ਇਸ ਦੀ ਉਸਾਰੀ ਕਰਨ ਵਾਲਿਆ ਨੇ ਇਸ ਨੂੰ 100 ਮੀਟਰ ਬਣਾ ਦਿੱਤਾ। ਏਨਾ ਹੀ ਨਹੀ ਸਮੁੰਦਰੀ ਕੰਢੇ ਨਿਆਂਮਕ ਖੇਤਰ 'ਚ ਉਸਾਰੀ ਹੋਣ ਨਾਲ ਵਾਤਾਵਰਣ ਨੂੰ ਖਤਰਾ ਪੈਦਾ ਕਰਨ ਵਾਲੀ ਇਸ ਸੁਸਾਇਟੀ ਨੂੰ ਵਾਤਾਵਰਣ ਮੰਤਰਾਲੇ ਨੇ ਵੀ ਨੋਟਿਸ ਦਿੱਤਾ। ਫਲੈਟ ਹਾਸਲ ਕਰਨ ਵਾਲਿਆ 'ਚ ਸਾਬਕਾ ਆਰਮੀ ਮੁਖੀ ਦੀਪਕ ਕਪੂਰ ਅਤੇ ਐਨ ਸੀ ਵਿੱਜ, ਫੌਜ ਦੇ ਸਾਬਕਾ ਉਪ ਮੁੱਖੀ ਸਾਂਤਨੁ ਚੌਧਰੀ ਅਤੇ ਸਾਬਕਾ ਸਮੁੰਦਰੀ ਫੌਜ ਮੁੱਖੀ ਅਡਮਿਰਲ ਮਾਘਵੇਂਦਰ ਸਿੰਘ ਤੋਂ ਇਲਾਵਾ ਜੈਰਾਮ ਪਾਠਕਾਂ ਰਾਮਾਨੰਦ ਤਿਵਾੜੀ, ਡੀ ਕੇ ਸ਼ੰਕਰਨ, ਸੀ ਐਸ ਸੰਗੀਤਰਾਵ, ਐਸ ਸੀ ਦੇਸਮੁੱਖ, ਪੀ ਵੀ ਦੇਸਮੁੱਖ, ਉਤਮ ਖੋਬਰਾਗੜੇ ਵਰਗੇ ਨੌਕਰਸ਼ਾਹ ਵੀਹਨਾ ਜਿਹਨਾਂ ਨੇ ਆਪਣੇ ਬੱਚਿਆਂ ਦੇ ਨਾਂ ਫਲੈਟ ਦੀ ਅਲਾਟਮੈਂਟ ਕਰਵਾਈ। ਏਨਾ ਹੀ ਨਹੀਂ ਸਾਬਕਾ ਕੇਂਦਰੀ ਮੰਤਰੀ ਤੇ ਸਰਸਵਤ ਬੈਂਕ ਦੇ ਮੁੱਖੀ ਸੁਰੇਸ਼ ਪ੍ਰਭੂ ਨੇ ਫਲੈਟ ਲੈਣ

ਲਈ ਆਪਣੀ ਆਮਦਨ 20 ਹਜ਼ਾਰ ਰੁਪਏ ਦਰਸਾਈ। ਅਸ਼ੋਕ ਚੌਹਾਨ ਦੀ ਸੱਸ ਸਾਲੀ ਤੇ ਸਾਲੇ ਦੇ ਨਾਂ ਤਿੰਨ ਫਲੈਟ ਅਲਾਟ ਕਰਵਾਏ। ਘਪਲਾ ਨੰਗਾ ਹੋਣ ਪਿਛੋਂ ਬੀ ਐਸ ਸੀ ਨੇ ਇਮਾਰਤ ਉਸਾਰੀ 'ਚ ਹੋਈਆਂ ਗੜਬੜਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਵਾਤਾਵਰਣ ਮੰਤਰਾਲਾ ਵੀ ਇਮਾਰਤ ਦੀਆਂ ਕੁਝ ਮੰਜ਼ਿਲਾਂ ਹੁਣ ਲਈ ਕੇਸ ਤਿਆਰ ਕਰ ਰਿਹਾ ਹੈ।

**ਕਾਮਨਵੈਲਥ ਘਪਲੇ 'ਚ ਗ੍ਰਿਫਤਾਰੀਆਂ ਦਾ ਸਿਲਸਿਲਾ** – ਕਾਮਨਵੈਲਥ ਘਪਲੇ 'ਚ ਆਯੋਜਨ ਸੰਮਤੀ ਦੇ ਮੁੱਖੀ ਸੁਰੇਸ਼ ਕਲਮਾਡੀ ਦੋ ਤਰਫਾ ਘਿਰਦੇ ਜਾ ਰਹੇ ਹਨ। ਗੇਮਸ ਆਯੋਜਨ ਸੰਮਤੀ ਦੇ ਤਿੰਨ ਸਾਬਕਾ ਉੱਚ ਅਧਿਕਾਰੀਆਂ ਟੀ ਐਸ ਦਰਬਾਰੀ, ਸੰਜੈ ਮਹੇਂਦਰ ਤੇ ਐਮ ਜੈ ਚੰਦਰਨ ਦੀ ਗ੍ਰਿਫਤਾਰੀ ਪਿਛੋਂ ਮੰਨਿਆ ਜਾ ਰਿਹਾ ਹੈ ਕਿ ਸੀ ਬੀ ਆਈ ਕੁਝ ਹੋਰ ਲੋਕਾਂ ਨੂੰ ਗ੍ਰਿਫਤਾਰ ਕਰ ਸਕਦੀ ਹੈ। ਜਿਹਨਾਂ ਦੇ ਨਾਂ ਵਿੱਤੀ ਬੇ ਨਿਯਮੀਆਂ 'ਚ ਸ਼ਾਮਲ ਹਨ। ਕੈਗ ਆਪਣੀ ਜਾਂਚ ਰਿਪੋਰਟ 'ਚ ਰੋਜ ਨਵੇਂ ਖੁਲਾਸੇ ਕਰ ਰਿਹਾ ਹੈ।

ਇਸ ਲਈ ਕੈਗ ਨੇ ਕੈਬਨਿਟ ਸਕੱਤਰ ਤੋਂ ਜਾਂਚ ਪੂਰੀ ਹੋਣ ਤੱਕ ਇਹ ਪੱਕਾ ਕਰ ਲੈਣ ਨੂੰ ਕਿਹਾ ਹੈ। ਖੇਡ ਆਯੋਜਨ ਸੰਮਤੀ ਦੇ ਦਫਤਰ 'ਚੋਂ ਕੁਝ ਲੋਕਾਂ ਨੇ ਮਹੱਤਵਪੂਰਨ ਫਾਇਲਾਂ ਚੁੱਕ ਲਈਆਂ ਹਨ।

ਸਾਬਕਾ ਸੀ ਏ ਜੀ ਦੀ ਅਗਵਾਈ 'ਚ ਵਿਸ਼ੇਸ਼ ਜਾਂਚ ਸੰਮਤੀ ਫਰਵਰੀ 2011 'ਚ ਰਿਪੋਰਟ ਦੇਵੇਗੀ। ਇਸ ਸਮੇਂ ਸੀ ਵੀ ਸੀ, ਸੀ ਬੀ ਆਈ, ਸੀ ਏ ਜੀ, ਈ ਡੀ ਤੇ ਇਨਕਮ ਟੈਕਸ ਡਿਪਾਰਟਮੈਂਟ ਖੇਡ ਦੌਰਾਨ ਹੋਏ ਘਪਲਿਆਂ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ। ਪੜਤਾਲ ਲਈ ਪ੍ਰਧਾਨ ਮੰਤਰੀ ਵਲੋਂ ਨਿਯੁਕਤ ਕੀਤੀ ਸੁੰਗਲ ਕਮੇਟੀ ਨੇ ਦਿੱਲੀ ਸਰਕਾਰ ਦੇ ਪ੍ਰੋਜੈਕਟਾਂ ਦੀ ਜਾਂਚ ਪੜਤਾਲ ਸ਼ੁਰੂ ਕਰ ਦਿੱਤਾ ਹੈ। ਪ੍ਰੋਜੈਕਟਾਂ ਦੀ ਛਾਣਬੀਣ ਲਈ ਜੋ ਜਾਂਚ ਟੀਮਾ ਬਣਾਈਆਂ ਗਈਆਂ ਹਨ। ਉਹਨਾਂ 'ਚੋ ਇਕ ਟੀਮ ਦਿੱਲੀ ਨਗਰ ਨਿਗਮ ਦੂਜੀ ਲੋਕ ਨਿਰਮਾਣ ਵਿਭਾਗ, ਤੀਜੀ ਨਵੀਂ ਦਿਲੀ ਨਗਰਪਾਲਿਕਾ ਤੇ ਚੌਥੀ ਹੋਰ ਮਹਿਕਮਿਆਂ ਨਾਲ ਜੁੜੀਆਂ ਪ੍ਰਯੋਜਨਾਵਾਂ ਦੀ ਜਾਂਚ ਪੜਤਾਲ ਕਰਨਗੀਆਂ। ਦੂਜੇ ਪਾਸੇ ਭਾਜਪਾ ਮੁੱਖੀ ਨਿਤਨ ਗਡਕਰੀ ਨੇ ਵੀ ਗੇਮਸ ਦੇ ਪ੍ਰਸਾਰਨ ਅਧਿਕਾਰਾਂ ਤੋਂ ਲੈ ਕੇ ਸਾਰੇ ਮੁਦਿਆਂ 'ਤੇ ਸਵਾਲ ਉਠਾਏ ਹਨ। ਗਡਕਰੀ ਦਾ ਕਹਿਣਾ ਹੈ ਕਿ ਪ੍ਰਸਾਰ ਭਾਰਤੀ ਦੇ ਸੀ ਈ ਓ ਬੀ ਐਸ ਲਾਲੀ ਵਿਰੁੱਧ ਅਜੇ ਤੱਕ ਕਾਰਵਾਈ ਕਿਉਂ ਨਹੀਂ ਹੋਈ। ਜਿਹਨਾਂ ਨੇ ਵਿੱਤ ਵਿਭਾਗ ਦੇ ਇਤਰਾਜ਼ਾਂ ਨੂੰ ਅਣਡਿੱਠਾ ਕੀਤਾ ਅਤੇ ਖੇਡਾਂ ਦੇ 246 ਕਰੋੜ ਰੁਪਏ ਦੇ ਪ੍ਰਸਾਰਨ ਅਧਿਕਾਰ ਐਸੀ ਨਜਾਇਜ਼ ਕੰਪਨੀ ਨੂੰ ਦਿੱਤੇ ਜਿਸ ਨੇ ਫਰਜ਼ੀ ਰਜਿਸਟਰੇਸ਼ਨ ਨੰਬਰ ਦਿੱਤਾ ਅਤੇ ਜਿਸ ਕੋਲ ਕੋਈ ਸੇਵਾ ਕਰ ਨਹੀਂ ਸੀ। ਲਾਲੀ ਦੀ ਕਾਰਗੁਜ਼ਾਰੀ ਖਿਲਾਫ ਪ੍ਰਸਾਰ ਭਾਰਤੀ ਦੇ ਕਰਮਚਾਰੀ ਦੋ ਦਿਨ ਦੀ ਹੜਤਾਲ 'ਤੇ ਵੀ ਗਏ।

# ਕੀ ਹੈ ਇਰਾਕ ਤੋਂ ਅਮਰੀਕਾ ਦੀ ਵਾਪਸੀ ਦਾ ਨਾਟਕ?

ਪਿਛਲੇ 7 ਸਾਲਾਂ ਤੱਕ ਇਰਾਕੀ ਲੋਕਾਂ ਨੂੰ ਆਪਣੇ ਬੰਬਾਂ ਤੇ ਹਥਿਆਰਾਂ ਦਾ ਨਿਸ਼ਾਨਾ ਬਣਾਉਣ ਤੇ ਉਹਨਾਂ ਦੀ ਪ੍ਰਭੂਸਤਾ, ਅਜ਼ਾਦੀ ਤੇ ਜੀਵਨ ਨੂੰ ਬਰਬਾਦ ਕਰਨ ਪਿਛੋਂ ਅਮਰੀਕਾ ਨੇ ਇਰਾਕ 'ਚ ਆਪਣੇ "ਮਿਸ਼ਨ" ਦੇ ਪੂਰਾ ਹੋਣ ਦਾ ਐਲਾਨ ਕੀਤਾ। ਯਾਦ ਹੋਵੇ ਕਿ ਅਮਰੀਕਾ ਨੇ ਸੱਤ ਸਾਲ ਪਹਿਲਾਂ ਲੋਕ ਕਤਲੇਆਮ ਦੇ ਹਥਿਆਰਾਂ ਦਾ ਇਰਾਕ ਕੋਲ ਹੋਣ ਦਾ ਬਹਾਨਾ ਬਣਾ ਕੇ ਅਤੇ ਇਰਾਕੀ ਹਾਕਮ ਸਦਾਮ ਹੁਸੈਨ ਦੀ ਤਾਨਾਸ਼ਾਹੀ ਨੂੰ ਖਤਰਾ ਕਰਕੇ "ਲੋਕਰਾਜ" ਦੀ ਸਥਾਪਨਾ ਕਰਨ ਦੇ ਨਾਂ 'ਤੇ ਇਰਾਕ ਤੇ ਹੱਲਾ-ਬੋਲ ਦਿੱਤਾ ਸੀ। ਅੱਜ ਸਾਰੀ ਦੁਨੀਆਂ ਜਾਣਦੀ ਹੈ ਕਿ ਇਰਾਕ 'ਚ ਅਮਰੀਕਾ ਨੂੰ ਲੋਕ ਕਤਲੇਆਮ ਦੇ ਕੋਈ ਹਥਿਆਰ ਨਹੀਂ ਮਿਲੇ। ਅਮਰੀਕਾ ਖੁਦ ਹੀ ਇਸ ਤੱਥ ਨੂੰ ਮੰਨ ਚੁੱਕਿਆ ਹੈ। ਹਮਲੇ ਪਿੱਛੇ ਦੱਸੇ ਗਏ ਦੂਜੇ ਕਾਰਨ ਦੀ ਪੋਲ ਵੀ ਖੁੱਲ੍ਹ ਚੁੱਕੀ ਹੈ। ਅਮਰੀਕਾ ਨੇ ਲੋਕਤੰਤਰ ਦੀ ਸਥਾਪਨਾ ਦੇ ਨਾਂ 'ਤੇ ਇਰਾਕ 'ਤੇ ਸਾਮਰਾਜੀ ਕਬਜ਼ਾ ਕਰੀ ਰਖਣਾ ਤੇ ਫੌਜੀ ਤਾਕਤ ਦੇ ਇਕ ਵੱਡੇ ਹਿੱਸੇ ਨੂੰ ਵਾਪਸ ਬਲਾਉਣ ਦੇ ਬਾਵਜੂਦ ਇਰਾਕ ਦੇ ਕੁਦਰਤੀ ਸਾਧਨਾਂ ਖਾਸ ਕਰਕੇ ਤੇਲ 'ਤੇ ਉਸ ਦਾ ਕਬਜ਼ਾ ਅਜੇ ਹੀ ਬਰਕਰਾਰ ਹੈ ਅਤੇ ਲੰਮੇ ਸਮੇਂ ਤੱਕ ਰਹੇਗਾ। ਫੌਜੀ ਕਬਜ਼ੇ ਨੂੰ ਹਲਕਾ ਕਰਨ ਪਿੱਛੇ ਵੀ ਅਮਰੀਕਾ ਦਾ ਕੋਈ ਭਲਾਮਾਣਸੀ ਨਹੀਂ ਹੈ। ਬਲਕਿ ਇਰਾਕੀ ਮੋੜਵੇਂ ਹਮਲੇ ਦੇ ਯੋਧਿਆਂ ਦਾ ਵੀਰਤਾਪੂਰਨ ਸੰਘਰਸ਼ ਹੈ। ਜਿਸ ਨੇ ਅਮਰੀਕਾ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਆਪਣੇ ਪ੍ਰਤੱਖ ਤੇ ਪੂਰਨ ਕਬਜ਼ੇ ਨੂੰ ਅਸਿੱਧੇ ਤੇ ਅਧੂਰੇ ਕਬਜ਼ੇ 'ਚ ਬਦਲ ਦੇਵੇ। ਪਰ ਤਾਂ ਅਗਸਤ ਨੂੰ ਬਰਾਕ ਓਬਾਮਾ ਵਲੋਂ ਕੀਤੀ ਗਈ ਅਮਰੀਕੀ ਫੌਜ ਦੀ ਵਾਪਸੀ ਦੀ ਸਚਾਈ ਤੇ ਗੌਰ ਕਰੀਏ ਤਾਂ ਅਸੀ ਕੀ ਤਸਵੀਰ ਵੇਖਦੇ ਹਾਂ? ਓਬਾਮਾ ਨੇ ਤਾਂ ਅਗਸਤ ਨੂੰ ਆਪਣੇ ਓਵਲ ਦਫਤਰ ਤੋਂ ਐਲਾਨ ਕੀਤਾ ਕਿ 'ਅਪ੍ਰੇਸ਼ਨ ਇਰਾਕੀ ਫ੍ਰੀਡਮ' ਪੂਰਾ ਹੋ ਚੁੱਕਿਆ ਹੈ। ਹੁਣ ਇਰਾਕੀ ਲੋਕ ਆਪਣੇ ਦੇਸ਼ 'ਚ ਖੁਦ ਹਕੂਮਤ ਤੇ ਸੁਰਖਿਆ ਸਾਂਭੇਗੀ ਅਤੇ ਅਮਰੀਕਾ ਉਸ 'ਚ 'ਸੁਝਾਅ' ਤੇ 'ਸਹਾਇਤਾ' ਦੇਵੇਗਾ। ਆਓ ਦੇਖੀਏ ਇਹ 'ਸੁਝਾਅ' ਤੇ 'ਸਹਾਇਤਾ' ਦਾ ਕੀ ਅਰਥ ਹੈ। ਓਬਾਮਾ ਦੇ ਸਾਰੇ ਐਲਾਨਾਂ ਦੇ ਬਾਵਜੂਦ ਸਚਾਈ ਇਹ ਹੈ ਕਿ 50 ਹਜ਼ਾਰ ਤੋਂ ਵੱਧ ਅਮਰੀਕੀ ਫੌਜੀ ਇਸ ਸਮੇਂ ਵੀ ਅਮਰੀਕਾ ਵਿਚ ਹਨ ਅਤੇ ਅਜੇ ਕਾਫੀ ਸਮੇਂ ਤੱਕ ਮੌਜੂਦ ਰਹਿਣਗੇ। ਇਹ ਫੌਜੀ ਇਰਾਕ ਦੇ ਵੱਡਿਆਂ ਤੇ ਮੁੱਖ ਸ਼ਹਿਰਾਂ 'ਚ ਸਥਿਤ ਪੰਜ ਦਿਓ ਕੱਦ ਫੌਜੀ ਅੱਡਿਆਂ 'ਚ ਰਹਿਣਗੇ। ਬਗਦਾਦ 'ਚ ਅਮਰੀਕਾ ਦਾ ਦੂਤਾਵਾਸ ਇਕ ਮਹਾਂ ਵਿਸਾਲ ਕਿਲ੍ਹੇ ਵਰਗਾ ਦਿੱਸਦਾ ਹੈ। ਇਕ ਅਮਰੀਕੀ ਫੌਜੀ ਅਧਿਕਾਰੀ ਨੇ ਓਬਾਮਾ ਦੇ ਐਲਾਨ ਸਮੇਂ ਹੀ ਸ਼ਰੇਆਮ ਐਲਾਨ ਕੀਤਾ ਕਿ ਪੁਲਾੜ ਤੋਂ ਧਰਤੀ ਦੀਆਂ ਆਦਮੀ ਵਲੋਂ ਬਣਾਈਆਂ ਗਈਆਂ ਜਿਹਨਾਂ ਇਮਾਰਤਾਂ ਨੂੰ ਵੇਖਿਆ ਜਾ ਸਕਦਾ ਹੈ, ਉਹਨਾਂ 'ਚੋਂ ਬਗਦਾਦ 'ਚ ਅਮਰੀਕੀ ਦੂਤਾਵਾਸ ਇਕ ਹੈ। ਇਸ ਦੂਤਾਵਾਸ ਦੀ ਰਾਖੀ 'ਚ 24 ਬਲੈਕ ਹਾਕ ਹੈਲੀ ਕਾਪਟਰ ਤੇ 50 ਬੰਬ ਨਾਸ਼ੁਕ ਵਾਹਨ ਅਤੇ ਹਜ਼ਾਰਾਂ ਅਮਰੀਕੀ ਤੇ ਇਰਾਕੀ ਫੌਜੀ 24 ਘੰਟੇ ਲੱਗੇ ਰਹਿੰਦੇ ਹਨ। ਓਬਾਮਾ ਨੇ ਆਪਣੇ ਭਾਸ਼ਣ 'ਚ

ਕਿਹਾ ਕਿ ਜੋ ਅਮਰੀਕੀ ਫੌਜੀ ਅਜੇ ਵੀ ਇਰਾਕ ਵਿਚ ਹਨ, ਉਹ ਇਰਾਕੀ ਦਸਤਿਆਂ ਨੂੰ 'ਸੁਝਾਅ ਤੇ ਸਹਾਇਤਾ' ਦੇਣ ਲਈ ਹਨ। ਪਰ ਅਜੇ ਇਕ ਹਫਤਾ ਵੀ ਨਹੀਂ ਲੰਘਿਆ ਸੀ ਕਿ ਅਮਰੀਕੀ ਫੌਜੀਆਂ ਨੇ ਇਰਾਕੀ ਬਾਗੀਆਂ ਤੇ ਹਮਲਾ ਕਰ ਦਿੱਤਾ ਤੇ ਉਸ ਪਿਛੋਂ ਵੀ ਅਮਰੀਕੀ ਲੋਕਾਂ ਦੇ ਵਿਰੋਧ ਨੂੰ ਕੁਚਲਣ ਲਈ ਹਰ ਸੰਭਵ ਕੋਸ਼ਿਸ਼ ਅਮਰੀਕੀ ਫੌਜੀ ਸ਼ਕਤੀ ਇਰਾਕ ਵਿੱਚ ਕਰ ਰਹੀ ਹੈ। ਦਰ ਅਸਲ ਇਰਾਕ 'ਚ ਮੌਜੂਦ ਅਮਰੀਕੀ ਫੌਜੀਆਂ 'ਚੋਂ 4500 ਸਿੱਧੀਆਂ ਫੌਜੀ ਕਾਰਵਾਈਆਂ 'ਚ ਹਿੱਸਾ ਲੈਣ ਲਈ ਹਨ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਓਬਾਮਾ ਦੇ ਐਲਾਨ ਦੇ ਕੁਝ ਹੀ ਦਿਨਾਂ ਪਿਛੋਂ ਇਰਾਕ 'ਚ ਅਮਰੀਕੀ ਫੌਜ ਦੇ ਇਕ ਬੁਲਾਰੇ ਨੇ ਕਿਹਾ ਕਿ ਸ੍ਰੀ ਮਾਨ ਰਾਸ਼ਟਰਪਤੀ ਦਾ ਐਲਾਨ ਚਾਹੇ ਜੋ ਵੀ ਹੋਵੇ, ਇਰਾਕ 'ਚ ਵਿਹਾਰਕ ਤੌਰ 'ਤੇ ਬਹੁਤ ਕੁਝ ਨਹੀਂ ਬਦਲਣਾ ਯਾਨੀ ਅਮਰੀਕੀ ਫੌਜ ਦੇ ਦਸਤੇ ਇਰਾਕੀਆਂ ਦੀਆਂ ਉਸ ਤਰ੍ਹਾਂ ਬੇਰਹਿਮ ਹੱਤਿਆਵਾਂ ਕਰਦੇ ਰਹਿਣਗੇ। ਉਸੇ ਤਰ੍ਹਾਂ ਉਹਨਾਂ ਨੂੰ ਤਸੀਹੇ ਦਿੰਦੇ ਰਹਿਣਗੇ ਅਤੇ ਇਸੇ ਤਰ੍ਹਾਂ ਉਨ੍ਹਾਂ ਦੀ ਆਬਰੂ ਨੂੰ ਪੈਰਾਂ ਹੇਠ ਕੁਚਲਦੇ ਰਹਿਣਗੇ। ਸਾਰੀ ਦੁਨੀਆਂ ਜਾਣਦੀ ਹੈ ਕਿ ਇਰਾਕ ਦੀ ਸਮੱਸਿਆ ਅਮਰੀਕੀ ਸਾਮਰਾਜ ਦੇ ਨੱਕ ਦਾ ਫੋੜਾ ਬਣ ਚੁੱਕੀ ਸੀ। ਇਸ ਲਈ ਇਹ ਵੀ ਸਭ ਜਾਣਦੇ ਹਨ ਕਿ "ਮਾਨਵਤਾਵਾਦੀ" ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਰਾਕ ਤੋਂ ਵੱਡੀ ਗਿਣਤੀ 'ਚ ਅਮਰੀਕੀ ਫੌਜ ਦੀ ਵਾਪਸੀ ਕਿਸੇ ਮਾਨਵਤਾਵਾਦ ਦੇ ਕਾਰਨ ਨਹੀਂ ਕੀਤੀ ਹੈ। ਇਕ ਕਾਰਨ ਤਾਂ ਇਹ ਸੀ ਕਿ ਇਰਾਕ ਯੁੱਧ ਅਮਰੀਕੀ ਜਨਤਾ ਵਿਚਕਾਰ ਬੇਹੱਦ ਨਾਪਸੰਦ ਹੋ ਚੁੱਕਿਆ ਸੀ ਅਤੇ ਓਬਾਮਾ ਦੇ ਸੱਤਾ 'ਚ ਆਉਣ 'ਤੇ ਬੁਸ਼ ਦੇ ਹਾਰਨ ਦਾ ਇਕ ਕਾਰਨ ਇਰਾਕ ਤੇ ਅਫਗਾਨੀਸਤਾਨ 'ਚ ਅਮਰੀਕਾ ਦਾ ਵਿਨਾਸ਼ਕਾਰੀ ਉਲਝਾਅ ਵੀ ਸੀ। ਦਰ ਅਸਲ ਸੱਤਾ 'ਚ ਆਉਣ ਤੋਂ ਪਹਿਲਾਂ ਓਬਾਮਾ ਨੇ ਖੁਦ ਕਿਹਾ ਸੀ ਕਿ ਇਰਾਕ ਯੁੱਧ "ਮੂਰਖਤਾ ਪੂਰਨ" ਹੈ। ਪਰ ਸੋਚੋ ਜ਼ਰਾ ਕਿ ਉਹਨਾਂ ਨੇ ਤਾਂ ਅਗਸਤ ਨੂੰ ਕਿ ਕਿਹਾ। ਓਬਾਮਾ ਨੇ ਕਿਹਾ ਵਿਅਤਨਾਮ ਤੇ ਇਰਾਕ 'ਚ ਅਮਰੀਕਾ ਨੇ ਲੋਕਾਂ ਨੂੰ ਆਜ਼ਾਦ ਕਰਨ ਲਈ ਵੀਰਤਾ ਪੂਰਨ ਜੰਗ ਲੜੀ। ਇਹ ਨਾਇਕਤਾਪੂਰਨ ਜੰਗ ਸੀ ਅਤੇ ਅਮਰੀਕੀ ਸੈਨਿਕਾਂ ਨੇ ਇਸ 'ਚ ਸ਼ਾਨਦਾਰ ਬਹਾਦਰੀ ਦਾ ਵਿਖਾਵਾ ਕੀਤਾ। ਹੁਣ ਅਜਿਹੀਆਂ ਕਲਾਬਾਜ਼ੀਆਂ 'ਤੇ ਤਾਂ ਸਾਰੇ ਹੀ ਹੈਰਾਨ ਹਨ। ਅਸਲ 'ਚ ਇਰਾਕ ਯੁੱਧ ਅਮਰੀਕਾ ਲਈ ਬਹੁਤ ਮਹਿੰਗਾ ਵੀ ਸਾਬਤ ਹੋ ਰਿਹਾ ਸੀ ਅਤੇ ਅਮਰੀਕੀ ਵਿੱਤੀ ਸੰਕਟ ਦੇ ਤਤਕਾਲਿਕ ਕਾਰਨਾਂ ਵਿਚੋਂ ਇਕ ਇਰਾਕ ਯੁੱਧ ਵੀ ਸੀ ਹਾਲਾਂਕਿ ਲੰਬੀ ਦੂਰੀ 'ਚ ਅਜਿਹੇ ਸਭ ਯੁੱਧ ਸਾਮਰਾਜ ਨੂੰ ਆਪਣੇ ਆਰਥਕ ਸੰਕਟ ਨਾਲ ਨਿਪਟਣ 'ਚ ਮਦਦ ਕਰਦੇ ਹਨ। ਭੂ ਮੰਡਲੀਕਰਨ ਦੀ ਵਕਾਲਤ ਕਰਨ ਵਾਲੇ ਜੋਸਫੇ ਸਿਟਗਿਲਟਜ਼ ਤੱਕ ਨੇ ਕਿਹਾ ਕਿ ਇਰਾਕ ਜੰਗ ਦੀ ਲਾਗਤ 3 ਟ੍ਰਿਲੀਅਨ ਡਾਲਰ ਤੋਂ ਵੀ ਵੱਧ ਹੋ ਚੁੱਕੀ ਹੈ। ਇਰਾਕ ਯੁੱਧ ਕਾਰਨ 2003 'ਚ 140 ਡਾਲਰ ਪ੍ਰਤੀ ਬੈਰਲ ਵਿੱਕਣ ਵਾਲਾ ਕੱਚਾ ਤੇਲ ਹੁਣ 400 ਡਾਲਰ ਪ੍ਰਤੀ ਬੈਰਲ ਤੋਂ ਵੀ ਵੱਧ ਕੀਮਤ 'ਤੇ ਵਿੱਕ ਰਿਹਾ ਹੈ। ਜਿਸ ਦੀ ਕੀਮਤ ਸਾਰੀ ਦੁਨੀਆਂ ਦੀ ਗਰੀਬ ਜਨਤਾ ਚੁੱਕਾ ਰਹੀ ਹੈ। ਇਹਨਾਂ ਸਾਰੇ ਕਾਰਨਾਂ ਦਾ ਅਮਰੀਕੀ ਅਰਥਚਾਰੇ ਦੀ ਸਿਹਤ 'ਤੇ ਬਹੁਤ ਬੁਰਾ ਅਸਰ ਪੈ ਰਿਹਾ ਹੈ। ਮੰਦੀ ਦੂਰ ਹੋਣ ਦਾ ਨਾਂ ਨਹੀਂ ਲੈ ਰਹੀ ਹੈ ਅਤੇ ਅਮਰੀਕਾ 'ਚ

ਬੇਰੁਜ਼ਗਾਰੀ ਨਵੇਂ ਰਿਕਾਰਡ ਬਣਾ ਰਹੀ ਹੈ। ਬੇ ਘਰੇ ਲੋਕਾਂ ਦੀ ਗਿਣਤੀ ਅਮਰੀਕਾ 'ਚ 1930 ਦੇ ਦਹਾਕੇ ਦੇ ਕਰੀਬ ਪਹੁੰਚ ਰਹੀ ਹੈ। ਸਭ 'ਕਲਿਆਣਕਾਰੀ' ਕਦਮ ਬੇਕਾਰ ਸਾਬਤ ਹੋ ਰਹੇ ਹਨ ਅਤੇ ਲੋਕਾਂ 'ਚ ਓਬਾਮਾ ਬਾਰੇ ਰੋਸ ਵੱਧ ਰਿਹਾ ਹੈ। ਅੱਜ ਅਮਰੀਕੀ ਸੱਤਾ 1960 ਦੇ ਦਹਾਕੇ 'ਚ ਹੋ ਰਹੇ ਵਿਸ਼ਾਲ ਮੁਜਾਹਰਿਆਂ ਵਰਗੇ ਲੋਕ ਮੁਜਾਹਰਿਆਂ ਦੀ ਗਵਾਹ ਬਣ ਰਹੀ ਹੈ ਅਤੇ ਹਾਕਮ ਜਮਾਤ ਬੇਹੱਦ ਚਿੰਤਾ ਵਿਚ ਹੈ। 2006 ਤੋਂ ਜਾਰੀ ਆਰਥਕ ਸੰਕਟ ਨੇ ਅਮਰੀਕੀ ਪੂੰਜੀਵਾਦ ਨੂੰ ਬੁਰੀ ਹਾਲਤ 'ਚ ਪਹੁੰਚਾ ਦਿੱਤਾ ਹੈ। ਪਰ ਆਰਥਕ ਸੰਕਟ ਤੋਂ ਵੱਡਾ ਫੌਰੀ ਕਾਰਣ ਇਹ ਸੀ ਕਿ ਇਰਾਕ ਯੁੱਧ 'ਚ ਅਜੇ ਤੱਕ ਕਰੀਬ 6000 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ, ਹਜ਼ਾਰਾਂ ਅਪਾਹਜ ਹੋ ਚੁੱਕੇ ਹਨ, ਮਾਨਸਿਕ ਤੌਰ 'ਤੇ ਪਾਗਲ ਹੋ ਚੁੱਕੇ ਹਨ, ਸਿਪਾਹੀਆਂ ਦੀ ਕੋਈ ਗਿਣਤੀ ਹੀ ਨਹੀਂ ਹੈ। ਇਰਾਕ ਤੋਂ ਵਾਪਸ ਆਉਣ ਵਾਲੇ ਕਰੀਬ 300 ਸਿਪਾਹੀ ਆਤਮ ਹੱਤਿਆ ਕਰ ਚੁੱਕੇ ਹਨ। ਇਹ ਸਾਰੇ ਕਾਰਨ ਅਮਰੀਕੀ ਸੱਤਾ 'ਤੇ ਭਿਅੰਕਰ ਦਬਾ ਬਣਾ ਰਹੇ ਸਨ। ਇਰਾਕ ਜੰਗ 'ਚ ਉਹਨਾਂ ਦਾ ਜਿੱਤਣਾ ਸੰਭਵ ਨਹੀਂ ਸੀ। ਇਹ ਗੱਲ ਅਮਰੀਕੀ ਹਾਕਮਾਂ ਦੀ ਸਮਝ ਆ ਚੁੱਕੀ ਸੀ। ਯਾਦ ਕਰੋ ਅਮਰੀਕਾ ਨੇ ਇਰਾਕ 'ਤੇ ਹਮਲੇ ਸਮੇਂ ਕਿਹਾ ਸੀ ਕਿ ਮੱਧ ਪੂਰਬ ਦਾ ਨਕਸ਼ਾ ਬਦਲ ਦੇਵੇਗਾ। ਇਸ ਦਾ ਅਰਥ ਕੀ ਸੀ– ਉਹ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿਟਨ ਤੋਂ ਤੁਸੀਂ ਆਪ ਸਮਝ ਸਕਦੇ ਹੋ। ਕਲਿਟਨ ਨੇ ਪਿੱਛੇ ਜਿਹੇ ਹੀ ਦੱਸਿਆ ਕਿ ਅਮਰੀਕਾ ਦੀ ਸਕੀਮ ਇਰਾਕ 'ਤੇ ਕਬਜ਼ੇ ਪਿੱਛੋਂ ਸੀਰੀਆ ਤੇ ਇਰਾਕ 'ਚ ਸੱਤਾ ਤਬਦੀਲੀ ਦੀ ਸੀ ਤਾਂ ਕਿ ਮੱਧ ਪੂਰਬ 'ਤੇ ਹਰ ਤਰਾਂ ਦਾ ਆਰਥਕ ਤੇ ਰਾਜਸੀ ਕੰਟਰੋਲ ਸਥਾਪਤ ਕੀਤਾ ਜਾ ਸਕੇ ਪਰ ਇਰਾਕ 'ਚ ਹੀ ਅਮਰੀਕਾ ਲਈ ਜਿਊਣਾ ਮੁਸ਼ਕਿਲ ਹੋ ਗਿਆ ਅਤੇ ਉਸ ਨੂੰ ਇਕ ਤਰ੍ਹਾਂ ਨਾਲ ਉਥੋਂ ਪੱਜਣਾ ਪੈ ਰਿਹਾ ਹੈ। ਪਰ ਇਸ ਤੋਂ ਪਹਿਲਾਂ ਉਹ ਹਰ ਤਰ੍ਹਾਂ ਨਾਲ ਯਕੀਨੀ ਬਣਾ ਲੈਣਾ ਚਾਹੁੰਦਾ ਹੈ ਕਿ ਇਰਾਕ 'ਚ ਉਸ ਦੇ ਸਾਮਰਾਜੀ ਆਰਥਕ ਹਿੱਤ ਸੁਰਖਿਅਤ ਰਹਿਣ। ਇਸ ਲਈ ਉਹ ਆਪਣੇ ਕਿਸੇ ਪਸੰਦੀਦਾ ਹਾਕਮ ਨੂੰ ਗੱਦੀ 'ਤੇ ਬਿਠਾਉਣ ਦੀ ਕੋਸ਼ਿਸ਼ 'ਚ ਲੱਗਿਆ ਹੋਇਆ ਹੈ ਪਰ ਆਖਰੀ ਚੋਣਾਂ ਵਿੱਚ ਲਟਕੀ ਹੋਈ ਪਾਰਲੀਮੈਂਟ ਹੋਂਦ 'ਚ ਆਈ ਅਤੇ ਲੰਬੀ ਉਡੀਕ ਦੇ ਬਾਵਜੂਦ ਅਜੇ ਤੱਕ ਇਸ ਰਾਜਸੀ ਸੰਕਟ ਦਾ ਕੋਈ ਹੱਲ ਨਹੀਂ ਕੱਢ ਸਕਿਆ ਹੈ। ਲੋਕ ਇਹ ਵੀ ਕਿ ਆਸ ਲਾਉਣ ਲੱਗੇ ਹਨ ਕਿ ਕੋਈ ਹੱਲ ਨਾ ਨਿਕਲ ਦੀ ਸੂਰਤ 'ਚ ਅਮਰੀਕੀ ਸ਼ਹਿ 'ਤੇ ਫੌਜੀ ਤਖਤਾ ਪਲਟ ਕਰ ਸਕਦੀ ਹੈ ਅਤੇ ਇਕ ਫੌਜੀ ਤਾਨਾਸ਼ਾਹੀ ਹੋਂਦ 'ਚ ਆ ਸਕਦੀ ਹੈ। ਹੈਰਾਨੀ ਦੀ ਗੱਲ ਨਹੀਂ ਸੀ ਕਿ ਓਬਾਮਾ ਨੇ ਆਪਣੇ ਭਾਸ਼ਣ ਵਿਚ ਅਸਿੱਧੇ ਤੌਰ 'ਤੇ ਬੁਸ਼ ਦੀ ਤਾਰੀਫ ਵੀ ਕੀਤੀ ਅਤੇ ਕਿਹਾ ਕਿ ਬੁਸ਼ ਵਲੋਂ ਇਰਾਕ 'ਚ ਕੀਤੇ ਗਏ "ਫੌਜੀ ਉਭਾਰ" ਨੇ ਇਰਾਕੀ ਵਿਰੋਧ ਨੂੰ ਘੱਟ ਕਰ ਦਿੱਤਾ ਅਤੇ ਇਰਾਕ ਨੂੰ ਸਥਿਰ ਕੀਤਾ। ਪਰ ਇਹ ਕਿਸ ਤਰ੍ਹਾਂ ਹੋਇਆ ਇਹ ਵੇਖਣਾ ਦਿਲਚਸਪ ਹੋਵੇਗਾ। ਇਰਾਕ ਜੰਗ ਪਿਛੋਂ ਮੁੜ ਵਸੇਬੇ ਦੇ ਨਾਂ 'ਤੇ ਕਰੋੜਾਂ ਦੇ ਠੇਕੇ ਅਮਰੀਕੀ ਕੰਪਨੀਆਂ ਨੂੰ ਦਿੱਤੇ ਗਏ। ਜਿਸ ਵਿਚ ਡਿਕ ਚੇਨੀ ਦੀ ਕੰਪਨੀ ਵੀ ਸ਼ਾਮਲ ਸੀ। ਜੋ ਕਿ ਬੁਸ਼ ਦਾ ਸਹਿਯੋਗੀ ਤੇ ਉਪਰਾਸ਼ਟਰਪਤੀ ਸੀ। ਇਸ ਤੋਂ ਇਲਾਵਾ ਇਰਾਕ ਦੀ ਤੇਲ ਦੀ ਦੋਲਤ ਦੀ ਇਰਾਕੀਆਂ ਨੇ ਖੂਬ ਲੁੱਟ ਮਚਾਈ। ਅਮਰੀਕਾ ਅਜੇ ਵੀ ਕਰੀਬ 8-7 ਅਰਬ

ਡਾਲਰ ਦੇ ਇਰਾਕੀ ਤੇਲ ਦਾ ਕੋਈ ਹਿਸਾਬ ਨਹੀਂ ਦੇ ਸਕਿਆ ਹੈ। ਇਹ ਅਮਰੀਕਾ ਦੇ "ਲੋਕ ਰਾਜ" ਦੀ ਸਥਾਪਨਾ ਦਾ ਆਪਣਾ 'ਸਟਾਈਲ' ਹੈ ਅਤੇ ਅਮਰੀਕੀ ਦੁਨੀਆਂ ਦੇ ਹਰ ਅਜਿਹੇ ਦੇਸ਼ ਵਿਚ ਅਮਰੀਕੀ 'ਸਟਾਈਲ' ਲੋਕਤੰਤਰ ਦੀ ਸਥਾਪਨਾ ਕਰ ਦੇਣਾ ਚਾਹੁੰਦਾ ਹੈ। ਜਿਸ ਦੀ ਸੱਤਾ ਉਸ ਦੇ ਸਾਮਰਾਜੀ ਮਨਸੂਬਿਆਂ ਦੇ ਉਲਟ ਆਚਰਣ ਕਰਦੀ ਹੈ। ਇਸ ਲੋਕਤੰਤਰ ਦਾ ਕੀ ਅਰਥ ਹੁੰਦਾ ਹੈ ਇਹ ਅੱਜ ਦੇ ਇਰਾਕ ਤੇ ਅਫਗਾਨਿਸਤਾਨ 'ਚ ਵੇਖਿਆ ਜਾ ਸਕਦਾ ਹੈ। ਓਬਾਮਾ ਨੂੰ ਜੋ ਲੋਕ ਬੁਸ਼ ਤੋਂ ਬੇਹਤਰ ਮੰਨਦੇ ਸਨ ਉਹਨਾਂ ਨੂੰ ਓਬਾਮਾ ਦਾ ਤਾਂ ਅਗਸਤ ਦਾ ਓਵਲ ਕਫਤਰੋਂ ਦਿੱਤਾ ਭਾਸ਼ਣ ਜ਼ਰੂਰ ਪੜਨਾ ਚਾਹੀਦਾ ਹੈ। ਇਸ 'ਚ ਵੀ ਹੈਰਾਨੀ ਦੀ ਕੋਈ ਗੱਲ ਨਹੀਂ ਹੈ ਕਿ ਓਬਾਮਾ ਨੇ ਆਪਣੇ ਭਾਸ਼ਣ 'ਚ ਇਕ ਥਾਂ ਵੀ ਇਰਾਕੀਆਂ ਦੇ ਦੁੱਖ-ਦਰਦ ਬਾਰੇ ਕੁਝ ਨਹੀਂ ਬੋਲਿਆ। ਇਸ ਲਈ ਇਰਾਕੀਆਂ ਤੋਂ ਕਦੀ ਮੁਆਫੀ ਨਹੀਂ ਮੰਗੀ ਗਈ ਕਿ ਇਰਾਕੀ ਲੋਕਾਂ ਦੇ 10 ਲੱਖ ਤੋਂ ਵੀ ਵੱਧ ਲੋਕਾਂ ਦੀ ਇਸ ਸਾਮਰਾਜੀ ਜੰਗ 'ਚ ਹੱਤਿਆ ਕਰ ਦਿੱਤੀ ਗਈ। ਇਰਾਕ ਦੇ ਪੂਰੇ ਤਾਣੇ-ਬਾਣੇ ਨੂੰ ਹੀ ਨਸ਼ਟ ਕਰ ਦਿੱਤਾ ਗਿਆ। ਇਰਾਕੀ ਅਰਥਚਾਰੇ ਦੀ ਕਮਰ ਟੁੱਟ ਗਈ ਜੋ ਅਸਲ 'ਚ ਦੁਨੀਆਂ ਦੇ ਖੁਸ਼ਹਾਲ ਅਰਥ ਚਾਰਿਆਂ 'ਚੋਂ ਹੋਇਆ ਕਰਦਾ ਸੀ। ਅੱਜ ਇਰਾਕ ਦੇ ਵੱਡੇ ਹਿੱਸਿਆਂ 'ਚ ਬਿਜਲੀ ਤੇ ਪਾਣੀ ਤੱਕ ਦਾ ਪ੍ਰਬੰਧ ਨਹੀਂ ਹੈ। ਬੇਰੁਜ਼ਗਾਰੀ ਅਸਮਾਨ ਛੂਹ ਰਹੀ ਹੈ। ਲੋਕਾਂ ਕੋਲ ਸਿੱਖਿਆ ਤੇ ਸਿਹਤ ਵਰਗੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ। ਅੱਜ ਦੇ ਇਰਾਕ ਨੂੰ ਵੇਖ ਕੇ ਕੋਈ ਅੰਨਾ ਵੀ ਦਸ ਸਕਦਾ ਹੈ ਕਿ ਸਦਾਮ ਹੁਸੈਨ ਵਰਗੇ ਸਰਵਸੱਤਾ ਵਾਦੀ ਹਾਕਮ ਦੀ ਹਕੂਮਤ ਤਹਿਤ ਉਹ ਕਿਤੇ ਬੇਹਤਰ ਹਾਲਤ ਵਿਚ ਸੀ। ਸਦਾਮ ਹੁਸੈਨ ਯਕੀਨਨ ਹੀ ਇਕ ਤਾਨਾਸ਼ਾਹ ਸੀ ਤੇ ਉਸ ਦੀ ਹਕੂਮਤ 'ਚ ਕੁਰਦਾਂ ਸਿਆ ਮੁਸਲਮਾਨ ਤੇ ਕਮਿਊਨਿਸਟ ਇਨਕਲਾਬੀ ਤਾਕਤਾਂ 'ਤੇ ਅਕਹਿ ਤੇ ਅਸਹਿ ਅਤਿਆਚਾਰ ਹੋਏ। ਪਰ ਕੌਣ ਇਸ ਗੱਲ ਨੂੰ ਭੁੱਲ ਸਕਦਾ ਹੈ ਕਿ ਇਹ ਉਹ ਦੌਰ ਸੀ ਜਦ ਸੁਦਾਮ ਹੁਸੈਨ ਖਿਲਾਫ ਅਮਰੀਕਾ ਦਾ ਮਿੱਤਰ ਹੁੰਦਾ ਸੀ? ਕੌਣ ਭੁੱਲ ਸਕਦਾ ਹੈ ਕਿ ਇਰਾਨ ਦੇ ਨਾਲ 10 ਸਾਲ ਦੀ ਜੰਗ ਦੌਰਾਨ ਇਰਾਨ ਨੂੰ ਹਥਿਆਰਾਂ ਦੀ ਸਪਲਾਈ ਅਮਰੀਕਾ ਤੋਂ ਹੋ ਰਹੀ ਸੀ। ਕੌਣ ਭੁੱਲ ਸਕਦਾ ਹੈ ਕਿ ਕੁਰਦਾਂ ਤੇ ਸਿਆ ਮੁਸਲਮਾਨਾਂ ਉਪਰ ਚੱਲਣ ਵਾਲੀ ਗੋਲੀਆਂ ਅਮਰੀਕਾ ਦੀਆਂ ਹੀ ਸਨ। ਉਸ ਸਮੇਂ ਵੀ ਸਦਾਮ ਹੁਸੈਨ ਅਮਰੀਕਾ ਦੇ ਦੋਸਤ ਸਨ। ਇਹ ਸੱਚ ਹੈ ਸੁਦਾਮ ਹੁਸੈਨ ਦੀ ਬਾਥ ਪਾਰਟੀ ਨੇ ਇਰਾਕ 'ਚ ਧਾਰਮਕ ਕੱਟੜਵਾਦ 'ਤੇ ਹਮਲਾ ਕੀਤਾ। ਇਰਾਕ ਦਾ ਅਧੁਨੀਕਰਨ ਕੀਤਾ ਅਤੇ ਕਈ ਹੋਰ ਅਗਾਂਹ ਵਧੂ ਕੰਮ ਕੀਤੇ। ਪਰ ਸਦਾਮ ਨੇ ਜੋ ਕੁਝ ਵੀ ਅਗਾਂਹ ਵਧੂ ਕੀਤਾ ਉਸ 'ਚ ਕੁਝ ਵੀ ਅਮਰੀਕੀ ਨਹੀਂ ਸੀ ਅਤੇ ਜੋ ਕੁਝ ਵੀ ਤਾਨਾਸ਼ਾਹੀਪੂਰਨ ਕੀਤਾ ਉਸ ਵਿੱਚ ਲਗਭਗ ਸਭ ਕੁਝ ਅਮਰੀਕੀ ਸੀ। ਸਦਾਮ ਹੁਸੈਨ ਦੀ ਹਕੂਮਤ ਤਹਿਤ ਘੱਟੋ-ਘੱਟ ਇਰਾਕੀਆਂ ਨੂੰ ਰਾਸ਼ਨਿੰਗ ਵਿਵਸਥਾ ਤਹਿਤ ਬੁਨਿਆਦੀ ਅਨਾਜ ਸਮੱਗਰੀ ਸੌਖੀ ਮੁਹਈਆ ਸਿੱਖਿਆ ਤੇ ਇਲਾਜ ਅਤੇ ਬਿਜਲੀ-ਪਾਣੀ ਮਿਲਦੇ ਸਨ। ਔਰਤਾਂ ਬਾਥ ਦੀ ਹਕੂਮਤ ਨੂੰ ਸਭ ਤੋਂ ਵੱਧ ਯਾਦ ਕਰਦੀਆਂ ਹਨ। ਕਿਉਂਕਿ ਇਸ ਦੌਰਾਨ ਉਹਨਾਂ ਨੂੰ ਹਰ ਉਹ ਅਧਿਕਾਰ ਹਾਸਲ ਸੀ ਜੋ ਪੱਛਮ 'ਚ ਔਰਤਾਂ ਨੂੰ ਹਾਸਲ ਹੈ। ਅਮਰੀਕੀ ਕਬਜ਼ੇ ਪਿੱਛੋਂ ਸਾਮਰਾਜ ਦੀਆਂ ਕਠਪੁਤਲੀਆਂ ਨੇ

ਔਰਤਾਂ ਨੂੰ ਇਸਲਾਮੀ ਹਕੂਮਤ ਅਧੀਨ ਕਰ ਦਿੱਤਾ ਹੈ। 1996 'ਚ ਆਮ ਇਰਾਕੀ ਜੀਵਨ ਅਰਸਾ 71 ਸਾਲ ਸੀ। ਜੋ 2007 'ਚ ਘੱਟ ਕੇ 67 ਸਾਲ ਰਹਿ ਗਿਆ ਸੀ। ਕੌਮਾਂਤਰੀ ਏਜੰਸੀਆਂ ਅਨੁਸਾਰ ਕਰੀਬ 5 ਲੱਖ ਇਰਾਕੀ ਬੱਚੇ ਜੰਗ ਦੇ ਸਦਮੇ ਵਿਚ ਹਨ। ਜੰਗ ਸ਼ੁਰੂ ਹੋਣ ਪਿਛੋਂ ਕਰੀਬ 40 ਲੱਖ ਇਰਾਕੀ ਉਜੜ ਚੁੱਕੇ ਹਨ। ਜਿਹਨਾਂ 'ਚੋਂ ਕਰੀਬ ਅੱਧੇ ਇਰਾਕ ਛੱਡਣ ਲਈ ਮਜ਼ਬੂਰ ਹੋ ਗਏ ਹਨ। ਇਰਾਕ 'ਤੇ ਅਮਰੀਕੀ ਕਬਜ਼ੇ ਦੌਰਾਨ ਸੁੰਨੀਆਂ, ਸਿਆ ਮੁਸਲਮਾਨਾਂ ਤੇ ਕੁਰਦਾਂ ਵਿਚਕਾਰ ਲਗਾਤਾਰ ਵਧਦਾ ਗਿਆ ਹੈ ਅਤੇ ਧਾਰਮਕ ਕੱਟੜ ਪੰਥ 'ਚ ਤਿੱਖਾ ਵਾਧਾ ਹੋਇਆ ਹੈ। ਹਰ ਮਹੀਨੇ ਕਰੀਬ 300 ਇਰਾਕੀ ਮਾਰੇ ਜਾਂਦੇ ਹਨ। ਇਰਾਕੀ ਮਜ਼ਬੂਰ ਜਮਾਤ ਵਿਸ਼ੇਸ਼ ਤੌਰ 'ਤੇ ਭਿਅੰਕਰ ਬਦਹਾਲੀ ਦਾ ਜੀਵਨ ਜਿਉਂ ਰਹੀ ਹੈ ਤੇ ਉਸ ਜੀਵਨ 'ਤੇ ਵੀ ਹਰ ਸਮੇਂ ਮਿਸਾਈਲਾਂ ਤੇ ਬੰਬਾਂ ਦੀ ਛਾਂ ਰਹਿੰਦੀ ਹੈ। ਅਮੀਰ ਜਮਾਤ ਤਾਂ ਆਪਣੀ ਸੁਰਖਿਆ ਖਰੀਦਣ ਲਈ ਕੋਈ ਕਦਮ ਉਠਾ ਵੀ ਸਕਦੇ ਹਨ। ਪਰ ਆਮ ਗਰੀਬ ਇਰਾਕੀ ਲੋਕਾਂ ਲਈ ਇਹ ਸੰਭਵ ਨਹੀਂ ਹੈ। ਅਮੀਰਾਂ ਦੇ ਇਕ ਗਿਣਨਯੋਗ ਹਿੱਸੇ ਨੇ ਸਮਝੌਤਾ ਪ੍ਰਸਤੀ ਵੀ ਕੀਤੀ ਹੈ। ਪ੍ਰਤੀਰੋਧ ਯੋਧਿਆਂ ਦੀ ਮਲੀਸ਼ੀਆ ਵਿਚ ਵੀ ਵੱਡੀ ਗਿਣਤੀ 'ਚ ਨਿਮਨ ਜਮਾਤ ਦੇ ਇਰਾਕੀ ਨੌਜਵਾਨ ਤੇ ਗਰੀਬ ਮਿਹਨਤਕਸ਼ ਇਰਾਕੀ ਸ਼ਾਮਲ ਹਨ। ਜ਼ਾਹਿਰ ਹੈ ਕਿ ਕਿਸੇ ਅਗਾਂਹਵਧੂ ਲੀਡਰਸ਼ਿਪ ਦੀ ਘਾਟ ਕਰਕੇ ਇਹਨਾਂ ਦਾ ਇਕ ਹਿੱਸਾ ਕੱਟੜਤਾ ਵੱਲ ਜਾ ਰਿਹਾ ਹੈ। ਪਰ ਅਮਰੀਕੀ ਸਾਮਰਾਜੀ ਕਬਜ਼ੇ ਦਾ ਇਕ ਫੀਸਦੀ ਵੀ ਬਾਕੀ ਰਹਿੰਦੇ ਲੋਕਾਂ ਲਈ ਸਭ ਤੋਂ ਅਹਿਮ ਅਮਰੀਕੀਆਂ ਨੂੰ ਖਦੇੜਣਾ ਅਤੇ ਆਪਣੀ ਆਬਰੂ ਦੀ ਰਾਖੀ ਹੈ। ਇਸ ਲਈ ਅੱਜ ਜੋ ਵੀ ਤਾਕਤ ਅਮਰੀਕੀਆਂ ਖਿਲਾਫ ਲੜਨ 'ਚ ਲੀਡਰਸ਼ਿਪ ਦੇਣ ਦੀ ਸਮਰੱਥਾ/ਜੁਅਰਤ ਰੱਖਦੀ ਹੈ। ਲੋਕ ਉਸ ਨਾਲ ਖੜ੍ਹੇ ਹਨ। ਇਹ ਸਾਮਰਾਜ ਹਨੇਰਗਰਦੀ, ਲਫਾਜੀ ਤੇ ਬੇਸ਼ਰਮੀ ਦੀ ਇੰਤਹਾ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਮੰਚ ਤੋਂ ਬੋਲਦਾ ਹੈ ਕਿ ਇਰਾਕੀ ਲੋਕਾਂ ਨੂੰ ਮੁਕਤ ਕਰ ਦਿੱਤਾ ਗਿਆ ਹੈ ਤੇ ਉਥੇ ਲੋਕਤੰਤਰ ਦੀ ਬਦਲੀ ਕਰ ਦਿੱਤੀ ਗਈ ਹੈ। ਇਹ ਆਪਣਾ ਖੂੰਖਾਰ ਚਿਹਰਾ ਛੁਪਾਉਣ ਦਿੱਤਾ ਬਿਆਨ ਲੱਗਦਾ ਹੈ। ਇਰਾਕੀ ਲੋਕਾਂ ਦੀਆਂ ਭਾਰੀ ਕੁਰਬਾਨੀਆਂ ਦੇ ਬਾਵਜੂਦ ਸਾਮਰਾਜ ਵਿਰੁੱਧ ਇਕ ਸੰਘਰਸ਼ ਕੀਤਾ ਤੇ ਅਮਰੀਕੀ ਫੌਜ ਦੀ ਧੱਕੇਸ਼ਾਹੀ ਸਾਹਮਣੇ ਗੋਡੇ ਨਹੀਂ ਟੇਕੇ। ਉਹਨਾਂ ਨੇ ਅਮਰੀਕੀਆਂ ਨੂੰ ਆਪਣਾ ਮਕਸਦ ਪੂਰਾ ਕੀਤੇ ਬਗੈਰ ਉਥੋਂ ਭੱਜਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਠੋਸੇ ਗਈ ਸਾਮਰਾਜੀ ਜੰਗ ਨੇ ਇਰਾਕ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਇਰਾਕ ਆਰਥਕ, ਰਾਜਸੀ ਤੇ ਸਭਿਆਚਾਰ ਤੌਰ 'ਤੇ ਖਿੰਡ ਜਾਣ ਵਾਲਾ ਹੈ ਅਤੇ ਕਈ ਸਾਲ ਪਿੱਛੇ ਚਲਾ ਗਿਆ ਹੈ। ਇਰਾਕੀ ਲੋਕਾਂ ਨੇ ਇਹ ਸਾਬਤ ਕਰ ਦਿੱਤਾ ਕਿ ਸਾਮਰਾਜ ਸਾਹਮਣੇ ਕੋਈ ਇਨਕਲਾਬੀ ਬਦਲ ਨਾ ਹੋਣ ਕਰਕੇ ਲੋਕ ਜਿੱਤ ਨਹੀਂ ਸਕਦੇ ਤਾਂ ਉਹ ਸਾਮਰਾਜੀ ਸ਼ਕਤੀਆਂ ਤੋਂ ਹਾਰ ਵੀ ਨਹੀਂ ਮੰਨਦੇ। ਅੱਜ ਸਾਮਰਾਜੀ ਹੱਲੇ ਤੇ ਕਬਜ਼ੇ ਨੂੰ ਜੜੋਂ ਪੁੱਟਣ ਤੇ ਉਸ ਨੂੰ ਹਰਾਉਣ ਦੀ ਤਾਕਤ ਮਜ਼ਦੂਰ ਜਮਾਤ ਦੀਆਂ ਇਨਕਲਾਬੀ ਸ਼ਕਤੀਆਂ ਦੀ ਅਗਵਾਈ 'ਚ ਹੀ ਹੋ ਸਕਦੀ ਹੈ।

# ਘਪਲਿਆਂ ਦਾ ਰਾਜਾ? ਦੂਰ ਸੰਚਾਰ ਘਪਲਾ?

ਦੇਸ਼ ਦੀ ਰਾਜਨੀਤੀ 'ਚ ਸਭ ਤੋਂ ਵੱਡਾ ਕਲੰਕ ਹੋਰ ਕੀ ਹੋਵੇਗਾ ਕਿ ਇਕ ਮੰਤਰੀ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਦੇਸ਼ ਨੂੰ ਅਰਬਾਂ ਰੁਪਏ ਦਾ ਰਗੜਾ ਲਾ ਦਿੱਤਾ। ਏ. ਰਾਜਾ ਨੂੰ 2-ਜੀ ਸਪੈਕਟਰਮ ਘਪਲੇ ਦੇ ਕੇਸ 'ਚ ਸਿੱਧੇ ਤੌਰ 'ਤੇ ਨਾਂ ਆ ਜਾਣ ਪਿਛੋਂ ਸੰਚਾਰ ਮੰਤਰੀ ਦਾ ਅਹੁਦਾ ਛੱਡਣਾ ਪਿਆ। ਏ. ਰਾਜਾ ਨੇ ਨਾ ਸਿਰਫ ਆਜ਼ਾਦੀ (1947 ਦੀ ਸੱਤਾ ਬਦਲੀ) ਪਿਛੋਂ ਸਭ ਤੋਂ ਵੱਡੇ ਘਪਲੇ ਨੂੰ ਅੰਜਾਮ ਦਿੱਤਾ ਬਲਕਿ ਬੜੀ ਢੀਠਤਾਈ ਨਾਲ ਕਹਿੰਦੇ ਰਹੇ। ਉਹ ਦੁੱਧ-ਧੋਤੇ ਹਨ। ਯੂ ਪੀ ਏ ਸਰਕਾਰ ਦੇ ਦੂਜੇ ਕਾਰਜਕਾਲ 'ਚ ਏ. ਰਾਜਾ ਨੇ ਸੰਚਾਰ ਮਨਿਸਟਰੀ ਲੈਣ ਲਈ ਆਪਣੇ ਪੱਖ 'ਚ ਖੂਬ ਗੁਟਬੰਦੀ ਕਰਵਾਈ ਸੀ। ਉਹਨਾਂ ਨੂੰ ਪਤਾ ਸੀ ਕਿ ਦੇਸ਼ ਦਾ ਭਵਿੱਖ ਜਿਸ ਮਹਿਕਮੇ 'ਤੇ ਸਭ ਤੋਂ ਵੱਧ ਨਿਰਭਰ ਹੈ, ਜੇ ਉਸ ਦੀ ਕਮਾਨ ਮਿਲ ਗਈ ਤਾਂ ਬੱਲੇ-ਬੱਲੇ। ਹੋਇਆ ਵੀ ਕੁਝ ਅਜਿਹਾ ਹੀ। ਰਾਜਾ ਨੂੰ ਸੰਚਾਰ ਮੰਤਰਾਲਾ ਮਿਲ ਗਿਆ। ਬੱਸ ਇਥੋਂ ਹੀ ਉਹਨਾਂ ਨੇ ਮਨਮਾਨੇ ਢੰਗ ਨਾਲ ਦੇਸ਼ 'ਚ ਸੰਚਾਰ ਮੁਹਈਆ ਕਰਵਾਉਣ ਵਾਲੀਆਂ ਕੰਪਨੀਆਂ ਨੂੰ ਹੀ ਕੰਮ ਸੌਂਪ ਦਿੱਤਾ। ਇਸ ਘਪਲੇ 'ਚ ਦੇਸ਼ ਨੂੰ 1.76 ਲੱਖ ਰੁਪਏ ਦਾ ਰਗੜਾ ਲੱਗਿਆ। 2-ਜੀ ਸਪੈਕਟ੍ਰਮ ਘਪਲੇ ਦੀ ਇਹ ਰਕਮ ਦੇਸ਼ ਦੇ ਰਖਿਆ ਬਜਟ ਜਿੰਨੀ ਹੈ। ਏਨਾ ਹੀ ਨਹੀਂ ਗੋਆ, ਛਤੀਸ਼ਗੜ੍ਹ, ਝਾਰਖੰਡ ਤੇ ਹਿਮਾਚਲ ਪ੍ਰਦੇਸ਼ ਦੀਆਂ ਵਿਕਾਸ ਯੋਜਨਾਵਾਂ ਦਾ ਸਲਾਨਾ ਬਜਟ ਵੀ ਏਨਾ ਨਹੀਂ ਹੁੰਦਾ ਹੈ। ਰਾਜ ਦਾ ਤਾਜ ਫਿਲਹਾਲ ਖੁਸ ਗਿਆ ਹੈ। 2-ਜੀ ਸਪੈਕਟ੍ਰਮ ਮਾਮਲੇ 'ਚ ਸੀ ਬੀ ਆਈ ਨੇ ਅਦਾਲਤ 'ਚ ਕੇਸ ਦਾਇਰ ਕਰ ਰਖਿਆ ਹੈ। ਦੇਸ਼ ਦੇ ਖਰਚੇ ਤੇ ਆਮਦਨ ਦੀ ਪਾਈ-ਪਾਈ ਦਾ ਹਿਸਾਬ ਰੱਖਣ ਵਾਲੀ ਸੀ ਏ ਜੀ ਨੇ ਵੀ ਸਾਫ ਮੰਨਿਆ ਕਿ ਏ ਰਾਜਾ ਦੀ ਰਹਿਨੁਮਾਈ ਵਾਲੇ ਸੰਚਾਰ ਮੰਤਰਾਲੇ ਨੇ ਨਿਯਮਾਂ ਤੇ ਕਾਇਦੇ-ਕਨੂੰਨਾਂ ਦੀਆਂ ਧੱਜੀਆਂ ਉੜਾਉਂਦੇ ਹੋਇਆਂ ਦੇਸ਼ ਦੀ ਗਰੀਬ ਜਨਤਾ ਨਾਲ ਧੋਖਾ ਕੀਤਾ ਹੈ। ਅਫਸੋਸ ਤਾਂ ਇਹ ਹੈ ਕਿ ਏ-ਰਾਜਾ ਵਰਗੇ ਰਾਜਸੀ ਨੇਤਾਵਾਂ ਦੀ ਦੇਸ਼ 'ਚ ਘਾਟ ਨਹੀਂ ਹੈ। ਉਹ ਦੱਖਣ ਤੋਂ ਲੈ ਕੇ ਉੱਤਰ ਤੱਕ ਅਤੇ ਪੂਰਬ ਤੋਂ ਲੈ ਕੇ ਪੱਛਮ ਤਕ ਫੈਲੇ ਹੋਏ ਹਨ। ਦੇਸ਼ 'ਚ ਦੂਰਸੰਚਾਰ ਮੰਤਰਾਲੇ ਦੀ ਘੰਟੀ ਜਿਸ ਬੰਦੇ ਦੇ ਇਸ਼ਾਰੇ 'ਤੇ ਵੱਜਦੀ ਸੀ, ਉਸ ਦੇ ਫੋਨ 'ਤੇ ਵੱਜੀ ਇਕ ਘੰਟੀ ਨੇ ਉਸ ਨੂੰ ਫੋਰਨ ਜ਼ਮੀਨ 'ਤੇ ਲਿਆ ਪਟਕਿਆ। ਅਜੇ ਤੱਕ ਦੇਸ਼ ਦੇ ਲੋਕਾਂ 'ਚ ਇਹ ਧਾਰਨਾ ਸੀ ਕਿ ਉੱਤਰ ਦੇ ਮੁਕਾਬਲੇ ਦੱਖਣੀ ਭਾਰਤ ਦੇ ਰਾਜਨੇਤਾ ਕੁਝ ਇਮਾਨਦਾਰ ਹੁੰਦੇ ਹਨ ਪਰ ਏ-ਰਾਜਾ ਨੇ ਦੇਸ਼ ਦੇ ਲੋਕਾਂ ਦੀ ਇਹ ਧਾਰਨਾ ਦੀਆਂ ਧੱਜੀਆਂ ਉਡਾ ਦਿੱਤੀਆਂ। ਉਹ 1947 ਦੇ ਸੱਤਾ ਸਮਝੌਤੇ ਪਿਛੋਂ ਇਸ ਸਭ ਤੋਂ ਵੱਡੇ ਘੁਟਾਲੇ ਦੇ ਨਾਇਕ ਬਣੇ। 2-ਜੀ ਸਪੈਕਟ੍ਰਮ ਮਾਮਲੇ 'ਚ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਦਾ ਦੋਸ਼ ਉਹਨਾਂ 'ਤੇ ਇਕ ਸਾਲ ਤੋਂ ਲੱਗ ਰਿਹਾ ਸੀ। ਰਾਜ ਅਤੇ ਉਹਨਾਂ ਦੇ 'ਗੁਰੂ ਘੰਟਾਲ' ਕਰੁਣਾਨਿਧੀ ਨੂੰ ਲੱਗ ਰਿਹਾ ਸੀ ਕਿ ਹੁਣ ਕੁਝ ਨਹੀਂ ਹੋਣਾ, ਸਭ ਸ਼ਾਂਤ ਹੋ ਜਾਵੇਗਾ। 2-ਜੀ ਸਪੈਕਟ੍ਰਮ ਪ੍ਰਾਪਤ ਕਰਨ ਵਾਲੀਆਂ ਕੰਪਨੀਆਂ

ਗਾਹਕਾਂ ਨੂੰ ਆਪਣੀਆਂ ਸੇਵਾਵਾਂ ਦੇ ਰਹੀਆਂ ਹਨ, ਅਤੇ ਯੂ ਪੀ ਏ ਸਰਕਾਰ ਵੀ ਇਸ ਮੁੱਦੇ ਸਬੰਧੀ ਗੰਭੀਰ ਨਹੀਂ ਦਿੱਸਦੀ। ਪਰ ਸਰਦ ਰੁੱਤ ਦੇ ਸੰਸਦ ਸੈਸ਼ਨ 'ਚ ਇਕਜੁੱਟ ਵਿਰੋਧੀ ਧਿਰ ਨੇ ਜਿਵੇਂ ਸਰਕਾਰ ਨੂੰ ਘੇਰਿਆ ਹੈ, ਉਸ ਨਾਲ ਕਾਂਗਰਸ ਦੀ ਨੀਂਦ ਹਰਾਮ ਹੋ ਗਈ ਹੈ। ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਜਿਸ ਦਿਨ ਸੈਸ਼ਨ ਸ਼ੁਰੂ ਹੋਇਆ ਉਸ ਦਿਨ ਹੀ ਹਫਤੇ ਭਰ ਲਈ ਮੁਲਤਵੀ ਕਰ ਦਿੱਤਾ ਜਾਵੇ। ਰਾਜਾ ਮਾਮਲੇ 'ਚ ਅਜੇ ਵੀ ਅੜਿੱਕਾ ਜਾਰੀ ਹੈ। ਏ ਰਾਜਾ ਨੇ ਆਪਣਾ ਅਹੁਦਾ ਤਾਂ ਛੱਡ ਦਿੱਤਾ ਪਰ ਉਹ ਇਸ ਪਿੱਛੇ ਕਈ ਵੱਡੇ ਸੁਆਲ ਛੱਡ ਗਏ। ਦੇਸ਼ ਦੀ ਰਾਜਨੀਤੀ 'ਚ ਇਹਨਾਂ ਸਵਾਲਾਂ ਦੇ ਜਵਾਬ ਲੱਭੇ ਜਾਣੇ ਬਹੁਤ ਜ਼ਰੂਰੀ ਹਨ। ਵਰਨਾ ਰਾਜਾ ਵਰਗੇ ਨੇਤਾ ਇਸੇ ਤਰ੍ਹਾਂ ਹੀ ਦੇਸ਼ ਦੇ ਲੋਕਾਂ ਨਾਲ ਵਿਸਵਾਸ਼ਘਾਤ ਕਰਦੇ ਰਹਿਣਗੇ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਰਾਜਾ ਸਬੰਧੀ ਕਾਫੀ ਦੇਰ ਚੁੱਪ ਕਿਉਂ ਵੱਟੀ ਰੱਖੀ? ਦੇਸ਼ 'ਚ ਦੂਰ ਸੰਚਾਰ ਸੇਵਾਵਾਂ ਮੁਹਈਆ ਕਰਵਾਉਣ ਵਾਲੀਆਂ ਕੰਪਨੀਆਂ ਦੇ ਦਲਾਲਾਂ ਨੇ ਜਿਸ ਤਰ੍ਹਾਂ ਸੰਚਾਰ ਮੰਤਰਾਲੇ ਨੂੰ ਆਪਣਾ ਸਥਾਈ ਅੱਡਾ ਬਣਾਇਆ, ਅਜਿਹਾ ਦੇਸ਼ ਦੇ ਇਤਿਹਾਸ 'ਚ ਪਹਿਲਾਂ ਕਦੀ ਨਹੀਂ ਹੋਇਆ। ਦਰਅਸਲ 2-ਜੀ ਸਪੈਕਟ੍ਰਮ ਮਾਮਲੇ ਦਾ ਬਲਿਊ ਪ੍ਰਿੰਟ 2006 'ਚ ਕਰੁਣਾਨਿਧੀ ਦੇ ਨੇੜਲੇ ਰਿਸ਼ਤੇਦਾਰ ਦਯਾਨਿਧੀ ਮਾਰਨ ਨੇ ਹੀ ਤਿਆਰ ਕਰ ਦਿੱਤਾ ਸੀ। ਦਯਾਨਿਧੀ 2006 'ਚ ਕੇਂਦਰ 'ਚ ਮੰਤਰੀ ਸਨ। ਉਹਨਾਂ ਨੂੰ ਵੀ 2-ਜੀ ਸਪੈਕਟ੍ਰਮ ਦੀ ਅਲਾਟਮੈਂਟ 'ਚ ਭਾਰੀ ਰੁਚੀ ਸੀ। ਦਯਾਨਿਧੀ ਮਾਰਨ ਦੇ ਦੱਖਣੀ ਭਾਰਤ 'ਤੇ ਵਿਦੇਸ਼ 'ਚ ਬਹੁਤ ਸਾਰੇ ਉਦਯੋਗ ਧੰਦੇ ਹਨ। ਉਹ ਸੰਚਾਰ ਮੰਤਰੀ ਦੀ ਹੈਸੀਅਤ ਨਾਲ ਆਪਣੇ ਸਕੇ ਸੰਬੰਧੀਆਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਸਨ ਪਰ ਕਰੁਣਾਨਿਧੀ ਨੇ ਜਦ ਵੇਖਿਆ ਕਿ ਦਯਾਨਿਧੀ 2-ਜੀ ਸਪੈਕਟ੍ਰਮ ਦੀ ਖੇਡ 'ਚ ਸਾਰਾ ਮਾਲ ਆਪ ਹੀ ਹੜੱਪਣਾ ਚਾਹੁੰਦੇ ਹਨ ਤਾਂ ਉਹਨਾਂ ਨੇ ਉਸ ਦੀ ਮੰਤਰੀ ਮੰਡਲ ਤੋਂ ਛੁੱਟੀ ਕਰਕੇ ਆਪਣੇ ਭਰੋਸੇਮੰਦ ਏ-ਰਾਜਾ ਦਾ ਸੰਚਾਰ ਮੰਤਰਾਲੇ 'ਚ ਦਾਖਲਾ ਕਰਵਾ ਦਿੱਤਾ। ਇਥੇ ਇਹ ਗੱਲ ਦੱਸਣੀ ਕੁਥਾਂਏ ਨਹੀਂ ਹੋਵੇਗੀ ਕਿ ਚੇਨਈ 'ਚ ਬੈਠੇ ਕਰੁਣਾਨਿਧੀ ਆਪਣੇ ਆਦਮੀਆਂ ਦੇ ਆਸਰੇ ਸੰਚਾਰ ਮੰਤਰਾਲੇ ਦੀ ਹਰ ਸਰਗਰਮੀ 'ਤੇ ਨਜ਼ਰ ਰੱਖਦੇ ਸਨ ਅਤੇ ਚੇਨਈ ਤੋਂ ਹੀ ਰਾਜਾ ਨੂੰ ਹੁਕਮ ਦੇ ਰਹੇ ਸਨ ਕਿ ਕੀ ਕਰਨਾ ਹੈ ਯਾਨੀ ਡੀ ਐਮ ਕੇ ਕੋਟੇ ਦੇ ਦੋਨੋ ਸੰਚਾਰ ਮੰਤਰੀਆਂ ਨੇ 2-ਜੀ ਸਪੈਕਟ੍ਰਮ ਮਾਮਲੇ 'ਚ ਦੱਬ ਕੇ ਚੰਮ ਦੀਆਂ ਚਲਾਈਆਂ। ਪ੍ਰਧਾਨ ਮੰਤਰੀ ਦੀ ਵੀ ਅਣਸੁਣੀ ਕਰਦਿਆਂ ਦੋਨੋ ਮੰਤਰੀਆਂ ਨੇ ਭਾਰੀ ਬੇ ਨਿਯਮੀਆਂ ਕੀਤੀਆਂ। ਸੰਸਦ ਦੀ ਮੇਜ਼ 'ਤੇ ਰੱਖੀ ਸੀ. ਏ. ਜੀ. ਦੀ 77 ਸਫਿਆਂ ਦੀ ਰਿਪੋਰਟ 'ਚ ਇਸ ਗੱਲ ਦਾ ਸਪੱਸ਼ਟ ਜ਼ਿਕਰ ਹੈ ਕਿ ਇਸ ਮਾਮਲੇ 'ਚ ਦੋਨੋ ਮੰਤਰੀਆਂ ਨੇ PMO ਦੇ ਹੁਕਮਾਂ ਨੂੰ ਕੋਈ ਤਰਜੀਹ ਨਹੀਂ ਦਿੱਤੀ ਬਲਕਿ ਦਯਾਨਿਧੀ ਮਾਰਨ ਨੇ ਤਾਂ ਫਰਵਰੀ 2006 'ਚ ਪ੍ਰਧਾਨ ਮੰਤਰੀ ਨੂੰ ਲਿਖੀ ਆਪਣੀ ਚਿੱਠੀ 'ਚ ਕਿਹਾ ਕਿ ਮੰਤਰੀਆਂ ਦਾ ਸਮੂਹ (GMO) 2-ਜੀ ਸਪੈਕਟ੍ਰਮ ਮਾਮਲੇ 'ਚ ਦਖਲ ਨਾ ਦੇਵੇ। ਪੀ. ਐਮ. ਓ. ਦੀ ਸਾਜਿਸ਼ੀ ਚੁੱਪ ਪਿਛੋਂ ਏ. ਰਾਜਾ ਨੂੰ ਖੰਭ ਲੱਗ ਗਏ। ਉਹਨਾਂ ਨੇ ਕਈ ਕੰਪਨੀਆਂ ਨੂੰ ਨਿਧਾਰਿਤ ਹੱਦ ਤੋਂ ਵੱਧ ਮੇਗਾ ਹਰਟਜ਼ ਅਲਾਟ ਕਰ ਦਿੱਤਾ। ਮਜ਼ੇਦਾਰ ਗੱਲ ਇਹ ਸੀ ਕਿ

ਰਾਜਾ ਜਿਸ ਵਿਭਾਗ ਦੇ ਮੰਤਰੀ ਸਨ ਉਸ ਵਿਭਾਗ ਦੇ ਅਧਿਕਾਰੀਆਂ ਦੀਆਂ ਗੱਲਾਂ ਨੂੰ ਉਹ ਕੋਈ ਤਰਜੀਹ ਨਹੀਂ ਦਿੰਦੇ ਸਨ। ਦੂਰ ਸੰਚਾਰ ਵਿਭਾਗ (ਡਾਟਾ) ਦੇ ਸਾਰੇ ਅਫਸਰ ਹੁਣ ਕਹਿ ਰਹੇ ਹਨ ਕਿ ਉਹਨਾਂ ਨੇ ਬਹੁਤ ਪਹਿਲਾਂ ਸੰਚਾਰ ਮੰਤਰੀ ਨੂੰ ਚਿੰਤਾ ਕਰਵਾ ਦਿੱਤਾ ਸੀ ਕਿ ਉਹ ਸੰਚਾਰ ਮੰਤਰਾਲੇ ਦੇ ਨਿਯਮਾਂ ਦੇ ਉਲਟ ਜਾ ਕੇ ਕੰਮ ਕਰ ਰਹੇ ਹਨ। ਇਸ ਨਾਲ ਆਉਣ ਵਾਲੇ ਵਕਤ 'ਚ ਵਿਭਾਗ ਨੂੰ ਨੱਕ ਬਚਾਉਣਾ ਮੁਸ਼ਕਿਲ ਹੋ ਜਾਵੇਗਾ। ਸਾਬਕਾ ਕੇਂਦਰੀ ਮੰਤਰੀ ਸੁਬਰਾਮਨੀਅਮ ਸੁਆਮੀ ਨੇ ਸੈਪਕਟਰਮ ਘੁਟਾਲੇ ਸਬੰਧੀ 2007 'ਚ ਅਦਾਲਤ 'ਚ ਇਕ ਪਟੀਸ਼ਨ ਦਾਇਰ ਕਰਕੇ ਪੀ ਐਮ ਓ ਤੇ ਦੂਰ ਸੰਚਾਰ ਮੰਤਰਾਲੇ ਤੋਂ ਜਵਾਬ ਮੰਗਿਆ ਸੀ। ਪਰ ਪੀ ਐਮ ਓ ਨੇ ਇਸ ਸਬੰਧੀ ਬੇਹੱਦ ਸੁਸਤੀ ਵਿਖਾਈ। ਰਾਜ ਦੇ ਅਸਤੀਫੇ ਪਿਛੋਂ ਅਦਾਲਤ ਨੇ ਸਬਰਾਮਨੀਅਮ ਸੁਆਮੀ ਨੂੰ ਕਿਹਾ ਕਿ ਜੇ ਉਹ ਚਾਹੁਣ ਤਾਂ ਉਹ ਏ-ਰਾਜਾ ਦੇ ਖਿਲਾਫ ਅਪਰਾਧਿਕ ਮਾਮਲਾ ਦਰਜ ਕਰਵਾ ਸਕਦੇ ਹਨ। ਅਦਾਲਤ ਨੇ ਇਸ ਸਬੰਧੀ ਬੇਹੱਦ ਸਖਤ ਫੈਸਲਾ ਲੈਂਦੇ ਹੋਇਆਂ ਪੀ ਐਮ ਓ ਨੂੰ ਜਵਾਬ ਦੇਣ ਲਈ ਕਿਹਾ। ਕਾਬਿਲੇ ਗੌਰ ਹੈ ਕਿ ਰਾਜਾ 'ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਹੀਂ ਹੋਇਆ। ਉਹ ਪੂਰੀ ਢੀਠਤਾਈ ਵਿਖਾਉਂਦਿਆਂ ਸਪੈਕਟ੍ਰਮ ਦੇ ਲਾਇਸੰਸ ਵੰਡਦੇ ਰਹੇ। ਸੰਸਦ 'ਚ ਇਸ ਮੁੱਦੇ 'ਤੇ ਬਹਿਸ਼ ਦੀ ਮੰਗ ਕਰਦਿਆਂ ਸਮੁੱਚੀ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਨਿਸ਼ਾਨੇ 'ਤੇ ਰੱਖ ਲਿਆ। ਪ੍ਰਧਾਨ ਮੰਤਰੀ ਨੇ ਪਤਾ ਹੋਣ ਦੇ ਬਾਵਜੂਦ ਚੁੱਪ ਧਾਰੀ ਰੱਖੀ। ਜਿਸ ਦਾ ਮਤਲਬ ਹੈ ਕਿ ਇਸ ਖੇਡ 'ਚ ਕਾਂਗਰਸ ਵੀ ਸ਼ਾਮਲ ਹੈ। ਕਾਂਗਰਸ ਡੀ ਐਮ ਕੇ ਤੋਂ ਪੱਲਾ ਛਡਾਉਣ ਦੇ ਹੱਕ 'ਚ ਨਹੀਂ ਰਹੀ। ਸੰਚਾਰ ਮੰਤਰਾਲੇ ਦੇ ਇਸ ਘਪਲੇ ਨੇ ਇਕ ਵਾਰੀ ਫਿਰ ਸੁਖਰਾਮ ਦੀ ਯਾਦ ਤਾਜਾ ਕਰ ਦਿੱਤੀ। ਉਸ ਵਕਤ ਵੀ ਇਸ ਘਪਲੇ ਨੇ ਦੂਰ ਸੰਚਾਰ ਮੰਤਰਾਲੇ ਤੇ ਕਾਂਗਰਸ ਨੂੰ ਸ਼ਰਮਸਾਰ ਕੀਤਾ ਸੀ। ਪਰ ਏ-ਰਾਜ ਦਾ ਮਾਮਲਾ ਸੁਖਰਾਮ ਤੋਂ ਕਿਤੇ ਵੱਡਾ ਤੇ ਗੰਭੀਰ ਹੈ। ਰਾਜਾ ਨੇ ਨਾ ਸਿਰਫ ਦੇਸ਼ ਦੇ ਲੋਕਾਂ ਨਾਲ ਹੀ ਵਿਸਵਾਸ਼ਘਾਤ ਕੀਤਾ ਬਲਕਿ ਸੰਵਿਧਾਨ ਮਾਨਤਾਵਾਂ ਨੂੰ ਤਹਿਸ-ਨਹਿਸ ਕਰਕੇ ਦਲਾਲਾਂ ਦੇ ਹੱਥਾਂ 'ਚ ਪੂਰਾ ਸਪੈਕਟ੍ਰਮ ਹੀ ਸੌਂਪ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਸੀ. ਬੀ. ਆਈ. ਤੇ ਆਮਦਨ ਟੈਕਸ ਵਿਭਾਗ ਹੁਣ ਰਾਜਾ ਦੀਆਂ ਜਾਇਦਾਦਾਂ ਜਾਂਚ ਰਹੇ ਹਨ। ਰਾਜਾ ਦੇ ਸਾਬਕਾ ਨਿੱਜੀ ਸਹਾਇਕ ਦੀ ਭਾਲ 'ਚ ਵੀ ਸੀ ਬੀ ਆਈ ਦੇ ਦੂਤ ਦੱਖਣੀ ਭਾਰਤ ਦੇ ਸ਼ਹਿਰਾਂ ਦੀ ਖਾਕ ਛਾਣ ਰਹੇ ਹਨ। ਰਾਜਾ ਦੀ ਪਤਨੀ ਜਿਸ ਕੰਪਨੀ ਨੂੰ ਚਲਾਉਂਦੀ ਹੈ, ਉਸ 'ਚ ਲੱਗੇ ਧਨ ਦੇ ਸਰੋਤ ਤੇ ਰਾਜਾ ਦੀਆਂ ਵਿਦੇਸ਼ਾਂ 'ਚ ਜਾਇਦਾਦਾਂ ਦੇ ਵੇਰਵਿਆਂ ਦੀ ਵੀ ਭਾਲ ਕੀਤੀ ਜਾ ਰਹੀ ਹੈ। ਵਿਰੋਧੀ ਧਿਰ ਇਸ ਸਬੰਧੀ ਸਾਂਝੀ ਸੰਸਦੀ ਕਮੇਟੀ ਦੀ ਮੰਗ ਕਰ ਰਿਹਾ ਹੈ ਕਿਉਂਕਿ ਜੇ. ਪੀ. ਸੀ. ਦੀ ਰਿਪੋਰਟ ਪਿੱਛੋਂ ਸਰਕਾਰ ਨੂੰ ਉਸ ਦੀ ਸੱਚਾਈ ਸੰਸਦ ਦੇ ਮੰਚ 'ਤੇ ਰੱਖਣੀ ਜਰੂਰੀ ਹੋ ਜਾਵੇਗੀ ਜਿਸ ਪਿੱਛੋਂ ਸਾਰਾ ਦੇਸ਼ ਰਾਜਾ ਦੀ ਕਾਰਜ ਸੁਤਾਨੀਆਂ ਦੇ ਰੂ-ਬ-ਰੂ ਹੋਵੇਗਾ। ਪ੍ਰਧਾਨ ਮੰਤਰੀ ਨੇ ਏ. ਰਾਜਾ ਵਲੋਂ ਅੱਖਾਂ ਬੰਦ ਕਰ ਰੱਖੀਆਂ ਸਨ ਕਿ ਕਰੁਣਾਨਿਧੀ ਉਹਨਾਂ ਨੂੰ ਅੱਖਾਂ ਨਾ ਵਿਖਾਵੇ। ਜਾਣਕਾਰ ਦਾ ਕਹਿਣਾ ਹੈ ਕਿ ਜਦੋਂ ਤੋਂ ਦੇਸ਼ 'ਚ ਆਰਥਕ ਉਦਾਰੀਕਰਨ ਦੀ ਬਹਾਰ ਸ਼ੁਰੂ ਹੋਈ ਹੈ ਓਦੋਂ ਤੋਂ ਭ੍ਰਿਸ਼ਟਾਚਾਰ ਬਹੁਤ

ਵਧ ਗਿਆ ਹੈ। ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਹੁਣ ਨੌਕਰਸ਼ਾਹਾਂ ਤੋਂ ਰਾਜਸੀ ਨੇਵਾਵਾਂ ਤੱਕ ਫੈਲ ਚੁੱਕੀਆਂ ਹਨ। ਸਪੈਕਟ੍ਰਮ ਮਾਮਲੇ 'ਚ ਏ-ਰਾਜਾ ਨੇ ਜਿਸ ਤਰ੍ਹਾਂ ਕਨੂੰਨ ਤੇ ਵਿੱਤ ਮੰਤਰਾਲੇ ਦੀਆਂ ਘੜੀਆਂ ਨੂੰ ਨਜ਼ਰ ਅੰਦਾਜ਼ ਕੀਤਾ ਸ਼ਾਇਦ ਹੀ ਦੇਸ਼ ਦੇ ਕਿਸੇ ਕੈਬਨਿਟ ਮੰਤਰੀ ਨੇ ਕਦੇ ਅਜਿਹਾ ਕੀਤਾ ਹੋਵੇ? 2007 'ਚ ਉਸ ਵੇਲੇ ਦੇ ਵਿੱਤ ਸਕੱਤਰ ਅਸ਼ੋਕ ਝਾਅ ਨੇ ਕੈਬਨਿਟ ਸਕੱਤਰ ਨੂੰ ਚਿੱਠੀ ਲਿਖ ਕੇ ਚੇਤਾ ਕਰਵਾ ਦਿੱਤਾ ਸੀ ਕਿ ਜੇ ਸਪੈਕਟ੍ਰਮ ਦਾ ਮੁੱਲ ਨਿਰਧਾਰਿਣ GOM ਦੇ ਦਾਇਰੇ ਤੋਂ ਬਾਹਰ ਕੀਤਾ ਜਾਵੇਗਾ ਤਾਂ ਉਸ ਦੇ ਘਾਤਕ ਸਿੱਟੇ ਹੋ ਸਕਦੇ ਹਨ। ਵਿੱਤ ਸਕੱਤਰ ਅਸ਼ੋਕ ਝਾਅ ਨੇ 19 ਅਪ੍ਰੈਲ 2007 ਨੂੰ ਕੈਬਨਿਟ ਸਕੱਤਰ ਨੂੰ ਲਿਖੇ ਖੱਤ 'ਚ ਸਾਫ਼ ਕਿਹਾ ਸੀ ਕਿ ਜੇ ਸਪੈਕਟ੍ਰਮ ਨੂੰ ਮਨਮਾਨੇ ਢੰਗ ਨਾਲ ਅਲਾਟ ਕੀਤਾ ਗਿਆ ਤਾਂ ਭਾਰਤੀ ਅਰਥਚਾਰੇ 'ਤੇ ਇਸ ਦੇ ਦੂਰਗਾਮੀ ਅਸਰ ਪੈਣਗੇ। ਪਰ ਵਿੱਤ ਸਕੱਤਰ ਦੇ ਇਸ ਪੱਤਰ ਨੂੰ ਕੋਈ ਅਹਿਮੀਅਤ ਹੀ ਨਹੀਂ ਦਿੱਤੀ ਗਈ ਅਤੇ ਰਾਜਾ ਆਪਣੇ ਕੰਮ 'ਚ ਮਘਨ ਹੀ ਰਹੇ। ਰਾਜਾ ਅਜਿਹੇ ਮੰਤਰੀ ਸਨ ਜਿਹਨਾਂ ਨੂੰ ਇਕ ਵਾਰੀ 'ਚ ਸਮਝ ਸਕਣਾ ਔਖਾ ਸੀ। ਉਹ ਦਲਾਲਾਂ ਦੇ ਹੱਥਾਂ 'ਚ ਖੇਡ ਰਹੇ ਸਨ। ਦੂਜੇ ਪਾਸੇ ਕਰੁਣਾਨਿਧੀ ਉਹਨਾਂ 'ਤੇ ਲਗਾਤਾਰ ਨਿਗਾਹ ਰੱਖ ਰਹੇ ਸਨ। ਰਾਜਾ ਨਾਲ ਜਿਸ ਨਿੱਜੀ ਸਕੱਤਰ ਨੂੰ ਲਾਇਆ ਗਿਆ ਸੀ ਉਹ ਰਾਜਾ ਪ੍ਰਤੀ ਨਹੀਂ ਬਲਕਿ ਡੀ ਐਮ ਕੇ ਸੁਪਰੀਮੋ ਪ੍ਰਤੀ ਵਫਾਦਾਰੀ ਨਿਭਾ ਰਿਹਾ ਸੀ। ਇਸ ਸਾਰੇ ਘਪਲੇ 'ਚ ਕਈ ਵੱਡੇ ਸਵਾਲ ਸ਼ੀਸ਼ੇ ਵਾਂਗੂੰ ਸਾਫ ਹੋ ਗਏ ਹਨ। ਅੰਦੀਮੁਥੂ ਰਾਜਾ ਤੋਂ ਇਲਾਵਾ ਸਾਬਕਾ ਸੰਚਾਰ ਮੰਤਰੀ ਤੇ ਕਈ ਵੱਡੇ ਪ੍ਰਸਾਸ਼ਨਿਕ ਅਫਸਰ ਇਸ ਮਕੜ ਜਾਲ 'ਚ ਉਲਝੇ ਹਨ। ਯੂ ਪੀ ਏ ਸਰਕਾਰ ਉਹਨਾਂ ਨੂੰ ਬਚਾਉਣ 'ਚ ਲੱਗੀ ਹੋਈ ਹੈ। ਰਾਜਾ ਨੂੰ ਲੱਗਦਾ ਹੈ ਕਿ ਸਮਾਂ ਪਾ ਕੇ ਦੇਸ਼ ਇਸ ਘਪਲੇ ਨੂੰ ਭੁੱਲ ਜਾਵੇਗਾ ਕਿਉਂਕਿ ਇਸ ਤੋਂ ਪਹਿਲਾਂ ਵੀ ਦੇਸ਼ ਕਈ ਘਪਲਿਆਂ ਨੂੰ ਭੁਲਾ ਚੁੱਕਿਆ ਹੈ। ਇਸ ਮਾਮਲੇ 'ਚ ਕੋਈ ਸ਼ਰਮਿੰਦਾ ਨਹੀਂ ਹੈ-ਨਾ ਸਰਕਾਰ, ਨਾ ਰਾਜਾ, ਨਾ ਡੀ. ਐਮ. ਕੇ. ਤੇ ਨਾ ਹੀ ਭ੍ਰਿਸ਼ਟ ਅਧਿਕਾਰੀ। ਭਾਰਤੀ ਰਾਜਨੀਤੀ ਦੇ ਇਤਿਹਾਸ 'ਚ ਕਿਤੇ ਇਹ ਘਪਲਾ ਵੀ ਦੂਜੇ ਘਪਲਿਆਂ ਵਾਗੂੰ ਫਾਇਲਾਂ 'ਚ ਦਬ ਕੇ ਹੀ ਨਾ ਰਹਿ ਜਾਵੇ।

# ਉਤਰ ਪ੍ਰਦੇਸ਼ ਦਾ ਗੰਨਾ ਕਿਸਾਨ ਸੰਘਰਸ਼ ਕੀ ਹੈ?

ਪਿਛਲੀਆਂ ਲੋਕ ਸਭਾ ਚੋਣਾਂ 'ਚ ਹੋਰ ਵਧ ਮਜ਼ਬੂਤ ਹੋ ਕੇ ਨਿਕਲੀ ਕਾਂਗਰਸ ਤੇ ਉਸ ਦੀ ਯੂ. ਪੀ. ਏ. ਸਰਕਾਰ ਬੇਹੱਦ ਹੰਕਾਰੀ ਹੋਈ ਹੈ। ਇਸ ਲਈ ਉਸ ਨੇ ਦੇਸ਼ ਦੇ ਆਮ ਲੋਕਾਂ ਦੇ ਸਾਹਮਣੇ ਮੂੰਹ ਅੱਡੀ ਖੜੀ ਮਹਿੰਗਾਈ ਤੇ ਹੋਰ ਸਮੱਸਿਆ ਤੋਂ ਮੂੰਹ ਫੇਰ ਲਿਆ ਹੈ ਅਤੇ ਪੂਰੀ ਤਰ੍ਹਾਂ ਨਾਲ ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਤੇ ਵਿਸ਼ਾਲ ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਏਨੀ ਮਸਤ ਹੋ ਗਈ ਹੈ ਕਿ ਉਸ ਨੂੰ ਲੋਕਾਂ ਦੀਆਂ ਮੁਸ਼ਕਲਾਂ ਦਿੱਸਦੀਆਂ ਹੀ ਨਹੀਂ ਹਨ। ਉਸ ਦੀ ਨੱਕ ਹੇਠ ਪੱਛਮੀ ਉੱਤਰ ਪ੍ਰਦੇਸ਼ 'ਚ ਮਹੀਨਿਆਂ ਤੋਂ ਚਲ ਰਹੇ ਗੰਨਾ ਕਿਸਾਨਾਂ ਦੇ ਅੰਦੋਲਨ ਵੱਲ ਧਿਆਨ ਨਹੀਂ ਦਿੱਤਾ। ਅੰਦੋਲਨ ਦਾ ਕਾਰਣ ਸੀ ਨਵੀਂ ਗੰਨਾ ਮੁੱਲ ਨੀਤੀ ਸਬੰਧੀ ਆਰਡੀਨੈਂਸ ਜਿਸ ਦੇ ਤਹਿਤ ਕੇਂਦਰ ਸਰਕਾਰ 2009-10 ਦੇ ਲਈ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਵਲੋਂ 155 ਰੁਪਏ ਪ੍ਰਤੀ ਕੁਇੰਟਲ ਦੇ ਮੁੱਲ ਦੀ ਸਿਫਾਰਸ਼ ਨੂੰ ਘਟਾ ਕੇ 129.84 ਰੁਪਏ ਫੀ ਕੁਇੰਟਲ ਨਿਰਧਾਰਿਤ ਕਰਕੇ ਇਕ ਆਰਡੀਨੈਂਸ ਜਾਰੀ ਕਰ ਦਿੱਤਾ। ਇਸ ਆਰਡੀਨੈਂਸ ਦੇ ਅੰਦਰ ਇਹ ਵੀ ਵਿਵਸਥਾ ਸੀ ਕਿ ਜੇ ਰਾਜ ਸਰਕਾਰਾਂ ਕੇਂਦਰੀ ਸਰਕਾਰ ਵਲੋਂ ਐਲਾਨੇ ਮੁੱਲ ਤੋਂ ਵੱਧ ਮੁੱਲ ਐਲਾਨਦੀ ਹੈ ਤਾਂ ਉਸ ਫਰਕ ਨੂੰ ਰਾਜ ਸਰਕਾਰਾਂ ਨੂੰ ਸਹਿਣ ਕਰਨਾ ਪਵੇਗਾ। ਕਿਉਂਕਿ ਰਾਜ ਸਰਕਾਰਾਂ ਇਸ ਬੋਝ ਨੂੰ ਚੁੱਕਣਾ ਪੰਸਦ ਕਰਨਗੀਆਂ। ਇਸ ਲਈ ਕਿਸਾਨਾਂ ਨੂੰ ਕੇਂਦਰ ਵਲੋਂ ਐਲਾਨੇ ਮੁੱਲਾਂ 'ਤੇ ਹੀ ਗੰਨਾ ਵੇਚਣਾ ਉਹਨਾਂ ਦੀ ਮਜ਼ਬੂਰੀ ਹੋਵੇਗੀ। ਇਸ ਪ੍ਰਣਾਲੀ ਨਾਲ ਖੰਡ ਮਿੱਲਾਂ ਫਾਇਦੇ 'ਚ ਰਹਿਣਗੀਆਂ ਤੇ ਕਿਸਾਨ ਘਾਟੇ ਵਿੱਚ। ਉਂਝ ਤਾਂ ਖੇਤੀ ਖੇਤਰ ਦੀ ਹਾਲਤ ਪੂਰੇ ਦੇਸ਼ 'ਚ ਹੀ ਬਦ ਤੋਂ ਬਦਤਰ ਹੈ। ਪਰ ਉਸ ਤੋਂ ਵੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦੀ ਦਸ਼ਾ ਬੇਹੱਦ ਸੋਚਣ ਲਾਇਕ ਚਿੰਤਾਜਨਕ ਹੈ ਕਿਉਂਕਿ ਪਿਛਲੇ ਵੀਹਾਂ ਸਾਲਾਂ ਤੋਂ ਕੋਈ ਵੀ ਰਾਜ ਸਰਕਾਰ ਅਜਿਹੀ ਨਹੀਂ ਆਈ ਜਿਸ ਨੇ ਰਾਜ 'ਚ ਖੇਤੀ ਦੀ ਉਨਤੀ ਤੇ ਕਿਸਾਨਾਂ ਦੀ ਦਸ਼ਾ ਸੁਧਾਰਨ ਲਈ ਕੁਝ ਵਿਸ਼ੇਸ਼ ਕੀਤਾ ਹੋਵੇ। ਭਾਵੇਂ ਰਾਜ ਦੇ ਟੈਕਸ (ਮਾਲੀਏ) ਦਾ 36.8 ਫੀਸਦੀ ਹਿੱਸਾ ਟੈਕਸ ਤੋਂ ਆਉਂਦਾ ਹੈ ਅਤੇ ਸੂਬੇ ਦੀ 66 ਫੀਸਦੀ ਆਬਾਦੀ ਆਪਣੀ ਰੋਟੀ-ਰੋਜ਼ੀ ਲਈ ਖੇਤੀ 'ਤੇ ਨਿਰਭਰ ਹੈ ਇਸ 'ਤੇ ਵੀ ਰਾਜ 'ਚ ਖੇਤੀ ਖੇਤਰ ਅਤੇ ਕਿਸਾਨ ਸਭ ਤੋਂ ਵੱਧ ਅਣਦੇਖੀ ਦਾ ਸ਼ਿਕਾਰ ਹਨ। ਜਿਥੇ ਇਸ ਗੱਲ ਨੂੰ ਵੀ ਧਿਆਨ 'ਚ ਰੱਖਣਾ ਹੋਵੇਗਾ ਕਿ ਖੰਡ ਪੈਦਾਵਾਰ ਦੇ ਨਜ਼ਰੀਏ ਤੋਂ ਬ੍ਰਾਜ਼ੀਲ ਪਿਛੋਂ ਭਾਰਤ ਸੰਸਾਰ ਵਿੱਚ ਸਭ ਤੋਂ ਵੱਡਾ ਉਤਪਾਦਕ ਦੇਸ਼ ਹੈ। ਦੇਸ਼ ਦੇ ਕਰੋੜਾਂ ਕਿਸਾਨ ਪ੍ਰੀਵਾਰ ਗੰਨੇ ਦੀ ਖੇਤੀ ਨਾਲ ਜੁੜੇ ਹਨ। ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਕਰਨਾਟਕ, ਤਾਮਿਲਨਾਡੂ, ਆਂਧਰਾ ਤੇ ਬਿਹਾਰ ਵਰਗੇ ਰਾਜਾਂ ਦੇ ਅਨੇਕਾਂ ਖੇਤਰਾਂ ਦੇ ਕਿਸਾਨਾਂ ਦਾ ਇਕੋ ਇਕ ਰੋਟੀ-ਰੋਜ਼ੀ ਦਾ ਸਾਧਨ ਗੰਨੇ ਦੀ ਖੇਤੀ ਹੀ ਹੈ। ਗੰਨਾ ਇਹਨਾਂ ਸੂਬਿਆਂ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹੈ। ਸਾਡੇ ਦੇਸ਼ 'ਚ ਕੁਲ ਜਿੰਨੇ ਰਕਬੇ 'ਚ ਗੰਨਾ ਬੀਜਿਆ ਜਾਂਦਾ ਹੈ ਉਸ ਦਾ ਲਗਭਗ

50 ਫੀਸਦੀ ਖੇਤਰ ਅਤੇ ਖੰਡ ਪੈਦਾਵਾਰ ਦਾ 48 ਫੀਸਦੀ ਪੈਦਾਵਾਰ ਉੱਤਰ ਪ੍ਰਦੇਸ਼ 'ਚ ਹੀ ਹੁੰਦੀ ਹੈ। ਇਸ ਤਰ੍ਹਾਂ ਇਹ ਰਾਜ ਦੇਸ਼ ਦਾ ਸਭ ਤੋਂ ਵੱਡਾ ਗੰਨਾ ਉਤਪਾਦਕ ਸੂਬਾ ਹੈ। ਪਰ ਇਥੋਂ ਦੇ ਕਿਸਾਨਾਂ ਨੂੰ ਕਦੀ ਵੀ ਗੰਨੇ ਦਾ ਸਹੀ ਮੁੱਲ ਨਹੀਂ ਮਿਲਿਆ। ਕਾਰਣ ਉੱਤਰ ਪ੍ਰਦੇਸ਼ ਦੀ ਚੀਨੀ ਲਾਬੀ ਏਨੀ ਸ਼ਕਤੀ ਸ਼ਾਲੀ ਸੀ ਕਿ ਜਿਸ ਦੀ ਮਰਜ਼ੀ ਬਗੈਰ ਉਥੇ ਕੋਈ ਰਾਜ ਸਰਕਾਰ ਟਿਕ ਨਹੀਂ ਸਕਦੀ ਸੀ। ਇਸ ਵਜ੍ਹਾ ਕਰਕੇ ਪਿਛਲੇ ਪੰਜਾਹ ਸਾਲਾਂ 'ਚ ਸਭ ਤੋਂ ਵੱਧ ਸੰਘਰਸ਼ ਗੰਨਾ ਕਿਸਾਨਾਂ ਦੇ ਹੋਏ ਹਨ। ਜੇ ਸੰਨ 2008 ਈਃ ਤੋਂ ਪਹਿਲਾਂ ਦੇ ਇਤਿਹਾਸ ਨੂੰ ਛੱਡ ਵੀ ਦੇਈਏ ਤਾਂ ਵੀ 'ਕਾਂਗਰਸ ਦਾ ਹਾਥ ਆਮ ਜਨਤਾ ਦੇ ਸਾਥ' ਦਾ ਮੂੰਹ ਚਿੜਾਉਂਦਿਆਂ ਕਾਂਗਰਸ ਦੀ ਅਗਵਾਈ ਵੀ ਯੂ. ਪੀ. ਏ. ਸਰਕਾਰ ਜਿਸ ਨੂੰ 'ਖੱਬੀਆਂ' ਪਾਰਟੀਆਂ ਦੀ ਵੀ ਹਮਾਇਤ ਹਾਸਲ ਸੀ, ਨੇ 2005-06 ਘੱਟੋ-ਘੱਟ ਸਹਾਇਕ ਮੁੱਲ (MMP) 79. 25 ਰੁਪਏ ਫੀ ਕੁਇੰਟਲ ਨਿਰਧਾਰਿਤ ਕੀਤਾ ਸੀ, ਜੋ ਪਹਿਲਾਂ ਤੋਂ ਹੀ ਲਾਗਤ ਮੁੱਲ ਤੋਂ ਘੱਟ ਸੀ। ਫਿਰ ਉਸ ਸਰਕਾਰ ਨੇ ਦੁਬਾਰਾ 2008-09 'ਚ ਲਾਗਤ ਮੁੱਲ ਬੇਹੱਦ ਵਧ ਜਾਣ ਦੇ ਬਾਵਜੂਦ ਸਿਰਫ਼ 81.08 ਰੁਪਏ ਫੀ ਕੁਇੰਟਲ ਨਿਰਧਾਰਿਤ ਕੀਤਾ ਯਾਨੀ ਸਿਰਤ 1.83 ਰੁਪਏ ਦਾ ਨਿਗੂਣਾ ਵਾਧਾ ਜੋ ਕਿਸਾਨਾਂ ਨਾਲ ਮਜ਼ਾਕ ਸੀ। ਉਹ ਵੀ ਉਦੋਂ ਜਦੋਂ ਖੇਤੀ ਲਾਗਤ ਤੇ ਮੁੱਲ ਕਮਿਸ਼ਨ ਨੇ 2008-09 ਲਈ ਘੱਟੋ-ਘੱਟ 155 ਰੁਪਏ ਪ੍ਰਤੀ ਕੁਇੰਟਲ ਦੀ ਅਣਪੂਰਕ ਰਿਪੋਰਟ ਕੇਂਦਰ ਸਰਕਾਰ ਨੂੰ ਸੌਂਪੀ ਸੀ ਪਰ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੇ ਉਸ ਰਿਪੋਰਟ ਨੂੰ ਹੀ ਰੱਦ ਕਰ ਦਿੱਤਾ ਅਤੇ ਕੇਂਦਰ ਸਰਕਾਰ ਨੇ ਐਸ. ਐਮ. ਪੀ. ਦੀਆਂ ਸਿਫਾਰਸ਼ਾਂ ਨੂੰ ਘਟਾ ਕੇ 107.76 ਰੁਪਏ ਕਰ ਦਿੱਤਾ। ਇਸ ਪਿਛੋਂ 2010-11 ਲਈ ਕੇਂਦਰ ਸਰਕਾਰ ਨੇ ਅਕਤੂਬਰ ਮਹੀਨੇ 'ਚ ਐਸ ਐਮ ਪੀ ਵਿਵਸਥਾ ਖ਼ਤਮ ਕਰਕੇ ਉਚਿਤੇ ਲਾਭਕਾਰੀ (MRP) ਮੁੱਲ 129.84 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕਰਦਿਆਂ ਇਕ ਨਵਾਂ ਆਰਡੀਨੈਂਸ ਜਾਰੀ ਕਰ ਦਿੱਤਾ। ਇਥੇ ਇੱਕ ਵੱਡਾ ਸਵਾਲ ਹੋਰ ਵੀ ਹੈ। ਇਸ ਵਿਸ਼ਾਲ ਦੇਸ਼ ਵਿੱਚ, ਜਿਸ 'ਚ ਵੱਖ ਪ੍ਰਕਾਰ ਦੀ ਜਲਵਾਯੂ ਤੇ ਮੌਸਮ ਪਾਏ ਜਾਂਦੇ ਹਨ ਤੇ ਗੰਨਾ ਪੈਦਾਵਾਰ ਦੇ ਲਿਹਾਜ ਨਾਲ ਦੇਸ਼ ਕਈ ਹਿੱਸਿਆਂ 'ਚ ਵੰਡਿਆ ਹੋਇਆ ਹੈ। ਦਰਅਸਲ ਗੰਨਾ ਟ੍ਰਾਪੀਕਲ ਜਲਵਾਯੂ ਦੀ ਫਸਲ ਹੈ ਜਿਸ ਦੀ ਅੱਡੀ ਪੈਦਾਵਾਰ ਹਿੱਤ ਦੱਖਣ ਦੇ ਸੂਬੇ ਤੇ ਮਹਾਂਰਾਸ਼ਟਰ ਸਭ ਤੋਂ ਵੱਧ ਮੁਆਫਕ ਹਨ। ਇਹਨਾਂ ਰਾਜਾਂ 'ਚ ਗੰਨੇ ਦੀ ਪ੍ਰਤੀ ਹੈਕਟੇਅਰ ਉਪਜ 90 ਤੋਂ 110 ਟਨ ਹੈ। ਜਦ ਕਿ ਉੱਤਰਪ੍ਰਦੇਸ਼, ਉੱਤਰਾਖੰਡ, ਪੰਜਾਬ ਤੇ ਹਰਿਆਣਾ ਵਰਗੇ ਗੈਰ ਟ੍ਰਾਪੀਕਲ ਰਾਜਾਂ ਇਸ ਦੀ ਉਪਜ ਸਿਰਫ਼ 43 ਤੋਂ 60 ਟਨ ਫੀ ਹੈਕਟੇਅਰ ਹੀ ਹੈ। ਜਦਕਿ ਉੱਤਰੀ ਸੂਬਿਆਂ 'ਚ ਪ੍ਰਤੀ ਹੈਕਟੇਅਰ ਉਤਪਾਦਨ ਲਾਗਤ ਵੱਧ ਬੈਠਦਾ ਹੈ। ਜਦ ਕਿ ਇਹਨਾਂ ਸੂਬਿਆਂ ਦੀ ਉਤਪਾਦਿਕਤਾ ਦੱਖਣ ਦੇ ਰਾਜਾਂ ਦੇ ਮੁਕਾਬਲੇ ਅੱਧੀ ਹੈ। ਅਜਿਹੇ ਸਮੁੱਚੇ ਭਾਰਤ ਵਿੱਚ ਇਕ ਬਰਾਬਰ ਗੰਨੇ ਦੀ ਮੁੱਲ ਨੀਤੀ ਲਾਗੂ ਕਰਨਾ ਕਿਥੋਂ ਤੱਕ ਵਾਜ਼ਿਬ ਹੈ। ਜਿੱਥੋਂ ਤੱਕ ਉੱਤਰ ਪ੍ਰਦੇਸ਼ ਰਾਜ ਦਾ ਸਵਾਲ ਹੈ ਕੇਂਦਰ ਤੇ ਸੂਬੇ ਦੇ ਅੜੀਅਲ ਰਵੱਈਏ ਕਾਰਨ ਰਾਜ ਦੀਆਂ ਬਹੁਤੀਆਂ ਚੀਨੀ ਮਿੱਲਾਂ ਅਜੇ ਵੀ ਠੀਕ ਤਰ੍ਹਾਂ ਚੱਲ ਨਹੀਂ ਸਕੀਆਂ ਹਨ। ਜੋ ਚੱਲ ਵੀ ਰਹੀਆਂ ਹਨ ਉਹ ਵੀ

ਅੱਧੀਆਂ-ਅਧੂਰੀਆਂ ਇਸ ਨਾਲ ਕਿਸਾਨਾਂ ਨੂੰ ਦੁਬਾਰਾ ਨੁਕਸਾਨ ਹੋਇਆ ਹੈ। ਇਕ ਤਾਂ ਗੰਨੇ ਦੇ ਸਹੀ ਮੁੱਲ ਦੀ ਸਮੱਸਿਆ ਹੀ ਸੀ, ਦੂਜੇ ਖੇਤਾਂ 'ਚ ਗੰਨਾ ਖੜ੍ਹਾ ਹੋਣ ਕਰਕੇ ਕਣਕ ਦੀ ਫਸਲ ਦੀ ਬਿਜਾਈ 'ਚ ਦੇਰੀ ਹੁੰਦੀ ਹੈ। ਇਸ ਤਰ੍ਹਾਂ ਗੰਨਾ ਘੱਟ ਰੇਟ 'ਤੇ ਐਲਾਨਣਾ ਜਦ ਕਿ ਬੀਤੇ ਸਾਲ ਖੰਡ ਮਿੱਲਾਂ ਨੇ ਸੈਸ਼ਨ ਦੇ ਆਖਰੀ ਦੌਰ 'ਚ ਸਵੈ ਇੱਛਾ ਨਾਲ 170 ਤੋਂ 200 ਰੁਪਏ ਫੀ ਕੁਇੰਟਲ ਗੰਨਾ ਖ਼ਰੀਦਿਆਂ ਸੀ ਉਹ ਵੀ ਉਦੋਂ ਜਦੋਂ ਖੰਡ ਦਾ ਭਾਅ ਸਿਰਫ਼ 1000-1700 ਰੁਪਏ ਫੀ ਕੁਇੰਟਲ ਸੀ। ਅੱਜ ਚੀਨੀ ਦਾ ਭਾਅ 4 ਤੋਂ 5 ਹਜ਼ਾਰ ਰੁਪਏ ਫੀ ਕੁਇੰਟਲ ਦੇ ਕਰੀਬ ਹੈ ਤੇ ਖਾਦ, ਬੀਜ, ਲੇਬਰ, ਡੀਜ਼ਲ ਆਦਿ ਦੀ ਮਹਿੰਗਾਈ ਕਾਰਨ ਗੰਨੇ ਦੀ ਲਾਗਤ ਕੀਮਤ ਵੀ ਕਰੀਬ ਦੁਗਣੀ ਹੋ ਗਈ ਹੈ। ਅਜਿਹੀ ਹਾਲਤ 'ਚ 'ਸਹੀ' ਤੇ 'ਲਾਭਕਾਰੀ' ਮੁੱਲ ਦੇ ਬਹਾਨੇ 129. 84 ਰੁਪਏ ਫੀ ਕੁਇੰਟਲ ਜਾਂ ਸੂਬਾ ਸਰਕਾਰ ਵਲੋਂ ਨਿਰਧਾਰਿਤ 175-180 ਰੁਪਏ ਫੀ ਕੁਇੰਟਲ ਨਿਰਧਾਰਤ ਕਰਨਾ ਕਿਸਾਨਾਂ ਨਾਲ ਫਰੇਬ ਤੋਂ ਵੱਧ ਕੁਝ ਨਹੀਂ ਹੈ। ਉਹ ਵੀ ਤਦ ਜਦ ਪੱਛਮੀ ਉੱਤਰ ਪ੍ਰਦੇਸ਼ ਦੇ ਨਾਲ ਲੱਗਦੇ ਹਰਿਆਣਾ ਤੇ ਉੱਤਰਾਖੰਡ ਸੂਬਿਆਂ ਵਿੱਚ ਗੰਨਾ ਕਿਸਾਨਾਂ ਨੂੰ 210-220 ਰੁਪਏ ਪ੍ਰਤੀ ਕੁਇੰਟਲ ਭਾਅ ਮਿਲ ਰਿਹਾ ਹੈ। ਇਨਾ ਹੀ ਨਹੀਂ ਭਾਰਤ ਦੇ ਖੇਤੀ ਤੇ ਖਾਦ ਮੰਤਰੀ ਸ਼ਰਦ ਪਵਾਰ ਨੇ ਖੁਦ ਉੱਤਰ ਪ੍ਰਦੇਸ਼ ਕਾਂਗਰਸ ਦੇ ਨੁਮਾਇੰਦੀ ਮੰਡਲ, ਜਿਸ 'ਚ ਸੂਬਾਈ ਕਾਂਗਰਸ ਕਮੇਟੀ ਦੀ ਪ੍ਰਧਾਨ ਗੀਤਾ ਬਹੁਗੁਣਾ ਜੋਸ਼ੀ 'ਤੇ ਦਿਗਵਿਜੈ ਸਿੰਘ ਸ਼ਾਮਲ ਸਨ, ਦੇ ਸਾਹਮਣੇ ਮੰਨਿਆ ਕਿ ਮਹਾਂਰਾਸ਼ਟਰ 'ਚ ਗੰਨੇ ਦਾ ਮੁੱਲ 210-200 ਰੁਪਏ ਫੀ ਕੁਇੰਟਲ ਦੇਣਾ ਮੰਨ ਲਿਆ ਗਿਆ ਹੈ। ਸਿੱਟੇ ਵਜੋਂ ਸੂਬੇ ਦੇ ਕਿਸਾਨਾਂ ਕੋਲ ਸੰਘਰਸ਼ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਬਚਿਆ ਸੀ। ਜਲਸਾ ਮੁਜਾਹਰਾ ਤੇ ਰੈਲੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ। ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਮੈਮੋਰੰਡਮ ਦਿੱਤੇ ਗਏ। ਥਾਂ-ਥਾਂ ਧਰਨੇ, ਮੁਜਾਹਰੇ ਤੇ ਗ੍ਰਿਫ਼ਤਾਰੀਆਂ ਦਿੱਤੀਆਂ ਜਾਣ ਲੱਗੀਆਂ। ਸੂਬੇ ਦੀ ਰਾਜਧਾਨੀ ਲਖਨਊ ਵਿੱਚ ਵੀ ਮੁਜਾਹਰੇ ਹੋਏ। ਇਸ 'ਤੇ ਵੀ ਜਦ ਕੇਂਦਰ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ ਅਤੇ ਗੰਨਾ ਕਿਸਾਨ-ਵਿਰੋਧੀ ਆਰਡੀ ਨੈਂਸ ਵਾਪਸ ਨਹੀਂ ਲਿਆ ਗਿਆ ਅਤੇ ਨਾ ਨਵਾਂ ਗੰਨਾ ਮੁੱਲ ਐਲਾਨਿਆ ਗਿਆ। ਲਗਭਗ ਇਕ ਮਹੀਨੇ ਤੱਕ ਲਗਾਤਾਰ ਸੰਘਰਸ਼ ਚੱਲਣ ਪਿੱਛੋਂ ਵੀ ਜਦ ਕੋਈ ਸਿੱਟਾ ਨਹੀਂ ਨਿਕਲਿਆ ਤਾਂ ਗੰਨਾ ਕਿਸਾਨਾਂ ਨੇ ਮਜ਼ਬੂਰ ਹੋ ਕੇ ਸਾਰੇ ਦੇਸ਼ ਦਾ ਧਿਆਨ ਗੰਨਾ ਕਿਸਾਨਾਂ ਦੀ ਸਮੱਸਿਆ ਵੱਲ ਖਿਚਣ ਲਈ ਸੰਸਦ ਦੇ ਸਰਦ ਰੁੱਤ ਸੈਸ਼ਨ 'ਚ ਧਰਨਾ-ਮੁਜਾਹਰੇ ਦਾ ਫੈਸਲਾ ਲਿਆ। ਹੁਣ ਤੱਕ ਕੇਂਦਰ ਸਰਕਾਰ ਨੇ ਕੋਈ ਸੰਕੇਤ ਨਹੀਂ ਦਿੱਤਾ ਸੀ ਕਿ ਉਹ ਗੰਨਾ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੈ ਤੇ ਉਹਨਾਂ 'ਤੇ ਜਲਦੀ ਹੀ ਵਿਚਾਰ ਕਰਨ ਦਾ ਮਨ ਬਣਾ ਚੁੱਕੀ ਹੈ। ਇਸ ਦੌਰਾਨ ਧਰਨਾ, ਮੁਜਾਹਰਾ ਤੇ ਗ੍ਰਿਫ਼ਤਾਰੀਆਂ ਦੇਣਾ ਜਾਰੀ ਰਿਹਾ ਚਾਰੋਂ ਪਾਸੇ ਨਿਰਾਸ਼ ਹੋ ਕੇ ਗੰਨਾ ਕਿਸਾਨਾਂ ਨੇ ਦਿੱਲੀ ਆ ਡੇਰਾ ਲਾਇਆ ਤੇ ਪਾਰਲੀਮੈਂਟ ਸੈਸ਼ਨ ਦੇ ਪਹਿਲੇ ਦਿਨ ਦਿੱਲੀ ਦੀ ਸੜਕਾਂ 'ਤੇ ਨਿਕਲ ਕੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਲੱਗੇ ਤਿੰਨ ਲੱਖ ਕਿਸਾਨਾਂ ਨੇ ਜ਼ੋਰਦਾਰ ਮੁਜਾਹਰਾ ਕੀਤਾ। ਨਾਲ ਹੀ ਲੋਕ ਸਭਾ ਦੇ ਅੰਦਰ ਵਿਰੋਧੀ ਧਿਰ ਨੇ ਕਿਸਾਨਾਂ ਦੀ ਅੰਦੋਲਨ ਸਬੰਧੀ ਹੰਗਾਮਾ ਖੜ੍ਹਾ

ਕੀਤਾ ਅਤੇ ਲੋਕ ਸਭਾ ਠੱਪ ਕਰ ਦਿੱਤੀ। ਸੜਕ ਤੇ ਸੰਸਦ ਵਿੱਚ ਹੰਗਾਮਿਆਂ ਪਿਛੋਂ ਹੀ, ਅਮਰੀਕੀ ਤੇ ਹੋਰ ਸਾਮਰਾਜੀ ਦੇਸ਼ਾਂ ਤੇ ਭਾਰਤੀ ਕਾਰਪੋਰੇਟ ਘਰਾਣਿਆਂ ਤੇ ਖੰਡ ਮਿਲ ਮਾਲਕਾਂ ਦੀ ਸੇਵਾ ਵਿੱਚ ਲੱਗੀ ਕੇਂਦਰ ਸਰਕਾਰ ਨੂੰ ਸਮਝ ਆਇਆ ਕਿ ਇਸ ਗੰਨਾ ਸਬੰਧੀ ਆਰਡੀਨੈਂਸ ਵਿੱਚ ਕਿਸਾਨਾਂ ਨੂੰ ਤਬਾਹ ਕਰਨ ਵਾਲੀਆਂ ਵਿਵਸਥਾਵਾਂ ਹਨ ਏਨਾ ਹੀ ਨਹੀਂ ਦੂਜੇ ਦਿਨ ਵੀ ਜਦ ਤੱਕ ਸਰਬ ਪਾਰਟੀ ਮੀਟਿੰਗ ਸੱਦਣ ਤੇ ਆਰਡੀਨੈਂਸ ਵਾਪਸ ਲੈਣ ਨੂੰ ਸਰਕਾਰ ਰਾਜੀ ਨਹੀਂ ਹੋਈ ਤਦ ਤੱਕ ਲਗਾਤਾਰ ਸੜਕਾਂ 'ਤੇ ਅਤੇ ਪਾਰਲੀਮੈਂਟ 'ਚ ਹੰਗਾਮਾ ਚਲਦਾ ਰਿਹਾ। ਇਹ ਇਕ ਕੌੜਾ ਸੱਚ ਹੈ ਕਿ ਜਿੱਥੇ ਕੇਂਦਰ ਸਰਕਾਰ ਸਨਅਤਕਾਰਾਂ ਤੇ ਖੰਡ ਮਿਲ ਮਾਲਕਾਂ ਨੂੰ ਆਪਣੀਆਂ ਵਸਤਾਂ ਦੀ ਕੀਮਤ ਖੁਦ ਤਹਿ ਕਰਨ ਤੇ ਕਿਤੇ ਵੀ ਵੇਚਣ ਦਾ ਅਧਿਕਾਰ ਦਿੰਦੀ ਹੈ, ਉਥੇ ਕਿਸਾਨਾਂ ਨੂੰ ਨਹੀਂ। ਕਿਸਾਨਾਂ ਨੂੰ ਪਹਿਲਾਂ ਗੰਨੇ ਦੇ ਮੁੱਲ ਲਈ ਅਤੇ ਫਿਰ ਭੁਗਤਾਨ ਲਈ ਸੰਘਰਸ਼ ਕਰਨਾ ਪੈਂਦਾ ਹੈ। ਇਸ ਤੋਂ ਵੱਡੀ ਤਰਾਸਦੀ ਹੋਰ ਕੀ ਹੋਵੇਗੀ ਕਿ ਇਕ ਖੇਤੀ ਪ੍ਰਧਾਨ ਦੇਸ਼ ਵਿੱਚ ਖੇਤੀ ਘਾਟੇ ਦਾ ਸੌਦਾ ਬਣ ਜਾਵੇ। ਅਸਲੀਅਤ ਅਜੇਹੀ ਹੈ ਵੀ ਦੇਸ਼ ਦੇ 90 ਫੀਸਦੀ ਕਿਸਾਨ ਕਰਜਾ ਗ੍ਰਸਿਤ ਤੇ ਉਸ ਨੂੰ ਨਾ ਮੋੜ ਸਕਣ ਤੋਂ ਪੀੜਤ ਹੈ। ਜਿਸ ਕਾਰਨ ਦੋ ਲੱਖ ਤੋਂ ਵੱਧ ਕਿਸਾਨ ਨਵੀਆਂ ਆਰਥਕ ਨੀਤੀਆਂ ਲਾਗੂ ਹੋਣ ਪਿਛੋਂ ਹੁਣ ਤੱਕ ਖੁਦਕੁਸ਼ੀ ਕਰ ਚੁੱਕੇ ਹਨ ਇਸ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਭਾਰਤ ਦਾ ਖੇਤੀ ਖੇਤਰ ਤੇ ਇਸ ਨਾਲ ਜੁੜੀ 70 ਫੀਸਦੀ ਆਬਾਦੀ ਕਿੰਨੀ ਤਬਾਹ ਅਤੇ ਬਰਬਾਦ ਹੈ। ਖੇਤੀ ਕਰਨਾ ਕਿਸਾਨ ਦੀ ਮਜ਼ਬੂਰੀ ਬਣ ਗਈ ਹੈ। ਜਿਸ ਦੇਸ਼ ਦੀ ਆਰਥਕ ਵਿਕਾਸ ਦਰ ਅੱਠ ਵੀ ਸਦੀ ਹੋਵੇ, ਖੇਤੀ ਪ੍ਰਧਾਨ ਉਸ ਦੇਸ਼ ਦੀ ਖੇਤੀ ਵਿਕਾਸ ਦਰ ਤਿੰਨ ਫੀਸਦੀ ਵੀ ਨਹੀਂ ਹੈ। ਦੇਸ਼ ਦੀ ਸਰਕਾਰਾਂ ਤੇ ਹਾਕਮ ਪਾਰਟੀਆਂ ਦੀ ਸੋਚ ਕਿਸਾਨ ਤੇ ਖੇਤੀ ਵਿਰੋਧੀ ਹੈ।

# ਔਰਤ ਹਾਕੀ ਖਿਡਾਰੀਆਂ ਦੀਆਂ ਮੁਸ਼ਕਲਾਂ

ਔਰਤ ਖਿਡਾਰੀਆਂ ਲਈ ਆਪਣੇ ਰਖਵਾਲੇ ਮੰਨੇ ਜਾਂਦੇ ਬੰਦੇ ਖ਼ਿਲਾਫ ਖੁੱਲ੍ਹੇਆਮ ਸੈਕਸ ਅਤਿਆਚਾਰ ਦਾ ਦੋਸ਼ ਲਾਉਣ ਦੇ ਗੰਭੀਰ ਸਿੱਟੇ ਹੁੰਦੇ ਹਨ। ਇਸ ਨਾਲ ਉਹਨਾਂ ਦਾ ਕੈਰੀਅਰ ਦਾਅ 'ਤੇ ਲੱਗ ਜਾਂਦਾ ਹੈ ਅਤੇ ਸਮਾਜ ਕਲੰਕ ਵੱਖ ਲੱਗਦਾ ਹੈ। ਭਾਰਤੀ ਪ੍ਰਸੰਗ 'ਚ ਇਹ ਵੱਧ ਸਚਾਈ ਹੈ ਜਿਥੇ ਖੇਡ ਸੰਘ ਨੇਤਾਵਾਂ ਦੀ ਜਾਗੀਰ ਹੈ ਅਤੇ ਪੱਖਪਾਤ ਦੀ ਬੇਦੀ 'ਤੇ ਪੇਸ਼ਾਵਰ ਖਿਡਾਰੀਆਂ ਦੀ ਬਲੀ ਦਿੱਤੀ ਜਾਂਦੀ ਹੈ। ਅਧਿਕਾਰੀਆਂ ਤੇ ਕੋਚ ਨੂੰ ਖੁਸ਼ ਕਰਨ ਦੀ ਸੰਸਕ੍ਰਿਤੀ ਖਿਡਾਰੀਆਂ 'ਚ ਇਸ ਹੱਦ ਤੱਕ ਰਚ ਮਿਚ ਗਈ ਹੈ ਕਿ ਕੌਮੀ ਟੀਮ 'ਚ ਚੋਣ ਲਈ ਉਹਨਾਂ ਨੂੰ ਕੋਚ ਦੇ ਕੱਪੜੇ ਵੀ ਧੋਣੇ ਪੈਂਦੇ ਹਨ। ਉਹਨਾਂ ਦਾ ਖਾਣਾ ਪਕਾਉਣਾ ਪੈਂਦਾ ਹੈ ਅਤੇ ਹਰ ਮੌਕੇ 'ਤੇ ਉਹਨਾਂ ਦੇ ਪੈਰੀਂ ਹੱਥ ਲਾਉਣੇ ਪੈਂਦੇ ਹਨ। ਖੇਡ ਨੂੰ ਕੰਟਰੋਲ ਕਰਨ ਲਈ ਗਠਿਤ ਸੰਘ 'ਚ ਆਪਣੀ ਆਬਰੂ ਵੇਚਣਾ ਜਬਰ ਦਾ ਸਭ ਤੋਂ ਘਿਨੌਣਾ ਰੂਪ ਹੈ। ਇਹ ਸੰਘ ਆਪਣੇ ਫੈਸਲੇ ਆਪਣੀ ਮਰਜ਼ੀ ਨਾਲ ਕਰਦੇ ਹਨ। ਕਾਰਗੁਜ਼ਾਰੀ ਜਾਂ ਮੈਡਲ ਟੈਲੀ 'ਚ ਉਹਨਾਂ ਦਾ ਜੁਆਬਦੇਹੀ ਭੋਰਾ ਵੀ ਨਹੀਂ ਹੁੰਦੀ। ਅਜਿਹੀ ਹਾਲਤ 'ਚ ਕਿਸੇ ਔਰਤ ਖਿਡਾਰੀ ਦੀ ਅਵਾਜ਼ ਬੁਲੰਦ ਕਰਨਾ ਬਹਾਦਰੀ ਤੋਂ ਘੱਟ ਨਹੀਂ, ਕੌਮੀ ਮਹਿਲਾ ਹਾਕੀ ਖਿਡਾਰੀ ਰੰਜੀਤਾ ਦੇਵੀ ਨੇ 19 ਜੁਲਾਈ ਨੂੰ ਹਾਕੀ ਇੰਡੀਆ (HI) ਦੇ ਮੁੱਖੀ ਨੂੰ ਸ਼ਿਕਾਇਤੀ ਚਿੱਠੀ ਲਿਖ ਕੇ ਕੌਮੀ ਕੋਚ ਐਮ. ਕੇ. ਕੌਸਿਕ 'ਤੇ ਸੈਕਸ ਜਬਰ ਦਾ ਦੋਸ਼ ਲਾਉਂਦਿਆਂ ਕਿ ਉਹ ਟੀਮ 'ਚ ਦੁਬਾਰਾ ਚੋਣ ਲਈ ਉਹ ਮਹਿਲਾ ਖਿਡਾਰੀਆਂ ਨੂੰ ਹਮਬਿਸਤਰ ਹੋਣ ਲਈ ਕਹਿੰਦੇ ਹਨ। ਇਸ ਚਿੱਠੀ 'ਤੇ ਕੌਮੀ ਕੈਂਪ ਦੀਆਂ ਸਾਰੀਆਂ 34 ਸੰਭਾਵਿਤ ਖਿਡਾਰੀਆਂ ਦੇ ਦਸਤਖ਼ਤ ਕੀਤੇ ਰੰਜੀਤ ਮਣੀਪੁਰ ਦੀ ਹੈ ਅਤੇ ਭਾਰਤੀ ਰੇਲ ਦੀ ਮੁਲਾਜ਼ਮ ਹੈ। ਇਸ ਦੋਸ਼ ਪਿੱਛੋਂ ਇਕ ਤੋਂ ਬਾਅਦ ਕੇਸ ਆਉਣ ਲੱਗੇ। ਇਕ ਹੋਰ ਪਰਦਾਫਾਸ਼ 'ਚ ਟੀਮ ਦੇ ਵੀਡੀਓ ਗ੍ਰਾਫਰ ਬਾਸਵਰਾਜਾ ਦੀ ਚੀਨ ਤੇ ਕੈਨੇਡਾ ਯਾਤਰਾ ਸਮੇਂ ਕਾਲ ਗਰਲਜ਼ ਦੇ ਨਾਲ ਇਤਰਾਜਯੋਗ 'ਚ ਫਿਲਮ ਸਾਹਮਣੇ ਆਈ, ਇਸ ਪਿਛੋਂ ਉਲੰਪਿਕ 'ਚ ਕਾਂਸੀ ਮੈਡਲ ਵਿਜੇਤਾ ਕਰਣਮ ਮਲੇਸ਼ਵਰੀ ਨੇ ਦੋਸ਼ ਲਾਇਆ ਕਿ ਕੌਮੀ ਕੋਚ ਰਮੇਸ਼ ਮਲਹੋਤਰਾ ਨੇ ਜੂਨੀਅਰ ਵੇਟ ਲਿਫਟਰਾਂ ਦੀ ਯੌਨ ਲੁੱਟ ਘਸੁੱਟ ਕੀਤੀ। ਮਲੇਸ਼ਵਰੀ ਭਾਰਤੀ ਵੇਟ ਲਿਫਟਿੰਗ ਸੰਘ ਦੀ ਮੀਤ ਪ੍ਰਧਾਨ ਵੀ ਹੈ। ਦੋਨਾਂ ਕੋਚਾਂ ਨੇ ਅਸਤੀਫਾ ਦੇਣ ਪਿਛੋਂ ਫੌਰਨ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਪ੍ਰੈੱਸ ਕਾਨਫਰੰਸ ਕਰਕੇ ਇਸ ਪਰਦਾਫਾਸ਼ ਨੂੰ ਸਾਜ਼ਿਸ਼ ਕਰਾਰ ਦਿੱਤਾ। ਕੌਸ਼ਿਕ ਨੇ ਹਾਕੀ ਇੰਡੀਆ 'ਤੇ ਵੀ ਦੋਸ਼ ਮੜਦਿਆਂ ਕਿਹਾ ਇਹ ਉਹਨਾ ਪ੍ਰਤੀ ਪਹਿਲਾਂ ਮਨ ਬਣਾ ਕੇ ਲਾਏ ਦੋਸ਼ ਹਨ। ਆਉਣ ਵਾਲੇ ਦਿਨਾਂ 'ਚ ਇਸ ਤੋਂ ਮਾੜਾ ਵਰਤਾਅ ਸਾਹਮਣੇ ਆਵੇਗਾ। ਸਾਜ਼ਿਸ਼ ਦੇ ਸਿਧਾਂਤ ਦਾ ਢੋਲ ਪਿੱਟਿਆ ਜਾ ਰਿਹਾ ਹੈ ਅਤੇ ਮੁਲਤਵੀ ਕੇਸਾਂ ਦੀ ਸ਼ਿਕਾਇਤ ਹੈ ਕਿ ਉਹਨਾਂ ਨੂੰ ਬਲੀ ਦਾ ਬਕਰਾ ਬਣਾਇਆ ਗਿਆ। ਮਹਿਲਾ ਹਾਕੀ ਟੀਮ ਦੀ 34 ਖਿਡਾਰਨਾਂ ਵਿੱਚੋਂ ਦੋ ਦਾ ਕਹਿਣਾ ਹੈ ਕਿ ਕੋਚਾਂ ਤੇ ਅਧਿਕਾਰੀਆਂ ਲਈ ਯੌਨ ਸੰਕੇਤਾਂ ਨਾਲ

ਗੱਲਾਂ ਕਰਨਾ ਆਮ ਹੈ। ਇਹੀ ਨਹੀਂ ਉਹਨਾਂ ਮੁਤਾਬਕ ਭਿਆਨਕ ਤਾਂ ਇਹ ਹੈ ਕਿ ਘੱਟੋ-ਘੱਟ ਪੰਜ ਔਰਤ ਖਿਡਾਰਨਾਂ ਸਮਲਿੰਗੀ ਹਨ। ਖੇਡ ਵਿਭਾਗ ਨੂੰ ਇਸਦੀ ਵੀ ਜਾਂਚ ਕਰਨੀ ਚਾਹੀਦੀ ਹੈ। ਇਥੋਂ ਤੱਕ ਕਿ ਕਰੁਣਮ ਮਲੇਸ਼ਵਰੀ ਵੀ ਵਿਵਾਦ 'ਚ ਘਿਰ ਗਈ ਹੈ। ਸੈਂਸਪੈਂਡ ਕੋਚ ਮਲਹੋਤਰਾ ਨੇ ਉਹਨਾਂ ਦੀ ਖੇਡ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ ਲਾਇਆ ਹੈ ਉਹਨਾਂ ਨੇ ਦੋਸ਼ ਲਾਇਆ" 2000 ਸਿਡਨੀ ਉਲੰਪਿਕ ਤੋਂ ਪਹਿਲਾਂ, ਜਦ ਸੰਸਾਰ ਐਂਟੀ ਡੋਪਿੰਗ ਏਜੰਸੀ (ਵਾਡਾ) ਟੀਮ ਐਥਲੀਟਾਂ ਦੀ ਅਚਾਨਕ ਜਾਂਚ ਲਈ ਪਟਿਆਲਾ ਪਹੁੰਚੀ ਸੀ ਜ਼ੋਰਦਾਰ ਦੋਸ਼ ਲੱਗ ਗਏ ਸਨ ਕਿ ਮਲੇਸ਼ਵਰੀ ਨੂੰ ਜਾਂਚ ਲਈ ਚੁਣਿਆ ਗਿਆ ਹੈ ਉਹਨਾਂ ਦੀ ਥਾਂ ਉਹਨਾਂ ਦੀ ਭੈਣ ਕ੍ਰਿਸ਼ਨਾ ਕੁਮਾਰੀ ਨੂੰ, ਜੋ ਬਿਲਕੁਲ ਉਹਨਾਂ ਵਰਗੀ ਦਿੱਸਦੀ ਹੈ, ਜਾਂਚ ਲਈ ਭੇਜਿਆ ਗਿਆ ਤੇ ਉਹਨਾਂ ਨੂੰ ਬੇਦਾਗ ਐਲਾਨ ਦਿੱਤਾ ਗਿਆ" ਹਾਕੀ ਇੰਡੀਆ ਨੇ ਇਸ ਕੇਸ ਦੀ ਜਾਂਚ ਲਈ ਮਾਹਰਾਂ ਤੇ ਸਾਬਕਾ ਖਿਡਾਰੀਆਂ ਦੀ ਇਕ ਉੱਚ ਪੱਧਰੀ ਸੰਮਤੀ ਗਠਿਤ ਕੀਤੀ ਗਈ ਉਸ ਨੇ ਇਹ ਕਹਿੰਦੇ ਹੋਏ ਇਸ ਮਾਮਲੇ ਨੂੰ ਖੇਡ ਮੰਤਰਾਲੇ ਕੋਲ ਭੇਜ ਦਿੱਤਾ ਕਿ "ਇਸ ਨੂੰ ਭਾਰਤੀ ਦੰਡ ਸੰਹਿਤਾ ਦੀ ਧਾਰਾ (354) ਭਾਵ ਕਿਸੇ ਔਰਤ ਦੀ ਇੱਜ਼ਤ ਲੁੱਟਣ ਲਈ ਉਸ ਤੇ ਹਮਲਾ ਕਰਨਾ ਜਾਂ ਉਸ ਨਾਲ ਅਪਰਾਧਿਕ ਜ਼ੋਰ ਜ਼ਬਰਦਸਤੀ ਕਰਨਾ ਨਾਲ ਜੋੜ ਕੇ ਵੀ ਵੇਖਿਆ ਜਾ ਸਕਦਾ ਹੈ। ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਇਸ ਦੀ ਨਿਰਪੱਖ ਜਾਂਚ ਮੰਤਰਾਲੇ ਦੀ ਯੌਨ ਲੁੱਟ-ਘਸੁੱਟ ਸੰਮਤੀ ਤੋਂ ਕਰਾਉਣ ਦਾ ਵਾਅਦਾ ਕੀਤਾ ਹੈ। ਇਸ ਤਰ੍ਹਾਂ ਦੀਆਂ ਕਈ ਸੈਕਸ ਲੁੱਟ-ਘਸੁੱਟ ਸੰਮਤੀਆਂ ਦੇ ਮੈਂਬਰ ਰਹੇ ਦਿੱਲੀ ਸਥਿਤ ਸਵੈ-ਸੇਵੀ ਸੰਸਥਾ ਮੁੱਖ ਡਾ. ਰਜਤ ਮਿਸ਼ਰਾ ਕਹਿੰਦੇ ਹਨ ਕਿ "ਲੋਕ ਇਹਨਾਂ ਸੰਮਤੀਆਂ 'ਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਜਿਸ ਨਾਲ ਉਹਨਾਂ 'ਚ ਮਾਹਰਾਂ ਦੀ ਕਮੀ ਰਹਿੰਦੀ ਹੈ।" ਇਸ ਕਾਰਨ ਝੂਠੀ ਤੇ ਸੱਚੀ ਸ਼ਿਕਾਇਤ 'ਚ ਫ਼ਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਿਤਰਾਂ ਨੂੰ ਸਰਕਾਰੀ ਜਥੇਬੰਦੀਆਂ 'ਚ ਅਜੇਹੇ ਕੇਸਾਂ ਨਾਲ ਨਿਪਟਣ ਦਾ ਤਜ਼ਰਬਾ ਹੈ। ਉਹ ਦੱਸਦੇ ਹਨ ਕਿ ਜਿਸ ਜਥੇਬੰਦੀ 'ਚ ਹਮਲਾਵਰ ਤੇ ਪੀੜਤਾਂ ਵਿਚਕਾਰ ਸ਼ਕਤੀ ਸੰਤੁਲਨ 'ਚ ਵੱਧ ਫ਼ਰਕ ਹੁੰਦਾ ਹੈ, ਉਥੇ ਇਸ ਤਰ੍ਹਾਂ ਦੀਆਂ ਘਟਨਾਵਾਂ ਵੀ ਵੱਧ ਹੋਣ ਦਾ ਡਰ ਹੁੰਦਾ ਹੈ। ਹਮਲਾਵਰ ਸਜ਼ਾ ਹੋਣ ਤੋਂ ਬਚ ਜਾਂਦਾ ਹੈ, ਉਸ ਨੂੰ ਪ੍ਰਬੰਦ ਤੇ ਉਹ ਸ਼ੈਲੀ ਬਚਾਉਣੀ ਹੈ ਜਿਸ ਨਾਲ ਉਹ ਜਥੇਬੰਦੀਆਂ ਚਲਦੀਆਂ ਹਨ। ਇਸ ਗਲੀਜ਼ ਧੰਦੇ 'ਚ ਤਮਾਸ਼ਬੀਨਾ (ਦੂਸਰੇ ਖਿਡਾਰੀ ਅਤੇ ਮੁਲਾਜ਼ਮਾਂ) ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ, ਉਹਨਾਂ ਨੂੰ ਸਭ ਕੁਝ ਪਤਾ ਹੁੰਦਾ ਹੈ ਉਹਨਾਂ ਦੀ ਚੁੱਪ ਨੂੰ ਮੰਜੂਰੀ ਸਮਝ ਲਿਆ ਜਾਂਦਾ ਹੈ ਅਤੇ ਜਦ ਉਹ ਸੰਮਤੀਆਂ ਮਾਹਰਾਂ ਦੀ ਘਾਟ 'ਚ ਕੰਮ ਕਰਦੀਆਂ ਹਨ ਤਾਂ ਲੋਕ ਧਾਰਨਾਵਾਂ 'ਚ ਵਹਿ ਜਾਂਦੀਆਂ ਹਨ, ਉਹ ਮੁੱਦੇ ਨੂੰ ਭੁਲਾ ਕੇ ਇਹ ਚਰਚਾ ਕਰਨ ਲੱਗਦੀਆਂ ਹਨ ਕਿ ਪੀੜਤਾਂ ਨੇ ਸ਼ਿਕਾਇਤ ਪਹਿਲਾਂ ਕਿਉਂ ਨਹੀਂ ਕੀਤੀ। ਕੀ ਦੋਹਾਂ 'ਚ ਬਣਦੀ ਨਹੀਂ ਸੀ ਜਾਂ ਉਸ ਨੂੰ ਟੀਮ ਵਿੱਚੋਂ ਕੱਢਿਆ ਗਿਆ ਸੀ ਜਾਂ ਉਸ ਨੇ ਆਪਣੀ ਮਰਜ਼ੀ ਨਾਲ ਸਰੀਰਕ ਸਬੰਧ ਬਣਾਏ। ਮਿਤਰਾ ਦੱਸਦੇ ਹਨ" ਇਹਨਾਂ 'ਚੋਂ ਕਿਸੇ ਵੀ ਧਾਰਨਾ ਨਾਲ ਇਹ ਤੱਥ ਖਾਰਜ ਨਹੀਂ ਹੁੰਦਾ ਕਿ ਔਰਤ ਦੀ ਇੱਜ਼ਤ ਨਾਲ

ਖਿਲਵਾੜ ਹੋਇਆ ਹੈ" ਭਾਰਤੀ ਮਹਿਲਾ ਮੁੱਕੇਬਾਜ਼ੀ ਦੇ ਕੋਚ ਅਨੂਪ ਕੁਮਾਰ ਜਿਹਨਾਂ ਦੀ ਨਿਗਰਾਨੀ 'ਚ ਟੀਮ ਨੇ 2006 'ਚ ਵਿਸ਼ਵ ਚੈਂਪੀਅਨ ਸ਼ਿਪ ਜਿੱਤੀ ਸਹਿਮਤ ਹਨ ਕਿ ਇਹ ਸਮੱਸਿਆ ਹੈ। ਔਰਤ ਖਿਡਾਰਾਈਆਂ ਨੂੰ ਸਿਖਲਾਈ ਅਕਸਰ ਮਰਦ ਹੀ ਦਿੰਦੇ ਹਨ ਕਿਉਂਕਿ ਮਾਹਰਾਂ ਦੀ ਘਾਟ ਹੈ ਪਰ ਇਸ ਨੂੰ ਸਫਲ ਕਰਨ ਵਾਲੀਆਂ 'ਹਾਲਤਾਂ' ਨੂੰ ਨਿਰਉਤਸ਼ਾਹਿਤ ਕਰਕੇ ਇਸ ਦਾ ਹੱਲ ਨਹੀਂ ਕੀਤਾ ਜਾ ਸਕਦਾ। 'ਹਾਲਤ' ਤੋਂ ਉਹਨਾਂ ਦਾ ਭਾਵ ਜਥੇਬੰਦੀਆਂ ਦੇ ਰਾਜਨੀਤੀਕਰਣ ਤੋਂ ਹੈ।" ਜਿਹਨਾਂ 'ਚ ਚਹੇਤਿਆਂ ਨੂੰ ਜਗ੍ਹਾ ਦਿੱਤੀ ਜਾਂਦੀ ਹੈ ਕਦੀ-ਕਦੀ ਫੋਟੋਗ੍ਰਾਫਰ, ਫਿਜੀਓਥੈਰਾਪਿਸਟ, ਮਨੋਵਿਗਿਆਨਕ ਵਜੋਂ ਦਸ ਜਾਂ ਉਸ ਤੋਂ ਵੀ ਵੱਧ ਲੋਕ ਰੱਖੇ ਜਾਂਦੇ ਹਨ ਤੇ ਉਹਨਾਂ ਨੂੰ ਲੜਕੀਆਂ ਕੋਲ ਜਾਣ ਦੀ ਖੁੱਲ੍ਹੀ ਛੁੱਟੀ ਹੁੰਦੀ ਹੈ। ਭਾਵੇਂ ਹੀ ਉਹ ਮੈਡਲ ਨਾ ਜਿੱਤਣ ਪਰ ਉਹਨਾਂ ਨੂੰ ਪ੍ਰਬੰਦ ਬਣਾ ਕੇ ਰੱਖਣਾ ਹੁੰਦਾ ਹੈ। ਮਰਦਾਂ ਦਾ ਔਰਤ ਨੂੰ ਬੇਹਤਰ ਸਿਖਲਾਈ ਦੇਣ 'ਚ ਕੋਈ ਪ੍ਰੇਸ਼ਾਨੀ ਨਹੀਂ ਹੈ ਜਿਵੇਂ ਕਿ ਮੁੱਖ ਬੈਡਮਿੰਟਨ ਖਿਡਾਰੀ ਗੋਪੀ ਚੰਦ ਸੰਸਾਰ ਦੀ ਨੰਬਰ ਦੋ ਔਰਤ ਬੈਮਿੰਟਨ ਚੈਂਪੀਅਨ ਸਾਇਨਾ ਨੇਹਵਾਲ ਨੂੰ ਸਿਖਲਾਈ ਦੇਣ ਵਾਲੇ ਹਨ। ਪੂਰਵ ਉਲੰਪਿਅਨ ਅਸ਼ਵਨੀ ਨਚੱਪਾ ਦਾ ਕਹਿਣਾ ਹੈ "ਵਿਅਕਤੀ ਵਿਸੇਸ਼ ਵਾਲੀਆਂ ਖੇਡਾਂ ਵਿੱਚ ਇਸ ਤਰ੍ਹਾਂ ਦੀ ਸਮੱਸਿਆ ਨਹੀਂ ਹੈ। ਪਰ ਇਹ ਘੱਟ ਪੈਸੇ ਦੀ ਟੀਮ ਵਾਲੀਆਂ ਖੇਡਾਂ 'ਚ ਜ਼ਿਆਦਾ ਹੈ" ਸਾਬਕਾ ਉਲੰਪਿਕ ਖਿਡਾਰੀਆਂ ਦਾ ਕਹਿਣਾ ਹੈ ਕਿ ਖੇਡ ਸੰਘਾਂ 'ਚ ਜਿਸ ਪ੍ਰਕਾਰ ਦੀ ਤਾਨਾਸ਼ਾਹੀ ਚੱਲਦੀ ਹੈ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿਣਗੀਆਂ। 15 ਸਾਲ ਦੇ ਕੈਰੀਅਰ 'ਚ ਵੱਖ-ਵੱਖ ਘਰੇਲੂ ਤੇ ਕੌਮਾਂਤਰੀ ਧਾਰਾਵਾਂ 'ਚ 600 ਤੋਂ ਵੱਧ ਮੈਡਲ ਜਿੱਤਣ ਵਾਲੀ ਅਰਜਨ ਪੁਰਸਕਾਰ ਵਿਜੇਤਾ ਨਿਸ਼ਾ ਮਿਲਤ ਕਾਫੀ ਨਾਰਾਜ਼ ਹੈ" ਇਹ ਤਾਨਾਸ਼ਾਹੀ ਹੈ" ਉਹ ਲੜਕੀਆਂ ਦੀ ਪ੍ਰੇਸ਼ਾਨੀ ਸਮਝਦੀ ਹੈ ਅਤੇ ਉਹਨਾਂ ਨੂੰ ਇਸ 'ਚੋਂ ਨਿਕਲਣ ਦੀ ਕੋਈ ਸੂਰਤ ਨਹੀਂ ਸਮਝ ਆਉਂਦੀ ਕਿਉਂਕਿ "ਉਹਨਾਂ ਕੋਲ ਸਾਰੇ ਦਸਤਾਵੇਜ਼ ਹਨ ਉਹ ਬਹੁਤ ਪ੍ਰਭਾਵਸ਼ਾਲੀ ਹਨ, ਉਹ ਭਾਰਤ 'ਚ ਖੇਡ ਨੂੰ ਕੰਟਰੋਲ ਕਰਦੇ ਹਨ ਨਚੱਪਾ ਦਾ ਮੰਨਣਾ ਹੈ ਕਿ ਖੇਡ ਸੰਘਾਂ ਦੀ ਨਜ਼ਰ 'ਚ ਖਿਡਾਰੀਆਂ ਦੀ ਸਭ ਤੋਂ ਘੱਟ ਅਹਿਮੀਅਤ ਹੁੰਦੀ ਹੈ" ਉਹਨਾਂ ਵਿੱਚ ਗੁੰਡਾ ਰਾਜ ਚੱਲਦਾ ਹੈ ਅੰਦਰੂਨੀ ਚੋਣ 'ਚ ਚਾਕੂ-ਛੁਰੀ ਚੱਲਦੀ ਹੈ।" ਉਹ ਅਥਲੈਟਿਕ ਸੰਘ 'ਚ ਆਪਣੇ ਅਨੁਭਵ ਬਾਰੇ ਦੱਸਦੀ ਹੈ ਕਿ ਭਾਰਤੀ ਅਥਲੈਟਿਕ ਸੰਘ ਦੇ ਸਕੱਤਰ ਲਲਿਤ ਕੇ ਭਨੋਤ ਵਰਗੇ ਲੋਕ ਬਹੁਤ ਦੰਭੀ ਹਨ। ਉਹ ਕਹਿੰਦੀ ਹੈ ਕਿ "ਮੈਂ ਇਸ ਤਰ੍ਹਾਂ ਕੌਮੀ ਰੰਗ ਪਹਿਨਣਾ ਪਸੰਦ ਨਹੀਂ ਕਰਾਂਗੀ।" ਪਰ ਉਹ ਇਹ ਵੀ ਕਹਿੰਦੀ ਹੈ ਕਿ ਔਰਤ ਖਿਡਾਰੀਆਂ 'ਚ ਏਕਤਾ, ਲਗਨ ਤੇ ਆਤਮ ਸਨਮਾਨ ਦੀ ਘਾਟ ਹੈ। ਉਹ ਆਸ਼ਾਵਾਦੀ ਬਹੁਤ ਹੁੰਦੀਆਂ ਹਨ ਅਤੇ ਕਿਸੇ ਵੀ ਤਰ੍ਹਾਂ ਟੀਮ 'ਚ ਸ਼ਾਮਲ ਹੋਣ ਦੀ ਲਾਲਸਾ ਰੱਖਦੀਆਂ ਹਨ। ਖਾਸ ਕਰਕੇ ਉੱਤਰ ਭਾਰਤ ਵਿੱਚ ਇਸ ਨਾਲ ਅਧਿਕਾਰੀਆਂ, ਕੋਚ, ਨੇਤਾਵਾਂ ਤੋਂ "ਅਸ਼ੀਰਵਾਦ" ਲੈਣ ਦਾ ਸਭਿਆਚਾਰ ਪੈਦਾ ਹੋ ਗਿਆ ਹੈ। ਇਹ ਅਸ਼ੀਰਵਾਦ ਪੈਸੇ ਦੇ ਰੂਪ 'ਚ ਵੀ ਮਿਲਦਾ ਹੈ। ਇਸ ਅਮਲ 'ਚ ਔਰਤ ਖਿਡਾਰੀ ਗਲਤ ਸੰਦੇਸ਼ ਦੇ ਕੇ ਮੁਸੀਬਤ 'ਚ ਫਸ ਜਾਂਦੀ ਹੈ। ਉਹਨਾਂ 'ਚੋਂ ਬਹੁਤੀਆਂ ਗਰੀਬ ਜਾਂ ਪੇਂਡੂ ਪਿੱਠਭੂਮੀ ਤੋਂ ਆਉਂਦੀਆਂ ਹਨ ਅਤੇ ਕੰਮਕਾਜ

ਦੀਆਂ ਥਾਵਾਂ ਦੇ ਵਰਤਾਅ ਨੂੰ ਸਮਝ ਨਹੀਂ ਸਕਦੀਆਂ। ਨਚੱਪਾ ਪੁੱਛਦੀ ਹੈ 'ਕੀ ਇਹ ਖੇਡ ਸੰਘ ਦੀ ਜ਼ਿੰਮੇਵਾਰੀ ਨਹੀਂ ਹੈ ਕਿ ਉਹ ਇਨ੍ਹਾਂ ਖਿਡਾਰੀਆਂ ਦੀ ਸਿੱਖਿਆ ਦੇ ਪਹਿਲੂ 'ਤੇ ਵੀ ਧਿਆਨ ਦੇਣ।"

ਲਗਾਤਾਰ ਦੋ ਉਲੰਪਿਕ (1992 ਅਤੇ 1996) 'ਚ ਭਾਰਤੀ ਹਾਕੀ ਟੀਮ ਦੀ ਅਗਵਾਈ ਕਰਨ ਵਾਲੇ ਫੁਲ ਬੈਕ ਤੇ ਪੈਨਾਲਟੀ ਕਾਰਨਰ ਮਾਰਨ ਵਾਲੇ 45 ਸਾਲਾ ਪ੍ਰਗਟ ਸਿੰਘ ਭਰਮ ਵਿੱਚ ਹਨ। ਉਹ ਇੰਡੀਅਨ ਉਲਿੰਪਕ ਐਸੋਸੀਏਸ਼ਨ ਤੇ ਅਥਲੈਟਿਕ ਸੰਘ ਦੇ ਮੁਖੀ ਸੁਰੇਸ਼ ਕਲਮਾਡੀ ਨਾਲ ਭਿੜ ਪਏ। ਕਲਮਾਡੀ ਕਥਿਤ ਤੌਰ 'ਤੇ 83 ਸਾਲਾ ਵਿਧਾ ਸਟੋਕਸ ਨੂੰ ਉਤਸ਼ਾਹਿਤ ਕਰ ਰਹੇ ਸਨ ਜੋ ਹਾਕੀ ਇੰਡੀਆ ਦੇ ਮੁੱਖ ਅਹੁੱਦੇ ਲਈ ਪ੍ਰਗਟ ਸਿੰਘ ਨਾਲ ਲੜੀ ਤੇ ਪਰਗਟ ਸਿੰਘ ਹਾਰ ਗਏ। ਪ੍ਰਗਟ ਸਿੰਘ ਸਿੱਧੀ ਗੱਲ ਕਰਦੇ ਹਨ" ਹਾਕੀ ਇੰਡੀਆਂ ਨੂੰ ਪਿੱਛੇ ਰਹਿ ਕੇ ਕਲਮਾਡੀ ਚਲਾ ਰਹੇ ਹਨ.....ਉਹ ਨਿੱਜੀ ਲਾਭ ਲਈ ਚੋਟ ਨੂੰ ਕੰਟਰੋਲ ਕਰਦੇ ਰਹੇ" ਖੇਡ ਸੰਘ ਦੇ ਅੰਦਰੂਨੀ ਅਹੁਦਿਆਂ ਦੀ ਇਹ ਆਪਸੀ ਲੜਾਈ 'ਚ ਕਿਸੇ ਨੂੰ ਖੇਡ ਤੇ ਖਿਡਾਰੀਆਂ ਦੀ ਪ੍ਰਵਾਹ ਨਹੀਂ ਸੀ।

# ਪੁਰਾਣੀ ਜਾਤਪਾਤ ਪ੍ਰਥਾ ਨੂੰ ਦਫਨਾਇਆ ਕਿਵੇਂ ਜਾਵੇ?

ਵਿਆਹ ਸਬੰਧੀ ਇਹ ਪੁੱਛਣਾ ਕਿ ਤੁਸੀਂ ਕਿਸ ਜਾਤ ਦੇ ਹੋ ਕੋਈ ਗੁਨਾਹ ਨਹੀਂ ਮੰਨਿਆ ਜਾਂਦਾ। ਅਖਬਾਰਾਂ 'ਚ ਵੀ ਵਿਆਹ ਦੇ ਇਸ਼ਤਿਹਾਰਾਂ 'ਚ ਜਾਤੀ ਲਿਖੀ ਹੁੰਦੀ ਭਾਵੇਂ ਹਾਂ ਕੁਝ ਸਮਾਜ ਸੁਧਾਰਕ ਕਿਸਮ ਦੇ ਲੋਕ 'ਜਾਤਪਾਤ ਕੋਈ ਬੰਧਨ ਨਹੀਂ' ਲਿਖਦੇ ਹਨ। ਭਾਰਤ 'ਚ ਸਕੂਲ, ਕਾਲਜਾਂ 'ਚ, ਦਫ਼ਤਰਾਂ 'ਚ ਕਿਸੇ ਨਾਲ ਦੋਸਤੀ ਕਰਨ ਵੇਲੇ ਕੋਈ ਨਹੀਂ ਪੁੱਛਦਾ ਕਿ ਉਸ ਦੀ ਜਾਤ ਕੀ ਹੈ। ਸ਼ਹਿਰਾਂ 'ਚ ਦੋ ਗੁਆਂਢੀ ਵੱਖ-ਵੱਖ ਜਾਤ ਦੇ ਹੋ ਕੇ ਵੀ ਸੁਹਿਰਦਤਾ ਨਾਲ ਰਿਸ਼ਤਾ ਨਿਭਾਉਂਦੇ ਹਨ ਪਰ ਇਸ ਜਾਤ ਦੀ ਰੇਖਾ ਨੂੰ ਕੋਈ ਲੜਕਾ ਜਾਂ ਲੜਕੀ ਜ਼ਰਾ ਵੀ ਮਿਟਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪ੍ਰੀਵਾਰ ਦੀ ਮਾਨ ਮਰਿਆਦਾ, ਇੱਜ਼ਤ ਫੌਰਨ ਦਾਅ 'ਤੇ ਲੱਗ ਜਾਂਦੀ ਹੈ। ਮਾਪਿਆਂ ਨੂੰ ਤੁਰੰਤ ਯਾਦ ਆ ਜਾਂਦਾ ਹੈ ਕਿ ਭਲਾਂ ਜਾਤ ਦੀਆਂ ਕੀ ਕਮੀਆਂ ਹਨ ਜਾਂ ਢੀਂਗ ਜਾਤੀ ਉਹਨਾਂ ਤੋਂ ਕਿੰਨੀ ਪਿਛੜੀ ਹੋਈ ਹੈ। ਮੂਹਰਲਿਆਂ 'ਚ ਇਹ ਦੰਭ ਵੀ ਹੁੰਦਾ ਹੈ ਕਿ ਉਹ ਕਿੰਨੇ ਕੁਲੀਨ ਹਨ ਕਿ ਕਿਸੇ ਦੂਜੀ ਜਾਤ ਵਿੱਚ ਵਿਆਹ ਕਰਨ ਦੀ ਗੱਲ ਸੋਚਣਾ ਵੀ ਗਲਤ ਹੈ ਪਰ ਚੰਗੀ ਗੱਲ ਇਹ ਹੈ ਕਿ ਸਮਾਜ ਦੀਆਂ ਕਿੰਨੀਆਂ ਵੀ ਦੁਹਾਈਆਂ ਦਿੱਤੀਆਂ ਜਾਣ ਕੁਝ ਨੌਜਵਾਨ ਹਨ ਜੋ ਜਾਤਪਾਤ ਦੇ ਵਿਚਾਰ ਤੋਂ ਅੱਗੇ ਸੋਚ ਕੇ ਖ਼ੁਦ ਆਪਣਾ ਰਾਹ ਬਣਾਉਂਦੇ ਹਨ ਅਤੇ ਜੀਵਨ ਸਾਥੀ ਚੁਣਦੇ ਹਨ। ਤੰਗਦਿਲ ਖਾਪ ਪੱਟੀ 'ਚ ਹਿੰਮਤ ਵਿਖਾਉਣ ਵਾਲੇ ਬਿਜਨੌਰ ਦੇ ਨਿਕੁੰਜ ਅਹਲਾਵਤ ਅਜਿਹੇ ਹੀ ਨੌਜਵਾਨ ਹਨ, ਜਿਹਨਾਂ ਨੇ ਠਾਕੁਰ ਸਮੂਹ ਦੀ ਜੋਤੀ ਸਿੰਘ ਨੂੰ ਪਸੰਦ ਕੀਤਾ ਅਤੇ ਪ੍ਰੀਵਾਰ ਵਾਲਿਆਂ ਦੇ ਵਿਰੋਧ ਦੇ ਬਾਵਜੂਦ ਸ਼ਾਦੀ ਕਰ ਲਈ। ਉਹਨਾਂ ਨੇ ਆਪਣੇ ਘਰ ਵਾਲਿਆਂ ਨੂੰ ਦੱਸਿਆ ਜਦ ਉਹ ਕਿਸੇ ਵੀ ਹਾਲਤ 'ਚ ਨਾ ਮੰਨੇ ਤਾਂ 8 ਜੁਲਾਈ 2003 ਨੂੰ ਉਹਨਾਂ ਨੇ ਆਰੀਆ ਸਮਾਜ ਮੰਦਰ 'ਚ ਸ਼ਾਦੀ ਕਰ ਲਈ ਫਿਰ ਹੌਲੀ-ਹੌਲੀ ਆਉਣਾ ਜਾਣਾ ਸ਼ੁਰੂ ਹੋ ਗਿਆ। ਉਹ ਹੁਣ ਬਿਲਕੁਲ ਠੀਕ-ਠਾਕ ਰਹਿੰਦੇ ਹਨ ਅਤੇ ਕਿਸੇ ਨੂੰ ਯਾਦ ਵੀ ਨਹੀਂ ਆਉਂਦਾ ਕਿ ਅਸੀਂ ਮਰਜ਼ੀ ਨਾਲ ਸ਼ਾਦੀ ਕੀਤੀ ਹੈ। ਜੋਤੀ ਠਾਕੁਰ ਬਰਾਦਰੀ ਦੀ ਸੀ, ਇਸ ਲਈ ਵਿਰੋਧ ਉਹਨਾਂ ਦੇ ਘਰ ਵੱਧ ਸੀ ਆਮ ਧਾਰਨਾ ਹੈ ਕਿ ਕੁਝ ਫਿਰਕੇ ਆਪਣੀ ਜਾਤ ਪ੍ਰਤੀ ਬਹੁਤ ਕੱਟੜ ਹੁੰਦੇ ਹਨ ਜਦ ਕਿ ਬ੍ਰਾਹਮਣਾਂ ਨੂੰ ਮੁਕਾਬਲਤਣ ਸਹਿਜਤਾ ਨਾਲ ਬਦਲਾਅ ਦਾ ਸਮਰਥਕ ਮੰਨਿਆ ਜਾਂਦਾ ਹੈ। ਹੋ ਸਕਦਾ ਹੈ ਇਹ ਕੁਝ ਹੱਦ ਤੱਕ ਸੰਭਵ ਹੋ ਪਰ ਜਿਥੇ ਗੱਲ ਬਿਰਾਦਰੀ ਦੀ ਸ਼ਾਦੀ ਦੀ ਆਉਂਦੀ ਹੈ ਬ੍ਰਾਹਮਣ ਵੀ ਠਾਕੁਰਾਂ ਵਾਂਗੂ ਮੁੱਛਾਂ ਨੂੰ ਤਾਅ ਦੇਣ ਤੋਂ ਬਾਜ਼ ਨਹੀਂ ਆਉਂਦੇ। ਮੱਧ ਪ੍ਰਦੇਸ਼ ਦੇ ਇਕ ਨਾਮੀ ਬ੍ਰਾਹਮਣ ਵਕੀਲ ਦੀ ਬੇਟੀ ਨੇ ਜਦ ਆਪਣੇ ਪਿਤਾ ਦੀ ਮਰਜ਼ੀ ਵਿਰੁੱਧ ਦਰਜੀ ਸਮਾਜ ਦੇ ਲੜਕੇ ਨਾਲ ਵਿਆਹ ਰਚਾ ਲਿਆ ਤਾਂ ਪਿਤਾ ਫਿਲਮੀ ਵਿਲੇਨ ਦੇ ਅਵਤਾਰ 'ਚ ਆ ਗਏ ਅਤੇ ਲੜਕੇ ਉਪਰ ਡਕੈਤੀ ਦਾ ਝੂਠਾ ਮੁਕੱਦਮਾ ਮੜ੍ਹਾ ਦਿੱਤਾ। ਇਸ ਪੂਰੇ ਅਮਲ 'ਚ ਲੜਕੇ ਦਾ ਭਾਈ ਨੂੰ ਪ੍ਰੇਸ਼ਾਨੀ ਸਹਿਣੀ ਪਈ ਅਤੇ 3-4 ਮਹੀਨੇ ਜੇਲ੍ਹ ਰਹਿਣਾ ਪਿਆ ਪਿਛੋਂ ਛੋਟੀ

ਭੈਣ ਨੇ ਅਦਾਲਤ ਦਾ ਦਰਵਾਜਾ ਖੜਕਾਇਆ ਅਤੇ ਕਈ ਸਾਲਾਂ ਪਿਛੋਂ ਹਾਲਾਤ ਆਮ ਵਰਗੇ ਹੋਏ ਪ੍ਰੀਵਾਰ ਦੀ ਇਸ ਸਭਿਆਚਾਰ ਵਿਭਿੰਨਤਾ ਦੇ ਨਾਲ-ਨਾਲ ਕਦੀ-ਕਦੀ ਲੜਕੇ ਜਾਂ ਲੜਕੀ ਦਾ ਪ੍ਰੀਵਾਰਿਕ ਪਿਛੋਕੜ ਵੀ ਰੋੜਾ ਬਣ ਜਾਂਦਾ। ਰਾਂਚੀ 'ਚ ਰਹਿ ਰਹੇ ਵਿਨੋਦ ਸੈਨੀ ਤੇ ਕਿਰਨ ਬੈਨੀਵਾਲ ਦਾ ਕਿੱਸਾ ਵੀ ਕੁਝ ਅਜਿਹਾ ਹੀ ਸੀ। ਕਿਰਨ ਦੱਸਦੀ ਹੈ ਕਿ ਵਿਨੋਦ ਦੇ ਪਿਤਾ ਬਿਜਲੀ ਬੋਰਡ 'ਚ ਕੰਮ ਕਰਦੇ ਹਨ ਮਾਪਿਆਂ ਦੀ ਰਾਇ ਸੀ ਕਿ ਲੜਕੇ ਵਾਲੇ ਸਾਡੇ ਬਰਾਬਰ ਦੀ ਹੈਸੀਅਤ ਨਹੀਂ ਰੱਖਦੇ ਇਸ ਲਈ ਇਹ ਸ਼ਾਦੀ ਨਹੀਂ ਹੋ ਸਕਦੀ। ਕਿਰਨ ਦੇ ਪਿਤਾ ਇਕ ਵੱਡਾ ਸਕੂਲ ਚਲਾਉਂਦੇ ਹਨ ਇਸ ਤੋਂ ਇਲਾਵਾ ਲੜਕੇ ਦਾ ਮਾਲੀ ਜਮਾਤ ਤੋਂ ਹੋਣਾ ਤੇ ਲੜਕੀ ਦਾ ਜਾਟ ਹੋਣਾ ਵੀ ਬਹੁਤ ਵੱਡਾ ਕਾਰਨ ਸੀ। ਕਿਰਨ ਬਹੁਤ ਬੇਵਾਕ ਹੈ ਉਹਨਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਕਿ ਲੜਕੇ ਦੇ ਗੁਣ ਦੇਖਣ ਦੀ ਬਜਾਏ ਉਸ ਦੇ ਪ੍ਰੀਵਾਰ ਦਾ ਸਟੇਟਸ ਕਿਉਂ ਵੇਖਿਆ ਜਾ ਰਿਹਾ ਹੈ। ਸਮਾਜ ਵੀ ਅਸੀਂ ਹੀ ਬਣਾਉਂਦੇ ਹਾਂ ਤੇ ਇਸ ਲਈ ਇਸ ਨੂੰ ਅਸੀਂ ਬਦਲ ਵੀ ਸਕਦੇ ਹਾਂ ਕਿਰਨ ਨੇ ਸ਼ਾਦੀ ਪਿਛੋਂ ਆਪਣਾ ਉਪਨਾਮ ਵੀ ਬਦਲ ਲਿਆ। ਵਿਨੋਦ ਨੇ ਕਦੀ ਉਸ 'ਤੇ ਦਬਾਅ ਵੀ ਨਹੀਂ ਬਣਾਇਆ ਨਾਂ ਇਕ ਤਰ੍ਹਾਂ ਦੀ ਪਹਿਚਾਣ ਹੈ ਇਸ ਲਈ ਇਸ ਨੂੰ ਬਦਲਣਾ ਜ਼ਰੂਰੀ ਨਹੀਂ ਹੈ। ਵਿਨੋਦ ਤੇ ਕਿਰਨ ਦੀ ਸ਼ਾਦੀ 'ਚ ਕਿਰਨ ਦੇ ਪ੍ਰੀਵਾਰ ਤੋਂ ਹੀ ਰਜ਼ਾਮੰਦੀ ਦੀ ਦਿੱਕਤ ਸੀ ਵਿਨੋਦ ਦਾ ਪ੍ਰੀਵਾਰ ਥੋੜ੍ਹੇ ਵਿਰੋਧ ਪਿਛੋਂ ਤਿਆਰ ਹੋ ਗਿਆ ਪਰ ਦੋਹਾਂ ਨੇ 15 ਫਰਵਰੀ ਨੂੰ ਆਰੀਆ ਸਮਾਜ ਮੰਦਰ 'ਚ ਸ਼ਾਦੀ ਕਰਕੇ ਦੱਸ ਦਿੱਤਾ ਕਿ ਪ੍ਰੀਵਾਰ ਦਾ ਫੈਸਲਾ ਚਾਹੇ ਜੋ ਮਰਜ਼ੀ ਹੋ, ਉਹਨਾਂ ਦਾ ਫੈਸਲਾ ਇਕੱਠੇ ਰਹਿਣ ਦਾ ਹੈ। ਹੁਣ ਉਹਨਾਂ ਦਾ 6 ਸਾਲ ਦਾ ਬੇਟਾ ਵੀ ਹੈ। ਕੌਮਾਂਤਰੀ ਵਿਆਹਾਂ 'ਚ ਲੜਾਈ ਝਗੜੇ ਹੋਣਾ ਆਮ ਗੱਲ ਹੈ। ਕਈ ਵਾਰੀ ਤਾਂ ਮਾਮਲੇ ਸਾਲਾਂ ਬੱਧੀ ਚਲਦੇ ਹਨ ਅਤੇ ਵਿਰੋਧ ਹਿੰਸਕ ਵੀ ਹੋ ਜਾਂਦਾ ਹੈ। ਜੋੜੇ ਨਾ ਤਾਂ ਮਾਪਿਆਂ ਦੀ ਮਰਜ਼ੀ ਮੰਨਣ ਨੂੰ ਤਿਆਰ ਹੁੰਦੇ ਹਨ ਨਾ ਹੀ ਮਾਪੇ ਇਸ ਗੱਲ ਨੂੰ ਸਮਝਦੇ ਹਨ ਕਿ ਦੋ ਬਾਲਗਾਂ ਨੂੰ ਇਕੱਠਾ ਰਹਿਣ ਤੋਂ ਰੋਕਣ ਨਾਲ ਉਹਨਾਂ ਦਾ ਫੈਸਲਾ ਬਦਲ ਨਹੀਂ ਜਾਵੇਗਾ। ਠਾਕੁਰ ਬਰਾਦਰੀ ਨਾਲ ਤਾਲੁਕ ਰੱਖਣ ਵਾਲੀ ਤੇ ਜੈਨ ਲੜਕੇ ਨਾਲ ਵਿਆਹ ਕਰਵਾਉਣ ਲਈ ਪ੍ਰਭਾ ਅਨੁਸਾਰ 'ਜਦ ਮੈਂ ਸ਼ਾਦੀ ਕੀਤੀ ਸੀ ਤਾਂ ਘਰ ਵਾਲੇ ਬਹੁਤ ਨਾਰਾਜ਼ ਸਨ। ਮੈਨੂੰ ਕਈ ਵਾਰੀ ਲੱਗਦਾ ਹੈ ਕਿ ਇਹ ਮਰਜ਼ੀ ਤੋਂ ਇਲਾਵਾ 'ਮੈਂ' ਦੀ ਲੜਾਈ ਹੋ ਜਾਂਦੀ ਹੈ, ਮੇਰੇ ਘਰ ਵਾਲਿਆਂ ਨੂੰ ਲੱਗਦਾ ਹੈ ਕਿ ਉਹ ਗੱਲਬਾਤ ਦੀ ਪਹਿਲ ਕਿਵੇਂ ਕਰਨ। ਬੱਸ ਇਸੇ ਜਿੱਦ ਕਾਰਨ ਗੱਲਬਾਤ ਲੰਮਾ ਸਮਾਂ ਬੰਦ ਰਹੀ। ਪਰ ਕਦੀ ਨਾ ਕਦੀ ਕੋਈ ਨਾ ਕੋਈ ਯਾਦ ਦਿਲਾ ਦਿੰਦਾ ਹੈ ਕਿ ਉਹਨਾਂ ਦੀ ਸ਼ਾਦੀ ਵਿਰੋਧ ਦੇ ਪਰਛਾਵੇਂ ਹੇਠ ਹੋਈ ਸੀ। ਪ੍ਰਭਾ ਜਾਂ ਸੌਰਵ ਉਹਨਾਂ ਦਿਨਾਂ ਨੂੰ ਯਾਦ ਵੀ ਕਰਦੇ ਹਨ ਸੌਰਵ ਹੱਸਕੇ ਕਹਿੰਦੈ 'ਕਿਉਂਕਿ ਉਹਨਾਂ ਗੱਲਾਂ ਨੂੰ ਯਾਦ ਕੀਤਾ ਜਾਵੇ, ਜਿਨ੍ਹਾਂ ਨੂੰ ਭੁਲਾਉਣਾ ਹੀ ਠੀਕ ਹੈ।' ਅੰਤਰ ਜਾਤੀ ਵਿਆਹ ਕਰਨ ਵਾਲੇ ਜੋੜਿਆਂ 'ਤੇ ਇਹ ਦਬਾਅ ਵੀ ਰਹਿੰਦਾ ਹੈ ਕਿ ਉਹ ਇਕੱਲੇ ਨਾ ਰਹਿ ਜਾਣ' ਇੰਦਰ ਦੀ ਸਰੋਜ ਕੁਲਕਰਣੀ ਦੀ ਬੇਟੀ ਨੇ ਉਹਨਾਂ ਨੂੰ ਬਿਨਾਂ ਦੱਸੇ ਵਿਆਹ ਕਰ ਲਿਆ ਸੀ ਕਿਉਂਕਿ ਸਰੋਜ ਦੇ ਪਤੀ ਨਹੀਂ ਸਨ ਤਾਂ ਉਸ ਨੂੰ ਹਮੇਸ਼ਾ ਲੱਗਦਾ

ਸੀ ਕਿ ਉਹ ਆਪਣੀ ਬੇਟੀ ਨੂੰ ਮਹਾਂਰਾਸ਼ਟਰੀ ਸਮਾਜ 'ਚ ਹੀ ਵਿਆਹਵੇਗੀ ਉਹ ਕਹਿੰਦੈ ਹੈ 'ਥੋੜਾ ਬਹੁਤ ਦਬਾਅ ਤਾਂ ਹੁੰਦਾ ਹੀ ਹੈ ਲੜਕੇ ਜਦ ਸ਼ਾਦੀ ਕਰਦੇ ਹਨ ਤਾਂ ਸਮਝੌਤਾ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਨ' ਪਰ ਕੀ ਵਾਕਿਆ ਹੀ ਹੁੰਦਾ ਹੈ ਇਹ ਤਾਂ ਬੰਦੇ-ਬੰਦੇ 'ਤੇ ਨਿਰਭਰ ਕਰਦਾ ਹੈ। ਕਿਉਂ ਜ਼ਰੂਰੀ ਨਹੀਂ ਕਿ ਹਰ ਪ੍ਰੇਮੀ ਜੋੜਾ ਇਸ ਨਿਯਮ ਦੀ ਪਾਲਨਾ ਕਰੇ ਅਤੇ ਕੋਈ ਜ਼ਰੂਰੀ ਨਹੀਂ ਕਿ ਪ੍ਰੀਵਾਰ ਦੀ ਪਸੰਦ ਨਾਲ ਵਿਆਹ ਬੰਧਨ 'ਚ ਬੰਨੇ ਦੋ ਲੋਕ ਜੀਵਨ ਭਰ ਇਕੱਠੇ ਰਹਿਣ। ਤਦ ਫਿਰ ਵੀ ਅਜਿਹਾ ਕੀ ਹੈ ਕਿ ਜਾਤ ਤੋਂ ਬਾਹਰ ਸ਼ਾਦੀ ਕਰਨ ਵਿੱਚ ਮਾਪੇ ਘਬਰਾ ਜਾਂਦੇ ਹਨ ਅਤੇ ਕਿਸੇ ਵੀ ਸੂਰਤ ਵਿੱਚ ਗੈਰ ਸਮਾਜ ਦੇ ਲੜਕੇ ਜਾਂ ਲੜਕੀ ਨੂੰ ਅਪਣਾਉਣ ਤੋਂ ਇਨਕਾਰ ਕਰ ਦਿੰਦੇ ਹਨ। ਦਰਅਸਲ ਸਾਡੇ ਅੰਦਰ ਜਾਤਪਾਤ ਵਿਵਸਥਾ ਇੰਨ੍ਹੀ ਗਹਿਰੀ ਬੈਠੀ ਹੈ ਕਿ ਚਾਹੁੰਦੇ ਹੋਏ ਵੀ ਇਸ ਜਾਲ 'ਚੋਂ ਨਿਕਲ ਸਕਣਾ ਨਾਮੁਮਕਿੰਨ ਹੈ। ਜਾਤ ਹਰ ਤਰ੍ਹਾਂ ਨਾਲ ਪਿੱਛਾ ਕਰਦੀ ਹੈ। ਕੋਈ ਕਿੰਨਾ ਵੀ ਕਹੇ ਪਰ ਬਚਪਨ ਤੋਂ ਹਰ ਬੰਦੇ 'ਤੇ ਆਪਣੀ ਜਾਤ ਦੇ ਖਾਣ ਪੀਣ ਤੇ ਰਹਿਣ ਸਹਿਣ ਦਾ ਅਸਰ ਹੁੰਦਾ ਹੈ। ਇਸ ਦਾ ਜਵਾਬ ਰਾਇਸੇਨ ਦੀ ਮੁੰਲਿਨੀ ਨਗਰ ਕੋਲ ਹੈ। ਲਗਭਗ 30 ਸਾਲ ਪਹਿਲਾਂ ਮਣਾਲਿਨੀ ਨੇ ਸਿਰਫ਼ 18 ਸਾਲ ਦੀ ਉਮਰ 'ਚ ਘਰੋਂ ਭੱਜ ਕੇ ਸ਼ਾਦੀ ਕਰ ਲਈ ਸੀ। ਉਹ ਕਹਿੰਦੀ ਹੈ 'ਸਹੁਰਿਆਂ ਨੇ ਸਾਨੂੰ ਆਪਣਾ ਤਾਂ ਲਿਆ ਪਰ ਮੈਂ ਜਿਵੇਂ ਹਰ ਪਲ ਇਮਤਿਹਾਨ ਦਿੰਦੀ ਸੀ ਕਿ ਜੇ ਮੇਰੇ ਮਾਪਿਆਂ ਦੀ ਮਰਜ਼ੀ ਨਾਲ ਸ਼ਾਦੀ ਕੀਤੀ ਹੁੰਦੀ ਤਾਂ ਸਹੁਰਿਆਂ ਦਾ ਮੇਰੇ ਪ੍ਰਤੀ ਨਜ਼ਰੀਆ ਵੱਖਰਾ ਹੁੰਦਾ। ਕੋਈ ਵੀ ਚੀਜ਼ ਨਸ਼ਟ ਹੋ ਕੇ ਹੀ ਬੀਜ ਬਣਦਾ ਹੈ ਅਤੇ ਅਫਸੋਸ, ਬੀਜ ਹਮੇਸ਼ਾ ਲੜਕੀ ਹੁੰਦੀ ਹੈ। ਲੜਕਿਆਂ ਨੂੰ ਵੀ ਤਿਆਗ ਕਰਨਾ ਪੈਂਦਾ ਹੈ।' ਮ੍ਰਿਣਲਿਨੀ ਦੀ ਬੇਟੀ ਨੇ ਜਦ ਆਪਣੀ ਮਰਜ਼ੀ ਨਾਲ ਸ਼ਾਦੀ ਕੀਤੀ ਤਾਂ ਬਹੁਤ ਸਾਰੇ ਰਿਸ਼ਤੇਦਾਰ ਤੇ ਸਬੰਧੀਆਂ ਨੇ ਦਬੀ ਆਵਾਜ਼ 'ਚ ਸਹੀ ਪਰ ਇਹ ਜ਼ਰੂਰ ਕਿ ਮਾਪਿਆਂ ਨੇ ਜਦ ਮਰਜ਼ੀ ਦੀ ਸ਼ਾਦੀ ਕੀਤੀ ਤਾਂ ਬੇਟੀ ਕਿਉਂ ਨਹੀਂ ਕਰੇਗੀ। ਕੁਝ ਮਨੋਵਿਗਿਆਨੀ ਮੰਨਦੇ ਹਨ ਕਿ ਸ਼ਾਦੀ ਪ੍ਰਤੀ ਇਕ ਵੱਖਰਾ ਨਜ਼ਰੀਆ ਦੇਣ ਨਾਲ ਕੁਝ ਬੱਚੇ ਵੱਡੇ ਹੋ ਕੇ ਰੋਮਾਸ ਲਈ ਹੀ ਇਹ ਕੰਮ ਬਗਾਵਤ ਕਰਕੇ ਕਰਨਾ ਚਾਹੁੰਦੇ ਹਨ ਪਰ ਪਰ ਅਜਿਹੇ ਵੀ ਕੁਝ ਹਨ ਜਿਹਨਾਂ ਨੂੰ ਹਿੰਮਤ ਕਰਨ 'ਚ ਹੀ ਮਜ਼ਾ ਆਉਂਦਾ ਹੈ ਜਾਤਪਾਤ ਦੇ ਇਸ ਸਵਾਲ 'ਚ ਇਹ ਕੋਈ ਨਹੀਂ ਕਹਿ ਸਕਦਾ ਕਿ ਪੜ੍ਹਿਆ ਲਿਖਿਆ ਤਬਕਾ ਅਜਿਹਾ ਕਰੇਗਾ ਅਤੇ ਅਨਪੜ੍ਹ ਇਸ ਬਾਰੇ ਸੋਚਣਗੇ ਵੀ ਨਹੀਂ। ਰਾਜਸਥਾਨ ਦੇ ਭਰਤਪੁਰ 'ਚ ਰਹਿਣ ਵਾਲੇ ਰਮੇਸ਼ ਕੁਮਾਰ ਅਤੇ ਪਿੰਕੀ ਕੁਆਰੀ ਫੌਜਦਾਰ ਨੇ ਫਿਲਮਾਂ ਨੂੰ ਦੇਖ ਕੇ ਪਿਆਰ ਕਰਨਾ ਸਿੱਖਿਆ। ਪਿੰਕੀ ਨੂੰ ਉਮੇਸ਼ ਨੂੰ ਵੇਖਣਾ ਪਸੰਦ ਸੀ ਅਤੇ ਉਮੇਸ਼ ਨੂੰ ਪਿੰਕੀ ਦਾ ਸਾਥ ਚਾਹੀਦਾ ਸੀ ਪਰ ਮਾਮਲਾ ਪਿੰਡ ਦਾ ਸੀ ਇਸ ਲਈ ਬਹੁਤ ਸੌਖਿਆ ਹੀ ਰਜ਼ਾਮੰਦੀ ਮਿਲਣੀ ਮੁਸ਼ਕਲ ਸੀ। ਉਮੇਸ਼ ਅਨੁਸਾਰ 'ਸਾਡੇ ਇਥੇ ਤਾਂ ਪੰਚਾਇਤਾਂ ਹੁੰਦੀਆਂ ਹਨ ਜਦ ਅਸੀਂ ਸ਼ਾਦੀ ਕੀਤੀ ਸੀ ਤਾਂ ਸਾਨੂੰ ਮੁਰਦਾ ਜਾਂ ਜਿੰਦਾ ਫੜ ਕੇ ਲਿਆਉਣ ਲਈ ਇਕ ਲੱਖ ਰੁਪਏ ਦਾ ਇਨਾਮ ਸੀ' ਪਰ ਹੌਲੀ-ਹੌਲੀ ਸਭ ਸ਼ਾਂਤ ਹੋ ਗਿਆ ਹੁਣ ਦੋਨੋ ਜੈਪੁਰ 'ਚ ਰਹਿੰਦੇ ਹਨ ਲੜਕੇ ਦੇ ਮਾਪਿਆਂ ਨੇ ਦੋਹਾਂ ਨੂੰ ਸਵੀਕਾਰ ਕਰ ਲਿਆ ਹੈ। ਪਿੰਕੀ ਨੂੰ ਪੂਰੀ ਉਮੀਦ ਹੈ ਕਿ ਕੁਝ ਦਿਨਾਂ

’ਚ ਉਹਨਾਂ ਦੇ ਪ੍ਰੀਵਾਰ ਵਾਲੇ ਵੀ ਮਨ ਜਾਣਗੇ। ਇਹਨਾਂ ਸ਼ਾਦੀਆਂ ’ਚ ਜੋ ਰੋਮਾਂਸ ਹੁੰਦਾ ਹੈ, ਉਹ ਕਿਸੇ ਵੀ ਰਜਾਮੰਦੀ ਵਾਲੀ ਸ਼ਾਦੀ ’ਚ ਪੈਦਾ ਨਹੀਂ ਕੀਤਾ ਜਾ ਸਕਦਾ। ਦੋਸਤਾਂ ਦੀ ਪੂਰੀ ਜਮਾਤ ਇਸ ਨੇਕ ਕੰਮ ’ਚ ਸਹਿਯੋਗ ਕਰਨ ’ਚ ਜੁਟੀ ਰਹਿੰਦੀ ਹੈ। ਲੜਕੀ ਨੂੰ ਭਜਾ ਕੇ ਲੈ ਜਾਣ ਜਾਂ ਪੰਡਿਤ ਦਾ ਇੰਤਜਾਮ ਹਰ ਸੇਵਾ ਲਈ ਦੋਸਤ ਹਾਜ਼ਰ ਰਹਿੰਦੇ ਹਨ। ਫਿਰ ਸ਼ਾਦੀ ਪਿਛੋਂ ਛੁਪਾ ਕੇ ਰੱਖਣਾ ਤੇ ਦੋਸਤ ਦੀ ਖਾਤਰ ਉਹਨਾਂ ਦੋਹਾਂ ਦੇ ਘਰ ਵਾਲਿਆਂ ਦੇ ਸਾਹਮਣੇ ਝਿੜਕਾ ਖਾ ਕੇ ਵੀ ਚੁੱਪ ਕਰ ਜਾਣਾ ਉਹ ਆਪਣਾ ਪਹਿਲਾਂ ਫਰਜ਼ ਸਮਝਦੇ ਹਨ। ਜੇ ਨੌਕਰੀ ਪਿਛੋਂ ਇਹ ਕੰਮ ਹੋਵੇ ਤਾਂ ਪੈਸੇ ਦੀ ਦਿੱਕਤ ਨਹੀਂ ਰਹਿੰਦੀ ਪਰ ਜੇ ਪਿਆਰ ਦਾ ਬੁਖਾਰ ਪੜਾਈ ਦੌਰਾਨ ਹੀ ਚੜ ਜਾਵੇ, ਪੈਸੇ ਦੇ ਇੰਤਜ਼ਾਮ ’ਚ ਕੋਈ ਪਿੱਛੇ ਨਹੀਂ ਰਹਿੰਦਾ। ਕਾਲਜ ਸਮੇਂ ਤਾਂ ਵਿਆਹ ਦੇ ਯੱਗ ’ਚ ਦੋਸਤ ਅਹੁਤੀ ਦੇਣ ਲਈ ਤਿਆਰ ਹੀ ਰਹਿੰਦੇ ਸਨ ਪਰ ਅੱਜਕਲ ਨਵੇਂ ਜੋੜਿਆਂ ਨੂੰ ਪਨਾਹ ਦੇਣ ਲਈ ਸੰਗਠਨ, ਨਿਆਂ ਪਾਲਕਾ ਵੀ ਮੌਜੂਦ ਹੈ। ਇਸ ਅਮਲ ’ਚ ਮੀਡੀਆ ਦੇ ਸਹਿਯੋਗ ਨਾਲ ਹੋਰ ਵੀ ਫ਼ਰਕ ਪੈਦਾ ਹੈ। ਜਦ ਜੋੜੇ ਸਮਾਜ ਤੋਂ ਭੱਜ ਕੇ ਮੀਡੀਆ ਦੀ ਸ਼ਰਨ ’ਚ ਜਾਂਦੇ ਹਨ ਤੇ ਸੁਰੱਖਿਆ ਦੀ ਜਨਤਕ ਬੇਨਤੀ ਕਰਦੇ ਹਨ। ਵੈਸੇ ਤਾਂ ਸਾਰੇ ਹੀ ਕਹਿ ਦਿੰਦੇ ਹਨ ਕਿ ਸ਼ਾਦੀ ਸਵਰਗ ’ਚ ਤਹਿ ਹੁੰਦੀ ਹੈ ਪਰ ਸਿਰਫ਼ ਜਾਤ ਜਾਂ ਸਮਾਜ ਦੇ ਨਾਂ ’ਤੇ ਕਦੀ-ਕਦੀ ਇਸ ਨੂੰ ਨਰਕ ਤੋਂ ਵੱਧ ਬਦਤਰ ਕਰ ਦਿੱਤਾ ਜਾਂਦਾ ਹੈ। ਵੱਡੇ ਭੁੱਲ ਜਾਂਦੇ ਹਨ ਕਿ ਜੇ ਦੋ ਵੱਖ-ਵੱਖ ਫਿਰਕੇ ਆਪਸ ’ਚ ਰਿਸ਼ਤੇਦਾਰੀ ਜੋੜਨਗੇ ਤਾਂ ਇਕ ਮਜ਼ਬੂਤ ਸਮਾਜ ਬਣੇਗਾ। ਅਸੀਂ ਜਾਤੀ ਦੇ ਆਧਾਰ ’ਤੇ ਖੁਦ ਨੂੰ ਦੱਸਣ ਵਾਲਿਆਂ ਦਾ ਵਿਰੋਧ ਕਰਦੇ ਹਾਂ ਪਰ ਸ਼ਾਦੀ ਸਬੰਧੀ ਜਾਤੀ ਤੋਂ ਬਾਹਰ ਨਹੀਂ ਜਾਂਦੇ। ਜਦ ਸਾਨੂੰ ਕਿਸੇ ਨਾਲ ਦੋਸਤੀ ਕਰਨ ਘੁੰਮਣ ਜਾਣ ’ਤੇ ਕੋਈ ਦਿੱਕਤ ਨਹੀਂ ਹੈ ਤਾਂ ਫਿਰ ਸਿਰਫ਼ ਇਸ ਬੰਧਨ ਲਈ ਸਭ ਬੰਧਨ ਕਿਉਂ ਹਨ।

# ਕੀ ਹੈ ਸੁਪਰਬਗ (ਐਨ ਡੀ ਐਮ-1 ਜੀਨ) ਦਾ ਸੱਚ?

ਨਵੰਬਰ 2007 'ਚ ਜਦ 59 ਸਾਲ ਚਰਨਦੀਪ ਛਤਵਾਲ (ਬਦਲਿਆ ਹੋਇਆ ਨਾਂ) ਸਵੀਡਨ 'ਚ ਆਪਣੇ ਘਰ ਤੋਂ ਲੁਧਿਆਣੇ ਆਏ ਤਾਂ ਉਹਨਾਂ ਨੂੰ ਭੋਰਾ ਵੀ ਅੰਦਾਜ਼ਾ ਨਹੀਂ ਸੀ ਕਿ ਅੱਗੇ ਉਹਨਾਂ ਨਾਲ ਕੀ ਹੋਣ ਵਾਲਾ ਹੈ। ਪੇਸ਼ਾਬ ਦੇ ਵਹਾਅ ਵਾਲੀ ਨਾਲੀ ਦੀ ਮਾਮੂਲੀ ਜਿਹੀ ਦਿੱਸਦੀ ਇਨਫੈਕਸ਼ਨ ਕਾਰਨ ਉਹ ਲੁਧਿਆਣੇ ਦੇ ਇਕ ਹਸਪਤਾਲ ਪਹੁੰਚ ਗਏ, ਕੁਝ ਦਿਨਾਂ ਪਿਛੋਂ ਉਹਨਾਂ ਨੂੰ ਦਿੱਲੀ ਦੇ ਇਕ ਹਸਪਤਾਲ ਵਿੱਚ ਭੇਜ ਦਿੱਤਾ ਗਿਆ, ਜਿਥੇ ਉਹਨਾਂ ਦਾ ਅਪ੍ਰੇਸ਼ਨ ਹੋਇਆ ਅਤੇ ਉਹਨਾਂ ਦੇ ਕੁੱਲੇ 'ਤੇ ਜ਼ਖ਼ਮ (ਡੀਕਊਬਿਟਲ ਅਲਸਰ) ਹੋ ਗਏ। 8 ਜਨਵਰੀ 2008 ਨੂੰ ਉਹਨਾਂ ਨੂੰ ਸਵੀਡਨ ਦੇ ਆਰਬੋਰੋ ਦੇ ਇਕ ਹਸਪਤਾਲ 'ਚ ਭੇਜਿਆ ਗਿਆ, ਅਗਲੇ ਦਿਨ ਖੋਜ ਕਰਨ ਵਾਲਿਆਂ ਨੇ ਉਹਨਾਂ ਦੇ ਪੇਸ਼ਾਬ ਦੇ ਨਮੂਨਿਆਂ ਦੀ ਜਾਂਚ ਤੋਂ ਇਕ ਦਵਾ ਪ੍ਰਤੀਰੋਧੀ ਬੈਕਟੀਰੀਅਲ ਜੀਨ ਕੱਢਿਆ ਅਤੇ ਉਸ ਦਾ ਨਾਂ ਨਿਊਦੇਹਲੀ ਮੇਟਾਲੋ ਬੀਟਾ ਲੈਕਟਮੇਜ-1 (NDM-1) ਰੱਖਿਆ ਜੋ ਉਹਨਾਂ ਦੀ ਲਗਾਤਾਰ ਚਲ ਰਹੀ ਬੀਮਾਰੀ ਲਈ ਜ਼ਿੰਮੇਵਾਰ ਸੀ। NDM-1 ਦੀ ਖੋਜ ਹੋਣ ਤੋਂ ਤਿੰਨ ਸਾਲਾਂ ਪਿਛੋਂ ਇਹ ਨਾ ਸਿਰਫ਼ ਭਾਰਤ ਵਿੱਚ ਬਲਕਿ ਕਈ ਹੋਰ ਦੇਸ਼ਾਂ ਵਿੱਚ ਵੀ ਫੈਲ ਚੁੱਕਿਆ ਹੈ। NDM-1 ਇਕ ਜੀਨ ਹੈ, ਜੋ ਪੇਟ ਖ਼ਰਾਬ ਕਰਨ ਵਾਲੇ ਬੈਕਟੀਰੀਆਂ ਵਲੋਂ ਸੰਚਾਰਿਤ ਕੀਤਾ ਜਾਂਦਾ ਹੈ। ਖ਼ੂਨ 'ਚ ਦਾਖ਼ਲ ਹੋ ਜਾਂਦਾ ਹੈ ਅਤੇ ਕਈ ਅੰਗਾਂ ਨੂੰ ਇਕੋ ਵੇਲੇ ਬੇਕਾਰ ਕਰ ਦਿੰਦਾ ਹੈ। ਜਿਸ ਨਾਲ ਮੌਤ ਹੋ ਜਾਂਦੀ ਹੈ। ਡਾਕਟਰ ਚੇਤਾਵਨੀ ਦਿੰਦੇ ਹਨ ਕਿ ਇਸ ਜੀਨ ਵਿਰੁੱਧ ਇਲਾਜ ਦੀ ਆਖਰੀ ਦਵਾਈ-ਸ਼ਕਤੀਸ਼ਾਲੀ ਐਂਟੀਬਾਇਟਿਕ ਕਾਰਬਾਪੇਨੇਮ-ਵੀ ਇਸ ਤੋਂ ਹਾਰਨ ਦੇ ਲੱਛਣ ਵਿਖਾਉਣ ਲੱਗੀ ਹੈ। ਇਸ ਤੋਂ ਵੀ ਖ਼ਰਾਬ ਗੱਲ ਇਹ ਹੈ ਕਿ ਹੋਰ ਸ਼ਕਤੀਸ਼ਾਲੀ ਐਂਟੀਬਾਇਟਿਕਾਂ ਦੇ ਨਾਲ ਕਾਰਬਾਪੇਨੇਮ ਦੀ ਅੰਨ੍ਹੇਵਾਹ ਵਰਤੋਂ ਨਾਲ ਐਨ. ਡੀ. ਐਮ-1 ਵਰਗੇ ਤੇ ਹੋਰ ਦਵਾ-ਪ੍ਰਤੀਰੋਧੀ ਕੀਟਾਣਿਵਕ ਜੀਨ (ਡਰੱਸ-ਰੇਜਿਸਟੇਂਟ ਬੈਕਟਰੀਅਲ ਜੀਨ) ਪੈਦਾ ਹੋਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਇਸ ਸਾਲ ਮਾਰਚ ਵਿੱਚ ਜਰਨਲ ਆਫ਼ ਐਸੋਸੀਏਸ਼ਨ ਆਫ਼ ਫਿਜੀਸ਼ੀਅਨਜ਼ ਆਫ਼ ਇੰਡੀਆ (ਜਾਪੀ) ਅਤੇ ਅਗਸਤ 'ਚ ਦਾ ਲੈਂਸੇਟ ਇੰਫੇਕਿਸ਼ਸ ਡਿਸੀਨੇਜ ਜਮਲ 'ਚ ਪ੍ਰਕਾਸ਼ਿਤ ਆਜ਼ਾਦ ਅਧਿਐਨਾਂ ਦੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਇਹਨਾਂ ਅਧਿਐਨਾਂ 'ਚ ਕਿਹਾ ਗਿਆ ਹੈ ਕਿ ਕਾਰਬਾਪੇਨੇਮ ਦੀ ਵੱਧ ਵਰਤੋਂ ਇਕ ਨਵੀਂ ਐਂਟੀਬਾਇਟਿਕ ਪ੍ਰਤੀਰੋਧੀ ਪ੍ਰਣਾਲੀ ਦਾ ਨਿਰਮਾਣ ਕਰ ਰਿਹਾ ਹੈ। ਜਿਸ 'ਚ ਖ਼ਤਰਨਾਕ ਇਨਫੈਕਸ਼ਨ ਦਾ ਇਲਾਜ ਕਰ ਸਕਣ ਲਾਇਕ ਸਿਰਫ਼ ਕੁਝ ਹੀ ਦਵਾਈਆਂ ਬਚਦੀਆਂ ਹਨ। ਕਈ ਸਾਲਾਂ ਤੋਂ ਡਾਕਟਰ ਅਤੇ ਖੋਜ ਕਰਨ ਵਾਲੇ ਇਸ ਸਮੱਸਿਆ ਨਾਲ ਜੂਝ ਰਹੇ ਸਨ ਕਿ ਐਕਸਟੇਂਡਰ ਸਪੈਕਟ੍ਰਮ ਲੇਕਟਾਮਾਸੇਸ (*ESBL*) ਦੇ ਢੰਗ ਦੀਆਂ ਦਵਾਈਆਂ ਐਂਟੀਬਾਇਟਿਕਸ ਵਾਂਗੂ ਈ-ਕੋਲੀ ਅਤੇ ਕੇ-ਨੂਮੋਨਿਆ ਤੋਂ ਪ੍ਰਤੀਰੋਧ ਦਾ ਸਾਹਮਣਾ ਕਰ ਰਹੀ ਹੈ। ਇਹ ਠੀਕ ਉਹੀ ਬੈਕਟੀਰੀਆ ਹੈ ਜਿਸ 'ਚ ਸੁਪਰਬਗ ਐਨ ਡੀ ਐਮ-1 ਵੇਖਿਆ

ਗਿਆ ਹੈ। ਈ. ਐਸ. ਬੀ. ਐਲ ਦੀ ਦਬ ਕੇ ਵਰਤੋਂ ਕਰਨ ਨਾਲ ਹੀ ਪ੍ਰਤੀਰੋਧ ਹੋਰ ਵਧ ਗਿਆ। ਤੀਜੀ ਪੀੜੀ ਦੀ ਸੈਫਾਲੋਸਪੋਰਿਨ ਵਰਗੀ *ESBL* ਦਵਾਈਆਂ ਪ੍ਰਤੀ ਪ੍ਰਤੀਰੋਧ (*Resistance*) ਵਿਕਸਤ ਦੇਸ਼ਾਂ ਦੇ 15 ਫੀਸਦੀ ਦੀ ਤੁਲਨਾ ਵਿੱਚ ਭਾਰਤ 'ਚ 60 ਫੀਸਦੀ ਵੱਧ ਹੈ। ਕਈ ਪ੍ਰਕਾਰ ਦੀਆਂ *ESBL* ਇਨਫੈਕਸ਼ਨਾਂ ਦੇ ਇਲਾਜ ਦਾ ਸਭ ਤੋਂ ਆਮ ਤਰੀਕਾ ਕਾਰਬਾਪੇਨੇਮ ਹੈ, ਕਿਉਂ ਉਸ ਤੋਂ *Resistance* (ਪ੍ਰਤੀਰੋਧ) ਦੀ ਦਰ ਬਹੁਤ ਘੱਟ ਹੈ ਅਤੇ ਉਹ ਇਨਫੈਕਸ਼ਨਾਂ ਖ਼ਿਲਾਫ਼ ਸਭ ਤੋਂ ਵਿਆਪਕ ਦਾਇਰੇ 'ਚ ਸਰਗਰਮ ਹੁੰਦਾ ਹੈ।

ਐਨ. ਡੀ. ਐਮ-1 ਨਾਲ ਪ੍ਰਭਾਵਿਤ ਮਰੀਜ਼ ਵੀ ਕਾਰਬਾਪੇਨੇਮ ਪ੍ਰਤੀ ਵੱਧ ਇਹ ਫੈਲਾਅ ਵਿਕਸਤ ਕਰ ਲੈਂਦੇ ਹਨ। ਚਿੰਤਾ ਦੀ ਇਕ ਹੋਰ ਗੱਲ ਇਹ ਹੈ ਕਿ ਇਹ ਫੈਲਾਅ ਮੁਕਾਬਲਤਨ ਥੋੜ੍ਹੇ ਅਰਸੇ 'ਚ ਹੀ ਵੱਧ ਸਕਦਾ ਹੈ ਕਿਉਂਕਿ ਐਨ. ਡੀ. ਐਮ-1 ਜੀਨ ਬੈਕਟੀਰੀਆ ਦੀ ਉਹਨਾਂ ਜੀਨ (ਪਲਾਸਿਮਡ) ਰਾਹੀਂ ਸੰਚਾਰਿਤ ਹੁੰਦਾ ਹੈ, ਜੋ ਸੈੱਲ ਦੇ ਅੰਦਰ ਹੀ ਆਜ਼ਾਦ ਢੰਗ ਨਾਲ ਵਧਦੇ ਹਨ ਅਤੇ ਇਕ ਕਿਸਮ ਦੇ ਬੈਕਟੀਰੀਆ ਤੋਂ ਦੂਜੀ ਕਿਸਮ ਤੇ ਦੂਜੀ ਨਸਲ ਤੱਕ ਦੇ ਬੈਕਟੀਰੀਆ 'ਚ ਪਹੁੰਚ ਜਾਂਦੇ ਹਨ। ESBL ਪ੍ਰਤੀਰੋਧ ਦੇ ਫੈਲਾਅ ਨੂੰ ਰੋਕਣ ਦਾ ਰਾਹ ਇਹ ਹੈ ਕਿ ਇਕ ਕੌਮੀ ਐਂਟੀਬਾਇਟਕ ਨੀਤੀ ਬਣਾਈ ਜਾਵੇ। ਜੋ ਕਾਰਬਾਪੇਨੇਮ ਤੇ ਉੱਚ ਸਮਰੱਥਾ ਵਾਲੇ ਹੋਰ ਐਂਟੀਬਾਇਟਿਕਸ ਦੀ ਵਰਤੋਂ ਸਿਰਫ਼ ਗੰਭੀਰ ਇਨਫੈਕਸ਼ਨ ਤੋਂ ਪੀੜਤ ਮਰੀਜ਼ਾਂ ਲਈ ਸੀਮਤ ਕਰ ਦੇਵੇ। ਇਕ ਹੋਰ ਉਪਾਅ ਹਸਪਤਾਲ 'ਚ ਹੋਣ ਵਾਲੀਆਂ ਇਨਫੈਕਸ਼ਨਾਂ (*HAI*) ਦੀ ਰੋਕਥਾਮ ਦੇ ਤਰੀਕੇ ਕੱਢਣ ਦਾ ਹੈ ਕਿਉਂਕਿ ਇਹ ਇਨਫੈਕਸ਼ਨ ਕੀਟਾਣੂਆਂ ਦੇ ਨਵੇਂ ਰੂਪ ਵਿਕਸਤ ਕਰਨ ਅਤੇ ਦਵਾਈਆਂ ਪ੍ਰਤੀ ਪ੍ਰਤੀਰੋਧ ਵਧਾਉਣ 'ਚ ਯੋਗਦਾਨ ਦਿੰਦੇ ਹਨ। ਲੈਂਸੇਟ 'ਚ ਪ੍ਰਕਾਸ਼ਿਤ ਇਕ ਅਧਿਐਨ ਪੱਤ੍ਰ 'ਚ ਚੇਤਾਵਨੀ ਦਿੱਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ "ਬ੍ਰਿਟੇਲ 'ਚ ਸਰੋਤ ਕਈ ਮਰੀਜ਼ਾਂ ਨੇ (ਕਾਸਮੈਟਿਕ ਸਰਜਰੀ ਲਈ) ਭਾਰਤ ਤੇ ਪਾਕਿਸਤਾਨ ਦੀ ਯਾਤਰਾ ਦੌਰਾਨ ਕਾਸਮੈਟਿਕ ਸਰਕਾਰੀ ਸਮੇਤ ਕੋਈ ਬੇਲੋੜੀ ਅਪ੍ਰੇਸ਼ਨ ਕਰਵਾਇਆ ਸੀ। *....NDM-1* ਐਨ ਡੀ ਐਮ-1 ਪੈਦਾ ਕਰਨ ਵਾਲਿਆਂ ਦਾ ਅਤੇ ਐਨ ਡੀ ਐਮ-1 ਨਾਲ ਭਰਪੂਰ ਪਲਾਸਿਮਡਸ ਦਾ ਵਿਆਪਕ ਕੌਮਾਂਤਰੀ ਫੈਲਾਅ ਹੋਣ ਅਤੇ ਇਸ ਦੇ ਸੰਸਾਰ ਭਰ ਵਿੱਚ ਮਹਾਂਮਾਰੀ ਬਣ ਜਾਣ ਦੀ ਸੰਭਾਵਨਾ ਸਪੱਸ਼ਟ ਤੇ ਡਰਾਉਣੀ ਹੈ।" ਲੈਂਸੇਟ 'ਚ ਪ੍ਰਕਾਸ਼ਿਤ ਲੇਖ ਦੇ ਮੁੱਖ ਲੇਖਕ ਕਾਰਤੀਕੇਅਨ ਕੁਮਾਰ ਸੁਆਮੀ ਜੋ ਡਾ. ਏ. ਐਲ. ਮੁਦਲਿਅਰ ਪੋਸਟ ਗ੍ਰੇਜੂਏਟ ਇੰਸਟੀਚੂਟ ਆਫ ਬੈਸਿਕ ਮੈਡੀਕਲ ਸਾਇੰਸਜ਼ ਚੇਨਈ 'ਚ ਪੀ. ਐਚ. ਡੀ. ਦੇ ਵਿਦਿਆਰਥੀ ਹਨ। ਘਬਰਾਹਟ ਦੇ ਸ਼ੁਰੂਆਤੀ ਸੁਰਾਂ 'ਚ ਇਕ ਨਵਾਂ ਸੁਰ ਇਹ ਕਹਿ ਕੇ ਜੋੜ ਦਿੰਦੇ ਹਨ ਕਿ ਭਾਰਤੀ ਮਹਾਂ ਮਹਾਂਦੀਪ ਦੇ ਮਰੀਜ਼ ਐਨ. ਡੀ. ਐਸ-1 ਪ੍ਰਤੀ ਵੱਧ ਸੰਵੇਦਨਸ਼ੀਲਤਾ ਰੱਖਦੇ ਹਨ। ਇਸ ਨਾਲ ਕੇਂਦਰੀ ਸਿਹਤ ਤੇ ਪ੍ਰੀਵਾਰ ਕਲਿਆਣ ਮੰਤਰਾਲੇ ਲਈ ਲੈਂਸੇਟ ਦੀ ਰਿਪੋਰਟ ਨੂੰ ਘਬਰਾਹਟ ਫੈਲਾਉਣ ਲਈ ਤੇ ਭਾਰਤ ਦੇ ਤੇਜ਼ੀ ਨਾਲ ਵਧਦੇ ਫੁੱਲਦੇ ਮੈਡੀਕਲ ਟੂਰਿਜ਼ਮ ਨੂੰ ਨੁਕਸਾਨ ਪਹੁੰਚਾਉਣ ਦੀ ਅਸਿੱਧੀ ਨੀਅਤ ਨਾਲ ਲਿਖੀ ਗਈ ਰਿਪੋਰਟ ਕਰਾਰ ਦੇਣ ਵਿੱਚ ਕਾਫੀ ਸਹੂਲਤ ਹੋ ਗਈ ਹੈ। ਭਾਰਤ

ਵਿੱਚ ਅਜਿਹੇ ਕਈ ਪਹਿਲੂ ਹਨ ਜੋ ਐਨ ਡੀ ਐਮ (NDM-1) ਪਾਜਿਟਵ ਬੈਕਟੀਰੀਆ ਦੇ ਤੇਜ਼ ਪ੍ਰਸਾਰ 'ਚ ਯੋਗਦਾਨ ਦੇ ਸਕਦੇ ਹਨ। ਕਾਰਡਿਟ ਯੂਨੀਵਰਸਿਟੀ ਬ੍ਰਿਟੇਨ ਦੇ ਸਕੂਲ ਆਫ਼ ਮੈਡੀਸ਼ਨ ਵਿੱਚ ਮੈਡੀਕਲ ਮਾਈਕਰੋਬਾਔਲਜੀ ਅਤੇ ਐਂਟੀ ਮਾਈਕ੍ਰੋਬੀਅਲ ਰਿਜਿਸਟੈਂਸ ਦੇ ਪ੍ਰੋਫੈਸਰ ਅਤੇ ਲੈਂਸੇਟ ਦੀ ਰਿਪੋਰਟ ਦੇ ਸਹਿ ਲੇਖਕ ਟਿਮੋਥੀ ਆਰ. ਵਾਲਸ਼ ਕਹਿੰਦੇ ਹਨ, "ਭਾਰਤੀ ਮਰੀਜ਼ 'ਚ ਦੇਖੀਆਂ ਗਈਆਂ ਕੁਝ ਇਨਫੈਕਸ਼ਨਾਂ ਫਿਰਕੇ 'ਚੋਂ ਪੈਦਾ ਹੋਈਆਂ ਹਨ। ਜਿਵੇਂ ਕਿ ਪੇਸ਼ਾਬ ਨਲੀ ਦੀ ਇਨਫੈਕਸ਼ਨ ਅਤੇ ਇਸ ਕਾਰਣ ਅਸੀਂ ਐਨ ਡੀ ਐਮ-1 ਦੇ ਪੱਧਰ ਨੂੰ ਲੈ ਕੇ ਚਿੰਤਤ ਹਨ।" ਵਲਾਸ਼ ਨੇ ਅੱਗੇ ਕਿਹਾ "ਇਜ਼ਰਾਇਲ, ਅਮਰੀਕਾ, ਯੂਨਾਨ ਤੇ ਟਰੱਕੀ ਤੋਂ ਮਿਲੇ ਬੈਕਟੀਰੀਆ ਵਿੱਚ ਮੌਜੂਦ ਰੇਜਿਸਟੈਂਸ ਜੀਨ ਆਪਣੀ ਰਚਨਾ ਦੇ ਕਾਰਨ ਉਨੀ ਤੇਜ਼ੀ ਨਾਲ ਜਾਂ ਉਨੇ ਵਿਆਪਕ ਤੌਰ 'ਤੇ ਨਹੀਂ ਫੈਲਦੇ, ਬ੍ਰਿਟੇਲ ਤੋਂ ਇਲਾਵਾ ਐਨ ਡੀ ਐਮ-1 ਪਾਜ਼ਿਟਵ ਬੈਕਟੀਰੀਆ ਹੁਣ ਅਮਰੀਕਾ ਕੈਨੇਡਾ, ਨੀਦਰ ਲੈਂਡ, ਆਸਟ੍ਰੇਲੀਆ ਤੇ ਬੈਲਜਿਅਮ 'ਚ ਵੀ ਮਿਲਦਾ ਹੈ। ਇਹਨਾਂ ਸਾਰੇ ਕੇਸਾਂ ਵਿੱਚ ਭਾਰਤੀ ਜਾਂ ਪਾਕਿਸਤਾਨੀ ਹਸਪਤਾਲ 'ਚ ਭਰਤੀ ਹੋਣ ਦਾ ਸਬੂਤ ਹੈ" ਉਹਨਾਂ ਦੇ ਵਿਦਿਆਰਥੀ ਕੁਮਾਰ ਸੁਆਮੀ ਇਸ ਨਾਲ ਸਹਿਮਤ ਨਹੀਂ ਹਨ ਉਹ ਕਹਿੰਦੇ ਹਨ "ਇਹ ਗੱਲ ਕਲਪਨਿਕ ਹੈ ਕਿ ਐਨ ਡੀ. ਐਮ-1 ਜੀਨ ਦਾ ਪ੍ਰਸਾਰ ਭਾਰਤ ਤੋਂ ਹੋਇਆ। ਜਦ ਤੱਕ ਅਸੀਂ ਇਸ ਦੀ ਮੌਜ਼ੂਦਗੀ ਦੀ ਪੁਸ਼ਟੀ ਲਈ ਸੰਸਾਰ ਭਰ ਤੋਂ ਨਮੂਨਿਆਂ ਦਾ ਵਿਸਲੇਸ਼ਣ ਨਹੀਂ ਕਰ ਲੈਂਦੇ, ਤਦ ਤੱਕ ਅਸੀਂ ਸਿਰਫ਼ ਅੰਦਾਜ਼ਾ ਲਾ ਸਕਦੇ ਹਾਂ" ਭਾਰਤ, ਰੂਸ, ਚੀਨ ਤੇ ਦੱਖਣੀ ਅਫਰੀਕਾ ਦੇ ਵਿਗਿਆਨਕ ਤੇ ਖੋਜ ਕਰਤਾ ਐਨ ਡੀ ਐਮ-1 'ਤੇ ਨਜ਼ਰ ਰੱਖ ਰਹੇ ਹਨ। ਇਹ ਜੀਨ ਸਿਰਫ਼ ਉਹਨਾਂ ਮਰੀਜ਼ਾਂ 'ਚ ਮਿਲਿਆ ਹੈ ਜੋ ਭਾਰਤ ਆ ਚੁੱਕੇ ਹਨ ਅਤੇ ਇਥੋਂ ਕਈ ਸਾਲਾਂ ਤੋਂ ਉਹਨਾਂ ਦਾ ਪ੍ਰਸਾਰ ਹੁੰਦਾ ਰਿਹਾ ਹੈ। ਵਾਲਸ਼ ਕਹਿੰਦੇ ਹਨ" ਇਹ ਜੀਨ ਖੁਦ ਭਾਰਤ 'ਚ ਪੈਦਾ ਹੋਇਆ ਜਾਂ ਨਹੀਂ ਇਹ ਗੱਲ ਗੈਰ ਪ੍ਰਸੰਗਿਕ ਹੈ, ਪਰ ਮੁਹੱਈਆ ਹੋਈ ਸੂਚਨਾ ਦੇ ਆਧਾਰ 'ਤੇ ਇਹ ਸਿੱਟਾ ਕੱਢਣਾ ਤਰਕਸ਼ੀਲ ਹੋਵੇਗਾ ਕਿ ਐਨ ਡੀ ਐਮ-1 (NDM-1) ਦਾ ਪ੍ਰਸਾਰ ਭਾਰਤ ਤੋਂ ਹੋਇਆ।" ਪਰ ਲੈਂਸੇਟ 'ਚ ਪ੍ਰਕਾਸ਼ਿਤ ਰਿਪੋਰਟ 'ਚ ਖੋਟ ਲੱਭਣ ਦੀ ਕੋਸ਼ਿਸ਼ ਵਿੱਚ ਸਿਹਤ ਮੰਤਰਾਲਾ ਐਂਟੀਬਾਟਿਟਿਕਸ ਦੀ ਬੇਹੱਦ ਵਰਤੋਂ ਨੂੰ ਕੰਟਰੋਲ ਵਿੱਚ ਕਰਨ ਤੇ ਹਸਪਤਾਲਾਂ 'ਚ ਹੋਣ ਵਾਲੀਆਂ ਇਨਫੈਕਸ਼ਨਾਂ (HAI) ਨਾਲ ਨਿਬੜਣ ਦੇ ਬੁਨਿਆਦੀ ਮੁੱਦਿਆਂ ਦੀ ਅਣਦੇਖੀ ਕਰ ਰਿਹਾ ਹੈ। ਹਾਲ ਦੇ ਸਾਲਾਂ 'ਚ ਐਚ ਏ ਆਈ 'ਚ ਕਈ ਆਉਣ ਦੇ ਦਾਅਵੇ ਸ਼ਹਿਰੀ ਤੇ ਨਿੱਜੀ ਹਸਪਤਾਲਾਂ ਲਈ ਵੱਧ ਸਹੀ ਹਨ। ਜੋ ਰੋਕਥਾਮ ਕਰਨ ਦੇ ਉਪਾਵਾਂ 'ਤੇ ਵੱਧ ਨਿਵੇਸ਼ ਕਰਦੇ ਹਨ ਪਰ ਇਸਦੇ ਫੈਲਾਅ ਦੇ ਘੱਟ ਕਰਕੇ ਕੀਤੇ ਗਏ ਅੰਦਾਜ਼ੇ 'ਚ ਵੀ ਐਚ ਏ ਆਈ ਦਾ ਅਸਰ 25 ਫੀਸਦੀ ਹੋਣ ਦਾ ਅਨੁਮਾਨ ਹੈ। ਜੋ ਹਾਲਾਂਕਿ ਅਰਧ ਸ਼ਹਿਰੀ ਤੇ ਪੇਂਡੂ ਸਿਹਤ ਸੁਵਿਧਾ ਕੇਂਦਰਾਂ 'ਚ ਹਨ : ਜ਼ਿਆਦਾਤਰ ਨਿੱਜੀ ਹਸਪਤਾਲ ਤੇ ਵੱਡੇ ਸਰਕਾਰੀ ਹਸਪਤਾਲਾਂ 'ਚ ਇਕ ਢਾਂਚਾ ਗ੍ਰਸਤ ਇਨਫੈਕਸ਼ਨ ਕੰਟਰੋਲ ਨੀਤੀ ਲਾਗੂ ਹੈ। ਜੋ ਏਨ. ਏ. ਬੀ. ਐਚ ਮਾਨਤਾ ਦੇ ਨਿਯਮਾਂ ਅਨੁਸਾਰ ਹੈ। ਦਵਾਈਆਂ ਦੀ ਬੇਤੁਕੀ ਵਰਤੋਂ ਰੋਕਣ ਲਈ ਐਟੀਂ ਬਾਇਟਕਸ ਦੀ ਅੰਨ੍ਹੇਵਾਹ ਵਰਤੋਂ ਤੇ

ਡਾਕਟਰ ਦੀ ਪਰਚੀ ਵਗੈਰ ਇਸ ਦੀ ਵਿਕਰੀ ਰੋਕਣ ਲਈ ਹਸਪਤਾਲਾਂ 'ਤੇ ਨਜ਼ਰ ਰੱਖਣ ਤੇ ਇਨਫੈਕਸ਼ਨ ਕੰਟਰੋਲ ਲਈ ਦਿਸ਼ਾਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਇਕ ਸਮੁੱਚੀ ਡਰੱਗ ਐਡਮਿੰਸਟ੍ਰੇਸ਼ਨ ਨੀਤੀ ਦੀ ਲੋੜ ਹੈ। ਐਂਟੀਬਾਇਟਿਕ ਰੋਧਕ ਦੇ ਸਬੰਧੀ ਭਾਰਤੀ ਸਭ ਤੋਂ ਅੱਗੇ ਹਨ। ਕਈ ਦਵਾਈਆਂ ਦੇ ਰੇਜਿਸਟੈਂਟ ਹੋ ਚੁੱਕੇ ਅਨੇਕਾਂ ਸੁਪਰਬਗ ਉਹਨਾਂ ਬੈਕਟ੍ਰੀਲੀਅਲ ਕਲਚਰ ਤੋਂ ਹਾਸਲ ਹੁੰਦੇ ਹਨ ਜੋ ਹਸਪਤਾਲ 'ਚ ਭਰਤੀ ਹੋਣ ਸਮੇਂ ਲਏ ਜਾਂਦੇ ਹਨ। ਜਦ ਕੋਈ ਮਰੀਜ਼ ਤੀਜੀ ਪੱਧਰ ਦੇ ਸਿਹਤ ਕੇਂਦਰਾਂ 'ਚ ਭਰਤੀ ਹੁੰਦਾ ਹੈ ਤਾਂ ਉਹ ਮੁੱਢਲੇ ਤੇ ਦੂਜੀ ਪੱਧਰ ਦੇ ਸਿਹਤ ਕੇਂਦਰਾਂ 'ਚ ਪਹਿਲਾਂ ਹੀ ਜਾ ਚੁੱਕਿਆ ਹੁੰਦਾ ਹੈ ਤੇ ਐਂਟੀ ਬਾਇਟਿਕਸ ਦੀਆਂ ਕਈ ਖੁਰਾਕਾਂ ਲੈ ਚੁੱਕਿਆ ਹੁੰਦਾ ਹੈ। ਅਜਿਹੇ ਮਰੀਜ਼ ਸੁਪਰਬਗ ਦੀ ਚਲਦੀ ਫਿਰਦੀ ਖਾਣ ਹੁੰਦੇ ਹਨ। ਪਹਿਲਾਂ ਤੁਰਕੀ-ਬ-ਤੁਰਕੀ ਜੁਆਬ ਦੇਣ, ਦੋਸ਼ ਲਾਉਣ ਤੇ ਲੈਂਸੇਟ 'ਚ ਪ੍ਰਕਾਸ਼ਿਤ ਰਿਪੋਰਟ ਦੀ ਨੀਅਤ ਤੇ ਸਵਾਲ ਖੜ੍ਹੇ ਕਰਨ ਪਿਛੋਂ ਸਿਹਤ ਮੰਤਰਾਲੇ NDM-1 ਦੇ ਖ਼ਤਰੇ ਪ੍ਰਤੀ ਚੇਤੰਨ ਹੋ ਰਿਹਾ ਹੈ। ਭਾਰਤ 'ਚ ਐਂਟੀਬਾਇਟਿਕਸ ਦੀ ਭਾਰੀ ਵਰਤੋਂ ਹੈ। ਜਿਥੇ 'ਖੁਦ ਇਲਾਜ 'ਚ ਐਂਟੀਬਾਇਟਿਕਸ ਸਰਲਤਾ ਨਾਲ ਖ਼ਰੀਦੇ ਜਾਂਦੇ ਹਨ, ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਐਂਟੀਬਾਟਿਕਸ ਦਾ ਰੇਜਿਸਟੈਂਟ ਬਣਾ ਦਿੰਦੇ ਹਨ। ਇਸ 'ਤੇ ਕਾਬੂ ਪਾਉਣਾ ਪਵੇਗਾ। ਏਮਜ ਦੇ ਮਹਾਂਨਿਦੇਸ਼ਕ ਡਾ ਵੀ ਐਮ ਕਟੋਚ ਅਨੁਸਾਰ "ਸਰਕਾਰ ਦਵਾਈਆਂ ਦੀ ਦੇਖਭਾਲ ਤੇ ਨਿਗਰਾਨੀ ਦਾ ਇਕ ਢਾਂਚਾ ਸਥਾਪਤ ਕਰੇ ਤਾਂ ਕਿ ਐਂਟੀ ਬਾਇਟਕਸ ਦੀ ਸਹੀ ਵਰਤੋਂ ਹੋ ਸਕੇ" ਇਸ ਤੋਂ ਇਲਾਵਾ ਕਿਉਂਕਿ (ਈ-ਕੋਲਾਈ ਵਰਗੇ) ਸੂਖਮ ਜੀਵਾਣੂ NDM-1 ਨੂੰ ਸੌਖਿਆਂ ਹੀ ਫੈਲਾਅ ਸਕਦੇ ਹਨ। ਇਸ ਲਈ ਸਾਫ਼ ਸਫਾਈ ਦੀਆਂ ਚੰਗੀਆਂ ਸਹੂਲਤਾਂ ਤੇ ਸਾਫ਼ ਪਾਣੀ ਵੀ ਉਨਾ ਹੀ ਵੱਡਾ ਮੁੱਦਾ ਹੈ। ਜਿੰਨੀ ਐਂਟੀਬਾਇਟਿਕਸ ਦੀ ਵੱਧ ਵਰਤੋਂ। ਡਾਕਟਰ ਦੀ ਸਲਾਹ ਬਿਨਾਂ ਐਂਟੀਬਾਇਟਕਸ ਦੀ ਵਰਤੋਂ 'ਤੇ ਰੋਕ ਲੱਗਣੀ ਚਾਹੀਦੀ ਹੈ। ਇਕ ਕੌਮੀ ਨਿਗਰਾਨੀ ਪ੍ਰੋਗ੍ਰਾਮ ਦੀ ਲੋੜ ਹੈ। ਜਿਸ 'ਚ ਰਜਿਸਟਰਡ ਤਕਨੀਕ ਦੀ ਵਰਤੋਂ ਕਰਕੇ ਇਸ ਪਲਾਸਿਮਡ੍ਰਸ ਦਾ ਵਿਸਲੇਸ਼ਣ ਕੀਤਾ ਜਾਵੇ। ਇਸ ਦੀ ਨਿਗਰਾਨੀ ਦੇ ਰੂਪਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਪਰ ਸਿਰਫ਼ ਹਸਪਤਾਲਾਂ ਤੋਂ ਨਮੂਨੇ ਲੈਣਾ ਸਮੱਸਿਆ ਦੇ ਸਿਰਫ਼ ਇਕ ਹਿੱਸੇ ਨਾਲ ਸਬੰਧਤ ਹੈ ਕਿਉਂਕਿ ਇਸ ਨਾਲ ਸਮਾਜ 'ਚ ਮੌਜੂਦ NDM-1 ਨਾਲ ਨਹੀਂ ਨਿਬੜਿਆ ਜਾ ਸਕਦਾ। ਅਜਿਹੇ ਪ੍ਰੋਗ੍ਰਾਮ 'ਚ ਹਸਪਤਾਲਾਂ ਦੇ ਕਚਰੇ ਤੇ ਪਾਣੀ ਦੀ ਸਪਲਾਈ ਸਮੇਂ ਵਾਤਾਵਰਣ ਦੇ ਨਮੂਨੇ ਲੈਣਾ ਤੇ ਲੋਕਾਂ ਦੀ ਡੂੰਘਾਈ ਨਾਲ ਜਾਂਚ ਕਰਨਾ ਵੀ ਸ਼ਾਮਲ ਹੈ। ਸਮੱਸਿਆ ਨਾਲ ਨਿਪਟਣ ਲਈ ਸੰਸਾਰ ਪੱਧਰੀ ਨੀਤੀ ਦੀ ਲੋੜ ਹੈ।

# ਵਰਤਮਾਨ, ਰਾਜਨੀਤਿਕ, ਸਮਾਜਕ, ਆਰਥਕ ਅਤੇ ਸਭਿਆਚਾਰਕ ਸਮੱਸਿਆਵਾਂ ਦੇ ਮੂਲ ਕਾਰਣਾਂ ਦਾ ਸਹੀ ਦਸਤਾਵੇਜ਼

ਡਾ. ਅਜੀਤਪਾਲ ਸਿੰਘ, ਇੱਕ ਸੁਚੇਤ ਜਾਗਰੂਕ ਪੱਤਰਕਾਰ ਅਤੇ ਪ੍ਰਗਤੀਵਾਦੀ ਸੋਚ ਦੇ ਬੁਲਾਰੇ ਵਜੋਂ ਅੱਜਕੱਲ੍ਹ ਬਹੁਤ ਤੇਜ਼ੀ ਨਾਂਲ ਚੱਲਤ ਭਖਦੇ ਮਸਲਿਆਂ ਸੰਬੰਧੀ ਲੇਖ ਲਿਖਣ ਦਾ ਕਾਰਜ ਕਰ ਰਿਹਾ ਹੈ, ਇਹ ਚਲੰਤ ਭਖ਼ਦੇ ਮਸਲੇ ਭਾਰਤ ਦੇ ਆਮ ਸਾਧਾਰਨ ਨਾਗਰਿਕਾਂ ਦੇ ਜੀਵਨ ਨਾਲ ਹੀ ਸੰਬਧਿਤ ਨਹੀਂ, ਬਲਕਿ ਸੰਸਾਰ ਭਰ ਦੇ ਦੇਸ਼ਾਂ ਦੇ ਲੋਕਾਂ ਲਈ ਨਰਕ ਸਿਰਜਣ ਵਾਲੇ ਅਜਿਹੇ ਭਖਦੇ ਮਸਲੇ ਹਨ, ਜਿਨ੍ਹਾਂ ਦੇ ਵਿਕਾਸਸ਼ੀਲ ਦੇਸ਼ਾਂ ਦੀ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸਥਿਤੀਆਂ ਪਰ ਸਥਿਤੀਆਂ ਨੂੰ ਚਰਮਸੀਮਾ ਤੱਕ ਵਿਗਾੜ ਦਿੱਤਾ ਹੈ। ਇਨ੍ਹਾਂ ਭਖ਼ਦੇ ਮਸਲਿਆਂ ਵਿੱਚ ਭਾਰਤ ਵਰਗੇ ਦੇਸ਼ ਵਾਂਗ ਹਰ ਦੇਸ਼ ਦੀਆਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਲੇਖਕ ਪ੍ਰਗਤੀਵਾਦੀ ਵਿਗਿਆਨਕ ਸੋਚ ਦੀ ਦ੍ਰਿਸ਼ਟੀ ਤੋਂ ਮੁਲਾਕਣ ਕਰਦਾ ਹੈ।

ਉਂਜ ਤਾਂ ਭਾਰਤ ਆਜ਼ਾਦੀ ਦੇ 60-62 ਸਾਲਾਂ ਪਿੱਛੇ ਵੀ ਹਰ ਭਾਂਤ ਦੀਆਂ ਸਮੱਸਿਆਵਾਂ ਦਾ ਦੇਸ਼ ਹੈ। ਏਥੇ ਆਨਾਜ਼ ਦੇ ਭਰੇ ਗੁਦਾਮ ਹਨ ਪਰ ਲੋਕ ਭੁੱਖੇ ਮਰਦੇ ਹਨ। ਅਨਾਜ ਸੜ ਰਿਹਾ ਹੈ। ਪੁਲਸ ਮੁਕਾਬਲੇ ਵਧੇ ਹਨ। ਨਿਆ ਅੰਦਰ ਦੇਰੀ ਹੈ। ਗੁਰਦਿਆਂ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਸਿੱਖਿਆ ਮੁਲ ਵੇਚਣ ਦੇ ਅਦਾਰੇ, ਏਥੇ ਲੁੱਟ ਮਚਾ ਰਹੇ ਹਨ। ਮਨੋਰੋਗੀ ਵਧ ਰਹੇ ਹਨ। ਚਰਿੱਤਰ ਵਿੱਚ ਦਿਨੋ-ਦਿਨ ਗਿਰਾਵਟ ਹੈ। ਅੰਦਰੂਨੀ ਸੁਰੱਖਿਆ ਦੀ ਘਾਟ ਹੈ। ਬੈਂਕਾ ਲੁੱਟਣ ਦਾ ਕੰਮ ਕਰ ਰਹੀਆਂ ਹਨ। ਭਾਰਤ ਦੀ ਦਾਗ਼ੀ ਰਾਜਨੀਤੀ ਦੇ ਰਾਜਨੀਤੀ ਨੇਤਾ ਆਪ ਦਾਗ਼ੀ ਹਨ। ਏਥੇ ਉਤਪਾਦਕਾਂ ਨਾਲ ਠੱਗੀਆਂ ਹੁੰਦੀਆਂ ਹਨ। ਬਾਲ-ਮਜ਼ਦੂਰਾਂ ਨਾਲ ਅਨਿਆਇ ਹੈ। ਮਿਹਨਤੀ ਕਿਸਾਨ, ਮਜ਼ਦੂਰ ਭੁੱਖੇ ਹਨ। 50% ਪੈਦਲ ਯਾਤਰੀ ਭਾਰਤ ਦੀਆਂ ਸੜਕਾਂ ਉੱਪਰ ਦੁਰਘਟਨਾਵਾਂ ਦਾ ਸ਼ਿਕਾਰ ਬਣਦੇ ਹਨ। ਨਦੀਆਂ ਗੰਦੇ ਪਾਣੀ ਦੇ ਨਾਲੇ ਬਣ ਰਹੀਆਂ ਹਨ। ਰੋਟੀ, ਕੱਪੜਾ ਮਹਿੰਗਾ ਹੈ ਜਦ ਕਿ ਮੋਬਾਇਲ ਇੰਟਰਨੈਟ ਨੇ ਖ਼ਰਚੇ ਵਧਾ ਦਿੱਤੇ ਹਨ। ਉਦਾਰੀਕਰਣ ਭੁੱਖ ਦਾ ਕਾਰਣ ਹੈ। ਜ਼ਹਿਰੀਲੀ ਸ਼ਰਾਬ ਕਾਂਡ 'ਚ ਸਰਕਾਰੀ ਪ੍ਰਬੰਧ ਦੀ ਮਿਲੀ ਭਗਤ ਹੈ। ਲਲਿਤ ਮੋਦੀ ਅਸਲ ਗੁਨਾਹਗਾਰ ਹੈ, ਦੋਸ਼ੀ ਖੇਤੀ ਨੂੰ ਜਾਣ ਬੁੱਝ ਕੇ ਉਤਸ਼ਾਹਿਤ ਨਹੀਂ ਕੀਤਾ ਜਾਂਦਾ।

ਇਹ ਤੇ ਅਨੇਕਾਂ ਹੋਰ ਚੱਲਤ ਸਮੱਸਿਆਵਾਂ ਇਸ ਲਈ ਹਨ ਕਿ ਭਾਰਤ ਦੀ ਕੇਂਦਰੀ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਦੀਆਂ ਨੀਤੀਆਂ ਮੂਲਰੂਪ ਵਿੱਚ ਸਰਮਾਇਦਾਰ ਕੰਪਨੀਆਂ, ਅਦਾਰਿਆਂ ਦੇ ਹੱਕ ਵਿੱਚ ਹਨ। ਸਰਕਾਰ ਏਸੇ ਲਈ ਵਿਗਿਆਨਕ ਦ੍ਰਿਸ਼ਟੀ ਤੋਂ ਵਿਕਾਸ ਕਰਨ ਅਤੇ ਉਸਾਰੀ ਕਰਨ ਵਿੱਚ ਅਸਫਲ

ਹੈ। ਵੰਡ ਪ੍ਰਣਾਲੀ ਹੋਵੇ; (ਬਾਲ) ਮਜ਼ਦੂਰ ਨੀਤੀ ਹੋਵੇ, ਜਾਂ ਭ੍ਰਿਸ਼ਟਾਚਾਰ ਰੋਕਣ ਦੀ ਸਮੱਸਿਆ ਹੋਵੇ ਵੰਡ ਪ੍ਰਣਾਲੀ ਹੋਵੇ ਜਾਂ ਔਰਤ ਉਥਾਨ ਦੀ ਗੱਲ ਹੋਵੇ ਸਰਕਾਰ ਜਾਣ ਬੁੱਝ ਕੇ ਅੱਖਾਂ ਮੀਟ ਲੈਂਦੀ ਹੈ। ਇਸ ਦੇ ਸਿੱਟੇ ਲੋਕਾਂ ਦੇ ਹਿੱਤ ਵਿੱਚ ਨਹੀਂ ਜਾਂਦੇ। ਭਾਰਤ ਸਮੱਸਿਆਵਾਂ ਦਾ ਦੇਸ਼ ਰਿਹਾ ਹੈ। ਗ਼ਰੀਬੀ ਅਨਪੜ੍ਹਤਾ, ਜ਼ਹਾਲਤ, ਬੀਮਾਰੀ, ਆਬਾਦੀ, ਮਹਿੰਗਾਈ ਅਤੇ ਸਮਾਜਕ ਬੇਚੈਨੀ ਵਧੀ ਹੈ। ਮਸਲਾ ਭਾਵੇਂ ਵੰਡ ਪ੍ਰਣਾਲੀ ਦਾ ਹੋਵੇ, ਕ੍ਰਿਕਟ ਦਾ ਹੋਵੇ, ਫਿਰਕਾਪ੍ਰਸਤੀ ਦਾ ਹੋਵੇ, ਇਸ ਲਈ ਖ਼ਤਮ ਨਹੀਂ ਹੁੰਦਾ ਕਿ ਸਰਕਾਰ ਦੀਆਂ ਨੀਤੀਆਂ ਲੋਕ ਹੇਤੂ ਨਹੀਂ।

ਇਹ ਪੁਸਤਕ, ਹਰ ਮਸਲੇ ਦੇ ਵਿਗਿਆਨਕ ਹੱਲ ਪੇਸ਼ ਕਰਕੇ ਉਨ੍ਹਾਂ ਬੁਨਿਆਦੀ ਸਮੱਸਿਆਵਾਂ ਦੀ ਚੀਰਫਾੜ ਕਰਨ ਵਾਲੀ ਗਿਆਨ ਸਮੱਗਰੀ ਪੇਸ਼ ਕਰਦੀ ਹੈ, ਜਿਨ੍ਹਾਂ ਕਰਕੇ ਇਹ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ।

ਅਜਿਹੀ ਪੁਸਤਕ ਸਮੇਂ ਦੀ ਲੋੜ ਹੈ ਕਿ ਕੋਈ ਪੜ੍ਹੇ ਅਤੇ ਆਪਣੇ ਅੰਦਰਲੇ ਹਨੇਰੇ ਦੂਰ ਕਰੇ।

# ਜੇ ਜ਼ਮੀਨ ਗੈਰ-ਖੇਤੀ ਕੰਮਾਂ ਲਈ ਵਰਤੀ ਜਾਣ ਲੱਗੀ?

ਸਾਡੇ ਦੇਸ਼ 'ਚ ਉੱਤਰ ਪ੍ਰਦੇਸ਼ ਸਭ ਤੋਂ ਸੰਘਣੀ ਆਬਾਦੀ ਵਾਲਾ ਸੂਬਾ ਹੈ ਅਤੇ ਨਾਲ ਹੀ ਅਨਾਜ ਦਾ ਸਭ ਤੋਂ ਵੱਡਾ ਉਤਪਾਦਕ ਵੀ ਹੈ। ਸੂਬੇ 'ਚ ਹੋ ਰਹੇ ਭੂਮੀ ਇਕਵਾਇਰ ਪ੍ਰੋਗ੍ਰਾਮ ਨਾਲ ਇੱਕ ਤਿਹਾਈ ਖੇਤੀ ਯੋਗ ਜ਼ਮੀਨ ਗੈਰ-ਖੇਤੀ ਕੰਮਾਂ ਲਈ ਚਲੀ ਜਾਵੇਗੀ। ਖੇਤੀ ਯੋਗ ਭੂਮੀ ਦੀ ਏਨੇ ਵੱਡੇ ਪੈਮਾਨੇ 'ਤੇ ਹੋਰ ਕੰਮਾਂ ਲਈ ਵਰਤੋਂ (ਡਾਈਵਰਸ਼ਨ) ਦਾ ਸਿੱਟਾ ਹੋਵੇਗਾ ਅਨਾਜ ਦੀ ਪੈਦਾਵਾਰ 'ਚ ਭਾਰੀ ਕਟੌਤੀ ਅਤੇ ਇਸ ਦਾ ਗੰਭੀਰ ਸਮਾਜਿਕ-ਰਾਜਸੀ ਸਿੱਟਾ ਨਿਕਲੇਗਾ।

ਭਾਰਤ 'ਚ ਹਜ਼ਾਰਾਂ ਬਗਾਵਤਾਂ ਹੁੰਦੀਆਂ ਵੇਖੀਆਂ ਜਾ ਰਹੀਆਂ ਹਨ। ਗਰੀਬ ਕਿਸਾਨਾਂ ਵਲੋਂ ਦੇਸ਼ ਭਰ 'ਚ ਜਮ ਕੇ ਲੜਾਈ ਲੜੀ ਜਾ ਰਹੀ ਹੈ, ਜਿਹਨਾਂ ਨੂੰ ਡਰ ਹੈ ਕਿ ਸਰਕਾਰ ਤੇ ਸਨਅਤ ਵਲੋਂ ਉਹਨਾਂ ਦੀ ਜ਼ਮੀਨ ਵਲ ਨੂੰ ਜਬਰੀ ਹੜੱਪ ਲੈਣ ਪਿਛੋਂ ਉਹ ਹੋਰ ਵੀ ਹਾਸ਼ੀਏ 'ਤੇ ਚਲੇ ਜਾਣਗੇ। ਕਰਨਾਟਕ ਦੇ ਮੰਗਲੌਰ ਤੋਂ ਲੈ ਕੇ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਤੱਕ ਪੱਛਮੀ ਬੰਗਾਲ ਦੇ ਸਿੰਗੂਰ ਤੋਂ ਲੈ ਕੇ ਪੰਜਾਬ ਦੇ ਮਾਨਸਾ ਤੱਕ ਪੇਂਡੂ ਇਲਾਕਾ ਉਬਲ ਰਿਹਾ ਹੈ। ਇਥੇ ਬੇਹਤਰੀਨ ਖੇਤੀ ਯੋਗ ਭੂਮੀ ਦੇ ਟੁਕੜਿਆਂ ਨੂੰ ਗੈਰ-ਖੇਤੀ ਕੰਮਾਂ ਵੱਲ ਮੋੜਿਆ ਜਾ ਰਿਹਾ ਹੈ। ਜ਼ਮੀਨ ਹੜੱਪਣ ਖ਼ਿਲਾਫ ਚਲ ਰਹੇ ਸੰਘਰਸ਼ ਨੂੰ ਵੱਧ ਪੈਸਿਆਂ ਲਈ ਕਿਸਾਨਾਂ ਦੀ ਲੜਾਈ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮਿਸਾਲ ਵਜੋਂ ਅਲੀਗੜ੍ਹ ਦੇ ਕਿਸਾਨਾਂ ਦੇ ਸੰਘਰਸ਼ ਨੂੰ ਜਿਸ ਨੇ ਹਿੰਸਾਤਮਕ ਮੋੜ ਲਿਆ ਅਤੇ ਇਕ ਰਾਜਸੀ ਅਖਾੜਾ ਬਣ ਗਿਆ ਸੀ। ਪਰ ਹਕੀਕਤ ਇਹ ਹੈ ਬਹੁਗਿਣਤੀ ਕਿਸਾਨ ਆਪਣੀ ਪਿਤਾ ਪੁਰਖੀ ਜ਼ਮੀਨ ਛੱਡਣਾ ਨਹੀਂ ਚਾਹੁੰਦੇ। ਉਹਨਾਂ ਨੂੰ ਅਜਿਹਾ ਕਰਨ ਲਈ ਮਜ਼ਬੂਰ ਕੀਤਾ ਗਿਆ ਹੈ। ਇਸ ਦਾ ਅਨਾਜ ਸੁਰੱਖਿਆ ਲਈ ਸਿੱਟਾ ਗੰਭੀਰ ਹੋਵੇਗਾ। ਆਓ ਆਪਾਂ ਉੱਤਰਪ੍ਰਦੇਸ਼ ਦੇ ਕੇਸ ਨੂੰ ਹੀ ਲਈਏ। ਇਹ ਸਾਡੇ ਦੇਸ਼ ਦਾ ਸਭ ਤੋਂ ਸੰਘਣੀ ਆਬਾਦੀ ਵਾਲਾ ਸੂਬਾ ਹੈ ਅਤੇ ਆਨਾਜ ਦਾ ਸਭ ਤੋਂ ਵੱਡਾ ਉਤਪਾਦਕ ਵੀ ਹੈ। ਉਤਰ ਪ੍ਰਦੇਸ਼ ਦਾ ਪੱਛਮੀ ਹਿੱਸਾ ਜਿੱਥੇ ਗੰਗਾ ਦਾ ਉਪਜਾਊ ਮੈਦਾਨ ਸਥਿਤ ਹੈ। ਹਰੇ ਇਨਕਲਾਬ ਦੀ ਪੱਟੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਉੱਤਰ ਪ੍ਰਦੇਸ਼ ਦੇ ਸਾਲ 2008 ਦੇ ਅੰਕੜਿਆਂ ਮੁਤਾਬਕ 410 ਲੱਖ ਟਨ ਅਨਾਜ ਤੋਂ ਇਲਾਵਾ ਰਾਜ ਵਿੱਚ 1300 ਲੱਖ ਟਨ ਗੰਨਾ ਅਤੇ 105 ਲੱਖ ਟਨ ਆਲੂ ਦੀ ਪੈਦਾਵਾਰ ਹੋਈ ਸੀ। ਉੱਤਰ ਪ੍ਰਦੇਸ਼ ਪੰਜਾਬ ਤੋਂ ਵੱਧ ਅਨਾਜ ਦੀ ਪੈਦਾਵਾਰ ਕਰਦਾ ਹੈ ਪਰ ਆਪਣੀ ਵਿਸ਼ਾਲ ਆਬਾਦੀ ਕਾਰਨ ਉਸ ਕੋਲ ਮੁਸ਼ਕਿਲ ਨਾਲ ਵਾਧੂ ਕਰਦਾ ਹੈ ਪਰ ਆਪਣੀ ਵਿਸ਼ਾਲ ਆਬਾਦੀ ਕਾਰਨ ਉਸ ਕੋਲ ਮੁਸ਼ਕਿਲ ਨਾਲ ਵਾਧੂ ਅਨਾਜ ਬਚਦਾ ਹੈ। ਹਾਲ ਦੀ ਘੜੀ, ਸੰਤੋਸ਼ ਦੀ ਗੱਲ ਇਹ ਹੈ ਕਿ ਉੱਤਰਪ੍ਰਦੇਸ਼ ਹੁਣ ਤੱਕ ਘੱਟੋ-ਘੱਟ ਆਪਣੇ ਖੁਦ ਕੀ ਆਬਾਦੀ ਦਾ ਢਿੱਡ ਭਰਦਾ ਆ ਰਿਹਾ ਹੈ। ਲੱਗਦਾ ਹੈ ਕਿ ਇਹ ਸਥਿਤੀ ਹੁਣ ਬਦਲਣ ਵਾਲੀ ਹੈ ਅਤੇ ਉਦਯੋਗਾਂ, ਰੀਅਲ ਅਸਟੇਟ ਤੇ ਨਿਵੇਸ਼ ਯੋਜਨਾਵਾਂ ਲਈ ਹੜੱਪੀ ਜਾ ਰਹੀ ਜ਼ਮੀਨ ਦੇ ਨਾਲ-ਨਾਲ ਪ੍ਰਸ਼ਤਾਵਿਤ 8 ਐਕਸਪ੍ਰੈੱਸ ਵੇਅ (ਰਾਜ ਮਾਰਗਾਂ)

ਤੇ ਉਸਦੇ ਕਿਨਾਰੇ ਟਾਊਨਸਿਪਾਂ ਦੀ ਉਸਾਰੀ ਦੀ ਯੋਜਨਾ 23000 ਤੋਂ ਵੱਧ ਪਿੰਡਾਂ ਨੂੰ ਨਿਗਲ ਜਾਵੇਗੀ। ਯਾਨੀ ਕਿ ਕੁਲ ਪਿੰਡਾਂ ਦੀ ਗਿਣਤੀ ਦੇ ਇਕ ਚੌਥਾਈ ਪਿੰਡ ਖ਼ਤਮ ਹੋ ਜਾਣਗੇ। ਹਾਲਾਂਕਿ ਮਾਇਆਵਤੀ ਸਰਕਾਰ ਨੇ ਯਮੁਨਾ ਐਕਸਪ੍ਰੈੱਸ ਵੇਅ ਤੇ ਕਿਨਾਰੇ ਟਾਊਨਸ਼ਿਪ ਦੀ ਯੋਜਨਾ ਨੂੰ ਛੱਡ ਦਿੱਤਾ ਹੈ ਪਰ ਰਿਅਲ ਅਸਟੇਟ ਵਿੱਚ ਨਿਵੇਸ਼ ਕਰਨ ਵਾਲੀ ਕੰਪਨੀ ਦਾ ਦਾਅਵਾ ਹੈ ਕਿ ਰਾਜ ਸਰਕਾਰ ਦੇ ਨਾਲ ਉਸ ਦੇ ਕਰਾਰ ਮੁਤਾਬਕ ਉਹਨਾਂ ਨੂੰ ਬਦਲਵੀਂ ਜਗ੍ਹਾ ’ਤੇ ਜ਼ਮੀਨ ਦਿੱਤੀ ਜਾਵੇਗੀ। ਸਾਬਕਾ ਖੇਤੀ ਮੰਤਰੀ ਅਜੀਤ ਸਿੰਘ ਨੇ ਬਿਆਨ ’ਚ ਕਿਹਾ ਹੈ ਕਿ ਅਖੀਰ ਨੂੰ ਉੱਤਰਪ੍ਰਦੇਸ਼ ਦੀ ਕੁਲ ਖੇਤੀ ਯੋਗ ਭੂਮੀ ਦੇ ਇਕ ਤਿਹਾਈ ਨੂੰ ਹੜੱਪ ਲਿਆ ਜਾਵੇਗਾ। ਰਾਜ ਸਰਕਾਰ ਨੇ ਇਸ ਬਿਆਨ ਦੀ ਨਾ ਤਾਂ ਪੁਸਟੀ ਕੀਤੀ ਹੈ ਅਤੇ ਨਾ ਹੀ ਇਸ ਦਾ ਖੰਡਨ ਕੀਤਾ ਹੈ ਪਰ ਮੰਨਿਆ ਹੈ ਕਿ ਲੈਂਡ ਡਿਵਰਸ਼ਨ (ਭੂਮੀ ਉਪਯੋਗਿਤਾ ’ਚ ਬਦਲਾਅ) ਕਾਫੀ ਹੈ। ਇਸ ਦਾ ਮਤਲਬ ਇਹ ਹੈ ਕਿ ਉੱਤਰ ਪ੍ਰਦੇਸ਼ ’ਚ ਅਨਾਜ ਦੀ ਫਸਲਾਂ ਦੀ ਖੇਤੀ ਦਾ ਅੱਜ ਜੋ ਕੁਲ ਰਕਬਾ 198 ਲੱਖ ਹੇਕਟੇਅਰ ਹੈ ਉਸ ਵਿਚੋਂ ਇਕ ਤਿਹਾਈ ਯਾਨੀ ਮੋਟੇ ਤੌਰ ’ਤੇ 66 ਲੱਖ ਹੇਕਟੇਅਰ ਜ਼ਮੀਨ ਖੇਤੀ ਕੰਮਾਂ ਤੋਂ ਹਟ ਕੇ ਗੈਰਖੇਤੀ ਕੰਮਾਂ ਵਾਸਤੇ ਚਲੀ ਜਾਵੇਗੀ। ਪੱਛਮੀ ਉੱਤਰ ਪ੍ਰਦੇਸ਼ ਦੀ ਜ਼ਿਆਦਾਤਰ ਉਪਜਾਊ ਤੇ ਉਤਪਾਦਕ ਜ਼ਮੀਨ ਇਸ ਤਰ੍ਹਾਂ ਅਲੋਪ ਹੋ ਜਾਵੇਗੀ। ਉਥੇ ਕੰਕਰੀਟ ਦੇ ਜੰਗਲ ਉੱਗ ਆਉਣਗੇ। ਕਣਕ ਤੇ ਚੌਲ ਤੋਂ ਇਲਾਵਾ ਦੋ ਹੋਰ ਮਹੱਤਵਪੂਰਨ ਫਸਲਾਂ ਗੰਨਾ ਅਤੇ ਆਲੂ ਦੇ ਉਤਪਾਦਕਾਂ ਉਪਰ ਮਾੜਾ ਅਸਰ ਪਵੇਗਾ। ਇਕ ਮੋਟੇ ਅਨੁਮਾਨ ਅਨੁਸਰ 66 ਲੱਖ ਹੇਕਟੇਅਰ ਭੂਮੀ ਨੂੰ ਖੇਤੀ ਦੇ ਕੰਮ ਤੋਂ ਵੱਖ ਕਰਨ ਦੇਣ ਦਾ ਅਰਥ ਹੋਵੇਗਾ। ਅਨਾਜ ਦੀ ਪੈਦਾਵਾਰ ’ਚ 140 ਲੱਖ ਟਨ ਦਾ ਨੁਕਸਾਨ। ਦੂਜੇ ਸ਼ਬਦਾਂ ’ਚ ਉੱਤਰਪ੍ਰਦੇਸ਼ ’ਚ ਆਉਣ ਵਾਲੇ ਦਿਨਾਂ ’ਚ ਭਿਅੰਕਰ ਖਾਦ (ਅਨਾਜ) ਸੰਕਟ ਦਾ ਸਾਹਮਣਾ ਕਰਨ ਜਾ ਰਿਹਾ ਹੈ, ਜਿਸ ਦੇ ਬੀਜ ਅੱਜ ਬੀਜੇ ਜਾ ਰਹੇ ਹਨ। ਜੇ ਇਸ ’ਚ ਆਲੂ ਤੇ ਗੰਨੇ ਦੀ ਪੈਦਾਵਾਰ ’ਚ ਹੋਣ ਵਾਲੀ ਕਮੀ ਨੂੰ ਜੋੜ ਦਿੱਤਾ ਜਾਵੇ (ਕਿਉਂਕਿ ਇਹਨਾਂ ਦੋ ਫਸਲਾਂ ਦੀ ਖੇਤੀ ਦੀ ਜ਼ਮੀਨ ’ਚ ਵੀ ਭਾਰੀ ਕਮੀ ਆਵੇਗੀ) ਤਾਂ ਉੱਤਰ ਪ੍ਰਦੇਸ਼ ’ਚ ਅੱਗੇ ਦਾ ਰਾਹ ਨਾ ਸਿਰਫ ਹਨੇਰਾ ਬਲਕਿ ਸਮਾਜਕ ਬੇਚੈਨੀ ਭਰਿਆ ਹੋਵੇਗਾ। ਉੱਤਰ ਪ੍ਰਦੇਸ਼ ’ਚ ਜੋ ਪਹਿਲਾਂ ਤੋਂ ਹੀ ਬੀਮਾਰ ਸੂਬਿਆਂ ਦਾ ਹਿੱਸਾ ਹੈ। ਨਿਸ਼ਚਿਤ ਤੌਰ ’ਤੇ ਭੁੱਖ, ਅਤੀ ਕੁਪੋਸ਼ਣ ਤੇ ਕੁਪੋਸ਼ਣ ਦਾ ਉਭਾਰ ਦੇਖਣ ਨੂੰ ਮਿਲੇਗਾ। ਇਸ ਦੇ ਸਮਾਜਕ, ਆਰਥਕ ਤੇ ਰਾਜਸੀ ਮਾੜੇ ਅਸਰਾਂ ਦੀ ਕਲਪਨਾ ਕਰਕੇ ਕੰਬਣੀ ਛੁੱਟ ਜਾਂਦੀ ਹੈ ਕਿ ਸਾਰੇ ਏਨੇ ਵੱਡੇ ਪੈਮਾਨੇ ’ਤੇ ਜ਼ਮੀਨ ਖੋਹਣ ਦੀ ਕੋਸ਼ਿਸ ਕਰ ਰਹੀ ਹੈ। ਜੇ ਰਾਜ ਸਰਕਾਰ ਉਹਨਾਂ ਕਿਸਾਨਾਂ ਨੂੰ 20000 ਰੁਪਏ ਦੀ ‘ਹੱਲਾਸ਼ੇਰੀ’ ਰਾਸ਼ੀ ਦੇ ਸਕਦੀ ਹੈ ਜਿਸ ਦੀ ਜ਼ਮੀਨ ਖੁਸ ਰਹੀ ਹੈ ਤਾਂ ਇਹ ਏਨੀ ਹੀ ਰਕਮ ਖੇਤੀ ਭੂਮੀ ਦੀ ਰਾਖੀ ਲਈ ਹਰੇਕ ਕਿਸਾਨ ਪ੍ਰੀਵਾਰ ਨੂੰ ਕਿਉਂ ਨਹੀਂ ਦੇ ਸਕਦੀ ਹੈ? ਇਸ ਗੱਲ ਨੂੰ ਆਤਮਸ਼ਾਤ ਕਿਉਂ ਨਹੀਂ ਕੀਤਾ ਜਾ ਰਿਹਾ ਕਿ ਇਕੱਲਾ ਉੱਤਰ ਪ੍ਰਦੇਸ਼ ਹੀ ਪ੍ਰਸਤਾਵਿਤ ਰਾਸ਼ਟਰੀ ਖਾਦ ਸੁਰੱਖਿਆ ਐਕਟ ਦੇ ਸਾਰੇ ਹਿਸਾਬ-ਕਿਤਾਬ ਨੂੰ ਉਲਟਾ-ਪੁਲਟਾ ਕਰਕੇ ਦੇਵੇਗਾ। ਮੌਜੂਦਾ ਸਮੇਂ ਬਫਰ ਭੰਡਾਰਾਂ ਦੇ ਨਿਯਮ ਅਨੁਸਾਰ ਸਰਕਾਰ 200 ਤੋਂ 240 ਲੱਖ

ਟਨ ਦਾ ਬਫਰ ਸਟਾਕ ਦੇਸ਼ ਭਰ 'ਚ ਜਨਤਕ ਵੰਡ ਪ੍ਰਣਾਲੀ (PDS) ਰਾਹੀਂ ਵੰਡ ਖਾਤਰ ਰੱਖਦੀ ਹੈ। ਹਾਲ ਦੀ ਘੜੀ ਪਿਛਲੇ ਕੁਝ ਸਾਲਾਂ ਤੋਂ ਸਰਕਾਰ ਕੋਲ ਔਸਤਨ 450 ਤੋਂ 500 ਲੱਖ ਟਨ ਅਨਾਜ ਦਾ ਸਟਾਕ ਰਹਿੰਦਾ ਆਇਆ ਹੈ। ਅਨਾਜ ਦੇ ਏਨੇ ਵਿਸ਼ਾਲ ਸਟਾਕ ਦੇ ਬਾਵਜੂਦ ਅਨਾਜ ਤੇ ਖੇਤੀ ਮੰਤਰੀ ਸ਼ਰਦ ਪਵਾਰ ਨੇ ਹਰੇਕ ਹੱਕਦਾਰ ਪ੍ਰੀਵਾਰ ਨੂੰ ਮਾਸਕ 35 ਕਿਲੋ ਅਨਾਜ ਦੇਣ 'ਚ ਸਮਰੱਥਾ ਜਾਹਰ ਕੀਤੀ ਹੈ। ਕਲਪਨਾ ਕਰੋ, ਕੀ ਹੋਵੇਗਾ ਜਦ ਉੱਤਰ ਪ੍ਰਦੇਸ਼ ਤੋਂ ਵਾਧੂ 140 ਲੱਖ ਟਨ ਆਨਾਜ ਦੀ ਮੰਗ ਕੀਤੀ ਜਾਵੇਗੀ ਤਦ ਉੱਤਰ ਪ੍ਰਦੇਸ਼ ਨੂੰ ਕੌਣ ਖੁਆਵੇਗਾ? ਨੀਤੀ ਘਾੜੇ ਕਹਿੰਦੇ ਹਨ ਕਿ ਤੇਜ ਸਨਅਤੀ ਵਿਕਾਸ ਨਾਲ ਔਸਤਨ ਆਮਦਨ ਵਧੇਗੀ। ਜਿਸ ਕਾਰਨ ਲੋਕਾਂ ਕੋਲ ਖੁੱਲ੍ਹੇ ਬਜ਼ਾਰ ਤੋਂ ਅਨਾਜ ਖਰੀਦਣ ਲਈ ਪੈਸਾ ਹੋਵੇਗਾ ਅਤੇ ਉਹ ਪੋਸ਼ਟਿਕ ਚੋਣ ਵੀ ਕਰ ਸਕਣਗੇ ਪਰ ਇਸ ਤੋਂ ਵੀ ਵੱਡਾ ਸਵਾਲ ਹੈ ਕਿ ਅਨਾਜ ਦੀ ਵਾਧੂ ਮਾਤਰਾ ਕਿਥੋਂ ਆਵੇਗੀ? ਪੰਜਾਬ ਤੇ ਹਰਿਆਣਾ ਜਿੱਥੇ ਅਨਾਜ ਦੇ ਸਟੋਰ ਹਨ। ਪਹਿਲਾਂ ਤੋਂ ਹੀ ਉਥੇ ਜ਼ਮੀਨ ਹੜੱਪੀ ਜਾ ਰਹੀ ਹੈ। ਕਰਨਾਟਕ, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ, ਸ਼ਤੀਸਗੜ, ਮੱਧ ਪ੍ਰਦੇਸ਼ ਤੇ ਪੰਜਾਬ ਦੇ ਉਦਯੋਗ ਲਈ "ਲੈਂਡ ਬੈਂਕ" (ਭੂਮੀ ਬੈਂਕ) ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਰਾਜਸਥਾਨ ਨੇ ਭੂਮੀ ਹੱਦ ਬੰਦੀ ਦੀ ਸੀਮਾ ਨੂੰ ਦਰਨਿਕਾਰ ਕਰਕੇ ਉਦਯੋਗਾਂ ਲਈ ਸਿੱਧੇ ਕਿਸਾਨਾਂ ਤੋਂ ਜ਼ਮੀਨ ਖਰੀਦਣ ਦੀ ਇਜਾਜ਼ਤ ਦੇ ਦਿੱਤੀ ਹੈ। ਕੌਮਾਂਤਰੀ ਪੱਧਰ 'ਤੇ ਸਾਲ 2008 ਤੋਂ ਅਨਾਜ ਪੈਦਾਵਾਰ ਦੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਉਸ ਸਮੇਂ 37 ਦੇਸ਼ਾਂ ਵਿੱਚ ਅਨਾਜ ਲਈ ਦੰਗੇ ਹੋਏ ਹਨ। ਅੱਜ ਵੀ ਦੁਨੀਆਂ ਭਰ 'ਚ ਅਨਾਜ ਦੀਆਂ ਕੀਮਤਾਂ ਉੱਪਰ ਹੀ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਰੂਸ ਨੇ ਅਗਲੇ ਸਾਲ ਕਣਕ ਦੀ ਕਟਾਈ ਤੱਕ ਕਣਕ ਦੀ ਬਰਾਮਦ 'ਤੇ ਰੋਕ ਲਾ ਦਿੱਤੀ ਹੈ ਜਿਸ ਨਾਲ ਸੰਸਾਰ ਪੱਧਰ 'ਤੇ ਕਣਕ ਦਾ ਭਾਅ ਵੱਧ ਗਿਆ ਹੈ। ਪਿਛਲੇ ਹਫਤੇ (ਸਤੰਬਰ ਮਹੀਨੇ ਦੇ ਦੂਜੇ ਹਫਤੇ 'ਚ) ਮੌਜਾਮ ਬਿਕ 'ਚ ਜਨਲੇਵਾ ਅਨਾਜ ਦੰਗਾ ਹੋਇਆ ਸੀ ਜਿਸ 'ਚ ਘੱਟੋ-ਘੱਟ 7 ਲੋਕ ਮਾਰੇ ਗਏ ਸਨ। ਅਖਬਾਰਾਂ ਦੀਆਂ ਖ਼ਬਰਾਂ ਅਨੁਸਾਰ ਪਾਕਿਸਤਾਨ, ਮਿਸ਼ਰ ਤੇ ਸੁਰੱਖਿਆ 'ਚ ਵਧਦੀਆਂ ਕੀਮਤਾਂ ਖਿਲਾਫ਼ ਰੋਸ ਵਧਦਾ ਜਾ ਰਿਹਾ ਹੈ। ਇਹ ਜਾਣ ਕੇ ਕਿ ਦੁਨੀਆ 'ਚ ਇਕ ਵਾਰ ਫਿਰ ਤੋਂ 2008 ਵਰਗਾ ਅਨਾਜ ਸੰਕਟ ਪੈਦਾ ਹੋ ਸਕਦਾ ਹੈ। ਉਸ ਸਮੇਂ 37 ਦੇਸ਼ਾਂ 'ਚ ਅਨਾਜ ਦੰਗੇ ਹੋਏ ਸਨ। ਸੰਯੁਕਤ ਰਾਸ਼ਟਰ ਦੇ ਅਨਾਜ ਤੇ ਖੇਤੀ ਸੰਗਠਨ (FAO) ਨੇ ਇਸ ਦੇ ਅਰਥਾਂ 'ਤੇ ਚਰਚਾ ਕਰਨ ਲਈ ਵਿਸ਼ੇਸ ਮੀਟਿੰਗ ਬੁਲਾਈ ਹੈ।

ਲੰਮਾ ਸੋਕਾ ਅਤੇ ਸਿੱਟੇ ਵਜੋਂ ਜੰਗਲ 'ਚ ਲੱਗੀ ਅੱਗ ਕਾਰਨ ਰੂਸ 'ਚ ਕਣਕ ਦੀ ਕਟਾਈ 'ਚ 20 ਫੀਸਦੀ ਦੀ ਕਮੀ ਆਈ ਹੈ। ਇਸ ਨਾਲ ਦੁਨੀਆਂ 'ਚ ਕਣਕ ਦੀ ਮੰਗ ਵਧਦੀ ਜਾ ਰਹੀ ਹੈ। ਕਣਕ ਦੇ ਹਵਾਲਾ ਕਾਰੋਬਾਰੀ ਸੁਭਾਵਿਕ ਤੌਰ 'ਤੇ ਮੌਕੇ ਦਾ ਫਾਇਦਾ ਉਠਾਉਣਗੇ ਅਤੇ ਫਾਇਲਾਂ ਸ਼ੀਅਲ ਟਾਈਮਜ਼ ਦੇ ਅਨੁਸਾਰ ਜਨਵਰੀ ਤੋਂ ਲੈ ਕੇ ਹੁਣ ਤੱਕ ਕਣਕ ਦੀ ਕੀਮਤ 70 ਫੀਸਦੀ ਵਧ ਚੁੱਕੀ ਹੈ। ਇਸ ਲਈ ਭਾਰਤ ਜੇ ਸੋਚਦਾ ਹੈ ਕਿ ਆਪਣਾ ਬਚਾਅ

ਕਰਨ ਲਈ ਉਹ ਕੌਮਾਂਤਰੀ ਬਾਜ਼ਾਰ 'ਤੇ ਭਰੋਸਾ ਕਰ ਸਕਦਾ ਹੈ ਤਾਂ ਉਸ ਦੇ ਲਈ ਵਿਸ਼ਵ ਬਾਜ਼ਾਰ ਤੋਂ ਅਨਾਜ ਖਰੀਦਣਾ ਔਖਾ ਹੋ ਸਕਦਾ ਹੈ। ਇਹੀ ਬੁਨਿਆਦੀ ਕਾਰਨ ਹੈ ਕਿ ਕਈ ਸਾਰੇ ਦੇਸ਼, ਮੁੱਖ ਤੌਰ 'ਤੇ ਚੀਨ ਤੇ ਮੱਧ ਪੂਰਵ ਦੇ ਤੇਲ ਵਾਲੇ ਦੇਸ਼ ਅਫਰੀਕਾ, ਦੱਖਣੀ ਅਮਰੀਕਾ ਤੇ ਏਸ਼ੀਆ ਵਿੱਚ ਜ਼ਮੀਨ ਖਰੀਦ ਰਹੇ ਅਤੇ ਉਥੇ ਅਨਾਜ ਦੀ ਪੈਦਾਵਾਰ ਕਰਕੇ ਉਸ ਨੂੰ ਆਪਣੇ ਦੇਸ਼ ਦੇ ਖੱਪਤਕਾਰਾਂ ਲਈ ਭੇਜ ਸਕਣ। ਉਹ ਦਿਨ ਗਏ ਜਦ ਚਿੰਤਤ ਜਵਾਹਰ ਲਾਲ ਨਹਿਰੂ ਨੇ 15 ਅਗਸਤ 1955 'ਚ ਲਾਲ ਕਿਲੇ ਤੋਂ ਭਾਸ਼ਣ ਦਿੰਦਿਆਂ ਕਿਹਾ ਸੀ "ਕਿਸੇ ਵੀ ਦੇਸ਼ ਲਈ ਅਨਾਜ ਦੀ ਦਰਾਮਦ ਕਰਨੀ ਬੇਹੱਦ ਅਪਮਾਨਜਨਕ ਹੈ ਇਸ ਲਈ ਹੋਰ ਸਭ ਚੀਜ਼ਾ ਉਡੀਕ ਕਰ ਸਕਦੀਆਂ ਹਨ ਪਰ ਖੇਤੀ ਨਹੀਂ" ਇਹ 1955 'ਚ ਕਿਹਾ ਗਿਆ ਸੀ 55 ਸਾਲ ਬਾਅਦ ਸਾਲ 2010 'ਚ ਯੂ. ਪੀ. ਏ. ਸਰਕਾਰ ਸੋਚਦੀ ਹੈ ਕਿ ਕੌਮ ਦੀਆਂ ਅਨਾਜ ਸੁਰੱਖਿਆ ਦੀਆਂ ਜ਼ਰੂਰਤਾਂ ਨੂੰ ਅਨਾਜ ਦੀ ਦਰਾਮਦ ਕਰਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਸਨਅਤ ਲਈ ਜ਼ਮੀਨ ਹੜੱਪੀ ਜਾਂਦੀ ਹੈ ਕਿਉਂਕਿ ਉੱਚ ਵਿਕਾਸ ਦਰ ਲਈ ਇਕੱਲਾ ਸਨਅਤੀ ਖੇਤਰ ਹੀ ਵਾਹਨ ਹੋ ਸਕਦਾ ਹੈ। ਇਸ ਦੋਸ਼ਪੂਰਨ ਨਜ਼ਰੀਏ ਤੋਂ ਵੱਧ ਖ਼ਤਰਨਾਕ ਹੋਰ ਕੁਝ ਨਹੀਂ ਹੋ ਸਕਦਾ ਹੈ। ਕੀ ਭਾਰਤ ਫਿਰ ਤੋਂ ਜਹਾਜ਼ ਤੋਂ ਮੂੰਹ ਤੱਕ' ਦੇ ਦਿਨਾਂ ਵੱਲ ਪਰਤ ਰਿਹਾ ਹੈ?

✪✪✪✪